
ਦਲਿ ਭੰਜਨ ਗੁਰੁ ਸੂਰਮਾ...

(ਜੀਵਨ-ਦਰਸ਼ਨ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਮੁੱਖ ਸੰਪਾਦਕ
ਡਾ. ਰੂਪ ਸਿੰਘ

ਦੀਨ ਭੰਜਨ ਗੁਰ ਸੂਰਮਾ...

(ਜੀਵਨ-ਦਰਸ਼ਨ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਦਲਿ ਭੰਜਨ ਗੁਰੁ ਸੂਰਮਾ...

(ਜੀਵਨ-ਦਰਸ਼ਨ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮੁੱਖ ਸੰਪਾਦਕ

ਰੂਪ ਸਿੰਘ (ਡਾ.)

ਮੁੱਖ ਸਕੱਤਰ

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

098146 37979 roopsz@yahoo.com

ਸੰਪਾਦਕ

ਮਨਜੀਤ ਕੌਰ

ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ

+91 94649 86447

manjitkaurudhoke@gmail.com

ਕਿਰਨਦੀਪ ਕੌਰ

ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ

+91 95920 95483

khera.kirandeep83@gmail.com

ਪਹਿਲੀ ਵਾਰ : ਫਰਵਰੀ, ੨੦੨੦

ਗਿਣਤੀ : ੨੦੦੦

ਛਾਪਕ : ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ISBN : 978-81-943908-5-5

ਮੁੱਲ : ੧੯੦ ਰੁਪਏ

ਪ੍ਰਕਾਸ਼ਕ

ਸਕੱਤਰ, ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

Dal(i) Bhanjan Gur(u) Sūrmā

(Jeevan-Darshan)

SRI GURU HARGOBIND SAHIB JI

Chief Editor
Roop Singh (Dr.)
Chief Secretary,
S.G.P.C., Sri Amritsar.
roopsz@yahoo.com, sikhscholar@gmail.com

Editor
Manjit Kaur
Principal, Shaheed Sikh Missionary College, Sri Amritsar.
Kirandeep Kaur, Research Scholar
Sikh History Research Board, S.G.P.C., Sri Amritsar.

First Edition	:	February, 2020
No. of Copies	:	2000
Printer	:	Golden Offset Press, Gurdwara Sri Ramsar Sahib, Sri Amritsar.
ISBN	:	978-81-943908-5-5
Price	:	₹ 180/-

Publisher
Secretary, Dharam Parchar Committee
(Shiromani Gurdwara Parbandhak Committee)
Sri Amritsar.

ਪੰਜਿ ਪਿਆਲੇ ਪੰਜਿ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ
ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ
ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ
ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ
ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗੁ ਪੀੜ੍ਹੀ ਸੋਢੀਆਂ
ਨਿਹਚਲ ਨੀਂਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

(ਵਾਰ ੧/੪੮)

ਵਿਸ਼ਾ-ਸੂਚੀ

ੴ ਵਾਹਿਗੁਰੂ ਜੀ ਕੀ ਫ਼ਤਹ॥

ਗੋਬਿੰਦ ਸਿੰਘ ਲੌਂਗੋਵਾਲ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ-143006

ਸੰਦੇਸ਼

ਛਠਮ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸੰਕਲਪ ਰਾਹੀਂ ਸਿੱਖ ਕੌਮ ਨੂੰ ਦੁਨਿਆਵੀਂ ਅਤੇ ਅਧਿਆਤਮਿਕ ਦੋਹਾਂ ਰਾਹਾਂ 'ਤੇ ਸੰਤੁਲਨ ਕਾਇਮ ਕਰਨ ਦੀ ਜਾਚ ਦੱਸੀ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਦਰਸਾਏ ਹੋਏ ਸਿਧਾਂਤਾਂ ਦਾ ਵਿਗਾਸ ਕੀਤਾ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹਮੇਸ਼ਾ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਯਤਨਸ਼ੀਲ ਰਹੀ ਹੈ। ਇਸੇ ਤਹਿਤ ੧੯੫੮ ਈ. ਤੋਂ ਗੁਰਮਤਿ ਪ੍ਰਕਾਸ਼ ਮਾਸਿਕ ਪੱਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਜਿਸ ਵਿਚ ਸਮੇਂ-ਸਮੇਂ ਗੁਰਬਾਣੀ, ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਮੁੱਲੇ ਇਤਿਹਾਸਕ ਲੇਖ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਨ੍ਹਾਂ ਲੇਖਾਂ ਵਿੱਚੋਂ ਹੀ ਵੱਖ-ਵੱਖ ਵਿਸ਼ਿਆਂ 'ਤੇ ਪੁਸਤਕਾਂ ਤਿਆਰ ਕਰਨ ਦਾ ਕਾਰਜ ਆਰੰਭ ਕੀਤਾ ਗਿਆ ਸੀ। ਇਸੇ ਕਾਰਜ ਦੇ ਅੰਤਰਗਤ ***ਸਿੱਖ ਸੰਕਲਪ, ਸਿਧਾਂਤ ਅਤੇ ਸੰਸਥਾਵਾਂ, ਸਿੱਖ ਸੰਗਰਾਮ ਦੀ ਦਾਸਤਾਨ, ਵਡਾ ਪੁਰਖੁ ਪਰਗਟਿਆ,*** (ਜੀਵਨ ਦਰਸ਼ਨ: ਸ੍ਰੀ ਗੁਰੂ ਨਾਨਕ ਦੇਵ ਜੀ), ***ਜੋਤਿ ਪ੍ਰਗਾਸ,*** (ਜੀਵਨ ਦਰਸ਼ਨ: ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ), ***ਕਲਜੁਗਿ ਜਹਾਜੁ ਅਰਜੁਨੁ ਗੁਰੂ*** (ਜੀਵਨ ਦਰਸ਼ਨ: ਸ੍ਰੀ ਗੁਰੂ ਅਰਜਨ ਦੇਵ ਜੀ), ***ਨਿਰਭਉ ਨਿਰੰਕਾਰ*** (ਜੀਵਨ ਦਰਸ਼ਨ: ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ), ***ਦਸਮੇਸ਼ ਪ੍ਰਕਾਸ਼*** (ਜੀਵਨ ਦਰਸ਼ਨ: ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸੰਬੰਧਿਤ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਮੈਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੈ ਕਿ ਇਸੇ ਲੜੀ ਤਹਿਤ ਗੁਰੂ ਸਾਹਿਬਾਨ ਦੇ ਜੀਵਨ ਦਰਸ਼ਨ ਨਾਲ ਸੰਬੰਧਿਤ ਆਖਰੀ ਪੁਸਤਕ ***ਦਲਿ ਭੰਜਨ ਗੁਰੁ ਸੂਰਮਾ*** (ਜੀਵਨ ਦਰਸ਼ਨ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਤਿਆਰ ਕੀਤੀ ਗਈ ਹੈ। ਹੱਥਲੀ ਪੁਸਤਕ ਵਿਚ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦਰਸ਼ਨ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਇਹ ਇਕ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਮੈਂ ਇਸ ਪੁਸਤਕ ਦੇ ਸੰਪਾਦਕਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਪੁਸਤਕ ਨੂੰ ਵੀ ਪਹਿਲੀਆਂ ਪੁਸਤਕਾਂ ਦੀ ਤਰ੍ਹਾਂ ਪਸੰਦ ਕਰਨਗੇ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦਰਸ਼ਨ ਤੋਂ ਪ੍ਰੇਰਨਾ ਲੈ ਕੇ ਸਿੱਖੀ ਦੀ ਖੁਸ਼ਬੋਈ ਨੂੰ ਸੰਸਾਰ ਭਰ ਵਿਚ ਵੰਡਣ ਲਈ ਸਹਾਇਕ ਹੋਣਗੇ।

ਸ਼ੁਭ-ਇੱਛਾਵਾਂ ਸਹਿਤ!

ਗੁਰੂ ਪੰਥ ਦਾ ਦਾਸ

(ਗੋਬਿੰਦ ਸਿੰਘ ਲੌਂਗੋਵਾਲ)
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਫੋਨ: +91 183 2553950, 253 4746, ਫੈਕਸ +91 183 255 3919, ਮੋਬਾਇਲ: 98558 95558, 94172 00542
e-mail: info@sgpc.net, website: www.sgpc.net

ਆਰੰਭਕ ਸ਼ਬਦ

ਸਿੱਖਾਂ ਦੇ ਸਿਰਾਂ 'ਤੇ ਸਿਰਜੀ ਗਈ, ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਆਪਣੀ ਸਿਰਜਣਾ ਤੋਂ ਲੈ ਕੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੰਗਤੀ ਰੂਪ ਵਿਚ ਸੁਚਾਰੂ ਢੰਗ ਨਾਲ ਚਲਾਉਣ, ਗੁਰਬਾਣੀ, ਗੁਰਮਤਿ ਵਿਚਾਰਧਾਰਾ, ਵਿਲੱਖਣ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ, ਸਿੱਖ ਪਰੰਪਰਾਵਾਂ ਤੇ ਸਿੱਖ ਰਵਾਇਤਾਂ, ਵਿਦਿਆ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ ਦੇ ਕਲਿਆਣਕਾਰੀ ਕਾਰਜਾਂ 'ਚ ਸਲਾਹੁਣਯੋਗ ਕਾਰਜ ਕੀਤੇ ਹਨ। ਖਾਸ ਕਰਕੇ ਪਵਿੱਤਰ ਗੁਰਬਾਣੀ 'ਤੇ ਅਟੁੱਟ ਵਿਸ਼ਵਾਸ਼-ਭਰੋਸਾ ਕਾਇਮ ਰੱਖਣ, ਗੁਰਮਤਿ ਵਿਚਾਰਧਾਰਾ ਦੀਆਂ ਬਰੀਕੀਆਂ ਨੂੰ ਸਮਝਣ, ਸਿੱਖ ਰਹਿਤ ਮਰਯਾਦਾ ਦੀ ਮਹੱਤਤਾ, ਮਹਾਨਤਾ ਤੇ ਅਨੋਖੇ ਸਿੱਖ ਇਤਿਹਾਸ ਨੂੰ ਘਰ-ਘਰ ਪਹੁੰਚਾਉਣ ਲਈ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸ਼ੁਰੂ ਕੀਤੇ ਗਏ ਗੁਰਮਤਿ ਦੇ ਨਿਰੋਲ ਸੰਦਰਭ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਨੇ ਇਸ ਖੇਤਰ ਵਿਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਇਹ ਮਾਸਿਕ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਲਾਗਤ-ਕੀਮਤ ਨਾਲੋਂ ਘੱਟ ਚੰਦੇ 'ਤੇ ਘਰ-ਘਰ ਪਹੁੰਚਾਇਆ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਇਸ ਵਿਚ ਬਹੁਮੁੱਲੇ ਇਤਿਹਾਸਕ ਲੇਖ ਹੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਗੁਰਮਤਿ ਪ੍ਰਕਾਸ਼ ਪਿਛਲੇ ੬੩ ਸਾਲਾਂ ਤੋਂ ਨਿਰੰਤਰ ਪ੍ਰਕਾਸ਼ਿਤ ਹੋ ਰਿਹਾ ਹੈ। ਸਮੇਂ-ਸਮੇਂ ਇਸ ਪੱਤਰ ਵਿਚ ਪ੍ਰਕਾਸ਼ਿਤ ਹੋਏ ਲੇਖਾਂ ਨੂੰ ਪੁਨਰ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਨ ਦੀ ਰਾਇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਨੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਦਿੱਤੀ ਸੀ, ਜਿਸ 'ਤੇ ਅਮਲ ਕਰਦਿਆਂ ਵਿਸ਼ੇਸ਼ ਲੜੀ ਤਹਿਤ ਹੁਣ ਤੀਕ, ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ (ਇਸ ਪੁਸਤਕ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਰਾਜ ਪੁਰਸਕਾਰ ਪ੍ਰਾਪਤ ਹੋਇਆ ਹੈ), ਸਿੱਖ ਸੰਗਰਾਮ ਦੀ ਦਾਸਤਾਨ, ਵਡਾ ਪੁਰਖੁ ਪਰਗਟਿਆ, ਜੋਤਿ ਪ੍ਰਗਾਸ, ਕਲਜੁਗਿ ਜਹਾਜੁ ਅਰਜੁਨੁ ਗੁਰੂ, ਨਿਰਭਉ-ਨਿਰੰਕਾਰ, ਦਸਮੇਸ਼ ਪ੍ਰਕਾਸ਼ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਾਨੂੰ ਇਸ ਗੱਲ 'ਤੇ ਬਹੁਤ ਤਸੱਲੀ ਤੇ ਖੁਸ਼ੀ ਹੈ ਕਿ ਇਨ੍ਹਾਂ ਪੁਸਤਕਾਂ ਲਈ ਪਾਠਕਾਂ ਵੱਲੋਂ ਬੇਹੱਦ ਭਰਵੇਂ-ਹੁੰਗਾਰੇ ਸਦਕਾ ਇਨ੍ਹਾਂ ਪੁਸਤਕਾਂ ਦੇ ਵੱਖ-ਵੱਖ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਹੱਥਲੀ ਪੁਸਤਕ ਦਲਿ ਭੰਜਨ ਗੁਰੁ ਸੂਰਮਾ ਮੀਰੀ-ਪੀਰੀ ਦੇ ਮਾਲਕ ਛੇਵੇਂ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜੀਵਨ

ਦਰਸ਼ਨ ਨਾਲ ਸੰਬੰਧਿਤ ਹੈ। ਆਸ ਕਰਦੇ ਹਾਂ ਕਿ ਪਾਠਕ ਇਸ ਨੂੰ ਪੜ੍ਹ ਕੇ ਗੁਰਮਤਿ ਵਿਚਾਰਧਾਰਾ ਦੇ ਵਿੱਲਖਣ ਸਿਧਾਂਤਾਂ, ਇਤਿਹਾਸ ਤੇ ਪਰੰਪਰਾਵਾਂ ਤੋਂ ਜਾਣੂ ਹੋ ਕੇ ਪ੍ਰੇਰਣਾ-ਉਤਸ਼ਾਹ ਪ੍ਰਾਪਤ ਕਰ ਸਿੱਖ ਧਰਮ ਦੀ ਖੁਸ਼ਬੋਈ ਨੂੰ ਵਿਸ਼ਵ ਭਰ ਵਿਚ ਵੰਡਣਗੇ।

ਪੁਸਤਕ ਤਿਆਰ ਹੋਣ 'ਤੇ ਮੈਂ ਆਪਣੇ ਸਤਿਗੁਰੂ, ਗੁਰੂ ਰਾਮਦਾਸ ਪਾਤਸ਼ਾਹ ਦਾ ਸਦ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਆਪਣੇ ਦਰ-ਘਰ ਦੇ ਕੂਕਰ ਨੂੰ ਏਨਾ ਮਾਣ ਸਤਿਕਾਰ ਦਿਵਾਇਆ ਹੈ। ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਮੌਜੂਦਾ ਪ੍ਰਧਾਨ, ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਦਾ ਸਮੁੱਚੀ ਸੰਪਾਦਕੀ ਟੀਮ ਵੱਲੋਂ ਹਾਰਦਿਕ ਧੰਨਵਾਦ ਜਿਨ੍ਹਾਂ ਕਦੇ ਵੀ ਧਰਮ-ਕਰਮ ਵਾਸਤੇ ਨਾਂਹ ਨਹੀਂ ਕੀਤੀ। ਉਚੇਚਾ ਸੰਦੇਸ਼ ਲਿਖ ਪ੍ਰੇਰਣਾ ਉਤਸ਼ਾਹ ਦਿੱਤਾ ਹੈ। ਪ੍ਰੈਸ ਅਤੇ ਪਬਲੀਕੇਸ਼ਨ ਵਿਭਾਗ ਦੇ ਸਮੁੱਚੇ ਸਟਾਫ ਦਾ ਵਿਸ਼ੇਸ਼ ਕਰਕੇ ਧੰਨਵਾਦੀ ਹਾਂ ਜਿਨ੍ਹਾਂ ਦੇ ਉਦਮ ਸਦਕਾ ਇਹ ਕਾਰਜ ਸੰਪੂਰਨ ਹੋਇਆ ਹੈ।

ਮੈਂ ਆਪਣੇ ਸਹਿਯੋਗੀ ਸੰਪਾਦਕਾਂ ਦਾ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਆਪਣੀ ਡਿਊਟੀ ਦੇ ਨਾਲ-ਨਾਲ ਇਸ ਇਤਿਹਾਸਕ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਇਸ ਪੁਸਤਕ ਵਿਚ ਪ੍ਰਕਾਸ਼ਿਤ ਸਮੂਹ ਲੇਖਾਂ ਦੇ ਲੇਖਕਾਂ ਦਾ ਰਿਣੀ ਹਾਂ, ਜਿਨ੍ਹਾਂ ਦੀਆਂ ਬਹੁਮੁੱਲੀਆਂ ਰਚਨਾਵਾਂ ਨੂੰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿੱਤ ਪੁਨਰ ਪ੍ਰਕਾਸ਼ਿਤ ਕੀਤਾ ਹੈ। ਸਮੇਂ-ਸਮੇਂ ਰਹੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਸਾਹਿਬਾਨ ਤੇ ਮੌਜੂਦਾ ਸੰਪਾਦਕ ਦਾ ਖਾਸ ਕਰਕੇ ਧੰਨਵਾਦ ਜਿਨ੍ਹਾਂ ਦੇ ਸੰਪਾਦਿਤ ਕੀਤੇ ਇਤਿਹਾਸਕ ਲੇਖਾਂ 'ਚੋਂ ਅਸੀਂ ਚੋਣਵੇਂ ਲੇਖ ਪੁਨਰ ਪ੍ਰਕਾਸ਼ਿਤ ਕੀਤੇ ਹਨ।

ਲੇਖਾਂ ਦੀ ਚੋਣ ਕਰਨ ਅਤੇ ਪੁਨਰ ਸੰਪਾਦਿਤ ਕਰਨ ਸਮੇਂ ਅਸੀਂ ਗੁਰਮਤਿ ਦੀ ਪਰਖ ਕਸਵੱਟੀ ਨੂੰ ਪਹਿਲ ਦਿੱਤੀ ਹੈ। ਫਿਰ ਵੀ ਕੋਈ ਕੋਤਾਹੀ ਹੋ ਗਈ ਹੋਵੇ ਤਾਂ ਸਾਨੂੰ ਜਾਣੂ ਕਰਾਉਣਾ ਤਾਂ ਕਿ ਅਸੀਂ ਦਰੁਸਤੀ ਕਰ ਭੁੱਲ ਨੂੰ ਸੁਧਾਰ ਸਕੀਏ।

ਦਸ ਗੁਰੂ ਸਾਹਿਬਾਨ ਦੇ ਜੀਵਨ-ਦਰਸ਼ਨ ਨਾਲ ਸੰਬੰਧਿਤ ਇਹ ਛੇਵੀਂ ਤੇ ਆਖਰੀ ਪੁਸਤਕ ਹੈ। ਆਸ ਕਰਦੇ ਹਾਂ ਕਿ ਪਾਠਕ ਸਾਡੇ ਇਸ ਯਤਨ ਨੂੰ ਪਸੰਦ ਕਰਨਗੇ।

ਪੂਰਨ ਸਹਿਯੋਗ ਦੀ ਆਸ ਹਿੱਤ

ਰੂਪ ਸਿੰਘ (ਡਾ.)

ਫਰਵਰੀ, ੨੦੨੦

ਸੰਪਾਦਕੀ ਲੇਖ

ਦਲਿ ਭੰਜਨ ਗੁਰੁ ਸੂਰਮਾ...

ਕਰਤਾ ਪੁਰਖ ਦੀ ਕਰਤਾਰੀ ਜੋਤਿ, ਗੁਰੂ ਸਾਹਿਬਾਨ ਵੱਲੋਂ ਉਚਾਰਣ ਕੀਤੀ ਪਾਵਨ ਗੁਰਬਾਣੀ ਨੂੰ ਸਮਝਣ, ਰਹੱਸ ਨੂੰ ਅਨੁਭਵ ਕਰਨ, ਮਾਨਣ ਤੇ ਜੀਵਨ 'ਚ ਧਾਰਣ ਕਰ, ਗੁਰੂ ਸਾਹਿਬਾਨ ਦੇ ਅਦੁੱਤੀ ਅਲੌਕਿਕ ਜੀਵਨ-ਦਰਸ਼ਨ ਤੋਂ ਜਾਣੂ ਹੋ, ਪ੍ਰੇਰਨਾ ਲੈਣ ਲਈ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਿਸਮਾਦੀ ਰਚਨਾਵਾਂ ਨੂੰ ਪੜ੍ਹਨਾ-ਸਮਝਣਾ ਬੇਹੱਦ ਜ਼ਰੂਰੀ ਹੈ। ਗੁਰਮਤਿ ਵਿਚਾਰਧਾਰਾ ਦੇ ਗੂੜ੍ਹ-ਗਿਆਨ ਤੇ ਗੁੱਝੇ ਭੇਦਾਂ ਨੂੰ ਭਾਈ ਸਾਹਿਬ ਨੇ ਹੀ ਪਹਿਲੀ ਵਾਰ ਪ੍ਰਮਾਣਿਕ ਰੂਪਾਂ 'ਚ ਖੋਲ੍ਹਿਆ ਹੈ। ਉਪਰੋਕਤ ਪੰਗਤੀ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਪਹਿਲੀ ਵਾਰ ਦੀ ੪੮ਵੀਂ ਪਉੜੀ ਹੈ। ਪੂਰੀ ਪਉੜੀ ਇਸ ਤਰ੍ਹਾਂ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ ॥੪੮॥

(ਵਾਰ ੧ / ੪੮)

ਭਾਈ ਗੁਰਦਾਸ ਜੀ ਨੇ ਇਸ ਪਉੜੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜੀਵਨ ਦਰਸ਼ਨ ਦਾ ਤੱਤ ਸਾਰ ਬੜੇ ਹੀ ਭਾਵਪੂਰਤ ਸ਼ਬਦਾਂ 'ਚ ਗੁਰਬਾਣੀ ਦੀ ਰੌਸ਼ਨੀ ਤੇ ਗੁਰਮਤਿ ਵਿਚਾਰਧਾਰਾ, ਅਨੁਸਾਰ ਇਤਿਹਾਸਕ ਕਰਮ 'ਚ ਦਿੱਤਾ ਹੈ। ਗੁਰਮਤਿ ਦੇ ਵਿਦਿਆਰਥੀ ਜਾਣਦੇ ਹਨ ਕਿ ਇਤਿਹਾਸਕ ਪੱਖ ਤੋਂ ਵੀ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਸਭ ਤੋਂ ਵੱਧ ਪ੍ਰਮਾਣਿਕ ਤੇ ਭਰੋਸੇਮੰਦ ਹਨ। ਭਾਈ ਗੁਰਦਾਸ ਜੀ ਨੇ ਇਸ ਪਉੜੀ ਵਿਚ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਦਰਸ਼ਨ ਨੂੰ ਬਾਖੂਬੀ ਵਰਣਨ ਕੀਤਾ ਹੈ। ਆਮ ਪਾਠਕ ਇਹ ਪੜ੍ਹਕੇ ਹੈਰਾਨ ਹੋਵੋਗੇ ਕਿ ਸੂਰਬੀਰ ਬਚਨ ਕੇ ਬਲੀ ਜੋਧਾ; ਦੁਸ਼ਮਣਾਂ ਨੂੰ ਰਣ ਤੱਤੇ ਵਿਚ ਲੋਹੇ ਦੇ ਚਣੇ ਚਬਾਉਣ ਵਾਲਾ, ਮਹਾਬਲੀ-ਬਹਾਦਰ ਗੁਰੂ ਹੋ ਕੇ ਵੱਡਾ ਪਰਉਪਕਾਰੀ ਵੀ ਹੋ ਸਕਦਾ ਹੈ? ਪਹਿਲੀ ਨਜ਼ਰੇ ਅਸੰਭਵ ਲੱਗਦਾ ਹੈ, ਪਰ ਗੁਰਮਤਿ ਵਿਚਾਰਧਾਰਾ ਅਨੁਸਾਰ ਇਹ ਮਾਮੂਲੀ ਹੈ। ਸਿਧਾਂਤਕ ਰੂਪ ਵਿਚ ਇਸ ਪਉੜੀ 'ਚ ਭਾਈ ਗੁਰਦਾਸ ਜੀ ਨੇ ਗੁਰੂ ਜੋਤਿ ਦੀ ਏਕਤਾ, ਨਿਰੰਤਰਤਾ ਦੇ ਸਿਧਾਂਤ ਨੂੰ ਰੂਪਮਾਨ ਕਰਦਿਆਂ ਨਾਨਕ ਨਿਰੰਕਾਰੀ ਜੋਤਿ ਦੇ ਧਾਰਣੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੈਵੀ ਤੇ ਸੰਸਾਰਿਕ ਗੁਣਾਂ ਨੂੰ ਰੂਪਮਾਨ ਕਰ ਦਿੱਤਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਵਾਂਗ ਹੀ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ 'ਜੋਤਿ-ਜੁਗਤਿ' ਦੇ ਮਾਲਕ

ਹਨ-ਜਿਨ੍ਹਾਂ ਪਾਸ ਦੈਵੀ ਸਿਧਾਂਤ, ਮੀਰੀ-ਪੀਰੀ ਤੇ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਸਦਗੁਣਾਂ ਦੇ ਭਰਪੂਰ ਹੁੰਦਿਆਂ, ਸ਼ਾਂਤ ਰਸ ਤੇ ਬੀਰ ਰਸ ਦੇ ਮੁਜੱਸਮੇ ਵੀ ਹਨ। ਧਰਮ ਵੀਰ ਸਤਿਗੁਰੂ, ਗੁਰੂ ਹਰਿਗੋਬਿੰਦ ਪਾਤਸ਼ਾਹ ਚਾਰ ਯੁੱਧ ਲੜ ਕੇ, ਯੁੱਧ ਵਿਜੇਤਾ ਵੀ ਹਨ ਪਰ ਰਣ ਖੇਤਰ ਵਿਚ ਆਪਣੇ ਦੁਸ਼ਮਣ ਨੂੰ ਪਰਉਪਕਾਰ ਵੀ ਸਿਖਾਉਂਦੇ ਹਨ। ਸਦੀਆਂ ਤੋਂ ਗੁਲਾਮ ਭਾਰਤ 'ਚ ਸਤਿਗੁਰੂ-ਗੁਰੂ ਹਰਿਗੋਬਿੰਦ ਪਾਤਸ਼ਾਹ ਸੁਤੰਤਰ, ਸਰਵਉੱਚ-ਪ੍ਰਭੂਸੱਤਾ ਸੰਪੰਨ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਕੇ ਅਕਾਲ ਪੁਰਖ ਦੀ ਕਰਤਾਰੀ ਸ਼ਕਤੀ ਦਾ ਜਲਾਲ ਪ੍ਰਗਟ ਕਰਦਿਆਂ, ਸੰਸਾਰਿਕ ਚਲਾਇਮਾਨ 'ਤਖ਼ਤਾਂ' ਨੂੰ ਵੰਗਾਰ ਵੀ ਪਾਉਂਦੇ ਹਨ। ਮੀਰੀ-ਪੀਰੀ ਦੀਆਂ ਪਾਤਸ਼ਾਹੀ ਕਿਰਪਾਨਾਂ, ਧਾਰਣ ਕਰ ਸਤਿਗੁਰੂ ਜੀ ਨੇ ਪਰਉਪਕਾਰੀ ਜੋਧੇ ਬਣ- ਭਗਤੀ-ਸ਼ਕਤੀ ਦੀ ਦੂਰੀ ਨੂੰ ਹਮੇਸ਼ਾ ਵਾਸਤੇ ਖਤਮ ਕਰ ਦਿੱਤਾ। ਨਾਨਕ-ਨਿਰਮਲ ਪੰਥ ਦੀ 'ਨਿਰਮਲ ਵਿਚਾਰਧਾਰਾ', ਸਿੱਖ ਸਿਧਾਂਤਾਂ, ਸੰਸਥਾਵਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਉਦਾਸੀਆਂ ਨੂੰ ਦੇਸ਼-ਪ੍ਰਦੇਸ਼ ਭੇਜਿਆ। ਕਿਸੇ ਦਾ ਭਲਾ ਕਰਨ ਵਾਲਿਆਂ, ਕਿਸੇ ਨਾਲ ਗੁਣ ਕਰਨ ਵਾਲਿਆਂ ਨਾਲ ਭਲਾ-ਗੁਣ ਤਾਂ ਸੰਸਾਰਿਕ ਲੋਕ ਵੀ ਕਰਦੇ ਹਨ ਪਰ ਅਵਗੁਣ ਕਰਨ ਵਾਲਿਆਂ ਨਾਲ ਗੁਣ ਕੇਵਲ ਪਰਉਪਕਾਰੀ ਸਤਿਗੁਰੂ ਹੀ ਕਰ ਸਕਦੇ ਹਨ:

ਗੁਣ ਕੀਤੇ ਗੁਣ ਕਰੇ ਜਗ, ਅਵਗੁਣ ਕੀਤੇ ਗੁਣ ਗੁਰ ਭਾਏ।
ਪਰਉਪਕਾਰੀ ਜਗ ਵਿਚਿ ਆਏ ॥੧੧॥

(ਵਾਰ ੨੮ / ੧੧)

ਗੁਰੂ ਪਾਤਸ਼ਾਹ ਵੱਲੋਂ ਸਥਾਪਿਤ ਪਾਤਸ਼ਾਹੀ ਦਾਅਵਾ ਸਿੱਖਾਂ ਦੇ ਬੋਲ-ਚਾਲ ਤੇ ਸੁਭਾਅ ਦਾ ਹਿੱਸਾ ਬਣ ਗਿਆ। ਬਿਖੜੇ ਸਮਿਆਂ 'ਚ ਵੀ ਸਿੱਖਾਂ ਨੇ ਸਿਧਾਂਤਕ, ਇਤਿਹਾਸਕ ਰੂਪ 'ਚ ਧਰਮ ਨੂੰ ਨਿਭਾਇਆ। ਸਿਧਾਂਤਕ-ਵਿਵਹਾਰਕ ਰੂਪ 'ਚ ਸਿੱਖ ਵਿਲੱਖਣ ਹੋਂਦ ਹਸਤੀ ਨੂੰ ਕਾਇਮ ਰੱਖਦਿਆਂ ਹੋਇਆਂ, ਵਿਸ਼ਵ-ਵਿਆਪੀ ਸੁਤੰਤਰ ਸਿੱਖ ਸੋਚ ਦਾ ਧਾਰਣੀ ਹੈ, ਜੋ ਸਮੇਂ-ਸਥਾਨ ਦੇ ਵਕਤੀ ਪ੍ਰਭਾਵ ਤੋਂ ਵੀ ਸੁਤੰਤਰ ਹੈ। ਵਿਅਕਤੀਗਤ ਤੇ ਸੰਗਤੀ ਰੂਪ 'ਚ ਸਿੱਖ ਦਾ ਪਾਤਸ਼ਾਹੀ ਦਾਅਵਾ ਅਟੱਲ ਹੈ। ਇਤਿਹਾਸਕ ਹਵਾਲਾ ਬਾਬਾ ਬੋਤਾ ਸਿੰਘ-ਬਾਬਾ ਗਰਜਾ ਸਿੰਘ ਦੇ ਰੂਪ 'ਚ ਹਮੇਸ਼ਾ ਸ਼ਾਹਦੀ ਭਰਦਾ ਰਿਹਾ ਹੈ ਤੇ ਰਹੇਗਾ, ਕਿਉਂਕਿ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਦੇ ਸਬਦਾਂ ਅਨੁਸਾਰ, ਸਿੱਖਾਂ ਨੂੰ ਪਾਤਸ਼ਾਹੀ ਸੱਚੇ ਪਾਤਸ਼ਾਹ ਨੇ ਆਪ ਬਖਸ਼ੀ:

ਸਿੰਘਨ ਪਾਤਸ਼ਾਹੀ ਸ਼ਾਹਿ ਸੱਚੇ ਦਈ...

ਪਰ ਪਾਤਸ਼ਾਹੀ ਕਿਰਦਾਰ ਨੂੰ ਪਾਉਣ ਲਈ ਇਸ ਨੂੰ ਬੁਲੰਦ ਦ੍ਰਿੜ੍ਹ ਇਰਾਦੇ ਨਾਲ ਜਾਤੀ-ਜਮਾਤੀ ਤੇ ਜਥੇਬੰਦਕ ਰੂਪ 'ਚ ਵਿਲੱਖਣ ਸਿੱਖ ਕਿਰਦਾਰ ਨੂੰ ਨਿਭਾਉਣਾ ਪਵੇਗਾ। ਆਓ ਦਲਿ ਭੰਜਨ ਗੁਰੁ ਸੂਰਮੇ ਦੇ ਜੀਵਨ ਦਰਸ਼ਨ ਨੂੰ ਸਮਝਣ ਦਾ ਯਤਨ ਕਰੀਏ।

ਕਲਿ ਤਾਰਣਿ ਵਾਸਤੇ 'ਗੁਰੂ ਨਾਨਕ ਜੋਤਿ' ਦਾ ਪ੍ਰਕਾਸ਼ ਧਰਤ ਸੁਹਾਵੀ 'ਤੇ ਹੋਇਆ। ਸੰਸਾਰ ਦੇ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ 'ਚੋਂ ਕੱਢਣ ਤੇ 'ਸਤਿ' ਮਾਰਗ ਦੇ ਪਾਂਧੀ ਬਣਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਨਕ ਨਿਰਮਲ ਪੰਥ' ਦੀ ਨੀਂਹ ਰੱਖੀ। ਗੁਰੂ ਨਾਨਕ ਜੋਤਿ ਦੇ ਆਗਮਨ ਸਮੇਂ ਭਾਰਤੀ ਲੋਕ ਬੁਜ਼ਦਿਲ, ਸਾਹਸਹੀਣ; ਪਤਹੀਣ ਤੇ ਗੁਲਾਮੀ ਦਾ ਜੀਵਨ ਜੀਉਣ ਦੇ ਆਦੀ ਹੋ ਚੁੱਕੇ ਸਨ। ਗੁਰੂ ਜੀ ਨੇ ਲੋਕਾਂ ਨੂੰ ਧਾਰਮਿਕ, ਰਾਜਸੀ, ਸਮਾਜਿਕ ਤੇ ਸਭਿਆਚਾਰਕ ਚੇਤਨਾ ਪ੍ਰਦਾਨ ਕਰਨ ਲਈ ਬਲਵਾਨ ਧਾਰਮਿਕ ਵਿਚਾਰਧਾਰਾ ਨੂੰ ਜਨਮ ਦਿੱਤਾ ਤਾਂ ਜੋ ਉਹ ਸਵੈ-ਮਾਣ ਤੇ ਅਣਖ ਵਾਲਾ ਜੀਵਨ ਜੀਉਣ ਯੋਗ ਹੋ ਸਕਣ। ਭਾਵੇਂ ਕਿ ਇਸ ਵਿਚਾਰਧਾਰਾ ਨੂੰ ਪ੍ਰਫੁਲਤ ਕਰਨ ਹਿੱਤ ਗੁਰੂ ਸਾਹਿਬਾਨਾਂ ਨੂੰ ਕਈ ਤਰ੍ਹਾਂ ਦੀਆਂ ਸੰਸਾਰਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਫਿਰ ਵੀ ਨਿਰਦਈ ਜ਼ਾਲਮ ਤੇ ਜ਼ਾਬਰ ਹੁਕਮਰਾਨਾਂ, ਕਾਜੀਆਂ, ਬ੍ਰਾਹਮਣਾਂ, ਮੁੱਲਾਂ-ਮੁਲਾਣਿਆਂ ਨੂੰ ਆਪੋ-ਆਪਣਾ ਵਿਅਕਤੀਤਵ ਪਹਿਚਾਨਣ ਲਈ 'ਖਸਮ ਦੀ ਬਾਣੀ' ਰਾਹੀਂ ਸੁਚੇਤ ਕੀਤਾ।

ਇਸ ਪਾਵਨ ਪੰਗਤੀ ਨੂੰ ਅਨੁਭਵ ਕਰ ਵਿਵਹਾਰਕ ਜੀਵਨ 'ਚ ਪ੍ਰਗਟ ਕਰ ਜੀਵਨ-ਦਰਸ਼ਨ ਬਣਾ ਸਕੇ।

ਪੰਚਮ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਧਰਮ-ਦਰਸ਼ਨ, ਇਤਿਹਾਸ ਵਿੱਚ 'ਸ਼ਹਾਦਤ' ਦੇ ਸਿਧਾਂਤ ਦੀ ਆਰੰਭਤਾ ਕਰਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ। ਭਾਰਤੀ ਧਰਮ ਪਰੰਪਰਾ ਵਿੱਚ 'ਬਲੀਦਾਨ' ਦੇਣ ਦੀ ਰਵਾਇਤ ਸੀ। ਸਮਝਣ ਵਾਲੀ ਪਹਿਲੀ ਗੱਲ ਹੈ ਕਿ 'ਬਲੀਦਾਨ' ਜਿਸ ਵਿੱਚ ਕਿਸੇ ਦੂਸਰੇ ਜੀਵ ਦੀ ਬਲੀ ਦਿੱਤੀ ਜਾਂਦੀ ਸੀ, ਜਿਵੇਂ: ਕੁੱਕੜ, ਬੱਕਰੇ, ਊਠ, ਘੋੜੇ, ਝੋਟੇ ਤੇ ਕਦੀ-ਕਦੀ 'ਨਰ'-ਮਨੁੱਖ ਦੀ ਬਲੀ!! ਈਸ਼ਵਰ-ਇਸ਼ਟ ਦੇਵ ਦੇ ਅੱਗੇ ਅੰਨ-ਪਦਾਰਥਾਂ ਤੋਂ ਲੈ ਕੇ ਨਰ ਬਲੀ ਤੀਕ ਇਸ ਦੇ ਘੇਰੇ ਵਿੱਚ ਸੀ। ਦੇਵਤਿਆਂ ਦੀ ਖੁਸ਼ੀ ਵਾਸਤੇ ਜੀਵਾਂ ਦੀ ਬਲੀ ਦਿੱਤੀ ਜਾਂਦੀ। ਮਹਾਂਭਾਰਤ, ਬਾਈਬਲ, ਕੁਰਾਨ ਆਦਿ ਧਾਰਮਿਕ ਗ੍ਰੰਥਾਂ ਵਿੱਚ ਵੀ ਇਸ ਦੇ ਹਵਾਲੇ ਮਿਲਦੇ ਹਨ-ਵਰਤਮਾਨ ਭਾਰਤ ਵਿੱਚ ਵੀ ਬਲੀ ਪਰੰਪਰਾ ਕਾਇਮ ਹੈ। ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਸ਼ਬਦ ਹੈ:

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥

(ਪੰਨਾ ੧੨੮੯)

ਸਪੱਸ਼ਟ ਹੈ ਕਿ ਪੁਰਾਣੇ ਸਮੇਂ ਵਿੱਚ ਦੇਵਤਿਆਂ ਦੇ ਸੁਭਾਉ ਅਨੁਸਾਰ, ਦੇਵਤਿਆਂ ਨੂੰ ਖੁਸ਼ ਕਰਨ ਵਾਸਤੇ ਜੀਵਾਂ ਨੂੰ ਮਾਰ ਕੇ ਬਲੀ ਦਿੱਤੀ ਜਾਂਦੀ ਸੀ, ਇੱਥੋਂ ਤੀਕ 'ਗੈਂਡੇ' ਵਰਗੇ ਸ਼ਕਤੀਸ਼ਾਲੀ ਜੀਵ ਨੂੰ ਵੀ ਬਲੀ ਦਾ ਬੱਕਰਾ ਬਣਾਇਆ ਜਾਂਦਾ ਸੀ। ਇਸ਼ਟ ਦੇਵ ਦੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਪੁਜਾਰੀ, ਮੁੱਲਾਂ-ਮੁਲਾਣਿਆਂ ਵੱਲੋਂ ਆਪਣੀ ਚਤੁਰਤਾ ਨਾਲ ਕਿਸੇ ਦੀ ਬਲੀ ਦੇ ਕੇ ਆਪਣਾ ਹਲਵਾ, ਮੰਡਾ ਚਲਾਇਆ ਜਾਂਦਾ ਕਿ 'ਮੰਤਰ ਜਾਪ' ਨਾਲ ਤੁਹਾਡੇ ਜੀਵਨ ਸਵਾਰੇ ਜਾ ਰਹੇ ਹਨ ਪਰ ਜੀਵਨ ਚਤੁਰ ਪੰਡਿਤ ਮੁਲਾਣਿਆਂ ਦਾ ਸਵਰਦਾ ਸੀ। ਇਸ ਬਲੀਦਾਨ, ਮੰਤਰ ਜਾਪ ਦੀ ਪਰੰਪਰਾ ਨੇ ਭਾਰਤੀ ਲੋਕਾਂ ਨੂੰ ਸਰੀਰਕ-ਮਾਨਸਿਕ ਰੂਪ ਵਿੱਚ ਅਪਾਹਜ-ਗੁਲਾਮ ਬਣਾ ਦਿੱਤਾ। ਲੋਕਾਈ ਨੂੰ ਕਿਹਾ ਗਿਆ ਕਿ ਵੇਦ-ਮੰਤਰਾਂ ਦੇ ਪੜ੍ਹਨ ਨਾਲ ਦੁਸ਼ਮਣ ਅੰਨ੍ਹਾ ਹੋ ਜਾਵੇਗਾ, ਤੁਹਾਡੀ ਇੱਜ਼ਤ-ਪਤ ਦੀ ਰਾਖੀ 'ਦੇਵਤੇ' ਕਰਨਗੇ, ਜਿਨ੍ਹਾਂ ਨੂੰ ਖੁਸ਼ ਕਰਨ ਵਾਸਤੇ ਮੰਤਰ ਜਾਪ ਤੇ 'ਬਲੀਦਾਨ' ਦਿੱਤੇ ਗਏ ਹਨ, ਪਰ ਹੋਇਆ ਬਿਲਕੁੱਲ ਉਲਟ। ਭਾਰਤ 'ਤੇ ਦੁਸ਼ਮਣ ਹਮਲਾਵਰ ਹੋਏ, ਭਾਰਤੀ ਇੱਜ਼ਤ-ਪਤ ਨੂੰ ਬੁਰੀ ਤਰ੍ਹਾਂ ਰੋਲਿਆ ਗਿਆ, ਮੰਦਰਾਂ 'ਚੋਂ ਸੈਂਕੜੇ ਕੁਵਿੰਟਲ ਸੋਨਾ ਚੁਰਾਇਆ ਗਿਆ, ਹਿੰਦੂ ਬਹੂ-ਬੇਟੀਆਂ ਨੂੰ ਗਜ਼ਨੀ ਦੇ ਬਜ਼ਾਰਾਂ 'ਚ ਦੋ-ਦੋ ਟਕਿਆਂ 'ਤੇ ਵੇਚਿਆ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਕਾਈ ਨੂੰ ਸਮਝਾਇਆ ਕੇ ਆਪਣੀ ਇੱਜ਼ਤ-ਆਬਰੂ ਦੀ ਰਾਖੀ ਵਾਸਤੇ ਆਪਣੇ ਆਪ 'ਚ ਹੀ ਅਣਖ-ਆਬਰੂ ਪੈਦਾ ਕਰਨੀ ਪਵੇਗੀ। ਕੌਮ ਦੇ ਭਲੇ ਵਾਸਤੇ ਆਪ ਨੂੰ ਕੁਰਬਾਨ ਹੋਣਾ ਪਵੇਗਾ। ਕੁਰਬਾਨੀ ਕਿਸੇ ਦੀ ਨਾ ਦਿਓ, ਆਪਣੀ ਦਿਓ, ਹਰ ਪੱਧਰ 'ਤੇ ਤੁਹਾਨੂੰ ਆਪਣੇ ਇਸ਼ਟ ਦੇਵ ਦੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਸੰਸਾਰਿਕ, ਸਰੀਰਕ, ਧਾਰਮਿਕ, ਸਭਿਆਚਾਰਕ, ਸਮਾਜਿਕ, ਹਉਮੈ-ਹੰਕਾਰ ਨੂੰ ਤਿਲਾਂਜ਼ਲੀ ਦੇ ਆਪ ਕੁਰਬਾਨ ਹੋਣਾ ਪਵੇਗਾ ਤਾਂ ਤੁਸੀਂ ਹਰ ਤਰ੍ਹਾਂ ਦੀ ਖੁਸ਼ੀ ਪ੍ਰਾਪਤ ਕਰ ਸਕੋਗੇ।

ਗੁਰੂ ਨਾਨਕ ਜੋਤਿ ਨੇ ਭਾਰਤੀ ਧਰਮ, ਪਰੰਪਰਾਵਾਂ, ਰਵਾਇਤਾਂ, ਮਰਯਾਦਾ, ਇਤਿਹਾਸ ਨੂੰ ਹੀ ਬਦਲ ਕੇ ਸੁਨਹਿਰੀ ਰੂਪ ਨਹੀਂ ਦਿੱਤਾ ਸਗੋਂ ਮਨੁੱਖਤਾ ਨੂੰ ਮਨੁੱਖੀ ਜੀਵਨ ਦੀ ਅਮੋਲਕਤਾ ਤੋਂ ਜਾਣੂ ਕਰਾਉਂਦਿਆਂ: ਗੁਲਾਮੀ, ਦਾਸ-ਪ੍ਰਥਾ, ਪ੍ਰਾਧੀਨਤਾ, ਹਰ ਤਰ੍ਹਾਂ ਦੀ ਪਰਾਈ ਨਿਰਬਰਤਾ ਨੂੰ ਤਿਲਾਂਜ਼ਲੀ ਦੇ ਇੱਜ਼ਤ, ਮਾਨ-ਸਨਮਾਨ, ਸਤਿਕਾਰ ਵਾਲਾ ਜੀਵਨ ਜੀਊਣ ਦੀ ਜਾਚ ਸਿਖਾਈ:

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥

(ਪੰਨਾ ੧੪੨)

ਲੋਕਾਈ ਦਾ ਸੰਸਾਰ ਸਮੁੰਦਰ ਤੋਂ ਪਾਰ-ਉਤਾਰਾ ਕਰਨ ਵਾਸਤੇ ਆਪ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜ਼ਾਬਰ ਕਿਹਾ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਨੂੰ ਸਮੇਂ ਦਾ ਸੱਚ ਸਮਝਾਇਆ। ਪੰਚਮ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਆਪਾ ਕੁਰਬਾਨ ਕਰਕੇ ਭਾਰਤੀ ਧਰਮ ਦਰਸ਼ਨ, ਇਤਿਹਾਸ ਵਿੱਚ ਸ਼ਹੀਦੀ ਪਰੰਪਰਾ ਦਾ ਅਗਾਜ਼ ਕੀਤਾ। ਸ਼ਹਾਦਤ ਆਪਣੀ ਦੇਣੀ ਪੈਂਦੀ ਹੈ ਤਾਂ ਸ਼ਹੀਦ ਸਦਵਾਇਆ ਜਾ ਸਕਦਾ ਹੈ। ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਆਪ ਸ਼ਹਾਦਤ ਦਾ ਜਾਮ ਪੀ ਕੇ, ਲੋਕਾਈ ਦਾ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਕਰਦੇ ਹਨ। ਗੁਰਦੇਵ ਪਿਤਾ ਨੂੰ ਦੇਗ ਵਿੱਚ ਉਬਾਲਿਆ ਗਿਆ, ਤੱਤੀ ਲੋਹ 'ਤੇ ਬਿਠਾਇਆ ਗਿਆ, ਤੱਤੀ ਰੇਤਾ ਸੀਸ 'ਚ ਪਾਈ ਗਈ, ਸਤਿਗੁਰੂ ਸ਼ਬਦ ਉਚਾਰਣ ਕਰਦੇ ਹਨ:

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

(ਪੰਨਾ ੩੯੪)

ਸੰਖੇਪ 'ਚ ਸ੍ਰੀ ਗੁਰੂ ਅਰਜਨ ਦੇਵ ਜੀ, ਸਾਡੇ ਸੰਸਾਰਿਕ ਲੋਕਾਂ ਵਾਸਤੇ ਜੀਵਨ ਜੀਉਣ ਲਈ ਨਵੀਆਂ ਪੈੜਾਂ ਪਾਉਂਦੇ ਹਨ। ਪਾਤਿਸ਼ਾਹ, ਗੁਰੂ ਅਰਜਨ ਦੇਵ ਜੀ ਦਾ ਅਧਿਆਤਮਿਕ-ਸੰਸਾਰਿਕ ਜੀਵਨ-ਦਰਸ਼ਨ, ਪਾਵਨ ਗੁਰਬਾਣੀ-ਸ਼ਹਾਦਤ ਮਾਨਵਤਾ ਵਾਸਤੇ ਇਕ 'ਜਹਾਜ' ਦੀ ਨਿਆਈ ਹੈ। ਇਹ ਵਿਚਾਰਧਾਰਾ ਸੰਸਾਰਿਕ ਲੋਕਾਂ ਨੂੰ ਭਵ-ਸਾਗਰ ਤੋਂ ਪਾਰ ਉਤਾਰਨ ਵਾਸਤੇ ਹਰ ਪੱਖ ਤੋਂ ਸ਼ਕਤੀਸ਼ਾਲੀ ਤੇ ਸਮਰੱਥ ਹੈ। ਲੋੜ ਹੈ, ਗੁਰੂ ਸਾਹਿਬ ਦੇ ਜੀਵਨ-ਦਰਸ਼ਨ ਤੇ ਵਿਚਾਰਧਾਰਾ ਤੋਂ ਪ੍ਰੇਰਣਾ-ਉਤਸ਼ਾਹ ਪ੍ਰਾਪਤ ਕਰਕੇ ਜੀਵਨ 'ਚ ਢਾਲਣ ਦੀ! ਹਰ ਤਰ੍ਹਾਂ ਦੀ ਹਉਮੈ-ਹੰਕਾਰ ਨੂੰ ਤਿਲਾਜ਼ਲੀ ਦੇਣ ਦੀ, ਭਾਵੇਂ ਉਹ ਸੰਸਾਰਿਕ ਹੋਵੇ ਜਾਂ ਧਾਰਮਿਕ! ਸ੍ਰੀ ਗੁਰੂ ਅਰਜਨ ਦੇਵ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਕਰਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ, ਧਰਮ, ਸਮਾਜ, ਸੰਸਾਰ ਵਾਸਤੇ ਸ਼ਹਾਦਤ ਦੇ ਦਿੰਦੇ ਹਨ ਪਰ ਆਪ ਫੁਰਮਾਉਂਦੇ ਹਨ ਮੈਂ ਕੁਝ ਨਹੀਂ ਕੀਤਾ-ਹੇ ਪਰਮਾਤਮਾ! ਮੇਰੇ ਪਾਸੋਂ ਤਾਂ ਆਪ ਤੁਸਾਂ ਕਰਵਾਇਆ:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥

(ਪੰਨਾ ੧੪੨੯)

ਜੀਵਨ-ਦਰਸ਼ਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗੁ ਪੀੜ੍ਹੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

(ਵਾਰ ੧/੪੮)

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।
ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।
ਗਿਆਰਹ ਰੁਦ੍ਰ ਸਮੁੰਦ੍ਰ ਵਿਚਿ ਮਰਿ ਜੀਵੈ ਤਿਸੁ ਰਤਨੁ ਅਮੋਲਾ।
ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ॥੩॥

(ਵਾਰ ੩੯)

ਗੁਰ ਗੋਵਿੰਦੁ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ।
ਨਿਰੰਕਾਰ ਆਕਾਰੁ ਕਰਿ ਏਕੰਕਾਰੁ ਅਕਾਰੁ ਪਛੋਆ।

ਓਅੰਕਾਰਿ ਅਕਾਰਿ ਲਖ ਲਖ ਦਰੀਆਉ ਕਰੇਂਦੇ ਢੋਆ।
ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜਿ ਸਮੋਆ।
ਲਖ ਗੜਾੜਿ ਕੜਾਹ ਵਿਚਿ ਤ੍ਰਿਸਨਾ ਦਝਹਿੰ ਸੀਖ ਪਰੋਆ।
ਬਾਵਨ ਚੰਦਨ ਬੂੰਦ ਇਕੁ ਠੰਡੇ ਤਤੇ ਹੋਇ ਖਲੋਆ।
ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ।
ਹਰਿਗੋਵਿੰਦ ਗੁਰ ਛਤ੍ਰੁ ਚੰਦੋਆ॥੪॥

(ਵਾਰ ੩੯)

ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਾਇਆ।
ਏਕੰਕਾਰ ਅਕਾਰੁ ਕਰਿ ਗੁਰੁ ਗੋਵਿੰਦੁ ਨਾਉ ਸਦਵਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰਗੁਣ ਸਰਗੁਣ ਅਲਖੁ ਲਖਾਇਆ।
ਸਾਧਸੰਗਤਿ ਆਰਾਧਿਆ ਭਗਤਿ ਵਛਲੁ ਹੋਇ ਅਛਲੁ ਛਲਾਇਆ।
ਓਅੰਕਾਰ ਅਕਾਰ ਕਰਿ ਇਕੁ ਕਵਾਉ ਪਸਾਉ ਪਸਾਇਆ।
ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡੁ ਕਰੋੜਿ ਸਮਾਇਆ।
ਸਾਧ ਜਨਾ ਗੁਰ ਚਰਨ ਧਿਆਇਆ॥੧॥

(ਵਾਰ ੨੫)

ਧਰਮਸਾਲ ਕਰਿ ਬਹੀਦਾ ਇਕ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥੨੪॥

(ਵਾਰ ੨੬)

ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
ਅਮਰਾ ਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ।
ਗੁਰੁ ਅਮਰਹੁੰ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।
ਰਾਮਦਾਸਹੁੰ ਅਰਜਨੁ ਗੁਰੂ ਗੁਰ ਸਬਦ ਸਥੋਈ।

ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦੁ ਹੋਈ।
ਗੁਰਮੁਖਿ ਸੁਖ ਫਲ ਪਿਰਮ ਰਸੁ ਸਤਿਸੰਗ ਅਲੋਈ।
ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀ ਕੋਈ॥੨੦॥

(ਵਾਰ ੩੮)

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰ ਹਰਿਗੋਵਿੰਦੁ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ ਖੰਡੇਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰਸਿਖੁ ਚਲੰਦਾ॥੨੧॥

(ਵਾਰ ੨੪)

ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ।
ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।
ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ।
ਨਦੀ ਕਿਨਾਰੇ ਆਖੀਅਨਿ ਪੁਛੇ ਪਾਰਾਵਾਰੁ ਨ ਪਾਇਆ।
ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ।
ਹਰਿਗੋਵਿੰਦੁ ਗੁਰੂ ਗੁਰ ਭਾਇਆ॥੨੪॥

(ਵਾਰ ੨੪)

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ॥੨੫॥

(ਵਾਰ ੨੪)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਸ੍ਰੀ ਗੁਰੂ ਅਰਜਨ ਸਾਹਿਬ ਤੇ ਭਾਈ ਗੁਰਦਾਸ ਜੀ ਦੀਆਂ ਨਜ਼ਰਾਂ ਵਿਚ

ਸਿੱਖ ਧਰਮ ਅਤੇ ਸਮਾਜ ਦੇ ਵਿਕਾਸ ਵਿਚ ਗੁਰੂ ਹਰਿਗੋਬਿੰਦ ਜੀ ਦਾ ਕਈਆਂ ਗੱਲਾਂ ਕਰਕੇ ਵਿਸ਼ੇਸ਼ ਸਥਾਨ ਹੈ। ਸਭ ਤੋਂ ਅਹਿਮ ਯੋਗਦਾਨ ਮੀਰੀ ਅਤੇ ਪੀਰੀ ਵਿਚਕਾਰ ਸੁਮੇਲ ਅਤੇ ਸਮਨਵੈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਬਚਪਨ ਦੇ ਵੀ ਕਈ ਅਜਿਹੇ ਵਾਕਿਆਤ ਹਨ ਜੋ ਅਸਧਾਰਣ ਹਨ। ਇਕਲੌਤੀ ਸੰਤਾਨ ਅਤੇ ਗੁਰਗੱਦੀ ਦੇ ਅਧਿਕਾਰੀ ਹੋਣ ਕਰਕੇ ਉਨ੍ਹਾਂ ਨੂੰ ਕਈ ਗੁਰੂ-ਦੋਖੀਆਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਵੀ ਹੋਣਾ ਪਿਆ। ਮਗਰੋਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਇਮੀ ਨਾਲ ਉਨ੍ਹਾਂ ਨੇ ਸਿੱਖ ਲਹਿਰ ਨੂੰ ਜੁਝਾਰੂ ਮੋੜ ਦਿੱਤਾ ਤਾਂ ਉਹ ਬੀਰ ਨਾਇਕ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਏ। ਹੋਰਨਾਂ ਬੇਸ਼ੁਮਾਰ ਗੁਣਾਂ ਤੋਂ ਇਲਾਵਾ ਉਹ ਕਰਮਯੋਗੀ, ਸਤਿਵਾਦੀ, ਗੁਰਬਾ ਪਰਵਰ ਅਤੇ ਹੱਕ-ਸੱਚ ਉਪਰ ਪਹਿਰਾ ਦੇਣ ਵਾਲੇ ਦਿਗ-ਵਿਜਈ ਪੁਰਸ਼ ਸਨ। ਆਪਣੀ ਇਸ ਬਹੁ-ਪੱਖੀ ਸ਼ਖ਼ਸੀਅਤ ਕਰਕੇ ਹੀ ਉਹ ਸਮਕਾਲ ਤੋਂ ਲੈ ਕੇ ਅੱਜ ਤੱਕ ਲੇਖਕਾਂ ਅਤੇ ਕਵੀਆਂ ਦੇ ਧਿਆਨ ਦਾ ਕੇਂਦਰ ਬਣੇ ਰਹੇ ਹਨ। ਇਥੇ ਅਸੀਂ ਆਪਣੀ ਗੱਲ ਕੇਵਲ ਉਨ੍ਹਾਂ ਦੇ ਸਮਕਾਲ ਵਿਚ ਵਿਚਰੇ ਦੈਵੀ ਲੇਖਕਾਂ ਦੇ ਹਵਾਲੇ ਨਾਲ ਹੀ ਕਰਨੀ ਹੈ ਜਿਨ੍ਹਾਂ ਦੀਆਂ ਕਾਵਿ-ਕਿਰਤਾਂ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪਹਿਲੂ ਅੰਕਿਤ ਹੋਏ ਮਿਲਦੇ ਹਨ। ਗੁਰੂ ਹਰਿਗੋਬਿੰਦ ਜੀ ਦੇ ਸਮਕਾਲੀ ਲੇਖਕਾਂ ਵਿਚੋਂ ਉਨ੍ਹਾਂ ਦੇ ਗੁਰੂ-ਪਿਤਾ ਗੁਰੂ ਅਰਜਨ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਦੋ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੁਰੂ ਹਰਿਗੋਬਿੰਦ ਜੀ ਪ੍ਰਥਾਇ ਉਚਰੇ ਕਾਫੀ ਸ਼ਬਦ ਹਨ। ਇਨ੍ਹਾਂ ਸ਼ਬਦਾਂ ਵਿਚ ਇਕ ਗੁਰੂ ਦਾ ਆਸ਼ੀਰਵਾਦ, ਇਕ ਸ਼ੁਕਰਗੁਜ਼ਾਰ ਪਿਤਾ ਦੀ ਮੁਹੱਬਤ ਅਤੇ ਸ਼ਫ਼ਕਤ ਅਤੇ ਸਾਜ਼ਿਸ਼ੀ ਲੋਕਾਂ ਪ੍ਰਤੀ ਮਿੱਠਾ ਜਿਹਾ ਨਿਹੋਰਾ ਹੈ। ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਤਾਂ ਗੁਰੂ ਜੀ ਗਦ-ਗਦ ਹੋ ਉਠੇ। ਇਥੇ ਇਹ ਦੱਸਣਾ ਜ਼ਰੂਰੀ ਭਾਸਦਾ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦਾਂ ਵਿਚ ਕਿਤੇ-ਕਿਤੇ ਨਾਂ ਹਰਿਗੋਬਿੰਦ (ਹਰਿਗੋਵਿੰਦ) ਆਇਆ ਹੈ ਪਰ ਬਹੁਤੀ ਥਾਈਂ ਉਨ੍ਹਾਂ ਨੂੰ 'ਬਾਲਕ' ਹੀ ਕਿਹਾ ਗਿਆ ਹੈ। ਜਨਮ

ਦੀ ਖੁਸ਼ੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਰੇ ਹੋਏ ਸ਼ਬਦਾਂ ਵਿਚੋਂ ਕੁਝ ਪੰਗਤੀਆਂ ਹਨ:

ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥...
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥
ਸਾਚੇ ਸਾਹਿਬ ਕੈ ਮਨਿ ਭਾਵੈ॥੨॥
ਵਧੀ ਵੇਲਿ ਬਹੁ ਪੀੜੀ ਚਾਲੀ॥
ਧਰਮ ਕਲਾ ਹਰਿ ਬੰਧਿ ਬਹਾਲੀ॥

(ਪੰਨਾ ੩੯੬)

ਕਾਰਜੁ ਸਤਿਗੁਰਿ ਆਪਿ ਸਵਾਰਿਆ॥
ਵਡੀ ਆਰਜਾ ਹਰਿ ਗੋਬਿੰਦ ਕੀ
ਸੂਖ ਮੰਗਲ ਕਲਿਆਣ ਬੀਚਾਰਿਆ॥...
ਮਨ ਇਛੇ ਨਾਨਕ ਫਲ ਪਾਏ
ਪੂਰਨ ਇਛ ਪੁਜਾਰਿਆ॥

(ਪੰਨਾ ੮੦੬)

ਗੁਰੂ ਅਰਜਨ ਸਾਹਿਬ ਜੀ ਦਾ ਆਪਣੇ ਪੁੱਤਰ ਨਾਲ ਬਹੁਤ ਸਨੇਹ ਸੀ। ਇਸੇ ਕਰਕੇ ਜਦੋਂ ਵੀ ਕੋਈ ਵਿਘਨ, ਬੀਮਾਰੀ ਜਾਂ ਅਣਸੁਖਾਵੀਂ ਘਟਨਾ ਵਾਪਰਦੀ ਅਤੇ ਬਾਅਦ ਵਿਚ ਸੰਕਟ ਟਲ ਜਾਂਦਾ ਤਾਂ ਗੁਰੂ ਜੀ ਪ੍ਰਭੂ ਦਾ ਸ਼ੁਕਰਾਨਾ ਕਰਦੇ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਵਿਚ ਤਾਪ-ਸੰਤਾਪ, ਦੁੱਖ-ਤਕਲੀਫ ਅਤੇ ਹੋਰ ਸਰੀਰਕ ਰੋਗਾਂ ਦਾ ਜ਼ਿਕਰ ਹੈ। ਗੁਰਬਾਣੀ ਟੀਕਾਕਾਰਾਂ ਵਿਚੋਂ ਬਹੁਤਿਆਂ ਦਾ ਇਹ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਸ਼ਬਦ ਗੁਰੂ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਬੀਮਾਰੀ ਪ੍ਰਥਾਇ ਹੀ ਉਚਾਰੇ ਹਨ। ਕੁਝ ਸਤਰਾਂ ਹਨ:

ਗੁਰ ਪੂਰੇ ਰਾਖਿਆ ਦੇ ਹਾਥ॥
ਪ੍ਰਗਟੁ ਭਇਆ ਜਨ ਕਾ ਪਰਤਾਪੁ॥

(ਪੰਨਾ ੩੯੬)

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥
ਭਰਮ ਗਏ ਪੂਰਨ ਭਈ ਸੇਵ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥

(ਪੰਨਾ ੨੦੦)

ਸਦਾ ਸਦਾ ਹਰਿ ਜਾਪੇ॥
ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥
ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ॥

(ਪੰਨਾ ੬੨੭)

ਇਨ੍ਹਾਂ ਸ਼ਬਦਾਂ ਤੋਂ ਇਹ ਅਵੱਸ਼ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਬਚਪਨ ਕੋਈ ਬਹੁਤਾ ਸੁਖਾਵਾਂ ਨਹੀਂ ਸੀ। ਇਕ ਤੋਂ ਬਾਅਦ ਦੂਜੇ ਰੋਗਾਂ ਉਨ੍ਹਾਂ ਨੂੰ ਖਾਸਾ ਡੰਗ ਕਰੀ ਰੱਖਿਆ ਸੀ। ਤਾਪ, ਸੀਤਲਾ ਅਤੇ ਹੋਰ ਕਈ ਰੋਗਾਂ ਤੋਂ ਬਚਣ ਦੀਆਂ ਸੂਚਨਾਵਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਮਿਲਦੀਆਂ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਚਪਨ ਵਿਚ ਹੀ ਗੁਰੂ-ਦੋਖੀਆਂ ਦੀਆਂ ਕਈ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ। ਕਾਰਨ ਇਹ ਸੀ ਗੁਰੂ ਅਰਜਨ ਸਾਹਿਬ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਆਪਣੇ ਭਤੀਜੇ ਦੇ ਜਨਮ ਤੋਂ ਖੁਸ਼ ਨਹੀਂ ਸੀ। ਉਹ ਚਾਹੁੰਦਾ ਸੀ ਗੁਰੂ ਅਰਜਨ ਦੇਵ ਜੀ ਦੇ ਨਿਰਸੰਤਾਨ ਹੋਣ ਕਰਕੇ ਉਨ੍ਹਾਂ ਦਾ ਸਾਰਾ ਅਧਿਆਤਮਕ ਅਤੇ ਸੰਸਾਰਿਕ ਵਿਰਸਾ ਆਪ ਸਾਂਭੇ ਜਾਂ ਆਪਣੇ ਪੁੱਤਰ ਮਿਹਰਬਾਨ ਨੂੰ ਦੁਆਵੇ। ਇਸ ਲਈ ਉਸ ਨੇ ਪਹਿਲਾਂ ਦਾਈ ਕੋਲੋਂ ਬਾਲਕ (ਗੁਰੂ) ਹਰਿਗੋਬਿੰਦ ਨੂੰ ਮਰਵਾਉਣ ਦੀ ਵਿਉਂਤ ਘੜੀ। ਇਹ ਸਾਜ਼ਿਸ਼ ਤਾਂ ਉਸ ਦੀ ਮਨਸ਼ਾ ਮੁਤਾਬਿਕ ਸਿਰੇ ਨਾ ਚੜ੍ਹੀ ਤਾਂ ਉਸ ਨੇ ਬਾਲਕ 'ਗੁਰੂ' ਦੇ ਖਿਡਾਵੇ ਇਕ ਬ੍ਰਾਹਮਣ ਨੂੰ ਰਿਸ਼ਵਤ ਦੇ ਕੇ ਉਨ੍ਹਾਂ ਨੂੰ ਮਰਵਾਉਣ ਦਾ ਯਤਨ ਕੀਤਾ। ਸਬੱਬ ਨਾਲ ਉਹ ਯਤਨ ਵੀ ਫੇਲ੍ਹ ਹੋ ਗਿਆ ਅਤੇ ਬ੍ਰਾਹਮਣ ਖੁਦ ਸੂਲ ਉਠਨ ਨਾਲ ਮਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਲਕ (ਗੁਰੂ) ਹਰਿਗੋਬਿੰਦ ਸਾਹਿਬ ਦੇ ਇਸ ਦੁਰਘਟਨਾ ਵਿਚੋਂ ਬਚ ਜਾਣ ਦੇ ਧੰਨਵਾਦ ਵਜੋਂ ਇਹ ਸ਼ਬਦ ਉਚਾਰਿਆ:

ਲੇਪੁ ਨ ਲਾਗੋ ਤਿਲ ਕਾ ਮੂਲਿ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥
ਪਾਪੀ ਮੂਆ ਗੁਰ ਪਰਤਾਪਿ॥...
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥੯॥

(ਪੰਨਾ ੧੧੩੭)

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਿਛੋਂ ਭਾਈ ਗੁਰਦਾਸ ਜੀ ਅਜਿਹੇ ਅਧਿਆਤਮਕ ਕਵੀ ਸਨ ਜੋ ਕਾਫੀ ਸਮਾਂ ਗੁਰੂ ਹਰਿਗੋਬਿੰਦ ਜੀ ਦੇ ਅੰਗ-ਸੰਗ ਰਹਿ ਕੇ ਗੁਰਮਤਿ ਪ੍ਰਚਾਰ ਅਤੇ ਗੁਰੂ-ਘਰ ਦੀ ਸੇਵਾ ਕਰਦੇ ਰਹੇ। ਇਥੇ ਇਹ ਦੱਸਣਾ ਮੁਨਾਸਿਬ ਹੋਵੇਗਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਿਤਾ ਨਾਲੋਂ ਵੀ ਵੱਧ ਸਮਾਂ ਭਾਈ ਗੁਰਦਾਸ ਜੀ ਦੇ ਸਮਕਾਲ ਵਿਚ ਗੁਜ਼ਾਰਿਆ। ਇਹ ਉਹ ਸਮਾਂ ਸੀ ਜਦ ਗੁਰੂ ਸਾਹਿਬ ਸਿਰ-ਬ-ਸਿਰ ਹੋ ਕੇ ਸਿੱਖ ਲਹਿਰ ਦੇ ਵਿਕਾਸ ਅਤੇ ਪ੍ਰਸਾਰ ਲਈ ਆਜ਼ਾਦਾਨਾ ਫ਼ੈਸਲੇ ਲੈਂਦੇ। ਇਸੇ ਕਰਕੇ ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਜਿਥੇ ਗੁਰੂ ਹਰਿਗੋਬਿੰਦ ਜੀ ਦੇ ਬਚਪਨ ਦੀਆਂ ਘਟਨਾਵਾਂ ਦਾ ਵਰਣਨ ਹੈ, ਉਥੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇਜ-ਪ੍ਰਤਾਪ, ਬੀਰਤਾ, ਪਰਾਕ੍ਰਮ ਅਤੇ ਉਨ੍ਹਾਂ ਦੇ ਹੋਰ ਕਈ ਗੁਣਾਂ ਦਾ ਬਿਆਨ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਜਿਹੜਾ ਇਕ ਹੋਰ ਦਿਲਚਸਪ ਤੱਥ ਸਾਹਮਣੇ ਆਉਂਦਾ ਹੈ, ਉਹ ਹੈ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਰ-ਬਾਰ ਗੁਰੂ-ਪਰੰਪਰਾ ਦੀ ਇਕ ਲੜੀ ਵਜੋਂ ਸਥਾਪਿਤ ਕਰਨਾ। ਪ੍ਰਤੀਤ ਹੁੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ-ਸਮਾਜ ਨੂੰ ਜਿਹੜਾ ਜੁਝਾਰੂ ਰੂਪ ਦਿੱਤਾ ਸੀ, ਹੋ ਸਕਦਾ ਹੈ ਉਸ ਨੂੰ ਲੈ ਕੇ ਕਈਆਂ ਸਿੱਖਾਂ ਦੇ ਮਨਾਂ ਵਿਚ ਕਈ ਸ਼ੰਕੇ ਉਠ ਖੜ੍ਹੇ ਹੋਏ ਹੋਣਗੇ। ਭਾਈ ਗੁਰਦਾਸ ਜੀ ਨੇ ਉਨ੍ਹਾਂ ਸੰਕਿਆਂ ਦਾ ਨਿਵਾਰਣ ਬਾਰ-ਬਾਰ ਕਰਕੇ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਇਹ ਤਬਦੀਲੀ ਗੁਰਮਤਿ ਦਰਸ਼ਨ ਦੇ ਐਨ ਅਨੁਕੂਲ ਅਤੇ ਸਮੇਂ ਦੀ ਮੰਗ ਅਨੁਸਾਰ ਹੈ। ਸਿਧਾਂਤਗਤ ਏਕਤਾ ਦਰਸਾਉਣ ਲਈ ਹੀ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਵਾਰਿਸ ਦੱਸਦੇ ਹਨ:

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰੁ ਅਰਜਨਹੁ ਗੁਰ ਗੋਬਿੰਦ ਨਾਉ ਸਦਵਾਇਆ।

(ਵਾਰ ੨੪, ਪਉੜੀ ੨੫)

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
ਗੁਰੁ ਅੰਗਦੁ ਗੁਰ ਅੰਗ ਤੇ ਗੁਰ ਚੇਲਾ ਚੇਲਾ ਗੁਰ ਭਾਇਆ।
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰ ਹੋਇ ਸਮਾਇਆ।
ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲੁ ਲਾਇਆ।
ਹਰਿਗੋਵਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ।

(ਵਾਰ ੨੬, ਪਉੜੀ ੩੪)

ਗੁਰੂ ਹਰਿਗੋਬਿੰਦ ਸਾਹਿਬ ਜੀ ਸਾਹਮਣੇ ਭਾਈ ਗੁਰਦਾਸ ਜੀ ਦੀ ਹੈਸੀਅਤ ਇਕ ਸਿੱਖ ਦੀ ਸੀ ਜਿਸ ਲਈ ਉਸ ਦਾ ਗੁਰੂ ਹੀ ਇਸ਼ਟ ਹੁੰਦਾ ਹੈ। ਸਾਧਕ ਲਈ ਉਸ ਦਾ ਗੁਰੂ ਹੀ ਸਭ ਕੁਝ ਹੁੰਦਾ ਹੈ। ਇਸੇ ਲਈ ਅਸੀਂ ਵੇਖਦੇ ਹਾਂ ਕਿ ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਮਹਿਮਾ ਕਰਨ ਸਮੇਂ ਉਨ੍ਹਾਂ ਨੂੰ ਪਰਮਾਤਮਾ ਨਾਲ ਹੀ ਅਭੇਦ ਮੰਨਿਆ ਹੈ। ਭਾਈ ਗੁਰਦਾਸ ਜੀ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਖੁਸ਼ੀ, ਗਮੀ ਤੋਂ ਨਿਰਲੇਪ ਅਤੇ ਕਰਣ-ਕਾਰਣ ਸਮਰੱਥ ਹਨ। ਉਹ ਰਸ-ਕਸ, ਰੂਪ, ਰੇਖ, ਰਾਗ ਤੇ ਰੰਗ ਤੋਂ ਰਹਿਤ ਹਨ। ਗਿਆਨ ਦੀ ਚਰਚਾ ਤੋਂ ਉਪਰ ਹਨ, ਜਿਥੇ ਬੁੱਧੀ, ਬਚਨ ਤੇ ਬਿਬੇਕ ਅਤੇ ਚਤੁਰਾਈ ਨਹੀਂ ਪਹੁੰਚ ਸਕਦੀ। ਗੁਰੂ ਸਾਹਿਬ ਗੋਬਿੰਦ ਦਾ ਹੀ ਰੂਪ ਹਨ:

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।

(ਵਾਰ ੨੪, ਪਉੜੀ ੨੧)

ਭਾਈ ਗੁਰਦਾਸ ਜੀ ਦੀ ਇਕ ਹੋਰ ਪਉੜੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੂਖਮ ਅਤੇ ਸਥੂਲ- ਦੋਹਾਂ ਸਰੂਪਾਂ ਦਾ ਵੀ ਸੁੰਦਰ ਵਰਨਣ ਮਿਲਦਾ ਹੈ। ਭਾਈ ਸਾਹਿਬ ਦੱਸਦੇ ਹਨ ਕਿ ਪੰਜ ਪੀਰ (ਭਾਵ ਪਹਿਲੇ ਪੰਜ ਗੁਰੂ ਸਾਹਿਬਾਨ) ਸਿੱਖ ਦਾ ਹੱਥ ਫੜਨ ਵਾਲੇ ਹੋਏ ਹਨ ਤੇ ਹਰੀ ਰੂਪ ਹਰਿਗੋਬਿੰਦ ਜੀ ਅਡੋਲ ਹਨ। ਛੇਵੇਂ ਗੁਰੂ ਪਾਤਸ਼ਾਹਾਂ ਦੇ ਪਾਤਸ਼ਾਹ ਹਨ ਤੇ ਅਚਲ ਮੂਰਤਿ ਹਨ। ਪੰਜ ਅਜਰ ਪਿਆਲੇ ਉਨ੍ਹਾਂ ਨੇ ਜਰ ਲਏ ਹਨ ਤੇ ਸੁਜਾਨ ਪ੍ਰਭੂ ਵਲੋਂ ਬਖ਼ਸ਼ਣਹਾਰ ਬਣੇ ਹਨ। ਇਨ੍ਹਾਂ ਨੇ ਤੁਰੀਆ ਪਦ ਪ੍ਰਾਪਤ ਕਰ ਲਿਆ ਹੈ। ਸਤਿਗੁਰੂ ਜੀ ਅੰਤਰਜਾਮੀ ਹੁੰਦੇ ਹੋਏ ਵੀ ਭੋਲੇ ਬਣੇ ਰਹਿੰਦੇ ਹਨ ਭਾਵ ਆਪਣਾ-ਆਪ ਕਿਸੇ ਨੂੰ ਜਣਾਉਂਦੇ ਨਹੀਂ:

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।
ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।

(ਵਾਰ ੩੯, ਪਉੜੀ ੩)

ਭਾਈ ਗੁਰਦਾਸ ਜੀ ਲਈ ਗੁਰੂ ਜੀ ਇਕ ਇਸ਼ਟ, ਗੁਰੂ ਅਤੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਵਾਰਿਸ ਸਨ, ਇਸ ਲਈ ਉਨ੍ਹਾਂ ਦੀ ਰਚਨਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਤਿ ਨਿਸ਼ਠਾ, ਸ਼ਰਧਾ, ਆਦਰ-ਮਾਣ ਅਤੇ ਸਮਰਪਣ ਦੀ ਭਾਵਨਾ ਨਜ਼ਰ ਆਉਂਦੀ ਹੈ।

ਛੇਵੇਂ ਗੁਰੂ ਜੀ ਤੇ ਵਾਰਾਂ ਭਾਈ ਗੁਰਦਾਸ

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਛੇਵੇਂ ਗੁਰੂ ਜੀ ਦੇ ਸੰਬੰਧੀ ਕਾਫ਼ੀ ਲਿਖਿਆ ਹੈ। ਪਾਠਕਾਂ ਦੀ ਵਾਕਫ਼ੀ ਵਾਸਤੇ ਅਗੇ ਸੰਖੇਪ ਲਿਖਿਆ ਜਾਂਦਾ ਹੈ, ਜਿਸ ਤੋਂ ਕਈ ਗੱਲਾਂ ਨਿਰਣੇ ਹੁੰਦੀਆਂ ਹਨ:

ਪੰਜਿ ਪਿਆਲੇ ਪੰਜਿ ਪੀਰੁ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰੁ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

(ਵਾਰ ੧)

ਆਪ ਨੇ ਪਹਿਲੀ ਵਾਰ ਹੀ ਛੇਵੇਂ ਗੁਰੂ ਜੀ ਦੀ ਮਹਿਮਾਂ ਤੋਂ ਆਰੰਭੀ ਹੈ। ਪੰਜਵੇਂ ਗੁਰੂ ਜੀ ਤਕ ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਨਾਲ ਆਤਮਾ ਸਰੂਪ ਪਿਆਲੇ ਭਰਪੂਰ ਕਰ ਦਿਤੇ ਸਨ। ਪੰਜਵੇਂ ਗੁਰੂ ਜੀ ਨੇ ਆਪਣੇ ਸਰੀਰ ਦੀ ਅਹੂਤੀ ਦੇ ਕੇ ਜੜ੍ਹਾਂ ਪੱਕੀਆਂ ਕੀਤੀਆਂ। ਹੁਣ 'ਮੀਰੀ ਪੀਰੀ ਦੇ ਮਾਲਿਕ' ਛੇਵੇਂ ਗੁਰੂ ਜੀ ਦਾ ਸਮਾਂ ਆ ਗਿਆ ਸੀ। ਜਿਨ੍ਹਾਂ ਨੇ ਕਿ ਸਿੱਖਾਂ ਵਿਚ ਬੀਰ ਰਸ ਸਿੰਚ ਕੇ ਜ਼ਾਲਮਾਂ ਨੂੰ ਸਬਕ ਦੇਣ ਵਾਸਤੇ ਧਾਰਮਿਕ ਜੰਗ ਅਰੰਭੇ। ਗੁਰੂ ਜੀ ਦੀ ਸ਼ਖਸੀਅਤ ਤੇ ਆਤਮਕ ਅਵੱਸਥਾ ਬਾਰੇ ਲਿਖਿਆ ਹੈ:-

ਗਹਿਰ ਗੰਭੀਰ ਅਥਾਹੁ ਅਜਰੁ ਜਰਾਇਆ।
ਸਚਾ ਬੇਪਰਵਾਹੁ ਸਚਿ ਸਮਾਇਆ।
ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ॥੪॥

(ਵਾਰ ੩)

ਛੇਵੇਂ ਗੁਰੂ ਜੀ ਗਹਿਰ ਗੰਭੀਰ ਅਥਵਾ ਸੱਚੇ ਪਾਤਸ਼ਾਹ ਸਨ। ਮੀਰੀ ਪੀਰੀ ਦੇ ਮਾਲਿਕ ਸਨ:

ਗੁਰ ਅਰਜਨ ਕਰਿ ਸੇਉ ਢੋਐ ਢੋਇਆ।
ਗੁਰ ਹਰਿਗੋਬਿੰਦੁ ਅਮੇਉ ਵਿਲੋਇਆ।
ਸਚਾ ਸਚਿ ਸੁਚੇਉ ਸਚਿ ਖਲੋਇਆ।

(ਵਾਰ ੩, ਪਉੜੀ ੧੨)

ਰਾਮ ਰਸਕ ਅਰਜਨ ਗੁਰੂ ਅਬਿਚਲ ਅਰਖੇਉ।
ਹਰਿਗੋਵਿੰਦੁ ਗੋਵਿੰਦੁ ਗੁਰੁ ਕਾਰਣ ਕਰਣੇਉ।

(ਵਾਰ ੧੩, ਪਉੜੀ ੨੫)

ਗੁਰ ਅਰਜਨੁ ਗੁਰਸਿਖੁ ਪਰਗਟੀ ਆਇਆ।
ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ

(ਵਾਰ ੨੦, ਪਉੜੀ ੧)

ਇਸ ਪੌੜੀ ਵਿਚ ਸਤਿਗੁਰੂ ਨਾਨਕ ਜੀ ਦੇ ਗੁਰਸਿੱਖ ਸ਼ਬਦ ਨਾਲ ਯਾਦ ਕੀਤਾ ਹੈ। ਨੌਵੇਂ ਗੁਰੂ ਸਵਰੂਪ ਆਪਣੇ ਆਪ ਨੂੰ ਸਤਿਗੁਰੂ ਨਾਨਕ ਜੀ ਦੇ ਸਿੱਖ ਸਮਝਦੇ ਸਨ। 'ਈਹੋ ਨਿਮ੍ਰਤਾ ਦਾ ਮਹਾਂ ਸਾਧਨ ਸੀ:

ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜਾ ਸੋਤਾ।
ਦੀਨ ਦੁਨੀ ਦਾ ਥੰਮੁ (ਹਰਿਗੋਬਿੰਦ) ਹੋਇ ਭਾਰੁ ਅਥਰਬਣ ਥੰਮ੍ਹਿ ਖਲੋਤਾ।
ਭਉਜਲ ਭਉ ਨ ਵਿਆਪਈ ਗੁਰ ਬੋਹਿਥ ਚੜ੍ਹਿ ਖਾਇ ਨ ਗੋਤਾ।
ਬਾਬਾਣੈ ਕੁਲਿ ਕਵਲੁ ਅਛੋਤਾ॥੧੫॥ (ਵਾਰ ੨੪)

ਛੇਵੇਂ ਗੁਰੂ ਜੀ! ਗੁਰੂ ਰਾਮਦਾਸ ਜੀ ਦੇ ਪੋਤ੍ਰੇ ਸਨ। ਆਪ ਤੋਂ ਅੱਗੇ ਦਸਮ ਗੁਰੂ ਜੀ ਛੇਵੇਂ ਗੁਰੂ ਜੀ ਦੇ ਪੋਤ੍ਰੇ ਸਨ। ਫੁਰਮਾਇਆ ਹੈ:-

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ॥੪॥੧॥੯॥

(ਪੰਨਾ ੪੪੨)

ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਗੁਰ ਆਪੇ ਆਪੁ ਉਪਾਇਆ॥
ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ॥...
ਹਰਿ ਗੋਵਿੰਦੁ ਗੁਰ ਗੁਰ ਭਾਇਆ॥੨੪॥

ਇਸ ਪੌੜੀ ਵਿੱਚ ਛੇਵੇਂ ਗੁਰੂ ਜੀ ਨੂੰ ਅਕਾਲ ਪੁਰਖ ਦਾ ਰੂਪ ਦਸਿਆ ਹੈ:-

ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।

(ਵਾਰ ੨੪, ਪਉੜੀ ੨੪)

ਭਾਈ ਸਾਹਿਬ ਦਸਦੇ ਹਨ ਕਿ ਗੁਰੂ ਸਾਹਿਬਾਨ ਦੀ ਅਸਲ ਗੁਰਤਾ ਯਾ ਆਤਮਾ 'ਗੁਰਸਬਦ' ਹੈ। ਪੰਜ-ਭੂਤਕ ਸਰੀਰ ਬਿਨਸਨਹਾਰ ਹੀ ਹੁੰਦੇ ਹਨ। ਇਸ ਨੂੰ ਗੁਰੂ ਮੰਨਣਾ ਅਗਿਆਨਤਾ ਹੈ। ਆਪ ਸਤਿਗੁਰੂ ਨਾਨਕ ਜੀ ਦੀ ਛੇਵੀਂ ਪੀੜ੍ਹੀ ਵਿਚੋਂ ਸਨ।

ਅੱਗੇ ਲਿਖੀਆਂ ਪਉੜੀਆਂ, ਪੰਚਮ ਗੁਰੂ ਜੀ ਦੀ ਸ਼ਹੀਦੀ ਬਾਰੇ ਲਿਖੀਆਂ ਹਨ ਜਿਨ੍ਹਾਂ ਤੋਂ ਸਪਸ਼ਟ ਹੈ ਕਿ ਕੁਝ ਵਾਰਾਂ ਦੀ ਰਚਨਾ ਛੇਵੇਂ ਗੁਰੂ ਜੀ ਦੇ ਸਮੇਂ ਵੀ ਹੋਈ ਸੀ:

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ॥੨੩॥

(ਵਾਰ ੨੪)

ਇਸ ਪਉੜੀ ਤੋਂ ਸਾਬਤ ਹੈ ਕਿ ਇਹ ਪਉੜੀ ਪੰਚਮ ਗੁਰੂ ਜੀ ਦੀ ਆਤਮਿਕ ਅਵਸਥਾ ਅਤੇ ਸ਼ਹੀਦੀ ਦੇ ਸੰਬੰਧ ਵਿਚ ਪਿਛੋਂ ਲਿਖੀ ਹੈ ਜਿਹਾ ਕਿ 'ਭੀੜ ਪਈ ਚਿਤਿ ਅਵਰ ਨ ਆਣੀ।'

ਬਲਦੀ ਲਾਟ "ਪਰ ਕੁਰਬਾਣ ਹੋਣ ਵਾਲੇ ਪਤੰਗੇ ਦੀ ਤਕਲੀਫ ਦਾ ਬਿਆਨ ਕਰਨਾ ਨਹੀਂ ਬਣਦਾ। ਪਤੰਗਾ ਮਰਣ ਦੀ ਪਰਵਾਹ ਨਹੀਂ ਕਰਦਾ ਉਹ ਤਾਂ ਕੁਰਬਾਨ ਹੁੰਦਾ ਹੈ। ਭਾਈ ਸਾਹਿਬ ਨੇ ਪੰਚਮ ਗੁਰੂ ਜੀ ਦੀਆਂ ਤਕਲੀਫਾਂ ਬਾਰੇ ਜ਼ਿਕਰ ਕਰਨਾ ਉਚਿਤ ਨਹੀਂ ਮੰਨਿਆ ਕਿਉਂਕਿ ਗੁਰੂ ਜੀ ਦੁਖਾਂ, ਸੁਖਾਂ ਤੋਂ ਨਿਰਲੇਪ ਸਨ। ਅੱਗੇ ਛੇਵੇਂ ਗੁਰੂ ਜੀ ਦੀ ਅਵਸਥਾ ਦਸੀ ਹੈ:

ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ।
ਗੁਰ ਗੋਬਿੰਦੁ ਗੋਵਿੰਦੁ ਗੁਰ ਜੋਤਿ ਇਕ ਦੁਇ ਨਾਵ ਧਰਾਇਆ।
ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ ਫਲੁ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ।
ਨਦੀ ਕਿਨਾਰੇ ਆਖੀਅਨਿ ਪੁਛੈ ਪਾਰਾਵਾਰੁ ਨ ਪਾਇਆ।
ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ।
ਹਰਿਗੋਵਿੰਦੁ ਗੁਰੂ ਗੁਰੁ ਭਾਇਆ॥੨੪॥

(ਵਾਰ ੨੪)

ਇਸ ਤੋਂ ਅਗਲੀ ਪਉੜੀ ਵਿਚ ਪਹਿਲੇ ਗੁਰੂ ਸਾਹਿਬਾਨ ਸਮੇਤ ਵਿਆਖਿਆ ਕੀਤੀ ਹੈ:

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।

ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ॥੨੫॥

(ਵਾਰ ੨੪)

ਪੰਚਮ ਗੁਰੂ ਜੀ ਦੇ ਸ਼ਹੀਦ ਕਰਨ ਸਮੇਂ ਤੋਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਦੇ ਪਰਿਵਾਰ ਨੂੰ ਕੈਦ ਕਰਕੇ ਘਰ-ਬਾਰ ਜ਼ਬਤ ਕਰ ਲਿਆ ਸੀ। ਛੇਵੇਂ ਗੁਰੂ ਉਸ ਵੇਲੇ ਸੰਸਾਰਿਕ ਉਮਰ ਚੋਂ ਛੋਟੇ ਰੂਪ ਵਿਚ ਹੀ ਸਨ, ਆਪ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕਾਫੀ ਸਮਾਂ ਕੈਦ ਰਖਿਆ ਸੀ। ਰਿਹਾਈ ਹੋਣ ਪਿਛੋਂ ਭਾਈ ਸਾਹਿਬ ਜੀ ਨੇ ਆਪ ਜੀ ਦੇ ਕਾਰਨਾਮੇ ਦਰਸਾਏ ਹਨ:

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥੨੪॥

(ਵਾਰ ੨੬)

ਇਸ ਪੌੜੀ ਦਾ ਭਾਵ ਹੈ ਕਿ ਪਹਿਲੇ ਗੁਰੂ ਸਾਹਿਬਾਂ ਨੇ ਸਤ, ਸੰਤੋਖ ਦਇਆ, ਧਰਮ, ਧੀਰਜ ਦੇ ਪੰਜ ਪਿਆਲੇ ਭਰਪੂਰ ਕਰਕੇ ਸਿੱਖ ਧਰਮ ਦੀ ਨੀਂਹ ਪੱਕੀ ਕਰ ਦਿੱਤੀ ਸੀ, ਇਸ ਦੀ ਰਾਖੀ ਵਾਸਤੇ ਦੁਸ਼ਟ ਦੋਖੀਆਂ ਨੂੰ ਸੋਧ ਕੇ ਸਿੱਖੀ ਦੀ ਪਾਲਣਾ ਕਰਨੀ ਸੀ। ਪਹਿਲੇ ਗੁਰੂ ਜੀ ਧਰਮਸ਼ਾਲਾ ਵਿਚ ਬੈਠ ਕੇ ਗੁਰਬਾਣੀ, ਕਥਾ ਕੀਰਤਨ ਦੁਆਰਾ ਪ੍ਰਚਾਰ ਕਰਦੇ ਸਨ ਪਰ ਛੇਵੇਂ ਗੁਰੂ ਜੀ ਨੇ ਸਵੈ-ਰੱਛਾ ਲਈ ਬੀਰ-ਰਸ ਦੀ ਸਪਿਰਟ ਭਰੀ। ਜਿਸ ਕਰਕੇ ਸਮੇਂ ਦੀ ਹਕੂਮਤ ਦਾ ਇਕੱਠ ਆਪ ਦੇ ਦਰ ਅੱਗੇ ਰਹਿੰਦਾ। ਸਿੱਖ ਸੰਗਤਾਂ ਨੂੰ ਗੁਰੂ ਜੀ ਪਿਛਲੇ ਗੁਰੂ ਸਾਹਿਬਾਂ ਦੀ ਭਾਂਤ ਸ਼ਾਂਤ ਰੂਪ ਵਿਚ ਦਰਸ਼ਨ ਨਹੀਂ ਦਿੰਦੇ ਸਨ। ਗੁਰੂ ਜੀ ਦੌਰੇ ਕਰਕੇ ਅਤੇ ਸ਼ਿਕਾਰ ਖੇਡ ਕੇ ਸਿੱਖਾਂ ਵਿਚ ਜੰਗੀ ਸਪਿਰਟ ਭਰਦੇ ਸਨ। ਇਸ ਕੰਮ ਵਿਚ ਨਿਰਭੈ ਸਨ। ਸ਼ਾਂਤ ਰੂਪ ਸਿੱਖ ਹੈਰਾਨ ਸਨ ਕਿ ਗੁਰੂ ਕੀ ਤੇ ਸ਼ਿਕਾਰ ਕਰਨਾ ਕੀ? ਕਿਥੇ ਮੰਜੀ 'ਪਰ ਬੈਠ ਕੇ ਉਪਦੇਸ਼ ਦਿੰਦੇ ਅਤੇ ਕਿਥੇ ਸ਼ਿਕਾਰ ਕਰਨਾ ਅਤੇ ਜੰਗੀ ਕਰਤੱਵ ਕਰਨੇ। ਯੋਧੇ ਸਿੱਖ ਗੁਰੂ ਜੀ ਨਾਲ ਹੀ ਰਹਿੰਦੇ ਸਨ।

ਉਸ ਸਮੇਂ ਸ਼ਾਂਤੀ ਸਰੂਪ ਸਿੱਖ ਸੰਗਤਾਂ ਵਿਚ ਹੈਰਾਨੀ ਤੇ ਹਲਚਲ ਮੱਚ ਗਈ ਸੀ, ਜਦ ਕਿ ਗੁਰੂ ਜੀ ਸ਼ਿਕਾਰ ਖੇਡਣ ਤੇ ਖਡੌਣ ਲੱਗੇ ਅਤੇ ਮੱਲਾਂ ਦੇ ਘੋਲਾਂ ਦੇ ਅਖਾੜੇ, ਗੱਤਕੇ ਬਾਜ਼ੀ ਤੇ ਸੂਰਮਿਆਂ ਦੀ ਵਾਰਾਂ ਗਾਉਣ ਦੇ ਦੀਵਾਨ ਲੱਗਣ ਲੱਗੇ। ਜਿਸ 'ਪਰ ਭਾਈ ਗੁਰਦਾਸ ਜੀ ਪਾਸ ਆ ਕੇ ਸਿੱਖ ਪੁਛਦੇ ਕਿ ਇਹ ਕੀ ਬਾਤ ਹੈ? ਭਾਈ ਜੀ ਨੇ ਦਸਿਆ 'ਜੇ ਗੁਰੁ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ।' ਜੇ ਗੁਰੂ ਸਾਂਗ ਵਰਤਦਾ ਹੈ ਤਾਂ ਹੈਰਾਨੀ ਤੇ ਘਬਰੌਣ ਵਾਲੀ ਕੋਈ ਭੀ ਬਾਤ ਨਹੀਂ ਹੈ।

ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥੨੩॥

(ਵਾਰ ੩੫)

ਨਿਸਚਾ ਰੱਖੋ ਛੇਵੇਂ ਗੁਰੂ ਜੀ, ਸਤਿਗੁਰੂ ਨਾਨਕ ਜੀ ਹਨ। ਫਰਕ ਕੋਈ ਨਹੀਂ ਹੈ। ਇਸ ਪ੍ਰਥਾਇ ਦਸਿਆ ਹੈ:

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲੁ ਲਾਇਆ।
ਹਰਿਗੋਵਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ।
ਸੂਝੈ ਸੁਝ ਨ ਲੁਕੈ ਲੁਕਾਇਆ॥੩੪॥

(ਵਾਰ ੨੬)

ਅੱਗੇ ਲਿਖੀ ਪੌੜੀ ਵਿੱਚ ਭਾਈ ਸਾਹਿਬ ਜੀ ਨੇ ਗੁਰੂ ਪਰ ਭਰੋਸਾ ਜ਼ਾਹਰ ਕਰਨੇ ਵਾਲੀ ਨਿਮ੍ਰਤਾ ਭਰੀ ਪ੍ਰਾਰਥਨਾ ਕੀਤੀ ਹੈ:

ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥੨੨॥

(ਵਾਰ ੩੨)

ਇਸ ਪਉੜੀ ਵਿਚ ਗੁਰਸਿੱਖੀ ਦਰਜੇ ਨੂੰ ਮਹਾਨ 'ਤੇ ਉੱਚਾ ਦਰਸਾਇਆ ਹੈ। ਇਤਨਾ ਉੱਚਾ ਕਿ ਗੁਰੂ ਅਤੇ ਸਿੱਖ ਵਿਚ ਕੋਈ ਭਿੰਨ ਭੇਦ ਨਹੀਂ ਰਹਿੰਦਾ। ਵਾਰਾਂ ਦੇ ਆਦਿ ਤੇ ਅਖੀਰ ਵਿੱਚ ਛੇਵੇਂ ਗੁਰੂ ਜੀ ਦੀ ਮਹਿਮਾ ਹੈ:

ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।...
ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
(ਵਾਰ ੧, ਪਉੜੀ ੪੬)

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।
(ਵਾਰ ੧, ਪਉੜੀ ੪੭)

ਉਨਤਾਲਵੀਂ ਵਾਰ ਦੇ ਆਰੰਭ ਵਿਚ ਵੀ ਛੇਵੇਂ ਗੁਰੂ ਜੀ ਦੀ ਮਹਿਮਾ ਗਾਈ ਹੈ, ਸੋ ਇਹ ਵਾਰਾਂ ਛੇਵੇਂ ਗੁਰੂ ਜੀ ਦੀ ਹਜ਼ੂਰੀ ਵਿਚ ਲਿਖੀਆਂ ਸਿੱਧ ਹਨ:

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।
ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।
ਗਿਆਰਹ ਰੁਦ੍ਰ ਸੁਮੰਦ੍ਰ ਵਿਚਿ ਮਰਿ ਜੀਵੈ ਤਿਸੁ ਰਤਨੁ ਅਮੋਲਾ।
ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ॥੩॥
(ਵਾਰ ੩੯)

ਅਗਲੀ ਪੌੜੀ ਵਿਚ ਛੇਵੇਂ ਗੁਰੂ ਜੀ ਦੇ ਸਮੇਂ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਨਿਸ਼ਾਨ ਦਸੇ ਹਨ:

ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।
ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ।
ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।
ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ।
ਕਾਦਰ ਹੋਇ ਕੁਦਰਤਿ ਕਰੇ ਏਹ ਭਿ ਕੁਦਰਤਿ ਸਾਂਗੁ ਬਣਾਇਆ।
ਇਕਨਾ ਜੋੜਿ ਵਿਛੋੜਿਦਾ ਚਿਰੀ ਵਿਛੁੰਨੇ ਆਣਿ ਮਿਲਾਇਆ।
ਸਾਧਸੰਗਤਿ ਵਿਚਿ ਅਲਖੁ ਲਖਾਇਆ॥੨੧॥
(ਵਾਰ ੨੬)

ਛੇਵੇਂ ਗੁਰੂ ਜੀ ਭਾਈ ਸਾਹਿਬ ਜੀ ਦੀ ਨਜ਼ਰਾਂ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੇ ਸਾਂਝੇ ਗੁਰ ਪੀਰ ਸਨ:

ਗੁਰ ਗੋਵਿੰਦੁ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ।
ਨਿਰੰਕਾਰ ਆਕਾਰੁ ਕਰਿ ਏਕੰਕਾਰੁ ਅਕਾਰੁ ਪਛੋਆ।
ਓਅੰਕਾਰਿ ਅਕਾਰਿ ਲਖ ਲਖ ਦਰੀਆਉ ਕਰੇਂਦੇ ਢੋਆ।
ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜਿ ਸਮੋਆ।
ਲਖ ਗੜਾੜਿ ਕੜਾਹ ਵਿਚਿ ਤ੍ਰਿਸਨਾ ਦਝਹਿ ਸੀਖ ਪਰੋਆ।
ਬਾਵਨ ਚੰਦਨ ਬੂੰਦ ਇਕੁ ਠੰਡੇ ਤਤੇ ਹੋਇ ਖਲੋਆ।
ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ।
ਹਰਿਗੋਵਿੰਦ ਗੁਰ ਛੱਤੁ ਚੰਦੋਆ॥੪॥

(ਵਾਰ ੩੯)

ਇਸ ਤਰ੍ਹਾਂ ਵਾਰਾਂ ਦੀ ਪੜਚੋਲ ਤੋਂ ਨਿਸਚਾ ਹੁੰਦਾ ਹੈ, ਕਿ ਵਾਰਾਂ ਦੀ ਰਚਨਾ ਛੇਵੇਂ ਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ। ਗਿਆਰਵੀਂ ਵਾਰ ਵਿਚ ਛੇਵੇਂ ਗੁਰੂ ਜੀ ਦੇ ਪ੍ਰਸਿੱਧ ਸਿੱਖਾਂ ਦੀ ਨਾਮਾਂਵਲੀ ਲਿਖੀ ਹੈ ਜੋ ਕਿ ਸਮੇਂ ਤੋਂ ਅਗੇ ਨਹੀਂ ਲਿਖੀ ਜਾ ਸਕਦੀ ਸੀ।

ਭਾਈ ਸਾਹਿਬ ਜੀ ਦਾ ਛੇਵੇਂ ਗੁਰੂ ਜੀ ਨਾਲ ਅਤਿ ਦਾ ਪ੍ਰੇਮ ਸੀ। ਆਪ ਗੁਰੂ ਜੀ ਨੂੰ ਅਕਾਲ ਪੁਰਖ ਦਾ ਰੂਪ ਮੰਨ ਕੇ ਪੂਜਦੇ ਸਨ ਆਪ ਨੇ ਲਿਖਿਆ ਹੈ:

ਸਤਿਗੁਰ ਤੁਲਿ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।
ਡਿਠੇ ਸਭੇ ਠੋਕਿ ਵਜਾਏ॥੨੦॥

(ਵਾਰ ੩੬)

੩/੧੯੬੨

ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰਬਾਣੀ ਦੇ ਸ਼ਿਰੋਮਣੀ ਵਿਆਖਿਆਕਾਰ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ। ਗੁਰੂ-ਘਰ ਦੇ ਨਿਕਟਵਰਤੀ ਤੇ ਸਮਰਪਿਤ ਸ਼ਖ਼ਸੀਅਤ ਹੋਣ ਕਰਕੇ ਗੁਰਮਤਿ ਸਿਧਾਂਤਾਂ ਦੀ ਪਰਪੱਕਤਾ ਲਈ ਜਿੰਨੇ ਵੀ ਸੰਜੀਦਾ ਯਤਨ ਆਪ ਨੇ ਕੀਤੇ, ਉਹ ਸਲਾਹੁਣਯੋਗ ਹਨ। ਭਾਈ ਸਾਹਿਬ ਜੀ ਦੀ ਰਚਨਾ ਵਿਚ ਗੁਰਮਤਿ ਸਿਧਾਂਤਾਂ ਅਤੇ ਗੁਰਬਾਣੀ ਦੀ ਵਿਆਖਿਆ ਦੇ ਨਾਲ-ਨਾਲ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਾਣਕਾਰੀ ਮਿਲਦੀ ਹੈ। ਇਸ ਤੋਂ ਬਿਨਾਂ ਗੁਰੂ-ਘਰ ਦੇ ਵਿਰੋਧੀਆਂ, ਸਿੱਖ ਸੰਗਤਾਂ ਤੇ ਲਹਿਰ ਦੇ ਵਿਕਾਸ ਬਾਰੇ ਵੀ ਦੱਸਿਆ ਗਿਆ ਹੈ। ਇਨ੍ਹਾਂ ਵਾਰਾਂ ਤੋਂ ਦ੍ਰਿਸ਼ਟੀਗੋਚਰ ਵਿਸ਼ਿਆਂ ਵਿਚ ਸਿੱਖ-ਸੰਗਤ ਦੀ ਬਣਤਰ, ਵਿਕਾਸ ਤੇ ਮਹੱਤਤਾ, ਗੁਰਮੁਖ ਦੀ ਪਰਿਭਾਸ਼ਾ, ਰੋਜ਼ਾਨਾ ਜੀਵਨ ਦੀ ਕ੍ਰਿਆ ਤੇ ਗੁਰੂ ਨਾਲ ਗੁਰਸਿੱਖ ਦੀ ਸਾਂਝ ਤੇ ਮਨਮੁਖ ਦੀ ਹਾਲਤ ਦਾ ਵਰਣਨ ਹੈ। ਗੁਰੂ ਜੋਤ ਦੀ ਏਕਤਾ ਦੇ ਸਿਧਾਂਤ ਨੂੰ ਪਰਪੱਕ ਕਰਨ ਤੋਂ ਬਿਨਾਂ ਗੁਰੂ-ਉਪਮਾ ਦਾ ਉਤਮ ਨਮੂਨਾ ਪੇਸ਼ ਕੀਤਾ ਗਿਆ ਹੈ। ਇਹ ਵਾਰਾਂ ਸਾਹਿਤ ਦਾ ਰੂਪ ਹੁੰਦੀਆਂ ਹੋਈਆਂ ਵੀ ਕਈ ਇਤਿਹਾਸਕ ਤੱਥਾਂ ਸੰਬੰਧੀ ਜਾਣਕਾਰੀ ਦੇਣ ਲਈ ਆਧਾਰਭੂਤ ਸ੍ਰੋਤ ਬਣ ਗਈਆਂ ਹਨ। ਇਨ੍ਹਾਂ ਵਾਰਾਂ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਪਰ ਏਥੇ ਅਸੀਂ ਕੇਵਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਬੰਧੀ ਭਾਈ ਗੁਰਦਾਸ ਜੀ ਨੇ ਜੋ ਸਮਝਿਆ ਤੇ ਲਿਖਿਆ ਹੈ, ਤਕ ਦੀ ਚਰਚਾ ਹੀ ਕਰਾਂਗੇ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਰੇ ਭਾਵੇਂ ਵਿਸਥਾਰਤ ਜਾਣਕਾਰੀ ਉਪਲੱਬਧ ਨਹੀਂ, ਪਰ ਫਿਰ ਵੀ ਵਾਰ ਪਹਿਲੀ, ਤੀਜੀ, ਤੇਰ੍ਹਵੀਂ, ਵੀਹਵੀਂ, ਚੌਵੀਵੀਂ, ਪੰਝੀਵੀਂ, ਛੱਬੀਵੀਂ, ਪੈਂਤੀਵੀਂ ਅਤੇ ਉਨਤਾਲੀਵੀਂ ਦੀਆਂ ਕੁਝ ਪਉੜੀਆਂ ਵਿਚ ਜ਼ਿਕਰ ਹੈ। ਗਿਆਰ੍ਹਵੀਂ ਵਾਰ ਵਿਚ ਗੁਰੂ ਸਾਹਿਬਾਨ ਦੇ ਪ੍ਰਮੁੱਖ ਸਿੱਖਾਂ ਦੀ ਜਾਣਕਾਰੀ ਹੈ, ਜਿਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖਾਂ ਦਾ ਵਰਣਨ ਆਇਆ ਹੈ, ਪਰ ਵਿਸ਼ਾ ਵੱਖਰਾ ਹੋਣ ਕਰਕੇ ਵਿਚਾਰ ਨਹੀਂ ਕੀਤੀ ਜਾ ਰਹੀ।

ਸਮਕਾਲੀ ਪ੍ਰਸਥਿਤੀਆਂ ਅਤੇ ਭਾਈ ਗੁਰਦਾਸ ਜੀ:- ਭਾਈ ਗੁਰਦਾਸ ਜੀ ਗੁਰੂ ਪਰਿਵਾਰ ਨਾਲ ਸੰਬੰਧਿਤ ਸਨ। ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਲੱਗਦੇ ਸਨ। ਬਾਲ ਜੀਵਨ ਵਿਚ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਰਕੇ ਇਨ੍ਹਾਂ ਦਾ ਪਾਲਣ-ਪੋਸ਼ਣ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਗੋਇੰਦਵਾਲ ਵਿਖੇ ਹੋਇਆ। ਵੱਖ-ਵੱਖ ਭਾਸ਼ਾਵਾਂ ਤੇ ਧਰਮਾਂ ਦਾ ਗਿਆਨ ਗੁਰੂ ਜੀ ਦੀ ਸੰਗਤ ਕਰਕੇ ਹਾਸਲ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦੇ ਅੰਤਲੇ ਜੀਵਨ ਕਾਲ ਵਿਚ ਹੀ ਉਨ੍ਹਾਂ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਵੱਲੋਂ ਕਈ ਤਰ੍ਹਾਂ ਦੇ ਝਗੜੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਸਨ ਜੋ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਪਿਛੋਂ ਹੋਰ ਪ੍ਰਬਲ ਰੂਪ ਧਾਰ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰ-ਗੱਦੀ ਉੱਤੇ ਬੈਠਣ 'ਤੇ ਪ੍ਰਿਥੀ ਚੰਦ ਨੇ ਵੱਖਰੇ ਤੌਰ 'ਤੇ ਗੱਦੀ ਲਾਉਣ ਦਾ ਯਤਨ ਕੀਤਾ। ਕੁਝ ਮਸੰਦਾਂ ਨੂੰ ਵਰਗਲਾ ਕੇ ਮਗਰ ਲਾ ਲਿਆ ਗਿਆ। ਗੁਰੂ-ਘਰ ਪ੍ਰਤੀ ਸੰਗਤਾਂ ਨੂੰ ਗੁਮਰਾਹ ਕਰਨ ਤੋਂ ਇਲਾਵਾ ਚੜ੍ਹਾਵੇ ਨੂੰ ਜਬਰੀ ਲੈਣ ਲੱਗ ਪਿਆ। ਭਾਈ ਗੁਰਦਾਸ ਜੀ, ਜਿਉਂ ਹੀ ਰਾਮਦਾਸ ਪੁਰ ਪਹੁੰਚੇ ਤਾਂ ਗੁਰੂ-ਘਰ ਵਿਚ ਪਏ ਇਸ ਬਖੇੜੇ ਬਾਰੇ ਪਤਾ ਲੱਗਾ। ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੁੰਦੇ ਸਨ। ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਅਤੇ ਹੋਰ ਪ੍ਰਮੁੱਖ ਸਿੱਖਾਂ ਦੇ ਸਹਿਯੋਗ ਨਾਲ ਪ੍ਰਿਥੀ ਚੰਦ ਤੇ ਉਸ ਦੇ ਵਰਗਲਾਏ ਮਸੰਦਾਂ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਔਕੜਾਂ ਦੂਰ ਕਰਨ ਦਾ ਯਤਨ ਕੀਤਾ। ਸੰਗਤਾਂ ਨੂੰ ਅਸਲੀਅਤ ਤੋਂ ਜਾਣੂੰ ਕਰਵਾਇਆ। ਪ੍ਰਿਥੀ ਚੰਦ ਨੂੰ ਸਮਝਾਉਣ ਲਈ ਉਨ੍ਹਾਂ ਦੇ ਸਹੁਰੇ ਪਿੰਡ ਹੇਹਰ ਤਕ ਗਏ, ਭਾਵੇਂ ਕਿ ਪ੍ਰਿਥੀ ਚੰਦ ਨੇ ਅੱਗੋਂ ਵਿਰੋਧ ਹੀ ਕੀਤਾ। ਭਾਈ ਗੁਰਦਾਸ ਜੀ ਨੇ ਪ੍ਰਿਥੀ ਚੰਦ ਦੀ ਇਸ ਮਾੜੀ ਨੀਅਤ ਸੰਬੰਧੀ ਮੀਣਾ ਸ਼ਬਦ ਵਰਤਿਆ ਹੈ। ਗੁਰੂ-ਘਰ ਦੇ ਲੰਗਰ ਸੰਬੰਧੀ ਅਤੇ ਹੋਰ ਆਰਥਿਕ ਔਕੜਾਂ ਨੂੰ ਦੂਰ ਕਰਨ ਪਿਛੋਂ ਗੁਰੂ ਅਰਜਨ ਸਾਹਿਬ ਜੀ ਨੇ ਸਿੱਖ ਧਰਮ ਦੇ ਸੰਗਠਨ ਨੂੰ ਹੋਰ ਪਕੇਰਾ ਕਰਨ ਲਈ ਵਿਉਂਤਾਂ ਬਣਾਈਆਂ। ਇਥੋਂ ਹੀ ਭਾਈ ਗੁਰਦਾਸ ਜੀ ਦੇ ਜੀਵਨ ਦਾ ਸੁਨਹਿਰੀ ਅਧਿਆਇ ਸ਼ੁਰੂ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਜੀ ਦੀ ਅਗਵਾਈ ਵਿਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਪ੍ਰਾਪਤ ਕੀਤਾ। ਆਪ ਅੰਮ੍ਰਿਤ-ਸਰਵੋਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵਿਚ ਵੀ ਵਿਸ਼ੇਸ਼ ਉਦਮ ਕਰਦੇ ਰਹੇ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਤੋਂ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੱਦੀ 'ਤੇ ਬੈਠੇ ਤਾਂ ਭਾਈ ਗੁਰਦਾਸ ਜੀ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਜੁੱਟ ਪਏ। ਗੁਰੂ-ਘਰ ਦੀਆਂ ਹੋਰ ਵਿਸ਼ੇਸ਼ ਜ਼ਿੰਮੇਵਾਰੀਆਂ ਆ ਪਈਆਂ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਤੋਂ ਬਾਅਦ ਭਾਈ ਸਾਹਿਬ ਨੂੰ ਇਸ ਦੇ ਪਹਿਲੇ ਮੁੱਖ ਸੇਵਾਦਾਰ ਦੀ ਸੇਵਾ ਸੌਂਪੀ ਗਈ।

ਇਸੇ ਸਮੇਂ ਭਾਈ ਗੁਰਦਾਸ ਜੀ ਗੁਰਮਤਿ ਪ੍ਰਚਾਰ ਕਰਦੇ ਹੋਏ ਵੱਖ-ਵੱਖ ਥਾਵਾਂ 'ਤੇ ਗਏ। ਗੁਰਮਤਿ ਸਾਹਿਤ ਰਚਣ ਦੀ ਸੇਵਾ ਵੀ ਨਾਲ-ਨਾਲ ਕਰੀ ਜਾਂਦੇ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਬੰਧੀ ਹੇਠ ਲਿਖੇ ਨੁਕਤੇ ਮੁੱਖ ਰੂਪ ਵਿਚ ਉਭਰ ਕੇ

ਦ੍ਰਿਸ਼ਟੀਗੋਚਰ ਹੁੰਦੇ ਹਨ:

(ੳ) ਗੁਰੂ ਸਾਹਿਬਾਨ ਦੀ 'ਗੁਰੂ ਜੋਤਿ ਦੀ ਏਕਤਾ' ਨੂੰ ਦਰਸਾਉਣਾ।

(ਅ) ਗੁਰੂ ਹਰਿਗੋਬਿੰਦ ਜੀ ਦੇ ਸਮੇਂ ਆਈਆਂ ਤਬਦੀਲੀਆਂ ਸੰਬੰਧੀ ਸ਼ੰਕਾਵਾਂ ਨੂੰ ਦੂਰ ਕਰਨ ਦਾ ਯਤਨ ਕਰਨਾ।

(ੲ) ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡ ਯੋਧਾ ਤੇ ਪਰਉਪਕਾਰੀ ਹੋਣ ਦੇ ਗੁਣਾਂ ਨੂੰ ਉਜਾਗਰ ਕਰਨਾ।

(ੳ) ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਛੇ ਗੁਰੂ ਸਾਹਿਬਾਨ ਦੀ 'ਗੁਰੂ ਜੋਤਿ ਦੀ ਏਕਤਾ' ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਗੁਰ-ਗੱਦੀ ਦੇ ਅਸਲੀ ਵਾਰਸ ਸੰਬੰਧੀ ਗੁਰੂ-ਪਰਿਵਾਰਾਂ ਵਿਚ ਕਿੰਤੂ-ਪਰੰਤੂ ਉੱਠ ਪਿਆ ਸੀ। 'ਪੁਤਰੀ ਕਉਲ ਨ ਪਾਲਿਓ' ਤੋਂ ਬਹੁਤ ਕੁਝ ਸਪੱਸ਼ਟ ਹੈ। ਫਿਰ ਗੁਰੂ ਪੁੱਤਰਾਂ ਦਾਤੂ ਤੇ ਦਾਸੂ ਨੇ ਜੋ ਰਵੱਈਆ ਗੁਰੂ ਅਮਰਦਾਸ ਜੀ ਸੰਬੰਧੀ ਧਾਰਨ ਕੀਤਾ, ਉਹ ਵੀ ਵੇਖਣ-ਯੋਗ ਹੈ। ਦਾਸੂ ਨੇ ਵੱਖਰੀ ਮੰਜੀ ਲਾ ਲਈ ਸੀ:

ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।

(ਵਾਰ ੨੬, ਪਉੜੀ ੩੩)

ਸ੍ਰੀ ਗੁਰੂ ਰਾਮਦਾਸ ਜੀ ਵੇਲੇ ਮੋਹਨ ਤੇ ਮੋਹਰੀ ਜੀ ਵੱਲੋਂ ਕੋਈ ਵੱਡਾ ਸੰਕਟ ਤਾਂ ਨਾ ਖੜ੍ਹਾ ਕੀਤਾ ਗਿਆ, ਪਰ ਅੰਦਰੂਨੀ ਵਿਰੋਧਤਾ ਤੇ ਗੁਰ-ਗੱਦੀ ਦੀ ਤਾਂਘ ਜ਼ਰੂਰ ਰਹੀ। ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰਕੇ ਗੁਰ-ਗੱਦੀ ਦਾ ਦਾਅਵੇਦਾਰ ਸੀ। ਏਥੇ ਆ ਕੇ ਪਰਿਵਾਰਕ ਵਿਰੋਧ ਦੁਸ਼ਮਣੀ ਧਾਰਨ ਕਰ ਗਿਆ। ਪ੍ਰਿਥੀ ਚੰਦ ਨੇ ਹਰ ਗਲਤ ਤਰੀਕੇ ਨਾਲ ਗੁਰਗੱਦੀ ਹਥਿਆਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧਾਂ ਬਾਰੇ ਭਾਈ ਸਾਹਿਬ ਉਲੇਖ ਕਰਦੇ ਹਨ:

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖ ਪੁਤਾਂ ਭਉਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ॥੩੩॥

(ਵਾਰ ੨੬)

ਭਾਈ ਗੁਰਦਾਸ ਜੀ ਨੇ ਮੁਕਾਬਲੇ 'ਤੇ ਖੜ੍ਹੀ ਕੀਤੀ ਜਾ ਰਹੀ ਅਖੌਤੀ ਗੁਰੂ-ਸੰਸਥਾ ਦੇ ਝੂਠ ਦੇ ਪਾਜ ਨੂੰ ਖੋਲ੍ਹਣ ਅਤੇ ਸਤਿਗੁਰਾਂ ਦੇ ਦਰਬਾਰ ਦੇ ਸੱਚ ਨੂੰ ਉਭਾਰਨ ਦਾ ਯਤਨ ਕੀਤਾ ਹੈ:

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।

ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ।
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸੁਪੇਦੀ ਸਿਆਹੀ।...
ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥੩੧॥

(ਵਾਰ ੨੬)

ਗੁਰੂ-ਘਰ ਦੀ ਮਰਯਾਦਾ ਇਹੀ ਹੈ ਕਿ ਗੁਰੂ-ਗੁਰਮੁਖਾਂ ਵਾਲਾ ਗਾਡੀ ਰਾਹ ਚਲਾਉਂਦਾ ਹੈ। ਸਤਿ-ਸੰਗਤ ਦੇ ਰੂਪ ਵਿਚ ਟਕਸਾਲ ਹੈ। ਇਕੋ ਗੁਰਬਾਣੀ ਦਾ ਰੂਪ ਕੁਤਬਾ ਹੈ। ਇਕੋ ਸੱਚਾ ਤਖ਼ਤ ਹੈ, ਇਕੋ ਨਿਆਂ ਦੇਣ ਵਾਲਾ ਹੈ ਭਾਵ ਸੱਚਾ ਦਰਬਾਰ ਹੈ। ਇਸ ਨਿਆਂ ਦੇ ਹਾਰੀ ਹਰ ਗੁਰਮੁਖ ਸੁਖ-ਫਲ ਪ੍ਰਾਪਤ ਕਰਦਾ ਹੈ। ਦੂਜੇ ਪਾਸੇ ਝੂਠ ਦੀ ਦੁਕਾਨ ਸੰਬੰਧੀ ਵਰਣਨ ਹੈ:

ਜੇ ਕੋ ਆਪੁ ਗਣਾਇ ਕੈ ਪਾਤਿਸਾਹਾਂ ਤੇ ਆਕੀ ਹੋਵੈ।
ਹੁਇ ਕਤਲਾਮੁ ਹਰਾਮਖੋਰੁ ਕਾਠੁ ਨ ਖਫਣੁ ਚਿਤਾ ਨ ਟੋਵੈ।
ਟਕਸਾਲਹੁ ਬਾਹਰਿ ਘੜੈ ਖੋਟੈਹਾਰਾ ਜਨਮੁ ਵਿਗੋਵੈ।
ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ।
ਗਿਦੜ ਦੀ ਕਰਿ ਸਾਹਿਬੀ ਬੋਲਿ ਕੁਬੋਲੁ ਨ ਅਬਿਚਲੁ ਹੋਵੈ।
ਮੁਹਿ ਕਾਲੈ ਗਦਹਿ ਚੜ੍ਹੈ ਰਾਉ ਪੜੇ ਵੀ ਭਰਿਆ ਧੋਵੈ।
ਦੂਜੈ ਭਾਇ ਕੁਥਾਇ ਖਲੋਵੈ॥੩੨॥

(ਵਾਰ ੨੬)

ਇਸ ਤਰ੍ਹਾਂ ਪ੍ਰਿਥੀ ਚੰਦ ਨੇ ਵੱਖਰੀ ਗੱਦੀ ਲਾ ਕੇ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਕਰਨ ਦੇ ਯਤਨ ਕੀਤੇ। ਪਰ ਭਾਈ ਗੁਰਦਾਸ ਜੀ ਨੇ ਇਨ੍ਹਾਂ ਕੁਚਾਲਾਂ ਨੂੰ ਅਸਫਲ ਕਰਨ ਲਈ ਗੁਰੂ ਸਾਹਿਬਾਨ ਦੀ 'ਗੁਰੂ ਜੋਤਿ ਦੀ ਏਕਤਾ' ਦੇ ਤੱਥ ਨੂੰ ਲੋਕਾਂ ਵਿਚ ਪਰਚਾਰਿਆ ਤੇ ਪਰਸਾਰਿਆ। 'ਗੁਰ ਜੋਤਿ ਦੀ ਏਕਾ ਜੋਤ' ਸੰਬੰਧੀ ਉਹ ਬਿਆਨ ਕਰਦੇ ਹਨ:

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

(ਵਾਰ ੧, ਪਉੜੀ ੪੮)

ਪਾਰਬ੍ਰਹਮੁ ਪੂਰਨ ਬ੍ਰਹਮੁ ਗੁਰ ਨਾਨਕ ਦੇਉ।...
ਹਰਿਗੋਬਿੰਦੁ ਗੋਵਿੰਦੁ ਗੁਰੁ ਕਾਰਣ ਕਰਣੇਉ॥੨੫॥੧੩॥
ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।

(ਵਾਰ ੨੪, ਪਉੜੀ ੨੪)

ਗੁਰੂ ਜੋਤਿ ਦੀ ਏਕਤਾ ਨੂੰ ਪ੍ਰਗਟਾਉਣ ਸੰਬੰਧੀ ਗੁਰਬਾਣੀ ਵਿਚ ਭੱਟਾਂ ਦੀ ਰਚਨਾ ਵਿਚ ਵੀ ਪੁਸ਼ਟੀ ਹੁੰਦੀ ਹੈ। ਭੱਟ-ਬਾਣੀਕਾਰਾਂ ਨੇ ਨਿਰੰਕਾਰ ਦੀ ਜੋਤ ਨੂੰ ਗੁਰੂ ਨਾਨਕ ਸਾਹਿਬ ਜੀ ਰਾਹੀਂ ਪ੍ਰਗਟਾਅ ਕੇ ਅੱਗੇ ਦੂਸਰੇ ਗੁਰੂ ਸਾਹਿਬਾਨ ਵਿਚ ਪ੍ਰਜਵਲਤ ਹੋਣ ਬਾਰੇ ਵਰਣਨ ਕੀਤੇ ਹਨ। ਗੁਰੂ ਗੋਬਿੰਦ ਸਿੰਘ ਜੀ ਵੀ 'ਬਚਿਤ੍ਰ ਨਾਟਕ' ਵਿਚ ਇਸ ਦੀ ਪੁਸ਼ਟੀ ਕਰਦੇ ਹਨ। ਸੋ ਭਾਈ ਗੁਰਦਾਸ ਜੀ ਦੇ 'ਗੁਰੂ ਜੋਤਿ ਦੀ ਏਕਤਾ' ਨੂੰ ਪ੍ਰਗਟਾਉਣ ਦਾ ਅਰਥ ਗੁਰੂ ਸਾਹਿਬਾਨ ਦੀ ਉਤਰਾਧਿਕਾਰਤਾ ਦੀ ਮਾਨਤਾ ਤੇ ਗੁਰੂ-ਸੰਸਥਾ ਦੇ ਮੁਕਾਬਲੇ ਵਿਰੋਧੀਆਂ ਦੇ ਮਨਸੂਬਿਆਂ ਦਾ ਪਤਾ ਲੱਗਦਾ ਹੈ।

ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਕ ਹੋਰ ਮਹੱਤਵਪੂਰਨ ਵਿਚਾਰ ਦਿੱਤਾ ਹੈ। ਕਈ ਭੋਲੇ-ਭਾਲੇ ਸਿੱਖ ਮਨਾਂ ਅੰਦਰ ਗੁਰੂ ਜੀ ਸੰਬੰਧੀ ਇਕ ਨਵੀਂ ਉਲਝਣ ਘਰ ਕਰਦੀ ਜਾ ਰਹੀ ਸੀ। ਸੰਗਤਾਂ ਮੂੰਹੋਂ-ਮੂੰਹੀਂ ਤੇ ਕੰਨੋਂ-ਕੰਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਜੀ ਦੁਆਰਾ ਕੁੱਤੇ ਰੱਖਣ, ਸ਼ਿਕਾਰ ਖੇਡਣ, ਸੈਨਾ ਭਰਤੀ ਕਰਨ, ਫੌਜਾਂ ਵਿਚ ਪਠਾਣਾਂ ਦੀ ਭਰਤੀ ਸੰਬੰਧੀ:

ਧਰਮਸਾਲ ਕਰਿ ਬਹੀਦਾ ਇਕਤੁ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ॥।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।

(ਵਾਰ ੨੬, ਪਉੜੀ ੨੪)

(ਅ) ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਬੈਠੇ ਤਾਂ ਗੁਰੂ ਜੀ ਨੇ ਮਸੰਦਾਂ ਦੁਆਰਾ ਲਿਆਂਦੇ ਰਵਾਇਤੀ ਚਿੰਨ੍ਹ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ। ਬਾਬਾ ਬੁੱਢਾ ਜੀ ਨੇ ਅਰਦਾਸ ਕਰਕੇ ਪੱਗ ਗੁਰੂ ਜੀ ਨੂੰ ਬੰਨ੍ਹ ਦਿੱਤੀ। ਗੁਰੂ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਦਸਵੰਧ ਰੂਪ ਵਿਚ ਮਾਇਆ ਤੋਂ ਇਲਾਵਾ ਘੋੜੇ ਤੇ ਸ਼ਸਤਰ ਲਿਆਉਣ ਲਈ ਕਿਹਾ। ਗੁਰਬਾਣੀ ਪਾਠ ਦੀ ਨਿੱਤ-ਕ੍ਰਿਆ ਦੇ ਨਾਲ-ਨਾਲ ਸ਼ਸਤਰ-ਵਿਦਿਆ, ਢਾਡੀ-ਦਰਬਾਰ ਲੱਗਣੇ ਆਰੰਭ ਹੋ ਗਏ, ਬਾਦਸ਼ਾਹ ਦੇ ਮੁਕਾਬਲੇ ਸੱਚੇ ਪਾਤਸ਼ਾਹ ਦੇ ਲਕਬ ਮਿਲਣ, ਫਕੀਰਾਨਾ ਵੇਸ ਦੀ ਥਾਂ ਸ਼ਾਹੀ ਠਾਠ ਤੇ ਕਲਗੀਆਂ ਸਜਾਉਣੀਆਂ ਆਦਿ ਬਦਲੇ ਹੋਏ ਹਾਲਾਤਾਂ ਅਨੁਸਾਰ ਤਬਦੀਲੀਆਂ ਭੋਲੇ-ਭਾਲੇ ਸਿੱਖਾਂ ਨੇ ਵੇਖੀਆਂ-ਸੁਣੀਆਂ ਤਾਂ ਉਨ੍ਹਾਂ ਵਿਚ ਸੰਸੇ ਦਾ ਉਠਣਾ ਸੁਭਾਵਕ ਸੀ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਇਸ ਬਾਰੇ ਵਰਣਨ ਹੈ:

ਘਨੀ ਅਸੂਆ ਪੁਰ ਭਈ ਦੇਸ ਦੋਸ ਸੁਨ ਪਾਇ।
ਤੁਰਕ ਸੁਤਾ ਗੁਰ ਗ੍ਰਿਹ ਧਰੀ ਪਿਤ ਕੀ ਰੀਤ ਮਿਟਾਇ।

ਲੋਕਾਂ ਦੇ ਸੰਸਿਆਂ ਨੂੰ ਗੁਰੂ-ਦਰਬਾਰ ਨਾਲ ਜੁੜੇ ਕਈ ਪ੍ਰਮੁੱਖ ਸਿੱਖਾਂ ਨੇ ਭਾਈ ਗੁਰਦਾਸ ਜੀ ਨੂੰ ਇਸ ਸੰਬੰਧੀ ਜਾਣੂ ਕਰਵਾਇਆ। ਇਸ ਦੀ ਪੁਸ਼ਟੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਵੀ ਹੁੰਦੀ ਹੈ:

ਇਕਿ ਦਿਨ ਸਿਖ ਜਿਸ ਥਲ ਗੁਰਦਾਸ।
ਬੈਠੇ ਬ੍ਰਿੰਦ ਜਾਇ ਕਰਿ ਪਾਸ।
ਬਦਲੀ ਸੋਢੀ ਸੇਠ ਗੁਪਾਲਾ।
ਤਖਤੂ ਤੀਰਥ ਨਵਲੁ ਨਿਹਾਲਾ॥੨੯॥...
ਹਾਥ ਜੋਰਿ ਗੁਰੁਦਾਸ ਅਗਾਰੀ।
ਸਗਰੇ ਸਿੱਖਨਿ ਗਿਰਾ ਉਚਾਰੀ।
ਜਹਿਂ ਕਹਿਂ ਵਸੀ ਗੁਰੂ ਕੀ ਨਿੰਦਾ।
ਸੁਨਿ ਨਹਿਂ ਜਰੀ ਜਾਇ ਚਿਤ ਚਿੰਦਾ॥੩੦॥
ਤਮ ਅਰੁ ਬਡੇ ਜੁ ਬੁੱਢਾ ਸਾਹਿਬ। ਸ੍ਰੀ ਅਰਜਨ ਕੇ ਮਹਾਂ ਮੁਸਾਹਿਬ।
ਜੇ ਇੱਤਜਾਦਿ ਅਪਰ ਸਿਖ ਧੀਰ।
ਤਿਨਹੁਂ ਨ ਕਬਹੁਂ ਬਿਠਾਵਹਿ ਤੀਰ॥੩੧॥

(ਰਸਿੰ ੫, ਅੰਸੂ ੬੫)

ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਦੇ ਸੰਸਿਆਂ ਨੂੰ ਦੂਰ ਕਰਦੇ ਹੋਏ ਇਸ ਪਰਿਵਰਤਨ ਦੀ ਪ੍ਰਕ੍ਰਿਤੀ ਤੇ ਲੋੜ ਬਾਰੇ ਸਪੱਸ਼ਟ ਸਮਾਧਾਨ ਕੀਤਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਬਾਰੇ ਭਾਈ ਸਾਹਿਬ ਦੱਸਦੇ ਹਨ ਕਿ ਸੱਚ ਨੂੰ ਢੱਕਿਆ ਨਹੀਂ ਜਾ ਸਕਦਾ। ਉਨ੍ਹਾਂ ਦਾ ਇਹ ਨਿਸਚਾ ਸੀ ਕਿ ਗੁਰੂ ਸਾਹਿਬ ਨੇ ਅਜਰ ਵਸਤੂ ਨੂੰ ਜਰ ਕੇ ਆਪਣਾ ਆਪਾ ਕਿਸੇ ਦੇ ਸਾਹਮਣੇ ਪ੍ਰਗਟ ਨਹੀਂ ਕੀਤਾ:

ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥੨੪॥

(ਵਾਰ ੨੬)

ਇਸ ਛੱਬੀਵੀਂ ਵਾਰ ਦੀ ਅਗਲੀ ਪਉੜੀ ਵਿਚ ਹੋਰ ਸਪੱਸ਼ਟ ਕਰਦੇ ਹਨ ਕਿ ਜਿਵੇਂ ਖੇਤਾਂ ਅਤੇ ਬਾਗਾਂ ਦੇ ਦੁਆਲੇ ਛਾਪਿਆਂ ਤੇ ਕਿੱਕਰਾਂ ਦੀ ਵਾੜ ਹੁੰਦੀ ਹੈ, ਚੰਦਨ ਨੂੰ ਸੱਪਾਂ ਨੇ ਘੇਰਿਆ ਹੁੰਦਾ ਹੈ, ਪਾਰਸ ਦੁਆਲੇ ਪੱਥਰਾਂ ਦਾ ਹੋਣਾ, ਮਣੀ ਨਾਗ ਦੀ ਮਸਤਕ ਵਿਚ ਪੈਦਾ ਹੁੰਦੀ ਹੈ, ਇਸ ਤਰ੍ਹਾਂ ਝੂਠੀਆਂ ਤੋਹਮਤਾਂ ਤੇ ਅਟਕਲਾਂ ਗੁਰੂ ਜੀ ਸੰਬੰਧੀ ਲਾਉਣੀਆਂ ਗੈਰ-ਕੁਦਰਤੀ ਨਹੀਂ ਪਰ ਗੁਰਸਿੱਖ ਤਾਂ ਬਿਨਾਂ ਕਿਸੇ ਸੰਸੇ ਦੇ ਸਤਿਗੁਰੂ ਦੀ ਸੇਵਾ ਵਿਚ ਅਨੇਕਾਂ ਕਸ਼ਟ ਸਹਿ ਕੇ ਵੀ ਲੱਗੇ ਰਹਿੰਦੇ ਹਨ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।

ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।
ਜਿਉ ਪਾਰਸ ਵਿਚਿ ਪਥਰਾਂ ਮਣਿ ਮਸਤਕਿ ਜਿਉ ਕਾਲੈ ਨਾਗੈ।
ਰਤਨੁ ਸੋਹੈ ਗਲਿ ਪੋਤ ਵਿਚਿ ਮੈਗਲੁ ਬਧਾ ਕਚੈ ਧਾਗੀ।
ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ।
ਚਰਣ ਕਵਲ ਗੁਰੁ ਸਿਖ ਭਉਰ ਸਾਧਸੰਗਤਿ ਸਹਲੰਗੁ ਸਭਾਗੈ।
ਪਿਰਮ ਪਿਆਲੇ ਦੁਤਰੁ ਝਾਗੈ॥੨੫॥

(ਵਾਰ ੨੬)

ਭਾਈ ਸਾਹਿਬ ਉਲੇਖ ਕਰਦੇ ਹਨ ਕਿ ਸੰਸਾਰ ਦੇ ਸਵਾਂਗੀ ਵਰਤਾਰੇ ਵਿਚ ਸਤਿਗੁਰ ਦੀ ਪ੍ਰਤਿਸ਼ਟਤਾ ਘਟੀ ਨਹੀਂ। ਗੁਰਸਿੱਖ ਦੀ ਪੀੜ ਤਾਂ ਬਿਨਾਂ ਸੰਸੇ ਤੇ ਭਰਮ ਦੇ ਹੁੰਦੀ ਹੈ:

ਸਤਿਗੁਰੁ ਸਾਂਗਿ ਵਰਤਦਾ ਪਿੰਡੁ ਵਸਾਇਆ ਫੇਰਿ ਅਹੀਰਾ॥
ਚੰਦੁ ਅਮਾਵਸ ਰਾਤਿ ਜਿਉ ਅਲਖੁ ਨ ਲਖੀਐ ਮਛੁਲੀ ਨੀਰਾ॥
ਮੁਏ ਮੁਰੀਦ ਗੋਰਿ ਗੁਰ ਪੀਰਾ॥੨੬॥

(ਵਾਰ ੨੬)

ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।...
ਗੁਰਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ।
ਮੁਰਗਾਈ ਨੀਸਾਣੁ ਨੀਸਾਣੀ॥੨੭॥

(ਵਾਰ ੨੬)

ਭਾਈ ਗੁਰਦਾਸ ਜੀ ਲੋਕਾਂ ਦੀਆਂ ਸ਼ੰਕਾਵਾਂ ਨਿਵਾਰਨ ਲਈ ਦੱਸਦੇ ਹਨ ਕਿ ਇੱਥੇ ਕੋਈ ਨਵਾਂ ਪਰਿਵਰਤਨ ਨਹੀਂ ਹੋਇਆ ਜੋ ਗੁਰੂ-ਘਰ ਦਾ ਮਾਰਗ ਸੀ, ਉਹੀ ਹੁਣ ਹੈ:

ਪਾਰਸਵੰਸੀ ਹੋਇ ਕੈ ਸਭਨਾ ਧਾਤੂ ਮੇਲਿ ਮਿਲੰਦਾ।...
ਸਤਿਗੁਰ ਵੰਸੀ ਪਰਮ ਹੰਸੁ ਗੁਰ ਸਿਖ ਹੰਸ ਵੰਸੁ ਨਿਬਹੰਦਾ।
ਪਿਉ ਦਾਦੇ ਦੇ ਰਾਹਿ ਚਲੰਦਾ॥੨੯॥

(ਵਾਰ ੨੬)

ਏਥੇ ਉਸੇ ਤਰ੍ਹਾਂ ਇਕੋ ਅਕਾਲ ਪੁਰਖ ਦੇ ਨਾਂ ਦੀ ਗੱਲ ਹੈ। ਉਹ ਸਤਿਸੰਗ ਰੂਪੀ ਟਕਸਾਲ ਹੈ, ਇਕੋ ਗੁਰਬਾਣੀ ਰੂਪ ਰੁਤਬਾ ਹੈ। ਇਕੋ ਤਖ਼ਤ ਹੈ। ਇਕੋ ਹੀ ਸੱਚਾ ਦਰਬਾਰ ਹੈ, ਕੋਈ ਵੱਖਰਾ ਨਹੀਂ:

ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥੩੧॥

(ਵਾਰ ੨੬)

(ੲ) ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦੇ ਇਕ ਹੋਰ ਮਹੱਤਵਪੂਰਨ ਪੱਖ ਬਾਰੇ ਚਾਨਣਾ ਪਾਉਂਦੇ ਹਨ। ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਉਲੇਖ ਕਰਦੇ ਹਨ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਵਿਚ 'ਯੋਧਾ ਤੇ ਪਰਉਪਕਾਰੀ' ਵਾਲੇ ਦੋਵੇਂ ਗੁਣ ਸਨ। ਮੀਰੀ-ਪੀਰੀ, ਭਗਤੀ-ਸ਼ਕਤੀ, ਤਲਵਾਰ-ਤਸਬੀ, ਸੰਤ-ਸਿਪਾਹੀ ਦੇ ਗੁਣਾਂ ਦਾ ਆਧਾਰ ਇਹ ਦੋਵੇਂ ਗੁਣ ਮੰਨੇ ਜਾ ਸਕਦੇ ਹਨ। ਇਨ੍ਹਾਂ ਗੁਣਾਂ ਕਰਕੇ ਹੀ ਕਈ ਭੋਲੇ-ਭਾਲੇ ਸਿੱਖਾਂ ਨੂੰ ਭਰਮ ਲੱਗਾ।

ਗੁਰੂ ਹਰਿਗੋਬਿੰਦ ਜੀ ਦਾ 'ਵਡ ਯੋਧਾ' ਰੂਪ ਉਨ੍ਹਾਂ ਦੇ ਸ਼ਸਤਰ-ਵਿਦਿਆ ਤੇ ਯੁੱਧ-ਨੀਤੀ ਵਿਚ ਨਿਪੁੰਨ ਹੋਣ ਕਰਕੇ ਹੀ ਹੈ। ਜੰਗੀ ਦਾਅ-ਪੇਚਾਂ ਨੂੰ ਉਹ ਚੰਗੀ ਤਰ੍ਹਾਂ ਸਮਝਦੇ ਸਨ। ਗੁਰੂ ਹਰਿਗੋਬਿੰਦ ਜੀ ਨੂੰ ਜੀਵਨ ਵਿਚ ਚਾਰ ਮੁੱਖ ਜੰਗਾਂ ਤੇ ਕੁਝ ਛੋਟੀਆਂ-ਮੋਟੀਆਂ ਝੜਪਾਂ ਦਾ ਸਾਹਮਣਾ ਕਰਨਾ ਪਿਆ। ਪਰ ਇਸ ਜੁਝਾਰੂ ਜੀਵਨ ਵਿਚ ਆਪ ਸੈਨਾ ਦੇ ਸੈਨਾਪਤੀਆਂ ਨਾਲ ਅਚਾਨਕ ਹੱਲਾ ਹੋ ਜਾਣ 'ਤੇ ਕਦੀ ਵੀ ਘਬਰਾਏ ਨਹੀਂ ਸਗੋਂ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ। ਬਿੰਗਲੇ ਦਾ ਕਹਿਣਾ ਹੈ ਕਿ ਗੁਰੂ ਹਰਿਗੋਬਿੰਦ ਨੇ ਮੁਰਦਾ ਰੂਹਾਂ ਵਿਚ ਜਾਨ ਪਾਈ ਤੇ ਜਨਤਾ ਵਿਚ ਫ਼ੌਜੀ ਅੰਸ਼ ਆਇਆ ਜਿਸ ਨੇ ਕੌਮ ਨੂੰ ਪੱਕਿਆਂ ਪੈਰਾਂ ਉਤੇ ਖੜ੍ਹਾ ਕਰ ਦਿੱਤਾ। ਵੱਡ ਯੋਧਾ ਦੇ ਗੁਣ ਕਰਕੇ ਹੀ ਗੁਰੂ ਸਾਹਿਬ ਡਰ ਤੇ ਭੈਅ ਤੋਂ ਮੁਕਤ ਸਨ:

ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ॥੧॥

(ਵਾਰ ੨੦)

ਭਾਈ ਗੁਰਦਾਸ ਜੀ ਅਨੁਸਾਰ ਜਿੱਥੇ ਆਪ ਵਡ-ਯੋਧਾ ਸਨ ਉਥੇ ਪਰਉਪਕਾਰਤਾ ਦੀ ਵੀ ਸਜੀਵ ਮੂਰਤ ਸਨ। ਸਬਰ, ਸੰਤੋਖ, ਸਹਿਨਸ਼ੀਲਤਾ, ਖੁੱਲ੍ਹਦਿਲੀ ਉਨ੍ਹਾਂ ਦੀ ਵਡੱਤਣ ਦੀ ਨਿਸ਼ਾਨੀ ਸੀ। ਗੁਰੂ ਸਾਹਿਬ ਦਾ ਪੈਂਦੇ ਖਾਂ ਨੂੰ ਕਲਮਾ ਪੜ੍ਹਨ ਦਾ ਆਦੇਸ਼, ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਰਾਜਿਆਂ ਦੀ ਰਿਹਾਈ, ਨਿਹੱਥੇ ਦੁਸ਼ਮਣ 'ਤੇ ਵਾਰ ਨਾ ਕਰਨਾ, ਹਰ ਸਿੱਖ ਸ਼ਰਧਾਲੂ ਨੇ ਜਦੋਂ ਵੀ ਪ੍ਰੇਮ ਨਾਲ ਯਾਦ ਕਰਨਾ, ਉਥੇ ਅਪੜਨਾ। ਇਸੇ ਲਈ ਪ੍ਰਿੰ: ਸਤਿਬੀਰ ਸਿੰਘ ਉਲੇਖ ਕਰਦੇ ਹਨ:

ਕਹਿਣਾ ਇਹ ਹੀ ਬਨਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਵਰਗਾ ਕੋਈ ਯੋਧਾ ਨਹੀਂ ਡਿੱਠਾ ਜਿਨ੍ਹਾਂ ਸਭ ਦੋਖੀਆਂ ਨੂੰ ਹੱਥੀਂ ਮਾਰ ਮੁਕਾਇਆ। ਉਨ੍ਹਾਂ ਵਰਗਾ ਕੋਈ ਦਾਨੀ ਪਰਉਪਕਾਰੀ ਨਹੀਂ ਜਿਨ੍ਹਾਂ ਕਦੇ ਖ਼ਜ਼ਾਨੇ ਵਿਚ ਕੁਝ ਜਮ੍ਹਾਂ ਨਾ ਰੱਖਿਆ। ਉਨ੍ਹਾਂ ਵਰਗਾ ਸਿੱਖਾਂ ਨਾਲ ਪਿਆਰ ਕਰਨ

ਵਾਲਾ ਕੋਈ ਨਹੀਂ ਸੀ। ਏਸੇ ਕਰਕੇ ਡਾ. ਇੰਦੂ ਭੂਸ਼ਨ ਉਲੇਖ ਕਰਦਾ ਹੈ ਕਿ ਗੁਰੂ ਨੂੰ ਸਾਰੇ ਦਿਲੋਂ
ਚਾਹੁੰਦੇ ਤੇ ਪਿਆਰ ਕਰਦੇ ਸਨ। ਹਰ ਦੁੱਖ-ਤਕਲੀਫ ਤੇ ਬਿਖੜੇ ਸਮੇਂ ਉਨ੍ਹਾਂ ਦਾ ਸਾਥ ਮੰਗਦੇ ਤੇ
ਦਿੰਦੇ ਸਨ। ਗੁਰੂ ਜੀ ਦੇ ਅਕਾਲ ਚਲਾਣੇ ਨੂੰ ਸਾਰਿਆਂ ਨੇ ਨੁਕਸਾਨ ਮੰਨਿਆ। ਉਨ੍ਹਾਂ ਦੀ ਜੁਦਾਈ
ਨੂੰ ਕੌਮੀ ਆਫਤ ਮੰਨਿਆ ਜਾਂਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੁੱਚੇ ਜੀਵਨ ਦੀ ਵਡਿਆਈ ਨੂੰ ਭਾਈ ਗੁਰਦਾਸ ਜੀ
ਨੇ ਆਪਣੀ ਇਕ ਵਾਰ ਵਿਚ ਇਉਂ ਅੰਕਤ ਕੀਤਾ ਹੈ:

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।

(ਵਾਰ ੨੪, ਪਉੜੀ ੨੧)

ਗੁਰੂ ਜੀ ਹਰਖ-ਸੋਗ, ਰਸ-ਕਸ, ਰੂਪ-ਰੇਖ, ਰਾਗ-ਰੰਗ ਤੋਂ ਨਿਰਲੇਪ ਸਨ। ਗੋਬਿੰਦ
ਗਿਆਨ ਦੀ ਚਰਚਾ ਤੋਂ ਅਗੋਚਰ ਸਨ। ਬਲ-ਬਚਨ, ਬਿਬੇਕ-ਬਲ ਉਨ੍ਹਾਂ ਦੇ ਸਾਹਮਣੇ ਹੀਣੇ ਸਨ।
ਉਹ ਅਕਾਲ ਪੁਰਖ ਰੂਪ ਸਨ। ਉਨ੍ਹਾਂ ਦੀ ਸ਼ਖ਼ਸੀਅਤ ਹੀ ਐਸੀ ਸੀ ਕਿ ਸਦਾ ਪ੍ਰਸੰਨ ਚਿੱਤ ਰਹਿੰਦੇ
ਸਨ।

ਸੋ ਅਸੀਂ ਸਾਫ਼ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ
ਹਰਿਗੋਬਿੰਦ ਸਾਹਿਬ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਉਭਾਰਨ ਵਿਚ ਸਫ਼ਲਤਾ ਹਾਸਲ ਕੀਤੀ।
ਗੁਰੂ ਜੀ ਸੰਬੰਧੀ ਪਏ ਭਰਮ-ਭੁਲੇਖਿਆਂ ਨੂੰ ਦੂਰ ਕਰਕੇ 'ਗੁਰੂ ਜੋਤਿ ਦੀ ਏਕਤਾ' ਨੂੰ ਪਰਪੱਕ
ਕੀਤਾ। ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਅਨੇਕਾਂ ਗੁਣਾਂ ਦੇ ਮਾਲਕ,
ਵਡ-ਜੋਧੇ ਤੇ ਪਰਉਪਕਾਰੀ ਸੂਰਮੇ ਸਨ। ਨਾਨਕ ਜੋਤ ਦਾ ਪ੍ਰਗਟਾਅ ਗੁਰੂ ਹਰਿਗੋਬਿੰਦ ਜੀ ਰਾਹੀਂ
ਹੋ ਰਿਹਾ ਸੀ। ਗੁਰੂ ਸਾਹਿਬ ਦੀਨ-ਦੁਨੀ ਦੇ ਪਾਤਸ਼ਾਹ ਸਨ:

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।

(ਵਾਰ ੩੯, ਪਉੜੀ ੩)

ਨਿਰੰਕਾਰ ਦਾ ਰੂਪ ਗੁਰੂ ਹਰਿਗੋਬਿੰਦ ਜੀ ਦਾ ਜਸ ਤੇ ਸੋਭਾ ਸਭ ਪਾਸੇ ਪਸਰੀ ਹੋਈ ਹੈ:

ਗੁਰ ਗੋਵਿੰਦੁ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ।...
ਹਰਿਗੋਵਿੰਦ ਗੁਰ ਛਤ੍ਰ ਚੰਦੋਆ॥੪॥

(ਵਾਰ ੩੯)

ਤਵਾਰੀਖ਼ ਗੁਰੂ ਖ਼ਾਲਸਾ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ-ਦਰਸ਼ਨ

ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਉਨ੍ਹਾਂ ਦੇ ਘਰ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਟੱਲ ਰਾਇ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਪੈਦਾ ਹੋਏ। ਇਨ੍ਹਾਂ ਪੰਜ ਪੁੱਤਰਾਂ ਤੋਂ ਇਲਾਵਾ ਉਨ੍ਹਾਂ ਦੇ ਘਰ ਇਕ ਪੁੱਤਰੀ ਬੀਬੀ ਵੀਰੋ ਜੀ ਦਾ ਵੀ ਜਨਮ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਜਦੋਂ ੧੬੦੬ ਈ: ਵਿਚ ਵਿਧੀਵਤ ਤਰੀਕੇ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਣ ਲੱਗੇ ਤਾਂ ਉਨ੍ਹਾਂ ਨੇ ਗੁਰਿਆਈ ਸਮੇਂ ਸ਼ਸਤਰ ਪਹਿਨਾਉਣ ਲਈ ਕਿਹਾ। ਗੁਰੂ ਜੀ ਨੇ ਦੋ ਕਿਰਪਾਨਾਂ ਧਾਰਨ ਕੀਤੀਆਂ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਦੀਆਂ ਰਚਨਾਵਾਂ ਵਿਚ ਆਮ ਮਿਲਦਾ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸ਼ਸਤਰ ਧਾਰਨ ਕਰ ਕੇ ਗੁਰੂ-ਘਰ ਆਉਣ ਦਾ ਆਦੇਸ਼ ਕੀਤਾ ਅਤੇ ਸਿੱਖ ਸੰਗਤ ਵਿਚ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਲਈ ਢਾਡੀਆਂ ਨੇ ਵਾਰਾਂ ਦਾ ਗਾਇਨ ਅਰੰਭ ਕਰ ਦਿੱਤਾ। ਤਖ਼ਤ ਦੁਨਿਆਵੀ ਬਾਦਸ਼ਾਹ ਦੀ ਨਿਸ਼ਾਨੀ ਹੁੰਦਾ ਹੈ, ਗੁਰੂ ਜੀ ਨੇ ਸਿੱਖਾਂ ਦੇ ਮਨ ਵਿੱਚੋਂ ਦੁਨਿਆਵੀ ਬਾਦਸ਼ਾਹਾਂ ਦਾ ਡਰ ਖ਼ਤਮ ਕਰਨ ਲਈ ੧੬੦੬ ਈ: ਵਿਚ ਅਕਾਲ ਬੁੰਗੇ ਦੀ ਨੀਂਹ ਰੱਖੀ ਜਿਹੜਾ ਕਿ ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਗੁਰੂ-ਘਰ ਦੇ ਵਿਰੋਧੀ ਪਹਿਲਾਂ ਹੀ ਅਜਿਹੀਆਂ ਵਿਉਂਤਾਂ ਬਣਾ ਰਹੇ ਸਨ ਜਿਨ੍ਹਾਂ ਨਾਲ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਖ਼ਤਮ ਹੋ ਜਾਵੇ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਸੇ ਵਿਉਂਤ ਦਾ ਇਕ ਹਿੱਸਾ ਸੀ। ਗੁਰੂ-ਘਰ ਦੇ ਵਿਰੋਧੀਆਂ ਨੇ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜ਼ੋਰ ਫੜਦੇ ਦੇਖਿਆ ਤਾਂ ਉਹ ਫਿਰ ਸਰਗਰਮ ਹੋ ਗਏ। ਲੇਖਕ ਦੱਸਦਾ ਹੈ ਕਿ ਵਿਰੋਧੀਆਂ ਨੇ ਲਾਹੌਰ ਦੇ ਸੂਬੇਦਾਰ ਕਾਸਮ ਬੇਗ ਖਾਂ ਕੋਲ ਰਿਪੋਰਟ ਦਰਜ ਕਰਵਾਈ ਕਿ, "ਗੁਰੂ ਹਰਿਗੋਬਿੰਦ ਇਕ ਚੌਤਰੇ ਦਾ ਨਾਮ ਅਕਾਲ ਤਖ਼ਤ ਰੱਖ ਕੇ ਉੱਥੇ ਸਭਾ ਲਾ ਕੇ ਹਾਕਮਾਂ ਵਾਂਗ ਹਮੇਸ਼ਾਂ ਇਨਸਾਫ਼

ਕਰਦਾ ਹੈ ਤੇ ਸਾਰੇ ਦੇਸ਼ ਦੇ ਝਗੜੇ ਆਪੇ ਨਬੇੜਦਾ ਹੈ। ਸ਼ਸ਼ਤ੍ਰ ਵਿੱਦਯਾ ਸਿੱਖਣ ਦਾ ਉਪਦੇਸ਼ ਕਰ ਜੰਗੀ ਫ਼ੌਜ ਤੇ ਸਾਮਾਨ ਇਕੱਠੇ ਕਰ ਰਿਹਾ ਹੈ। ਸਾਰਾ ਪੰਜਾਬ ਮੁਲਕ ਇਨ੍ਹਾਂ ਦਾ ਮੁਰੀਦ ਹੈ।

ਬਾਦਸ਼ਾਹਾਂ ਨੂੰ ਬਹੁਤ ਸਾਰੇ ਕੰਮ ਆਪਣੇ ਅਹਿਲਕਾਰਾਂ ਦੀ ਸਲਾਹ ਅਨੁਸਾਰ ਕਰਨੇ ਪੈਂਦੇ ਸਨ। ਅਹਿਲਕਾਰਾਂ ਦੀ ਨੀਤੀ ਹਮੇਸ਼ਾਂ ਆਪਣੇ ਵਿਰੋਧੀਆਂ ਨੂੰ ਦਬਾ ਕੇ ਰੱਖਣ ਦੀ ਹੁੰਦੀ ਸੀ ਤਾਂ ਕਿ ਕਿਤੇ ਉਨ੍ਹਾਂ ਦੀ ਕਿਸੇ ਗਲਤ ਗੱਲ ਦਾ ਬਾਦਸ਼ਾਹ ਨੂੰ ਪਤਾ ਨਾ ਲੱਗ ਜਾਵੇ ਅਤੇ ਉਸ ਦੇ ਕਰੋਧ ਦਾ ਸਾਹਮਣਾ ਕਰਨਾ ਪਵੇ। ਗੁਰੂ-ਘਰ ਦੇ ਵਿਰੋਧੀਆਂ ਦਾ ਪੂਰਾ ਯਤਨ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਿਤੇ ਜ਼ੋਰ ਨਾ ਫੜ ਜਾਣ ਜਾਂ ਬਾਦਸ਼ਾਹ ਦੀ ਉਨ੍ਹਾਂ ਨਾਲ ਨੇੜਤਾ ਪੈਦਾ ਨਾ ਹੋ ਜਾਵੇ, ਇਸ ਕਰਕੇ ਉਹ ਹਮੇਸ਼ਾਂ ਗੁਰੂ ਸਾਹਿਬ ਦੇ ਵਿਰੁੱਧ ਬਾਦਸ਼ਾਹ ਦੇ ਕੰਨ ਭਰਦੇ ਰਹਿੰਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਹੋਣਾ ਪਿਆ। ਗੁਰੂ ਜੀ ਦਾ ਕਿਲ੍ਹੇ ਵਿਚ ਕੈਦ ਹੋਣਾ ਸੁਣ ਕੇ ਪੰਜਾਬ ਦੀ ਸਿੱਖ ਸੰਗਤ ਗਵਾਲੀਅਰ ਆਉਣ ਲੱਗੀ। ਨਿਰਪੱਖ ਸੋਚ ਵਾਲੇ ਧਾਰਮਿਕ ਪੁਰਖਾਂ ਨੂੰ ਵੀ ਇਹ ਗੱਲ ਚੰਗੀ ਨਹੀਂ ਸੀ ਲੱਗਦੀ ਕਿ ਬਾਦਸ਼ਾਹ ਕਿਸੇ ਦੇ ਚੁੱਕੇ-ਚੁਕਾਏ ਕਿਸੇ ਧਾਰਮਿਕ ਹਸਤੀ ਨੂੰ ਕੈਦ ਕਰ ਲਵੇ। ਲੇਖਕ ਦੱਸਦਾ ਹੈ ਕਿ ਸਾਈਂ ਮੀਆਂ ਮੀਰ ਨੇ ਬਾਦਸ਼ਾਹ ਨੂੰ ਸਾਰੀ ਗੱਲ ਸਮਝਾਈ ਤਾਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸੰਭਵ ਹੋ ਸਕੀ। ਰਿਹਾਈ ਮੌਕੇ ਗੁਰੂ ਜੀ ਨਾਲ ਹੋਰਨਾਂ ਰਿਆਸਤਾਂ ਦੇ ਬਵੰਜਾ ਰਾਜਿਆਂ ਨੂੰ ਵੀ ਰਿਹਾਈ ਮਿਲੀ। ਇਸ ਰਿਹਾਈ ਨਾਲ ਗੁਰੂ-ਘਰ ਦੇ ਵਿਰੋਧੀਆਂ ਵਿਚ ਨਿਰਾਸ਼ਾ ਫੈਲ ਗਈ ਅਤੇ ਗੁਰੂ ਜੀ ਦਾ ਪ੍ਰਤਾਪ ਦੂਰ-ਦੂਰ ਤਕ ਫੈਲ ਗਿਆ, ਜਿਸ ਦਾ ਵਰਣਨ ਕਰਦੇ ਹੋਏ ਲੇਖਕ ਦੱਸਦਾ ਹੈ, "ਰਾਜਿਆਂ ਦੇ ਛੁਡਾਉਣ ਕਰਕੇ ਗੁਰੂ ਸਾਹਿਬ ਦਾ ਜੱਸ ਸਾਰੇ ਦੇਸ਼ਾਂ ਵਿਚ ਪੁੰਨਿਆਂ ਦੇ ਚੰਦ ਵਾਂਗੂ ਪ੍ਰਕਾਸ਼ਤ ਹੋ ਗਿਆ ਤੇ ਦਿੱਲੀ ਸ਼ਹਿਰ ਦੇ ਲੋਗ, ਕੀ ਸਿੱਖ ਕੀ ਮੁਸਲਮਾਨ ਸਭ ਦਰਸ਼ਨ ਕਰਨ ਆਏ। ਬੇਅੰਤ ਪ੍ਰਕਾਰ ਦੀ ਜਿਨਸ ਕੀਮਤੀ ਅਤੇ ਨਕਦੀ ਨਜ਼ਰ ਕੀਤੀ। 'ਧੰਨ ਸਤਿਗੁਰ ਸੱਚੇ ਪਾਤਸ਼ਾਹ ਧੰਨ ਸਤਿਗੁਰ ਸੱਚੇ ਪਾਤਸ਼ਾਹ' ਏਹੋ ਧੁਨੀ ਠੌਰ-ਠੌਰ ਫੈਲ ਗਈ।" ਗੁਰੂ ਜੀ ਦੇ ਰਿਹਾਅ ਹੋਣ ਦੀ ਖੁਸ਼ੀ ਵਿਚ ਸਿੱਖਾਂ ਨੇ ਦੀਪਮਾਲਾ ਕੀਤੀ।

ਗੁਰੂ ਜੀ ਦੇ ਬਾਦਸ਼ਾਹ ਨਾਲ ਸੰਬੰਧਾਂ ਵਿਚ ਮਿਠਾਸ ਆਈ। ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਉਸ ਦਾ ਦੁਖਦਾਈ ਅੰਤ ਹੋਇਆ। ਗੁਰੂ ਜੀ ਦਾ ਸ੍ਰੀ ਅੰਮ੍ਰਿਤਸਰ ਆਉਣਾ ਸੁਣ ਕੇ ਦੂਰੋਂ-ਨੇੜਿਉਂ ਸਿੱਖ ਸੰਗਤ ਗੁਰੂ ਦਰਸ਼ਨਾਂ ਨੂੰ ਆਉਣ ਲੱਗੀ ਜਿਸ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਰੌਣਕ ਵੱਧਣ ਲੱਗੀ। ਨਵੇਂ ਅਤੇ ਵਧੀਆ ਕਿਸਮ ਦੇ ਹਥਿਆਰ ਅਤੇ ਘੋੜੇ ਲੈ ਕੇ ਸਿੱਖ ਗੁਰੂ-ਘਰ ਆਉਣ ਲੱਗੇ। ਗੁਰੂ ਜੀ ਵੀ ਸਿੱਖੀ ਪ੍ਰਚਾਰ ਲਈ ਦੂਰ-ਨੇੜੇ ਦੇ ਸਥਾਨਾਂ 'ਤੇ ਚਲੇ ਜਾਇਆ ਕਰਦੇ ਸਨ। ਗੁਰੂ ਜੀ ਦੇ ਇਨ੍ਹਾਂ ਪ੍ਰਚਾਰਕ ਦੌਰਿਆਂ ਨਾਲ ਸਿੱਖ ਸੰਗਤ ਵਿਚ ਭਾਰੀ ਵਾਧਾ ਹੋ ਰਿਹਾ ਸੀ। ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜੇ ਗੁਰੂ ਜੀ ਦੇ ਦਰਸ਼ਨ ਕਰਦੇ, ਉਨ੍ਹਾਂ ਦੇ ਹੀ ਹੋ ਕੇ ਰਹਿ ਜਾਂਦੇ। ਆਮ ਸਿੱਖ ਸੰਗਤ ਤੋਂ ਇਲਾਵਾ ਪੀਰ, ਫ਼ਕੀਰ, ਸਾਧੂ, ਵਿਦਵਾਨ ਆਦਿ ਵੀ ਗੁਰੂ ਜੀ ਕੋਲ ਆਉਂਦੇ ਅਤੇ ਅਧਿਆਤਮਿਕ ਵਿਚਾਰਾਂ ਕਰਦੇ। ਜਿਹੜੇ-ਜਿਹੜੇ ਸੰਤਾਂ ਮਹਾਂਪੁਰਖਾਂ ਨਾਲ ਗੁਰੂ ਜੀ

ਦੀਆਂ ਅਧਿਆਤਮਿਕ ਵਿਚਾਰਾਂ ਹੋਈਆਂ ਉਨ੍ਹਾਂ ਵਿੱਚੋਂ ਲੇਖਕ ਨੇ ਕੁਝ ਨਾਂ ਇਸ ਤਰ੍ਹਾਂ ਦੱਸੇ ਹਨ- ਬਾਬਾ ਜਵੰਦਾ ਵਾਹੀ ਖੱਤ੍ਰੀ ਹੁਰਮਚੀ ਮੁਹੱਲੇ ਵਾਲਾ, ਭਾਈ ਬਾਂਕਾ ਅਰੋੜਾ ਸ਼ਹਾਲਮੀ ਦਰਵਾਜ਼ੇ ਦਾ, ਸਵਾਮੀ ਸਾਹਿਬ ਬ੍ਰਾਹਮਣ, ਜੱਗਾ ਖੱਤ੍ਰੀ ਗੁਮਟੀ ਮਹੱਲੇ ਦਾ, ਦਿਲੇ ਰਾਮ ਦੀਵਾਨ, ਭਾਈ ਭੂਪਾ ਅਰੋੜਾ, ਨੱਥੂ ਮੱਲ ਬ੍ਰਾਹਮਣ ਜੌੜੇ ਮੋਰੀ ਦਾ, ਕਾਨ੍ਹਾਂ ਭਗਤ ਵਤਯਾਂ ਦੇ ਵੇਹੜੇ ਦਾ, ਬਾਬਾ ਮਲੇਰਾ ਖੱਤ੍ਰੀ ਸੂਤਰ ਮੰਡੀ ਦਾ, ਛੱਜੂ ਭਗਤ ਭਾਟੀਆ, ਸ਼ਾਹ ਇਨਾਇਤ ਕਾਦਰੀ, ਸ਼ਾਹ ਮੁਹੰਮਦ ਗੌਂਸ, ਸ਼ੇਖ ਅਬਦੁਲ, ਸ਼ਾਹ ਹੁਸੈਨ, ਦਾਸ ਵੈਰਾਗੀ ਭੈਰੋ ਨਾਥ, ਸਬੁਧ ਨਾਥ ਜੋਗੀ, ਸਾਈਂ ਮੀਆਂ ਮੀਰ, ਜਹਾਂਗੀਰ ਸ਼ਾਹ, ਭਗਵਾਨ ਦਾਸ ਗੁਮਟਾਲੇ ਵਾਲਾ, ਨਰੈਣ ਦਾਸ ਪੰਡੋਰੀ ਵਾਲਾ, ਲਾਲ ਦਾਸ ਧਯਾਨਪੁਰ ਵਾਲਾ, ਪੀਰ ਹਸਨ ਅਲੀ ਆਦਿ। ਲੇਖਕ ਨੇ ਕੁਝ ਇਕ ਗੋਸ਼ਟੀਆਂ ਨੂੰ ਕਲਮਬੰਦ ਵੀ ਕੀਤਾ ਹੈ ਜਿਨ੍ਹਾਂ ਵਿੱਚੋਂ ਗੁਜਰਾਤ ਨਗਰ ਦੇ ਇਕ ਫ਼ਕੀਰ ਜਹਾਂਗੀਰ ਸ਼ਾਹ ਨਾਲ ਹੋਈ ਚਰਚਾ ਪ੍ਰਸਿੱਧ ਹੈ ਜਿਸ ਵਿਚ ਸ਼ਾਹ ਨੇ ਗੁਰੂ ਜੀ ਨੂੰ ਪੁੱਛਿਆ ਸੀ- ਹਿੰਦੂ ਕਯਾ ਤੇ ਪੀਰ ਕਯਾ। ਔਰਤ ਕਯਾ ਤੇ ਫ਼ਕੀਰ ਕਯਾ। ਦੌਲਤ ਕਯਾ ਤੇ ਤਯਾਗ ਕਯਾ। ਲੜਕੇ ਕਯਾ ਤੇ ਬੈਰਾਗ ਕਯਾ। ਆਰਫ਼ ਕਯਾ ਤੇ ਦੁਨੀਆਂਦਾਰ ਕਯਾ। ਮਜ਼ਬ ਕਯਾ ਤੇ ਸਚਯਾਰ ਕਯਾ। ਪੁਜਾਰੀ ਕਯਾ ਤੇ ਸਵਾਬ ਕਯਾ। ਮਾਰੂਥਲ ਤੇ ਆਬ ਕਯਾ। ਇਸ ਦੇ ਉੱਤਰ ਵਿਚ ਗੁਰੂ ਜੀ ਨੇ ਕਿਹਾ- ਪੀਰੀ ਰੱਬ ਦਾ ਦਾਨ ਹੈ। ਔਰਤ ਇਮਾਨ ਹੈ। ਦੌਲਤ ਗੁਜ਼ਰਾਨ ਹੈ। ਪੁਤ੍ਰ ਨਿਸ਼ਾਨ ਹੈ। ਆਰਫ਼ ਬੀਚਾਰ ਹੈ। ਮਜ਼ਬ ਸੁਧਾਰ ਹੈ। ਪੁਜਾਰੀ ਆਚਾਰ ਹੈ। ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ।

ਗੁਰੂ-ਘਰ ਆਉਣ ਵਾਲਾ ਹਰ ਇਕ ਮਨੁੱਖ ਉਨ੍ਹਾਂ ਦੀ ਚੁੰਬਕੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਾ ਰਹਿੰਦਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਮੂਹ ਵਰਗਾਂ ਲਈ ਸਰਬ-ਸਾਂਝੇ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਉਸ ਵਿਚ ਲੋਕਾਈ ਦੇ ਮਾਰਗ ਦਰਸ਼ਕ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਨੇ ਲੋਕ-ਮਨਾਂ ਵਿਚ ਪ੍ਰੇਮ ਅਤੇ ਭਾਈਚਾਰੇ ਪ੍ਰਤੀ ਦ੍ਰਿੜ੍ਹਤਾ ਦੇ ਨਾਲ-ਨਾਲ ਗੁਰੂ-ਘਰ ਪ੍ਰਤੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਪੈਦਾ ਕੀਤੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਗੁਰਮਤਿ ਸਿਧਾਂਤਾਂ ਨੂੰ ਬਹੁਤ ਸਰਲ ਤਰੀਕੇ ਨਾਲ ਲੋਕਾਂ ਦੇ ਮਨਾਂ ਵਿਚ ਉਤਾਰ ਦਿੰਦੇ ਸਨ। ਸਤਿਸੰਗਤ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਗੁਰੂ ਜੀ ਨੇ ਦੱਸਿਆ ਕਿ "ਦਵਾਈਆਂ ਤੇ ਕਿਤਾਬਾਂ ਬੈਦਗੀ ਦੀਆਂ ਭਾਵੇਂ ਕਿਤਨੀਆਂ ਤਿਆਰ ਹੋਣ ਪਰ ਵੈਦ ਬਿਨਾਂ ਰੋਗੀ ਦਾ ਰੋਗ ਦੂਰ ਨਹੀਂ ਹੁੰਦਾ, ਸੋ ਗੁਰੂ ਜੀ ਦੇ ਲਾਲ ਗੁਰਮੁਖ ਸੰਤ ਅਧਿਕਾਰੀ ਦੇਖ ਕੇ ਕਰਮ ਉਪਾਸਨਾ ਗਯਾਨ ਦ੍ਰਿੜ੍ਹਾ ਕੇ ਅਗਯਾਨ ਰੋਗ ਨੂੰ ਕੱਟ ਦੇਂਦੇ ਹਨ, ਬਿਨਾਂ ਅਧਿਕਾਰ ਦੇ ਉਪਦੇਸ਼ ਉਲਟਾ ਕਲੇਸ਼ਦਾਇਕ ਹੁੰਦਾ ਹੈ। ਦਾਨਾ ਘਾਸ ਖੁਆ ਕੇ ਗਊ ਚੋ ਲੈਣ ਵਾਂਗੂ ਸੰਤਾਂ ਦੀ ਸੇਵਾ ਸਤਸੰਗ ਕਰਕੇ ਵੀਚਾਰ ਰੂਪੀ ਦੁੱਧ ਲੱਭਦਾ ਹੈ, ਜਿਸ ਤੇ ਬ੍ਰਹਮ ਗਯਾਨ ਮੱਖਣ ਪ੍ਰਾਪਤ ਹੋ ਜਾਂਦਾ ਹੈ।" ਹਉਮੈ ਨੂੰ ਗੁਰਬਾਣੀ ਵਿਚ ਦੀਰਘ ਰੋਗ ਦੱਸਿਆ ਗਿਆ ਹੈ ਅਤੇ ਕਈ ਵਾਰ ਗੁਰਬਾਣੀ ਪੜ੍ਹਨ-ਸੁਣਨ, ਸੇਵਾ ਕਰਨ, ਜੋੜ-ਮੇਲਿਆਂ 'ਤੇ ਹਾਜ਼ਰੀ ਭਰਨ, ਦਸਵੰਧ ਦੇਣ, ਦਾਨ ਕਰਨ, ਕੜਾਹ-ਪ੍ਰਸ਼ਾਦ ਭੇਂਟ

ਕਰਨ, ਇਮਾਰਤਾਂ ਦੀ ਉਸਾਰੀ ਕਰਾਉਣ, ਸੋਨਾ ਚੜ੍ਹਾਉਣ, ਜੋੜੇ ਝਾੜਨ, ਲੰਗਰ ਵਿਚ ਸੇਵਾ ਕਰਨ, ਭੁੱਖਿਆਂ ਨੂੰ ਰਜਾਉਣ ਅਤੇ ਮਾਇਆ ਪਾਣੀ ਦੀ ਤਰ੍ਹਾਂ ਵਹਾਉਣ ਨਾਲ ਵੀ ਇਹ ਰੋਗ ਦੂਰ ਨਹੀਂ ਹੁੰਦਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਕ ਬਹੁਤ ਹੀ ਮਹੱਤਵਪੂਰਨ ਸਾਖੀ ਰਾਹੀਂ ਇਹ ਸਾਰਾ ਬਿਰਤਾਂਤ ਸਮਝਾਉਂਦੇ ਹਨ ਕਿ "ਕਿਸੇ ਖੂਹ ਵਿਚ ਬਿੱਲੀ ਡਿੱਗ ਪਈ, ਪੁੱਛਣ ਗਏ ਨੂੰ ਪੰਡਤ ਨੇ ਕਿਹਾ, ਬਿੱਲੀ ਕੱਢ ਕੇ ਪੰਜਾਹ ਡੋਲ ਜਲ ਦੇ ਕੱਢ ਦਿਉ, ਓਹਨੂੰ ਬਿੱਲੀ ਕੱਢਣੀ ਯਾਦ ਨਾ ਰਹੀ ਡੋਲ ਪਾਣੀ ਦੇ ਕੱਢ ਛੱਡੇ, ਪਰ ਬਦਬੋ ਨਾ ਗਈ। ਪੰਡਤ ਦੇ ਕਹੇ ਫੇਰ ਸੌ ਡੋਲ ਕੱਢਿਆ, ਏਸੇ ਤਰ੍ਹਾਂ ਫੇਰ ਪੰਜ ਸੌ ਡੋਲ ਕੱਢਿਆ ਪਰ ਬਦਬੋ ਫੇਰ ਭੀ ਨਾ ਗਈ, ਓੜਕ ਬਿੱਲੀ ਕੱਢੀ ਤਾਂ ਜਲ ਪਵਿੱਤ੍ਰ ਤੇ ਸਵਾਦ ਹੋਯਾ ਤੇ ਬਦਬੋ ਗਈ।...ਗੁਰੂ ਜੀ ਨੇ ਬ੍ਰਹਮ ਗਿਆਨ ਰਾਹੀਂ ਅਵਿਦਿਆ ਅਤੇ ਹਉਮੈ 'ਤੇ ਕਾਬੂ ਪਾਉਣ ਲਈ ਕਿਹਾ।" ਗੁਰੂ ਜੀ ਨੇ ਬ੍ਰਹਮ ਗਿਆਨ ਗ੍ਰਹਿਣ ਕਰਨ ਅਤੇ ਪ੍ਰਭੂ-ਪ੍ਰੇਮ ਪੈਦਾ ਕਰਨ 'ਤੇ ਜ਼ੋਰ ਦਿੱਤਾ। ਗਿਆਨ ਅਤੇ ਪ੍ਰੇਮ ਦੇ ਸੁਮੇਲ ਬਾਰੇ ਗੁਰੂ ਜੀ ਨੇ ਦੱਸਿਆ, "ਨਿਰਾ ਘਿਓ ਖਾਧਾ ਹੋਇਆ ਖੰਘ, ਅਪਚੀ ਆਦਿਕ ਅਨੇਕ ਵਿਕਾਰ ਪੈਦਾ ਕਰਦਾ ਹੈ ਤੇ ਮਿਸਰੀ ਨਾਲ ਮਿਲਾ ਕੇ ਖਾਧਾ ਹੋਯਾ ਅਨੇਕ ਗੁਣ ਕਰਦਾ ਹੈ, ਸੋ ਗਯਾਨ ਘ੍ਰਿਤ ਪ੍ਰੇਮਾ ਭਗਤੀ ਮਿਸਰੀ ਹੈ।" ਗੁਰੂ ਜੀ ਦੀ ਸੰਗਤ ਵਿਚ ਰਹਿਣ ਵਾਲੇ ਸਿੱਖ ਦੁਨਿਆਵੀ ਪਦਾਰਥਾਂ ਤੋਂ ਮੁਕਤ ਹੋ ਗਏ ਸਨ ਅਤੇ ਮੌਤ ਨੂੰ ਨਵੇਂ ਜੀਵਨ ਦਾ ਅਰੰਭ ਸਮਝਣ ਲੱਗੇ ਸਨ। ਉਨ੍ਹਾਂ ਦੇ ਮਨ ਵਿਚ ਗੁਰੂ ਪ੍ਰਤੀ ਵਿਸ਼ਵਾਸ ਅਤੇ ਗੁਰੂ ਦੇ ਹੁਕਮ ਅਨੁਸਾਰ ਲੜ ਮਰਨ ਦਾ ਜਜ਼ਬਾ ਭਾਰੂ ਹੋ ਗਿਆ ਸੀ। ਅਜਿਹੀ ਹੀ ਇਕ ਮਿਸਾਲ ਸਾਨੂੰ ਭਾਈ ਬਿਧੀ ਚੰਦ ਦੇ ਜੀਵਨ ਵਿਚ ਦੇਖਣ ਨੂੰ ਮਿਲਦੀ ਹੈ। ਜਦੋਂ ਲਾਹੌਰ ਦੇ ਸੂਬੇ ਦੇ ਤਬੇਲੇ ਵਿੱਚੋਂ ਇਕ ਘੋੜਾ ਲੈ ਕੇ ਭਾਈ ਬਿਧੀ ਚੰਦ ਗੁਰੂ ਸਾਹਿਬ ਕੋਲ ਭਾਈ ਰੂਪੇ ਪਿੰਡ ਪੁੱਜਿਆ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕੁਝ ਮੰਗਣ ਲਈ ਕਿਹਾ। ਇਕ ਸੱਚਾ ਸਿੱਖ ਗੁਰੂ ਜੀ ਕੋਲੋਂ ਕੀ ਮੰਗ ਕਰਦਾ ਹੈ ਉਸ ਦਾ ਵੇਰਵਾ ਦਿੰਦੇ ਹੋਏ ਗਿਆਨੀ ਜੀ ਦੱਸਦੇ ਹਨ ਕਿ ਭਾਈ ਬਿਧੀ ਚੰਦ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ "ਮੁਕਤਿ ਭੁਗਤਿ ਤਾਂ ਪਹਿਲੇ ਹੀ ਪ੍ਰਾਪਤ ਹੈ ਹੋਰ ਝੂਠੇ ਪਦਾਰਥ ਕੀ ਮੰਗਣੇ ਹਨ। ਜੇ ਤੁਠੇ ਹੋ ਤਾਂ ਸਤਿਗੁਰਾਂ ਦਾ ਅੰਗ, ਸਾਧੂ ਦਾ ਸੰਗ, ਨਾਮ ਦਾ ਰੰਗ, ਨਿਸਚਾ ਅਭੰਗ ਬਣਿਆ ਰਹੇ।"

ਗੁਰੂ ਜੀ ਦੇ ਸਰਲ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਗੁਰੂ-ਘਰ ਵਿਖੇ ਜੁੜਨ ਲੱਗੇ ਸਨ। ਮੁਸਲਮਾਨਾਂ ਦਾ ਵੱਡੀ ਗਿਣਤੀ ਵਿਚ ਗੁਰੂ-ਘਰ ਦੇ ਸ਼ਰਧਾਲੂ ਬਣਨਾ ਸ਼ਰ੍ਹਾ ਦੇ ਵਿਸ਼ਵਾਸੀਆਂ ਲਈ ਖ਼ਤਰੇ ਦੀ ਘੰਟੀ ਸੀ ਅਤੇ ਉਨ੍ਹਾਂ ਨੇ ਸਮੇਂ ਦੇ ਬਾਦਸ਼ਾਹਾਂ ਨੂੰ ਗੁਰੂ-ਘਰ ਦੇ ਵਿਰੁੱਧ ਭੜਕਾਉਣ ਦਾ ਕਾਰਜ ਕੀਤਾ ਸੀ। ਇਸ ਪ੍ਰਸੰਗ ਵਿਚ ਕੌਲਾਂ ਦਾ ਨਾਂ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਕੌਲਾਂ ਇਕ ਕਾਜ਼ੀ ਦੀ ਬੇਟੀ ਅਤੇ ਗੁਰੂ-ਘਰ ਦੀ ਸ਼ਰਧਾਲੂ ਸੀ। ਕਾਜ਼ੀ ਨੇ ਸ਼ਰ੍ਹਾ ਵਿਚ ਈਮਾਨ ਰੱਖਦੇ ਹੋਏ ਹੋਰਨਾਂ ਕਾਜ਼ੀਆਂ ਵੱਲੋਂ ਉਸ ਦੇ ਖ਼ਿਲਾਫ਼ ਫ਼ਤਵਾ ਜਾਰੀ ਕਰਵਾ ਦਿੱਤਾ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਿਆ ਤਾਂ ਉਨ੍ਹਾਂ ਨੇ ਕੌਲਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੋਲ ਭੇਜ ਦਿੱਤਾ ਸੀ। ਉਸ ਤੋਂ

ਬਾਅਦ ਕੌਲਾਂ ਨੇ ਆਪਣਾ ਸਾਰਾ ਜੀਵਨ ਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਹੀ ਗੁਜ਼ਾਰ ਦਿੱਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ਼ਾਂਤਮਈ ਜੀਵਨ-ਜਾਚ ਦੇ ਮੁਦੱਈ ਸਨ ਪਰ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਦੀ ਚੜ੍ਹਦੀ ਕਲਾ ਅਤੇ ਦਿਨੋਂ-ਦਿਨ ਵਧ ਰਹੀ ਸੰਗਤ ਦੀ ਹਾਜ਼ਰੀ ਤੋਂ ਘਬਰਾ ਰਹੇ ਸਨ। ਗੁਰੂ-ਘਰ ਨਾਲ ਈਰਖਾ ਰੱਖਣ ਵਾਲੇ ਹਿੰਦੂਆਂ ਅਤੇ ਮੁਸਲਮਾਨ ਵਿਰੋਧੀਆਂ ਵੱਲੋਂ ਗੁਰੂ ਸਾਹਿਬ ਵਿਰੁੱਧ ਸਾਂਝੇ ਯਤਨ ਅਰੰਭ ਕੀਤੇ ਗਏ । ਗੁਰੂ ਜੀ ਕਿਸੇ ਵੀ ਤਰ੍ਹਾਂ ਨਾਲ ਜੰਗਾਂ-ਯੁੱਧਾਂ ਦੇ ਹੱਕ ਵਿਚ ਨਹੀਂ ਸਨ ਪਰ ਜੇਕਰ ਕੋਈ ਉਨ੍ਹਾਂ ਵਿਰੁੱਧ ਲੜਾਈ ਦੀ ਮਨਸ਼ਾ ਅਧੀਨ ਆਪ ਚੱਲ ਆਇਆ ਤਾਂ ਉਸ ਵਿਰੁੱਧ ਜੂਝਣ ਦਾ ਪ੍ਰਣ ਕਰਦੇ ਹੋਏ ਉਨ੍ਹਾਂ ਨੇ ਸਿੱਖਾਂ ਨੂੰ ਆਦੇਸ਼ ਕਰ ਦਿੱਤਾ:

ਜੋ ਚੜ੍ਹਿ ਆਵੈ ਤਿਸ ਨਾਲਿ ਜੁੱਧ ਕਰਨਾ। ਲੜਨਾ ਮਾਰਨਾ ਜ਼ਰਾ ਨ ਡਰਨਾ।

(ਭਾਈ ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ ੬.੧੨੯)

ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ ਕਿ ਜੰਗਾਂ-ਯੁੱਧਾਂ ਵਿਚ ਆਮ ਲੋਕਾਂ ਦੀ ਕੀ ਹਾਲਤ ਹੁੰਦੀ ਹੈ। ਲੇਖਕ ਦੱਸਦਾ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਬਾਰੇ ਜਾਣਕਾਰੀ ਰੱਖਣ ਵਾਲੇ ਗੁਰੂ ਜੀ ਨੇ "ਡਿੱਗੇ ਹੋਏ, ਹਥਿਆਰਹੀਨ, ਬਾਲਕ, ਬ੍ਰਿਧ, ਰੋਗੀ, ਸ਼ਰਨਾਗਤ, ਇਸਤ੍ਰੀ 'ਤੇ ਵਾਰ ਕਰਨ ਤੋਂ ਮਨ੍ਹਾ ਕਰ ਦਿੱਤਾ।" ਛੋਟੀਆਂ-ਮੋਟੀਆਂ ਝੜਪਾਂ ਤੋਂ ਇਲਾਵਾ ਗੁਰੂ ਜੀ ਨੂੰ ਚਾਰ ਵੱਡੇ ਯੁੱਧ-ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, ਮਹਿਰਾਜ, ਕਰਤਾਰਪੁਰ, ਕਰਨੇ ਪਏ ਅਤੇ ਹਰ ਯੁੱਧ ਵਿਚ ਉਨ੍ਹਾਂ ਨੂੰ ਸਫਲਤਾ ਮਿਲੀ। ਲੇਖਕ ਦੱਸਦਾ ਹੈ ਕਿ ਯੁੱਧ ਜਿੱਤਣ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 'ਜੈ ਹੋਈ ਸਤਿਗੁਰ ਨਾਨਕ ਦੇਵ ਜੀ ਦੀ' ਦਾ ਜੈਕਾਰਾ ਛੱਡਦੇ ਸਨ। ਇਨ੍ਹਾਂ ਯੁੱਧਾਂ ਵਿਚ ਅਕਾਲ ਪੁਰਖ ਦਾ ਓਟ-ਆਸਰਾ ਲੈਂਦੇ ਹੋਏ ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਸਿੱਖਾਂ ਨੇ ਅਨੇਕਾਂ ਜੌਹਰ ਦਿਖਾਏ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਆਖਰੀ ਸਵਾਸਾਂ ਤਕ ਜੂਝਦੇ ਹੋਏ ਸ਼ਹੀਦ ਹੋ ਗਏ। ਲੇਖਕ ਨੇ ਬਹੁਤ ਸਾਰੇ ਸਿੱਖਾਂ ਦੇ ਨਾਂ ਦਿੱਤੇ ਹਨ ਜਿਹੜੇ ਗੁਰੂ ਜੀ ਦੀ ਸੇਵਾ ਵਿਚ ਆਏ ਅਤੇ ਗੁਰੂ ਆਦੇਸ਼ ਅਨੁਸਾਰ ਆਪਣਾ ਜੀਵਨ ਧਰਮ ਦੀ ਰੱਖਿਆ ਲਈ ਲਾ ਦਿੱਤਾ। ਜਿਹੜੇ ਸਿੱਖਾਂ ਦੇ ਨਾਂ ਲੇਖਕ ਨੇ ਦੱਸੇ ਹਨ ਉਹ ਇਸ ਪ੍ਰਕਾਰ ਹਨ- ਅਘੜੀ, ਅਜਿੱਤਾ, ਅਬਦੁਲਾ ਢਾਢੀ, ਅਮੀਆ, ਆਕਲ, ਅੱਬਲਖੈਰ ਗਿਲ, ਸਕਤੂ, ਸਨਮੁਖ, ਸਰਹਾਲੀ, ਸਰਨਾ, ਸਰਮੁਖਦੇਊ, ਸਰਾਫ, ਸੁਲੇਮਸ਼ਾਹ (ਭਾਈ), ਸਾਧੂ, ਸਾਂਈ ਦਾਸ, ਸਿੰਘਾ, ਸੀਤਲ ਦਾਸ (ਦੀਵਾਨ), ਸੰਤੂ, ਸੁੰਦਰ, ਸੁੰਦਰਦਾਸ (ਪੂਰਬੀਆ), ਸੁਰਤੀਆ (ਮਸੰਦ), ਸੂਰਾ, ਸੂਬਾ, ਸੇਠੀ ਖੜ੍ਰੀ, ਸੇਮਾ, ਸੇਵਾ ਦਾਸ, ਸੋਢੀ ਬਦਲੀ, ਸੋਧਾ, ਸੋਭਾ, ਸ਼ੀਹਾਂ, ਸ਼ੀਹਾਂ (ਚੌਧਰੀ), ਸ਼ੇਰੂ (ਭਾਈ), ਹਰਦਾਸ, ਕਟਾਰੂ, ਕਟਾਰਾ, ਕਪੂਰ ਢਿੱਲੋਂ, ਕਰਮ ਚੰਦ, ਕਰੋੜੀ, ਕਲਯਾਨ ਚੰਦ, ਕਲਿਆਣਾ, ਕਾਲਾ, ਕਾਲੀਦੀਨ, ਕੀਰਤ ਚੰਦ, ਕੁਸਾਲੀ ਗਿੱਲ, ਕੌਲਾਂ, ਕੱਟੂ ਸ਼ਾਹ, ਕ੍ਰਿਸ਼ਨਾ, ਕ੍ਰਿਸ਼ਨਾ ਝੰਜੀ ਖੜ੍ਰੀ, ਖ਼ੁਸ਼ਹਾਲੀ ਗਿੱਲ (ਭਾਈ), ਖੇਮਾ, ਗੜ੍ਹੀਆ (ਮਸੰਦ), ਗੁਰਦਾਸ (ਭਾਈ), ਗੋਤੀ, ਗੋਪਾਲ ਸੇਠ, ਗੋਪਾਲਾ ਖੜ੍ਰੀ, ਗੰਗੂ ਸਿੰਘ (ਵੈਰਾਗੀ), ਗੱਜਣ, ਚੂਹੜ, ਜਗਨਾ, ਜਮਾਲ, ਜਮਾਲ ਖ਼ਾਂ ਰਾਜਪੂਤ, ਜਵੰਦਾ, ਜੀਉਣ, ਜੀਵਾ,

ਜੇਠਾ, ਜੈਤਾ, ਜੈਤਾ ਸ਼ੇਰ, ਜੋਤਾ, ਜੋਧ ਸ਼ਾਹ, ਜੱਟੂ, ਜੱਲਾ, ਝੰਡਾ, ਝੰਡੂ, ਤਖ਼ਤ ਤੀਰਥਾ, ਤਖ਼ਤਾ, ਤਖ਼ਤੂ, ਤਖਲੂ ਢਿੱਲੋਂ, ਤਲੋਕ ਚੰਦ ਰਸਾਲਦਾਰ, ਤਾਰਾ ਚੰਦ, ਤਿਲੋਕਾ (ਭਾਈ), ਤੀਰਥੀਆ, ਤੁਲਸੀ, ਤੋਤਾ, ਥੰਮਣ, ਥੰਮਣ ਖਤ੍ਰੀ, ਦਰਗਾਹੀ, ਦਾਨਾ ਚੰਦ, ਦਿਆਲ ਚੰਦ, ਦਿਆਲਾ, ਦਿਲਵਾਲੀ, ਦੀਪ ਚੰਦ, ਦੀਪਾ, ਦੁੱਲਟ, ਦੇਵੀ ਸਿੰਘ, ਦੇਵੀ ਦਾਸ, ਧੀਰੋ (ਭਾਈ), ਨਵਲਾ ਨਿਹਾਲੂ, ਨਾਨੋ, ਨਿਹਾਲੂ, ਨੰਦ ਚੰਦ, ਨੰਦ ਲਾਲ ਸੋਹਣਾ, ਨੰਦਾ, ਪਰਸ ਰਾਮ (ਖਨਵਾਲਾ), ਪਰਸਾ, ਪਰਸੂ, ਪਰਾਗਾ, ਪਰੋਹਤ ਸਿੰਘ, ਪਿਰਾਣਾ, ਪ੍ਰਿਥੀਆ (ਭਾਈ), ਪੈੜਾ, ਪੈਂਦੇ ਖਾਂ, ਪੰਜਾਬ, ਪੰਮੂ ਪੁਰੀ ਖਤ੍ਰੀ, ਪੱਲਾ (ਚੌਧਰੀ) ਪ੍ਰਤਾਪ ਸਿੰਘ ਰਾਜਪੂਤ (ਰਾਣਾ), ਪ੍ਰੇਮਾ, ਫਿਰਣਾ, ਫਤੂਹੀ ਗਰੇਵਾਲ (ਸਰਦਾਰ), ਫ਼ਤੇ ਮੁਹੰਮਦ, ਬਹਾਦਰ ਸਿੰਘ, ਬਹਿਲ ਖਤ੍ਰੀ (ਬਟਾਲੇ ਵਾਲਾ), ਬਹਿਲੋ, ਬਖ਼ਤ ਮੱਲ, ਬਖ਼ਤਾ, ਬਘੇਲਾ ਭੁੱਲਰ, ਬਘੇੜਾ ਨਾਹਰ ਸੰਧੂ, ਬਡਭਾਗਾ, ਬਾਗਾ, ਬਾਵਕ, ਬਾਵਕ ਰਬਾਬੀ, ਬਿਧੀ ਚੰਦ, ਬੁਲਾਕਾ, ਬੁੱਢਣ ਸ਼ਾਹ, ਬੁੱਢਾ (ਬਾਬਾ), ਬੂਲਾ, ਬੋਦਲਾ, ਭਗਤ, ਭਗਤਾ, ਭਗਤੂ, ਕਿਦਾਰਾ, ਭਗਵਾਨਾ, ਭਗੀਰਥੀਆ, ਭਾਗ ਭਰੀ, ਭਾਗ ਮੱਲ (ਰਾਇ), ਭਾਗਾ, ਭਾਗੂ, ਭਾਗੂ ਸਾਵਲ, ਭਾਨਾ, ਭਾਲਾ, ਭੂਰਾ, ਭੂੰਦੜ (ਭਾਈ), ਭੂੰਦੜਾ, ਭੋਮਾ, ਭੰਡਾਰੀ, ਭੱਲਣ, ਭੱਲਣ ਬਰਾੜ, ਮਥਰਾ, ਮੁਨਸ਼ੀ, ਮੁਰਾਰੀ, ਮਲਕ ਜਾਤੀ, ਮਾਹਿਲ, ਮਾਲੂ, ਮਿੱਤੂ, ਮੁਰਾਰੀ, ਮੇਹਰਾ (ਭਾਈ), ਮੇਹਰਾ ਸੇਖੋਂ, ਮੋਹਨ, ਮੋਹਰੂ, ਮੋਖਾ, ਮੋਲਕ, ਮੰਜ, ਰਾਇ, ਰਾਇ ਜੋਧ, ਰਾਜੂ, ਰਾਮਾ (ਬੈਦ), ਰਾਮਾ ਅਰੋੜਾ, ਰਾਮੋ, ਰੁੜੇਕਾ, ਰੂਪਾ (ਭਾਈ), ਰੂਪਾ ਬਲੋਲ, ਰੋਸ਼ਨ (ਕਸ਼ਮੀਰੀ), ਲਟਕਟ, ਲਾਲ ਕੌੜਾ (ਚੌਧਰੀ), ਲਾਲਾ, ਲਾਲੂ ਬਾਲੂ ਦੀਵਾਨ, ਲੰਗਾਹਾ, ਲੱਖਾ ਨਗਾਰਚੀ, ਲੱਖੂ ਸੁਨੀਤਾ।

ਜੰਗਾਂ-ਯੁੱਧਾਂ ਵਿਚ ਸ਼ਹੀਦ ਹੋਏ ਸਿੱਖਾਂ ਅਤੇ ਮੁਸਲਮਾਨਾਂ ਦੇ ਸਰੀਰ ਉਨ੍ਹਾਂ ਦੇ ਅਕੀਦੇ ਅਨੁਸਾਰ ਅੰਤਮ ਸੰਸਕਾਰ ਕਰ ਦਿੱਤੇ ਜਾਂਦੇ ਸਨ। ਇੱਥੋਂ ਤਕ ਕਿ ਦੁਸ਼ਮਣਾਂ ਦੀਆਂ ਲੋਥਾਂ ਨੂੰ ਵੀ ਉਨ੍ਹਾਂ ਦੀ ਰੀਤ ਅਨੁਸਾਰ ਦਫ਼ਨਾ ਦਿੱਤਾ ਜਾਂਦਾ ਸੀ। ਝੂਠ ਦਾ ਪੱਲਾ ਫੜ ਗੁਰੂ ਜੀ ਵਿਰੁੱਧ ਚੜ੍ਹ ਆਏ ਸਮੂਹ ਹਮਲਾਵਰਾਂ ਦਾ ਇੱਕੋ ਜਿਹਾ ਹਸ਼ਰ ਹੋਇਆ ਸੀ ਪਰ ਗੁਰੂ ਜੀ ਦੇ ਮਨ ਵਿਚ ਕਿਸੇ ਦੇ ਪ੍ਰਤੀ ਵੀ ਅਜਿਹਾ ਗਿਲਾ ਨਹੀਂ ਸੀ ਜਿਹੜਾ ਧਰਮ ਦੇ ਪੈਰੋਕਾਰਾਂ ਤਕ ਸਦੀਵ ਕਾਲ ਤਕ ਕਾਇਮ ਰਹਿਣ ਵਾਲਾ ਹੋਵੇ। ਜਿਸ ਨੇ ਵੀ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰੀ ਲਵਾਈ, ਉਸ ਨੂੰ ਗੁਰੂ ਜੀ ਨੇ ਗਲ ਨਾਲ ਲਾ ਕੇ ਸਦਾ ਲਈ ਜਿੱਤ ਲਿਆ। ਲੇਖਕ ਵਜ਼ੀਰ ਰਾਹੀਂ ਬਾਦਸ਼ਾਹ ਨੂੰ ਗੁਰੂ ਜੀ ਦੀਆਂ ਜਿੱਤਾਂ ਦਾ ਵਰਣਨ ਕਰਦਾ ਹੋਇਆ ਦੱਸਦਾ ਹੈ:

੧. ਸ਼ਾਹੀ ਫ਼ੌਜ ਜਾਨ ਬਚਾ ਕੇ ਲੜਦੀ ਹੈ। ਸਿੱਖਾਂ ਨੇ ਤਨ, ਮਨ, ਧਨ ਗੁਰੂ ਅਰਪਣ ਕਰ ਛੱਡਿਆ ਹੈ। ਉਹ ਗੁਰੂ ਦੀ ਖੁਸ਼ੀ ਹਾਸਲ ਕਰਨ ਲਈ ਵਧ-ਵਧ ਕੇ ਲੜਦੇ ਹਨ। ਜਿਸ ਨੂੰ ਮੌਤ ਦਾ ਭੈਅ ਨਹੀਂ ਉਹ ਇੱਕੋ ਹੀ ਦਸ-ਦਸ ਨੂੰ ਭਜਾ ਸਕਦਾ ਹੈ।

੨. ਸ਼ਾਹੀ ਸਿਪਾਹੀ ਆਪਣੇ ਆਪ ਨੂੰ ਨੌਕਰ ਮੰਨਦੇ ਹਨ ਤੇ ਸਿੱਖ ਆਪਣੇ ਆਪ ਨੂੰ ਜੰਗ ਦਾ ਮਾਲਕ ਸਮਝਦੇ ਹਨ।

੩. ਸ਼ਾਹੀ ਸਿਪਾਹੀ ਇਹ ਖਿਆਲ ਕਰ ਲੈਂਦੇ ਹਨ ਕਿ ਬਾਦਸ਼ਾਹ ਬਹੁਤ ਕਰੂ ਨੌਕਰੀ ਤੋਂ ਹਟਾ ਦੇਊ, ਹੋਰ ਕੁਝ ਕੰਮ ਕਰਕੇ ਗੁਜ਼ਾਰਾ ਕਰ ਲਵਾਂਗੇ। ਜਾਨ ਨਾਲ ਹੀ ਜਹਾਨ ਹੈ, ਮਰ ਗਏ ਤਾਂ ਪਿੱਛੇ ਬਾਲ-ਬੱਚਾ ਭੁੱਖਾ ਮਰ ਜਾਏਗਾ। ਸਿੱਖ ਇਨ੍ਹਾਂ ਖ਼ਿਆਲਾਂ ਤੋਂ ਪਾਕ ਹਨ।

੪. ਗੁਰੂ ਜੀ ਦੁਸ਼ਮਣ ਦੇ ਜ਼ਖ਼ਮੀ, ਹਾਰੇ ਹੋਏ ਜਾਂ ਈਨ ਮੰਨ ਚੁੱਕੇ ਫ਼ੌਜੀਆਂ ਨੂੰ ਕੁਝ ਨਹੀਂ ਕਹਿੰਦੇ ਬਲਕਿ ਉਨ੍ਹਾਂ ਨੂੰ ਵੀ ਰਾਜ਼ੀ ਕਰਕੇ ਛੱਡ ਦਿੰਦੇ ਹਨ।

੫. ਜਿਵੇਂ ਤੁਸੀ ਆਪਣੇ ਆਗਿਆਕਾਰੀ ਅਤੇ ਲਾਇਕ ਆਦਮੀ ਦਾ ਪੱਖ ਪਾਲਦੇ ਹੋ ਉਸੇ ਤਰ੍ਹਾਂ ਖ਼ੁਦਾਵੰਦ ਕਰੀਮ ਵੀ ਆਪਣੇ ਸੱਚੇ ਸੰਤਾਂ-ਭਗਤਾਂ ਦੀ ਹਰ ਤਰ੍ਹਾਂ ਮਦਦ, ਪਾਲਣਾ ਕਰਕੇ ਲਾਜ ਰੱਖਦਾ ਹੈ ਤੇ ਉਨ੍ਹਾਂ ਦੀ ਬੇਨਤੀ ਮੰਨ ਲੈਂਦਾ ਹੈ। ਸੋ ਜਦ ਆਪ ਖੁਦਾ ਉਨ੍ਹਾਂ ਵੱਲ ਹੋਇਆ ਤਾਂ ਫੇਰ ਬੰਦਿਆਂ ਦੀ ਕੀ ਪੇਸ਼ ਜਾਏ।

ਹਰ ਯੁੱਧ ਵਿਚ ਦੁਸ਼ਮਣ ਇਸ ਆਸ ਨਾਲ ਗੁਰੂ ਜੀ 'ਤੇ ਹਮਲਾ ਕਰਦਾ ਸੀ ਕਿ ਗੁਰੂ ਜੀ ਦੇ ਨਾਲ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਅਤੇ ਉਨ੍ਹਾਂ ਨੂੰ ਅਸਾਨੀ ਨਾਲ ਜਿੱਤਿਆ ਜਾ ਸਕਦਾ ਹੈ। ਪਰ ਯੁੱਧ ਵਿਚ ਸਾਹਮਣੇ ਆ ਜਾਣ 'ਤੇ ਦੁਸ਼ਮਣ ਸਿੱਖਾਂ ਦੀ ਭਾਰੀ ਗਿਣਤੀ ਦੇਖ ਕੇ ਹੈਰਾਨ ਰਹਿ ਜਾਂਦੇ ਸਨ। ਇਸ ਦਾ ਵੱਡਾ ਕਾਰਨ ਸੀ ਕਿ ਗੁਰੂ ਜੀ ਲੋਕਾਂ ਦੇ ਧਾਰਮਿਕ ਆਗੂ ਸਨ ਅਤੇ ਲੱਗਭਗ ਹਰ ਪਿੰਡ ਵਿਚ ਉਨ੍ਹਾਂ ਦੇ ਸ਼ਰਧਾਲੂ ਮੌਜੂਦ ਸਨ। ਇਨ੍ਹਾਂ ਸ਼ਰਧਾਲੂਆਂ ਵਿਚ ਬਹੁਤ ਸਾਰੇ ਚੌਧਰੀ ਅਤੇ ਸਰਦਾਰ ਵੀ ਸ਼ਾਮਲ ਸਨ ਜਿਹੜੇ ਗੁਰੂ ਜੀ 'ਤੇ ਹਮਲਾ ਹੋਣ ਦੀ ਖ਼ਬਰ ਮਿਲਦੇ ਹੀ ਆਪਣੇ ਆਦਮੀਆਂ ਸਮੇਤ ਯੁੱਧ ਦੇ ਮੈਦਾਨ ਵਿਚ ਆ ਡਟਦੇ ਸਨ। ਯੁੱਧ ਦੇ ਆਸਪਾਸ ਦੇ ਪਿੰਡਾਂ ਵਿਚ ਸ਼ਰਧਾਲੂਆਂ ਦੀ ਮੌਜੂਦਗੀ ਹੋਣ 'ਤੇ ਲੰਗਰ-ਪ੍ਰਸ਼ਾਦੇ, ਪਾਣੀ, ਮੱਲ੍ਹਮ-ਪੱਟੀ ਆਦਿ ਦੀ ਕਦੇ ਥੁੜ੍ਹ ਨਹੀਂ ਸੀ ਰਹਿੰਦੀ। ਸਥਾਨਕ ਵੱਸੋਂ ਆਮ ਤੌਰ 'ਤੇ ਆਸਪਾਸ ਦੇ ਭੂਗੋਲਿਕ ਖਿੱਤੇ ਦੀ ਜਾਣਕਾਰੀ ਦੇ ਨਾਲ-ਨਾਲ ਇਲਾਕਾਈ ਜਲਵਾਯੂ ਦੀ ਆਦੀ ਹੁੰਦੀ ਹੈ ਜਿਸ ਦਾ ਫਾਇਦਾ ਮਿਲਣਾ ਸੁਭਾਵਕ ਹੁੰਦਾ ਹੈ। ਸ੍ਰੀ ਅੰਮ੍ਰਿਤਸਰ ਦੇ ਯੁੱਧ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤਾ ਸਮਾਂ ਮਾਲਵੇ ਵਿਚ ਬਤੀਤ ਹੋਇਆ ਅਤੇ ਬਹੁਤ ਸਾਰੇ ਸਥਾਨਾਂ 'ਤੇ ਉਨ੍ਹਾਂ ਦੇ ਯਾਦਗਾਰੀ ਅਸਥਾਨ ਬਣੇ ਹੋਏ ਹਨ। ਜਿਨ੍ਹਾਂ ਪਿੰਡਾਂ ਅਤੇ ਨਗਰਾਂ ਨੂੰ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਹੈ ਉਨ੍ਹਾਂ ਵਿੱਚੋਂ ਕੁਝ ਇਕ ਦੇ ਨਾਂ ਲੇਖਕ ਨੇ ਇਸ ਪ੍ਰਕਾਰ ਦਿੱਤੇ ਹਨ- ਅਕੋਈ, ਅਲੂਣਾ ਈਸੜੂ, ਆਗਰਾ, ਐਬਟਾਬਾਦ, ਸ੍ਰੀ ਅੰਮ੍ਰਿਤਸਰ, ਇਕਲਾਹਾ, ਸਿਧਵਾਂ, ਸਿਧਾਰ, ਸੁਲਤਾਨਪੁਰ, ਸੋਤਰ, ਸੰਘੋਲ, ਸ੍ਰੀ ਨਗਰ, ਹਸਨ ਅਬਦਾਲ, ਹਠੂਰ, ਹਰਿਗੋਬਿੰਦਪੁਰ, ਹਾਫ਼ਜ਼ਾਬਾਦ, ਕਸ਼ਮੀਰ, ਕਮਾਲਪੁਰ, ਕਰਤਾਰਪੁਰ, ਕਾਂਗੜ, ਕੀਰਤਪੁਰ, ਕੁਹਾਲਾ, ਕੁਰਖੇਤ੍ਰ, ਕੈਣ, ਕੋਟੜਾ, ਖਡੂਰ ਸਾਹਿਬ, ਖਮਾਣੋ, ਖਾਈ, ਗਰੰਟੀ, ਗਵਾਲੀਅਰ, ਗੜ੍ਹ ਮੁਕਤੇਸ਼ਵਰ, ਗਿਲ, ਗੁਜਰਾਤ, ਗੁਜਰਵਾਲ, ਗੁਮਟਾਲਾ, ਗੋਇੰਦਵਾਲ, ਘਰਾਣੀ, ਘੁਮਾਣ, ਚਪਰਾੜ, ਚਮਕੌਰ, ਚੰਬਾ, ਛਪਾਰ, ਜੀਂਦ (ਪਿੰਡ), ਜ਼ੀਰਾ, ਜੰਡਿਆਲੀ, ਝਬਾਲ, ਡਮਰਾ, ਡਰੌਲੀ, ਡੁਮੇਲੀ, ਡੋਡ ਮਲੂਕਾ, ਢਬਾਲੀ, ਤਰਨਤਾਰਨ, ਤਲਵੰਡੀ, ਥਾਨੇਸਰ, ਦਰਾਜ, ਦੁਰਗਾਪੁਰ, ਧਮਦਾ, ਨਾਨਕਮਤਾ, ਨੋਪੋ, ਪਿਪਲੀ ਸਾਹਿਬ, ਪੱਖੋ, ਬਕਾਲਾ,

ਬਲਾਲਾ, ਬਾਰਠ, ਬਾਰਾਂ ਮੂਲਾ, ਬੈਰਾਮ, ਭਕਨਾ ਪਿੰਡ, ਭਦੌੜ, ਭੜਾਨਾ, ਮਹਿਰਾਜ, ਮਜਨੂੰ ਕਾ ਟਿੱਲਾ (ਦਿੱਲੀ), ਮਟਵੀਂ, ਮਦੋ, ਮਨੌਲੀ, ਮਾਹਿਲ, ਮਾੜੀ, ਮੀਰਪੁਰ ਚੌਂਪਕ, ਮੁਜੰਗ, ਮੁਜ਼ੱਫਰਾਬਾਦ, ਮੰਧਰ, ਮੰਡਾਲੀ (ਮੰਡਯਾਲੀ), ਮੱਲਾ, ਰਾੜਾ, ਰਾਵਲਪਿੰਡੀ, ਰੋਡੇ, ਰੋਪੜ, ਰੂਪਾ (ਭਾਈ), ਲਹਿਰਾ, ਲਾਹੌਰ, ਲੋਪੇ, ਲੰਡੇ, ਵਟਾਲਾ, ਵਡਾਲੀ, ਵੱਡਾ ਘਰ, ਵਜ਼ੀਰਾਬਾਦ ਆਦਿ। ਮਾਲਵੇ ਵਿਚ ਵਿਚਰਦੇ ਹੋਏ ਗੁਰੂ ਜੀ ਅਕਸਰ ਆਪਣੇ ਸਿੱਖਾਂ ਦੇ ਘਰਾਂ ਵਿਚ ਚਲੇ ਜਾਇਆ ਕਰਦੇ ਸਨ ਅਤੇ ਸਿੱਖ ਪ੍ਰੇਮ ਨਾਲ ਜੋ ਕੁਝ ਗੁਰੂ ਜੀ ਨੂੰ ਪਰੋਸ ਦਿੰਦੇ ਸਨ, ਗੁਰੂ ਜੀ ਛਕ ਕੇ ਬਖ਼ਸ਼ਿਸ਼ਾਂ ਕਰ ਦਿੰਦੇ ਸਨ। ਕੜਾਹ, ਚੂਰੀ, ਖੀਰ, ਆਦਿ ਤੋਂ ਇਲਾਵਾ ਲੇਖਕ ਨੇ ਮਾਲਵੇ ਵਿਚ ਪੈਦਾ ਹੁੰਦੀਆਂ ਜਿਹੜੀਆਂ ਫਲ ਸਬਜ਼ੀਆਂ ਦਾ ਵਰਣਨ ਕੀਤਾ ਹੈ, ਉਨ੍ਹਾਂ ਵਿੱਚੋਂ ਪ੍ਰਮੁੱਖ ਹਨ- ਚਿੱਬੜ, ਮੋਠ ਫਲੀ, ਮੋਠ ਬਾਜਰੀ, ਬਾਜਰਾ, ਗੁਵਾਰਾ, ਜੰਡ ਫਲੀ, ਡੇਲੇ, ਟਿੰਡੇ, ਫੁੱਟਾਂ, ਮਤੀਰੇ ਆਦਿ।

ਲੇਖਕ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਪੇਸ਼ ਕਰਦਾ ਵਿਸਤ੍ਰਿਤ ਬਿਰਤਾਂਤ ਪੇਸ਼ ਕੀਤਾ ਹੈ। ਉਸ ਨੇ ਆਪਣੀ ਰਚਨਾ ਨੂੰ ਹੋਰ ਵਧੇਰੇ ਰੌਚਿਕਤਾ ਪ੍ਰਦਾਨ ਕਰਨ ਲਈ ਮੁਹਾਵਰਿਆਂ ਦੀ ਵੀ ਵਰਤੋਂ ਕੀਤੀ ਹੈ। ਇਹ ਮੁਹਾਵਰੇ ਰਚਨਾ ਨੂੰ ਗਹਿਣਿਆਂ ਵਾਂਗ ਸ਼ਿੰਗਾਰ ਦਿੰਦੇ ਹਨ। ਲੇਖਕ ਆਪ ਵੀ ਮਾਲਵੇ ਦੇ ਇਲਾਕੇ ਨਾਲ ਸੰਬੰਧਿਤ ਸੀ ਅਤੇ ਉਸ ਨੂੰ ਇੱਥੇ ਬੋਲੇ ਜਾਂਦੇ ਮੁਹਾਵਰਿਆਂ ਦੀ ਦੀਰਘ ਜਾਣਕਾਰੀ ਸੀ। ਇਸ ਤੋਂ ਇਲਾਵਾ ਬਾਹਰ ਦੇ ਇਲਾਕਿਆਂ ਵਿਚ ਵੀ ਉਸ ਨੇ ਆਪ ਘੁੰਮ-ਫਿਰ ਕੇ ਗੁਰੂ ਸਾਹਿਬਾਨ ਦੇ ਇਤਿਹਾਸ ਦੀ ਖੋਜ ਕੀਤੀ ਹੈ ਅਤੇ ਜਿੱਥੇ ਕਿਧਰੇ ਵੀ ਉਸ ਨੂੰ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਕੋਈ ਪੰਕਤੀ ਪ੍ਰਾਪਤ ਹੋਈ ਉਸ ਨੇ ਅੰਕਿਤ ਕਰ ਦਿੱਤੀ। ਇਸ ਤੋਂ ਇਲਾਵਾ ਉਸ ਨੇ ਵੱਖ-ਵੱਖ ਇਲਾਕਿਆਂ ਵਿੱਚੋਂ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਹੋ ਸਕਦਾ ਹੈ ਕਿ ਲੇਖਕ ਦੇ ਬਿਰਤਾਂਤ ਵਿਚ ਜਿਹੜੇ ਨਾਂ ਆਏ ਹਨ ਉਹ ਪਹਿਲਾਂ ਕਿਧਰੇ ਕਲਮਬੰਦ ਨਾ ਹੋਏ ਹੋਣ। ਇਸ ਦਾ ਕਾਰਨ ਇਹ ਹੈ ਕਿ ਲੇਖਕ ਨੇ ਪਿੰਡਾਂ ਅਤੇ ਪਰਿਵਾਰਾਂ ਵਿਚ ਸੀਨਾ-ਬਸੀਨਾ ਚਲੀਆਂ ਆਉਂਦੀਆਂ ਬਹੁਤ ਸਾਰੀਆਂ ਸਾਖੀਆਂ ਨੂੰ ਸੁਣਿਆ ਹੈ ਅਤੇ ਉਹੀ ਨਾਂ ਉਸ ਨੇ ਆਪਣੀ ਰਚਨਾ ਵਿਚ ਵੀ ਦਿੱਤੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਿਰਤਾਂਤ ਵਿਚ ਉਸ ਨੇ ਜਿਹੜੇ ਮੁਹਾਵਰਿਆਂ ਦੀ ਵਰਤੋਂ ਕੀਤੀ ਹੈ ਉਹ ਇਸ ਪ੍ਰਕਾਰ ਹਨ:

"ਸ਼ਾਹ ਦੌਲਾ ਮੌਲਾ ਦਾ ਫ਼ਕੀਰ-ਗੁਜਰਾਤ ਬਸੇ ਬੇਪੀਰ, ਆਸਾਂ ਪਰਬਤ ਜੇਡੀਆਂ ਮੌਤ ਤਣਾਵਾਂ ਹੇਠ, ਵਧੀ ਵੇਲਿ ਬਹੁ ਪੀੜੀ ਚਾਲੀ, ਦੁਸ਼ਮਣ ਬਾਤ ਕਰੇ ਅਣਹੋਣੀ, ਸਾਧੂ ਬੋਲੇ ਸਹਿਜ ਸੁਭਾਏ-ਸਾਧੂ ਕਾ ਬੋਲਿਆ ਬਿਰਥਾ ਨਾ ਜਾਇ, ਅੱਗ ਨੂੰ ਆਈ ਘਰ ਵਾਲੀ ਹੋ ਬੈਠੀ, ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿੱਕਾ, ਜੱਟ ਕਮਲਾ ਖੁਦਾ ਨੂੰ ਚੋਰ, ਬਿਧੀ ਚੰਦ ਛੀਨਾ ਗੁਰੂ ਕਾ ਸੀਨਾ, ਪ੍ਰੇਮ ਭਗਤ ਲੀਨਾ ਕਦੇ ਕਮੀ ਨਾ, ਹੱਥ ਕਾਰ ਵੰਨੀ ਚਿੱਤ ਯਾਰ ਵੰਨੀ ਹੈ, ਸੱਚ ਬੋਲਿਆਂ ਭਾਂਬੜ ਮਚਦਾ ਹੈ, ਉਲਟਾ ਚੋਰ ਕੋਤਵਾਲ ਕੋ ਡਾਂਟੇ, ਸਕਤੇ ਦਾ ਸੱਤੀਂ ਵੀਹੀਂ ਸੌ, ਛੱਜ ਤਾਂ ਬੋਲੇ ਹਜ਼ਾਰ ਛੇਕ ਵਾਲੀ ਛਾਨਣੀ ਕੀ ਬੋਲੇ, ਇੱਟ ਖੜੱਕੇ ਦੁਕੜ ਬਜੇ, ਆਵੇ ਖਲਕਤ ਦੇਗ ਚਲਾਵੇ, ਪਰ ਹੀਲੇ ਰਿਜ਼ਕ ਬਹਾਨੇ ਮੌਤ, ਅੱਲਾ ਮਨ ਫੱਕਰ-ਫ਼ਕਰ ਮਨ ਅੱਲਾ।"

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਲੋਕ-ਮਨਾਂ 'ਤੇ ਗਹਿਰਾ ਪ੍ਰਭਾਵ ਸੀ। ਇਸ ਦਾ ਇਕ ਕਾਰਨ ਇਹ ਸੀ ਕਿ ਸਮੁੱਚੀ ਭਾਰਤ ਦੀ ਜਨਤਾ ਵਿਚ ਗੁਰੂ ਸਾਹਿਬ ਹੀ ਅਜਿਹੀ ਸ਼ਖ਼ਸੀਅਤ ਸਨ ਜਿਹੜੇ ਲੋਕਾਂ ਨੂੰ ਹਾਕਮਾਂ ਅਤੇ ਉਨ੍ਹਾਂ ਦੇ ਪਿੱਠੂਆਂ ਦੇ ਜ਼ੁਲਮੀ ਪੰਜੇ 'ਚੋਂ ਨਿਜਾਤ ਦਿਵਾ ਸਕਦੇ ਸਨ। ਬਾਦਸ਼ਾਹ ਦੇ ਜ਼ੁਲਮ ਦੇ ਸਤਾਏ ਹੋਏ ਬਹੁਤ ਸਾਰੇ ਰਾਜੇ ਅਤੇ ਜਾਗੀਰਦਾਰ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਹੀ ਆਪਣਾ ਰਾਜ ਅਤੇ ਜਾਗੀਰਾਂ ਬਚਾ ਸਕੇ ਸਨ। ਇਲਾਕਾਈ ਹਾਕਮ ਦੇਖ ਚੁੱਕੇ ਸਨ ਕਿ ਗੁਰੂ ਜੀ ਵੱਡੀ ਤੋਂ ਵੱਡੀ ਫ਼ੌਜ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ। ਇਸ ਕਰਕੇ ਉਹ ਲੋਕਾਂ 'ਤੇ ਜ਼ੁਲਮ ਕਰਨ ਤੋਂ ਗੁਰੇਜ਼ ਕਰਨ ਲੱਗੇ ਸਨ। ਗੁਰੂ ਜੀ ਦਾ ਪਿੰਡਾਂ ਅਤੇ ਨਗਰਾਂ ਵਿਚ ਆਮ ਲੋਕਾਂ ਵਾਂਗ ਵਿਚਰਨਾ, ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣਾ ਅਤੇ ਉਨ੍ਹਾਂ ਦੇ ਦੁੱਖ ਦੂਰ ਕਰਨਾ ਆਮ ਗੱਲ ਸੀ। ਬਾਦਸ਼ਾਹ ਨਾਲੋਂ ਗੁਰੂ ਜੀ ਤਕ ਪਹੁੰਚ ਕਰਨੀ ਬੇਹੱਦ ਸੁਖਾਲੀ ਸੀ ਜਿਸ ਕਾਰਨ ਹਾਕਮ ਜ਼ੁਲਮ ਕਰਨ ਲੱਗਿਆਂ ਘਬਰਾਉਂਦੇ ਸਨ। ਗੁਰੂ ਜੀ ਦੁਆਰਾ ਮੁਸਲਮਾਨਾਂ ਲਈ ਮਸੀਤਾਂ ਦੀ ਸਥਾਪਨਾ ਕਰਨ ਨਾਲ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਦ੍ਰਿੜ੍ਹ ਹੋਈ ਸੀ ਅਤੇ ਆਮ ਲੋਕ ਸਤਿਕਾਰ ਅਤੇ ਸਵੈਮਾਨ ਦਾ ਜੀਵਨ ਬਸਰ ਕਰਨ ਲੱਗੇ ਸਨ। ਲੇਖਕ ਦੱਸਦਾ ਹੈ ਕਿ ਜਦੋਂ ਗੁਰੂ ਜੀ ਜੋਤੀ-ਜੋਤ ਸਮਾਏ ਤਾਂ ਲੋਕਾਂ ਨੂੰ ਭਵਿੱਖ ਦੀ ਤਸਵੀਰ ਧੁੰਦਲੀ ਨਜ਼ਰ ਆਉਣ ਲੱਗੀ। ਅਕਾਸ਼ ਵਿਚ ਲਾਲੀ ਤੇ ਜ਼ਮੀਨ ਉਤੇ ਜ਼ਰਦੀ ਛਾ ਗਈ, ਇਸਤ੍ਰੀ ਪੁਰਖ ਸਭ ਫੁਟ-ਫੁਟ ਕੇ ਰੋਏ, ਹਿਚਕੀਆਂ ਬੱਝ ਗਈਆਂ, ਅਨੇਕ ਗਮ ਦੇ ਦਰਿਆ ਵਿਚ ਗੋਤਾ ਖਾ ਕੇ ਬੇਹੋਸ਼ ਹੋ ਪਏ, ਜੰਗ ਦੇ ਹੌਸਲੇ ਬਹਾਦਰਾਂ ਦੇ ਦਿਲੋਂ ਟੁੱਟ ਗਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਧਰਮ ਵਿਚ ਮੀਰੀ-ਪੀਰੀ ਦੇ ਸੁਮੇਲ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਸਤਿਕਾਰ ਅਤੇ ਸਵੈਮਾਨ ਦੀ ਭਾਵਨਾ ਨੂੰ ਕਾਇਮ ਰੱਖਣ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਸਦੀਵੀ ਤੌਰ 'ਤੇ ਉਜਾਗਰ ਕਰਨ ਲਈ ਭਗਤੀ ਦੇ ਨਾਲ ਸ਼ਕਤੀ ਦੀ ਵਰਤੋਂ 'ਤੇ ਜ਼ੋਰ ਦਿੱਤਾ। ਲੇਖਕ ਨੇ ਬਹੁਤ ਹੀ ਭਾਵਪੂਰਤ ਢੰਗ ਨਾਲ ਗੁਰੂ ਜੀ ਦੀ ਅਜਿਹੀ ਸ਼ਖ਼ਸੀਅਤ ਦਾ ਵਰਣਨ ਕੀਤਾ ਹੈ।

੩/੨੦੧੩

ਮਹਿਮਾ ਛੇਵੇਂ ਗੁਰੂ ਦੀ: ਸਮਕਾਲੀ ਕਵੀ

'ਪੀਰ ਮੁਰੀਦਾਂ ਪਿਰਹੜੀ' ਦੀ ਰਵਾਇਤ ਆਦਿ-ਕਾਲ ਤੋਂ ਹੀ 'ਗਾਖੜੀ' ਮੰਨੀਦੀ ਰਹੀ ਹੈ, ਪਰ ਸਿੱਖੀ ਦੇ ਪ੍ਰਸੰਗ ਵਿੱਚ ਇਹ ਗਾਖੜਾ-ਪਣ ਕੁਝ ਵਧੇਰੇ ਹੀ 'ਗਾਖੜਾ' ਰਿਹਾ ਹੈ। ਇਹ ਨਿਰਾ 'ਮੁਰਦਾ ਹੋਇ ਮੁਰੀਦ' ਵਾਲਾ ਬਿਉਹਾਰ ਨਾ ਹੋ ਕੇ, 'ਜੀਵਤ ਮਰੈ ਮਰੈ ਫੁਨਿ ਜੀਵੈ' ਦੀ ਕਰਾਮਾਤੀ ਰਹਿਤ ਦਾ ਮਾਰਗ ਹੈ। ਸਿੱਖੀ 'ਵਾਲਹੁ ਨਿਕੀ ਖੰਨਿਅਹੁ ਤਿਖੀ' ਇਸ ਲਈ ਕਹੀ ਗਈ ਹੈ ਕਿ ਇਹ ਇੱਕੋ ਸਮੇਂ ਜੋੜਦੀ ਵੀ ਹੈ ਅਤੇ ਵਿਛੋੜਦੀ ਵੀ ਹੈ। ਇਹ ਸਤਿਗੁਰੂ ਦੀ ਰਜ਼ਾ ਵਿੱਚ ਮਰਜੀਵੜੇ ਹੋਣ ਦਾ ਮਾਰਗ ਹੈ ਜੋ ਸਦਾ ਬਿਖੜਾ ਹੈ। ਇਹ ਕਾਜਲ-ਕੋਠੜੀ ਵਿੱਚ ਨਿਰਮਲ ਅਤੇ ਬੇਦਾਗ ਰਹਿ ਕੇ ਵਿਚਰਨਾ ਹੈ। ਗੁਰਸਿੱਖੀ ਜੀਵਨ-ਸੁਧਾਰ ਨਹੀਂ, ਨਵ-ਜੀਵਨ-ਉਸਾਰ ਦੀ ਅਨੂਠੀ ਦੀਖਿਆ ਹੈ। ਇਹ ਮਾਨਸਿਕ, ਬੌਧਿਕ ਅਤੇ ਕਾਇਆਂ ਦੀ ਪੁਨਰ-ਸਿਰਜਣਾ ਕਰਨ ਦੀ 'ਜਾਚ' ਹੈ। ਇਹ ਬਲਵੰਤਾਂ ਦੀ ਜੀਵਨ-ਕਿਰਿਆ ਹੈ ਜਿਸ ਨੂੰ ਸੂਝ ਦੇ ਸੁਘੜ ਪਾਰਖੂਆਂ ਨੇ ਸੰਸਾਰ ਦੇ ਪ੍ਰਸਿੱਧ ਸਮਾਜਿਕ-ਪਲਟਿਆਂ ਦੇ ਧਰਾਤਲ ਤੇ ਪਰਖ ਕੇ ਉੱਤਮ ਪ੍ਰਮਾਣਿਆ ਹੈ। ਇਹ ਗੋਵਿੰਦ ਦੇ 'ਨੀਚਹ ਊਚ' ਕਰ ਵਿਖਾਉਣ ਦਾ ਚਮਤਕਾਰ ਹੈ। ਇਹ ਬਿਜਲਈ-ਸ਼ਕਤੀ ਨਾਲ ਧੜਕਦੀ-ਤਾਰ ਜਿਹੀ 'ਹੋਂਦ' ਹੈ। ਗੁਰਸਿੱਖ ਦਾ ਜੀਵਨ ਸਦਾ ਵਜੂਦ ਅਤੇ ਕਿਰਦਾਰ ਦੇ ਇਸ 'ਨਿਆਰੇ' ਰਹਿਣ ਵਿੱਚ ਹੈ।... ਜਦੋਂ ਤੋੜੀਂ ਗੁਰ-ਸਿੱਖ ਇਸ 'ਨਿਆਰੇਪਣ' ਦਾ ਮਾਲਕ ਹੈ। ਸਤਿਗੁਰੂ ਉਸ ਦੇ ਅੰਗ-ਸੰਗ ਸਹਾਈ ਹੁੰਦਾ ਹੈ ਪਰ ਜਦੋਂ ਗੁਰ-ਸਿੱਖ ਦੁਨੀਆਂ ਦੇ ਸਹਰ-ਮੇਲੇ ਦੀ ਭੀੜ ਵਿੱਚ ਆਪਣਾ ਨਿਆਰਾਪਣ ਖੋ ਬੈਠਦਾ ਹੈ। ਗੁਰੂ ਉਸ ਤੋਂ ਦਸਤਗੀਰੀ ਦਾ ਬੰਧਨ ਖੁੱਸ ਲੈਂਦਾ ਹੈ, ਤਦ ਉਹ ਗੁਰਸਿੱਖ ਘਾਹ ਦੇ ਤਿਨਕੇ ਵਾਂਗ ਵਾ-ਵਰੋਲੇ ਵਿੱਚ ਉੱਖੜਿਆ, ਭਟਕਣਾਂ ਵਿੱਚ ਕਿਤੇ ਦਾ ਕਿਤੇ ਜਾ ਡਿੱਗਦਾ ਹੈ। ਗੁਰੂ ਉਸ ਦੀ ਬਾਹੁੜੀ ਨਹੀਂ ਕਰਦਾ, ਲੋਕ ਫਕੜੀਆਂ ਲਾਉਂਦੇ ਹਨ। ਡਿੱਡੋਲਿੱਕਾ ਹੋਇਆ, ਅੱਕੀਂ-ਪਲਾਹੀ ਹੱਥ ਪਾਉਂਦਾ ਹੈ ਅਤੇ ਮਾਇਆ ਦੀ ਲਪੇਟ ਵਿੱਚ ਨਿਸ਼ਾਨਿਓ ਖੁੰਝਿਆ, ਅੱਗੇ ਲਈ ਰੱਸੇ ਵੱਟਦਾ ਹੈ।

ਗੁਰੂ ਪਰਿਵਾਰ ਦੇ ਮੈਂਬਰ ਵੀ ਮਾਇਆ ਦੇ ਇਸ ਝੱਖੜ ਦੀ ਗਰਦ ਹੱਥੋਂ ਬਚ ਨਹੀਂ ਸਕੇ। ਗੁਰੂ-ਗੱਦੀ ਦੀ ਕਾਮਨਾ ਖਹਿਬੜ ਦਾ ਵਸੀਲਾ ਬਣਦੀ ਰਹੀ। ਉਹ ਇਨਕਲਾਬੀ ਵਿਰਸੇ ਅਤੇ ਜੱਦੀ ਵਿਰਸੇ ਵਿਚਕਾਰਲਾ ਅੰਤਰ ਨਾ ਪਛਾਣ ਸਕੇ ਅਤੇ ਮੀਣਿਆਂ ਦੀ ਆਤਮ-ਸਥਾਪਨਾ ਲਈ ਨੱਸ-ਭੱਜ ਨੇ ਇਕ ਸਮਾਨ-ਅੰਤਰ ਗੱਦੀ ਹੀ ਨਹੀਂ ਥਾਪੀ ਸਗੋਂ ਕੌੜੱਤਣ ਦੇ ਇੱਕ ਅਜਿਹੇ

ਮਾਹੌਲ ਦੀ ਸਥਾਪਨਾ ਵੀ ਕੀਤੀ, ਜਿਸ ਦਾ ਅੰਤ ਸਤਿਗੁਰੂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨਾਲ ਹੋਇਆ। ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਵੀ ਠੀਕ ਨਿਰਣਿਆਂ ਵੱਲ ਮਾਰਗ-ਦਰਸ਼ਨ ਤੋਂ ਅਸਮਰਥ ਰਿਹਾ। ਕੋਈ ਇਸ ਪਾਪ ਦਾ ਸਿਹਰਾ ਪ੍ਰਿਥੀ ਚੰਦ ਦੇ ਸਿਰ ਬੰਨਦਾ ਹੈ, ਕੋਈ ਚੰਦੂ ਸ਼ਾਹੀ ਦੇ। ਜਹਾਂਗੀਰ ਬਾਦਸ਼ਾਹ ਨੂੰ ਭੜਕਾਉਣ ਦੀ ਭੂਮਿਕਾ ਖ਼ੁਆਜਾ ਸਰਹਿੰਦੀ ਮੁਜੱਦਦ ਸਾਨੀ ਦੀ ਗਿਣੀ ਜਾਂਦੀ ਹੈ, ਤੋਜ਼ਕਿ ਵਿਚ ਜਹਾਂਗੀਰ ਸਭ ਕੁਝ ਆਪਣੇ ਸਿਰ ਲੈਂਦਾ ਹੈ।

ਛੇਵੇਂ ਥਾਂ ਗੁਰ-ਗੱਦੀ ਹਰ ਹਾਲ ਗੁਰੂ ਹਰਿਗੋਬਿੰਦ ਜੀ ਨੂੰ ਸਮਰਪਿਤ ਹੋਈ। ਸ਼ਰੀਕਾਂ ਨੇ ਜੋ ਵਿਹੁ-ਬੀਜ ਬੀਜੇ ਸਨ, ਉਨ੍ਹਾਂ ਤੋਂ ਉਪਜੀ ਕੰਡਿਆਰੀ ਸਹਿਜੇ ਮਰਨ ਵਾਲੀ ਨਹੀਂ ਸੀ, 'ਗੜ੍ਹ ਚੜ੍ਹਿਆ ਪਾਤਸ਼ਾਹ ਚੜ੍ਹਾਇਆ' ਦਾ ਸਾਂਗ ਵਰਤਿਆ; ਯੁੱਧ ਹੋਏ, ਸਿੱਖਾਂ ਬੇਮਿਸਾਲ ਕੁਰਬਾਨੀਆਂ ਵਿੱਚ ਆਪੇ ਭੇਂਟ ਕੀਤੇ, ਕਰਤਾਰਪੁਰ, ਹਰਿਗੋਬਿੰਦਪੁਰ ਅਤੇ ਕੀਰਤਪੁਰ ਵਸਾਏ ਗਏ, ਹੋਰ ਅਨੇਕਾਂ ਕੌਤਕ ਵਜੂਦ ਵਿੱਚ ਆਏ। ਸਤਿਗੁਰੂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤੇਗਾਂ ਧਾਰੀਆਂ, ਅਕਾਲ ਤਖ਼ਤ, ਲੋਹਗੜ੍ਹ, ਝੰਡਿਆਂ-ਬੁੰਗਿਆਂ ਆਦਿ ਦੀ ਸਿਰਜਣਾ ਹੋਈ। ਮਹਿਮਾ-ਮਈ ਜੀਵਨ ਨੇ ਮਹਿਮਾ ਗਾਉਂਦੀ ਕਵਿਤਾ ਨੂੰ ਇਕ ਹੋਰ ਝੰਜੂਣਾ ਆਇਆ। ਸਮਕਾਲੀ ਕਵੀਆਂ ਤੋਂ ਪਹਿਲਾਂ ਵੀ ਪਿਤਾ ਸਤਿਗੁਰੂ ਅਤੇ ਗੁਰੂ-ਬਾਣੀ ਦੇ ਵਿਦਵਾਨ ਭਾਈ ਗੁਰਦਾਸ ਜੀ ਨੇ ਬਹੁਤ ਕੁਝ ਤੱਥ ਉਘਾੜੇ ਹਨ। ਪੰਥ ਵਿੱਚ ਉਨ੍ਹਾਂ ਤੱਥਾਂ ਦੀ ਚਰਚਾ ਵੀ ਖ਼ੂਬ ਚਲਦੀ ਆਈ ਹੈ ਅਤੇ ਸੂਝਵਾਨ ਉਨ੍ਹਾਂ ਤੱਥਾਂ ਤੋਂ ਭਲੀ ਪ੍ਰਕਾਰ ਜਾਣੂ ਵੀ ਹਨ।

ਸਮਕਾਲੀ ਕਵੀਆਂ, ਢਾਡੀਆਂ ਵੀ ਰੱਜ ਕੇ ਸ਼ਰਧਾ ਦੇ ਫੁੱਲ ਪੱਤ ਅਰਪਣ ਕੀਤੇ। ਚੜ੍ਹਦੀ ਕਲਾ ਦੇ ਮੁਹਾਣ ਨਾਲ ਜੁੜੇ ਮਹਿਮਾ-ਯੁੱਗ ਦੇ ਅਰਘ ਰੂਪ ਵਿੱਚ ਅਰਪਿਤ ਸਮੱਗਰੀ ਦੀ ਸੰਭਾਲ ਉਚਿਤ ਰੂਪ ਵਿੱਚ ਕਰ ਸਕਣ ਦਾ ਅਵਸਰ ਕਾਲ ਦੇ ਅਕਾਲ ਚੱਕਰ ਨੇ ਨਹੀਂ ਦਿੱਤਾ ਅਤੇ ਇਹ ਸਾਮੱਗਰੀ ਖਿੰਡਦੀ-ਪੁੰਡਦੀ ਨਸ਼ਟ ਹੁੰਦੀ ਗਈ। ਕੁਝ ਵਡਮੁੱਲੀ ਭੋਰ-ਚੂਰ, ਸੂਝਵਾਨਾਂ ਦੀਆਂ ਯਾਦਦਾਸ਼ਤਾਂ, ਪ੍ਰਸੰਗਾਂ ਦੇ ਸੰਦਰਭਾਂ ਆਦਿ ਵਿੱਚ ਅੱਜ ਵੀ ਮਿਲ ਜਾਂਦੀ ਹੈ। ਹੀਰੇ ਦੀਆਂ ਕਣੀਆਂ ਵੀ ਆਖਿਰ ਹੀਰਾ ਹੀ ਹੁੰਦੀਆਂ ਹਨ:

ਅੰਬਰ ਧਰਤਿ ਵਿਛੋੜਿਅਨ ਵਿਣੁ ਥੰਮਾ ਗਗਨ ਖਲੋਆ।
ਬਾਬੇ ਤੂ ਵਡਿਆਈਅਹੁ ਸੁਵੰਨੀ ਖਿਵੈ ਚੰਦੋਆ।
ਚਉਦਹ ਰਤਨ ਨਿਕਾਲਿਅਨੁ ਕਲਿ ਅੰਦਰ ਚਾਨਣੁ ਹੋਆ।
ਅੱਗੇ ਡੁਬੀ ਜਾਂਦੀ ਸੀ ਮੇਦਨੀ ਦੇ ਹਥੀ ਆਪ ਖਲੋਆ।
ਪੰਚਾਇਅਣਿ ਆਪ ਵਰਤਿਆ ਛਿਅ ਪੁਰਖ ਭੀ ਆਪੇ ਹੋਆ॥੧੦॥

ਅਬਦੁੱਲਾ ਅਤੇ ਨੱਥ ਮੱਲ, ਦੋ ਢਾਡੀ, ਪਿੰਡ ਸੁਰ ਸਿੰਘ ਦੇ ਵਾਸੀ ਸਨ। ਇਹ ਛੇਵੇਂ ਸਤਿਗੁਰੂ ਦੇ ਹਜ਼ੂਰ, ਢਾਡੀ ਪੱਧਤੀ ਨਾਲ, ਨਿੱਤ ਵਾਰਾਂ ਉਚਾਰਦੇ ਅਤੇ ਗਾਉਂਦੇ ਸਨ। ਕਹਿੰਦੇ ਹਨ, ਇਨ੍ਹਾਂ ਢਾਡੀਆਂ ਸਤਿਗੁਰੂ ਦੇ ਹਜ਼ੂਰ ਬਹੱਤਰ ਵਾਰਾਂ ਦੀ ਰਚਨਾ ਕੀਤੀ ਸੀ। ਇਹ ਵਾਰਾਂ ਗੁਰੂ ਜਸ

ਨਾਲ ਅਤੇ ਗੁਰੂ ਕੇ ਸਿੱਖਾਂ, ਜੋਧਿਆਂ ਦੇ ਜਸ ਨਾਲ ਜੁੜੀਆਂ ਸਨ। ਪਦਮ ਜੀ ਨੇ ਇਨ੍ਹਾਂ ਢਾਡੀਆਂ ਦੀਆਂ ਵੀ ਦੋ ਪੌੜੀਆਂ ਅਪਨੀ ਸੰਪਾਦਿਤ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿੱਚ ਦਰਜ ਕੀਤੀਆਂ ਹਨ। ਪ੍ਰਮਾਣੀਕਤਾ ਬਾਰੇ ਚਰਚਾ ਇਨ੍ਹਾਂ ਦੀ ਵੀ ਕਿਸੇ ਨਹੀਂ ਕੀਤੀ। ਅਸੀਂ ਇਹ ਜਿਉਂ ਦੀਆਂ ਤਿਉਂ ਹੇਠਾਂ ਦੇ ਰਹੇ ਹਾਂ:

ਸਤਿਗੁਰੂ ਵਿਚ ਵਡਾਲੀ ਦੇ ਜਨਮਿਆਂ ਚੰਦ ਸੂਰਜ ਬਾਲਾ ਚੜੀਦਾ।
ਇੰਦ੍ਰ ਨੇ ਪੰਘੂੜਾ ਭੇਜਿਆ ਸੁਰਗ ਤੋਂ ਲਾਲ ਜਵਾਹਰ ਜੜੀਦਾ।
ਪੰਘੂੜੇ ਨੂੰ ਡੋਰਾਂ ਪਾਈਆਂ ਰੇਸ਼ਮੀ ਉਪਰ ਸਤਿਗੁਰ ਆਸਣ ਧਰੀਦਾ।
ਸਿਹਰਾ ਗੁੰਦ ਲਿਆਈਆਂ ਅਪਛਰਾਂ ਹੀਰੇ ਮਾਣਕ ਮੋਤੀ ਮਣੀ ਦਾ।
ਢਾਡੀ ਨੂੰ ਬਖਸ਼ਾਂ ਬਖਸ਼ੇ ਸਤਿਗੁਰੂ ਹੀਰਾ ਮਾਣਕ ਜੋ ਅਣਗੁਣੀ ਦਾ।
ਤੇਰਾ ਨਾਮ ਲਿਆ ਗੁਰੂ ਹਰਿ ਗੋਬਿੰਦ ਅਮਰਾਵਤ ਪਉੜੀ ਚੜੀਂਦਾ।
ਕੌਣ ਬੰਦਾ ਤੁਧ ਨਾਲ ਅੜੀਦਾ।
ਦੋ ਤਲਵਾਰੀ ਬੱਧੀਆਂ, ਇਕ ਮੀਰੀ ਤੇ ਇਕ ਪੀਰੀ ਦੀ।
ਇਕ ਅਜਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟ ਗੜ, ਦਰਵਾਜਾ ਬਲਖ ਬਖੀਰ ਦੀ।
ਕਟਕ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ ਕੀ ਜਹਾਂਗੀਰ ਦੀ?

ਸਿੱਖੀ ਦੇ ਉਜਾਸ ਨਾਲ 'ਬਾਬੇ ਕੇ ਅਰ ਬਾਬਰ ਕੇ ਦੋਊ' ਅਤੇ ਗੁਰੂਆਂ ਦੀ ਸੱਚੀ ਪਾਤਸ਼ਾਹੀ ਅਤੇ ਦਿੱਲੀ ਦੇ ਬਾਦਸ਼ਾਹਾਂ ਦੀ ਵਿਕਾਰੀ ਹਾਕਮੀ ਦਾ ਸੰਕਲਪ ਲੋਕ-ਮਨਾਂ ਅੰਦਰ ਜਾਗ ਹੀ ਨਹੀਂ ਚੁੱਕਾ ਸੀ ਸਗੋਂ ਦ੍ਰਿੜ੍ਹ ਵੀ ਹੋ ਗਿਆ ਸੀ। ਗੁਰੂ ਦਰਬਾਰ ਦੀ ਡੌਲ ਵੀ ਬਾਦਸ਼ਾਹੀ ਢੰਗ ਦੀ ਹੋ ਗਈ ਸੀ। ਉਸ ਵਿੱਚ ਮਿਰਧਿਆਂ, ਚਾਰਣਾਂ ਕੜਕੈਤਾਂ ਵਾਂਗ ਹੀ ਰਾਗੀ, ਢਾਡੀ, ਭੱਟ ਅਤੇ ਕਵੀ ਮਾਣ ਪ੍ਰਾਪਤ ਕਰਦੇ ਸਨ, ਅਰਜ਼-ਬੇਗੀ ਵਾਂਗ ਅਰਦਾਸੀਆ ਸੰਗਤ ਵੱਲੋਂ ਬਾਹੁੜੀ ਦੀਆਂ ਬੇਨਤੀਆਂ ਸਤਿਗੁਰੂ ਦੇ ਹਜ਼ੂਰ ਪੇਸ਼ ਕਰਦਾ ਸੀ। ਦੀਵਾਨ ਆਈ ਸ਼ਰਧਾ-ਭੇਟ ਦਾ ਲੇਖਾ-ਜੋਖਾ ਅਤੇ ਖਰਚ-ਵਰਤ ਦਾ ਹਿਸਾਬ ਕਿਤਾਬ ਰੱਖਦਾ ਸੀ। ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਹੁੰਦੇ ਸਨ। ਮਸੰਦ ਗੁਰੂ ਕੇ ਦਸਵੰਧ ਦੀ ਉਗਰਾਹੀ ਕਰਦੇ ਅਤੇ ਗੁਰੂ ਕੀ ਗੋਲਕ ਵਿੱਚ ਜਮਾਂ ਕਰਵਾਉਂਦੇ। ਲੋਹ ਲੰਗਰ ਤਪਦੇ, ਪੰਗਤਾਂ ਜੁੜਦੀਆਂ, ਸਿੱਖ ਅਸਿੱਖ ਸਭ ਲੋੜਵੰਦ ਵਰੋਸਾਂਦੇ ਸਨ। ਸੱਤੇ-ਬਲਵੰਡ ਦੀ ਰਚੀ ਪਹਿਲੀਆਂ ਪੰਜ-ਪਾਤਸ਼ਾਹੀਆਂ ਦੀ ਵਾਰ, ਜਿਵੇਂ ਸ੍ਰੀ ਗੁਰੂ ਗ੍ਰੰਥ ਜੀ ਵਿੱਚ ਚੜ੍ਹੀ, ਉਹ ਪ੍ਰਸੰਗ ਸਿੱਖ-ਸੰਗਤਾਂ ਨੂੰ ਭਲੀ ਪ੍ਰਕਾਰ ਮਾਲੂਮ ਹੈ। ਕੀਰਤਨੀਆਂ ਦੀ ਇਹ ਜੋੜੀ ਕੁਝ ਸਮਾਂ ਛੇਵੇਂ ਸਤਿਗੁਰੂ ਦੇ ਹਜ਼ੂਰ ਵੀ ਬਣੇ ਰਹੇ।

ਗੁਰੂ ਬਿਲਾਸ ਪਾ. ੬ ਵਿੱਚ ਇਨ੍ਹਾਂ ਢਾਡੀਆਂ ਦੀ ਇੱਕ ਪਉੜੀ, ਅਕਾਲ-ਤਖ਼ਤ ਦੇ ਪ੍ਰਸੰਗ ਵਿੱਚ ਲਿਖੀ ਮਿਲਦੀ ਹੈ:

ਸਚਾ ਤਖਤ ਸੁਹਾਯੋ ਸ੍ਰੀ ਗੁਰ ਪਾਇ ਕੈ।
ਛਬ ਬਰਨੀ ਨਹਿ ਜਾਇ ਕਹਊਂ ਕਿਆ ਗਾਇ ਕੈ।
ਰਵਿ ਸਸਿ ਭਏ ਮਲੀਨ ਸੁਦਰਸ ਦਿਖਾਇ ਕੈ।
ਸ੍ਰੀ ਗੁਰ ਤਖਤ ਬਿਰਾਜੈ ਪ੍ਰਭੁ ਧਿਆਇ ਕੈ।
ਮੀਰ ਅਬਦੁਲ ਔ ਨਥਾ ਜਸ ਕਹੈ ਬਨਾਇ ਕੈ॥੬੨॥

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭੱਟਾਂ ਦੇ ਸਵੈਯੇ ਦਰਜ ਹਨ। ਛੇਵੇਂ ਸਤਿਗੁਰੂ ਦੀ ਮਹਿਮਾ ਵਿੱਚ, ਗੁਰੂ ਗੱਦੀ ਪ੍ਰਾਪਤੀ ਸਮੇਂ ਨਾਲ ਜੁੜੇ, ਪੰਜ ਸਵੈਯੇ 'ਦਾਸ ਭੱਟ' ਕੇ ਰਚੇ ਗੁਰ ਬਿਲਾਸ ਪਾ. ੬ ਵਿੱਚ ਦਰਜ ਹਨ। ਸਵੈਯੇ ਹੇਠ ਲਿਖਦੇ ਹਾਂ:

ਸੋਹਤਿ ਸੀਸ ਧਰੇ ਕਲਗੀ ਰਵਿ ਕੀ ਪ੍ਰਭਤਾ ਜਿਹ ਦੇਖ ਲਜਾਵੈ।
ਜਿਗਾ ਗੁਰੂ ਮਸਤਕ ਛਬ ਪਾਵਤ ਦੇਖ ਸੀਸ ਮਨ ਮੈ ਖੁਨਸਾਵੈ।
ਮੁਖ ਮੰਡਲ ਕੀ ਛਬ ਕੈਸੇ ਕਹਉਂ ਸਮ ਪਾਵਕ ਕੋਇ ਨ ਨੈਨ ਦਿਖਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵਿ ਪਿਖ ਕੈ ਬਲਿ ਜਾਵੈ॥੫੫॥
ਬੀਰ ਬੀਰਾਸਨਿ ਸੋਹ ਨਿਧਾਸਨ ਪੰਕਜ ਹਾਥ ਸੁ ਬਾਨ ਫਿਰਾਵੈ।
ਕੰਠ ਬਿਖੈ ਅਸਿ ਦੋਇ ਬਿਰਾਜਤ ਚਰਮ ਸੁ ਸੁੰਦਰ ਪੀਠ ਸੁਹਾਵੈ।
ਬਾਵੇਂ ਹੀ ਹਾਥ ਬਿਖੈ ਧਨ ਰਾਜਤ ਦੇਖ ਗਾਂਡੀਵ ਮਨੈ ਸੁਕਚਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੈ ਬਲ ਜਾਵੈ॥੫੬॥
ਸੁੰਦਰ ਪੀਤ ਦੁ ਕੂਲ ਸੁਹਾਵਤ ਦੇਖ ਛਟਾ ਮਨ ਮਹਿ ਖੁਨਸਾਵੈ।
ਸਾਜਲ ਮੇਘ ਸਮਾਨ ਤਨੁ ਪਿਖ ਰੰਚ ਸਿਯਾਮ ਗੁਰੂ ਤਨ ਭਾਵੈ।
ਰਾਮ ਔ ਕ੍ਰਿਸ਼ਨ ਸਮਾਨ ਬਿਰਾਜਤ ਗੁਰੂ ਨਿਜ ਦਾਸਨਿ ਘਾਮ ਮਿਟਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵਿ ਪਿਖ ਕੇ ਬਲਿ ਜਾਵੈ॥੫੭॥
ਜਾਂ ਚਤੁਰਾਨਨ ਖੋਜਤ ਹਹਿਂ ਕਛੁ ਅੰਤ ਨ ਨੇਤਹਿ ਨੇਤ ਸੁਨਾਵੈ।
ਸੋ ਭਗਵੰਤ ਭਯੋ ਵਸਿ ਸੰਤ ਬਿਰਾਜ ਕੈ ਤਖਤ ਮਹਾ ਛਬ ਪਾਵੈ।
ਸੰਗਤ ਸਿਖ ਨਿਹਾਲ ਕੀਏ ਕੋਟਿ ਰਵੀ ਲਖ ਤੇਜ ਲਜਾਵੈ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੈ ਬਲਿ ਜਾਵੈ॥੫੮॥
ਆਗੇ ਜੁ ਸਿਖ ਅਪਾਰ ਖੜੇ ਗੁਰ ਦਰਸ਼ਨ ਦੇਖਨ ਅਕੁਲਾਵਹਿ।
ਬ੍ਰਹਮ ਮੁਨੀ ਸ਼ਿਵ ਧਯਾਨ ਨ ਪਾਵਤ ਸੋਊ ਧਰਾ ਪ੍ਰਭ ਤਖਤ ਸੁਹਾਵਹਿ।
ਦੀਨ ਦਿਆਲ ਸਦਾ ਕਿਰਪਾਲ ਸਦਾ ਕੈ ਨਿਹਾਲ ਕਰੈ ਗੁਨ ਗਾਵਹਿ।
ਸੁੰਦਰ ਐਸੇ ਸਰੂਪ ਕੇ ਊਪਰ ਦਾਸ ਕਵੀ ਪਿਖ ਕੇ ਬਲ ਜਾਵਹਿ॥੫੯॥

(ਗੁਰ ਬਿਲਾਸ ਪਾ.੬, ਅਧਿਆਇ ਅੱਠਵਾਂ, ਪੰਨਾ ੨੫੪)

ਇਨ੍ਹਾਂ ਗੇਣਵੀਆਂ ਤੁਕਾਂ ਵਿੱਚ ਗੁਰੂ-ਮੂਰਤ ਦੀ ਏਕਤਾ ਦਾ ਸਿਧਾਂਤ, ਗੁਰੂ ਦੀ ਮਾਨਸਿਕ

ਦ੍ਰਿੜ੍ਹਤਾ, ਕਰਤਾ ਪੁਰਖ ਨਾਲ ਗੁਰੂ ਦੀ ਏਕਾਤਮਤਾ, ਡੁੱਬੀ ਜਾਂਦੀ ਧਰਤੀ ਨੂੰ ਥੰਮਣ ਦਾ ਰੂਪਕ, ਦੇਵ-ਲੋਕ ਨਾਲ ਸਾਂਝਾਂ, ਹੀਰੇ, ਮਾਣਕ, ਮੋਤੀਆਂ ਦੇ ਵਿਆਜ ਨਾਲ ਆਰਥਿਕ ਸੰਪੰਨਤਾ, ਦੋ ਤਲਵਾਰਾਂ ਪਹਿਨਣ ਦੀ ਹਕੀਕਤ, ਦੁਸ਼ਟ-ਦਮਨ ਦਾ ਕਿਰਦਾਰ, ਗੁਰੂ ਦਾ ਜਿਗ੍ਹਾ-ਕਲਗੀ, ਬਾਣ-ਕਮਾਨ ਦਾ ਧਾਰਨੀ ਹੋਣਾ, ਰੰਚ ਸਿਆਮ ਸਰੂਪ ਹੋਣਾ, ਦਿਆਲੂ ਅਤੇ ਉਦਾਰ ਹੋਣਾ ਆਦਿ ਦੀ ਗੁਰੂ ਦੇ ਰੂਪ-ਸਰੂਪ ਵਿੱਚ ਪੁਸ਼ਟੀ ਹੁੰਦੀ ਹੈ, ਕਿਉਂਕਿ ਇਹ ਰਚਨਾਵਾਂ ਉਨ੍ਹਾਂ ਕਵੀਆਂ ਦੀਆਂ ਹਨ, ਜਿਨ੍ਹਾਂ ਗੁਰੂ ਜੀ ਨੂੰ ਕੇਵਲ ਵੇਖਿਆ ਹੀ ਨਹੀਂ ਸੀ ਸਗੋਂ ਨਿਕਟ-ਵਰਤੀ ਹਜ਼ੂਰੀਏ ਰਹੇ ਸਨ।

ਇਨ੍ਹਾਂ ਛੰਦਾਂ ਦਾ ਰਚਣਹਾਰਾ ਕਵੀ ਮੋਤਾ ਸਿੰਘ ਬੰਨੋਆਣੀਆ ਹੈ। ਕਵੀ ਮੋਤਾ ਸਿੰਘ ਬੰਨੋਆਣੀਆ ਬਾਰੇ ਕੋਈ ਸਮਾਚਾਰ ਕਿਧਰੋਂ ਹੱਥ ਨਹੀਂ ਆਏ। ਪੰਜਾਬ ਦੇ ਅਣਥਕ ਖੋਜੀ ਸੁਰਗਵਾਸੀ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਇਸ ਕਵੀ ਦੀ ਇਕ ਰਚਨਾ ਦਾ ਪਤਾ ਆਪਣੀ ਸੰਪਾਦਿਤ ਪੁਸਤਕ 'ਪੰਜਾਬੀ ਹੱਥ ਲਿਖਤਾਂ' ਦੀ ਸੂਚੀ ਵਿੱਚ (ਪੰਨਾ ੩੯੬, ਭਾਗ-੨) ਮੋਤਾ ਸਿੰਘ ਸੁਨਾਮੀ ਆਖ ਕੇ ਦਿੱਤਾ ਸੀ, ਫੇਰ ਉਨ੍ਹਾਂ ਨੇ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹੱਥ-ਲਿਖਤ ਪ੬੨ ਦੇ ਹਵਾਲੇ ਨਾਲ ਇਕ ਹੋਰ ਲੇਖ ਵਿੱਚ ਇਨ੍ਹਾਂ ਨੂੰ 'ਬੰਨੋਆਣੀਏ' ਲਿਖ ਕੇ ਆਪਣੇ ਮਤ ਦਾ ਸੁਧਾਰ ਕੀਤਾ। ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪਣੀ ਸੰਪਾਦਿਤ ਪੁਸਤਕ 'ਗੁਰੂ ਗੋਬਿੰਦ ਸਿੰਘ ਅਭਿਨੰਦਨ' ਵਿੱਚ ਇਨ੍ਹਾਂ ਦੇ ਬੰਨੋਆਣੀਆਂ ਹੋਣ ਦੀ ਤਸਦੀਕ ਕੀਤੀ ਹੈ। ਉਪਰ ਦੱਸੀ ਹੱਥ ਲਿਖਤ ਦਾ ਇਕ ਵਿਸਤਰਿਤ ਛਪਿਆ ਸੰਸਕਰਣ ਪੰਜਾਬੀ ਯੂਨੀਵਰਸਿਟੀ ਦੇ 'ਅਸ਼ੋਕ ਸੰਗ੍ਰਹਿ' ਵਿੱਚ ਮੌਜੂਦ ਹੈ। ਇਸ ਛਪੀ ਪੁਸਤਕ ਦਾ ਵੇਰਵਾ 'ਪੰਜਾਬੀ ਹੱਥ ਲਿਖਤਾਂ ਦੀ ਸੂਚੀ' ਭਾਗ ਦੋ (ਪੰਨਾ ੪੬੩) ਵਿੱਚ ਦਿੱਤਾ ਹੋਇਆ ਹੈ। ਹੋਰ ਕੋਈ ਰਚਨਾ ਇਨ੍ਹਾਂ ਦੀ ਅਜੇ ਨਹੀਂ ਮਿਲੀ, ਨਾ ਕੋਈ ਸਮਾਚਾਰ ਹੀ ਹੱਥ ਆਏ ਹਨ। ਇਹ ਰਚਨਾ ੧੯੧੩ ਬਿਕ੍ਰਮੀ ਅਰਥਾਤ ੧੯੫੬ ਈ. ਦੀ ਛਪੀ ਹੈ। ਉਸ ਸਮੇਂ ਜੇ ਕਵੀ ਦੀ ਉਮਰ ਪੰਜਾਹ ਵਰ੍ਹੇ ਦੇ ਲਗਭਗ ਹੋਵੇ ਤਾਂ ਉਨ੍ਹਾਂ ਦਾ ਜਨਮ ਉਨੀਵੀਂ ਸਦੀ ਦੇ ਪਹਿਲੇ ਦਹਾਕੇ ਦਾ ਮੰਨ ਸਕਦੇ ਹਾਂ ਉਹ ਉਸੇ ਸਦੀ ਦੇ ਤੀਜੇ ਚਰਨ ਵਿੱਚ ਸਮਾਏ ਹੋਣਗੇ, ਅਜਿਹਾ ਅਨੁਮਾਨ ਵੀ ਕੀਤਾ ਜਾ ਸਕਦਾ ਹੈ, ਇਹ ਸਮਾਂ ਸਿੱਖ-ਰਾਜ ਦੇ ਪਤਨ ਦਾ ਯੁਗ ਹੈ।

ਮੋਤਾ ਸਿੰਘ ਦੇ ਛੰਦਾਂ ਵਿੱਚ ਓਜ ਹੈ ਅਤੇ ਵੀਰਤਾ ਦਾ ਅਨੁਭਵ ਹੈ:

ੴ ਸ੍ਰੀ ਸਰਸੁਤੈਯਨਮ:॥ ਅਥ ਬੀਰ ਰਸ।
ਦੋਹਰਾ॥ ਅਥ ਛਬਿ ਗੁਰ ਬਾਨਨ ਕੀ ਕਹੋਂ ਬੀਰ ਰਸ ਪਾਇ।
ਸੁੰਦਰ ਕਹੋਂ ਕਬਿੱਤ ਮੈਂ ਦੁਐ ਚੌਕੜੀ ਬਨਾਇ॥੧॥
ਕਬਿੱਤ॥ ਛਠਮ ਗੁਬਿੰਦ ਹਰਿ ਬਡੇ ਅਵਤਾਰ ਨਰ
ਦੇਖਤ ਡਰਤ ਅਰਿ, ਭੁਜਾ ਹੂ ਬਿਲੰਦ ਕੇ।
ਕੌਨ ਕਹੈ ਮੁਖ ਛਬਿ, ਤੁੱਛ ਬੁਧਿ ਅਹੈ ਕਬਿ,
ਰਤਿ ਪਤਿ ਜਾਤ ਦਬਿ ਅਧਿਕ ਹੈ ਇੰਦੁ ਤੇ।
ਰਿਧਿ ਸਿਧਿ ਜੋਰ ਕਰ ਰਟਤ ਗੁਵਿੰਦ ਹਰਿ।

ਦੇਹਿ ਕਛੁ ਆਯਸ ਚ ਮੁਖ ਅਰਵਿੰਦ ਕੇ।
ਜੰਗ ਜਬਿ ਜੁਟਤ ਜੁਆਨ ਮਾਨ ਟੁੱਟਤ
ਖਤੰਗ ਤੀਬ੍ਰ ਛੁੱਟਤ ਗੁਰੂ ਹਰਿ ਗੁਬਿੰਦ ਕੇ॥੨॥
ਖੇਂਚਤ ਕੁਮਾਨ ਜਬ ਹਾਲ-ਚਾਲ ਪਰੈ ਤਬ
ਸੂਰਬੀਰ ਜਾਤ ਦਖ ਰਾਜਨ ਰਜਿੰਦ ਕੇ।
ਦਰਕੇ ਹੈਂ ਦਿਗਪਾਲ ਧਰਕੇ ਕਮਾਨ ਕੋਲ
ਸਰਕੇ ਸਸੰਕ ਫਟ ਫੂਟਤ ਫਨਿੰਦ ਕੇ।
ਹਾਇ ਹਾਇ ਹਾਇ ਰਨ ਸੂਰਮਾ ਅਲਾਇ ਸਭ
ਮਰਿ ਮਰਿ ਜਾਇ ਬਾਨ ਆਗੇ ਆਧ ਚੰਦ ਕੇ।
ਹਾਡ ਗੋਡ ਫੂਟਤਿ ਨ ਫੇਰ ਆਨ ਜੁੱਟਤ
ਖਤੰਗ ਤੀਬ੍ਰ ਛੁੱਟਤ ਗੁਰੂ ਹਰਿ ਗੁਬਿੰਦ ਕੇ॥੩॥
ਸ੍ਰੀ ਗੁਰੂ ਗੋਵਿੰਦ ਹਰਿ ਸ੍ਵੇਤ ਬਾਜ ਕਰ ਪਰ ਚਢੇ ਨਾਥ
ਬਾਜੇ ਬਰ ਬਾਜੇ ਬਜੇ ਇੰਦ ਕੇ,
ਬਾਜੇ ਬਾਜੇ ਸੂਰ ਸਾਥ ਨਾਥ ਹੂੰ ਕੇ ਚਲੇ ਜਾਹਿ
ਦੇਖ ਕਰ ਹਾਥ ਦਲ ਭਾਜਤ ਨਰਿੰਦ ਕੇ।
ਕਾਨ ਕੇ ਪ੍ਰਮਾਨ ਧਨੁ ਤਰਨ ਲਯੋ ਕਾਨ ਬਾਨ
ਗਿਰਯੋ ਪੈਂਦੇ ਖਾਨ ਆਲਾ ਬਾਨ ਪੀਰ ਹਿੰਦ ਕੇ।
ਰੀਝ ਰੀਝ ਜੁੱਟਤ ਮਲੇਛ ਸੀਸ ਫੁੱਟਤ
ਜੁ ਤੀਖੇ ਤੀਰ ਛੁੱਟਤ ਗੁਰੂ ਹਰਿ ਗੁਵਿੰਦ ਕੇ॥੪॥
ਚਢੇ ਰਣ ਰੋਖ ਹ੍ਵੈ ਅਦੇਖ ਸੁਰ ਮੋਖ ਹੂੰ ਕੋ
ਮਾਰੇ ਏਕ ਬਾਨ ਭਟ ਜਾਹਿ ਪੁਰ ਇੰਦ ਕੇ,
ਸਨਮੁੱਖ ਆਏ ਤੇ ਖਪਾਏ ਏਕ ਬਾਨ ਸਾਥ
ਮੋਖ ਯੋਗ ਭਏ ਯੋਗ ਭਏ ਨਾਹਿ ਨਿੰਦ ਕੇ।
ਰਹੇ ਜੇਊ ਸੇਖ ਗੁਰੂ ਮੂਰਤਿ ਕੋ ਪੇਖ
ਤੇਊ ਮਾਂਗਤੇ ਸੁਭ ਏ ਦੇਹੁ ਦਾਨ ਨਾਥ ਜਿੰਦ ਕੇ।
ਤਾਕ-ਤਾਕ ਚੁੱਟਤ ਦੁਸਾਰ ਪਾਰ ਫੁੱਟਤ
ਖਤੰਗ ਤੀਬ੍ਰ ਛੁੱਟਤ ਗੁਰੂ ਹਰੀ ਗੁਬਿੰਦ ਕੇ॥੫॥
ਭਯੋ ਰਨ ਭਾਰੀ ਸੁ ਮਲੇਛ ਫੌਜ ਹਾਰੀ ਸਭ
ਰੋਵਤ ਸੁ ਨਾਰੀ ਤਾਂ ਕੀ ਲੈ ਨਾਮ ਨਾਹੁ ਕੇ।
ਹਿੰਦਨ ਕੋ ਪੀਰ ਰਨਧੀਰ ਅਤੇ ਤੀਰ ਬਡੇ

ਹਾਇ ਹਾਇ ਹਾਇ ਕਰ ਚੇਤ ਐਸੇ ਹਾਹੁਕੇ।
ਪੀਟਤ ਹੈ ਛਾਤੀ ਮਾਨੋ ਕਾਤੀ ਲਗੀ ਸਾਨ ਧਰੀ
ਕਛੂ ਨ ਸੁਹਾਤੀ ਬੂਕ ਪਾਹਿ ਸਿਰ ਸਾਹੁ ਕੇ।
ਬੀਸ ਤੀਸ ਚੀਰ ਪਾਰ ਜਾਵਤ ਸਰੀਰਨ ਕੇ
ਐਸੇ ਚਲੇ ਤੀਰ ਪ੍ਰਭੁ ਸੋਢੀ ਪਾਤਸਾਹੁ ਕੇ ॥੬॥
ਕਾਬਲ ਕੰਧਾਰ ਤੇਜ ਫੌਜ ਆਈ ਮੌਜ ਸਾਧ
ਦੇਖ ਓਜ ਗੁਰੂ ਕੋ ਸੁ ਕਹੈਂ ਨਿਜ ਨਾਹੁ ਕੇ।
ਦੇਖਿਯੇ ਨ੍ਰਿਪਤ ਯਹਿ ਠੌਰ ਹੈ ਬਿਪਤਿ ਅਤਿ
ਯਹੈ ਆਛੀ ਮਤਿ ਯਾ ਤੇ ਜਾਹਿ ਜੋ ਪਰਾਹੁ ਕੇ।
ਨਾ ਤੋ ਸੋਢੀ ਪਾਤਿਸਾਹੁ ਮਾਰਤ ਪ੍ਰਚਾਰ ਕਰ
ਏਕ ਏਕ ਬਾਨ ਸਾਥ ਬੀਸ ਤੀਸ ਢਾਹੁ ਕੇ।
ਜਾਹਿ ਸੂਰ ਭਾਗਤ ਨ ਰਹੀ ਕਛੂ ਤਾਗਤ
ਜੋ ਐਸੇ ਤੀਰ ਲਾਗਤ ਹੀ ਸੋਢੀ ਪਾਤਿਸਾਹੁ ਕੇ॥੭॥
ਲੀਨੋ ਅਵਤਾਰ ਧਰਾ ਭਾਰ ਕੇ ਹਰਨ ਕਾਜ
ਹਿੰਦੁਨ ਧਰਮ ਉਰ ਰਾਖਨ ਕੀ ਚਾਹੁ ਨੇ,
ਬਿਪ੍ਰ ਧੇਨੁ ਤਿਲਕ ਜਨੇਊ ਸਿਖਾ ਰਾਖ ਲੀਨੇ।
ਨਾਹਿ ਤੋ ਮਲੇਛ ਬਢੇ ਅਤਿ ਹੀ ਉਛਾਹੁ ਕੇ।
ਕੀਨੋ ਉਤਪਾਤੀ ਅਤਿ ਚੂਰ ਅਰਿ ਕੀਨੇ ਧੂਰ
ਸਜਨ ਸੁਖਾਤੀ ਮੇਲ ਦੀਨੇ ਸੰਗ ਸਾਹੁ ਕੇ।
ਘੋਰਾ ਹਾਥੀ ਚੀਰ ਪਾਰ ਜਾਵਤ ਸਰੀਰ ਹੂੰ ਤੇ
ਐਸੇ ਚਲੇ ਤੀਰ ਪ੍ਰਭੂ ਸੋਢੀ ਨ੍ਰਿਪ ਨਾਹੁ ਕੇ॥੮॥
ਮੀਰੀ ਅਰੁ ਪੀਰੀ ਜੁਤ ਸਾਹਿਬ ਸਬਲ ਮੇਰੋ
ਦੋਇ ਤੇਗ ਸੋਭਤ ਕਰ ਸਾਥ ਜਾਹਿ ਕੇ।
ਬਾਹੁ ਹੈ ਪ੍ਰਲੰਬ ਗ੍ਰੀਵ ਕੰਬੁ ਤੇ ਅਧਕ ਅਤਿ
ਅੰਬੁ ਜਸੁ ਨੈਨ ਲਖ ਲਾਜਤ ਮ੍ਰਿਗਹੁ ਕੇ।
ਸੋਭਤ ਧਨੁਖ ਬਾਣ ਕ੍ਰਿਪਾ ਕੇ ਨਿਧਾਨ ਪਾਨ
ਪੇਖ ਛਬਿ ਲਾਜਤ ਅਨੰਗ ਹੂੰ ਅਲਾਹੁ ਕੇ।
ਧੰਨ ਧੰਨ ਰਟੈਂ ਦੇਵ ਗੈਨ ਮੈ ਬਿਵਾਨ ਚਢ
ਬਾਨ ਭਲੇ ਚਲੇ ਸੋਢੀ ਸਾਚੇ ਪਾਤਿਸਾਹੁ ਕੇ॥੯॥

ਛੇਵੇਂ ਸਤਿਗੁਰੂ ਜੀ ਬਾਰੇ ਬੰਨੋਆਣੀਆਂ ਜੀ ਦੀ ਸ਼ਰਧਾ ਡੂੰਘੀ ਹੈ। ਉਹ ਸਤਿਗੁਰੂ ਦੇ

'ਭੁਜਾ ਬਿਲੰਦ' ਅਰਥਾਤ ਲੰਮੀਆਂ ਤੇ ਬਲਵਾਨ ਭੁਜਾ ਵਾਲਾ ਹੋਣ ਦੀ ਰਵਾਇਤ ਦਾ ਜ਼ਿਕਰ ਕਰਦਾ ਹੈ। ਉਹ ਹਜ਼ੂਰ ਨੂੰ ਵੱਡਾ ਤੀਰ-ਅੰਦਾਜ਼ ਆਖਦਾ ਹੈ ਜਿਸ ਦੇ ਪ੍ਰਮਾਣ ਯੁੱਧਾਂ ਦੇ ਇਤਿਹਾਸ 'ਚੋਂ ਮਿਲਦੇ ਹਨ। ਗੁਰੂ ਜੀ ਦੇ ਸਫੈਦ ਘੋੜੇ ਅਤੇ 'ਬਾਜ਼' ਦੀ ਭੀ ਸਾਖ ਭਰਦਾ ਹੈ। ਬਾਣਾਂ ਵਿੱਚ 'ਅਰਧ ਚੰਦ' ਦੇ ਆਕਾਰ ਦੀ ਮੁਖੀ ਵਾਲੇ ਬਾਣ ਨਾਲ ਮਰਦੇ ਸੂਰਮਿਆਂ ਦੀ ਗੱਲ ਕਰਦਾ ਹੈ। ਉਹ ਗੁਰੂ ਜੀ ਨੂੰ ਹਿੰਦ ਦੇ ਪੀਰ ਆਖ ਕੇ ਉਨ੍ਹਾਂ ਦੀ ਹਿੰਦੂ ਮੁਸਲਮਾਨ ਨਾਲ ਸਾਂਝ ਦੀ ਵੀ ਉਗਾਹੀ ਭਰਦਾ ਹੈ, ਉਹ ਕਹਿੰਦਾ ਹੈ ਗੁਰੂ ਜੀ ਦੇ ਤੀਰ ਵੀਹ-ਵੀਹ, ਤੀਹ-ਤੀਹ ਬੰਦਿਆਂ ਨੂੰ ਹੀ ਨਹੀਂ ਘੋੜੇ ਹਾਥੀਆਂ ਨੂੰ ਭੀ ਚੀਰ ਕੇ ਪਾਰ ਨਿਕਲ ਜਾਂਦੇ ਹਨ। ਉਹ ਮੀਰੀ-ਪੀਰੀ ਦੀਆਂ ਦੋ ਤੇਗਾਂ ਦੀ ਵੀ ਗਵਾਹੀ ਦਿੰਦਾ ਹੈ ਅਤੇ ਇਸ ਤਰ੍ਹਾਂ ਬੀਰ-ਰਸ ਦਾ ਅਨੰਦ ਹੀ ਨਹੀਂ ਦਿੰਦਾ, ਸਗੋਂ ਇਤਿਹਾਸ ਦੀ ਸਾਖੀ ਭੀ ਭਰਦਾ ਹੈ।

ਭਾਈ ਮੋਤਾ ਸਿੰਘ ਬੰਨੋਆਣੀਏ ਦੇ ਇਨ੍ਹਾਂ ਛੰਦਾ ਵਿੱਚ ਪੁਰਾਣੀ ਪੰਜਾਬੀ, ਬ੍ਰਿਜੀ ਅਤੇ ਬ੍ਰਿਜ-ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਬਹੁਤੀ ਹੋਣ ਕਾਰਨ, ਕਈ ਥਾਂਈ ਪਾਠ ਕਠਿਨ ਹੋ ਗਿਆ ਹੈ, ਜਿਸ ਲਈ ਕਵਿਤਾ-ਪਾਠ ਦੇ ਸਰਲ ਅਰਥ ਵੀ ਹੇਠਾਂ (ਤੁਕਵਾਰ) ਦੇ ਦਿੱਤੇ ਗਏ ਹਨ ਤਾਂ ਜੋ ਰਚਨਾ ਦੇ ਅਰਥ ਸਮਝਣ ਵਿੱਚ ਕਠਿਨਾਈ ਨਾ ਰਹੇ। ਇਨ੍ਹਾਂ ਸ਼ਬਦਾਂ ਨਾਲ ਵਾਕਫ਼ੀ ਹੋ ਜਾਣ ਪਿੱਛੋਂ, ਪੁਰਾਤਨ ਸਿੱਖ ਸਾਹਿਤ ਦੀ ਭਾਸ਼ਾਈ-ਬਣਤਰ ਦੀ ਜਾਣਕਾਰੀ ਸੁਭਾਵਕ ਹੀ ਵਧਦੀ ਹੈ। ਜਿਵੇਂ 'ਰਹਿਕਲਾ' ਸ਼ਬਦ ਹੀ ਲੈ ਲਓ ਇਹ ਦੋ ਸ਼ਬਦਾਂ 'ਰਹਿ' (ਰਾਹ) ਅਤੇ 'ਕਲਾ' ਦਾ ਸੰਯੁਕਤ ਹੈ, ਭਾਵ ਹੈ ਅਜਿਹੀ ਛੋਟੀ ਤੋਪ ਜੋ ਘੋੜਿਆਂ ਜਾਂ ਹਾਥੀਆਂ ਦੀ ਸਹਾਇਤਾ ਨਾਲ ਰੇੜ੍ਹ ਕੇ ਲੈ ਜਾ ਸਕੀਦੀ ਹੈ ਅਤੇ ਰਾਹ ਵਿੱਚ, ਮੋਰਚੇ ਬਣਾਏ ਬਿਨਾਂ ਵੀ ਵਰਤੀ ਜਾ ਸਕਦੀ ਹੈ, ਇਵੇਂ 'ਜਮੂਰਾ' ਉਹ ਛੋਟੀ ਤੋਪ ਹੈ ਜਿਸ ਨੂੰ ਪੈਦਲ ਜਾਂ ਫ਼ੌਜ ਵਾਲੇ ਰੇੜ੍ਹ ਕੇ ਲੈ ਜਾਂਦੇ ਹਨ। ਇਹ ਅਰਬੀ 'ਜੰਬੂਰ' ਤੋਂ ਜਮੂਰਾ ਬਣਿਆ ਹੈ। ਇਸ ਦੇ ਅੱਖਰੀ ਅਰਥ ਉਹ ਜਾਨਵਰ ਹੁੰਦਾ ਹੈ, ਜਿਸ ਨੂੰ ਭਿੜ, ਕਿਰੰਡ, ਡੁੰਡ ਜਾਂ ਖਿੱਲ ਆਖੀ ਦਾ ਹੈ। ਇਨ੍ਹਾਂ ਛੰਦਾਂ ਵਿਚ ਕਿਸੇ ਵਿਸ਼ੇਸ਼ ਯੁੱਧ ਦਾ ਉਲੇਖ ਨਹੀਂ ਕੀਤਾ ਹੋਇਆ, ਸਗੋਂ ਯੁੱਧ ਸਥਿਤੀ ਦੀ ਵਿਆਖਿਆ ਹੋਈ ਹੈ:

ਪੁਨਾ: ਬੀਰ ਰਸ

ਇਹ ਬਿਧਿ ਭਯੋ ਘੋਰ ਸੰਗ੍ਰਾਮਾ! ਪਠਏ ਸੂਰ ਸੂਰ-ਸੁਤ ਧਾਮਾ।
ਔਰ ਫੌਜ ਮੁਗਲਨ ਕੀ ਆਈ! ਤਬ ਗੁਰ ਬਰ ਲਿਯ ਚਾਪ ਚਢਾਈ॥੧॥

ਇਸ ਪ੍ਰਕਾਰ ਘੋਰ ਯੁੱਧ ਹੋਇਆ। ਸੂਰਮੇ ਜਮ ਦੇ ਧਾਮ ਭੇਜ ਦਿੱਤੇ ਗਏ। ਜਦੋਂ ਮੁਗਲਾਂ ਦੀ ਫ਼ੌਜ ਹੋਰ ਆ ਗਈ, (ਉਦੋਂ) ਮਹਾਨ ਗੁਰੂ ਜੀ ਨੇ ਕਮਾਣ ਚੜ੍ਹਾ ਲਈ:

ਹਨ ਮੰਡਲ ਗੁਰ ਬਰ ਧਨ, ਕਰਖਯੋ। ਬਿਸਮ ਦ੍ਰਿਸ਼ ਬੂੰਦਨ ਜਿਮਿ ਬਰਖਾਯੋ॥
ਕੜ ਕੜ ਕਰਤ ਮਕਾਨ ਸਬਜ ਹਨ। ਭੜ ਭੜ ਜਵਾਲ ਉਠਤਿ ਹਥਨਾਲਨ॥੨॥

ਯੁੱਧ ਖੇਤਰ ਵਿੱਚ ਜਦੋਂ ਗੁਰੂ ਜੀ ਨੇ ਧੱਨੁਖ ਚੜ੍ਹਾਇਆ। ਬਰਖਾ ਵਾਂਗ ਤੀਰ ਬਰਸੇ। ਰਣ ਵਿਚ ਕਮਾਣ ਹਰ ਥਾਂ ਕੜ-ਕੜ ਕਰ ਰਹੀ ਸੀ। ਬੰਦੂਕਾਂ ਵਿੱਚੋਂ ਭੜ-ਭੜ ਅੱਗ ਨਿਕਲਦੀ ਸੀ:

ਤੜ ਭੜ ਤੀਰ ਤ੍ਰਾਣ ਪਰ ਬੱਜਤ। ਸੜ ਸੜ ਪ੍ਰਾਨ ਸੁਭਟ ਰਨ ਤਜਤ।
ਧੜ ਧੜ ਧੜਕਤ ਕਾਇਰ ਕੇ ਉਰ। ਸੁਭਟ ਬਿਕਟ ਕਟ ਜਾਵਤ ਸੁਰ ਪੁਰ॥੩॥

ਤੜ-ਭੜ, ਤੜ-ਭੜ ਨਿਸ਼ਾਨਿਆਂ 'ਤੇ ਤੀਰ ਵੱਜਦੇ ਸਨ। ਸੜ-ਸੜ ਯੋਧੇ ਪ੍ਰਾਣ ਦੇ ਰਹੇ ਸਨ। ਕਾਇਰਾਂ ਦੀ ਹਿਕ ਧੜ-ਧੜ ਧੜਕ ਰਹੀ ਸੀ। ਬਹਾਦਰ ਬੁਰੀ ਤਰ੍ਹਾਂ ਕੱਟੇ ਜਾ ਕੇ ਸੁਰਗਾਂ ਵਿੱਚ ਅੱਪੜ ਰਹੇ ਸਨ:

ਝਟ ਪਟ ਕਟਤ ਹਟਤ ਨਹਿ ਗੁਰੂ ਬਰ। ਤਕਸ਼ਤ ਸਕਤ੍ਰਮ ਬਿਸਖਤ ਜਤ ਖਰ।
ਜਿਹਿ ਉਰ ਲਗਤ ਤਖਤ ਤੁਰਤਿਹਿ ਤਨ। ਨਭ ਮਹਿ ਬਿਬੁਧ ਨਿਰਖ ਕਵਿ ਧਨ ਧਨ॥੪॥

ਜਿਸ ਦੇ ਸੀਨੇ ਸੱਟ ਪੈਂਦੀ ਝੱਟ ਦੇਹ ਤਜ ਦਿੰਦਾ। ਆਕਾਸ਼ ਵਿੱਚ ਬੁਧੀਮਾਨ ਦੇਵਤਾ ਦੇਖ-ਦੇਖ ਧੰਨ ਧੰਨ ਪੁਕਾਰਦੇ ਸਨ:

ਸ੍ਰੁਤਿ ਪ੍ਰਮਾਨ ਧਨੁ ਐਚ ਛਠਮ ਗੁਰ। ਪੁਰ ਕਰ ਤਜਤ ਬਿਸਖ ਖਪਰੇ ਖਰ।
ਅਰਿ ਉਰ ਧਸਤ ਲਸਤ ਫਲ ਪਾਰਹਿ। ਪੁਨ ਅਗ੍ਰਜ ਅਸੁ ਗਜ ਭਟ ਮਾਰਹਿ॥੫॥

ਕੰਨਾਂ ਤਕ ਧਨੁੱਖ ਨੂੰ ਖਿਚ ਕੇ ਛੇਵੇਂ ਗੁਰੂ ਜੀ, ਮੁਠੀਆਂ ਭਰ ਕੇ ਚੌੜੀ ਮੁਖੀ ਵਾਲੇ ਤਿਖੇ ਤੀਰ ਛੱਡ ਰਹੇ ਸਨ। ਵੈਰੀ ਦੀ ਛਾਤੀ ਵਿੱਚ ਧਸ ਕੇ ਤੀਰ ਦਾ ਫਲ ਬਾਹਰ ਚਮਕਦਾ ਹੈ। ਇਸ ਤਰ੍ਹਾਂ ਅੱਗੇ ਵਧਦੇ ਘੋੜੇ ਹਾਥੀ, ਯੋਧੇ ਮਰ ਰਹੇ ਸਨ:

ਕੜ ਕੜ ਸ਼ਬਦ ਕਰਤ ਗੁਰ ਬਰ ਧਨ। ਬਿਚਰਤ ਨਿਡਰ ਫਿਰਤ ਗੁਰ ਮਧ ਰਨ।
ਸਤ੍ਰੁ ਸੁਭਟ ਪਿਖ ਗੁਰ ਬਰ ਬਰ ਰਾਹਿ। ਨਾਹ ਧਨੁ ਸਰ ਨਿਜ ਕਰ ਮਹਿ ਧਰ ਰਹਿ॥੬॥

ਗੁਰੂ ਜੀ ਦਾ ਧਨੁੱਖ ਕੜ ਕੜ ਦੀ ਅਵਾਜ਼ ਕਰ ਰਿਹਾ ਸੀ। ਗੁਰੂ ਜੀ ਨਿਡਰ ਯੁੱਧ ਵਿੱਚ ਵਿਚਰ ਰਹੇ ਸਨ। ਵੈਰੀ ਦੇ ਜੋਧੇ ਗੁਰੂ ਜੀ ਨੂੰ ਵੇਖ ਕੇ ਡਰ ਰਹੇ ਹਨ। ਤੀਰ ਕਮਾਣ ਨੂੰ (ਡਰਦੇ) ਹੱਥ ਨਹੀਂ ਲਾਉਂਦੇ:

ਪ੍ਰਿਥਮੁ ਬੁਭਟ ਗੁਰ ਬਿਖਸਨ ਹਤ ਹਤ। ਕਤਲ ਕੀਯੋ ਤਿਨ ਨਵੀ ਪਰਮ ਗਤਿ।
ਇਸ ਪ੍ਰਕਾਰ ਗੁਰਬਰ ਭਟ ਮਾਰੇ। ਬਚੇ ਤਿਨਹੂੰ ਇਮ ਬਾਕ ਉਚਾਰੇ॥੭॥

ਪਹਿਲਾਂ ਹੀ ਸਤਿਗੁਰੂ ਨੇ ਚੋਣਵੇਂ ਜੋਧੇ ਮਾਰ ਮੁਕਾਏ। ਇੰਜ ਕਤਲ ਹੋਣ ਵਾਲਿਆਂ ਨੂੰ ਵੀ ਪਰਮ-ਗਤਿ ਪ੍ਰਾਪਤ ਹੋ ਗਈ। ਇਸ ਪ੍ਰਕਾਰ ਸਤਿਗੁਰੂ ਨੇ ਜੋਧੇ ਮਾਰ ਮੁਕਾਏ। ਜੋ ਬਚ ਰਹੇ, ਉਹਨਾਂ ਬੇਨਤੀ ਕੀਤੀ:

ਸਤ੍ਰ ਸੁਭਟ ਇਮਿ ਬਾਕ ਅਲਾਵਤ। ਹਮ ਸਰਬਰ ਸਰ ਸੋ ਨਹਿ ਜਾਵਤ।
ਭੋ ਗੁਰੂ ਬਰ ਅਬ ਖੜਗ ਜੁੱਧ ਕਰ। ਰਹੇ ਨ ਰੋਸ ਕਿਛੂ ਹਮਰੇ ਉਰ॥੮॥

ਹੇ ਸਤਿਗੁਰੂ ਜੀ! ਹੁਣ ਤਲਵਾਰ ਨਾਲ ਯੁੱਧ ਕਰੋ। ਸਾਡੇ ਮਨਾਂ ਵਿਚ ਇਹ ਵੀ ਹੌਂਸ ਨਾ ਰਹਿ ਜਾਏ। ਵੈਰੀ ਦੇ ਜੋਧਿਆਂ ਨੇ ਇਸ ਤਰ੍ਹਾਂ ਬੇਨਤੀ ਕੀਤੀ। ਅਸੀਂ ਤੀਰ ਕਮਾਨ ਦੀ ਲੜਾਈ ਵਿੱਚ ਆਪਦੇ ਹਾਣ ਦੇ ਨਹੀਂ ਹਾਂ:

ਜਬ ਸਤ੍ਰੁਨ ਇਮਿ ਗੁਰ ਪ੍ਰਚਾਰਾ। ਤਬ ਸ੍ਰੀ ਹਰਿਗੁਬਿੰਦ ਭਟ ਭਾਰਾ।
ਝਟ ਪਟ ਸੜਕ ਮਯਾਨ ਤੇ ਖੰਡਾ। ਮਹਾਂਬੀਰ ਤੁਰਹਿ ਰਣ ਮੰਡਾ॥੯॥

ਜਦੋਂ ਵਿਰੋਧੀਆਂ ਸਤਿਗੁਰ ਪਾਸ ਇੰਝ ਬੇਨਤੀ ਕੀਤੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੋ ਮਹਾਨ ਜੋਧੇ ਸਨ, ਉਨ੍ਹਾਂ ਦੀ ਬੇਨਤੀ ਮੰਨ ਕੇ ਝਟ-ਪਟ ਮਯਾਨ ਤੋਂ ਖੰਡਾ ਖਿੱਚ ਲਇਆ ਅਤੇ ਉਹ ਮਹਾਂਵੀਰ ਤੁਰਤ ਰਣ ਵਿੱਚ ਉਤਰਿਆ:

ਸੰਪਰ ਛਿਪ੍ਰ ਪੁੰਨ ਬਾਮ ਗਹਿ। ਦਾਰਨ ਕਰ ਖਗ ਚਮਕਤ ਲਹਿ ਲਹਿ।
ਹੇ ਸੁਭਟਹੁ ਜੋ ਹਮਹਿ ਪ੍ਰਚਾਰਤ। ਅਬ ਕਿਮ ਨਹਿ ਤੁਮ ਖੜਗ ਪ੍ਰਹਾਰਤ॥੧੦॥

ਫੁਰਤੀ ਨਾਲ ਢਾਲ ਖੱਬੇ ਹੱਥ ਸੰਭਾਲੀ। ਸੱਜੇ ਹੱਥ ਖੜਗ ਲਹਿ-ਲਹਿ ਕਰਦੀ ਹੋਈ ਚੁੱਕੀ। ਹੇ ਜੋਧਿਓ! ਸਾਨੂੰ ਜੋ ਬੇਨਤੀ ਕਰਦੇ ਸੀ, ਹੁਣ ਆਪ ਕਿਉ ਨਹੀਂ ਤਲਵਾਰ ਚੁੱਕਦੇ?

ਜਬ ਅਸ ਬਚ ਗੁਰ ਬਰ ਮੁਖ ਭਾਖਾ। ਤਬ ਜੇ ਸੁਭਟ ਮਹਾ ਮਨ ਮਾਖਾ।
ਦਾਂਤ ਪੀਸ ਸ੍ਰੀ ਗੁਰ ਪਰ ਇਕ ਬਿਰ। ਆਏ ਜਿਉ ਪਤੰਗ ਦੀਪਕ ਪਰ॥੧੧॥

ਜਦੋਂ ਸਤਿਗੁਰੂ ਜੀ ਨੇ ਇਹ ਬਚਨ ਮੂੰਹੋਂ ਕਹੇ। ਤਦ ਉਹ ਮਹਾਨ ਜੋਧੇ, ਜਿਨ੍ਹਾਂ ਦੇ ਮਨ ਭਿੜਨ ਦਾ ਚਾਉ ਸੀ, ਦੰਦ ਪੀਹ ਕੇ ਸ੍ਰੀ ਗੁਰੂ ਜੀ 'ਤੇ ਇਕੋ ਵਾਰੀ ਆ ਪਏ, ਜਿਵੇਂ ਪਤੰਗੇ ਦੀਵੇ 'ਤੇ ਗਿਰਦੇ ਹਨ:

ਪਟਹਿ ਬਾਜ ਗੁਰ ਮਹਾਂ ਪ੍ਰਬਲ ਅਤਿ। ਪੁਨਿ ਦੂਸਰ ਬਲ ਅਜ਼ਮਤ ਕੇ ਜੁਤਿ।
ਤਿਨ ਪਰ ਵਾਰ ਕਰਿਓ ਸੁਭਟਨ ਮਿਲ।
ਤਨ ਬਚਾਇ ਗੁਰ ਗਏ ਇਤ ਉਤ ਟਲ॥੧੨॥

ਗੁਰੂ ਜੀ ਮਹਾਨ ਪਟੇਬਾਜ ਸਨ। ਨਾਲ ਹੀ ਅਜ਼ਮਤ ਦਾ ਬਲ ਵੀ ਸਤਿਗੁਰ ਪਾਸ। ਉਨ੍ਹਾਂ ਉਤੇ ਜੋਧਿਆਂ ਨੇ ਰਲ ਕੇ ਵਾਰ ਕੀਤਾ ਸੀ। ਗੁਰੂ ਜੀ ਐਧਰ-ਉਧਰ ਪੈਂਤਰਾ ਬਦਲ ਕੇ ਬਚ ਗਏ:

ਕੂਦਤ ਫਾਂਦਤ ਇਤ ਉਤ ਧਾਵਹਿ। ਕਛੁ ਢਾਲ ਧਰ ਹਾਥ ਬਚਾਵਹਿ।
ਭੋ ਸੁਭਟਹੁ ਤੁਮ ਵਾਰ ਜੁ ਕੀਨੇ। ਸੋ ਕਰਤਾਰ ਨੇ ਨਿਫਲ ਕਰ ਦੀਨੇ॥੧੩॥

ਫੁਰਤੀ ਨਾਲ ਉਛਲਦੇ ਹੋਏ ਏਧਰ-ਓਧਰ ਹੋ ਜਾਂਦੇ ਰਹੇ। ਕੁਝ ਢਾਲ 'ਤੇ ਵੀ ਵਾਰ ਬਚਾਏ। 'ਹੇ ਜੋਧਿਓ! ਜੋ ਵਾਰ ਤੁਸੀਂ ਕੀਤੇ, ਉਹ ਕਰਤਾਰ ਨੇ ਵਿਅਰਥ ਕਰ ਦਿੱਤੇ:'

ਦੇਖਹੁ ਸੁਭਟ ਅਬ ਮੋਹਿ ਤਮਾਸਾ। ਤਜਹੁ ਸਭੈ ਤੁਮ ਜੀਵਨ ਆਸਾ।
ਅਸ ਕਹਿ ਵਾਰ ਕੀਏ ਗੁਰ ਪੂਰੇ। ਗਿਰੇ ਕਿਤਕ ਰਨ-ਮੰਡਲ ਸੂਰੇ॥੧੪॥

ਬਹਾਦਰੋ! ਹੁਣ ਮੇਰਾ ਤਮਾਸ਼ਾ ਦੇਖੋ ਹੁਣ, ਆਪਣੇ ਜਿਉਣ ਦੀ ਆਸ ਛੱਡ ਦਿਓ। ਇਹ ਕਹਿ ਕੇ ਪੂਰੇ ਸਤਿਗੁਰੂ ਨੇ ਵਾਰ ਕੀਤੇ। ਕਿਤਨੇ ਹੀ ਸੂਰਮੇ ਯੁੱਧ ਭੂਮਿ ਤੇ ਕਟ ਗਿਰੇ:

ਲੋਥਨ ਪਰ ਲੋਥਨ ਗਿਰ ਗਈ। ਜਨ ਨਭ ਕੋ ਸੀਢੀ ਕਰ ਦਈ।
ਜੋ ਸਨਮੁਖ ਸ੍ਰੀ ਗੁਰ ਕੇ ਆਵਤ। ਸੋ ਜੀਵਤ ਗ੍ਰਿਹਿ ਜਾਨ ਨ ਪਾਵਤ॥੧੫॥

ਲੋਥਾਂ 'ਤੇ ਲੋਥਾਂ ਚੜ੍ਹ ਗਈਆਂ। ਜਾਣੋ ਅਕਾਸ਼ ਨੂੰ ਪਉੜੀਆਂ ਲੱਗ ਗਈਆਂ। ਜੋ ਸ੍ਰੀ ਗੁਰੂ

ਜੀ ਦਾ ਸਾਮ੍ਹਣਾ ਕਰਨ ਆਏ, ਉਹ ਮੁੜ ਕੇ ਘਰ ਜਾਣ ਤੋਂ ਰਹੇ:

ਜੇ ਸਨਮੁਖ ਤਿਆਗਤ ਪ੍ਰਾਨਾ। ਬਰਹਿ ਬਰੰਗਨ ਘਾਲ ਬਿਮਾਨਾ।
ਜੋ ਕਾਯਰ ਰਣ ਤਿਆਗ ਪਰਾਵਤ। ਗੀਧ ਕਾਕ ਪਲ ਤਾਹਿ ਨ ਖਾਵਤ॥੧੬॥

ਜਿਨ ਸਨਮੁਖ ਜੂਝ ਕੇ ਪ੍ਰਾਣ ਦਿਤੇ, ਉਨ੍ਹਾਂ ਨੂੰ ਅਪੱਛਰਾਂ ਵਿਮਾਨਾਂ ਵਿੱਚ ਵਰ ਲੈ ਗਈਆਂ। ਜਿਹੜੇ ਕਾਇਰ ਯੁੱਧ ਵਿੱਚ ਭੱਜ ਨਿਕਲੇ, ਉਹਨਾਂ ਨੂੰ ਗਿੱਧ, ਕਾਂ, ਕੁੱਤੇ ਵੀ ਨਹੀਂ ਖਾਂਦੇ:

ਸਮਰ ਸੁਯੰਬਰ ਬੇਮੁਖ ਜੋਈ। ਦੂਹੂੰ ਲੋਕ ਮਹਿ ਤਾਹਿ ਨ ਢੋਈ।
ਅਸ ਉਰ ਪਰ ਕਰ ਭਟ ਰਣ ਸਨਮੁਖ। ਰਣ ਤੇ ਕਬਹੂੰ ਨ ਹੋਵਹਿ ਬੇਮੁਖ॥੧੭॥

ਯੁੱਧ ਦੇ ਸੁਯੰਬਰ ਵਿਚੋਂ ਜੋ ਬੇਮੁਖ ਹੁੰਦਾ ਹੈ, ਉਸ ਨੂੰ ਦੋਹੀਂ ਜਹਾਨੀ ਕਿਤੇ ਢੋਈ ਨਹੀਂ ਮਿਲਦੀ। ਇਹ ਜੀਅ ਵਿੱਚ ਧਾਰ ਕੇ ਉਹ ਸਨਮੁਖ ਜੂਝਦੇ ਹਨ। ਯੁੱਧ ਤੋਂ ਕਦੇ ਬੇਮੁਖ ਨਹੀਂ ਹੁੰਦੇ:

ਤਿਹ ਜਸ ਬਿਸ ਦੇ ਹੋਇ ਦੁਹੁ ਲੋਕਨ। ਜੋ ਭਟ ਸਮ ਤ੍ਰਨ ਆਗਾ ਰੋਕਨ।
ਖਗਧਾਰਾ ਗੋਰੀ ਨਾਰਾਚਾ। ਸਨਮੁਖ ਸਹੈ ਜੁ ਸਸਤ੍ਰਨ ਆਚਾ॥੧੮॥

ਉਸ ਦਾ ਜਸ ਦੋਹਾਂ ਲੋਕਾਂ ਵਿੱਚ ਬਹੁਤ ਹੁੰਦਾ ਹੈ। ਜੋ ਬਹਾਦਰ ਸ਼ਸਤ੍ਰਾਂ ਦਾ ਅੱਗਾ ਰੋਕਦੇ ਹਨ- ਤਲਵਾਰ ਦੀ ਧਾਰ, ਗੋਲੀ, ਬਾਣ ਦੀ ਚੋਟ ਆਦਿ। ਜੋ ਸ਼ਸਤ੍ਰਾਂ ਦੀ ਆਂਚ ਨੂੰ ਸਾਹਮਣੇ ਮੱਥੇ ਝਲਦੇ ਹਨ:

ਤਿਹ ਸਮ ਪੁੰਨਵੰਤ ਨਹਿ ਕੋਈ। ਰਨ ਸਨਮੁਖ ਤਨ ਤਜਾਗੈ ਜੋਈ।
ਕੈ ਹਰਿ ਭਜਨ ਸੁਕ੍ਰਿਤ ਬਡ ਜਾਨੋ। ਦੁਹੂਅਨ ਕੋ ਪਦ ਉਚ ਮਹਾਨੋ॥੧੯॥

ਉਹ ਜਿਹਾ ਧਨਵਾਨ ਕੋਈ ਨਹੀਂ ਹੁੰਦਾ। ਜਿਹੜਾ ਯੁੱਧ ਨੂੰ ਸਨਮੁਖ ਪ੍ਰਾਨ ਦੇ ਕੇ ਛੱਡਦਾ ਹੈ। ਫੇਰ ਕੋਈ ਹਰਿ ਭਜਨ ਕਰਨ ਵਾਲਾ ਜਾਂ ਨੇਕੀ ਕਮਾਉਣ ਵਾਲਾ ਹੋਵੇ। ਦੋਹਾਂ ਦਾ ਜਸ ਤੇ ਪਦਵੀ ਮਹਾਨ ਹੈ:

ਹਠੀ ਤਪੀ ਜੋਗੀ ਅਰੁ ਜਤੀ। ਇਨ ਦੁਹੂਅਨ ਸਮ ਨਾਹਿਨ ਗਤਿ।
ਇਨ ਬਿਨ ਔਰ ਕਰਮ ਜੇ ਕਰਹੀ। ਮਨੁਖ ਦੇਹਿ ਬਾਦ ਜਗ ਧਰਹੀ॥੨੦॥

ਹਠੀ, ਤਪੀ, ਜੋਗੀ, ਜਤੀ ਇਨ੍ਹਾਂ ਦੋਹਾਂ ਦੇ ਬਰਾਬਰ ਨਹੀਂ ਅਪੜ ਸਕਦੇ। ਸੰਸਾਰ ਵਿਚ ਸਾਰੇ ਕਰਮ ਕਰਨ ਵਾਲੇ ਬੰਦੇ, ਮਾਨਵ ਦੇਹ ਬੇਅਰਥ ਧਾਰਦੇ ਹਨ:

ਰੇ ਮਨ ਕੈ ਹਰਿ ਭਜਨ ਕਰ ਕੈ ਰਨ ਸਨਮੁਖ ਹੋਹੁ।
ਕੇ ਕਛੁ ਕਰਹੁ ਉਦਾਰ ਚਿਤ ਬਾਦ ਜਨਮ ਜਿਨ ਖੋਹੁ॥੨੧॥

ਹੇ ਮਨਾ! ਜਾਂ ਹਰਿ ਦਾ ਭਜਨ ਕਰ ਜਾਂ ਯੁੱਧ ਵਿਚ ਸਾਹਮਣੇ ਮੱਥੇ ਹੋ ਕੇ ਭਿੜ, ਜਾਂ ਕੁਝ ਉਦਾਰਤਾ ਵਾਲਾ ਕੰਮ ਕਰ, ਐਵੇਂ ਜ਼ਿੰਦਗੀ ਨੂੰ ਬਿਅਰਥ ਨਾ ਖੋ!

ਜੋ ਕਾਯਰ ਰਨ ਤਿਆਗ ਪਰਾਨੇ। ਨਿਜ ਸਵਾਮੀ ਪ੍ਰਤਿ ਜਾਇ ਬਖਾਨੇ।
ਤਵ ਭਟ ਕਟਕ ਸਭਹਿ ਗੁਰ ਮਾਰਾ। ਖੜੇ ਉਡੀਕਤ ਪੰਥ ਤੁਮਾਰਾ॥੨੨॥

ਜਿਹੜੇ ਕਾਯਰ ਜੰਗ ਛਡ ਕੇ ਭੱਜੇ, ਆਪਣੇ ਮਾਲਿਕ ਪਾਸ ਜਾ ਕੇ ਕੂਕੇ, ਤੁਹਾਡੀ ਸਾਰੀ

ਫ਼ੌਜ ਦੇ ਬਹਾਦਰਾਂ ਨੂੰ ਗੁਰੂ ਨੇ ਮਾਰ ਦਿੱਤਾ ਹੈ। ਹੁਣ ਤੁਹਾਡੀ ਰਾਹ ਦੇਖਦਾ ਹੈ:

ਧਨੁਖ ਬਿਸਖ ਗੁਰ ਬਰ ਕੋ ਸੋਹਤ। ਅਰੁਨ ਨਯਨ ਕ੍ਰੋਧਤ ਮਗ ਜੋਹਤ।
ਕਬਹੂੰ ਬਿਕਟ ਭਟ ਰਣ ਮਧ ਆਵਹਿ। ਸਮਰ ਭਯੰਕਰ ਯੁੱਧ ਹਮਹਿ ਬੁਲਾਵਹਿ॥੨੩॥

ਗੁਰੂ ਨੂੰ ਧਨੁੱਖ ਬਾਣ ਸੋਭਦਾ ਹੈ, ਕ੍ਰੋਧ ਨਾਲ ਅੱਖਾਂ ਲਾਲ ਹਨ ਤੇ ਰਾਹ (ਵੈਰੀ ਦਾ) ਦੇਖਦਾ ਹੈ, ਕਦੇ ਤਾਂ ਬਹਾਦਰ ਜੋਧੇ ਰਣ ਖੇਤ ਵਿੱਚ ਆਉਣਗੇ। ਭਿਆਨਕ ਯੁੱਧ ਵਿੱਚ ਸਾਨੂੰ ਸੱਦਣਗੇ:

ਇਤਨੇ ਗੁਰੂ ਬਰ ਐਸ ਬਿਚਾਰਤਿ। ਉਤਨੇ ਨ੍ਰਿਪ ਨਿਜ ਸੁਭਟ ਪ੍ਰਚਾਰਤਿ।
ਚਤੁਰੰਗਨਿ ਸੈਨਾ ਅਬ ਸਾਜਹੁ। ਜਨ ਕਰ ਰਨ ਮੰਡਲ ਮਧ ਗਾਜਹੁ॥੨੪॥

ਜਿਨ੍ਹਾਂ ਪਲਾਂ ਵਿੱਚ ਗੁਰੂ ਜੀ ਇਹ ਵਿਚਾਰਦੇ ਹਨ, ਉਤਨੀ ਦੇਰ ਰਾਜੇ ਲੋਕ ਆਪਣੀ ਫੌਜ ਨੂੰ ਦਸਦੇ ਹਨ। ਚਾਰ ਭਾਗਾਂ: ਪੈਦਲ, ਘੋੜ ਸਵਾਰ, ਰਥ, ਹਾਥੀ ਤੇ ਤੋਪਖਾਨਾ ਸੰਭਾਲੋ ਅਤੇ ਜੰਗ ਦੇ ਮੈਦਾਨ ਵਿਚ ਕੁੱਦੋ:

ਸਮਰ ਭੂਮਿ ਧੌਂਸੇ ਧੁੰਕਾਰਹੁ। ਊਪਰਿ ਤਾਂਹਿ ਦੁਚੋਬੇ ਮਾਰਹੁ।
ਤੋਪ ਰਹਿਕਲੇ ਔਰ ਜਮੂਰੇ। ਲੇ ਕਰ ਚਲੋ ਸਰਬ ਰਨ ਸੂਰੇ॥੨੫॥

ਜੰਗ ਦੇ ਖੇਤਰ ਵਿੱਚ ਧੌਂਸੇ ਬਜਾਉ; ਉਨਾਂ ਨੂੰ ਦੋ-ਦੋ ਡੱਕਿਆਂ ਨਾਲ ਗੂੰਜਾਉ। ਤੋਪਾਂ ਰਹਿਕਲੇ (ਰਹਿ-ਰਸਤਾ+ਕਲਾ-ਕਲ-ਮਸ਼ੀਨ) ਉਹ ਤੋਪਾਂ ਜਿਨ੍ਹਾਂ ਨੂੰ ਹਾਥੀ ਜਾਂ ਊਟ ਖਿਚ ਲੈ ਜਾਂਦੇ ਹਨ ਅਤੇ ਜੋ ਰਸਤੇ ਵਿੱਚ ਮੋਰਚਿਆਂ ਤੋਂ ਬਿਨਾਂ ਵੀ ਚਲਾਈਆਂ ਜਾ ਸਕਦੀਆਂ ਹਨ ਅਤੇ ਜਮੂਰੇ (ਜੰਬੂਰੇ-ਅਰਬੀ ਜ਼ਬੂਰ-ਭਰਿੰਡ, ਖਿਲ, ਧਮੂੜੀ, ਭੂੰਡ ਜਿਹੇ ਜਾਨਵਰ ਜਿਹਾ, ਅਕਾਰ ਦਾ ਛੋਟਾ ਪਰ ਦੂਜੇ ਨੂੰ ਤੜਪਾ ਦੇਣ ਵਾਲਾ ਹਥਿਆਰ, ਲੈ ਕੇ ਸਾਰੇ ਸੂਰਮੇ ਰਣ ਵਿਚ ਚਲੇ:

ਜੇ ਸੈਨਾਪਤਿ ਢਿਗ ਹੁਤੇ ਨ੍ਰਿਪ ਅਨੁਸਾਸਨ ਪਾਇ।
ਤੇ ਸਭ ਸ੍ਰੀ ਗੁਰ ਪਰ ਢੁਰੇ ਧੌਂਸੇ ਚੋਬ ਲਗਾਇ॥੨੬॥

ਜਿਹੜੇ ਸੈਨਾਪਤਿ ਕੋਲ ਹਾਜ਼ਰ ਸਨ। ਉਹ ਬਾਦਸ਼ਾਹ (ਰਾਜੇ) ਦਾ ਹੁਕਮ ਸੁਣ ਕੇ ਗੁਰੂ ਜੀ 'ਤੇ ਆ ਢੁਕੇ, ਧੌਂਸਿਆਂ ਨੂੰ ਚੋਬ (ਲੱਕੜੀ) ਨਾਲ ਵਜਾ ਕੇ:

ਸੁਭਟਨ ਮਨ ਉਤਸਵ ਭਯੋ ਸਸਤ੍ਰ ਬਸਤ੍ਰ ਸਜ ਲੀਨ।
ਸੁਨੇ ਬਿਸਖ ਗੁਰ ਕੇ ਪ੍ਰਬਲ ਕਾਯਰ ਮੁਖ ਦੁਤਿ ਛੀਨ॥੨੭॥

ਜੋਧਿਆਂ ਦਾ ਜਾਣੋ ਤਿਉਹਾਰ ਆ ਗਿਆ ਸਜ ਧਜ ਨਾਲ ਸ਼ਸਤਰ ਪਹਿਨ ਕੇ ਚੜ੍ਹੇ। ਗੁਰੂ ਜੀ ਦਾ ਯੁੱਧ ਵਿੱਚ ਬਲਵਾਨ ਹੋਣਾ ਸੁਣ ਕੇ, ਕਾਇਰਾਂ ਦੇ ਚਿਹਰੇ ਦਾ ਰੰਗ ਉਡ ਗਿਆ:

ਜੇ ਭਜਯੋ ਕਾਯਰ ਪ੍ਰਿਥਮ ਗਏ ਪ੍ਰਿਥੀ ਪਤਿ ਪਾਸ॥
ਸ਼ਾਹ ਜਹਾਂ ਨੇ ਦੇਰ ਤਜ ਕਰਵਾਏ ਸਭ ਨਾਸ॥੨੮॥

ਜੋ ਕਾਇਰ ਪਹਿਲਾਂ ਭੱਜ ਨਿਕਲੇ ਅਤੇ ਬਾਦਸ਼ਾਹ ਪਾਸ ਪਹੁੰਚੇ, ਸ਼ਾਹਜਹਾਂ ਨੇ ਤਤਕਾਲ ਉਨ੍ਹਾਂ ਨੂੰ ਮਰਵਾ ਦਿੱਤਾ।

ਜਬ ਸੈਨਾ ਇਸ ਦਿਸ ਤੇ ਗਈ। ਦੂਰਹਿ ਤੇ ਸਤਿਗੁਰ ਪਿਖ ਲਈ।

ਪੁਨਿ ਧੌਂਸਾ ਕੀ ਧੁਨਿ ਸੁਨਿ ਕਾਨ। ਨਿਜ ਕਰ ਕਮਲ ਧਰਯੋ ਧਨੁ ਬਾਨ॥੨੯॥

ਜਦੋਂ ਫ਼ੌਜ ਏਸ ਪਾਸਿਓ ਲੰਘੀ, ਦੂਰੋਂ ਸਤਿਗੁਰੂ ਨੇ ਦੇਖ ਲਈ। ਫੇਰ ਧੌਂਸੇ ਦੀ ਆਵਾਜ਼ ਸੁਣੀ ਅਤੇ ਕਰ-ਕੰਵਲਾਂ ਵਿੱਚ ਧਨੁੱਖ ਬਾਣ ਸੰਭਾਲਿਆ।

ਜਿਵੇਂ ਉਪਰ ਕਿਹਾ ਗਿਆ ਹੈ ਕਿ ਇਹ ਯੁੱਧ ਦੀ ਕਥਾ ਕਿਸੇ ਵਿਸ਼ੇਸ਼ ਯੁੱਧ ਨਾਲ ਜੁੜੀ ਨਹੀਂ ਕੇਵਲ ਯੁੱਧ ਪਰੰਪਰਾ ਦੀ ਕਥਾ ਹੈ। ਮੋਤਾ ਸਿੰਘ ਬੰਨੋਆਣੀਏ ਨੇ ਸਤੋਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਹਰਿ ਗੋਬਿੰਦ ਜੀ ਦੇ ਬਾਣਾਂ ਦੀ ਛਬਿ ਅਤੇ ਗੁਰ ਮਹਿਮਾ ਦੇ ਹੋਰ ਛੰਦ ਵੀ ਰਚੇ ਹਨ। ਉਨ੍ਹਾਂ ਛੰਦਾਂ ਵਿੱਚ ਹੀ ਬੀਰ-ਰਸ ਦੇ ਪੜ ਛੰਦ ਵੀ ਸ਼ਾਮਲ ਹਨ। ਇਹ ਬੀਰ ਰਸ ਦੇ ਛੰਦ ਪੜ ਅੰਕ ਤਕ ਚਲਦੇ ਹਨ:

ਬਾਜਿ ਅਰੂੜ੍ਹ ਭਏ ਜਗ ਸੁਆਮੀ। ਬੋਲ ਲੀਏ ਨਿਜ ਸੁਭਟ ਤਮਾਮੀ।
ਇਤਨੇ ਮਹਿ ਦ੍ਵੈ ਦਲ ਰਨ ਜੁਟੇ। ਦੂਹੂੰ ਦਿਸਨ ਤੇ ਗੋਰੇ ਛੁਟੇ॥੩੦॥

ਜਗਤ ਦੇ ਮਾਲਿਕ (ਗੁਰੂ ਹਰਿਗੋਬਿੰਦ ਜੀ) ਘੋੜੇ ਉੱਤੇ ਸਵਾਰ ਹੋਏ। ਅਪਣੇ (ਦਲ ਦੇ) ਸਾਰੇ ਜੋਧੇ ਬੁਲਾ ਲਏ। ਏਨੇ (ਸਮੇਂ ਵਿਚ) ਦੋਵੇਂ ਦਲ (ਯੁੱਧ ਵਿਚ) ਜੁਟ ਗਏ। ਦੋਹਾਂ ਪਾਸਿਆਂ ਤੋਂ ਗੋਲੇ ਛੁੱਟਣ ਲੱਗੇ॥੩੦॥

ਅਸ ਗਜ ਮਰੇ ਟੂਟੇ ਰਥ ਰਨ ਮੈ। ਗੁਰੂ ਬਿਚਾਰਯੋ ਇਹ ਬਿਧ ਮਨ ਮੈ।
ਅਬ ਜੇ ਨਹਿ ਹਨ ਹੋ ਰਨ ਬਾਨਾ। ਤੌ ਮਮ ਸੁਭਟਨ ਕੀ ਹ੍ਵੈ ਹਾਨਾ॥੩੧॥

ਘੋੜੇ ਹਾਥੀ, ਰਨ ਵਿਚ ਮਰੇ, ਰਥ ਟੁੱਟੇ। ਗੁਰੂ ਜੀ ਨੇ ਮਨ ਵਿਚ ਵਿਚਾਰ ਕੀਤਾ। ਜੇਕਰ ਹੁਣ ਯੁੱਧ ਵਿਚ (ਅਸਾਂ) ਤੀਰ ਨਾ ਚਲਾਏ। ਤਦ ਸਾਡੇ ਜੋਧਿਆਂ ਦਾ ਨੁਕਸਾਨ ਹੋਵੇਗਾ, ਅਰਥਾਤ ਉਹ ਲੜਾਈ ਵਿਚ ਮਾਰੇ ਜਾਣਗੇ॥੩੧॥

ਇਮ ਕਹਿ ਗੁਰ ਨਿਜ ਧਨ ਸਰ ਕਰ ਧਰ।
ਤਾਨ ਸ੍ਰਵਨ ਲਗ ਐਂਚਯੋ ਗੁਰ ਬਰ।
ਨਿਸਰ ਬਾਨ ਅਰਿ ਦਿਸ ਇਮਿ ਜਾਵਤ।
ਫਰ੍ਰਰ ਫਰ੍ਰਰ ਫਣੀਅਰ ਜਿਸ ਧਾਵਤ॥੩੨॥

ਇਹ ਕਹਿ ਕੇ ਗੁਰੂ ਜੀ ਨੇ ਆਪਣਾ ਧਨੁਖ ਬਾਣ ਹੱਥ ਵਿਚ ਲਿਆ। ਧਨੁਖ (ਦੀ ਡੋਰੀ ਨੂੰ) ਮਹਾਨ ਗੁਰੂ ਜੀ ਨੇ ਕੰਨਾਂ ਤਕ ਖਿੱਚਿਆ। (ਧਨੁਖ ਵਿੱਚੋਂ) ਨਿਕਲ ਕੇ ਬਾਣ, ਵੈਰੀ ਵੱਲ, ਇੰਝ ਜਾਣ ਲੱਗੇ, ਜਿਵੇਂ ਫਨੀਅਰ ਫਰ੍ਰਰ ਫਰ੍ਰਰ (ਕਰਦੇ ਹੋਏ) ਉਡਦੇ ਜਾ ਰਹੇ ਹੋਣ॥੩੨॥

ਇਕ ਤੇ ਨਿਸਰ ਦੁਸਰ ਤਨ ਘਾਵਤ। ਤੀਨ ਚਾਰ ਛਿਦ ਪਾਰ ਪਰਾਵਤ।
ਪੁਨ ਤਿਨ ਕੇ ਅਗ੍ਰਜ਼ ਜੋ ਆਵਤ। ਤਿੰਹ ਉਰ ਬੇਧਤ ਬਿਫਲ ਨ ਜਾਵਤ॥੩੩॥

ਇਕ (ਸਰੀਰ) ਵਿੱਚੋਂ ਲੰਘ ਕੇ ਤਨ ਨੂੰ ਘਾਇਲ ਕਰਦਾ ਹੋਇਆ। ਤਿੰਨ ਚਾਰ (ਜੋਧਿਆਂ) ਨੂੰ ਵਿੰਨ੍ਹ ਕੇ ਪਾਰ ਨਿਕਲ ਜਾਂਦਾ ਹੈ।

ਫੇਰ ਵੀ ਜੋ ਉਸ (ਤੀਰ) ਦੇ ਸਾਹਮਣੇ ਆਉਂਦਾ ਹੈ, ਉਸ ਦੀ ਛਾਤੀ ਵਿੰਨ੍ਹਦਾ ਹੈ ਬੇ-

ਅਰਥਾ ਨਹੀਂ ਜਾਂਦਾ॥ ੩੩॥

ਬਿਸਖਨ ਜਸੁ ਢਾਢੀ ਨਿਤ ਗਾਵਤ। ਮਹਾ ਬੀਰ ਰਸ ਗੁਰ ਉਰ ਭਾਵਤ।
ਸੁਨ ਸੁਨ ਗੁਰ ਬਹੁ ਧਨੁ ਬਰਖਾਵਤ। ਪੁਨਿ ਪੁਨਿ ਸੁਨਹਿ ਬਹੁਰ ਹਰਖਾਵਤ॥੩੪॥

ਚੋਵਣੇ ਢਾਡੀ ਨਿੱਤ ਜਸ ਗਾਉਂਦੇ ਹਨ। ਮਹਾਨ ਬੀਰ-ਰਸ ਗੁਰੂ ਜੀ ਦੇ ਮਨ ਨੂੰ ਚੰਗਾ ਲੱਗਦਾ ਹੈ। ਸੁਣ-ਸੁਣ ਕੇ ਗੁਰੂ ਜੀ ਧਨੁੱਖ ਤੋਂ ਤੀਰਾਂ ਦੀ ਹੋਰ ਬਰਖਾ ਕਰਦੇ ਹਨ। ਇਸੁ ਜਸੁ ਨੂੰ ਮੁੜ-ਮੁੜ ਸੁਣਦੇ ਅਤੇ ਮੁੜ-ਮੁੜ ਪ੍ਰਸੰਨ ਹੁੰਦੇ ਹਨ॥੩੪॥

ਦੋਹਰਾ॥ ਪੁਨਿ ਗੁਰ ਬਰ ਧਨੁ ਕਰ ਗਹਯੋ ਐਂਚਯੋ ਕਾਨ ਪ੍ਰਮਾਨ।
ਚਤੁਰੰਗਲ ਚੌੜੇ ਬਿਖਸ ਛਾਡੇ ਪ੍ਰਬਲ ਮਹਾਨ॥੩੫॥

ਫੇਰ ਮਹਾਨ ਗੁਰੂ ਜੀ ਨੇ ਧਣੁਖ ਹੱਥ ਵਿਚ ਫੜ ਕੇ ਕੰਨਾਂ ਤਕ ਖਿੱਚਿਆ। ਖਾਸ ਕਰਕੇ ਚਾਰ ਉਂਗਲੀ ਚੌੜੇ ਫਲ ਵਾਲੇ ਜਬਰਦਸਤ ਤੀਰ ਛੱਡੇ॥੩੫॥

ਫਰੂਰ ਫਰੂਰ ਫੁੰਕਾਰਤ ਸਰ ਖਰ। ਸਯਾਮ ਨਾਗ ਫੁੰਕਤ ਜਿਸ ਫਨ ਧਰ।
ਜਿਹ ਦਿਸ ਸਰ ਖਰ ਖਪਰੇ ਜਾਵਤ। ਝਟ ਪਟ ਸੁਭਟ ਬਿਕਟ ਅਤਿ ਘਾਵਤ॥੩੬॥

ਜਿਸ ਪਾਸੇ ਵੀ ਇਹ ਫਰੂਰ ਫਰੂਰ ਕਰਦੇ ਤਿੱਖੇ ਤੀਰ ਫੁੰਕਾਰੇ ਮਾਰਦੇ ਜਾਂਦੇ ਹਨ, ਕਾਲੇ ਫਨੀਅਰ ਨਾਗਾਂ ਵਾਂਗ ਫੁਕਾਰਦੇ (ਪ੍ਰਤੀਤ ਹੁੰਦੇ ਹਨ) ਜਾਂਦੇ ਹਨ, ਝਟ-ਪਟ ਭਿਆਨਕ ਜੋਧਿਆਂ ਨੂੰ ਡੂੰਘੇ ਜ਼ਖ਼ਮ ਲਾਉਂਦੇ ਹਨ॥੩੬॥

ਚਟਪਟ ਸੁਭਟ ਬਿਕਟ ਰਣ ਤੱਜਤ। ਖਟ ਪਟ ਭੀਰੁ ਭਟਕ ਭ੍ਰਮ ਭੱਜਤ।
ਅਸੂਨ ਤੇ ਝਟਪਟ ਭਟ ਗਿਰਹੀ। ਬਹੁਰ ਨ ਉਠ ਕਰ ਰਨ ਮਧ ਫਿਰਹੀ॥੩੭॥

ਘਬਰਾ ਕੇ ਬੜੇ ਬਹਾਦਰ ਕਹੇ ਜਾਣ ਵਾਲੇ ਜੋਧੇ ਯੁੱਧ ਦੇ ਮੈਦਾਨ ਛੱਡ ਜਾਂਦੇ ਹਨ, (ਆਪਣੀਆਂ ਜਾਨਾਂ ਵਾਰ ਜਾਂਦੇ ਹਨ) ਥੋੜ੍ਹੇ (ਹਥਿਆਰਾਂ) ਦੇ ਟਕਰਾਉ ਵਾਲੇ ਖੜਕੇ-ਦੜਕੇ ਤੋਂ ਆਪਣੀ ਮੌਤ ਦੇ ਭੈ ਵਿੱਚ ਭਰਮਾਏ, ਯੁੱਧ ਵਿਚੋਂ ਭੱਜ ਨਿਕਲਦੇ ਹਨ। ਘੋੜਿਆਂ ਉਤੋਂ ਸਵਾਰ (ਜ਼ਖ਼ਮੀ ਹੋਏ) ਡੋਲ ਕੇ ਝਟ-ਪਟ ਡਿਗਦੇ ਹਨ ਅਤੇ ਮੁੜ ਉੱਠ ਕੇ ਯੁੱਧ ਵਿੱਚ ਫਿਰਦੇ ਨਜ਼ਰ ਨਹੀਂ ਆਉਂਦੇ (ਪ੍ਰਾਣ ਤਿਆਗ ਜਾਂਦੇ ਹਨ)॥੩੭॥

ਹਥ ਨਾਲਨ ਕੇ ਧੁਖਤ ਪਲੀਤੇ। ਕਾਇਰ ਫਿਰਤ ਲੁਕਤ ਚੁਪ ਕੀਤੇ।
ਤੁਪਕ ਤਮਕ ਲੁਕ ਲੁਕ ਗੁਰ ਓਰਹਿ। ਛੋਰਹਿ ਤਿਨਹਿ ਉਲਟ ਫਟ ਫੋਰਹਿ॥੩੮॥

ਤੋੜੇਦਾਰ ਬੰਦੂਕਾਂ (ਇਹ ਤੋੜੇਦਾਰ ਬੰਦੂਕਾਂ ਕਿਸੇ ਅਜਾਇਬ ਘਰ ਵਿਚ ਵੇਖੋ) ਦੇ ਪਲੀਤੇ ਦਗ ਰਹੇ ਹਨ, ਕਾਇਰ ਚੁੱਪ ਕੀਤੇ (ਗੋਲੀ ਦੀ ਮਾਰ ਤੋਂ ਬਚਣ ਲਈ, ਇਕ ਦੂਜੇ ਦੀ ਓਟ ਲੈ ਕੇ) ਲੁਕਦੇ-ਫਿਰਦੇ ਹਨ। ਆਪਣੀਆਂ ਤੋਪਾਂ ਤੇ ਬੰਦੂਕਾਂ ਨੂੰ ਗੁਰੂ ਵਾਲਿਆਂ ਜੋਧਿਆਂ ਵੱਲ ਚਲਾਉਂਦੇ ਹਨ, (ਪਰ) ਘਬਰਾਹਟ ਵਿਚ (ਨਿਸ਼ਾਨਾ ਠੀਕ ਨਾ ਲੈ ਸਕਣ ਕਾਰਣ) ਗੋਲੀਆਂ ਉਨ੍ਹਾਂ (ਦੀਆਂ ਸਫ਼ਾ) ਵਿਚ ਹੀ ਫਟ ਕੇ, ਉਨ੍ਹਾਂ ਨੂੰ ਜ਼ਖ਼ਮੀ ਕਰ ਦਿੰਦੀਆਂ ਹਨ॥੩੮॥

ਮਰਤ ਕਹਹਿ ਅਜਮਤ ਜੁਤ ਗੁਰੂ ਘਰ। ਕੌਨ ਕਰੈ ਇਨ ਕੀ ਅਬ ਬਰਸਰ।

ਕਰਹਿ ਪੁਕਾਰ ਊਚ ਕਰ ਬਾਹੂ। ਜਿਤਹੁ ਨ ਗੁਰੁ ਭਟ ਫਿਰਿ ਘਰ ਜਾਹੁ॥੩੯॥

ਮਰਦੇ-ਮਰਦੇ ਕਹਿੰਦੇ ਹਨ ਕਿ ਗੁਰੂ ਘਰ ਅਜ਼ਮਤ (ਰੱਬੀ ਵਡਿਆਈ) ਵਾਲਾ ਹੈ। ਉਸ ਨਾਲ ਬਰਾਬਰੀ ਕੌਣ ਕਰ ਸਕਦਾ ਹੈ। (ਉਹ) ਬਾਹਾਂ ਉੱਚੀਆਂ ਕਰਦੇ ਕੂਕਦੇ ਹਨ, ਨਾ ਗੁਰੂ ਨੂੰ ਜਿੱਤ ਸਕੇਗਾ ਜੋਧਾ, ਨਾ ਘਰ ਪਰਤ ਕੇ ਜਾ ਸਕੇਗਾ॥੩੯॥

ਕਰਹਿ ਨ ਸੁਭਗਾਤਿ ਬੇਮੁਖ ਗੁਰ ਤੇ। ਕਿਹ ਬਿਧ ਜਾਹਿ ਗੁਰੂ ਕੇ ਪੂਰ ਤੇ।
ਗੁਰ ਸਨਮੁਖ ਜੇ ਲਰਹਿ ਮਰਹਿ ਰਨ। ਸਸਤ੍ਰ ਆਂਚ ਸਹਿ ਬਹਿ ਬਿਰੰਗੁਨ॥੪੦॥

ਜੋ ਗੁਰੂ ਤੋਂ ਬੇਮੁਖ ਹਨ ਉਹ ਭਗਤੀ ਤੇ ਨੇਕੀ ਹਾਸਿਲ ਨਹੀਂ ਕਰ ਸਕਦੇ। ਉਹ ਕਿਵੇਂ ਗੁਰ-ਪੁਰੀ ਨੂੰ ਪ੍ਰਾਪਤ ਹੋ ਸਕਦੇ ਹਨ। ਜਿਹੜੇ ਗੁਰੂ ਦੇ ਸਨਮੁਖ ਰਹਿ ਕੇ ਯੁੱਧ ਵਿੱਚ ਲੜ ਮਰਦੇ ਹਨ, ਉਹ ਸਸਤ੍ਰਾਂ ਦੇ ਸੇਕ ਵਿੱਚ (ਸੁੱਚੇ ਹੋ ਕੇ) ਅਪੱਛਰਾਂ ਨੂੰ ਵਿਆਹ ਲੈਂਦੇ ਹਨ॥੪੦॥

ਦੋਹਰਾ॥ ਰੇ ਭਟ ਰਨ ਸਨਮੁਖ ਬਰਹੁ ਮਰਹੁ ਕਿਧੌਂ ਬਚ ਜਾਹੁ।
ਜਿਯਹੁ ਤ ਭੋਗਹੁ ਰਾਜ ਸੁਖ ਮਰਹੁ ਤ ਸੁਰਪੁਰ ਪਾਹੁ॥੪੧॥

ਹੇ ਜੋਧਿਓ, ਯੁੱਧ ਵਿੱਚ ਆ ਕੇ ਗੁਰੂ ਦੇ ਸਨਮੁਖ (ਸਾਹਮਣੇ ਮੱਥੇ-ਅਨੁਸਾਰੀ ਹੋ ਕੇ) ਲੜੋ, ਭਾਵੇ ਮਰੋ ਭਾਵੇਂ ਬਚ ਜਾਓ। (ਇਸ ਪੱਖੋਂ ਨਿਸਚਿਤ ਹੋ ਕੇ ਲੜੋ) ਜੇ ਜਿਉਂਦੇ ਰਹੇ ਤਾਂ ਰਾਜ ਦਾ ਸੁਖ ਭੋਗੋਗੇ, ਮਰ ਗਏ ਤਾਂ ਸੁਰਗਾਂ ਦਾ ਵਾਸਾ ਪ੍ਰਾਪਤ ਕਰ ਲਵੋਗੇ॥੪੧॥

ਪੁਨ ਸਤਗੁਰ ਧਨੁ ਸਰ ਕਰ ਬਰ ਧਰ। ਰਨ ਮੰਡਲ ਇਮ ਕਹਯੋ ਉਚਰ ਕਰ।
ਰੇ ਰੇ ਸੁਭਟ ਅਹੈ ਕਿਨ ਕੋਈ। ਨੇਰੇ ਢੁਕੇ ਹਮਾਰੇ ਜੋਈ॥੪੨॥

ਫੇਰ ਗੁਰੂ ਜੀ ਨੇ ਧਨੁਖ-ਬਾਣ ਹੱਥ ਵਿਚ ਲੈ ਕੇ ਉਚਾਰਿਆ 'ਓ ਭਾਈ ਜੋਧਿਓ! ਰਣ ਮੰਡਲ ਵਿਚ ਤੁਹਾਡੇ ਵਿੱਚੋਂ ਕੋਈ ਹੈ ਕਿ ਨਹੀਂ ਜੋ ਅਸਾਡੇ (ਸਾਹਮਣੇ) ਨੇੜੇ ਢੁੱਕੇ?' ਏਥੇ ਨੇੜੇ ਢੁੱਕਣ ਤੋਂ ਦੋ ਭਾਵ ਹਨ: ਇਕ ਸਾਹਮਣਾ ਕਰਨਾ, ਦੂਜੇ ਬਰਾਬਰੀ ਕਰਨਾ॥੪੨॥

ਸੁਨ ਗੁਰ ਸਬਦ ਸੁਭਟ ਜੋ ਪ੍ਰਬਲ ਅਤਿ। ਝੁਕਤ ਭਏ ਧਨੁਧਰ ਬਿਦਿਆ ਰਤਿ।
ਅਤਿ ਪ੍ਰਚਾਰ ਤਿਨ ਗੁਰਬਰ ਓਰਹਿ। ਬਿਸਖ ਬਿਪੁਲ ਗੁਰ ਦਿਸ ਤਬ ਛੋਰਹਿ॥੪੩॥

ਗੁਰੂ ਜੀ ਦੇ ਬਚਨ ਸੁਣ ਕੇ ਉਹ ਜੋਧੇ ਜੋ ਬਹੁਤ ਬਲਵਾਨ ਸਨ, ਝੁਕ ਗਏ, ਉਹ ਵੀ ਜਿਨ੍ਹਾਂ ਦੀ ਤੀਰ-ਅੰਦਾਜ਼ੀ ਦੀ ਵਿਦਿਆ ਵਿੱਚ ਰੁਚੀ ਸੀ। ਉਹ ਵੀ ਜਿਨ੍ਹਾਂ ਦਾ ਗੁਰੂ ਕੇ ਦਲ ਵਿਚ ਬਹੁਤ (ਬਹਾਦਰ ਅਤੇ ਤੀਰ-ਅੰਦਾਜ਼ੀ ਦੇ ਮਾਹਰ ਹੋਣ ਦਾ) ਪ੍ਰਚਾਰ ਰਿਹਾ ਸੀ। ਉਨ੍ਹਾਂ ਦੀ ਭਾਰੀ ਗਿਣਤੀ ਨੇ ਤਦੋਂ ਗੁਰੂ ਜੀ ਦੇ ਪਾਸਿਓਂ ਹਟ ਜਾਣਾ ਹੀ ਉਚਿਤ ਸਮਝਿਆ॥੪੩॥

ਸ੍ਰੀ ਗੁਰ ਬਰ ਕਰ ਧਰ ਕਰ ਢਾਲਹਿ। ਰੁਕਹਿ ਨ ਤਨ ਪਰ ਇਕਸਰ ਝਾਲਹਿ।
ਪਟਹਿ ਬਾਜ ਸ੍ਰੀ ਗੁਰੂ ਮਹਾਬਰ। ਕਿਹ ਬਿਧਿ ਲਗਨ ਦੇਹਿ ਤਨ ਪਰ ਸਰ॥੪੪॥
ਵਾਰ ਬਹੁਤ ਸਤ੍ਰੁਨ ਇਮ ਕੀਨੇ। ਤੂਨ ਸਭਨ ਖਾਲੀ ਕਰ ਦੀਨੇ।
ਤਬ ਨਿਜ ਢਾਲ ਤਜੀ ਗੁਰ ਛਿਨ ਮੈ। ਰਰਜਤ ਭਏ ਜਲਦ ਜਿਮ ਰਨ ਮੈ॥੪੫॥

ਵੈਰੀਆਂ ਨੇ ਬਹੁਤ ਵਾਰ ਕੀਤੇ, ਅਪਣੇ ਭੱਥੇ (ਤੀਰ-ਦਾਨ) ਸਭਨਾਂ ਨੇ ਖਾਲੀ ਕਰ ਲਏ।

(ਵੈਰੀਆਂ ਨੂੰ ਸ਼ਸਤ੍ਰਾਂ ਤੋਂ ਸੱਖਣੇ ਹੋਏ ਦੇਖਿਆ)-
ਤਾਂ ਗੁਰੂ ਜੀ ਨੇ ਆਪਣੀ ਢਾਲ ਇਕ ਪਲ ਵਿੱਚ ਰੱਖ ਦਿੱਤੀ ਅਤੇ ਯੁੱਧ ਦੇ ਮੈਦਾਨ ਵਿੱਚ ਬੱਦਲ ਵਾਂਗ ਗਰਜੇ॥੪੫॥

ਪੁਨਹਿ ਕਮਾਨ ਤਾਨ ਲਗ ਕਾਨਾ। ਹਨੇ ਮਹਾਂ ਖਪਰੇ ਖਰ ਬਾਨਾ।
ਸਤਿ ਨਾਮ ਪਢ ਮੰਤ੍ਰ ਚਲਾਵਤ। ਅਸੁ ਗਜ ਉਸਟ ਫੋਰ ਉਰ ਜਾਵਤ॥੪੬॥

ਗੁਰੂ ਜੀ ਨੇ ਮੁੜ ਕਮਾਨ ਕੰਨਾਂ ਤੱਕ ਖਿੱਚ ਕੇ ਚੌੜੇ ਫਲ ਵਾਲੇ ਤਿੱਖੇ ਤੀਰ ਵਾਹੇ। ਉਹ ਸਤਿਨਾਮ ਦਾ ਮੰਤ੍ਰ ਪੜ੍ਹ ਕੇ ਤੀਰ ਚਲਾਉਂਦੇ ਜੋ ਘੋੜੇ, ਹਾਥੀ, ਊਠ ਸਭ ਨੂੰ ਵਿੰਨ੍ਹ ਜਾਂਦਾ॥੪੬॥

ਜਹਿ ਅਸੁ ਗਜ ਰਹਿਨੇ ਨਹਿ ਪਾਵੈ। ਤਹ ਸੂਰਨ ਕੀ ਕੌਨ ਚਲਾਵੈ।
ਫੁੰਕਾਰਤ ਰਨ ਮੈ ਇਮ ਬਾਨਾ। ਜਿਮ ਫੁੰਕਤ ਪੰਨਗ ਬਲਵਾਨਾ॥੪੭॥

ਜਿੱਥੇ ਘੋੜੇ, ਹਾਥੀ (ਡਿੱਗੇ ਬਿਨਾ) ਨਹੀਂ ਰਹਿੰਦੇ ਉਥੇ ਸੂਰਮਿਆਂ ਦੀ ਗੱਲ ਕੌਣ ਕਰੇ। ਬਾਣ ਰਣ-ਥਲੀ ਵਿੱਚ ਇਸ ਤਰ੍ਹਾਂ ਸ਼ੂਕਦੇ ਸਨ ਜਿਵੇਂ ਬਲਵਾਨ ਪਹਾੜੀ ਨਾਗ ਫੁੰਕਰਦੇ ਹੋਣ॥੪੭॥

ਜਿਹ ਤਨ ਲਗਤ ਤਜਤ ਵਹ ਪ੍ਰਾਨਾ। ਤਿਹੜੇ ਨਿਸਰ ਹਨਤ ਭਟ ਨਾਨਾ।
ਜਿਰਹ, ਕਵਚ ਫੋਰਹਿ, ਤਨ ਤ੍ਰਾਨਾ। ਇਨ ਤੇ ਬਚਹਿ ਨ ਕੋ ਅਸ ਜ੍ਵਾਨਾ॥੪੮॥

ਜਿਸ ਦੇ ਸਰੀਰ ਨੂੰ ਇਹ ਤੀਰ ਲਗਦੇ ਹਨ, ਉਹ ਪ੍ਰਾਣ ਤਿਆਗ ਦਿੰਦੇ ਹਨ। ਇਹੀ ਨਹੀਂ ਉਸ ਤੋਂ ਪਾਰ ਨਿਕਲ ਕੇ ਹੋਰ ਕਿੰਨਿਆਂ ਨੂੰ ਮਾਰ ਮੁਕਾਉਂਦੇ ਹਨ। ਜਿਰਹ, ਕਵਚ, ਤਨ-ਤ੍ਰਾਣ ਆਦਿ ਜੋ ਹਿਫਾਜ਼ਤੀ ਲਿਬਾਸ (ਲੋਹੇ ਦੇ ਬਣੇ) ਹਨ, ਸਭਨਾਂ ਨੂੰ ਇਹ ਤੀਰ ਕੱਟ ਦਿੰਦੇ ਹਨ। ਇਨ੍ਹਾਂ ਤੀਰਾਂ ਪਾਸੋਂ ਕੋਈ ਬਚ ਜਾਵੇ ਅਜਿਹਾ ਕੋਈ ਜੁਆਨ ਨਹੀਂ ਹੈ॥੪੮॥

ਦੋਹਰਾ॥ ਜੋ ਸਨਮੁਖ ਜੋਧਾ ਅਰੇ ਤਿਨ ਮੈ ਬਚਯੋ ਨ ਏਕ।
ਜੋ ਕਾਯਰ ਛਪਿ ਲੁਕ ਰਹੇ ਭਾਜ ਗਏ ਤਜ ਟੇਕ॥੪੯॥

ਜਿਹੜੇ ਜੋਧੇ ਸਾਹਮਣੇ ਹੋ ਕੇ ਲੜੇ, ਉਨ੍ਹਾਂ ਵਿਚੋਂ ਇਕ ਵੀ (ਜਿਊਂਦਾ) ਬਚ ਕੇ ਨਾ ਗਿਆ। ਜਿਹੜੇ ਕਾਇਰ ਕਿਧਰੇ ਲੁਕ ਛੁਪ ਕੇ ਬਚੇ ਉਹ ਟਿਕਾਣਾ (ਯੁੱਧ ਭੂਮੀ) ਛਡ ਗਏ॥੪੯॥

ਸੈਨਾ ਸਭ ਸੰਘਾਰ ਕੈ ਭਲੇ ਬਿਰਾਜੇ ਨਾਥ।
ਸ਼ਾਹਜਹਾਂ ਬਿਸਮਿਤ ਭਯੋ ਸਿਰ ਧੁਨ ਮੀਜਤਹਾਥ॥੫੦॥

ਸਾਰੀ ਸੈਨਾ ਦਾ ਵਿਨਾਸ਼ ਕਰਕੇ ਗੁਰੂ ਜੀ ਸੁਖ-ਸ਼ਾਂਤੀ ਨਾਲ ਬਿਰਾਜ ਗਏ। ਸ਼ਾਹਜਹਾਂ ਹੈਰਾਨ ਹੋ ਗਿਆ, ਸਿਰ ਪਿੱਟਦਾ ਅਤੇ ਹੱਥ ਮਲਦਾ ਰਹਿ ਗਿਆ॥੫੦॥

ਸ਼ਾਂਤ ਭਈ ਦੁਹ ਦਿਸ ਤਬੈ ਡਰਪਯੋ ਸ਼ਾਹ ਜਹਾਨ।
ਕਰਾਮਾਤ ਪੂਰਨ ਲਖਯੋ ਛਠਮ ਗੁਰੂ ਬਲਵਾਨ॥੫੧॥
ਬੈਰ ਤਯਾਗ ਨਿਸਚਿੰਤ ਹੋਇ ਬੈਠ ਰਹਯੋ ਘਰ ਮਾਹਿ।
ਤਾ ਦਿਨ ਤੇ ਲੈ ਗੁਰੂ ਦਿਸ ਫੌਜ ਚੜ੍ਹਾਈ ਨਾਮਹਿ॥੫੨॥

ਦੋਹਾਂ ਧਿਰਾਂ ਵਿਚ ਉਸ ਦਿਨ ਤੋਂ ਸ਼ਾਂਤੀ ਹੋ ਗਈ, ਸ਼ਾਹ ਜਹਾਨ (ਦੇ ਮਨ) ਡਰ ਬੈਠ

ਗਿਆ। ਜਦੋਂ ਉਸ ਨੇ ਛੇਵੇਂ ਗੁਰੂ ਜੀ ਨੂੰ ਕਰਾਮਾਤ ਪੂਰਨ ਅਤੇ ਬਲਵਾਨ ਜਾਣ ਲਿਆ॥੫੧॥ ਵੈਰ ਤਿਆਗ ਦਿੱਤਾ ਅਤੇ ਨਿਸਚਿੰਤ ਹੋ ਕੇ ਆਪਣੇ ਘਰ ਬੈਠ ਗਿਆ। ਉਸ ਦਿਨ ਪਿੱਛੋਂ ਮੁੜ ਗੁਰੂ ਜੀ ਵੱਲ ਫ਼ੌਜ ਨਹੀਂ ਚੜ੍ਹਾਈ ਗਈ॥੫੨॥

ਮੋਤਾ ਸਿੰਘ ਦੇ ਆਪਣੇ ਕਥਨ (ਛੰਦ ਸੰਖਿਆ ੫੨-੫੩) ਅਨੁਸਾਰ ਉਸ ਨੇ ਇਹ ਰਚਨਾ ਕਰਦੇ ਸਮੇਂ ਗੁਰੂ ਸਾਹਿਬ ਦੇ ਕਿਸੇ ਖਾਸ ਯੁੱਧ ਨੂੰ ਆਧਾਰ ਨਹੀਂ ਬਣਾਇਆ, ਸਗੋਂ ਗੁਰੂ ਜੀ ਦੀ ਬੀਰ-ਭਾਵਨਾ ਅਤੇ ਬੀਰਤਾ ਨੂੰ ਸਾਹਮਣੇ ਰੱਖ ਕੇ ਹੀ ਰਚਨਾ ਕੀਤੀ ਹੈ। ਉਸਦੀ ਜਾਣਕਾਰੀ ਦਾ ਆਧਾਰ ਭਾਈ ਸੰਤੋਖ ਸਿੰਘ ਦੀ ਰਚਨਾ 'ਗੁਰ ਪ੍ਰਤਾਪ ਸੂਰਜ' ਹੈ ਜਿਸ ਵਿਚ ਗੁਰੂ ਜੀ ਦੇ ਜੰਗਾਂ, ਯੁੱਧਾਂ ਦੇ ਵੇਰਵੇ ਵਿਸਥਾਰ ਸਹਿਤ ਦਿੱਤੇ ਗਏ ਹਨ। ਦੋਹਾ, ਚੌਪਈ ਅਤੇ ਕਬਿੱਤ ਆਦਿ ਛੰਦਾਂ ਵਿੱਚ ਕਹੀ ਗਈ ਇਸ ਰਚਨਾ ਦੀ ਭਾਸ਼ਾ ਦਾ ਤਾਣਾ-ਬਾਣਾ 'ਬ੍ਰਜੀ' ਦਾ ਹੈ। ਪੰਜਾਬੀ ਮੁਹਾਵਰਾ 'ਤਾਫਤੇ' ਦੀ ਬੁਣਤੀ ਵਿਚਲੀ 'ਉਭਾਰ' ਦੀਆਂ 'ਦੀਪਤੀ' ਤਾਰਾਂ ਦੀ ਵਰਤੋਂ ਵਾਂਗ ਆਪਣੀ ਝਲਕ ਦਿਖਾ ਹੀ ਜਾਂਦੀ ਹੈ। ਕਵਿਤਾ ਦਾ ਮੂਲ ਗੁਣ ਭਾਸ਼ਾ ਦੀ ਸੁੱਚਮ ਜਾਂ ਚਤੁਰਾਈ ਨਹੀਂ ਸਗੋਂ ਉਸ ਦੀ ਗੋਦ ਵਿਚਲੀ ਸਰੋਦਾਤਮਕਤਾ ਹੈ, ਜੋ ਪਾਠਕ ਇਸ ਰਚਨਾ ਨੂੰ ਛੰਦ ਅਨੁਸਾਰ ਪੜ੍ਹ ਸਕਣਗੇ ਉਨ੍ਹਾਂ ਨੂੰ ਇਸ ਦੀ ਗਤੀ ਦਾ ਇਕ ਵੱਖਰਾ ਹੀ ਅਨੰਦ ਆਵੇਗਾ।

ਭਾਈ ਤੋਲਾ ਸਿੰਘ ਭੱਲਾ ਗੁਰੂ ਅਮਰਦਾਸ ਜੀ ਦੀ ਬੰਸ ਵਿਚੋਂ ਸਨ। ਗੁਰ ਰਤਨਾਵਲੀ ਦੇ ਕਰਤਾ ਭਾਈ ਤੋਲਾ ਸਿੰਘ ਜੀ ਸਨ ਜੋ ਬਾਵਾ ਸਰੂਪ ਦਾਸ ਭੱਲਾ ਦੇ ਛੋਟੇ ਭਰਾ ਸਨ, ਗੁਰ ਰਤਨਾਵਲੀ ਵਿੱਚ ਛੇਵੇਂ ਸਤਿਗੁਰੂ ਜੀ ਦੀ ਉਸਤਤਿ ਵਿਚ ਛੰਦ ਲਿਖੇ ਹਨ:

ਗੁਰ ਅਮਰ ਕੁਲ ਕੂਕਰੋ ਤੋਲੇ ਕਹਿ ਦੀਓ ਨਾਮ।
ਸਿੰਘ ਲੈ ਕਹਿ 'ਰਤਨਾਵਲੀ' ਗੁਰ ਬਹਿਤਾ ਉਰ ਧਾਮ।

ਡਾ. ਗੋਬਿੰਦ ਸਿੰਘ ਲਾਂਬਾ ਨੇ ਜੋ ਕੁਰਸੀ ਨਾਮਾ 'ਮਹਿਮਾ ਪ੍ਰਕਾਸ਼' ਦੀ ਭੂਮਿਕਾ ਵਿਚ ਦਿੱਤਾ ਹੈ, ਉਸ ਅਨੁਸਾਰ ਇਹ ਬਾਬੇ ਮੋਹਰੀ ਜੀ ਦੀ ਵੰਸ਼ ਵਿਚੋਂ, ਬਾਹੜ ਮੱਲ ਦੇ ਪੁੱਤਰ ਅਤੇ ਸਰੂਪ ਦਾਸ ਦੇ ਤੀਜੇ ਭਰਾ ਸਨ, ਦੋਹਾਂ ਵਿਚਕਾਰ ਬੰਸੀਧਰ ਅਤੇ ਸਭ ਤੋਂ ਛੋਟੇ ਆਤਮਾ ਰਾਮ ਜੀ ਸਨ।

ਗੁਰ ਰਤਨਾਵਲੀ ਦਾ ਰਚਨਾ ਸੰਮਤ ਕਿਧਰੇ ਲਿਖਿਆ ਨਹੀਂ ਮਿਲਦਾ, ਪ੍ਰੰਤੂ ਇਸ ਪੋਥੀ ਦੇ ਜਿਤਨੇ ਵੀ ਉਤਾਰੇ ਦੇਖਣ ਵਿਚ ਆਏ ਹਨ, ਉਨ੍ਹਾਂ ਸਭਨਾਂ ਵਿਚ 'ਗੁਰ ਰਤਨਾਵਲੀ', ਮਹਿਮਾ ਪ੍ਰਕਾਸ਼ ਦੇ ਨਾਲ ਪਰ ਉਸ ਤੋਂ ਪਹਿਲਾਂ ਲਿਖੀ ਮਿਲਦੀ ਹੈ। ਇਸ ਨੂੰ ਮਹਿਮਾ ਪ੍ਰਕਾਸ਼ ਦੇ ਮੁੱਢ ਵਿਚ ਮੰਗਲਾਤਮਕ ਰੂਪ ਵਿਚ ਜੋੜਿਆ ਗਿਆ ਹੈ ਜਾਂ ਰਚਨਾ ਦੀ ਅਗੇਤ-ਪਿਛੇਤ ਦੇ ਕਾਰਨ ਇਸ ਬਾਰੇ ਕੁਝ ਨਿਰਣੇ ਨਾਲ ਕਹਿਣਾ ਕਠਿਨ ਹੈ। ਮਹਿਮਾ ਪ੍ਰਕਾਸ਼ ੧੯੩੩ ਈ. ਦੀ ਰਚਨਾ ਹੈ।

ਗੁਰ ਰਤਨਾਵਲੀ ਵਿਚ ਦਸਾਂ ਗੁਰੂਆਂ ਦੀ ਚਰਚਾ ਮਹਿਮਾ ਰੂਪ ਵਿਚ ਹੋਈ ਹੈ। ਕੁਲ ਛੰਦ ੭੦੩ ਹਨ। ਛੇਵੇਂ ਪਾਤਸ਼ਾਹ ਦਾ ਯਸ਼ ੪੯ ਛੰਦਾਂ ਵਿਚ ਹੋਇਆ ਹੈ:

ੴ ਸਤਿਗੁਰ ਪ੍ਰਸਾਦਿ॥

ਅਬ ਗੁਰ ਰਤਨਾਵਲੀ ਸਾਖੀ ਮਹਲਾ ੬॥

ਦੋਹਰਾ॥

ਹਰਿ ਗੁਬਿੰਦ ਛਿਵੈ ਮਹਲਿ ਬਹੁ ਸੁੰਦਰ ਤਨਿ ਰੂਪ।
ਗੁਨਿ ਬਿਅੰਤ ਬਾਂਕੀ ਛਬੈ ਰਵਿ ਸਮ ਤੇਜ ਅਨੂਪ॥੧॥

ਗੁਰੂ ਹਰਿਗੋਬਿੰਦ ਜੀ ਗੁਰੂ ਨਾਨਕ ਦਾ ਛੇਵਾਂ ਸਰੂਪ ਹਨ, ਉਹਨਾਂ ਦਾ ਤਨ ਬਹੁਤ ਸੁੰਦਰ ਹੈ। ਆਪ ਦੇ ਗੁਣ ਬੇਅੰਤ ਹਨ, ਛਬਿ ਬਾਂਕੀ ਹੈ ਅਤੇ ਆਪ ਦਾ ਤੇਜ ਸੂਰਜ ਦੇ ਸਮਾਨ ਹੈ:

ਚੌਪਈ॥

ਹਰਿ ਗੁਬਿੰਦ ਗੁਰ ਸਭਾ ਸੁਹਾਏ।
ਮਨੋ ਮਨੋਹਰਤਾ ਤਨਿ ਛਾਏ।
ਸੁਖ ਸਾਗਰ ਨਾਗਰ ਬਰਬੀਰਾ।
ਸੁੰਦਰ ਕੋਮਲ ਗੌਰ ਸਰੀਰਾ॥੨॥

ਗੁਰੂ ਹਰਿਗੋਬਿੰਦ ਜੀ ਸਭਾ ਵਿਚ ਸ਼ੋਭਦੇ ਹਨ, ਜਾਣੋ ਮਨੋਹਰਤਾ ਆਪ ਤਨ ਧਾਰ ਕੇ ਛਾਈ ਹੈ। ਉਹ ਸੁਖ ਦਾ ਸਮੁੰਦਰ ਹਨ, ਨਗਰ ਵਾਸੀ ਅਤੇ ਬਹਾਦਰ ਹਨ। ਉਨ੍ਹਾਂ ਦਾ ਸਰੀਰ ਗੋਰਾ, ਸੁੰਦਰ ਅਤੇ ਕੋਮਲ (ਕੂਲਾ) ਹੈ॥੨॥

ਚੌਪਈ॥

ਸਹਜਿ ਮਨੋਹਰਿ ਮੂਰਤਿ ਰਾਜੈ।
ਦੇਖ ਕਾਮ ਉਪਮਾ ਲਘੁ ਲਾਜੈ।
ਸਰਦਿ ਚੰਦ ਨਿੰਦਕ ਮੁਖ ਨੀਕੇ।
ਨੀਰਜ ਨੈਨ ਭਾਵਤੇ ਜੀਕੇ॥੩॥

ਬਿਨਾ ਕਿਸੇ ਸ਼ਿੰਗਾਰ ਦੇ ਹੀ ਉਨ੍ਹਾਂ ਦੀ ਮੂਰਤ ਮਨਾਂ ਨੂੰ ਮੋਹਣ ਵਾਲੀ ਹੈ। ਦੇਖਣ ਵਾਲਿਆਂ ਨੂੰ ਉਨ੍ਹਾਂ ਲਈ ਕਾਮਦੇਵ ਦੀ ਉਪਮਾ ਛੋਟੀ ਲਗਦੀ ਹੈ। ਸਰਦ ਪੂਨਮ ਦੇ ਚੰਦ ਵਰਗਾ ਉਨ੍ਹਾਂ ਦਾ ਉੱਜਲ ਮੁਖੜਾ ਨਿੰਦਕਾਂ ਦੇ ਮੂੰਹੋਂ ਵੀ ਸਰਾਹਿਆ ਜਾਂਦਾ ਹੈ। ਕੰਵਲਾਂ ਜਿਹੇ ਨੈਣ ਮਨ ਨੂੰ ਭਾਉਂਦੇ ਹਨ॥੩॥

ਚੌਪਈ॥

ਚਿਤਵਨਿ ਚਾਰ ਮਾਰ ਮਨਿ ਹਰਨੀ।
ਭਾਵਤਿ ਹ੍ਰਿਦੈ ਜਾਤ ਨਹੀ ਵਰਨੀ।
ਕਲ ਕਪੋਲ ਸਤਿ ਕੁੰਡਲ ਲੋਲਾ।
ਚਿਬਕ ਅਧਰ ਸੁੰਦਰ ਮ੍ਰਿਦ ਬੋਲਾ॥੪॥

ਉਨ੍ਹਾਂ ਦੀ ਤੱਕਣੀ ਧੂਹ ਪਾਉਣ ਵਾਲੀ ਹੈ, ਮਨਾਂ ਨੂੰ ਚੁਰਾ ਲੈਂਦੀ ਹੈ। ਦਿਲਾਂ ਨੂੰ ਭਾਉਂਦੀ ਹੈ, ਬਿਆਨ ਨਹੀਂ ਕੀਤੀ ਜਾਂਦੀ। ਕਪੋਲ ਸੁੰਦਰ ਹਨ, ਕੰਨਾਂ ਵਿਚ ਕੁੰਡਲ ਡੋਲ ਰਹੇ ਹਨ। ਠੋਡੀ

ਅਤੇ ਹੋਂਠ ਸੁਹਣੇ, ਬੋਲ ਮਿਠੇ ਹਨ॥੪॥

ਚੌਪਈ॥

ਕੁਮਦ ਬੰਧ ਕਰਿ ਨਿੰਦਕ ਹਾਸਾ।
ਭ੍ਰਿਗੁਟੀ ਵਿਕਟਿ ਮਨੋਹਰ ਨਾਸਾ।
ਭਾਲ ਵਿਸਾਲ ਤਿਲਕੁ ਝਲਿਕਾਹੀ।
ਕਚਿ ਵਿਲੋਕ ਅਲਿ ਅਵਲਿ ਲਜਾਹੀ॥੫॥

ਉਨ੍ਹਾਂ ਦਾ ਹਾਸਾ ਸੂਰਜ ਵਾਂਗ ਨਿੰਦਕਾਂ ਦੇ ਭੰਬੂਲ ਜਿਹੇ ਨੀਲੇ ਭਾਸਦੇ ਮੂੰਹ ਬੰਦ ਕਰ ਦਿੰਦਾ ਹੈ। ਭੌਂਹਾਂ ਟੇਢੀਆਂ ਹਨ, ਨੱਕ ਦਾ ਨਕਸ਼ਾ ਮਨੋਹਰ ਹੈ। ਚੌੜੇ ਮੱਥੇ ਉਤੇ ਤਿਲਕ ਚਮਕ ਰਿਹਾ ਹੈ। ਕੇਸਾਂ ਨੂੰ ਵੇਖ ਕੇ ਭੰਵਰੇ ਸ਼ਰਮਾਉਂਦੇ ਹਨ॥੫॥

ਚੌਪਈ॥

ਰੇਖਾ ਰੁਚਰ ਕੰਬੁ ਕਲਿ ਗ੍ਰੀਵਾ।
ਜਨੁ ਤ੍ਰਿਭਵਨ ਸੁਖ ਕਾਮੀ ਸੀਵਾ।
ਕਟਿਤੁਨੀਰ ਪੀਤ ਪਟਿ ਬਾਧੇ।
ਕਰ ਸਰਿ ਧਨੁਖਵਾਮ ਕਰਿ ਕਾਧੇ॥੬॥

ਦਿਲ ਖਿਚਵੀਆਂ ਲਕੀਰਾਂ ਸੰਖ ਜਿਹੀ ਗਰਦਨ 'ਤੇ ਹਨ, ਜਿਵੇਂ ਤਿੰਨਾਂ ਲੋਕਾਂ ਦੇ ਸੁਖ ਦੀ ਕਾਮਨਾ ਦੀ ਹੱਦਬੰਦੀ ਕੀਤੀ ਹੋਈ ਹੈ। ਕਮਰ ਨੂੰ ਤੀਰਾਂ ਦਾ ਭੱਥਾ ਅਤੇ ਪੀਲਾ ਕਮਰਕਸਾ ਹੈ। ਹੱਥ ਵਿਚ ਤੀਰ ਹੈ, ਖੱਬੇ ਕੰਨ੍ਹੇ ਉਤੇ ਧਨੁਖ ਟਿਕਿਆ ਹੈ॥੬॥

ਚੌਪਈ॥

ਸੰਤ ਸਭਾ ਮਹਿ ਸੋਭਤਿ ਐਸੇ।
ਉਡਗਨ ਮਾਹਿ ਚੰਦ ਦੁਤਿ ਜੈਸੇ।
ਜਿਨ ਕੇ ਜੀਵ ਭਾਵਨਾ ਜੈਸੀ।
ਹਰਿ ਗੁਬਿੰਦ ਦੁਤਿ ਦੇਖੀ ਤੈਸੀ॥੭॥

ਸੰਤ ਸਭਾ ਵਿਚ ਗੁਰੂ ਜੀ ਇਸ ਪ੍ਰਕਾਰ ਸੋਭਦੇ ਹਨ ਜਿਵੇਂ ਤਾਰਿਆਂ ਦੀ ਮੰਡਲੀ ਵਿਚ ਚੰਦ ਦੀ ਚਮਕ ਹੋਵੇ। ਜਿਨ੍ਹਾਂ ਦੇ ਮਨ ਵਿਚ ਜਿਹੋ ਜਿਹੀ ਭਾਵਨੀ ਹੈ, ਉਨ੍ਹਾਂ ਗੁਰੂ ਹਰਿਗੋਬਿੰਦ ਦੀ ਉਹੋ ਜਿਹੀ ਛਬਿ ਦੇਖੀ ਹੈ॥੭॥

ਚੌਪਈ॥

ਦੇਖੈ ਭੂਪ ਮਹਾ ਰਣਧੀਰਾ।
ਮਨੋ ਬੀਰ ਰਸ ਧਰੇ ਸਰੀਰਾ।
ਛਪੇ ਕੁਟਲਿ ਨ੍ਰਿਪ ਪ੍ਰਭਹਿ ਨਿਹਾਰੀ।
ਮਨੋ ਭਿਆਨਕਿ ਮੂਰਤਿ ਧਾਰੀ॥੮॥

ਰਣ ਵਿਚ ਮਹਾਨ ਧੀਰਜਧਾਰੀ ਰਾਜੇ ਦੇਖਦੇ ਹਨ। ਜਿਵੇਂ ਆਪ ਬੀਰ-ਰਸ ਸਰੀਰ ਧਾਰ ਕੇ ਆ ਗਿਆ ਹੋਵੇ। ਪ੍ਰਭੂ ਨੂੰ ਦੇਖਦਿਆਂ ਹੀ ਮਨ ਵਿਚ ਖੋਟ ਰੱਖਣ ਵਾਲੇ ਰਾਜੇ ਲੁਕ ਛੁਪ ਜਾਂਦੇ ਹਨ। ਜਾਣੋਂ ਉਨ੍ਹਾਂ ਲਈ ਸਤਿਗੁਰੂ ਨੇ ਭਿਆਨਕ ਰੂਪ ਧਾਰ ਲਿਆ ਹੋਵੇ॥੮॥

ਚੌਪਈ॥

ਰਹੇ ਅਸੁਰਿ ਛਲ ਸੋ ਨ੍ਰਿਪ ਭੇਖਾ।
ਤਿਨ ਪ੍ਰਭ ਪ੍ਰਗਟ ਕਾਲ ਸਮ ਦੇਖਾ।
ਦੇਖੈ ਪੁਰ ਬਾਸੀ ਚਿਤੁ ਲਾਈ।
ਨਰਿ ਭੂਪਨਿ ਲੋਚਨ ਸੁਖ ਦਾਈ॥੯॥

ਅਸੁਰ ਛਲ ਨਾਲ ਰਾਜਿਆਂ ਦੇ ਭੇਖ ਵਿਚ ਆਏ। ਉਨ੍ਹਾਂ ਨੇ (ਛਲ ਕਾਰਨ) ਪ੍ਰਭੂ ਜੀ ਨੂੰ ਕਾਲ ਰੂਪ ਵਿਚ ਦੇਖਿਆ। ਪੁਰਵਾਸੀ ਉਨ੍ਹਾਂ ਨੂੰ ਮਨ ਲਾ ਕੇ ਸ਼ਰਧਾ ਨਾਲ ਦੇਖਦੇ ਹਨ, ਉਹ ਰਾਜਿਆਂ ਅਤੇ ਲੋਕਾਂ ਦੀਆਂ ਅੱਖਾਂ ਨੂੰ ਸੁਖ ਦੇਣ ਵਾਲੇ ਹਨ।

ਚੌਪਈ॥

ਵਿਦੁਖਨ ਪ੍ਰਭ ਵਿਰਾਟਿ ਮੈ ਦੀਸਾ।
ਬਹੁ ਮੁਖ ਲੋਚਨ ਕਰ ਪਗ ਸੀਸਾ।
ਹਰਿ ਗੁਬਿੰਦ ਦੇਖੈ ਹਰਿ ਸੰਤਾ।
ਇਸਟ ਦੇਵ ਜਮ ਪੁਰਖ ਬਿਅੰਤਾ॥੧੦॥

ਵਿਦਵਾਨਾਂ ਨੂੰ ਪ੍ਰਭੂ ਵਿਰਾਟ ਰੂਪ ਵਿਚ ਵਿਖਾਈ ਦਿੰਦਾ ਹੈ ਜਿਸ ਦੇ ਅਨੇਕਾਂ ਮੂੰਹ, ਅੱਖਾਂ, ਹੱਥ ਪੈਰ ਅਤੇ ਸਿਰ ਹਨ। ਗੁਰੂ ਹਰਿਗੋਬਿੰਦ ਜੀ ਨੂੰ ਹਰਿ ਦੇ ਸੰਤ ਰੂਪ ਦੇਖਿਆ ਹੈ। ਉਹ ਇਸ਼ਟ ਦੇਵਤਾ ਪੁਰਖ ਬਿਅੰਤ ਪਰਮੇਸ਼ਰ ਹਨ॥੧੦॥

ਚੌਪਈ॥

ਯੋਗੀਨ ਪਰਮ ਤਤੁ ਮੈ ਤਾਸਾ।
ਸਾਂਤ ਸੁਧ ਸਮ ਸਹਜਿ ਪ੍ਰਕਾਸਾ।
ਦੇਖੈ ਗੁਰਮੁਖਿ ਗੁਰਸਿਖ ਪਿਆਰੇ।
ਹਰਿ ਗੁਬਿੰਦ ਗੁਰ ਪੂਰਨ ਸਾਰੇ॥੧੧॥

ਯੋਗੀਆਂ ਵਿਚ ਉਹ ਪਰਮਤਤ-ਮਈ ਹਨ। ਸ਼ਾਂਤ ਹਨ, ਸ਼ੁੱਧ ਹਨ ਅਤੇ ਸਮਵਰਤੀ ਸਹਿਜ ਦਾ ਪ੍ਰਕਾਸ਼ ਹਨ। ਗੁਰਮੁਖਾਂ ਅਤੇ ਗੁਰਸਿਖਾਂ ਦੇ ਪਿਆਰੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਹਰ ਪਹਿਲੂ ਤੋਂ ਪੂਰੇ ਹਨ॥੧੧॥

ਗੁਰੂ ਹਰਿਗੋਬਿੰਦ ਜੀ ਮਹਾਰਾਜ ਨਾਲ ਸਬੰਧਿਤ ਮਹਿਮਾ ਦੇ ਇਨ੍ਹਾਂ ਮੰਗਲ ਛੰਦਾਂ ਵਿਚੋਂ ਗੁਰੂ ਜੀ ਦੇ ਪ੍ਰਤੱਖ ਰੂਪ ਦਰਸ਼ਨ ਦੀ ਗੱਲ ਕੀਤੀ ਹੈ। ਇਹ ਛੰਦ ਉਸ ਰਿਵਾਇਤ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਗੁਰੂ ਜੀ ਅਤਿ ਰੂਪਵਾਨ ਅਤੇ ਬਲਵਾਨ ਸਨ। ਉਹ ਮਹਾਨ ਧਨੁੱਖਧਾਰੀ ਅਤੇ

ਖੜਗ ਦੇ ਧਨੀ ਸਨ। ਉਹ ਸਾਖਿਆਤ ਪਰਮੇਸ਼ਰ ਦਾ ਸਰੂਪ ਨਜ਼ਰ ਆਏ ਹਨ। ਉਹ ਮਹਾਨ ਯੋਧਾ ਸਨ ਅਤੇ ਯੋਧੇ ਉਨ੍ਹਾਂ ਨੂੰ ਉਸੇ ਰੂਪ ਵਿਚ ਦੇਖਦੇ ਸਨ। ਮਨ ਵਿਚ ਖੋਟ ਰੱਖਣ ਵਾਲੇ ਰਾਜੇ ਉਨ੍ਹਾਂ ਦੇ ਸਨਮੁਖ ਹੋਣ ਦੀ ਹਿੰਮਤ ਨਹੀਂ ਕਰ ਸਕਦੇ ਸਗੋਂ ਹਜ਼ੂਰ ਨੂੰ ਆਪਣਾ ਕਾਲ-ਰੂਪ ਜਾਣਦੇ ਹਨ। ਇਵੇਂ ਛਲ ਕਰਨ ਵਾਲੇ ਵੀ ਉਨ੍ਹਾਂ ਨੂੰ ਕਾਲ-ਰੂਪ ਦੇਖਦੇ ਹਨ। ਲੋਕਾਂ ਦਾ ਮਨ ਸਤਿਗੁਰੂ ਦੇ ਦਰਸ਼ਨਾਂ ਨਾਲ ਖਿੜ ਜਾਂਦਾ ਹੈ। ਵਿਦਵਾਨ ਆਪ ਵਿਚ ਉਸ ਵਿਰਾਟ ਰੂਪ ਦਾ ਦਰਸ਼ਨ ਕਰਦੇ ਹਨ ਜਿਸ ਦੇ ਅਣਗਿਣਤ ਹੱਥ, ਪੈਰ, ਮੂੰਹ, ਸਿਰ ਹਨ। ਸੰਤਾਂ ਨੂੰ ਉਹ ਸੰਤ ਅਤੇ ਯੋਗੀਆਂ ਨੂੰ ਪਰਮ-ਤੱਤ ਦਿਖਾਈ ਦਿੰਦੇ ਹਨ। ਕਵਿ ਨੇ ਠੀਕ ਹੀ ਕਿਹਾ ਹੈ:

ਜਿਨ ਕੇ ਜੀਵ ਭਾਵਨਾ ਜੈਸੀ ਹਰਿਗੋਬਿੰਦ ਦੁਤਿ ਦੇਖੀ ਤਿਨ ਤੈਸੀ॥

੧੧/੧੯੯੪

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸਕ ਸ੍ਰੋਤ

(ਇਕ ਵਿਸ਼ਲੇਸ਼ਵਕ ਪਰਿਚਯ)

ਸ੍ਰੋਤ-ਵਰਨਨ ਦੀ ਗੱਲ ਪੰਜਾਬੀ ਮਾਨਸਿਕਤਾ ਨਾਲ ਅਜੇ ਘੁਲੀ ਮਿਲੀ ਨਹੀਂ, ਇਹ ਅੰਗ੍ਰੇਜ਼ੀ ਸ਼ਬਦ Source ਦਾ ਅਤੇ ਫ਼ਾਰਸੀ ਸ਼ਬਦ 'ਮੁਆਖ਼ਿਜ਼' ਦਾ ਭਾਰਤੀ ਭਾਵਾਨੁਵਾਦ ਹੈ। ਸੰਸਕ੍ਰਿਤ ਵਿਚ ਸਾਡੇ ਪਾਸ ਦੋ ਸ਼ਬਦ 'ਸ਼੍ਰੁਤੀ' ਅਤੇ 'ਸਿਮ੍ਰਤੀ' ਸਨ ਜੋ 'ਮਿਥਿਹਾਸ' ਅਤੇ 'ਇਤਿਹਾਸ' ਦੀ ਜਿੰਦ-ਜਾਨ ਰਹੇ ਹਨ। ਗੁਰਬਾਣੀ ਇਸ ਨੂੰ 'ਸੁਣਿਆ ਪੇਖਿਆ' ਆਖ ਕੇ ਨਿਤਾਰਦੀ ਹੈ। ਇਸ 'ਸੁਣੇ-ਪੇਖੇ' ਦਾ ਸੱਚਾ-ਸੁੱਚਾ ਵਰਨਨ ਹੀ 'ਸਾਖੀ' ਸਦਾਉਂਦਾ ਰਿਹਾ ਹੈ। ਸਾਖੀ ਹੀ, ਆਪਣੇ ਸ਼ੁੱਧ ਰੂਪ ਵਿਚ ਸਿੱਖ ਇਤਿਹਾਸ ਦਾ ਮੂਲ ਜਾਂ ਸ੍ਰੋਤ ਹੈ।

'ਸ੍ਰੋਤ' ਸ਼ਬਦ ਦੀ ਉਤਪਤੀ ਦੋ ਭਿੰਨ-ਭਿੰਨ ਸ਼ਬਦਾਂ ਦੇ ਰੂਪ ਵਿਚ ਸੰਭਵ ਹੈ। ਇੱਕ ਤਾਂ 'ਸ਼੍ਰੁਤੀ' ਵਾਲਾ ਮੂਲ ਭਾਵ ਹੈ ਕੰਨੀਂ ਸੁਣੇ ਜਾਣ ਵਾਲਾ ਅਤੇ ਦੂਜਾ ਭਾਵ ਹੈ ਸ੍ਰਾਵ ਅਰਥਾਤ 'ਨਦੀ ਦੇ ਵਹਿਣ' ਵਾਲਾ। ਇਸ ਵਿਚ ਰੂਪਕ ਹੈ, ਨਦੀ ਦੀ ਮੂੰਹੀਂ ਦਾ, ਉਸ ਦੇ ਵਹਿਣ ਦਾ ਅਤੇ ਅੰਤ ਸਾਗਰ ਵਿੱਚ ਅਰੂਪ ਹੋ ਜਾਣ ਦਾ। ਇਸ ਤਰ੍ਹਾਂ 'ਸ੍ਰੋਤ' ਸ਼ਬਦ ਪੂਰੀ 'ਜੀਵਨੀ' ਦਾ ਸੂਚਕ ਹੋ ਨਿੱਬੜਦਾ ਹੈ। ਇਸ ਅਰਥ ਵਿਚ 'ਇਤਿਹਾਸ' ਦਾ ਅੱਖਰੀ ਅਰਥ 'ਇਤਿ-ਆਹ-ਅਸਿ' ਦਾ ਭਾਵ 'ਇਹ-ਇੰਝ-ਵਾਪਰਿਆ' ਵੀ ਸ਼ਾਮਿਲ ਹੈ।

ਮੋਟੇ ਤੌਰ 'ਤੇ ਸ੍ਰੋਤਾਂ ਨੂੰ ਦੋ ਨਿੱਖੜਵੀਆਂ ਧਾਰਾਂ ਵਿਚ ਵੰਡ ਕੇ ਵੇਖਣ ਦੀ ਪਿਰਤ ਹੈ। ਇਕ ਧਾਰਾ ਮੌਖਿਕ ਅਥਵਾ ਜ਼ਬਾਨੀ-ਕਲਾਮੀ ਵਰਨਨ ਦੀ ਹੁੰਦੀ ਹੈ ਅਤੇ ਦੂਜੀ ਧਾਰਾ ਹੈ ਲਿਖਤੀ ਵਰਨਨ ਦੀ। ਲਿਖਤੀ ਵਰਨਨ ਨੂੰ ਅੱਗੋਂ ਮਾਧਿਅਮਾਂ ਦੇ ਆਧਾਰ 'ਤੇ ਵੀ ਨਿਖੇੜਿਆ-ਨਿਆਰਿਆ ਜਾਂਦਾ ਹੈ। ਵਰਣਿਤ ਵਸਤੂ ਨੂੰ ਵੀ ਆਧਾਰ ਬਣਾ ਕੇ ਦੋ ਵੰਡਾਂ: ੧ ਅਵਿਕਾਰੀ ਜਾਂ ਸ਼ੁੱਧ ਅਤੇ ਵਿਕਾਰੀ ਜਾਂ ਰਲੇ ਵਾਲਾ ਕਰ ਲਈਆਂ ਜਾਂਦੀਆਂ ਹਨ। ਸ੍ਰੋਤ ਵਿਚ ਵਿਕਾਰ ਦੋ ਕਾਰਣਾਂ ਤੋਂ ਆਉਂਦੇ ਹਨ, ਇੱਕ ਤਾਂ ਗਿਆਨ-ਦੋਸ਼ ਕਾਰਣ ਅਤੇ ਦੂਜੇ ਜਾਣ-ਬੁੱਝ ਕੇ ਕਿਸੇ ਸੁਆਰਥ ਜਾਂ ਦੁਰੈਤ ਦੇ ਕਾਰਨ। ਕਦੇ-ਕਦੇ ਦੇਖਣ, ਸੁਣਨ ਜਾਂ ਪੜ੍ਹਨ ਵਾਲੇ ਦੀ ਬਿਰਤੀ ਕਾਰਨ ਵੀ ਸੂਚਨਾ ਦੂਸ਼ਿਤ ਹੋ ਜਾਂਦੀ ਹੈ।

ਇਤਿਹਾਸ-ਬੋਧ ਦੇ ਅਧਿਐਨ ਦਾ ਇਕ ਵੱਡਾ ਲਾਭ ਇਹ ਹੈ ਕਿ ਇਹ ਖੋਜੀ ਨੂੰ ਵਿਭਿੰਨ ਬਿਆਨਾਂ ਦੀ ਤੁਲਨਾਤਮਕ ਪਰਖ ਸਿਖਾ ਦਿੰਦਾ ਹੈ ਅਤੇ ਆਪਣੇ ਮੱਤ ਦੀ ਸਥਾਪਨਾ ਦਾ ਚੱਜ

ਸੁਝਾਉਂਦਾ ਹੈ। ਇਸ ਨਿਰਣੈ ਦੇ ਪਿੱਛੋਂ ਪਾਠਕ ਦੀ ਆਪਣੀ ਦ੍ਰਿੜ੍ਹ ਜਾਂ ਝਿਜਕ-ਭਰੀ ਬੁੱਧੀ ਦਾ ਯਤਨ ਲੁਕਿਆ ਹੁੰਦਾ ਹੈ। ਇਹ ਦ੍ਰਿੜ੍ਹਤਾ ਜਾਂ ਝਿਜਕ ਸੰਬੰਧਿਤ ਸ੍ਰੋਤ ਦੀ ਸੁੱਚਮ ਉਤੇ ਆਧਾਰਿਤ ਹੁੰਦੀ ਹੈ। ਭਾਵੇਂ ਹਰ ਮੁਲੰਮਾ ਜਾਂ ਪਾਜ ਅਤੇ ਫੁਲਾਹੁਣੀਆਂ ਭਰਿਆ ਝੂਠ ਨਕਾਰਿਆ ਨਾ ਵੀ ਜਾ ਸਕੇ, ਹਕੀਕਤ ਦੀ ਲੋਅ ਜ਼ਰੂਰ ਉਘੜ ਆਉਂਦੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਸ੍ਰੋਤਾਂ ਦੀ ਗਿਣਤੀ ਐਨੀ ਬਹੁਤੀ ਨਹੀਂ, ਹੋ ਵੀ ਨਹੀਂ ਸਕਦੀ ਸੀ। ਸਿੱਖੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਉਪਰੰਤ ਜਿਨ੍ਹਾਂ ਔਘਟ ਘਾਟੀਆਂ ਵਿੱਚੋਂ ਲੰਘ ਕੇ ਵਧ-ਫੁੱਲ ਰਹੀ ਸੀ, ਉਨ੍ਹਾਂ ਦੁਫੇੜਾਂ ਅਤੇ ਬਾਦਸ਼ਾਹੀ ਫ਼ੌਜ ਨਾਲ ਆਢਿਆਂ ਦਾ ਆਰੰਭ ਬਹੁਤ ਕੁਝ ਤਾਂ ਜਹਾਂਗੀਰ-ਕਾਲ ਵਿੱਚ ਹੀ ਹੋ ਗਿਆ ਸੀ, ਰਹਿੰਦੀਆਂ ਗੁੰਝਲਾਂ ਸ਼ਾਹਜਹਾਨ ਕਾਲ ਦੀ ਉਪਜ ਕਹੀਆਂ ਜਾ ਸਕਦੀਆਂ ਹਨ। ਜਹਾਂਗੀਰ ੨੪ ਅਕਤੂਬਰ ੧੬੦੫ ਤੋਂ ੨੮ ਅਕਤੂਬਰ ੧੬੨੭ ਤਕ ਅਤੇ ਸ਼ਾਹਜਹਾਂ ੨੨ ਨਵੰਬਰ ੧੬੨੭ ਤੋਂ ਜੁਲਾਈ ੧੬੫੮ ਤਕ ਤਖ਼ਤ 'ਤੇ ਰਿਹਾ। ਇਸ ਅਰਸੇ ਵਿੱਚ ਸ਼ਾਹੀ ਫ਼ੌਜਾਂ ਆਨੇ ਬਹਾਨੇ ਉਲਝਦੀਆਂ ਰਹੀਆਂ। ਇਸ ਅਰਸੇ ਵਿਚ ਇਨ੍ਹਾਂ ਨਾਲ ਚਾਰ ਯੁੱਧ ਲੜਨੇ ਪਏ। ਕੁਝ ਸਮਾਂ ਪਹਾੜਾਂ ਵਿਚ ਕੀਰਤਪੁਰ ਵਸਾ ਕੇ ਰਹੇ। ਇਨ੍ਹਾਂ ਹੀ ਦਿਨਾਂ ਵਿੱਚ ਗਵਾਲੀਅਰ ਦੇ ਕਿਲ੍ਹੇ ਦਾ ਨਿਵਾਸ ਵੀ ਸ਼ਾਮਿਲ ਰਿਹਾ ਹੈ। ਜਿਸ ਨੂੰ ਸਿੱਖਾਂ ਦੇ ਗੁਰੂ ਨਾਲ ਮੋਹ ਦਾ ਪ੍ਰਮਾਣ ਅਤੇ ਪਰਖ ਦਾ ਕਾਲ ਕਹਿ ਸਕਦੇ ਹਾਂ। ਇਹ ਮੀਣਿਆਂ ਦੀਆਂ ਹੋਛੀਆਂ ਚਾਲਾਂ ਅਤੇ ਕਪਟ ਪ੍ਰਚਾਰ ਦਾ ਦੰਦ-ਭੰਨ ਜਵਾਬ ਸੀ। ਅਜਿਹੇ ਸਮਿਆਂ ਵਿਚ ਇਤਿਹਾਸ ਸਿਰਜਿਆ ਤਾਂ ਜਾ ਸਕਦਾ ਹੈ, ਲਿਖਿਆ ਨਹੀਂ ਜਾ ਸਕਦਾ। ਤਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਬਚਪਨ ਉਤੇ ਦੋਖੀਆਂ ਵੱਲੋਂ ਕੀਤੇ ਹਮਲੇ, ਚੰਦੂ ਨਾਲ ਬਿਖਾਧ, ਪ੍ਰਿਥੀਏ ਦੀਆਂ ਵਧੀਕੀਆਂ ਦੀ ਸੱਚੀ ਤਸਵੀਰ ਮੌਜੂਦ ਹੈ। ਇਹ ਪਹਿਲਾ ਸ੍ਰੋਤ ਹੈ।

ਦੂਜਾ ਪ੍ਰਮੁੱਖ ਸ੍ਰੋਤ ਭਾਈ ਗੁਰਦਾਸ ਜੀ ਦੀ ਰਚਨਾ ਹੈ। ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਮੰਨਣ ਦੀ ਪਰੰਪਰਾ ਹੈ। ਇਨ੍ਹਾਂ ਦੀਆਂ ਰਚਨਾਵਾਂ ਦੇ ਕਾਫੀ ਸਿਧਾਂਤਕ ਅਤੇ ਮੌਲਿਕ ਅਧਿਐਨ ਪ੍ਰਕਾਸ਼ ਵਿੱਚ ਆ ਚੁੱਕੇ ਹਨ ਪ੍ਰੰਤੂ ਕਿਸੇ ਵਿਦਵਾਨ ਨੂੰ ਕਿਸੇ ਪ੍ਰਕਾਰ ਦੇ ਕਿਸੇ ਪ੍ਰਖੇਪਕ ਦੀ ਗੱਲ ਨਹੀਂ ਖਟਕੀ। ਇਨ੍ਹਾਂ ਦੀਆਂ ਰਚਨਾਵਾਂ ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਉਦਾਹਰਣ ਰੂਪ ਵਿਚ ਗੁਰੂ-ਦਰਬਾਰ ਵਿੱਚ ਵਰਤੇ ਜਾਣ ਦੀ ਰੀਤ ਵੀ ਮੌਜੂਦ ਹੈ। ਇਸ ਆਧਾਰ ਉਤੇ ਭਾਈ ਸਾਹਿਬ ਦੀ ਰਚਨਾ ਅਗਲਾ ਆਧਾਰ ਸ੍ਰੋਤ ਹੈ।

ਸਿੱਖ ਇਤਿਹਾਸ ਅਤੇ ਸਿੱਖ-ਸਾਹਿਤ ਜੁੜਵੇਂ ਬੱਚਿਆਂ ਵਾਂਗ ਵਿਗਸੇ-ਪਲੇ ਸਨ। ਇਨ੍ਹਾਂ ਨੂੰ ਨਿਆਰਣਾ-ਨਿਤਾਰਣਾ ਅਜੇ ਸੰਭਵ ਨਹੀਂ। ਸਮਾਂ ਪਾ ਕੇ ਇਸ ਨਿਖੇੜ ਦੀ ਸੰਭਾਵਨਾ ਹੈ, ਇਸ ਵਿਚ ਸੰਦੇਹ ਨਹੀਂ। ਇਸ ਗੱਲ ਦੇ ਪ੍ਰਮਾਣ ਦੇਣ ਦੀ ਲੋੜ ਨਹੀਂ, ਸਾਰੇ ਜਾਣਦੇ ਹਨ ਕਿ ਕਿਸੇ ਵੀ ਖੇਤਰ, ਸਮਾਜ ਜਾਂ ਵਿਸ਼ੇ ਦਾ ਮੁੱਢਲਾ ਇਤਿਹਾਸ ਹਮੇਸ਼ਾਂ 'ਰਵਾਇਤ' ਦੇ ਆਧਾਰ ਉੱਤੇ ਬੀਚ ਰੂਪ ਵਿਚ ਪੁੰਗਰਿਆ ਕਰਦਾ ਹੈ। ਇਹੋ ਰਵਾਇਤਾਂ ਲਿਖੀਆਂ ਜਾ ਕੇ ਸਾਖੀਆਂ ਬਣਦੀਆਂ ਹਨ।

ਡਾ. ਕਿਰਪਾਲ ਸਿੰਘ ਨੇ 'ਜਨਮ ਸਾਖੀਆਂ ਦਾ ਵਿਕਾਸ ਅਤੇ ਇਤਿਹਾਸਿਕ ਵਿਸ਼ੇਸ਼ਤਾ' ਵਿੱਚ ਲਿਖਿਆ ਹੈ:

"ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ (੧੬੦੬ ਤੋਂ ੧੬੪੪ ਈਸਵੀ) ਵਿੱਚ ਜਦੋਂ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਰਵਾਇਤਾਂ ਨੇ ਲਿਖਤੀ ਰੂਪ ਧਾਰਿਆ। ਗੁਰੂ ਨਾਨਕ ਸਾਹਿਬ ਦੇ ਯਾਦਗਾਰੀ ਅਸਥਾਨਾਂ ਦੀ ਭਾਲ ਦਾ ਕੰਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤਾ। ਆਪ ਨਨਕਾਣਾ ਸਾਹਿਬ, ਸੁਲਤਾਨਪੁਰ ਲੋਧੀ ਅਤੇ ਹੋਰ ਉਨ੍ਹਾਂ ਸਭ ਅਸਥਾਨਾਂ 'ਤੇ ਗਏ ਜਿਹੜੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਸਨ।"

ਫੇਰ ਹੋਰ ਥਾਵੇਂ ਲਿਖਦੇ ਹਨ:

"ਗੁਰੂ ਨਾਨਕ ਸਾਹਿਬ ਸੰਬੰਧੀ ਰਵਾਇਤਾਂ ਗੁਰੂ ਅਰਜਨ ਸਾਹਿਬ ਵੇਲੇ ਲਿਖਤ ਵਿਚ ਨਹੀਂ ਸਨ ਆਈਆਂ। ਗੁਰੂ ਅਰਜਨ ਸਾਹਿਬ ਦੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪਾਦਨ ਕਰਨ, ਭਾਵ ੧੬੦੪ ਈਸਵੀ ਤੋਂ ਪਿਛੋਂ ਗੁਰੂ ਨਾਨਕ ਸਾਹਿਬ ਦੀ ਪਰੰਪਰਾ ਨੇ ਲਿਖਤੀ ਰੂਪ ਧਾਰਿਆ। ਇਉਂ ਪ੍ਰਤੀਤ ਹੁੰਦਾ ਹੈ ਜੇਕਰ ਗੁਰੂ ਹਰਿਗੋਬਿੰਦ ਸਾਹਿਬ ਵਿਸ਼ੇਸ਼ ਯਤਨ ਨਾ ਕਰਦੇ ਤਾਂ ਸ਼ਾਇਦ ਸਮੇਂ ਦੀ ਚਾਲ ਨਾਲ ਗੁਰੂ ਨਾਨਕ ਸਾਹਿਬ ਦੇ ਯਾਦਗਾਰੀ ਅਸਥਾਨਾਂ ਦਾ ਸਾਨੂੰ ਪਤਾ ਹੀ ਨਾ ਚੱਲਦਾ। ... ਇਸ ਸੰਬੰਧ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਕੰਮ ਭਾਈ ਗੁਰਦਾਸ ਜੀ ਨੇ ਕੀਤਾ ਹੈ। ਭਾਈ ਗੁਰਦਾਸ ਜੀ ਦੀ ਰਚੀ ਪਹਿਲੀ ਵਾਰ ਵਿਚ 'ਦਲਿ ਭੰਜਨ ਗੁਰੁ ਸੂਰਮਾ' ਵਰਗੇ ਸੰਕੇਤ ਸਪੱਸ਼ਟ ਕਰਦੇ ਹਨ ਕਿ ਇਹ ਛੇਵੇਂ ਪਾਤਸ਼ਾਹ ਦੇ ਵੇਲੇ ਦੀ ਰਚਨਾ ਹੈ।"

ਕਾਲ-ਕ੍ਰਮ ਦੇ ਪੱਖੋਂ ਅਗਲਾ ਸ੍ਰੋਤ ਹੋਣ ਦਾ ਅਧਿਕਾਰੀ ਮੀਣਾ-ਸਾਹਿਤ ਹੋ ਸਕਦਾ ਸੀ। ਐਪਰ ਗੁਰਗੱਦੀ ਦੀ ਭੁੱਖ ਨੇ ਮੀਣੇ ਪਰਿਵਾਰ ਦੀ ਮਾਨਸਿਕਤਾ ਨੂੰ ਭਟਕਾ ਦਿੱਤਾ। ਪਹਿਲਾਂ ਤੋਂ ਹੀ ਪ੍ਰਿਥੀ ਚੰਦ ਅਤੇ ਉਸ ਦੀਆਂ ਸੰਤਾਨਾਂ ਦੇ ਮਨ ਵਿੱਚ ਦੁਰੈਤ ਭਰ ਗਈ। ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਤੋਂ ਹੀ ਉਨ੍ਹਾਂ ਦਾ ਰਵਈਆ ਬਿਖੜਾ ਹੋ ਗਿਆ ਸੀ। ਕਈ ਯਤਨ ਸਾਹਿਬਜ਼ਾਦਾ ਹਰਿਗੋਬਿੰਦ ਜੀ ਦੀ ਹੱਤਿਆ ਦੇ ਕੀਤੇ, ਫੇਰ ਉਨ੍ਹਾਂ ਦੇ ਜੀਵਨ ਬਾਰੇ ਪੂਰੀ ਤਰ੍ਹਾਂ ਚੁੱਪ ਵੱਟ ਲਈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਪਿੱਛੋਂ ਉਨ੍ਹਾਂ ਇਹ ਘਾੜਤ ਘੜੀ ਕਿ ਗੁਰ-ਗੱਦੀ ਗੁਰੂ ਅਰਜਨ ਸਾਹਿਬ ਪ੍ਰਿਥੀ ਚੰਦ ਨੂੰ ਦੇ ਗਏ ਹਨ। ਆਪਣੀ ਗੱਦੀ ਪ੍ਰਿਥੀ ਚੰਦ ਨੇ ਮਹਮਦੀਪੁਰ ਵਿਚ ਥਾਪ ਲਈ ਅਤੇ ਗੁਰੂ ਹਰਿਗੋਬਿੰਦ ਜੀ ਦੇ ਸੰਬੰਧ ਵਿਚ ਉਸ ਪਰਿਵਾਰ ਦੀਆਂ ਲਿਖਤਾਂ ਮੌਨ ਹੋ ਗਈਆਂ। ਇਧਰ ਗੁਰੂ ਜੀ ਦੇ ਵਿਰੁੱਧ ਸਾਜ਼ਿਸ਼ਾਂ ਵੀ ਜਾਰੀ ਰਹੀਆਂ। ਜਹਾਂਗੀਰ ਪਾਸ, ਗੱਲੀਂ-ਬਾਤੀਂ ਹੀ ਨਹੀਂ ਅਹਿਲਕਾਰਾਂ ਨੂੰ ਖਰੀਦ ਕੇ ਵੀ ਕੰਨੀਂ ਜ਼ਹਿਰ ਭਰੀ ਜਾਂਦੀ ਸੀ। ਇਸ ਮੰਤਵ ਲਈ ਚੰਦੂ ਸ਼ਾਹੀ ਦਾ ਸਾਥ ਦੇਣ ਵਾਲਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਆਪਣੇ ਆਪ ਨੂੰ ਪੁਸ਼ਤੈਨੀ ਮੰਨਣ ਵਾਲੇ ਘੇਰੜ ਪਰਿਵਾਰ ਦਾ ਸਾਥ, ਉਨਾਂ ਦੇ ਅੰਦਰਲੀ ਅੱਗ ਵਿਚ ਤੇਲ ਪਾਉਣ ਦਾ ਕੰਮ ਕਰਦਾ ਰਿਹਾ, ਜਿਸ ਕਾਰਨ ਇਨ੍ਹਾਂ ਦਾ ਮੌਨ ਦ੍ਰਿੜ੍ਹ ਹੋ ਗਿਆ।

ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਸਬੂਤ ਆਪਣੀ 'ਤੋਜ਼ਕ' ਵਿਚ

ਲਿਖਣ ਪਿੱਛੋਂ ਫੇਰ ਕੋਈ ਸਮਾਚਾਰ ਆਪਣੇ ਅਤੇ ਗੁਰੂ-ਪਰਿਵਾਰ ਦੇ ਸੰਬੰਧਾਂ ਬਾਰੇ 'ਤੋਜ਼ਕ' ਵਿਚ ਦਰਜ ਨਹੀਂ ਕੀਤੇ। ਗੁਰੂ ਹਰਿਗੋਬਿੰਦ ਸਾਹਿਬ ਬਾਰੇ ਵੀ ਕੋਈ ਇੰਦਰਾਜ ਉਸ ਨੇ ਕਿਸੇ 'ਤੋਜ਼ਕ' ਵਿੱਚ ਨਹੀਂ ਕੀਤਾ, ਭਾਵੇਂ ਗਵਾਲੀਅਰ ਦੇ ਕਿਲ੍ਹੇ ਨਾਲ ਸੰਬੰਧਿਤ ਕਾਂਡ ਅਜਿਹੇ ਕਿਸੇ ਜ਼ਿਕਰ ਦਾ ਮੌਕਾ ਪੈਦਾ ਕਰ ਚੁੱਕਾ ਸੀ। ਦਰਬਾਰ ਦੀਆਂ ਅਖ਼ਬਾਰਾਂ ਵਿੱਚੋਂ ਵੀ ਕੋਈ ਵਰਣਨਯੋਗ ਗੱਲ ਨਹੀਂ ਲੱਭੀ ਜਾ ਸਕੀ। ਗੁਰੂ ਜੀ ਦੇ ਰਾਜਿਆਂ ਦੀ ਬੰਦ-ਖਲਾਸ ਜਾਂ ਕਸ਼ਮੀਰ ਦੇ ਦੌਰੇ 'ਤੇ ਬਾਦਸ਼ਾਹ ਦੇ ਨਾਲ ਜਾਣ ਦਾ ਵੀ ਰਿਕਾਰਡ ਨਹੀਂ ਮਿਲਦਾ।

ਸਮਕਾਲੀ ਸ੍ਰੋਤਾਂ ਵਿੱਚ ਇੱਕ ਪ੍ਰਮੁੱਖ ਨਾਮ ਮੁਹਸਨਿ ਫਾਨੀ ਦੀ ਰਚਨਾ 'ਦਾਬਿਸਤਾਨਿ ਮਜ਼ਾਹਬ' (ਫ਼ਾਰਸੀ) ਦਾ ਵੀ ਹੈ। ਡਾ. ਗੰਡਾ ਸਿੰਘ ਦਾ ਕਹਿਣਾ ਹੈ ਕਿ ੧੭ਵੀਂ ਸਦੀ ਦੇ ਅੱਧ ਵਿੱਚ ਲਿਖੀ, ਸਿੱਖ-ਪੰਥ ਅਤੇ ਸਿੱਖ ਗੁਰੂਆਂ ਬਾਰੇ ਇਹ ਪਹਿਲੀ ਪੁਸਤਕ ਹੈ ਜੋ ਕਿਸੇ ਗੈਰ-ਸਿੱਖ ਸਮਕਾਲੀ ਦੀ ਲਿਖੀ ਹੋਈ ਹੈ। ਇਸ ਪੁਸਤਕ ਦਾ ਬਿਆਨ ਤਰੁੱਟੀਆਂ ਵੱਲੋਂ ਖਾਲੀ ਤਾਂ ਨਹੀਂ ਪਰ ਇਹ ਤਰੁੱਟੀਆਂ ਕਿਸੇ ਨਫ਼ਰਤ ਜਾਂ ਕਿਸੇ ਸ਼ਰੀਕੇ ਨਾਲ ਜਾਣ-ਬੁੱਝ ਕੇ ਨਹੀਂ ਪਾਈਆਂ ਗਈਆਂ ਸਗੋਂ ਇਹ ਤਰੁੱਟੀਆਂ ਸੂਚਨਾ ਦੇਣ ਵਾਲਿਆਂ ਦੀ ਬੋਲੀ ਜਾਂ ਜਾਣਕਾਰੀ ਵਿੱਚ ਘਾਟ ਕਾਰਨ ਹਨ। 'ਫਾਨੀ' ਨੇ ਆਪਣੀ ਪੁਸਤਕ ਵਿੱਚ ਜੋ ਕੁਝ ਲਿਖਿਆ ਹੈ, ਉਹ ਧਰਮ-ਗ੍ਰੰਥਾਂ ਦੇ ਅਧਿਐਨ ਅਤੇ ਉਸ ਧਰਮ ਵਾਲਿਆਂ ਦੇ ਵਿਹਾਰ ਦੇ ਆਧਾਰ ਆਸਰੇ ਲਿਖਿਆ। ਸਿੱਖਾਂ ਨੂੰ ਉਹ 'ਨਾਨਕ-ਪੰਥੀਆਂ' ਦੇ ਨਾਮ ਨਾਲ ਯਾਦ ਕਰਦਾ ਹੈ। ਨਾਨਕ-ਪੰਥੀਆਂ ਦਾ ਵੇਰਵਾ ਉਸ ਦੀ ਪੁਸਤਕ ਦੇ ਪੰਨਾ ੨੨੩ ਤੋਂ ੨੪੦ ਤਕ ਦਰਜ ਹੈ। ਡਾ. ਗੰਡਾ ਸਿੰਘ ਨੇ ਡੇਵਿਡ ਸ਼ੀਆ ਅਤੇ ਐਂਟਨੀ ਟਰੌਇਰ ਦੇ ੧੯੪੩ ਈ. ਵਿੱਚ ਛਪੇ ਅੰਗ੍ਰੇਜ਼ੀ ਅਨੁਵਾਦ ਦੀਆਂ ਗਲਤੀਆਂ ਤੋਂ ਖਿਝ ਕੇ ਇਕ ਚੰਗਾ ਤਰਜਮਾ ੧੯੪੦ ਈ. ਅਗਸਤ ਦੇ ਜਰਨਲ ਆਫ ਇੰਡੀਅਨ ਹਿਸਟਰੀ ਵਿਚ ਛਪਵਾਇਆ ਸੀ। 'ਮੁਹਸਿਨ ਫਾਨੀ' ਲਿਖਦਾ ਹੈ ਕਿ ਉਹ ਆਪ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਿਲਦਾ ਰਿਹਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਸਮਾਚਾਰ 'ਫਾਨੀ' ਦੀ ਪੁਸਤਕ ਦੇ ਪੰਨਾ ੨੩੪ ਤੋਂ ੨੪੦ ਤਕ ਦਰਜ ਕੀਤੇ ਮਿਲਦੇ ਹਨ। ਪੁਸਤਕ ਵਿੱਚ ਲੇਖਕ ਨੇ ਵੱਧ ਤੋਂ ਵੱਧ ਨਿਰਪੱਖ ਰਹਿ ਕੇ ਲਿਖਣ ਦਾ ਯਤਨ ਕੀਤਾ ਹੈ। ਤਦ ਵੀ ਕਈ ਘਟਨਾਵਾਂ ਹਨ, ਜਿਨ੍ਹਾਂ ਦੀ ਪੁਸ਼ਟੀ ਹੋਰ ਕਿਸੇ ਸ੍ਰੋਤ ਤੋਂ ਨਹੀਂ ਹੁੰਦੀ, ਜਿਵੇਂ ਕਿ ਪ੍ਰਿਥੀ ਚੰਦ ਦੇ ਮੁਰੀਦਾਂ ਵੱਲੋਂ ਉਸ ਨੂੰ 'ਗੁਰੂ ਮਿਹਰਬਾਨ' ਕਿਹਾ ਜਾਣਾ ਜਾਂ ਪ੍ਰਿਥੀ ਚੰਦ ਤੋਂ ਪਿੱਛੋਂ ਹਰਿ ਜੀ ਦਾ ਗੱਦੀ 'ਤੇ ਬੈਠਣਾ। ਅਸਲੋਂ 'ਗੁਰੂ ਮਿਹਰਬਾਨ' ਪ੍ਰਿਥੀ ਚੰਦ ਦੇ ਪੁੱਤ ਮਨੋਹਰ ਦਾਸ ਦਾ ਨਾਉਂ ਸੀ, ਹਰਿ ਜੀ ਮਨੋਹਰ ਦਾਸ ਦਾ ਪੁੱਤ ਸੀ। ਡਾ. ਗੰਡਾ ਸਿੰਘ ਨੇ ਵੀ ਕਈ ਭੁੱਲਾਂ ਉੱਤੇ ਟਿੱਪਣੀਆਂ ਕੀਤੀਆਂ ਹਨ। ਗੁਰੂ ਕੇ ਦਰਬਾਰ ਵਿੱਚ ਕੀਰਤਨੀਏ ਅਤੇ ਢਾਡੀ ਵਾਰਾਂ ਰਚਦੇ ਅਤੇ ਗਾਉਂਦੇ ਸਨ। ਕੀਰਤਨੀਆਂ ਵਿੱਚ ਪ੍ਰਮੁੱਖ ਜੋੜੀ 'ਸੱਤੇ ਡੂਮ ਅਤੇ ਰਾਇ ਬਲਵੰਡ' ਦੀ ਸੀ। ਗੁਰੂ ਨਾਨਕ ਦੀ 'ਜੋਤਿ ਓਹਾ ਜੁਗਤਿ ਸਾਇ' ਵਾਲੀ ਪਰੰਪਰਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤਕ ਜੁੜੀ ਰਹੀ ਸੀ। ਇਨ੍ਹਾਂ ਦੀ ਰਚੀ ਇੱਕ ਵਾਰ ਰਾਮਕਲੀ ਰਾਗ ਵਿੱਚ ਗੁਰੂ ਅਰਜਨ

ਸਾਹਿਬ ਨੇ 'ਬਾਣੀ ਦੇ ਬੋਹਿਥ' ਵਿੱਚ ਸ਼ਾਮਿਲ ਕੀਤੀ ਸੀ। ਇਵੇਂ ਹੀ ਭੱਟਾਂ ਦਾ ਇਕ 'ਦਲ' ਗੁਰੂ-ਦਰਬਾਰਾਂ ਵਿੱਚ 'ਸਵੈਯੇ' ਪੜ੍ਹਦਾ ਰਿਹਾ ਸੀ। ਇਹ ਸਵੈਯੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਅੰਗ ਬਣੇ। ਸਵੈਯਾਂ ਤੋਂ ਬਿਨਾਂ ਵੀ ਇਨ੍ਹਾਂ ਭੱਟਾਂ ਦੇ ਵਾਰਿਸਾਂ ਦੀਆਂ ਵਹੀਆਂ ਵਿੱਚ ਗੁਰੂ-ਘਰ ਨਾਲ ਸੰਬੰਧਿਤ ਸਾਖੀਆਂ ਦਾ ਖ਼ਜ਼ਾਨਾ ਸਾਂਭਿਆ ਹੋਇਆ ਹੈ। ਇਹ ਸਾਖੀਆਂ 'ਭੱਟਾਖਰੀ' ਲਿਪੀ ਵਿਚ ਲਿਖੀਆਂ ਹੋਣ ਕਾਰਣ, ਉਸ ਲਿਪੀ ਤੋਂ ਅਨਜਾਣ ਵਿਦਵਾਨਾਂ ਲਈ ਇੱਕ ਗੋਰਖ ਧੰਦੇ ਤੋਂ ਘੱਟ ਨਹੀਂ ਹਨ। ਇਨ੍ਹਾਂ ਵਹੀਆਂ ਦਾ ਤਰਕਯੁਕਤ ਅਧਿਐਨ ਹੋਣਾ ਅਜੇ ਬਾਕੀ ਹੈ। ਭੱਟਾਂ ਦੀਆਂ ਵਹੀਆਂ ਵਾਂਗ ਹੀ ਅਨੇਕ ਤੀਰਥਾਂ ਦੇ ਪੰਡਿਆਂ ਦੀਆਂ ਵਹੀਆਂ ਵਿਚੋਂ ਵੀ ਚੋਖੀ ਜਾਣਕਾਰੀ ਲੱਭੀ ਜਾਣ ਜੋਗੀ ਹੈ। ਪੰਡਿਆਂ ਦੇ ਕਰਮਕਾਂਡੀ ਤੇ ਵਪਾਰਕ ਵਤੀਰੇ ਕਾਰਣ ਇਹ ਸਮੱਗਰੀ ਕਿਧਰੇ ਇਕੱਤਰ ਕਰਕੇ ਪਰਖੀ-ਪੜਤਾਲੀ ਨਹੀਂ ਗਈ। ਇਨ੍ਹਾਂ ਵਹੀਆਂ ਦੇ ਅੰਦਰਾਜਾਂ ਵਿੱਚ ਅਨੇਕਾਂ ਕਾਰਨਾਂ ਤੋਂ ਕਾਫੀ ਕੁਝ ਰਲੇ ਅਤੇ ਘਪਲੇ ਅਨੁਮਾਨੇ ਜਾਂਦੇ ਹਨ, ਪਰ ਜਦੋਂ ਤਕ ਸਾਰੀ ਸਮੱਗਰੀ ਦਾ ਅਧਿਐਨ ਨਾ ਕੀਤਾ ਜਾਵੇ, ਕੋਈ ਫ਼ਤਵਾ, ਚੰਗਾ ਜਾਂ ਮੰਦਾ, ਦੇਣਾ ਨਿਆਂ ਤੋਂ ਸੱਖਣਾ ਹੋਵੇਗਾ।

ਇਨ੍ਹਾਂ ਲਿਖਤਾਂ ਤੋਂ ਉਪਰੰਤ 'ਪਰਚੀਆਂ ਸੇਵਾ ਦਾਸ', ਕੇਸਰ ਸਿੰਘ ਛਿੱਬਰ ਲਿਖਤ 'ਬੰਸਾਵਲੀ ਨਾਮਾ', ਸਰੂਪ ਦਾਸ ਭੱਲਾ ਅਤੇ ਉਨ੍ਹਾਂ ਦੇ ਭਰਾ ਕ੍ਰਿਪਾ ਦਿਆਲ ਸਿੰਘ ਰਚਿਤ 'ਮਹਿਮਾ ਪ੍ਰਕਾਸ਼' ਅਤੇ 'ਵਾਰਤਕ ਮਹਿਮਾ ਪ੍ਰਕਾਸ਼', ਸੋਹਨ ਕਵੀ ਦਾ 'ਗੁਰ ਬਿਲਾਸ', ਭਾਈ ਸੰਤੋਖ ਸਿੰਘ ਦਾ ਰਚਿਆ 'ਗੁਰੂ ਪ੍ਰਤਾਪ ਸੂਰਜ' (ਸੂਰਜ ਪ੍ਰਕਾਸ਼) ਅਤੇ ਬਾਬਾ ਸੁਮੇਰ ਸਿੰਘ ਅਤੇ ਰਤਨ ਹਰੀ ਦੀ ਲਿਖੀ 'ਗੁਰ ਕਵਿਤਾਵਲੀ' ਮਹੱਤਵਪੂਰਨ ਦੁਜੈਲੇ ਸ੍ਰੋਤ ਹਨ। ਤੀਸਰੀ ਪੜਤਾਲ ਵਿਚ ਸੈਨਾਪਤਿ ਕੰਕਨ ਜਿਹੇ ਗੁਰੂ ਦਰਬਾਰੀ ਕਵਿ ਹਨ। ਫੇਰ ਸਿੱਖ ਰਾਜ ਦਰਬਾਰਾਂ ਦੇ ਕਵੀ ਗੁਆਲ, ਚੰਦਰ ਸ਼ੇਖਰ, ਬੰਸੀ, ਨਿਕਟ ਹਰਿ ਜਿਹੇ ਰਾਜ ਦਰਬਾਰੀ ਕਵੀ, ਮੋਤਾ ਸਿੰਘ, ਨਿਹਾਲ ਸਿੰਘ ਨਿਰਮਲਾ, ਜੀਵਨ ਸਿੰਘ ਬੇਦੀ, ਬਾਬਾ ਤੋਲ੍ਹਾ ਸਿੰਘ ਅਤੇ ਬਾਬਾ ਸੁਮੇਰ ਸਿੰਘ ਜਿਹੇ ਗੁਰੂ ਪਰਿਵਾਰਾਂ ਨਾਲ ਜੁੜੇ ਕਵੀ ਹਨ। ਇਹ ਕਾਫਿਲਾ ਅੱਜ ਵੀ ਚੱਲ ਰਿਹਾ ਹੈ।

੬/੧੯੯੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਚਾਰਧਾਰਕ ਸ੍ਰੋਤ

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿਚ ਹੀ ਬਾਬਾ ਬੁੱਢਾ ਜੀ ਪਾਸੋਂ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਸ਼ਸਤਰ ਵਿਦਿਆ ਦੀ ਸਿਖਿਆ ਆਰੰਭ ਕਰਵਾ ਦਿੱਤੀ ਸੀ। ਸ਼ਹੀਦੀ ਪ੍ਰਾਪਤ ਕਰਨ ਲਈ ਲਾਹੌਰ ਜਾਣ ਤੋਂ ਪਹਿਲਾਂ ਹੀ ਗੁਰਤਾ-ਗੱਦੀ ਦੇਣ ਦੀ ਤਾਕੀਦ ਵੀ ਕਰ ਗਏ ਸੀ ਅਤੇ ਉਨ੍ਹਾਂ ਦੀ ਪਰਵਾਨਗੀ ਤੋਂ ਬਗੈਰ ਗੱਦੀ-ਨਸ਼ੀਨੀ ਦੀ ਕੋਈ ਰਸਮ ਨਹੀਂ ਕੀਤੀ ਜਾ ਸਕਦੀ ਸੀ। ਦਰਵੇਸ਼ੀ ਤੇ ਸ਼ਾਹਾਨਾ ਠਾਠ-ਬਾਠ ਨੂੰ ਅਪਣਾਉਣ ਲਈ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨਾ ਕੇਵਲ ਗੱਦੀ-ਨਸ਼ੀਨੀ ਵੇਲੇ ਕੀਤੀ ਗਈ ਇਕ ਨਵੀਂ ਰਸਮ ਦੀ ਸਥਾਪਨਾ ਨਹੀਂ, ਬਲਕਿ ਗੁਰੂ-ਘਰ ਦੀ ਧਾਰਮਿਕ ਨੀਤੀ ਦੀ ਖੁੱਲ੍ਹੀ ਪ੍ਰਦਰਸ਼ਨੀ ਸੀ। ਬਾਬਾ ਬੁੱਢਾ ਜੀ, ਜਿਨ੍ਹਾਂ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਿਆਈ ਦੇਣ ਦਾ ਮਾਣ ਪ੍ਰਾਪਤ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਸਨ, ਕਦੀ ਵੀ ਗੁਰੂ-ਘਰ ਦੀਆਂ ਸਿਖਿਆਵਾਂ ਵਿਚ ਤਬਦੀਲੀ ਲਿਆਉਣ ਦੇ ਭਾਗੀਦਾਰ ਨਹੀਂ ਸੀ ਬਣ ਸਕਦੇ।

ਸਾਡੀ ਕੌਮ ਨੂੰ ਸਦਾ ਭੁਲੇਖਿਆਂ ਵਿਚ ਪਾਈ ਰੱਖਣ ਲਈ ਕੋਈ ਨਾ ਕੋਈ ਸ਼ੋਸ਼ਾ ਛਿੜਿਆ ਰਹਿੰਦਾ ਹੈ, ਤਾਂ ਕਿ ਅਸੀਂ ਆਪਣੇ ਮੂਲ ਆਧਾਰ ਫ਼ਿਲਾਸਫ਼ੀ ਅਤੇ ਸਿਧਾਂਤਾਂ ਨੂੰ ਛੱਡ ਕੇ ਇਵੇਂ ਹੀ ਆਪਣੀ ਸਮਰੱਥਾ ਤੇ ਸਾਧਨਾਂ ਨੂੰ ਉਲਝਾਈ ਰੱਖੀਏ। ਵਾਹਿਗੁਰੂ ਬਖ਼ਸ਼ਿਸ਼ ਕਰੇ ਕਿ ਅਸੀਂ ਇਨ੍ਹਾਂ ਗੱਲਾਂ ਨੂੰ ਗੁਰਬਾਣੀ ਦੇ ਆਧਾਰ 'ਤੇ ਪਰਖੀਏ ਅਤੇ ਵਾਦ-ਵਿਵਾਦ ਵਿਚ ਪੈਣ ਦੇ ਬਜਾਏ ਕੌਮ ਦੀ ਉੱਨਤੀ ਤੇ ਚੜ੍ਹਦੀ ਕਲਾ ਲਈ ਵਿਚਾਰ ਕਰੀਏ। ਇਸ ਲਈ ਮੈਂ ਆਪਣੇ ਲੇਖ ਦਾ ਵਿਸ਼ਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਦ੍ਰਿਸ਼ਟਾਂਤਾਂ ਰਾਹੀਂ ਸਿੱਖੀ ਦੀ ਮੁੱਖ ਵਿਚਾਰਧਾਰਾ ਪੇਸ਼ ਕਰਦੇ ਹੋਏ ਯਤਨ ਕਰਾਂਗਾ ਕਿ ਕਿਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ, ਪਹਿਲੀ ਪਾਤਸ਼ਾਹੀ ਜੀ ਦੀ ਸਾਖਸ਼ਾਤ ਛੇਵੀਂ ਜੋਤ ਦਾ ਪ੍ਰਮਾਣ ਦਿੱਤਾ ਹੈ ਅਤੇ ਛੇਵੇਂ ਗੁਰੂ ਸਾਹਿਬ ਨੇ ਦਸ ਗੁਰੂ ਸਾਹਿਬਾਨ ਨੂੰ ਇਕ ਰੂਪ ਮੰਨਣ ਦੀ ਪ੍ਰਥਾ ਨੂੰ ਕਾਇਮ ਰੱਖਣ ਵਿਚ ਆਪਣਾ ਯੋਗਦਾਨ ਦਿੱਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਕਈ ਧਰਮ, ਪੰਥ ਅਤੇ ਮੱਤ ਪ੍ਰਚਲਤ ਸਨ। ਗੁਰੂ ਸਾਹਿਬ ਦੇ ਵਿਚਾਰਾਂ ਦੀ ਇਕ ਅਤਿ ਮਹੱਤਵਪੂਰਨ ਸੁੰਦਰਤਾ ਇਹ ਸੀ ਕਿ ਉਨ੍ਹਾਂ ਨੇ ਕਿਸੇ ਦਾ ਵਿਰੋਧ ਨਹੀਂ ਕੀਤਾ, ਬਲਕਿ ਉਨ੍ਹਾਂ ਵਿਚ ਵਿਚਰ ਰਹੇ ਕਰਮਕਾਂਡਾਂ ਦਾ ਖੰਡਨ ਕੀਤਾ। ਇਹ

ਸਾਰੇ ਮਾਰਗ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਧਰਮ ਦੇ ਠੇਕੇਦਾਰਾਂ ਅਤੇ ਸੱਤਾ ਦੇ ਜ਼ੁਲਮ ਜ਼ਿਆਦਤੀਆਂ ਨਾਲ ਜੂਝਣ ਵਿਚ ਬੁਰੀ ਤਰ੍ਹਾਂ ਨਾਕਾਮ ਹੋ ਗਏ ਸੀ ਜਿਸ ਦੇ ਸਿੱਟੇ ਵਜੋਂ 'ਅਹਿੰਸਾ ਪਰਮੋ ਧਰਮਾ' ਦੇ ਮੰਨਣ ਵਾਲੇ ਬੋਧੀਆਂ ਦਾ ਚੁਣ-ਚੁਣ ਕਤਲੇਆਮ ਕੀਤਾ ਗਿਆ ਅਤੇ ਬੁੱਧ ਮੱਤ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸੇ ਤਰ੍ਹਾਂ ਲੱਖਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਲੱਗੇ ਅਤੇ ਬਾਕੀਆਂ 'ਤੇ ਜਜ਼ੀਆ ਟੈਕਸ ਲਾ ਦਿੱਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਨੁਭਵੀ ਅਤੇ ਦੂਰ-ਦ੍ਰਿਸ਼ਟੀ ਰੱਖਣ ਵਾਲੀਆਂ ਨਜ਼ਰਾਂ ਨੇ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਦੇਸ਼ 'ਤੇ ਗੁਜ਼ਰ ਰਹੇ ਸੰਕਟ ਅਤੇ ਆਉਣ ਵਾਲੇ ਸਮੇਂ ਦੀਆਂ ਚੁਨੌਤੀਆਂ ਨੂੰ ਮਰਦਾਂ ਵਾਂਗ ਡਟ ਕੇ ਮੁਕਾਬਲਾ ਕਰਨ ਦੀ ਭਰਪੂਰ ਸਮਰੱਥਾ ਤੇ ਸ਼ਕਤੀ ਰੱਖਣ ਵਾਲੇ ਪੰਥ ਦੀ ਨੀਂਹ ਰੱਖਦੇ ਹੋਏ ਸਿੱਖੀ ਪਰੰਪਰਾ ਅਤੇ ਗੁਰਿਆਈ ਦੇ ਦਸਾਂ ਸਿਲਸਿਲਿਆਂ ਵੱਲੋਂ ਨਿਰੰਤਰ ੨੩੯ ਵਰ੍ਹਿਆਂ ਵਿਚ ਆਪਣਾ ਮਿਸ਼ਨ ਪੂਰਾ ਕਰਨ ਦੀ ਲੰਬੀ ਯੋਜਨਾ ਬਣਾਈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਪਹਿਲਾਂ ਹਜ਼ਾਰਾਂ ਸਾਲਾਂ ਤੋਂ ਕਥਿਤ ਉੱਚੀ ਜਾਤ ਵਾਲਿਆਂ ਅਤੇ ਦੋ ਹਜ਼ਾਰ ਸਾਲਾਂ ਤੋਂ ਲਗਾਤਾਰ ਬਾਹਰੀ ਹਮਲਾਵਰਾਂ ਦੇ ਹੱਥੋਂ ਕੁਚਲਦੀ ਆ ਰਹੀ ਕੌਮ ਵਿਚ ਮਰਦਾਨਗੀ ਦੇ ਜੌਹਰ ਭਰਨੇ ਇਕ ਕਰਾਮਾਤ ਤੋਂ ਘੱਟ ਨਹੀਂ ਸੀ। ਬਾਬਰ ਬਾਦਸ਼ਾਹ ਦੇ ਜ਼ੁਲਮਾਂ ਨੂੰ ਵੰਗਾਰ ਕੇ ਅਤੇ ਜੇਲ੍ਹ ਦੇ ਤਸੀਹੇ ਸਹਾਰਦੇ ਹੋਏ ਆਪ ਜੀ ਨੇ ਸਿੱਖ ਪੰਥ ਨੂੰ ਹੀ ਨਹੀਂ ਬਲਕਿ ਸਾਰੇ ਧਾਰਮਿਕ ਜਗਤ ਨੂੰ ਇਕ ਨਵਾਂ ਮਾਰਗ ਦਰਸ਼ਨ ਦਿੱਤਾ ਅਤੇ ਕੌਮ ਨੂੰ ਆਤਮ-ਸਨਮਾਨ ਤੇ ਆਤਮ ਗੌਰਵ ਨਾਲ ਜੀਵਨ ਬਤੀਤ ਕਰਨ ਦੀ ਜੁਗਤਿ ਦੱਸਦੇ ਹੋਏ ਫੁਰਮਾਇਆ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)

ਗੁਰੂ ਸਾਹਿਬ ਨੇ ਲੋਕਾਂ ਦੀ ਗੈਰਤ ਨੂੰ ਲਲਕਾਰਦੇ ਹੋਏ ਫੁਰਮਾਇਆ:

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥
(ਪੰਨਾ ੮੭੮)

ਭਾਰਤੀ ਸੰਸਕ੍ਰਿਤੀ 'ਤੇ ਹੋ ਰਹੇ ਹਮਲੇ ਦਾ ਵਿਰੋਧ ਕਰਦੇ ਹੋਏ, ਧਰਮ ਦੀ ਤਬਦੀਲੀ, ਮੰਦਰਾਂ ਅਤੇ ਮੂਰਤੀਆਂ 'ਤੇ ਲਾਏ ਗਏ ਟੈਕਸਾਂ, ਪਹਿਰਾਵੇ ਅਤੇ ਭਾਸ਼ਾ ਦੀ ਗਿਰਾਵਟ ਦਾ ਜੋ ਚਿਤਰਨ ਗੁਰੂ ਸਾਹਿਬ ਦੀ ਬਾਣੀ ਵਿਚ ਮਿਲਦਾ ਹੈ, ਉਹ ਇਕ ਇਤਿਹਾਸਕ ਦਸਤਾਵੇਜ਼ ਦੀ ਹੈਸੀਅਤ ਰੱਖਦਾ ਹੈ। ਆਪ ਜੀ ਦਾ ਫੁਰਮਾਨ ਹੈ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥੬॥
(ਪੰਨਾ ੧੧੯੧)

ਇਸ ਵਿਸ਼ੇ 'ਤੇ ਇਕ ਹੋਰ ਜਗ੍ਹਾ ਲੋਕਾਂ ਦੇ ਪਾਖੰਡ ਕਰਮਾਂ ਤੇ ਹਾਕਮਾਂ ਦੇ ਡਰ ਦੇ ਮਾਰੇ, ਭੈਭੀਤ ਜੀਵਨ ਬਤੀਤ ਕਰਨ ਵਾਲੇ ਸਮੁੱਚੇ ਸਮਾਜ 'ਤੇ ਗਹਿਰੀ ਚੋਟ ਕਰਦੇ ਹੋਏ, ਨਿਡਰ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦੇਂਦੇ ਫੁਰਮਾਉਂਦੇ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥

(ਪੰਨਾ ੪੭੧)

ਗੁਰੂ ਸਾਹਿਬ ਨੇ ਲਾਸ਼ਾਂ ਦੇ ਸ਼ਹਿਰ ਵਿਚ ਖੜੇ ਹੋ ਕੇ ਖੂਨ ਦੇ ਗੀਤ ਗਾਉਣ ਦੀ ਗੱਲ ਕਰਦੇ ਹੋਏ ਹਿੰਦੁਸਤਾਨ ਨੂੰ ਫ਼ਤਹਿ ਕਰਨ ਦੇ ਨਸ਼ੇ ਵਿਚ ਡੁੱਬੇ ਬਾਬਰ ਬਾਦਸ਼ਾਹ ਦੁਆਰਾ ਸੈਦਪੁਰ ਦੇ ਕਤਲੇਆਮ ਅਤੇ ਜ਼ੁਲਮ-ਜ਼ਿਆਦਤੀਆਂ ਦਾ ਕਰੜਾ ਵਿਰੋਧ ਕਰਦੇ ਅਤੇ ਕਾਬਲ ਤੋਂ ਪਾਪਾਂ ਦੀ ਬਰਾਤ ਲੈ ਕੇ ਜ਼ਬਰਦਸਤੀ ਦਾਨ ਮੰਗਣ ਵਾਲਾ ਆਖਦੇ ਤੇ ਲਲਕਾਰਦੇ ਹੋਏ ਚਿਤਾਵਨੀ ਦਿੱਤੀ ਕਿ ਤੇਰੇ ਜ਼ੁਲਮ ਦੀ ਕਹਾਣੀ ਇਥੇ ਮੁੱਕਣ ਵਾਲੀ ਨਹੀਂ, ਉਹ ਦਿਨ ਵੀ ਨੇੜੇ ਹੀ ਆਉਣ ਵਾਲਾ ਹੈ ਜਦ ਕਿ ਕੋਈ ਹੋਰ ਸੂਰਮਾ ਇਨਸਾਨੀ ਜਿਸਮਾਂ ਦੇ ਟੋਟੇ-ਟੋਟੇ ਕਰਦੇ ਹੋਏ ਹਿੰਦੁਸਤਾਨ ਫ਼ਤਹਿ ਕਰੇਗਾ। ਭਾਈ ਲਾਲੋ ਜੀ ਨੂੰ ਸੰਬੋਧਨ ਕਰਦੇ ਹੋਏ ਆਪ ਫੁਰਮਾਉਂਦੇ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥

(ਪੰਨਾ ੭੨੨)

ਗੁਰੂ ਸਾਹਿਬ ਨੇ ਇਥੋਂ ਤਕ ਹੀ ਬਸ ਨਹੀਂ ਕੀਤੀ, ਬਲਕਿ ਬਾਦਸ਼ਾਹ ਅਤੇ ਉਸ ਦੇ

ਕਰਮਚਾਰੀਆਂ ਵੱਲੋਂ ਮਾਸੂਮ ਅਤੇ ਬੇਗੁਨਾਹ ਜਨਤਾ 'ਤੇ ਕੀਤੇ ਜਾ ਰਹੇ ਜ਼ੋਰ-ਜ਼ੁਲਮ ਅਤੇ ਖ਼ੂਨ ਚੂਸਣ ਦਾ ਨਕਸ਼ਾ ਦਰਸਾਉਂਦੇ ਹੋਏ ਬਾਦਸ਼ਾਹ ਨੂੰ ਮੀਂਹ ਵਰਗਾ ਅਤੇ ਉਸ ਦੇ ਕਰਮਚਾਰੀਆਂ ਨੂੰ ਕੁੱਤਿਆਂ ਵਾਂਗ ਹਰਕਤਾਂ ਕਰਨ ਵਾਲੇ ਕਹਿੰਦੇ ਹੋਏ ਫਿਟਕਾਰਿਆ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

(ਪੰਨਾ ੧੨੮੮)

ਗੁਰਬਾਣੀ ਦੇ ਉੱਤੇ ਦਿੱਤੇ ਕੁਝ ਦ੍ਰਿਸ਼ਟਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਮਾਜੀ ਤੇ ਸਿਆਸੀ ਜ਼ਰੂਰਤਾਂ, ਚੁਨੌਤੀਆਂ ਅਤੇ ਜੂਝਣ ਲਈ ਕੌਮ ਨੂੰ ਤਿਆਰ ਕਰਨ ਦੀ ਤੜਪ ਜ਼ਾਹਰ ਕਰਦੇ ਹਨ। ਅਗਰ ਐਸਾ ਨਾ ਹੁੰਦਾ ਤਾਂ ਗੁਰੂ ਸਾਹਿਬ ਨੂੰ ਇਹ ਬਾਣੀ ਉਚਾਰਨ ਕਰਨ ਦੀ ਲੋੜ ਨਹੀਂ ਸੀ ਅਤੇ ਨਾ ਹੀ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਇਸ ਬਾਣੀ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ (ਜੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਹਨ) ਵਿਚ ਸ਼ਾਮਿਲ ਕਰਨ ਦੀ ਲੋੜ ਸੀ। ਇੰਜ ਤਾਂ ਹੀ ਹੋਇਆ ਜਦ ਕਿ ਇਹ ਸਿੱਖੀ ਪਰੰਪਰਾ, ਸਿਧਾਂਤਾਂ, ਫ਼ਿਲਾਸਫ਼ੀ, ਸਿਖਿਆ ਅਤੇ ਜੀਵਨ-ਜਾਚ ਦੀ ਆਧਾਰਸ਼ਿਲਾ ਬਣਾਉਣਾ ਉਦੇਸ਼ ਹੋਵੇਗਾ।

ਮੈਂ ਆਪਣੇ ਇਸ ਹਥਲੇ ਲੇਖ ਦਾ ਵਿਸ਼ਾ ਪਹਿਲੀ ਪਾਤਸ਼ਾਹੀ ਜੀ ਦੇ ਮਾਰਗ ਦਰਸ਼ਨ 'ਤੇ ਹੀ ਸੀਮਿਤ ਰੱਖਣਾ ਚਾਹੁੰਦਾ ਹਾਂ। ਪ੍ਰਸਿੱਧ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਦਾ ਕਥਨ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾਨ ਦੇ ਫ਼ੌਲਾਦ ਦੀ ਤਿਆਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਸ਼ੁਰੂ ਕੀਤੀ ਸੀ ਅਤੇ ਸਿੱਖਾਂ ਨੂੰ ਸਿਰ ਅਰਪਣ ਕਰਨ ਦੀ ਆਗਿਆ ਵੀ ਆਪ ਨੇ ਬਖਸ਼ੀ ਸੀ।" ਇਸ ਦੇ ਪ੍ਰਮਾਣ ਵਜੋਂ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਨ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਅਨਮੋਲ ਬਚਨ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥

(ਪੰਨਾ ੧੪੧੨)

੭/੨੦੦੪

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਇਤਿਹਾਸਕ ਪੁਨਰ-ਵਿਸ਼ਲੇਸ਼ਣ

ਇਤਿਹਾਸਕਾਰ 'ਛਠਮ ਪੀਰ' ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਦੂਜਾ ਮਹੱਤਵਪੂਰਨ ਪੜਾਅ ਮੰਨਦੇ ਹਨ। ਪਹਿਲੇ ਪੜਾਅ ਵਿਚ ਸਿੱਖ ਲਹਿਰ ਦਾ ਆਰੰਭ ਹੋਇਆ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਤਕ ਇਹ ਲਹਿਰ ਸਪੱਸ਼ਟ ਰੂਪ ਵਿਚ 'ਤੀਸਰਿ ਪੰਥ' ਵਜੋਂ ਨਿਖਰ ਕੇ ਸਾਹਮਣੇ ਆ ਚੁੱਕੀ ਸੀ। ਇਸੇ ਪੜਾਅ ਵਿਚ ਚੌਥੇ ਅਤੇ ਪੰਜਵੇਂ ਪਾਤਸ਼ਾਹ ਦੇ ਸਮੇਂ ਇਹ ਲਹਿਰ ਗਰੀਬਾਂ, ਕਿਸਾਨਾਂ, ਅਛੂਤਾਂ, ਵਪਾਰੀਆਂ ਅਤੇ ਦਸਤਕਾਰਾਂ ਆਦਿ ਵਿਚ ਫੈਲ ਗਈ ਸੀ, ਖ਼ਾਸ ਕਰਕੇ ਮਾਝੇ ਵਿਚ ਜਿਸ ਤਰ੍ਹਾਂ ਤੀਸਰਿ ਪੰਥ ਫੈਲਿਆ, ਉਸ ਨੂੰ ਵੇਖ ਕੇ ਇਸ ਲਹਿਰ ਦੇ ਵਿਰੋਧੀ ਬੁਖਲਾ ਉਠੇ। ਪ੍ਰਚਾਰ ਦਾ ਕੰਮ ਮਸੰਦ ਬਾ-ਖੂਬੀ ਨਿਭਾ ਰਹੇ ਸਨ, ਨਵੇਂ ਸ਼ਹਿਰ ਆਬਾਦ ਹੋ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਵੀ ਸਿਰੇ ਚੜ੍ਹ ਚੁੱਕਾ ਸੀ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਕ ਸੰਕਟ ਨਾ ਆਉਣ ਦਿੰਦਾ।

ਲਹਿਰਾਂ ਦੀ ਚੜ੍ਹਾਈ ਦੇ ਇਹ ਸਮੇਂ, ਲਹਿਰਾਂ ਲਈ ਦੋ ਕਾਰਨਾਂ ਕਰਕੇ ਮਹੱਤਵਪੂਰਨ ਹੁੰਦੇ ਹਨ। ਇਸ ਸਮੇਂ ਲਹਿਰ ਦੇ ਆਗੂ ਦੀ ਥੋੜ੍ਹੀ ਜਿਹੀ ਲਾ-ਪਰਵਾਹੀ ਵੀ ਲਹਿਰ ਖ਼ਤਮ ਕਰ ਸਕਦੀ ਹੈ। ਦੋ ਕਾਰਨ ਇਹ ਹੁੰਦੇ ਹਨ:

ੳ. ਲਹਿਰ ਦਾ ਸਰਬਪੱਖੀ ਵਿਕਾਸ ਹੋਣਾ।

ਅ. ਲਹਿਰ ਦਾ ਵਿਰੋਧ ਹੋਣਾ।

ਪਹਿਲੇ ਦੀ ਥਾਂ ਕਈ ਵੇਰਾਂ ਦੂਜਾ ਕਾਰਨ ਵਧੇਰੇ ਭਾਰੂ ਹੋਣ ਦੀ ਸੂਰਤ ਵਿਚ, ਸਿਖਰ 'ਤੇ ਪਹੁੰਚੀ ਲਹਿਰ ਦਾ ਨਾਮੋ-ਨਿਸ਼ਾਨ ਵੀ ਮਿਟ ਸਕਦਾ ਹੈ। ਇਤਿਹਾਸ ਦੇ ਖੂਹ-ਖਾਤੇ ਵਿਚ ਪਤਾ ਨਹੀਂ ਅਜਿਹੀਆਂ ਕਿੰਨੀਆਂ ਲਹਿਰਾਂ ਹੋਣਗੀਆਂ, ਜਿਨ੍ਹਾਂ ਨੂੰ ਵਿਰੋਧੀਆਂ ਨੇ ਮਲੀਆਮੇਟ ਕਰ ਸੁੱਟਿਆ। ਇਹ ਵਿਰੋਧੀ ਦੋ ਤਰ੍ਹਾਂ ਦੇ ਹੋ ਸਕਦੇ ਹਨ। ਪਹਿਲੇ ਉਹ ਵਿਰੋਧੀ ਹੁੰਦੇ ਹਨ ਜੋ

ਸਿਧਾਂਤਕ ਮੱਤਭੇਦ ਰੱਖਦੇ ਹੋਣ ਅਤੇ ਦੂਜੇ ਵਿਰੋਧੀ ਇਸੇ ਲਹਿਰ ਦੇ ਵਿਚੋਂ ਨਿਕਲਦੇ ਹਨ। ਦੂਜੀ ਕਿਸਮ ਦੇ ਵਿਰੋਧੀ, ਲਾਲਚ ਜਾਂ ਸਵਾਰਥ-ਸਿੱਧੀ ਲਈ ਲਹਿਰ ਨੂੰ ਅੰਦਰੋਂ ਖੋਰਾ ਲਾਉਂਦੇ ਹਨ। ਕਈ ਵੇਰਾਂ ਇਹ ਦੂਜੀ ਕਿਸਮ ਦੇ ਵਿਰੋਧੀ ਵਧੇਰੇ ਨੁਕਸਾਨ ਪਹੁੰਚਾ ਸਕਦੇ ਹਨ। ਇਹ ਵਿਰੋਧੀ ਸਿਧਾਂਤਹੀਣ ਗਠਜੋੜ ਕਰ ਕੇ, ਚਾਲਾਂ ਚੱਲ ਕੇ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਰਹਿੰਦੇ ਹਨ। ਗੁਰ-ਇਤਿਹਾਸ ਅਜਿਹੇ ਵਿਰੋਧੀਆਂ ਨੂੰ 'ਮੀਣੇ' (ਮੀਸਣੇ) ਕਹਿ ਕੇ ਯਾਦ ਕਰਦਾ ਹੈ। ਸਿੱਖ ਲਹਿਰ ਨੂੰ ਇਨ੍ਹਾਂ ਦੋਹਾਂ ਤਰ੍ਹਾਂ ਦੇ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ। ਜੇ ਹਿੰਦੂ ਮੱਤ ਦੇ ਪੁਜਾਰੀਆਂ ਅਤੇ ਕੱਟੜ ਮੁਸਲਮਾਨਾਂ ਨੂੰ ਚਿੰਤਾ ਸੀ ਕਿ ਲੋਕ-ਸਮੂਹ ਧੜਾਧੜ ਸਿੱਖ ਬਣਦੇ ਜਾ ਰਹੇ ਹਨ ਤਾਂ ਪ੍ਰਿਥੀ ਚੰਦ ਵਰਗੇ ਈਰਖਾਲੂ ਗੁਰਗੱਦੀ ਨੂੰ ਘਰੇਲੂ ਜਾਇਦਾਦ ਸਮਝ ਕੇ ਇਸ ਉਪਰ ਆਪਣਾ ਹੱਕ ਜਤਾ ਰਹੇ ਸਨ। ਬੀਰਬਲ ਅਤੇ ਚੰਦੂ, ਹਿੰਦੂ ਬ੍ਰਾਹਮਣਵਾਦੀ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ ਹੱਕ ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਸਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾ ਉਪਰ ਨਚਾਉਣਾ ਚਾਹੁੰਦੇ ਸਨ। ਆਖਰ ਨਕਸ਼ਬੰਦੀਆਂ ਦੇ ਜਹਾਂਗੀਰ ਜਿਹੇ ਪਿਆਕੜ ਅਤੇ ਅੱਯਾਸ਼ ਵਿਅਕਤੀ ਨੂੰ ਬਾਦਸ਼ਾਹ ਬਣਾਉਣ ਵਿਚ ਦਿੱਤੇ ਸਹਿਯੋਗ ਕਾਰਨ ਬਾਦਸ਼ਾਹ ਉਨ੍ਹਾਂ ਦਾ ਅਹਿਸਾਨਮੰਦ ਸੀ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰਿਆਂ ਦੀ ਸੀ। ੧੯ ਜੂਨ ੧੫੯੫ ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ 'ਦਲਿ ਭੰਜਨ ਗੁਰੁ ਸੂਰਮਾ' ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਉਸ ਨੂੰ ਆਸ ਸੀ ਕਿ ਉਸ ਨੂੰ ਤਾਂ ਗੁਰਗੱਦੀ ਮਿਲੀ ਨਹੀਂ, ਪਰ ਗੁਰੂ ਅਰਜਨ ਸਾਹਿਬ ਦੀ ਕੋਈ ਸੰਤਾਨ ਨਾ ਹੋਣ ਕਰਕੇ ਉਸ ਦੇ ਪੁੱਤਰ ਮਿਹਰਬਾਨ ਨੂੰ ਗੁਰਗੱਦੀ ਜ਼ਰੂਰ ਮਿਲੇਗੀ। ਗੁਰ-ਇਤਿਹਾਸ ਦੀ ਸੋਝੀ ਰੱਖਣ ਵਾਲੇ ਜਾਣਦੇ ਹਨ ਕਿ ਗੁਰਗੱਦੀ ਜੱਦੀ ਨਹੀਂ ਸੀ। ਗੁਰਗੱਦੀ ਦਾ ਤਖ਼ਤ, ਤਖ਼ਤ ਦੇ ਲਾਇਕ ਨੂੰ ਹੀ ਪ੍ਰਾਪਤ ਹੁੰਦਾ ਰਿਹਾ। ਇਹ ਗੱਲ ਬਾਅਦ ਦੇ ਇਤਿਹਾਸਕ ਮੁਲਾਂਕਣ ਤੋਂ ਸਹੀ ਸਿੱਧ ਹੁੰਦੀ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪਣਾ ਉਤਰਾਧਿਕਾਰੀ ਜਿਸ ਨੂੰ ਚੁਣਿਆ, ਉਹ ਸਮੇਂ ਅਤੇ ਪ੍ਰਸਥਿਤੀਆਂ ਦੇ ਅਨੁਕੂਲ ਢੁਕਵਾਂ ਸੀ, ਉਸ ਨੇ ਸਹੀ ਅਗਵਾਈ ਪ੍ਰਦਾਨ ਕੀਤੀ। ਗੁਰਗੱਦੀ ਸਮੇਂ ਉਮਰ ਅਤੇ ਰਿਸ਼ਤੇ ਦਾ ਕੋਈ ਮਹੱਤਵ ਨਹੀਂ ਰੱਖਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ੭੦ ਵਰਿਆਂ ਦੀ ਉਮਰ ਵਿਚ ਭਾਈ ਲਹਿਣੇ ਨੂੰ ਮੱਥਾ ਟੇਕਿਆ ਸੀ। ਗੁਰੂ ਰਾਮਦਾਸ ਜੀ (ਪਿਤਾ) ਨੇ ਗੁਰੂ ਅਰਜਨ ਸਾਹਿਬ (ਪੁੱਤਰ) ਨੂੰ ਮੱਥਾ ਟੇਕਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਮੱਥਾ ਟੇਕਿਆ ਸੀ। ਇਹ ਲਿਖਣਾ ਹੀ

ਗਲਤ ਹੈ ਕਿ ਪਿਤਾ ਨੇ ਪੁੱਤਰ ਨੂੰ ਮੱਥਾ ਟੇਕਿਆ। ਗੁਰ-ਇਤਿਹਾਸ ਵਿਚ ਗੁਰੂ ਨਾਨਕ-ਜੋਤ ਦਾ ਮਹੱਤਵ ਹੈ। ਇਹ ਜੋਤ ਜਿਸ ਨੂੰ ਵੀ ਪ੍ਰਾਪਤ ਹੋਈ, ਉਹ ਪੂਜਯ ਹੋ ਗਿਆ, ਉਹ ਧੰਨ ਹੋ ਗਿਆ! ਉਪਰੋਕਤ ਪ੍ਰਸਥਿਤੀਆਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਦੀ ਕਿਵੇਂ ਅਗਵਾਈ ਕੀਤੀ? ਉਨ੍ਹਾਂ ਨੇ ਸਿੱਖ-ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਕੀ ਯੋਗਦਾਨ ਪਾਇਆ? ਉਨ੍ਹਾਂ ਦੁਆਰਾ ਅਪਣਾਈ ਨੀਤੀ ਨੇ ਸਿੱਖ ਸੰਗਠਨ ਦੇ ਭਵਿੱਖ ਲਈ ਕੀ ਪ੍ਰਭਾਵ ਪਾਇਆ? ਇਨ੍ਹਾਂ ਪ੍ਰਸ਼ਨਾਂ ਉਪਰ ਵਿਚਾਰ ਕਰਨੀ ਸਾਡੇ ਇਸ ਲੇਖ ਦਾ ਮਨੋਰਥ ਹੈ।

ਸੰਨ ੧੬੦੬ ਈ. ਵਿਚ ਗੁਰੂ ਨਾਨਕ ਪਾਤਸ਼ਾਹ ਦੀ ਜੋਤ ਨੇ ਕਾਇਆ ਬਦਲ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੇਲ੍ਹੀ-ਟੋਪੀ ਤੇ ਮਾਲਾ ਦੀ ਥਾਂ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਕੀਤੇ ਫ਼ੌਜੀਕਰਨ ਨੂੰ ਕਈ ਇਤਿਹਾਸਕਾਰਾਂ ਨੇ ਠੀਕ ਤਰ੍ਹਾਂ ਨਹੀਂ ਸਮਝਿਆ। ਉਨ੍ਹਾਂ ਅਨੁਸਾਰ ਇਸ ਫ਼ੌਜੀਕਰਨ ਦਾ ਕਾਰਨ ਆਪਣੇ ਗੁਰੂ ਪਿਤਾ ਦੀ ਸ਼ਹੀਦੀ ਦੇ ਬਦਲੇ ਦੀ ਭਾਵਨਾ ਜਾਂ ਜੱਟਾਂ ਦਾ ਭਾਰੀ ਗਿਣਤੀ ਵਿਚ ਸਿੱਖ ਬਣਨਾ ਸੀ। ਜਾਦੂ ਨਾਥ ਸਰਕਾਰ ਵਰਗੇ ਇਤਿਹਾਸਕਾਰ ਤਾਂ ਇਸ ਫ਼ੌਜੀਕਰਨ ਨੂੰ ਸਿੱਖੀ ਦੇ ਪਤਨ ਵੱਲ ਜਾਣਾ ਮੰਨਦੇ ਹਨ।

ਅਸੀਂ ਗੁਰਮਤਿ ਦੇ ਚਾਨਣ ਵਿਚ ਅਤੇ ਇਤਿਹਾਸਕਾਰ ਸੂਝ-ਬੂਝ ਨਾਲ ਉਪਰੋਕਤ ਕਿਸਮ ਦੇ ਵਿਸ਼ਲੇਸ਼ਣ ਦਾ ਪੁਨਰ-ਵਿਸ਼ਲੇਸ਼ਣ ਕਰ ਸਕਦੇ ਹਾਂ:

ੳ. ਬਦਲੇ ਦੀ ਭਾਵਨਾ:

ਗੋਕਲ ਚੰਦ ਨਾਰੰਗ ਆਪਣੀ ਪੁਸਤਕ 'ਸਿੱਖ ਮੱਤ ਦਾ ਪਰਿਵਰਤਨ' ਵਿਚ ਇਸ ਫ਼ੌਜੀਕਰਨ ਦਾ ਪਹਿਲਾ ਕਾਰਨ, ਆਪਣੇ ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਭਾਵਨਾ ਨੂੰ ਦੱਸਦਾ ਹੈ। ਇਸ ਤੋਂ ਇਲਾਵਾ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦਾ ਕਰਤਾ ਵੀ ਬਦਲੇ ਦੀ ਭਾਵਨਾ ਦਾ ਹੀ ਜ਼ਿਕਰ ਕਰਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਦਾ ਮੱਤ ਹੈ ਕਿ ਬਦਲੇ ਦੀ ਭਾਵਨਾ ਦਰਸਾ ਕੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨੀਤੀ ਨੂੰ ਘਰੇਲੂ ਕਾਰਨਾਂ ਤੋਂ

ਪ੍ਰੇਰਿਤ ਦੱਸਣ ਦਾ ਮਨੋਰਥ ਜਾਣ-ਬੁਝ ਕੇ ਪ੍ਰਾਪਤ ਕੀਤਾ ਗਿਆ ਹੈ। ਇਹ ਗੁਰ-ਇਤਿਹਾਸ ਦੇ ਜਲਾਲ ਨੂੰ ਘਟਾਉਣ ਦੀ ਕੋਝੀ ਚਾਲ ਹੈ। ਗੁਰ -ਦ੍ਰਿਸ਼ਟੀ ਵਿਚੋਂ ਤਾਂ ਅੰਮ੍ਰਿਤ ਅਤੇ ਖਿਮਾ ਦੇ ਚਸ਼ਮੇ ਫੁੱਟਦੇ ਹਨ! ਤਾਂ ਫਿਰ ਵੈਰ ਅਤੇ ਬਦਲਾ ਕਿੱਥੇ? ਸਤਿਗੁਰੂ ਨਿਰਵੈਰ ਹੈ, ਮਿਠਬੋਲੜਾ ਹੈ, ਉਹ ਦੁਸ਼ਟਾਂ ਨੂੰ ਵੀ ਤਾਰਨਹਾਰ ਹੈ। ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ, 'ਅਕਬਰ ਦੇ ਸਹਿਨਸ਼ੀਲਤਾ ਵਾਲੇ ਦਿਨ ਬੀਤ ਚੁੱਕੇ ਸਨ ਅਤੇ ਨਵੀਂ ਹਕੂਮਤ ਦੇ ਸ਼ੁਰੂ ਵਿਚ ਹੀ ਸਿੱਖਾਂ ਨੂੰ ਜੋ ਤਲਖ ਤਜਰਬਾ ਹੋਇਆ, ਉਸ ਨੇ ਇਹ ਨਿਸ਼ਚਾ ਕਰਾ ਦਿੱਤਾ ਕਿ ਅੱਗੋਂ ਸਮਾਂ ਔਖਾ ਆਉਣ ਵਾਲਾ ਹੈ। ਭਵਿੱਖ ਵਿਚ ਵਾਪਰਨ ਵਾਲੀਆਂ ਅਚਿੰਤ ਘਟਨਾਵਾਂ ਦੀ ਸਾਵਧਾਨੀ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰਾਂ ਨੂੰ ਧਾਰਿਆ, ਨਾ ਕਿ ਬਦਲਾ ਲੈਣ ਦੀ ਭਾਵਨਾ ਕਰਕੇ। ਉਹ ਅੱਗੇ ਜਾ ਕੇ ਇਹ ਵੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਲੜੀਆਂ ਤਿੰਨੋਂ ਜੰਗਾਂ ਸੁਰੱਖਿਅਤ ਸਰੂਪ ਵਾਲੀਆਂ ਸਨ। ਗੁਰੂ-ਇਤਿਹਾਸ ਦੀ ਕੋਈ ਜੰਗ ਬਦਲੇ ਦੀ ਭਾਵਨਾ ਨਾਲ ਨਹੀਂ ਲੜੀ ਗਈ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਬਾਅਦ, ਜਹਾਂਗੀਰ ਅਤੇ ਆਪ ਵਿਚਕਾਰ ਮਿੱਤਰਤਾ ਰਹੀ। ਉਹ ਇਕੱਠੇ ਸ਼ਿਕਾਰ ਖੇਡਦੇ ਰਹੇ। ਇਕ ਵੇਰਾਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਨੂੰ ਸ਼ੇਰ ਦੇ ਹਮਲੇ ਤੋਂ ਬਚਾਇਆ ਵੀ ਸੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਮਿੱਤਰਤਾ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਦੁਆਰਾ ਸੰਗਠਿਤ ਫ਼ੌਜ ਰੱਖਣ ਦਾ ਕੋਈ ਕਾਰਨ ਨਹੀਂ ਸੀ। ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੇ ਸਤਵੇਂ ਉਤਰਾਧਿਕਾਰੀ ਨੂੰ ਵੀ ਫ਼ੌਜ ਰੱਖਣ ਦਾ ਆਦੇਸ਼ ਦਿੱਤਾ ਸੀ। ਬਾਕੀ ਰਹੀ ਚੰਦੂ ਸ਼ਾਹ ਤੋਂ ਬਦਲਾ ਲੈਣ ਵਾਲੀ ਗੱਲ, ਤਾਂ ਚੰਦੂ ਤੋਂ ਬਦਲਾ ਲੈਣ ਲਈ ਫ਼ੌਜ ਦੀ ਕੀ ਲੋੜ ਸੀ?

ਅ. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਫ਼ੌਜੀਕਰਨ:

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ-ਸੰਗਠਨ ਦਾ ਜੋ ਫ਼ੌਜੀਕਰਨ ਕੀਤਾ, ਉਹ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਤੋਂ ਕਿਸੇ ਤਰ੍ਹਾਂ ਵਿਪਰੀਤ ਨਹੀਂ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਥਨ ਅਨੁਸਾਰ, 'ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਉਸ ਬੂਟੇ ਨੂੰ ਸਿੰਜ ਰਹੇ ਸਨ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ'। 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਅਤੇ 'ਸੀਸੁ ਵਢੇ ਕਰਿ ਬੈਸਣੁ ਦੀਜੈ' ਮੀਰੀ ਦੇ ਚਿੰਨ੍ਹ ਆਰੰਭ ਤੋਂ ਹੀ ਦੱਸੇ ਜਾ ਰਹੇ ਸਨ। ਗੁਰੂ ਹਰਿਗੋਬਿੰਦ ਜੀ ਨੇ ਤਾਂ ਸਿਰਫ਼ ਪ੍ਰਗਟ ਹੀ ਕੀਤੇ। ਸਿੱਖ ਧਰਮ ਵਿਚ ਅਹਿੰਸਾ ਪਰਮੋ ਧਰਮ ਦੇ ਆਦਰਸ਼ ਦਾ ਸਤਿਕਾਰ ਨਹੀਂ। ਜ਼ੁਲਮ ਤੇ ਜਬਰ ਵਿਰੁੱਧ ਆਵਾਜ਼ ਉਠਾਉਣੀ ਅਤੇ ਸੰਘਰਸ਼ ਕਰਨਾ ਧਰਮ ਹੈ।

ੲ. ਜੱਟਾਂ ਦੀ ਬਹੁਤਾਤ:

ਡਾ. ਜੇ ਐਸ ਗਰੇਵਾਲ ਅਤੇ ਡਾ. ਡਬਲਿਊ ਐੱਚ ਮਕਲਾਉਡ ਦਾ ਮੱਤ ਹੈ ਕਿ ਜੱਟਾਂ ਦੀ ਭਾਰੀ ਗਿਣਤੀ ਵਿਚ ਸਿੱਖ ਮੱਤ ਵਿਚ ਪ੍ਰਵੇਸ਼ ਕਰਨਾ ਹੀ, ਇਸ ਫ਼ੌਜੀਕਰਨ ਦਾ ਕਾਰਨ ਸੀ। ਇਨ੍ਹਾਂ ਵਿਦਵਾਨਾਂ ਦਾ ਮੱਤ ਹੈ ਕਿ ਜੱਟ ਲੜਾਕੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਮਜ਼ਬੂਰੀ ਸੀ ਕਿ ਉਹ ਸਿੱਖ ਸੰਗਠਨ ਦਾ ਫ਼ੌਜੀਕਰਨ ਕਰਕੇ, ਇਨ੍ਹਾਂ ਜੱਟਾਂ ਨੂੰ ਸੰਗਠਨ ਨਾਲ ਜੋੜੀ ਰੱਖਦੇ। ਇਸ ਤਰ੍ਹਾਂ ਦੇ ਵਿਚਾਰ ਅਗਿਆਨਤਾ ਕਰਕੇ ਬਣਦੇ ਹਨ ਜਾਂ ਜਾਣ-ਬੁੱਝ ਕੇ ਗੌਰਵਮਈ ਪਰੰਪਰਾ ਨੂੰ ਮਧੋਲਣ ਦੇ ਯਤਨ ਵਜੋਂ ਬਣਾਏ ਜਾਂਦੇ ਹਨ। ਸਿੱਖ ਪਰੰਪਰਾ ਅਨੁਸਾਰ ਇਹ ਫ਼ੌਜੀਕਰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਮੁਤਾਬਕ ਹੋਇਆ ਸੀ। ਇਸ ਆਦੇਸ਼ ਦਾ ਔਚਿਤਯ ਸੀ ਉਸ ਸਮੇਂ ਦੀਆਂ ਪ੍ਰਸਥਿਤੀਆਂ, ਜਿਨ੍ਹਾਂ ਦਾ ਜ਼ਿਕਰ ਇਸ ਲੇਖ ਦੇ ਪਹਿਲੇ ਭਾਗ ਵਿਚ ਹੋ ਚੁੱਕਾ ਹੈ। ਤੱਥ ਤਾਂ ਇਹ ਹੈ ਕਿ ਸਿੱਖ ਮੱਤ ਵਿਚ ਖੱਤਰੀਆਂ-ਬਾਣੀਆਂ ਦੀ ਗਿਣਤੀ, ਜੱਟਾਂ ਤੋਂ ਘੱਟ ਪ੍ਰਭਾਵਸ਼ਾਲੀ ਨਹੀਂ ਸੀ। ਇਹ ਖੱਤਰੀ ਹੀ ਸਿੱਖ-ਸੰਗਠਨ ਵਿਚ ਭਾਰੂ ਸਨ। ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਖੱਤਰੀਆਂ-ਬਾਣੀਆਂ ਦੀ ਪਰਵਾਹ ਕਿਉਂ ਨਾ ਕੀਤੀ? ਉਸ ਸਮੇਂ ਦੇ ਖੱਤਰੀ-ਬਾਣੀਏ ਇਸ ਅਵਸਥਾ ਵਿਚ ਨਹੀਂ ਸਨ ਕਿ ਉਨ੍ਹਾਂ ਨੂੰ ਮੈਦਾਨੇ-ਜੰਗ ਵੱਲ ਧਕੇਲਿਆ ਜਾਂਦਾ! ਜੱਟਾਂ ਦੀ ਵੀ ਹਾਲਤ ਇਨ੍ਹਾਂ ਖੱਤਰੀਆਂ ਤੋਂ ਬਿਹਤਰ ਨਹੀਂ ਸੀ। ਪੰਜਾਬ ਵਿਚ ਕਈ ਤਰ੍ਹਾਂ ਦੀਆਂ ਆਰਥਿਕ ਮੰਦਹਾਲੀ ਅਤੇ ਜ਼ੁਲਮਾਂ ਦੀਆਂ ਹਾਲਤਾਂ ਵਿਚ, ਕਈ ਸਦੀਆਂ ਤੋਂ ਕਿਸਾਨਾਂ ਦੇ ਵਿਦਰੋਹ ਨਹੀਂ ਉਠੇ ਸਨ। ਉਹ ਜ਼ੁਲਮ ਸਹਿਣ ਦੇ ਆਦੀ ਹੋ ਚੁੱਕੇ ਸਨ।

ਇਨ੍ਹਾਂ ਦੱਬੇ-ਕੁਚਲੇ ਅਤੇ ਨਿਰਬਲ ਲੋਕਾਂ ਦੇ ਹੱਥਾਂ ਵਿਚ ਹਥਿਆਰ ਆ ਜਾਣੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਪ੍ਰਾਪਤ ਅਕਾਲੀ ਮਿਸ਼ਨ ਕਰਕੇ ਹੀ ਸੰਭਵ ਹੋ ਸਕਿਆ। ਇਸ ਗੱਲ ਦੀ ਪੁਸ਼ਟੀ ਇਸ ਕਥਨ ਤੋਂ ਵੀ ਹੁੰਦੀ ਹੈ ਕਿ ਜਿਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਦੁਬਿਧਾ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖ਼ਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੯ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲ ਤਖ਼ਤ

ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬਾ ਨੂੰ ਖ਼ਤਮ ਕਰ ਦਿੱਤਾ ਸੀ। ਗੁਰੂ ਉਨ੍ਹਾਂ ਦਾ 'ਸੱਚਾ ਪਾਤਸ਼ਾਹ' ਸੀ ਅਤੇ ਉਹੀ 'ਤਖ਼ਤ ਦਾ ਮਾਲਕ' ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਉਹ ਵਿਰੋਧੀ ਤਾਕਤਾਂ ਫਿਰ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਦੁਬਾਰਾ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੯ ਈ. ਨੂੰ ਗ੍ਰਿਫ਼ਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

ਸਾਰ:

ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਉਨ੍ਹਾਂ ਨੇ ਦਸਮ ਪਿਤਾ ਲਈ ਪਲੇਟਫਾਰਮ ਮੁਹੱਈਆ ਕੀਤਾ।

ਆਧੁਨਿਕ ਸਮੇਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਮਾਲਾ ਫੇਰਨ ਤਕ ਰਹਿਣ ਵਾਲਾ ਧਰਮ ਆਪਣਾ ਭਵਿੱਖ ਗੰਵਾ ਲਵੇਗਾ। ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖ਼ੁਸ਼ਹਾਲੀ ਵਿਚ ਵਾਧਾ ਕਰੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਨਵਾਂ ਉਤਸ਼ਾਹ, ਨਵੀਆਂ ਆਸਾਂ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ

ਜੀਵਨ-ਜਾਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ-ਤੇਗ, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਔਖੀਆਂ ਪ੍ਰਸਥਿਤੀਆਂ ਵਿਚ ਗੁਰਗੱਦੀ ਦੀ ਵਾਗਡੋਰ ਸੰਭਾਲੀ ਸੀ। ਜੇਕਰ ਉਨ੍ਹਾਂ ਨੇ ਇਸ ਲੇਖ ਵਿਚ ਅੰਕਿਤ ਨੀਤੀਆਂ ਨਾ ਅਪਣਾਈਆਂ ਹੁੰਦੀਆਂ ਤਾਂ ਸਿੱਖ ਮੱਤ ਵੀ ਕਬੀਰ-ਪੰਥੀਆਂ ਵਾਂਗ ਕਦੇ ਭੁੱਲਿਆਂ-ਵਿਸਰਿਆਂ ਵਾਂਗ ਯਾਦ ਆਉਣ ਵਾਲਾ ਮੱਤ ਹੋ ਕੇ ਰਹਿ ਜਾਂਦਾ।

੮/੧੯੯੯

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਇਨਸਾਨੀ ਨੁਕਤੇ ਤੋਂ ਵੀ ਕਮਾਲ ਦੀ ਹੈ। ਕਿਤਨੇ ਅਸਹਿ ਦੁੱਖ ਅਤੇ ਵਿਛੋੜੇ ਆਪ ਨੇ ਦੇਖੇ ਹਨ-

ਬਚਪਨ ਵਿਚ ਸੱਪ, ਜ਼ਹਿਰ, ਸੀਤਲਾ ਦੇ ਕਸ਼ਟ, ਬਚਪਨ ਵਿਚ ਮਾਤਾ ਪਿਤਾ ਜੀ ਦੇ ਖੇਦ ਅਤੇ ਵਿਛੋੜਾ; ਫਿਰ ਗਵਾਲੀਅਰ ਦੀ ਬੰਦੀ; ਫਿਰ ਜੁੱਧਾਂ-ਜੰਗਾਂ ਦੇ ਸਾਹਮਣੇ, ਚੌਹਾਂ-ਯੁੱਧਾਂ ਵਿਚ ਚੋਣਵੇਂ ਪਿਆਰਿਆਂ, ਅਨਿੰਨ ਗੁਰੂ ਪ੍ਰੇਮੀਆਂ ਅਤੇ ਮਿਹਨਤਾਂ ਨਾਲ ਸਿਖਾ ਕੇ ਬਲੀ ਕੀਤੇ ਰਣ-ਵਿਦਿਆ ਦੇ ਜਾਣਕਾਰ ਸੂਰਮਿਆਂ ਦੇ ਬਿਰਹੇ ਦੇਖੇ ਅਤੇ ਝੱਲੇ ਹਨ।

ਭਾਈ ਬ੍ਰਿਧ (ਬਾਬਾ ਬੁੱਢਾ ਜੀ) ਅਤੇ ਭਾਈ ਗੁਰਦਾਸ ਜੀ ਵਰਗੀਆਂ ਅਨਮੋਲ ਅਤੇ ਕੀਮਤੀ ਜ਼ਿੰਦਗੀਆਂ ਅਤੇ ਅਤਿ ਪਿਆਰ-ਨਿਛਾਵਰੀ ਹਸਤੀਆਂ ਦੇ ਬਿਰਹੇ ਦੇਖੇ।

ਪਿਆਰੀ, ਪਤਿਬ੍ਰਤਾ, ਘੋਲ ਘੁਮਾਏ ਜਾਣ ਵਾਲੀ (ਬੀਬੀ ਰਾਮੋ) ਅਤੇ ਸਾਂਢੂ (ਭਾਈ ਸਾਈਂ ਦਾਸ ਜੀ), ਸੱਸ (ਮਾਤਾ ਪ੍ਰੇਮ ਦੇਈ) ਅਤੇ ਸਹੁਰਾ (ਭਾਈ ਨਾਰਾਇਣ ਦਾਸ ਜੀ)- ਕਿਤਨਾ ਪਿਆਰ ਦਾ ਪਰਿਵਾਰ ਅਲਪ ਸਮੇਂ ਵਿਚ ਹੀ ਸੰਸਾਰ ਯਾਤਰਾ ਸੰਪੂਰਨ ਕਰ ਜਾਂਦਾ ਹੈ। ਇਕ ਪਾਸੇ ਤਾਂ ਆਪ ਦੀ ਇਹ ਦ੍ਰਿਸ਼ਟੀ ਹੈ:

ਮਿਲਿਬੇ ਤੇ ਹਰਖਹਿ ਨਹਿੰ ਗਜਾਨੀ।
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ॥

(ਗੁ. ਪ੍ਰ. ਸੂ., ਰਾਸਿ ੭, ਅੰਸੂ ੨੩)

ਦੂਜੇ ਪਾਸੇ ਪਿਆਰ ਅਤੇ ਪ੍ਰੇਮ-ਦੇਵਤਾ ਦਾ ਉਹ ਕਮਾਲ ਹੈ ਕਿ ਭਾਈ ਸਾਈਂ ਦੇ ਸੱਚ ਖੰਡ ਪਿਆਨੇ ਉਪਰ ਫੁਰਮਾਉਂਦੇ ਹਨ:

ਬਸਿਬੋ ਇਸ ਥਲ ਮੋਹਿ ਨ ਭਾਵੈ।
ਸਾਂਈ ਦਾਸ ਦ੍ਰਿਸ਼ਟਿ ਨਹਿੰ ਆਵੈ॥

(ਉਹੀ)

ਇਹ ਪਿਆਰ ਦੇ ਡੂੰਘਾਣ, ਇਹ ਅੰਦਰਲੇ ਦੀ ਪੰਘਰ ਇੰਨੀ ਗਹਿਰੀ ਹੈ ਕਿ ਹੁਕਮ ਦੇਂਦੇ ਹਨ, ਸਵੇਰੇ ਹੀ ਕੂਚ ਕਰੋ।

ਤੀਸਰਾ ਕਮਾਲ-

'ਧਾਰੇ ਫਰਜ਼ਾਂ ਦਾ ਨਿਰਬਾਹ' ਦਾ ਹੈ। (ਭਾਈ ਸਾਈਂ ਦਾਸ ਦੇ ਵਿਛੋੜੇ ਦੇ) 'ਵਿਯੋਗ-ਅਨੁਭਵ' ਵਿਚੋਂ ਹੁਣ 'ਅਹਿਸਾਸ' ਅਰਥਾਤ 'ਆਪਣੇ ਧਾਰੇ ਧਰਮ ਦੀ ਅੰਦਰਲੀ ਲਗਨ' ਦੇ ਪਰੇਰੇ ਇਕ-ਦਮ ਦੁੱਖਾਂ ਵਲ ਰੁਖ ਕਰਦੇ ਹਨ, ਜਿਥੇ ਕਿ ਜ਼ਿੰਮੇਵਾਰੀ, ਅਤਿ ਕਰੜੀ ਜ਼ਿੰਮੇਵਾਰੀ, ਖੁਰਦਰਾ ਜੀਵਨ, ਜੰਗ ਜਦਲ ਦੀਆਂ ਮੁਸ਼ਕਲਾਂ ਅਤੇ ਖੇਦਾਂ ਦਾ ਸਾਹਮਣਾ ਹੈ, ਪਰ ਇਹ ਅਚਰਜ ਵਿਅਕਤੀ, ਕਿਸ ਸੁੰਦਰਤਾ ਨਾਲ, ਇਸ ਆਪਣੇ ਕਠਨ ਤੋਂ ਕਠਨ ਫਰਜ਼ ਨੂੰ ਨਿਭਾਉਣ ਵਾਸਤੇ ਖੁਸ਼ਖੁਸ਼ਾਂ ਅਰ ਜ਼ਿੰਮੇਵਾਰੀ ਦੀ ਪੂਰੀ ਲਖਤਾ ਨਾਲ ਉਠ ਟੁਰਦੀ ਹੈ।

ਆਪ ਦੀ ਹਸਤੀ, ਇਨਸਾਨੀ ਨੁਕਤੇ ਤੋਂ ਵੀ, ਇਕ ਅਚਰਜ ਮੁਤਾਲਿਆ-ਜੋਗ ਸਿੱਖ ਇਤਿਹਾਸ ਦਾ ਧਿਆਇ ਹੈ। ਇਤਨੀ ਵਿਸ਼ਾਲਤਾ ਆਚਰਨ ਅਤੇ ਕਰਨੀ ਕਰਤੱਵ ਦੀ ਹੈ ਕਿ ਦਿਲ ਸਿਫਤ-ਸਲਾਹ ਨਾਲ ਦ੍ਰਵਦਾ ਵਿਸਮਾਦ ਵਿਚ ਜਾਂਦਾ ਹੈ।

ਫਿਰ ਦੇਖੋ, ਕਿ ਫਕੀਰ ਹੋ ਕੇ, ਨਾ ਦੇਸ਼ ਨਾ ਕਿਲ੍ਹਾ, ਨਾ ਕੋਟ ਹੈ, ਨਾ ਖਜ਼ਾਨੇ ਭਰੇ ਹਨ, ਪਰ ਫਿਰ ਦੇਸ਼, ਪਰਦੇਸੋਂ ਆ ਕੇ ਡੱਟ ਗਈ ਕੌਮ ਦੇ ਜ਼ੁਲਮ ਨੂੰ ਅਤੇ ਮਜ਼ਹਬੀ ਕੁਨਸ ਨੂੰ ਦੇਖ ਕੇ, ਆਪ ਨੇ ਆਪਣਾ ਫਰਜ਼ ਬਣਾ ਲਿਆ ਹੈ ਕਿ ਮਰ-ਮਿਟੀ ਕੌਮ ਵਿਚ ਬੀਰਤਾ ਦਾ ਭਾਵ ਅਤੇ ਸੁਤੰਤਰਤਾ ਦੀ ਲਗਨ ਐਸੀ ਭਰ ਦਿੱਤੀ ਕਿ ਅੰਤ ਸੁਤੰਤਰ ਹੋ ਜਾਵੇ।

ਫ਼ਕੀਰਾਂ ਅਤੇ ਸਾਧੂ ਚੇਲਿਆਂ ਵਿਚ ਬੀਰ-ਰਸ ਭਰ ਕੇ ਜੁਝਾਰੂ ਕੌਮ ਬਨਾਉਣੀ, ਨੰਗੇ ਧੜ ਲੜਨਾ ਅਤੇ ਧਰਮ ਹੇਤ ਮਰਨਾ ਸਿਖਾਲ ਕੇ ਸੰਸਾਰ ਨਾਸ਼-ਮਾਨਤਾ ਦਾ ਅਸਲੀ ਰੰਗ ਲਾ ਦੇਣਾ, ਫਾਕੇ ਕੜਾਕੇ ਸਹਿ ਕੇ, ਬਿਨ ਕਿਲ੍ਹੇ, ਕੋਟ, ਦੇਸ਼ ਦੇ, ਇਕ 'ਧਰਮ ਭਾਵ ਦੀ ਓਟ-ਆਸਰੇ' ਲੜਨਾ ਸਿਖਾਉਣਾ।

ਜੰਗ ਚਾਹੇ ਛੋਟੇ, ਚਾਹੇ ਵੱਡੇ, ਚਾਹੇ ਸਰਕਾਰੀ ਸੈਨਾ ਨਾਲ, ਚਾਹੇ ਸਰਕਾਰ ਦੇ ਸੂਬੇਦਾਰਾਂ ਯਾ ਅਹਿਲਕਾਰਾਂ ਨਾਲ, ਚਾਹੇ ਟਿਕਾਣੇ ਦੇ ਹਾਕਮਾਂ ਨਾਲ ਕੀਤੇ ਹਨ, ਪਰਜਾ ਵਿਚੋਂ ਅਤੇ ਫਕੀਰੀ ਦੀ ਗੱਦੀ ਤੋਂ ਕੀਤੇ ਹਨ, ਫਤਹ ਪਾਈ ਹੈ।

ਫਿਰ ਨੀਤੀ ਨਿਪੁੰਨਤਾ ਕੈਸੀ ਹੈ, ਪਹਿਲੇ ਜੰਗ ਮਗਰੋਂ ਰਹਿਣ ਦੀਆਂ ਥਾਵਾਂ ਬਦਲਦੇ, ਕੌਤਕ ਕਰਦੇ, ਸਿੱਖੀ ਵੀ ਤੋਰਦੇ, ਆਪਣੇ 'ਫਰਜ਼ ਪੈਗੰਬਰੀ' ਨੂੰ ਪੂਰੀ ਤਰ੍ਹਾਂ ਅਦਾ ਕਰਦੇ, ਪਰਿਵਾਰਿਕ ਫਰਜ਼ ਨਿਭਾਉਂਦੇ, ਪ੍ਰੇਮ ਦੇ ਰੰਗ ਅਕਹਿ ਰੂਪਾਂ ਵਿਚ ਸਿਰੇ ਚਾੜ੍ਹਦੇ, ਬੀਰ-ਰਸੀ ਫਰਜ਼ ਲਈ ਕੀਕੂੰ ਤੱਤਪਰ ਰਹੇ। ਤ੍ਰੈ ਹਜ਼ਾਰ (੩੦੦੦) ਸਨਧ-ਬਧ ਸੂਰਮੇ ਮੌਤ ਨੂੰ ਮਖੌਲ ਕਰਨ ਵਾਲੇ ਸਿਰੇ ਚਾੜ੍ਹ ਲਏ ਹਨ। ਫਿਰ ਸਾਰੇ ਖਸਮਾਨੇ ਕਰ ਕੇ, ਨਿਰਲੇਪ ਅਤੇ ਨਿਰਮੋਹ ਹੋ ਕੇ, ਉਸ ਟਿਕਾਣੇ ਗਏ ਹਨ, ਜਿਥੇ ਦੁਸ਼ਮਣਾਂ ਨੂੰ ਲੜਨਾ ਸੌਖਾ ਨਾ ਹੋਵੇ। ਜਿਸ ਦਿਮਾਗ ਵਿਚ ਇਤਨਾ ਕੁਝ ਫੁਰੇ ਅਤੇ ਇੰਨਾ ਉਹ ਸਿਰੇ ਚਾੜ੍ਹੇ ਅਤੇ ਕਮਾਲ ਕਰ ਦਿਖਾਏ, ਉਹ (ਇਨਸਾਨੀ ਨੁਕਤਾ-ਖਿਆਲ ਤੋਂ ਵੀ) ਬਹੁਤ ਮਹਾਨ, ਬਹੁਤ ਵਿਸ਼ਾਲ ਅਤੇ ਬਹੁਤ ਹੀ ਕਮਾਲ ਦਾ ਹੈ ਅਤੇ ਉਸ ਦੇ ਨਾਮ-ਲੇਵਿਆਂ ਵਾਸਤੇ ਅਤੇ ਦੇਸ਼ ਵਾਸੀਆਂ ਵਾਸਤੇ ਅਤਿਅੰਤ ਫਖਰ ਦਾ ਹੈ, ਜਿਸ ਫਖਰ ਨਾਲ ਕਿ

ਉਹਨਾਂ ਵਿਚ ਜੀਵਨ ਰੌ ਸਦਾ ਰੁਮਕਦੀ ਅਤੇ ਹੁਲਾਰੇ ਮਾਰਦੀ ਦਸ਼ਾ ਵਿਚ ਰਹਿਣੀ ਚਾਹੀਏ। ਜਦ ਕੋਈ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਸਿੱਖੀ ਦੇ ਦਾਇਰੇ ਵਿਚ ਆਉਂਦਾ ਸੀ ਤਾਂ ਤਿੰਨ ਉਪਦੇਸ਼ ਦਿੱਤੇ ਜਾਂਦੇ ਸਨ:

੧. ਸਿੱਖੀ ਤੋਂ ਸਿਵਾਇ ਕਿਸੇ ਹੋਰ ਮੱਤ ਮਤਾਂਤਰ ਵਿਚ ਵਿਸ਼ਵਾਸ ਨਹੀਂ ਰੱਖਣਾ।

੨. ਕਿਰਤ ਕਰ ਖਾਣਾ।

੩. ਬਦੀ ਤੋਂ ਦੂਰ ਰਹਿਣਾ।

੬/੧੯੮੩

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੇਵਲ ਗਿਆਰਾਂ ਸਾਲਾਂ ਦੇ ਹੀ ਸਨ, ਜਦੋਂ ਉਹ ਆਪਣੇ ਸ਼ਹੀਦ ਹੋਏ ਪਿਤਾ ਜੀ ਦੀ ਗੱਦੀ 'ਤੇ ਬੈਠੇ। ਉਨ੍ਹਾਂ ਨੂੰ ਗੁਰਿਆਈ ਦੇ ਉੱਚੇ ਅਹੁਦੇ ਲਈ ਬੜੀ ਸਾਵਧਾਨੀ ਨਾਲ ਸਿਖਿਆ ਦਿੱਤੀ ਗਈ ਸੀ। ਇਹ ਗੱਦੀ ਬਦਲੇ ਹੋਏ ਹਾਲਾਤ ਵਿਚ ਨਾ ਕੇਵਲ ਮਾਣ ਵਾਲੀ ਥਾਂ ਹੀ ਸੀ ਸਗੋਂ ਮਹਾਨ ਖ਼ਤਰੇ ਵਾਲੀ ਵੀ ਸੀ ਅਤੇ ਕੋਈ ਸਾਧਾਰਣ ਵਿਅਕਤੀ ਇਸ 'ਤੇ ਪੂਰਾ ਨਹੀਂ ਸੀ ਉਤਰ ਸਕਦਾ। ਸਮੇਂ ਦੀ ਲੋੜ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿੱਤਾ ਸੀ। ਬਾਬਾ ਬੁੱਢਾ ਜੀ ਇਕ ਤਜ਼ਰਬੇਕਾਰ ਸਿੱਖ ਸਨ। ਉਨ੍ਹਾਂ ਨੂੰ ਕਿਹਾ ਗਿਆ ਕਿ ਹਰਿਗੋਬਿੰਦ ਜੀ ਨੂੰ ਇਕ ਸੰਤ ਸਿਪਾਹੀ ਬਣਾ ਦਿੱਤਾ ਜਾਵੇ। ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਪਵਿੱਤਰ ਗ੍ਰੰਥ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਘੋੜ-ਸਵਾਰੀ, ਸ਼ਿਕਾਰ ਖੇਡਣ, ਕੁਸ਼ਤੀਆਂ ਲੜਨ ਅਤੇ ਕਈ ਹੋਰ ਬਹਾਦਰੀ ਦੀਆਂ ਖੇਡਾਂ ਤੋਂ ਇਲਾਵਾ ਆਕਰਮਣਕਾਰੀ ਅਤੇ ਰੱਖਿਅਕ ਸ਼ਸਤਰਾਂ ਦੀ ਵਰਤੋਂ ਵੀ ਸਿਖਾਈ। ਸੋ ਇਵੇਂ ਉਹ ਇਕ ਸਰਵ-ਪੱਖੀ ਪੁਰਸ਼ ਦੇ ਰੂਪ ਵਿੱਚ ਜੁਆਨ ਹੋਏ, ਜਿਹੜੇ ਸਰੀਰਕ ਪੱਖੋਂ ਤੰਦਰੁਸਤ ਅਤੇ ਤਕੜੇ ਅਤੇ ਨਾਲ ਹੀ ਸੰਤ-ਪੁਰਸ਼ ਅਤੇ ਬ੍ਰਹਮ ਗਿਆਨੀ ਸਨ। ਭਾਈ ਗੁਰਦਾਸ ਜੀ ਉਨ੍ਹਾਂ ਬਾਰੇ ਕਹਿੰਦੇ ਹਨ:

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਗੱਦੀ ਉੱਤੇ ਬੈਠਣ ਸਮੇਂ ਉਨ੍ਹਾਂ ਨੇ ਦੋ ਤਲਵਾਰਾਂ ਪਹਿਨੀਆਂ, ਜਿਨ੍ਹਾਂ ਵਿਚੋਂ ਇਕ ਆਤਮਿਕ ਪੱਖ ਅਤੇ ਦੂਜੀ ਸੰਸਾਰਕ ਪੱਖ ਨੂੰ ਦਰਸਾਉਂਦੀ ਸੀ। ਗੁਰੂ ਸਾਹਿਬ ਨੇ ਆਪਣੇ ਮਸੰਦਾਂ ਦੇ ਨਾਂ ਇਕ ਗਸ਼ਤੀ-ਪੱਤਰ ਭੇਜਿਆ ਕਿ ਉਹ ਸਿੱਖਾਂ ਨੂੰ ਕਹਿਣ ਕਿ ਅਗਾਂਹ ਨੂੰ ਆਪਣੀ ਭੇਟਾ ਵਜੋਂ ਹਥਿਆਰ ਅਤੇ ਘੋੜੇ ਲਿਆਉਣ। ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੀ ਛੋਟੀ ਜਿਹੀ ਕਿਲਾਬੰਦੀ ਕਰਕੇ, ਜਿਸ ਨੂੰ ਲੋਹਗੜ੍ਹ ਕਹਿੰਦੇ ਸਨ, ਸ਼ਹਿਰ ਨੂੰ ਮਜ਼ਬੂਤ ਬਣਾਇਆ। ਉਨ੍ਹਾਂ ਨੇ ਸਿੱਖਾਂ ਦੇ ਜੁੜ ਬੈਠਣ ਲਈ ਇਕ ਅਸਥਾਨ ਬਣਵਾਇਆ, ਜਿਸ ਦਾ ਨਾਂ ਅਕਾਲ ਤਖ਼ਤ (ਅਕਾਲ ਬੁੰਗਾ) ਰੱਖਿਆ। ਇਸ ਅਸਥਾਨ 'ਤੇ ਪ੍ਰਾਰਥਨਾ ਅਤੇ ਪ੍ਰਚਾਰ ਕਰਨ ਤੋਂ ਇਲਾਵਾ ਕੌਮ ਦੀ ਭਲਾਈ ਨਾਲ ਸੰਬੰਧਿਤ ਪ੍ਰਸ਼ਨਾਂ ਉੱਤੇ ਵਿਚਾਰਾਂ ਹੁੰਦੀਆਂ ਸਨ। ਉਨ੍ਹਾਂ ਨੇ ਬੜੇ ਤਕੜੇ ੫੨ ਸਿੱਖਾਂ ਨੂੰ ਅੰਗ-

ਰੱਖਿਅਕ ਦਲ ਵਜੋਂ ਭਰਤੀ ਕੀਤਾ। ਇਹ ਦਲ ਉਨ੍ਹਾਂ ਦੀ ਅਗਾਂਹ ਬਣਨ ਵਾਲੀ ਸੈਨਾ ਦਾ ਮੁੱਢ ਸੀ। ਮਾਝੇ, ਮਾਲਵੇ ਅਤੇ ਦੁਆਬੇ ਦੇ ਪੰਜ ਸੌ ਨੌਜਵਾਨ ਸਿੱਖਾਂ ਨੇ ਆਪਣੇ ਧਰਮ ਦੀ ਖ਼ਾਤਰ ਮਰ ਮਿਟਣ ਲਈ ਆਪਣੀਆਂ ਸੇਵਾਵਾਂ ਭੇਟ ਕੀਤੀਆਂ। ਉਨ੍ਹਾਂ ਨੂੰ ਤਨਖ਼ਾਹ ਨਹੀਂ ਸੀ ਚਾਹੀਦੀ। ਗੁਰੂ ਜੀ ਨੇ ਉਨ੍ਹਾਂ ਵਿਚੋਂ ਹਰ ਇਕ ਨੂੰ ਘੋੜਾ ਅਤੇ ਯੁੱਧ ਦੇ ਸਾਧਾਰਣ ਹਥਿਆਰ ਦਿੱਤੇ ਅਤੇ ਉਨ੍ਹਾਂ ਦੀ ਇਕ ਸੈਨਾ ਬਣਾ ਦਿੱਤੀ। ਉਨ੍ਹਾਂ ਨੇ ਸਿੱਖਾਂ ਨੂੰ ਬਾਹਰ ਸ਼ਿਕਾਰ 'ਤੇ ਲਿਜਾ ਕੇ, ਇਨ੍ਹਾਂ ਲਈ ਖੇਡਾਂ ਤੇ ਕੁਸ਼ਤੀਆਂ ਦਾ ਪ੍ਰਬੰਧ ਕਰਕੇ ਅਤੇ ਜੰਗੀ ਸੰਗੀਤ ਦੇ ਮੁਕਾਬਲੇ ਕਰਵਾ ਕੇ ਉਨ੍ਹਾਂ ਦੇ ਹੌਸਲੇ ਬਰਕਰਾਰ ਰੱਖੇ। ਸਵੇਰ ਦਾ ਧਾਰਮਿਕ ਨਿਤਨੇਮ ਪਹਿਲੇ ਦੀ ਤਰ੍ਹਾਂ ਹੀ ਹਰਿਮੰਦਰ ਸਾਹਿਬ ਦੇ ਅੰਦਰ ਹੁੰਦਾ ਸੀ। ਜਿਥੇ ਹੋਰ ਸ਼ਬਦਾਂ ਤੋਂ ਬਿਨਾਂ ਕੁਝ ਵਾਰਾਂ ਗਾਈਆਂ ਜਾਂਦੀਆਂ ਸਨ। ਗੁਰੂ ਜੀ ਪ੍ਰਚਾਰ ਵੀ ਕਰਦੇ ਅਤੇ ਸੰਗਤਾਂ ਦੀਆਂ ਪ੍ਰਾਰਥਨਾਵਾਂ ਵਿੱਚ ਅਗਵਾਈ ਵੀ ਕਰਦੇ ਸਨ। ਦੁਪਹਿਰ ਤੋਂ ਬਾਅਦ ਅਕਾਲ ਤਖ਼ਤ ਦੇ ਸਾਹਮਣੇ ਵਿਹੜੇ ਵਿੱਚ ਸਿੱਖਾਂ ਵਲੋਂ ਸਰੀਰਕ ਕਰਤੱਵ ਦਿਖਾਏ ਜਾਂਦੇ ਸਨ ਜਾਂ ਯਾਤਰੂਆਂ ਨੂੰ ਮਿਲਿਆ ਜਾਂਦਾ ਸੀ ਅਤੇ ਸਿੱਖਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸਿੱਖਾਂ ਨੂੰ ਆਪਸੀ ਝਗੜੇ ਆਪੇ ਹੀ ਨਜਿੱਠ ਲੈਣ ਲਈ ਉਤਸ਼ਾਹ ਦਿੱਤਾ ਜਾਂਦਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਕ ਅਜਿਹੀ ਮਰਯਾਦਾ ਸਥਾਪਤ ਕੀਤੀ ਗਈ, ਜਿਹੜੀ ਹੁਣ ਵੀ ਜਾਰੀ ਹੈ। ਰਾਤ ਦੇ ਵਕਤ ਹਰਿਮੰਦਰ ਸਾਹਿਬ ਦੇ ਚੁਗਿਰਦੇ ਬਿਗਲਾਂ ਦੀ ਗੂੰਜ, ਜੋਤਾਂ ਦੀ ਚਮਕ ਅਤੇ ਉਤੇਜਿਤ ਕਰਨ ਵਾਲੀਆਂ ਧੁਨਾਂ ਵਿੱਚ ਸ਼ਬਦਾਂ ਦਾ ਗਾਇਨ ਕਰਨ ਵਾਲੀ ਕੀਰਤਨੀ ਚੌਂਕੀ ਨਿਕਲਦੀ ਸੀ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੇ ਸਿੱਖਾਂ ਦੀਆਂ ਛਹਿੰਦੀਆਂ ਕਲਾਂ ਵਿੱਚ ਰੂਹ ਭਰ ਦਿੱਤੀ ਅਤੇ ਸਿੱਖ, ਜਿਵੇਂ ਕਿ ਸਿੱਖ ਲਿਖਤਾਂ ਵਿੱਚ ਆਉਂਦਾ ਹੈ, ਇਵੇਂ ਉਭਰਨ ਲੱਗ ਪਏ, ਜਿਵੇਂ ਬਰਸਾਤ ਦੇ ਮੌਸਮ ਵਿੱਚ ਸਬਜ਼ੀਆਂ ਵਧਦੀਆਂ ਫੁਲਦੀਆਂ ਹਨ।

ਪ੍ਰਤੱਖ ਤੌਰ 'ਤੇ ਮੁਗ਼ਲ ਬਾਦਸ਼ਾਹ ਇਨ੍ਹਾਂ ਤਿਆਰੀਆਂ ਤੋਂ ਡਰ ਗਿਆ ਅਤੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਬਾਦਸ਼ਾਹ ਦੇ ਪਾਸ ਗਏ ਪਰ ਉਨ੍ਹਾਂ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿੱਚ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ, ਜਿਥੇ ਕੁਝ ਹੋਰ ਰਾਜੇ ਵੀ ਆਪਣੀਆਂ ਸਜ਼ਾਵਾਂ ਦੀਆਂ ਮਿਆਦਾਂ ਭੁਗਤ ਰਹੇ ਸਨ। ਗੁਰੂ ਜੀ ਨੇ ਉਹ ਚੰਗਾ ਭੋਜਨ, ਜਿਹੜਾ ਉਨ੍ਹਾਂ ਨੂੰ ਜੇਲ੍ਹ ਵਿਚ ਦਿੱਤਾ ਗਿਆ, ਛਕਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਸਾਧਾਰਣ ਖੁਰਾਕ ਉਤੇ ਗੁਜ਼ਾਰਾ ਕਰਨਾ ਪਸੰਦ ਕੀਤਾ, ਜਿਹੜਾ ਉਹ ਸਿੱਖ ਲਿਆਉਂਦੇ ਸਨ, ਜਿਹੜੇ ਕਿਲ੍ਹੇ ਤੋਂ ਬਾਹਰ ਸਖ਼ਤ ਘਾਲ ਕਰਦੇ ਸਨ। ਗੁਰੂ ਜੀ ਦੇ ਕਸ਼ਟਾਂ ਤੋਂ ਉਨ੍ਹਾਂ ਦੇ ਸਿੱਖਾਂ ਦੇ ਮਨਾਂ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਵਿੱਚ ਬਹੁਤ ਵਾਧਾ ਹੋਇਆ। ਸਿੱਖ ਲੰਮੀਆਂ ਮੰਜ਼ਲਾਂ ਮਾਰ ਕੇ, ਜੱਥੇ ਬੰਨ੍ਹ ਕੇ ਗਵਾਲੀਅਰ ਪੁੱਜਦੇ ਅਤੇ ਬਾਹਰੋਂ ਹੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਚੁੰਮ ਕੇ ਆਪਣੇ ਘਰਾਂ ਨੂੰ ਮੁੜ ਜਾਂਦੇ। ਕੁਝ ਚੰਗੇ ਮੁਸਲਮਾਨਾਂ ਨੇ ਵੀ ਗੁਰੂ ਜੀ ਪ੍ਰਤੀ ਹਮਦਰਦੀ ਵਿੱਚ ਆਵਾਜ਼ ਉਠਾਈ ਅਤੇ ਗੁਰੂ ਜੀ ਨੂੰ ਛੱਡਣ ਲਈ ਬਾਦਸ਼ਾਹ ਦਾ ਮਨ ਵੀ ਪਿਘਲ ਗਿਆ ਪਰ ਗੁਰੂ ਜੀ ਨੇ ਰਿਹਾਈ ਦੀ ਪੇਸ਼ਕਸ਼

ਉਦੋਂ ਤਕ ਪ੍ਰਵਾਨ ਨਾ ਕੀਤੀ ਜਦੋਂ ਤਕ ਕਿ ਉਨ੍ਹਾਂ ਦੇ ਨਾਲ ਹੀ ਕੈਦ ਸਾਰੇ ੫੨ ਰਾਜਿਆਂ ਨੂੰ ਵੀ ਛੱਡਣ ਲਈ ਬਾਦਸ਼ਾਹ ਤਿਆਰ ਨਹੀਂ ਹੋਇਆ। ਉਥੋਂ ਨਿਕਲਣ ਸਮੇਂ ਹਰ ਕੈਦੀ ਰਾਜੇ ਨੇ ਗੁਰੂ ਜੀ ਦੇ ਚੋਲੇ ਦਾ ਕੋਈ ਨਾ ਕੋਈ ਹਿੱਸਾ ਫੜਿਆ ਹੋਇਆ ਸੀ। ਇਸ ਤਰ੍ਹਾਂ ਬਾਕੀ ਕੈਦੀਆਂ ਨੂੰ ਵੀ ਰਿਹਾਅ ਕਰਵਾਉਣ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' (ਕਿਲ੍ਹੇ ਵਿਚ ਉਸ ਥਾਂ ਉਤੇ ਇਸ ਉਪਨਾਮ ਵਾਲਾ ਸ਼ਿਲਾਲੇਖ ਹਾਲੇ ਵੀ ਲੱਗਾ ਹੋਇਆ ਹੈ। ਸਿੱਖਾਂ ਲਈ ਇਹ ਯਾਤਰਾ ਸਥਾਨ ਹੈ) ਵਜੋਂ ਯਾਦ ਕੀਤਾ ਜਾਂਦਾ ਹੈ।

ਜਹਾਂਗੀਰ ਬਾਦਸ਼ਾਹ ਇਸ ਘਟਨਾ ਤੋਂ ਕਈ ਸਾਲ ਪਿਛੋਂ ਤਕ ਜਿਉਂਦਾ ਰਿਹਾ ਪਰ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁੜ ਕੋਈ ਹੋਰ ਵਧੇਰੇ ਤਕਲੀਫ਼ ਨਹੀਂ ਦਿੱਤੀ ਸਗੋਂ ਬਾਦਸ਼ਾਹ ਨੇ ਗੁਰੂ ਜੀ ਨਾਲ ਮਿੱਤਰਤਾ ਪਾਉਣ ਦਾ ਯਤਨ ਕੀਤਾ। ਉਸ ਨੂੰ ਇਹ ਅਨੁਭਵ ਹੋ ਗਿਆ ਮਾਲੂਮ ਹੁੰਦਾ ਹੈ ਕਿ ਗੁਰੂ ਅਰਜਨ ਸਾਹਿਬ ਦੇ ਮਾਮਲੇ ਨੂੰ ਨਜਿਠਣ ਵਿਚ ਉਸ ਨੂੰ ਗੁਮਰਾਹ ਕੀਤਾ ਗਿਆ ਸੀ ਅਤੇ ਚੰਦੂ ਸ਼ਾਹ ਉਤੇ ਇਲਜ਼ਾਮ ਮੜ੍ਹਨ ਲਈ ਚੰਦੂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁਰਦ ਕੀਤਾ ਗਿਆ ਸੀ। ਚੰਦੂ ਨੂੰ ਲਾਹੌਰ ਦੀਆਂ ਗਲੀਆਂ ਵਿਚ ਫੇਰਿਆ ਗਿਆ, ਜਿਥੋਂ ਇਕ ਦਾਣੇ ਭੁੰਨਣਵਾਲੇ (ਭਠਿਆਰ) ਨੇ ਕੜਛੀ ਮਾਰ ਕੇ ਚੰਦੂ ਨੂੰ ਥਾਂ ਹੀ ਮਾਰ ਦਿੱਤਾ। ਜਹਾਂਗੀਰ ਗੁਰੂ ਜੀ ਨਾਲ ਸ਼ਿਕਾਰ ਖੇਡਣ ਜਾਂਦਾ ਅਤੇ ਉਨ੍ਹਾਂ ਦੀ ਸੰਗਤ ਤੋਂ ਬਹੁਤ ਲਾਭ ਉਠਾਉਂਦਾ। ਬਾਦਸ਼ਾਹ ਨੇ ਅੰਮ੍ਰਿਤਸਰ ਦੀ ਵੀ ਯਾਤਰਾ ਕੀਤੀ ਅਤੇ ਆਪਣੇ ਖ਼ਰਚੇ 'ਤੇ ਅਕਾਲ ਤਖ਼ਤ ਦੀ ਇਮਾਰਤ ਨੂੰ ਮੁਕੰਮਲ ਕਰਨ ਦੀ ਪੇਸ਼ਕਸ਼ ਕੀਤੀ ਪਰ ਗੁਰੂ ਜੀ ਨੇ ਇਹ ਕਹਿ ਕੇ ਪੇਸ਼ਕਸ਼ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਕਿ, 'ਮੈਨੂੰ ਅਤੇ ਮੇਰੇ ਸਿੱਖਾਂ ਨੂੰ ਆਪਣੇ ਸਰੀਰਾਂ ਦੀ ਮਿਹਨਤ ਸਦਕੇ ਅਤੇ ਆਪਣੇ ਸੀਮਤ ਅਤੇ ਤੰਗ ਸਾਧਨਾਂ ਵਿਚੋਂ ਹਿੱਸਾ ਪਾ ਕੇ ਅਕਾਲ ਤਖ਼ਤ ਬਣਾਉਣ ਦਿਉ। ਮੈਂ ਇਸ ਨੂੰ ਆਪਣੇ ਸਿੱਖਾਂ ਦੀ ਸੇਵਾ ਅਤੇ ਕੁਰਬਾਨੀ ਦਾ ਚਿੰਨ੍ਹ ਬਣਾਉਣਾ ਚਾਹੁੰਦਾ ਹਾਂ ਨਾ ਕਿ ਬਾਦਸ਼ਾਹ ਦੀ ਖੁਲ੍ਹਦਿਲੀ ਦੀ ਯਾਦਗਾਰ।'

ਗੁਰੂ ਜੀ ਅਮਨ-ਸ਼ਾਂਤੀ ਦਾ ਮੌਕਾ ਮਿਲਣ 'ਤੇ ਪ੍ਰਚਾਰ ਦੇ ਕੰਮ ਵਿੱਚ ਜੁੱਟ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹ ਪਹਿਲੇ ਗੁਰੂ ਸਨ ਜਿਹੜੇ ਆਪਣੇ ਧਰਮ ਦਾ ਪ੍ਰਸਾਰ ਕਰਨ ਲਈ ਪੰਜਾਬੋਂ ਬਾਹਰ ਗਏ। ਉਹ ਗੁਰੂ ਨਾਨਕ ਜੀ ਦੀ ਤਰ੍ਹਾਂ ਥਾਂ-ਥਾਂ ਘੁੰਮੇ ਅਤੇ ਉੱਤਰ ਵਿੱਚ ਕਸ਼ਮੀਰ ਤਕ ਗਏ ਅਤੇ ਪੂਰਬ ਵਿੱਚ ਪੀਲੀਭੀਤ ਦੇ ਲਾਗੇ ਨਾਨਕ ਮਤੇ ਤਕ ਗਏ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚੋਂ ਬਹੁਤ ਸਾਰਿਆਂ ਨੂੰ ਸਿੱਖ ਬਣਾਇਆ। ਕਸ਼ਮੀਰ (ਗੁਰੂ ਨਾਨਕ ਸਾਹਿਬ ਦੀ ਕਸ਼ਮੀਰ ਯਾਤਰਾ ਦੇ ਸਮੇਂ ਤੋਂ ਲੈ ਕੇ ਬ੍ਰਹਮ ਦਾਸ ਅਤੇ ਉਸ ਦੇ ਉੱਤਰਾਧਿਕਾਰੀ ਕਸ਼ਮੀਰ ਵਾਦੀ ਵਿੱਚ ਸਿੱਖ ਸੰਗਤਾਂ ਦੀ ਦੇਖ-ਭਾਲ ਕਰਦੇ ਆਏ ਸਨ। ਗੁਰੂ ਅਰਜਨ ਸਾਹਿਬ ਨੇ ਮਾਧੋ ਸੋਢੀ ਨੂੰ ਨਿਯੁਕਤ ਕੀਤਾ ਹੋਇਆ ਸੀ। (ਦੇਖੋ ਭਾਈ ਗੁਰਦਾਸ, ਵਾਰ ੧੧, ਮਹਿਮਾ ਪ੍ਰਕਾਸ਼ ਅਤੇ ਗੁਰ ਸਿੱਖ ਭਗਤ ਰਤਨਾਵਲੀ)। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਗੜ੍ਹੀਏ ਨੂੰ ਭੇਜਿਆ ਜੋ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਤਕ ਕਸ਼ਮੀਰ ਵਿਚ ਰਿਹਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ

ਅਮੋਲਕ ਸਿੰਘ, ਭਾਈ ਫੇਰੂ ਸਿੰਘ, ਭਾਈ ਪੰਜਾਬ ਸਿੰਘ, ਆਦਿ ਨੇ ਖ਼ਾਲਸੇ ਦੇ ਮਿਸ਼ਨ ਦਾ ਵਾਦੀ ਵਿੱਚ ਪ੍ਰਚਾਰ ਕੀਤਾ। (ਵੇਖੋ 'ਗੁੱਝੇ ਹੀਰੇ' ਕ੍ਰਿਤ ਬੁਧ ਸਿੰਘ ਪੁੰਛ ਵਾਲੇ, ੧੯੨੭)। ਸਿੱਖੀ ਦੇ ਪ੍ਰਚਾਰ ਦੇ ਸਿੱਟੇ ਵਜੋਂ ਉਥੇ ਬਹੁਤ ਸਾਰੇ ਗੁਰਦੁਆਰੇ ਸ੍ਰੀਨਗਰ, ਬਾਰਾਮੂਲਾ, ਮਟਨ, ਵੈਰੀਨਾਗ, ਅਨੰਤਨਾਗ, ਇਸਲਾਮਾਬਾਦ ਅਤੇ ਨਾਲੂਛੀ ਦੇ ਸਥਾਨਾਂ 'ਤੇ ਬਣ ਗਏ। ਬਹੁਤ ਸਾਰੇ ਸਿੱਖ ਬਣੇ ਲੋਕ, ਵਿਸ਼ੇਸ਼ ਕਰਕੇ ਉਨ੍ਹਾਂ ਦੇ ਪ੍ਰਚਾਰਕ, ਬ੍ਰਾਹਮਣ ਪਰਿਵਾਰਾਂ ਵਿਚੋਂ ਸਨ।) ਉਨ੍ਹਾਂ ਨੇ ਹਜ਼ਾਰਾਂ ਨੂੰ ਸਿੱਖ ਬਣਾਇਆ, ਜਿਹੜੇ ਹਿੰਦੂਆਂ ਤੋਂ ਮੁਸਲਮਾਨ ਬਣੇ ਹੋਏ ਸਨ।

ਉਨ੍ਹਾਂ ਨੇ ਪਿਛਲੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਥਾਵਾਂ ਦੀ ਯਾਤਰਾ ਕੀਤੀ ਅਤੇ ਉਥੇ ਯਾਦਗਾਰਾਂ ਸਥਾਪਿਤ ਕੀਤੀਆਂ। ਉਨ੍ਹਾਂ ਨੇ ਗੁਰਦੁਆਰਿਆਂ ਵਿੱਚ ਬਾਕਾਇਦਾ ਪੂਜਾ-ਪਾਠ ਕਰਨ ਦੇ ਪ੍ਰਬੰਧ ਕੀਤੇ। ਉਨ੍ਹਾਂ ਨੇ ਪਹਾੜਾਂ ਵਿੱਚ ਕੀਰਤਪੁਰ ਦਾ ਨਗਰ ਵੀ ਆਬਾਦ ਕੀਤਾ ਅਤੇ ਗੁਰਦੁਆਰਿਆਂ ਤੋਂ ਇਲਾਵਾ ਉਥੇ ਆਪਣੇ ਖ਼ਰਚ 'ਤੇ ਮੰਦਰ ਅਤੇ ਮਸਜਿਦਾਂ ਵੀ ਬਣਵਾਈਆਂ।

ਪਰ ਗੁਰੂ ਜੀ ਨੂੰ ਬਹੁਤ ਸਮਾਂ ਅਮਨ-ਚੈਨ ਵਿੱਚ ਨਹੀਂ ਰਹਿਣ ਦਿੱਤਾ ਗਿਆ। ੧੬੨੭ ਈ. ਵਿੱਚ ਜਹਾਂਗੀਰ ਦੀ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਸ਼ਾਹ ਜਹਾਨ ਗੱਦੀ 'ਤੇ ਬੈਠਾ। ਨਵੇਂ ਬਾਦਸ਼ਾਹ ਨੇ ਗੈਰ-ਮੁਸਲਮਾਨਾਂ ਵੱਲ ਆਪਣੀ ਨੀਤੀ ਵਿੱਚ ਤਬਦੀਲੀ ਕੀਤੀ। ਉਸ ਨੇ ਮੁਸਲਮਾਨਾਂ ਦੇ ਆਪਣਾ ਧਰਮ ਬਦਲਣ ਉੱਤੇ ਪਾਬੰਧੀ ਲਾ ਦਿੱਤੀ (Sri Ram Sharma'a, Religious Policy of the Mughal Emprors, P.107) ਤੇ ਬਹੁਤ ਸਾਰੇ ਮੰਦਰਾਂ ਦੇ ਗਿਰਾ ਦੇਣ ਦਾ ਹੁਕਮ ਦਿੱਤਾ। ਆਪਣੀ ਅਜਿਹੀ ਨੀਤੀ ਕਰਕੇ ਉਸ ਦੀ ਸਿੱਖਾਂ ਨਾਲ ਟੱਕਰ ਹੋ ਗਈ। ਸਿੱਖ, ਦੂਜੇ ਮੱਤਾਂ ਦੇ ਲੋਕਾਂ ਨੂੰ ਸਿੱਖ ਮੱਤ ਦੇ ਅਨੁਯਾਈ ਬਣਾਉਣ ਦੇ ਹੱਕ ਉਤੇ ਜ਼ੋਰ ਦੇਣ ਲਈ ਦ੍ਰਿੜ੍ਹ ਸਨ। ਉਹ ਲਾਹੌਰ ਵਿੱਚ ਆਪਣੀ ਪ੍ਰਸਿੱਧ ਬਾਉਲੀ ਦੀ ਨਿਰਾਦਰੀ ਉੱਤੇ, ਜਿਹੜੀ ਪੂਰ ਦਿੱਤੀ ਗਈ ਸੀ ਅਤੇ ਬਾਉਲੀ ਦੇ ਨਾਲ ਲੱਗਦੇ ਲੰਗਰ ਦੀ ਥਾਂ 'ਤੇ ਮਸਜਿਦ ਬਣਾਉਣ ਉਤੇ, ਖਾਸ ਤੌਰ 'ਤੇ ਚਿੜ੍ਹੇ ਹੋਏ ਸਨ। ਦੋਨੋਂ ਧਿਰਾਂ ਲੜਾਈ ਲਈ ਤਿਆਰ ਸਨ ਅਤੇ ਛੋਟੇ ਤੋਂ ਛੋਟਾ ਕਾਰਨ ਵੀ ਇਕ-ਦੂਜੇ 'ਤੇ ਹੱਲਾ ਬੋਲਣ ਲਈ ਕਾਫ਼ੀ ਸੀ।

੧੬੨੯ ਈ. ਵਿੱਚ ਇਕ ਦਿਨ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡ ਰਿਹਾ ਸੀ। ਗੁਮਟਾਲਾ ਦੇ ਸਥਾਨ 'ਤੇ ਉਸ ਦਾ ਇਕ ਮਨ-ਪਸੰਦ ਬਾਜ ਭੁੱਲ ਕੇ ਦੂਰ ਚਲਾ ਗਿਆ ਅਤੇ ਸਿੱਖਾਂ ਦੀ ਸ਼ਿਕਾਰ ਖੇਡਣ ਵਾਲੀ ਇਕ ਟੋਲੀ ਦੇ ਹੱਥ ਆ ਗਿਆ। ਉਨ੍ਹਾਂ ਨੇ ਇਹ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਜਿਹੜੇ ਇਹ ਬਾਜ਼ ਲੈਣ ਆਏ ਸਨ, ਸਿੱਖ ਉਨ੍ਹਾਂ ਨੂੰ ਪਛਾਣਦੇ ਸਨ। ਉਹ ਆਪਸ ਵਿਚ ਖਹਿਬੜਨ ਤੋਂ ਬਾਅਦ ਹੱਥੋ-ਪਾਈ ਹੋ ਗਏ ਜਿਸ ਕਾਰਣ ਸ਼ਾਹੀ ਦਲ ਮਾਰ ਖਾ ਕੇ ਵਾਪਿਸ ਚਲਾ ਗਿਆ ਅਤੇ ਉਨ੍ਹਾਂ ਨੇ ਬਾਦਸ਼ਾਹ ਨੂੰ ਸਾਰੀ ਵਿਥਿਆ ਜਾ ਸੁਣਾਈ। ਮੁਖ਼ਲਿਸ ਖਾਂ ਦੀ ਕਮਾਨ ਵਿੱਚ ਇਕ ਫ਼ੌਜੀ ਟੋਲੀ ਗੁਰੂ ਜੀ ਨੂੰ ਫੜਨ ਅਤੇ ਲਾਹੌਰ ਲਿਆਉਣ ਲਈ ਭੇਜੀ ਗਈ। ਇਹ ਯੁੱਧ ਦਾ ਆਰੰਭ ਸੀ।

ਲਾਹੌਰ ਤੋਂ ਅਚਾਨਕ ਅਤੇ ਅਵੇਸਲਾ ਹਮਲਾ ਕੀਤਾ ਗਿਆ ਸੀ। ਇਸ ਦੀ ਪੁਸ਼ਟੀ ਇਸ

ਗੱਲ ਤੋਂ ਹੁੰਦੀ ਹੈ ਕਿ ਗੁਰੂ ਜੀ ਉਸ ਵੇਲੇ ਆਪਣੀ ਧੀ ਦੇ ਵਿਆਹ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਪਾਸ ਲੜਾਈ ਲਈ ਕੋਈ ਦਾਰੂ-ਸਿੱਕਾ ਨਹੀਂ ਸੀ। ਇਕ ਡਿੱਗੇ ਹੋਏ ਦਰਖ਼ਤ ਦੇ ਤਣੇ ਵਿੱਚਲੇ ਮੋੜ੍ਹ ਤੋਂ ਆਰਜ਼ੀ ਤੌਰ 'ਤੇ ਇਕ ਤੋਪ ਬਣਾਉਣੀ ਪਈ ਸੀ। ਇਹ ਲੜਾਈ ਉਸ ਥਾਂ 'ਤੇ ਹੋਈ, ਜਿਥੇ ਅੱਜ-ਕਲ੍ਹ ਖ਼ਾਲਸਾ ਕਾਲਜ ਬਣਿਆ ਹੋਇਆ ਹੈ। ਗੁਰੂ ਜੀ ਦਾ ਸਾਮਾਨ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਗਈ, ਪਰ ਜਦੋਂ ਝੜਪ ਵਿੱਚ ਮੁਖਲਿਸ ਖਾਂ ਮਾਰਿਆ ਗਿਆ ਤਾਂ ਮੁਗ਼ਲ ਸੈਨਾ ਦੁਰਗਤੀ ਦੀ ਹਾਲਤ ਵਿੱਚ ਮੁੜ ਗਈ। ਗੁਰੂ ਜੀ ਝਬਾਲ ਨੂੰ ਚਲੇ ਗਏ ਜਿਹੜਾ ਅੰਮ੍ਰਿਤਸਰ ਦੇ ਦੱਖਣ ਪੱਛਮ ਵਿੱਚ ਕੋਈ ਅੱਠ ਮੀਲਾਂ ਦੀ ਦੂਰੀ 'ਤੇ ਹੈ। ਉਥੇ ਜਾ ਕੇ ਉਨ੍ਹਾਂ ਆਪਣੀ ਸਪੁੱਤਰੀ ਦੇ ਵਿਆਹ ਦੀ ਰਸਮ ਅਦਾ ਕੀਤੀ। ਗੁਰੂ ਜੀ ਜਿਲ੍ਹਾ ਜਲੰਧਰ ਵਿੱਚ ਕਰਤਾਰਪੁਰ ਜਾ ਕੇ ਰਹਿਣ ਲੱਗ ਪਏ। ਉਥੇ ਉਨ੍ਹਾਂ ਨੇ ਆਪਣੇ ਸਾਧਨਾਂ ਨੂੰ ਸੰਜੋਜਿਤ ਕੀਤਾ। ਉਨ੍ਹਾਂ ਨੇ ਆਪਣੇ ਪਿਤਾ ਜੀ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦਪੁਰ ਨੂੰ ਵਿਸਥਾਰ ਦਿੱਤਾ ਅਤੇ ਚੰਗੇਰਾ ਬਣਾਇਆ। ਉਨ੍ਹਾਂ ਨੇ ਆਪਣੇ ਮੁਸਲਮਾਨ ਸੈਨਿਕਾਂ ਅਤੇ ਦੂਜੇ ਮੁਸਲਮਾਨ ਵਸਨੀਕਾਂ ਲਈ ਆਪਣੇ ਖ਼ਰਚ 'ਤੇ ਇਕ ਮਸੀਤ ਬਣਵਾ ਦਿੱਤੀ। ਸੁਧਾਰਵਾਦੀ ਗੁਰੂ ਜੀ ਦੇ ਉਥੇ ਹੋਣ ਤੋਂ ਇਕ ਤੁਅੱਸਬੀ ਹਿੰਦੂ ਭਗਵਾਨ ਦਾਸ ਘੇਰੜ ਬਹੁਤ ਖਿਝ ਗਿਆ। ਉਸ ਨੇ ੧੬੩੦ ਈ. ਵਿੱਚ ਗੁਰੂ ਜੀ ਨਾਲ ਝਗੜਾ ਛੇੜ ਲਿਆ ਅਤੇ ਫਸਾਦ ਵਿਚ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁਲਾ ਖਾਂ ਪਾਸੋਂ ਸਹਾਇਤਾ ਮੰਗੀ, ਜਿਸ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਤਿੰਨ ਦਿਨਾਂ ਦੀ ਸਖ਼ਤ ਲੜਾਈ ਤੋਂ ਬਾਅਦ ਜਲੰਧਰ ਦੀਆਂ ਫ਼ੌਜਾਂ ਹਾਰ ਗਈਆਂ ਅਤੇ ਅਬਦੁਲਾ ਖਾਂ ਤੇ ਰਤਨ ਚੰਦ ਲੜਾਈ ਵਿੱਚ ਮਾਰੇ ਗਏ। ਅਬਦੁਲਾ ਦੇ ਪੁੱਤਰ ਨੇ ਮੱਦਦ ਲਈ ਬਾਦਸ਼ਾਹ ਪਾਸ ਬੇਨਤੀ ਕੀਤੀ ਪਰ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਪਿਤਾ ਦੀ ਮੁਹਿੰਮ, ਬਿਨਾਂ ਆਗਿਆ ਦੇ ਸੀ। ਇਸ ਲਈ ਉਸ ਸੰਬੰਧ ਵਿੱਚ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਬਾਅਦ ਗੁਰੂ ਜੀ ਆਪਣੇ ਧਰਮ ਦੇ ਪ੍ਰਚਾਰ ਅਤੇ ਲੋਕਾਂ ਨੂੰ ਸਿੱਖ ਬਣਾਉਣ ਲਈ ਦੌਰੇ ਕਰਨ ਲੱਗ ਪਏ। ਉਨ੍ਹਾਂ ਨੂੰ ਬਹੁਤ ਦੇਰ ਤਕ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਅਗਲੇ ਸਾਲ ਸ਼ਾਹੀ ਫ਼ੌਜਾਂ ਨਾਲ ਇਕ ਹੋਰ ਕਸ਼ਮਕਸ਼ ਸ਼ੁਰੂ ਹੋ ਗਈ। ਇਸ ਵਾਰ ਇਹ ਘੋੜਿਆਂ ਉੱਤੇ ਕਬਜ਼ਾ ਕਰਨ ਦੇ ਸੰਬੰਧ ਵਿੱਚ ਸੀ। ਕਾਬਲ ਤੋਂ ਇਕ ਮਸੰਦ ਗੁਰੂ ਜੀ ਲਈ ਦੋ ਸੁੰਦਰ ਘੋੜੇ ਲਿਆਇਆ ਸੀ। ਉਹ ਰਸਤੇ ਵਿੱਚ ਇਕ ਮੁਗ਼ਲ ਕਰਮਚਾਰੀ ਨੇ ਖੋਹ ਲਏ ਅਤੇ ਸ਼ਾਹੀ ਅਸਤਬਲ ਵਿੱਚ ਭੇਜ ਦਿੱਤੇ। ਉਹ ਘੋੜੇ ਇਕ ਸਾਹਸੀ ਸਿੱਖ, ਭਾਈ ਬਿਧੀ ਚੰਦ ਨੇ ਮੁੜ ਪ੍ਰਾਪਤ ਕਰ ਲਏ। ਭਾਈ ਬਿਧੀ ਚੰਦ ਦੀਆਂ ਮਨੋਰੰਜਕ ਮੁਹਿੰਮਾਂ ਇਤਨੇ ਮਖੌਲੀਏ ਢੰਗ ਨਾਲ ਵਿਉਂਤੀਆਂ ਜਾਂਦੀਆਂ ਸਨ ਕਿ ਮੈਕਾਲਿਫ ਵਰਗਾ ਨੀਰਸ ਲੇਖਕ ਵੀ ਥੋੜ੍ਹੀ ਜਿਹੀ ਤਬਦੀਲੀ ਲਈ, ਉਸ ਦੀ ਗੱਲ ਕਰਨ ਲਈ ਰੁਕਣ 'ਤੇ ਮਜਬੂਰ ਹੁੰਦਾ ਹੈ। ਭਾਈ ਬਿਧੀ ਚੰਦ ਭੇਸ ਵਟਾ ਕੇ ਪਹਿਲੇ ਘਾਹੀ ਦੇ ਰੂਪ ਵਿਚ ਤੇ ਫਿਰ ਨਜ਼ੂਮੀ-ਸੂਹੀਏ ਦੇ ਰੂਪ ਵਿੱਚ ਇਕ-ਇਕ ਕਰਕੇ ਦੋਨੋਂ ਘੋੜੇ, ਲਾਹੌਰ ਦੇ ਕਿਲ੍ਹੇ ਵਿੱਚੋਂ ਕੱਢ ਕੇ ਲੈ ਗਿਆ ਅਤੇ ਉਹ ਉਨ੍ਹਾਂ ਦੇ ਅਸਲੀ ਮਾਲਕ ਦੇ ਪਾਸ ਪਹੁੰਚਾ

ਦਿੱਤੇ। ਜਿਸ ਕਾਰਣ ਲੜਾਈ ਛਿੜ ਗਈ। ਗੁਰੂ ਜੀ ਉਸ ਵੇਲੇ ਮਾਲਵੇ ਵਿਚ ਘੁੰਮ ਰਹੇ ਸਨ ਜਦੋਂ ਲੱਲਾ ਬੇਗ ਅਤੇ ਕਮਰ ਬੇਗ ਦੀ ਅਗਵਾਈ ਵਿੱਚ ਇਕ ਸ਼ਕਤੀਸ਼ਾਲੀ ਸੈਨਾ ਨੇ ਉਨ੍ਹਾਂ 'ਤੇ ਹੱਲਾ ਬੋਲ ਦਿੱਤਾ। ਲੜਾਈ ਨਥਾਣਾ ਅਤੇ ਮਹਿਰਾਜ ਦੇ ਲਾਗੇ ਲੜੀ ਗਈ ਸੀ। ੧੨੦੦ ਤੋਂ ਵੱਧ ਸਿੱਖ ਮਾਰੇ ਗਏ ਜਾਂ ਜ਼ਖ਼ਮੀ ਹੋਏ ਸਨ। ਦੂਜੇ ਪਾਸੇ ਕਮਾਂਡਰਾਂ ਸਮੇਤ ਮਰਨ ਜਾਂ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਕਿਤੇ ਵੱਧ ਸੀ। ਗੁਰੂ ਜੀ ਨੇ ਆਪਣੀ ਜਿੱਤ ਦੀ ਯਾਦਗਾਰ ਵਜੋਂ ਉਥੇ ਇਕ ਸਰੋਵਰ ਬਣਵਾਇਆ, ਜਿਸ ਦਾ ਨਾਂ ਗੁਰੂਸਰ ਰੱਖਿਆ ਗਿਆ।

੧੬੩੨ ਈ. ਵਿੱਚ ਗੁਰੂ ਜੀ ਕਰਤਾਰਪੁਰ ਚਲੇ ਗਏ ਜਿਥੇ ਉਹ ਕੁਝ ਸਮਾਂ ਰਹੇ। ਇਕ ਪਠਾਣ ਸੈਨਿਕ ਆਗੂ ਪੈਂਦੇ ਖਾਂ ਵਲੋਂ, ਜਿਹੜਾ ਕਦੇ ਗੁਰੂ ਜੀ ਦਾ ਲਾਡਲਾ ਸੀ, ਕੁਝ ਸਮੇਂ ਤੋਂ ਵਿਰੋਧ ਦੀਆਂ ਨਿਸ਼ਾਨੀਆਂ ਦਿੱਸ ਰਹੀਆਂ ਸਨ। ਉਸ ਦੇ ਕਸੂਰ ਦੇ ਕਾਰਣ ਉਸ ਨੂੰ ਗੁਰੂ ਜੀ ਨੇ ਆਪਣੀ ਸੇਵਾ ਤੋਂ ਵੱਖ ਕਰ ਦਿੱਤਾ ਸੀ। ਉਹ ਬਾਦਸ਼ਾਹ ਦੇ ਪਾਸ ਚਲਾ ਗਿਆ ਅਤੇ ਉਸ ਨੂੰ ਗੁਰੂ ਜੀ ਦੇ ਖਿਲਾਫ ਤਕੜੀ ਸੈਨਾ ਭੇਜਣ ਲਈ ਉਕਸਾਇਆ। ਮੁਖ਼ਲਿਸ ਖਾਂ, ਜਿਹੜਾ ਅੰਮ੍ਰਿਤਸਰ ਦੀ ਲੜਾਈ ਵਿੱਚ ਮਾਰਿਆ ਗਿਆ ਸੀ, ਦਾ ਭਰਾ ਕਾਲੇ ਖਾਂ ਫ਼ੌਜ ਲੈ ਕੇ ਗੁਰੂ ਜੀ ਦੇ ਖਿਲਾਫ ਲੜਾਈ ਲੜਨ ਲਈ ਆਇਆ। ਉਸ ਦੀ ਸਹਾਇਤਾ ਲਈ ਉਸ ਦੇ ਨਾਲ ਪੈਂਦੇ ਖਾਂ ਅਤੇ ਜਲੰਧਰ ਦਾ ਫ਼ੌਜਦਾਰ ਕੁਤਬ ਖਾਂ ਵੀ ਆਏ। ੧੬੩੪ ਈ. ਵਿੱਚ ਕਰਤਾਰਪੁਰ ਵਿੱਚ ਗੁਰੂ ਜੀ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸਿੱਖ, ਜਿਹੜੇ ਆਪਣੇ ਧਰਮ ਦੀ ਖ਼ਾਤਰ ਲੜੇ ਸਨ, ਉਨ੍ਹਾਂ ਸ਼ਾਹੀ ਫ਼ੌਜਾਂ ਦੇ ਮੁਕਾਬਲੇ ਵਿਚ ਤਕੜੇ ਸਨ, ਜਿਹੜੀਆਂ ਕੇਵਲ ਤਨਖ਼ਾਹ ਅਤੇ ਲੁੱਟ ਮਾਰ ਲਈ ਲੜਦੀਆਂ ਸਨ। ਬਿਧੀ ਚੰਦ ਅਤੇ ਗੁਰੂ ਜੀ ਦੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੇ ਸਿੱਖਾਂ ਦੀ ਯੋਗ ਅਗਵਾਈ ਕੀਤੀ। ਤੇਗ਼ ਬਹਾਦਰ ਜੀ ਦਾ ਵੀ, ਜਿਹੜੇ ਉਸ ਵੇਲੇ ਕੇਵਲ ੧੪ ਸਾਲਾਂ ਦੇ ਸਨ, ਇਸ ਲੜਾਈ ਵਿੱਚ ਭਾਗ ਲੈਣ ਦਾ ਜ਼ਿਕਰ ਆਉਂਦਾ ਹੈ। ਹੱਥੋ-ਹੱਥੀ ਲੜਾਈ ਵਿੱਚ ਪੈਂਦੇ ਖਾਂ ਨੇ ਆਪਣੇ ਪਿਛਲੇ ਮਾਲਕ ਗੁਰੂ ਹਰਿਗੋਬਿੰਦ ਜੀ 'ਤੇ ਹੱਲਾ ਬੋਲ ਦਿੱਤਾ ਪਰ ਗੁਰੂ ਜੀ ਵੱਲੋਂ ਇਕ ਮਾਰੂ ਵਾਰ ਹੋਣ 'ਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਨੇ ਕਿਹਾ, "ਪੈਂਦੇ ਖਾਂ, ਤੂੰ ਇਕ ਮੁਸਲਮਾਨ ਹੈਂ। ਹੁਣ ਤੇਰੇ ਕਲਮਾ ਪੜ੍ਹਨ ਦਾ ਵੇਲਾ ਹੈ।" ਪੈਂਦੇ ਖਾਂ ਨੇ ਆਪਣੀ ਕਰਤੂਤ 'ਤੇ ਪਛਤਾਵਾ ਕਰਦਿਆਂ ਉੱਤਰ ਦਿੱਤਾ, "ਹੇ ਗੁਰੂ ਜੀ, ਤੁਹਾਡੀ ਤਲਵਾਰ ਮੇਰਾ ਕਲਮਾ ਹੈ ਅਤੇ ਇਹ ਮੇਰੀ ਮੁਕਤੀ ਦਾ ਸਾਧਨ ਹੈ।" ਗੁਰੂ ਜੀ ਆਪਣੇ ਪਿਛਲੇ ਲਾਡਲੇ ਨੂੰ ਮਰਦਿਆਂ ਦੇਖ ਕੇ ਤਰਸ ਵਿਚ ਆ ਗਏ। ਉਨ੍ਹਾਂ ਨੇ ਪੈਂਦੇ ਖਾਂ ਨੂੰ ਸੂਰਜ ਦੀਆਂ ਝੁਲਸਾ ਦੇਣ ਵਾਲੀਆਂ ਕਿਰਨਾਂ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਛਾਂ ਕੀਤੀ ਅਤੇ ਭਰੀਆਂ ਅੱਖਾਂ ਨਾਲ ਪੈਂਦੇ ਖਾਂ ਨੂੰ ਅੰਤਮ ਵਿਦਾਇਗੀ ਦਿੱਤੀ। ਪੈਂਦੇ ਖਾਂ ਅਤੇ ਉਸ ਤੋਂ ਛੇਤੀ ਹੀ ਪਿਛੋਂ ਹੋਈ ਕਮਾਂਡਰ ਕਾਲੇ ਖਾਂ ਦੀ ਮੌਤ ਨਾਲ ਸ਼ਾਹੀ ਫ਼ੌਜ ਦਿਲ ਛੱਡ ਗਈ ਅਤੇ ਉਨ੍ਹਾਂ ਵਿਚ ਭਾਜੜ ਪੈ ਗਈ।

ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਜਿੱਤੀਆਂ ਪਰ ਕਿਉਂਕਿ ਉਨ੍ਹਾਂ ਦਾ ਮਨੋਰਥ ਸਦਾ ਆਪਣੇ ਬਚਾਅ ਵਿਚ ਲੜਨ ਦਾ ਰਿਹਾ ਸੀ, ਇਸ ਲਈ ਉਨ੍ਹਾਂ ਨੇ ਇਨ੍ਹਾਂ ਜਿੱਤਾਂ ਦੇ ਫਲਸਰੂਪ

ਇਕ ਇੰਚ ਭਰ ਵੀ ਇਲਾਕੇ ਉਤੇ ਕਬਜ਼ਾ ਨਹੀਂ ਸੀ ਕੀਤਾ। ਇਨ੍ਹਾਂ ਲੜਾਈਆਂ ਦੇ ਪਿਛੇ ਨਿਰੇ ਬਾਜ਼ ਜਾਂ ਘੋੜੇ ਦੇ ਝਗੜੇ ਨਾਲੋਂ ਕਿਤੇ ਡੂੰਘਾ ਮਸਲਾ ਸੀ। ਪੰਜਾਬ ਦੀ ਧਰਤੀ 'ਤੇ ਇਕ ਨਵੀਂ ਬੀਰਤਾ ਦਾ ਜਨਮ ਹੋ ਰਿਹਾ ਸੀ, ਜਿਸ ਦਾ ਮਨੋਰਥ, ਜਿਹੜਾ ਉਸ ਵੇਲੇ ਤਾਂ ਬੜਾ ਮੱਧਮ ਦਿੱਸਦਾ ਸੀ, ਲੋਕਾਂ ਵਿੱਚ ਵਿਦੇਸ਼ੀ ਹਮਲਾਵਰ ਤੁਰਕਾਂ ਦਾ ਮੁਕਾਬਲਾ ਕਰਨ ਦਾ ਦ੍ਰਿੜ੍ਹ ਸੰਕਲਪ ਪੈਦਾ ਕਰਨਾ ਸੀ।

ਗੁਰੂ ਜੀ ਕੀਰਤਪੁਰ ਚਲੇ ਗਏ ਅਤੇ ਉਨ੍ਹਾਂ ਨੇ ਆਪਣੇ ਧਰਮ-ਪ੍ਰਚਾਰ ਦਾ ਕੰਮ ਮੁੜ ਸ਼ੁਰੂ ਕੀਤਾ ਤਾਂ ਜੋ ਲੜਾਈਆਂ ਸਮੇਂ ਪ੍ਰਚਾਰ ਦਾ ਕੰਮ ਨਾ ਰੁਕ ਸਕੇ। ਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਸ ਪੱਖ ਵਲ ਪੂਰਾ ਧਿਆਨ ਦੇਣ ਲਈ ਨਿਯੁਕਤ ਕੀਤਾ। ਗੁਰਦਿੱਤਾ ਜੀ ਵਿਆਹੇ ਹੋਏ ਸਨ ਅਤੇ ਇਹ ਇਕ ਸਿਪਾਹੀ ਸਨ ਪਰ ਨਾਲ ਹੀ ਉਹ ਸੰਤ ਵੀ ਸਨ ਅਤੇ ਐਨ ਉਸੇ ਤਰ੍ਹਾਂ ਦੇ ਦਿੱਸਦੇ ਸਨ, ਜਿਸ ਤਰ੍ਹਾਂ ਦੇ ਬਾਬਾ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਦਿੱਸਦੇ ਸਨ। ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ ਤੋਂ ਅਸ਼ੀਰਵਾਦ ਲਿਆ ਸੀ, ਜਿਨ੍ਹਾਂ ਨੇ ਗੁਰਦਿੱਤਾ ਜੀ ਨੂੰ ਆਪਣੀ ਸ਼ਰਨ ਵਿੱਚ ਲੈ ਲਿਆ ਸੀ। ੧੬੩੬ ਈ. ਵਿੱਚ ਉਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਉਹ ਚਾਰ ਮੁੱਖ ਪ੍ਰਚਾਰਕ ਨਿਯੁਕਤ ਕਰਨ, ਜਿਸ 'ਤੇ ਉਨ੍ਹਾਂ ਨੇ ਆਪਣੇ ਪਿਤਾ ਦੇ ਹੁਕਮ ਦੀ ਪਾਲਣਾ ਕੀਤੀ। ਉਨ੍ਹਾਂ ਪ੍ਰਚਾਰਕਾਂ ਨੂੰ ਆਪਣਾ ਵਿਸ਼ੇਸ਼ ਪਹਿਰਾਵਾ ਧਾਰਨ ਕਰਵਾਇਆ, ਜਿਸ ਪਹਿਰਾਵੇ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖ ਇਤਿਹਾਸ ਦੇ ਮਹਾਨ ਸਾਈਮਨ, ਪੀਰ ਬੁਢਣ ਸ਼ਾਹ ਦੇ ਸਾਹਮਣੇ ਗੁਰੂ ਨਾਨਕ ਜੀ ਦਾ ਸਰੂਪ ਦਰਸਾਇਆ ਸੀ। ਉਨ੍ਹਾਂ ਚਾਰ ਪ੍ਰਚਾਰਕਾਂ ਦੇ ਨਾਂ ਅਲਮਸਤ, ਫੂਲ, ਗੋਂਦਾ ਅਤੇ ਬਾਲੂ ਹਸਨਾ ਸਨ। ਕਿਹਾ ਜਾਂਦਾ ਹੈ ਕਿ ਅਲਮਸਤ ਪਹਿਣਨ ਲਈ ਅਨੋਖਾ ਲਿਬਾਸ ਮਿਲਣ 'ਤੇ ਖਿੜ-ਖਿੜਾ ਕੇ ਹੱਸਿਆ ਸੀ। ਉਨ੍ਹਾਂ ਨੇ ਧੂੰਏਂ ਸਥਾਪਿਤ ਕੀਤੇ ਅਤੇ ਉਹ ਸਿੱਖ ਮੱਤ ਦੇ ਬੜੇ ਸਰਗਰਮ ਪ੍ਰਚਾਰਕ ਸਨ। ਜਿਵੇਂ ਹੀ ਪਿਛਲੇ ਗੁਰੂ ਸਾਹਿਬਾਨ ਦੇ ਨਿਯੁਕਤ ਕੀਤੇ ਹੋਏ ਕੁਝ ਮਸੰਦ ਜਾਂ ਪ੍ਰਚਾਰਕ ਵੱਧ ਤੋਂ ਵੱਧ ਕੁਰਾਹੇ ਪੈਂਦੇ ਗਏ, ਤਿਵੇਂ ਹੀ ਪ੍ਰਚਾਰਕਾਂ ਦੇ ਇਸ ਨਵੇਂ ਸਿਲਸਿਲੇ ਨੂੰ, ਜਿਸ ਨੂੰ ਉਦਾਸੀ ਕਹਿੰਦੇ ਸਨ, ਵਧੇਰੇ ਪ੍ਰਸਿੱਧੀ ਪ੍ਰਾਪਤ ਹੁੰਦੀ ਗਈ। ਉਹ ਸਿੱਖ ਮੱਤ ਨੂੰ ਦੁਰਾਡੀਆਂ ਅਤੇ ਔਖੀਆਂ ਥਾਵਾਂ ਤਕ ਫੈਲਾਉਣ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਿੱਧ ਹੋਏ ਕਿਉਂਕਿ ਉਨ੍ਹਾਂ ਨੂੰ ਰੋਕਣ ਲਈ ਕੋਈ ਪਰਿਵਾਰਕ ਜਾਂ ਘਰੇਲੂ ਬੰਧਨ ਨਹੀਂ ਸਨ। ਇਨ੍ਹਾਂ ਧੂਣੀਆਂ ਤੋਂ ਇਲਾਵਾ ਸਮੇਂ ਦੇ ਨਾਲ-ਨਾਲ ਕਈ ਹੋਰ ਅਜਿਹੇ ਪ੍ਰਚਾਰ-ਕੇਂਦਰ ਸ੍ਰੀ ਗੁਰੂ ਹਰਿ ਰਾਇ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤ ਕੀਤੇ। ਉਨ੍ਹਾਂ ਕੇਂਦਰਾਂ ਨੂੰ 'ਬਖ਼ਸ਼ਿਸ਼ਾਂ' ਕਹਿੰਦੇ ਸਨ। ਸੁਥਰਾ ਸ਼ਾਹ ਨੂੰ, ਜਿਹੜਾ ਇਕ ਹਾਸ-ਰਸੀਆ ਸੀ, ਦੇ ਜ਼ਿੰਮੇ ਗੁਰੂ ਨਾਨਕ ਜੀ ਦਾ ਮਿਸ਼ਨ ਆਪਣੇ ਢੰਗ ਨਾਲ ਹੀ ਲੋਕਾਂ ਤਕ ਪਹੁੰਚਾਉਣ ਦਾ ਕੰਮ ਲਾਇਆ ਗਿਆ ਸੀ।

ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਦਸ ਸਾਲ ਕੀਰਤਪੁਰ ਦੇ ਸਥਾਨ 'ਤੇ ਭਗਤੀ ਅਤੇ ਪ੍ਰਾਰਥਨਾ ਵਿਚ ਬਿਤਾਏ ਸਨ ਪਰ ਉਨ੍ਹਾਂ ਦੀ ਅੰਤਰ-ਆਤਮਾ ਰਹੱਸਵਾਦ ਜਾਂ ਮਾਨਸਿਕ ਛੂ-

ਮੰਤਰ ਤੋਂ ਸੁਤੰਤਰ ਸੀ। ਉਨ੍ਹਾਂ ਨੇ ਆਪਣੇ ਪੁੱਤਰਾਂ ਬਾਬਾ ਅਟੱਲ ਰਾਏ ਜੀ ਅਤੇ ਬਾਬਾ ਗੁਰਦਿੱਤਾ ਜੀ ਦੇ ਵਿਹਾਰ ਨੂੰ, ਜਦੋਂ ਕਿ ਉਨ੍ਹਾਂ ਨੇ ਕਰਾਮਾਤਾਂ ਦਿਖਾਉਣ ਦੀ ਕੋਸ਼ਿਸ਼ ਕੀਤੀ, ਸਖ਼ਤੀ ਨਾਲ ਅਪ੍ਰਵਾਨ ਕੀਤਾ। ਉਹ ਨਿਤ ਦੇ ਜੀਵਨ ਵਿੱਚ ਉਨ੍ਹਾਂ ਆਮ ਗੁਣਾਂ ਉਤੇ ਅਮਲ ਕਰਨ ਦੇ ਹੱਕ ਵਿੱਚ ਸਨ, ਜਿਹੜੇ ਹਰ ਥਾਂ ਰੱਬ ਦੀ ਸਰਵ-ਵਿਆਪਕਤਾ ਦੀ ਭਾਵਨਾ ਵਿਚੋਂ ਪੈਦਾ ਹੋਏ ਸਨ। ਉਹ ਇਕ ਸਾਧਾਰਣ ਸੰਤ ਦੀ ਤਰ੍ਹਾਂ ਜੀਵਨ ਬਤੀਤ ਕਰਦੇ ਰਹੇ ਅਤੇ ਉਨ੍ਹਾਂ ਨੇ ਸਰ੍ਹਾਣਿਆਂ ਆਦਿ ਤਕ ਦੀ ਵਰਤੋਂ ਵੀ ਤਿਆਗ ਦਿੱਤੀ ਸੀ। ਉਨ੍ਹਾਂ ਦੇ ਸਿੱਖ ਵੀ ਸ਼ਾਂਤੀ ਪੂਰਵਕ ਧੰਦਿਆਂ ਵਿੱਚ ਮੁੜ ਪਰਤਣ ਦੇ ਯੋਗ ਸਨ। ਉਨ੍ਹਾਂ ਵਿਚੋਂ ਕੁਝ ਨੂੰ, ਜਿਹੜੇ ਵਧੇਰੇ ਸਾਹਸੀ ਸਨ, ਪ੍ਰਚਾਰਕਾਂ ਅਤੇ ਵਪਾਰੀਆਂ ਵਜੋਂ ਦੂਰ-ਦਰਾਡੀਆਂ ਥਾਵਾਂ 'ਤੇ ਭੇਜਿਆ ਗਿਆ ਅਤੇ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਲਈ ਕਾਬਲ ਭੇਜਿਆ। ਇਸ ਗੱਲ ਤੋਂ ਸਿੱਖ ਆਚਰਣ ਦੀ ਸਰਵ-ਪੱਖੀ ਉਨਤੀ ਦਾ ਪਤਾ ਲੱਗਦਾ ਹੈ ਕਿ ਛੋਟੀ ਜਿਹੀ ਸੂਚਨਾ ਦੇ ਆਧਾਰ 'ਤੇ ਹੀ ਇਕ ਸਿਪਾਹੀ ਨੂੰ ਪ੍ਰਚਾਰਕ ਵਜੋਂ ਅਤੇ ਇਕ ਵਿਦਵਾਨ ਨੂੰ ਇਕ ਵਪਾਰੀ ਵਜੋਂ ਭੇਜਿਆ ਜਾ ਸਕਦਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਅਤੇ ਆਪ ੩ ਮਾਰਚ ੧੬੪੪ ਨੂੰ ਜੋਤੀ-ਜੋਤਿ ਸਮਾ ਗਏ।

੬/੧੯੯੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ੯ ਜੂਨ, ੧੫੯੫ ਨੂੰ ਵਡਾਲੀ ਵਿਖੇ ਪ੍ਰਗਟ ਹੋਏ। ਗੁਰੂ ਅਰਜਨ ਜੀ ਉਸ ਸਮੇਂ ਮਾਝੇ ਵਿੱਚ ਪ੍ਰਚਾਰ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਨੇ ਸ਼ੁਕਰਾਨੇ ਦਾ ਸ਼ਬਦ ਉਚਾਰਿਆ ਤੇ ਦ੍ਰਿਸ਼ਟਾਂਤ ਦੇ ਕੇ ਗੁਰੂ ਦੀ ਸ਼ਰਨ ਤੋਂ ਉਪਜੇ ਸੁਖਾਂ ਦਾ ਵਰਣਨ ਕੀਤਾ। ਜਿਸ ਘਰ ਵਿੱਚ ਪੁੱਤਰ ਜਨਮੇ ਉਸ ਵਿੱਚ ਸੁਭਾਵਿਕ ਖੁਸ਼ੀ ਹੁੰਦੀ ਹੈ, ਗਮ ਮਿਟ ਜਾਂਦੇ ਹਨ ਤੇ ਉਤਸ਼ਾਹ ਹੋ ਜਾਂਦਾ ਹੈ। ਤਿਵੇਂ ਜੋ ਸਾਧਸੰਗਤ ਵਿੱਚ ਸਿਫਤ-ਸਲਾਹ ਦੀ ਬਾਣੀ ਗਾਉਂਦੇ ਹਨ ਉਨ੍ਹਾਂ ਵਿੱਚ ਵੀ ਨਾਮ ਜਨਮ ਲੈਂਦਾ ਹੈ ਤੇ ਸਦਾ ਉਤਸ਼ਾਹ ਬਣ ਜਾਂਦਾ ਹੈ।

ਆਪ ਜੀ ਨੇ ਹਦਾਇਤਾਂ ਭੇਜੀਆਂ ਕਿ ਪੂਰੀ ਰੱਖਿਆ ਰਾਖੀ ਕਰਨੀ ਕਿਉਂਕਿ ਉਹ ਦੇਖ ਰਹੇ ਸਨ ਕਿ ਦੋਖੀ ਅਵੱਸ਼ ਸ਼ਰਾਰਤਾਂ ਕਰਨਗੇ। ਸਤਿਗੁਰੂ ਜੀ ਨੇ ਉਸੇ ਖੁਸ਼ੀ ਵਿੱਚ ਛੇ ਹਰਟਾਂ ਵਾਲਾ ਖੂਹ ਲਗਾਇਆ ਤਾਂ ਕਿ ਇਲਾਕਾ ਰੱਜ ਕੇ ਪਾਣੀ ਪੀਵੇ ਅਤੇ ਵਰਤੇ। ਗੁਰੂ ਜੀ ਦਾ ਅਜੇ ਛੇਤੀ ਮੁੜਨਾ ਨਹੀਂ ਸੀ, ਸੋ ਬਾਲਕ ਅਤੇ ਮਾਤਾ ਗੰਗਾ ਜੀ ਨੂੰ ਵਡਾਲੀ ਵਿੱਚ ਰਹਿਣ ਦੀ ਆਗਿਆ ਕੀਤੀ।

ਸਾਜ਼ਿਸ਼ਾਂ ਤੇ ਹੱਲੇ: ਪ੍ਰਿਥੀ ਚੰਦ ਜੀ ਨੇ ਨਵ ਜਨਮੇ ਬਾਲਕ ਨੂੰ ਮੂਲੋਂ ਮੁਕਾਉਣ ਲਈ ਸਾਜ਼ਿਸ਼ਾਂ ਆਰੰਭ ਕਰ ਦਿੱਤੀਆਂ। ਇਕ ਦਾਈ, ਜਿਸ ਦਾ ਨਾਂ ਸਿੱਖ ਇਤਿਹਾਸ ਨੇ ਫਤੋ ਕਰ ਲਿਖਿਆ ਹੈ, ਦੋ ਸੌ ਰੁਪਏ ਦੇਣਾ ਕਰ ਵਡਾਲੀ ਨੌਕਰ ਰਖਵਾ ਕੇ ਦੁਧ ਰਾਹੀਂ ਜ਼ਹਿਰ ਦੇਣ ਦੀ ਵਿਉਂਤ ਬਣਾਈ। ਦਾਈ ਨੇ ਆਪਣੇ ਥਣਾਂ ਨਾਲ ਜ਼ਹਿਰ ਲਗਾ ਕੇ, ਬਾਲ ਹਰਗੋਬਿੰਦ ਜੀ ਨੂੰ ਦੁੱਧ ਪਿਲਾਣਾ ਚਾਹਿਆ ਪਰ ਬਾਲਕ ਦੀ ਰੋਣ ਦੀ ਅਵਾਜ਼ ਸੁਣ ਕੇ ਮਾਤਾ ਜੀ ਸਮੇਂ ਸਿਰ ਪੁੱਜ ਗਏ। ਜ਼ਹਿਰ ਬਹੁਤ ਹੀ ਕਰੜਾ ਸੀ, ਸੋ ਦਾਈ ਉਸ ਦੇ ਅਸਰ ਨਾਲ ਨਾ ਬੱਚ ਸਕੀ ਤੇ ਥਾਂ ਹੀ ਮਰ ਗਈ। ਪਰ ਮਰਦਿਆਂ ਇਹ ਦੱਸ ਗਈ ਕਿ ਉਹ ਪ੍ਰਿਥੀ ਚੰਦ ਦੀ ਭੇਜੀ ਆਈ ਸੀ ਅਤੇ ਉਸ ਨੇ ਕੁਝ ਰੁਪਿਆਂ ਪਿੱਛੇ ਇਹ ਨੀਚ ਕਰਮ ਕਮਾਇਆ ਸੀ। ਸ੍ਰੀ ਗੁਰੂ ਅਰਜਨ ਜੀ ਨੇ ਗਿਲਾ ਕਰਨ ਦੀ ਥਾਂ ਸ਼ੁਕਰਾਨਾ ਕੀਤਾ। 'ਗੁਰੂ ਪੂਰੇ ਦੇ ਰਾਖਿਆ ਹਾਥ' ਦਾ ਸ਼ਬਦ ਉਚਾਰਿਆ ਅਤੇ ਪੂਰੀ ਰਾਖੀ ਕਰਨ ਲਈ ਆਖਿਆ। ਪ੍ਰਿਥੀ ਚੰਦ ਨੇ ਪਹਿਲਾ ਵਾਰ ਖਾਲੀ ਜਾਂਦੇ ਵੇਖ ਦੂਜਾ ਤੀਰ ਸੋਧਿਆ। ਇਕ ਸਪੇਰੇ ਨੂੰ ਵਡਾਲੀ ਖੇਡ ਪਾਉਣ ਲਈ ਭੇਜਿਆ ਕਿ ਜਦ ਬਾਲ ਹਰਗੋਬਿੰਦ ਜੀ ਖੇਡ ਦੇਖਣ ਲਈ ਆਉਣ ਤਾਂ ਜ਼ਹਿਰੀਲੇ ਸੱਪ ਨੂੰ ਛੱਡ ਕੇ ਡੰਗ ਮਰਵਾ ਦਿੱਤਾ ਜਾਏ। ਸਪੇਰੇ ਦਾ ਤਮਾਸ਼ਾ ਦੇਖਣ

ਲਈ ਜਦ ਮਾਤਾ ਜੀ ਸਮੇਤ ਹਰਿਗੋਬਿੰਦ ਜੀ ਹਵੇਲੀ ਤੋਂ ਬਾਹਰ ਆਏ ਤਾਂ ਸਪੇਰੇ ਨੇ ਜ਼ਹਿਰੀਲਾ ਸੱਪ ਛੱਡ ਦਿੱਤਾ ਪਰ ਹਰਿਗੋਬਿੰਦ ਜੀ ਨੇ ਸੱਪ ਦੀ ਮੁੰਡੀ ਆਪਣੀ ਮੁਠੀ ਵਿੱਚ ਭੀਚ ਲਈ ਅਤੇ ਸੱਪ ਵਲ ਖਾਂਦਾ ਉਥੇ ਹੀ ਖ਼ਤਮ ਹੋ ਗਿਆ।

ਸੀਸ ਦਬਾਇਕੇ ਫੇਸ ਦਿਯੋ। ਬਹੁ ਦੀਰਘ ਸੌ ਉਲਟਯੋ ਬਲ ਖਾਏ।

ਇਹ ਵਾਰ ਵੀ ਖਾਲੀ ਗਿਆ। ਸਪੇਰੇ ਨੇ ਸਾਰੀ ਸਾਜ਼ਿਸ਼ ਉਤੋਂ ਪਰਦਾ ਉਠਾ ਦਿੱਤਾ।

ਅੰਮ੍ਰਿਤਸਰ ਵਿੱਚ: ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਚਾਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਆ ਗਏ ਸਨ ਤੇ ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਅੰਮ੍ਰਿਤਸਰ ਹੀ ਬੁਲਾ ਲਿਆ। ਅੰਮ੍ਰਿਤਸਰ ਪੁੱਜੇ ਹੀ ਸਨ ਕਿ ਹਰਿਗੋਬਿੰਦ ਜੀ ਨੂੰ ਚੇਚਕ ਦੀ ਬੀਮਾਰੀ ਦਾ ਹੱਲਾ ਹੋ ਗਿਆ। ਹਾਲਤ ਦਿਨੋਂ-ਦਿਨ ਵਿਗੜਨ ਲੱਗੀ। ਜਦ ਗੁਰੂ ਅਰਜਨ ਜੀ ਨੂੰ ਕਈਆਂ ਨੇ ਸੀਤਲਾ ਪੂਜਣ ਦੀ ਰਾਇ ਦਿੱਤੀ ਤਾਂ ਆਪ ਨੇ ਸਿਰਫ ਇਤਨਾ ਹੀ ਕਿਹਾ 'ਜਿਸ ਨੇ ਦਿਤਾ ਉਹ ਆਪ ਹੀ ਰਖੇਗਾ'। ਕੁਝ ਦਿਨਾਂ ਬਾਅਦ ਹਰਿਗੋਬਿੰਦ ਜੀ ਨਰੋਏ ਹੋ ਗਏ। ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਦਾ ਸ਼ਬਦ ਉਚਾਰਿਆ ਤੇ ਸਭ ਨੂੰ ਚੇਤਾਵਨੀ ਦਿੱਤੀ ਕਿ ਹਰ ਦੁਖ ਸਮੇਂ ਨਿਰੋਲ ਪਰਮਾਤਮਾ ਦਾ ਨਾਮ ਹੀ ਜਪਿਆ ਕਰੋ। ਪ੍ਰਭੂ ਦੀ ਸਿਫ਼ਤ-ਸਲਾਹ ਦੀ ਬਰਕਤ ਨਾਲ ਖ਼ਤਰੇ ਦੂਰ ਹੋ ਜਾਂਦੇ ਹਨ। ਜੋ ਮਨੁੱਖ ਹੋਰ-ਹੋਰ ਆਸਰੇ ਛੱਡ ਕੇ ਪਰਮਾਤਮਾ ਦਾ ਨਾਮ ਜਪਦਾ ਹੈ ਉਹ ਸਦੀਵੀ ਸੁਖ ਸਹਿਜੇ ਹੀ ਹਾਸਲ ਕਰ ਲੈਂਦਾ ਹੈ।

ਸਦਾ ਸਦਾ ਹਰਿ ਜਾਪੇ॥
ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥
ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ॥ਰਹਾਉ॥
ਪ੍ਰਭ ਕਰਣ ਕਾਰਣ ਸਮਰਾਥਾ॥
ਹਰਿ ਸਿਮਰਤ ਸਭੁ ਦੁਖੁ ਲਾਥਾ॥
ਅਪਣੇ ਦਾਸ ਕੀ ਸੁਣੀ ਬੇਨੰਤੀ॥
ਸਭ ਨਾਨਕ ਸੁਖਿ ਸਵੰਤੀ॥

(ਪੰਨਾ ੬੨੭)

ਭਰਮੀਆਂ ਨੂੰ ਸਮਝਾਇਆ:

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥
ਭਰਮ ਗਏ ਪੂਰਨ ਭਈ ਸੇਵ॥੧॥ਰਹਾਉ॥

ਸੀਤਲਾ ਤੇ ਰਖਿਆ ਬਿਹਾਰੀ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥

(ਪੰਨਾ ੨੦੦)

ਪ੍ਰਿਥੀ ਚੰਦ ਨੇ ਅੰਮ੍ਰਿਤਸਰ ਵਿਖੇ ਇਕ ਹੋਰ ਤਗੜਾ ਵਾਰ ਹਰਿਗੋਬਿੰਦ ਜੀ 'ਤੇ ਕੀਤਾ। ਇਕ ਰਸੋਈਏ ਰਾਹੀਂ ਬਾਲਕ ਨੂੰ ਦਹੀਂ ਵਿੱਚ ਜ਼ਹਿਰ ਦੇ ਦੇਣ ਦੀ ਸਾਜ਼ਿਸ਼ ਪੱਕੀ ਕਰ ਲਈ ਗਈ। ਗੁਰੂ ਹਰਿਗੋਬਿੰਦ ਜੀ ਦੀ ਆਯੂ ਉਸ ਸਮੇਂ ਚਾਰ ਸਾਲ ਦੀ ਹੋ ਚੁੱਕੀ ਸੀ। ਉਹ ਚੇਤੰਨ ਬਾਲਕ ਸਨ, ਉਨ੍ਹਾਂ ਓਪਰੇ ਦੇ ਹੱਥੋਂ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ। ਰੌਲਾ ਸੁਣ ਮਾਤਾ ਜੀ ਸਮੇਂ ਸਿਰ ਪੁੱਜ ਗਏ ਤੇ ਰਸੋਈਏ ਕੋਲੋਂ ਦਹੀਂ ਲੈ ਕੁੱਤੇ ਨੂੰ ਪਾ ਦਿੱਤਾ ਤਦ ਉਹ ਥਾਂ 'ਤੇ ਹੀ ਮਰ ਗਿਆ। ਰਸੋਈਏ ਨੇ ਦਸਿਆ ਕਿ ਇਹ ਵਾਰ ਵੀ ਪ੍ਰਿਥੀ ਚੰਦ ਨੇ ਹੀ ਕੀਤਾ ਹੈ, ਬ੍ਰਾਹਮਣ ਪੇਟ ਵਿੱਚ ਸੂਲ ਪੈਣ ਕਰ ਕੇ ਮਾਰਿਆ ਗਿਆ।

ਗੁਰੂ ਅਰਜਨ ਜੀ ਨੇ ਪਾਪੀ ਤੇ ਪਾਪ ਨੀਤੀ ਦਾ ਖੰਡਨ ਕੀਤਾ ਕਿ ਦੋ ਟੁਕੜਿਆਂ ਪਿੱਛੇ ਇਮਾਨ ਵੇਚਣ ਵਾਲਿਆਂ ਦਾ ਇਹ ਹੀ ਹਾਲ ਹੁੰਦਾ ਹੈ, ਪਰਮਾਤਮਾ ਆਪਣੇ ਸੇਵਕਾਂ ਦੀ ਆਪ ਹੀ ਰਖਿਆ ਕਰਦਾ ਹੈ:

ਲੇਪੁ ਨ ਲਾਗੋ ਤਿਲ ਕਾ ਮੂਲਿ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥
ਪਾਪੀ ਮੂਆ ਗੁਰ ਪਰਤਾਪਿ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ॥
ਇਆਣਾ ਪਾਪੀ ਓਹੁ ਆਪਿ ਪਚਾਇਆ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥

(ਪੰਨਾ ੧੧੩੭)

ਹਾਣੀ ਰਾਹੀਂ ਜ਼ਹਿਰ ਦੇਣ ਦੀ ਕੋਸ਼ਿਸ਼: ਪ੍ਰਿਥੀ ਚੰਦ ਦੇ ਕੀਤੇ ਬਾਹਰਲੇ ਸਾਰੇ ਹੱਲੇ ਜਦ ਅਵਾਈਂ ਗਏ ਤਾਂ ਉਸ ਨੇ ਗੁਰੂ ਜੀ ਦੇ ਹਾਣੀਆਂ ਵਿਚੋਂ ਹੀ ਇਕ ਲੜਕੇ ਜਿਸ ਦਾ ਨਾਮ ਨੰਦ ਰਾਮ ਕਰਕੇ ਲਿਖਿਆ ਹੈ, ਦੇ ਚਾਚੇ ਨੂੰ ਰਕਮ ਰਖਵਾ ਕੇ, ਇਹ ਸਿਖਾ ਲਿਆ ਕਿ ਆਪਣੀ ਕਮੀਜ਼ ਦੀਆਂ ਦੋ ਜੇਬਾਂ ਵਿੱਚ ਮਿਠਾਈ ਪਾ ਲਵੇ। ਇਕ ਵਿੱਚ ਜ਼ਹਿਰੀਲੀ ਤੇ ਦੂਜੀ ਵਿੱਚ ਸਵੱਛ ਚੰਗੀ। ਮੌਕਾ ਮਿਲਣ 'ਤੇ ਜ਼ਹਿਰੀਲੀ ਹਰਿਗੋਬਿੰਦ ਜੀ ਨੂੰ ਖਵਾ ਦੇਵੇ ਤੇ ਕੋਈ ਸ਼ੱਕ ਵੀ ਨਾ ਪਵੇ, ਦੂਜੀ ਵਿਚੋਂ ਆਪ ਖਾਈ ਜਾਵੇ।

ਭਾਵੇਂ ਲੜਕੇ ਨੂੰ ਕਿਤਨਾ ਸਮਝਾਇਆ-ਸਿਖਲਾਇਆ ਪਰ ਨੰਦ ਰਾਮ ਮਿਠਾਈ ਖਵਾਲਣ ਵੇਲੇ ਜ਼ਹਿਰੀਲੀ ਆਪ ਖਾਈ ਜਾਏ ਤੇ ਚੰਗੀ ਹਰਿਗੋਬਿੰਦ ਜੀ ਨੂੰ ਦਈ ਜਾਏ। ਬੰਸਾਵਲੀ-ਨਾਮੇ ਦੇ ਹੀ ਸ਼ਬਦਾਂ ਵਿੱਚ:

ਜਾਇ ਖੇਡ ਨਾਲ ਮਠਿਆਈ ਖਾਈ।
ਇਕ ਮੁਠ ਹਰਿਗੋਬਿੰਦ ਮੁਖ ਪਾਏ।
ਚੰਗੀ ਦੇਵੇ ਸਾਹਿਬ ਨੂੰ, ਮੰਦੀ ਖਾਇ ਆਪ।

ਨੰਦ ਰਾਮ ਖਾਂਦੇ-ਖਾਂਦੇ ਹੀ ਡਿੱਗ ਪਿਆ ਤੇ ਮੌਨ ਹੋ ਗਿਆ। ਇਹ ਵੀ ਵਾਰ ਖਾਲੀ ਗਿਆ।

ਵਿਦਿਆ: ਸ੍ਰੀ ਹਰਿਗੋਬਿੰਦ ਜੀ ਦੀ ਉਮਰ ਐਸੀ ਹੋ ਗਈ ਸੀ ਕਿ ਵਿਦਿਆ ਤੇ ਹੋਰ ਸਿਖਿਆਵਾਂ ਵਲ ਧਿਆਨ ਦਿੱਤਾ ਜਾਏ। ਗੁਰੂ ਅਰਜਨ ਦੇਵ ਜੀ ਆਪੂੰ ਉਂਗਲ ਫੜ ਕੇ ਬਾਬਾ ਬੁੱਢਾ ਜੀ ਕੋਲ ਪੜ੍ਹਾਉਣ ਲਈ ਲੈ ਗਏ। ਜਾਂਦਿਆਂ ਬਚਨ ਕਹੇ ਕਿ 'ਹਰਿਗੋਬਿੰਦ ਕੋ ਆਪ ਪੜਾਓ'। ਜਦ ਬਾਬਾ ਜੀ ਨੇ ਕਿਹਾ ਕਿ ਉਹ ਤਾਂ ਗੁਰੂ ਕੇ ਘਰ ਦਾ ਸੇਵਕ ਹੈ ਤਾਂ ਮਹਾਰਾਜ ਨੇ ਕਿਹਾ- 'ਜੋ ਵਿਦਿਆ ਆਪ ਜੀ ਨੂੰ ਆਉਂਦੀ ਹੈ ਹੋਰ ਕਿਸੇ ਨੂੰ ਨਹੀਂ।' ਭਾਈ ਗੁਰਦਾਸ ਜੀ ਦਾ ਬਹੁਤਾ ਸਮਾਂ ਤੇ ਧਿਆਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ 'ਤੇ ਲੱਗ ਰਿਹਾ ਸੀ। ਸੋ ਅੱਖਰੀ ਵਿਦਿਆ ਵੀ ਬਾਬਾ ਬੁੱਢਾ ਜੀ ਨੇ ਹੀ ਦਿੱਤੀ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਅੱਖਰੀ ਵਿਦਿਆ ਨਾਲ ਹਿਕਮਤ, ਸ਼ਾਸਤਰ, ਖੇਤੀ ਬਾੜੀ ਤੇ ਨੀਤੀ ਵੀ ਪੜ੍ਹਾਈ ਗਈ। ਵਿਦਿਆ ਤੋਂ ਬਿਨਾਂ ਘੋੜ ਸਵਾਰੀ, ਨੇਜਾਬੰਦੀ, ਤੀਰ-ਅੰਦਾਜ਼ੀ, ਨਿਸ਼ਾਨਾ-ਬਾਜ਼ੀ ਤੇ ਬੰਦੂਕ ਆਦਿ ਵਰਤਣ ਦਾ ਵਲ ਵੀ ਸਿਖਾਇਆ ਗਿਆ। ਯੁੱਧ ਵਿਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਦਿੱਤੀ। ਭਾਈ ਪਰਾਗਾ ਜੀ ਨੇ ਸ਼ਸਤ੍ਰ ਵਿਦਿਆ ਤੇ ਗੰਗਾ ਸਹਿਗਲ ਜੀ ਨੇ ਘੋੜ ਸਵਾਰੀ ਦੇ ਦਾਅ-ਪੇਚ ਦੱਸੇ। ਬਾਬਾ ਪ੍ਰਿਥੀ ਚੰਦ ਆਪਣੇ ਮੰਤਵ ਵਿੱਚ ਕਾਮਯਾਬੀ ਨਾ ਹੁੰਦੀ ਵੇਖ ਆਪਣੇ ਸਹੁਰੇ ਪਿੰਡ ਹੇਹਰੀਂ ਚਲੇ ਗਏ ਤੇ ਉਥੇ ਆਪਣਾ ਵੱਖ ਹਰਿਮੰਦਰ ਬਣਾਉਣ ਲੱਗੇ ਤੇ ਛੋਟੀਆਂ ਸਾਜ਼ਸ਼ਾਂ ਛੱਡ, ਵੱਡੇ ਹੱਥ ਪੈਰ ਮਾਰਨ ਲੱਗੇ। ਪਹਿਲਾਂ ਉਨ੍ਹਾਂ ਨੇ ਅੰਮ੍ਰਿਤਸਰ ਦੇ ਖ਼ੱਤਰੀਆਂ ਵਲੋਂ ਬੀਰਬਲ ਨੂੰ ਅੰਮ੍ਰਿਤਸਰ ਨੂੰ ਪੂਰਨ ਤੇ ਹਰਿਮੰਦਰ ਨੂੰ ਢਾਹੁਣ ਲਈ ਕਿਹਾ ਪਰ ਉਹ ਪਿਸ਼ਾਵਰ ਦੀ ਮੁਹਿੰਮ ਤੋਂ ਜ਼ਿੰਦਾ ਵਾਪਸ ਨਾ ਆ ਸਕਿਆ ਤੇ ਉਥੇ ਹੀ ਮੁਗ਼ਲਾਂ ਦੇ ਜ਼ਰਖ਼ਰੀਦਾਂ ਹੱਥੋਂ ਮਾਰਿਆ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨੁਹਾਰ: ਗੁਰੂ ਹਰਿਗੋਬਿੰਦ ਜੀ ਮੁੱਢਲੀ ਵਿਦਿਆ ਦੇ ਨਾਲ ਨਾਲ ਬਾਣੀ ਦਾ ਡੂੰਘਾ ਅਧਿਐਨ ਕਰ ਰਹੇ ਸਨ। ਉਨ੍ਹਾਂ ਨੇ ਜੀਵਨ ਭਰ ਜਿਵੇਂ ਬਾਣੀ ਦਾ ਸਤਿਕਾਰ ਤੇ ਪ੍ਰਯੋਗ ਕੀਤਾ, ਉਨ੍ਹਾਂ ਦੇ ਬਾਣੀ ਦੇ ਡੂੰਘੇ ਅਧਿਐਨ ਨੂੰ ਉਜਾਗਰ ਕਰਦਾ ਸੀ। ਕਿਸੇ ਵੀ ਸਿੱਖ ਨੂੰ ਉਪਦੇਸ਼ ਸਿਖਿਆ ਤੇ ਸਾਖੀ ਸੁਣਾਉਣ ਵੇਲੇ, ਉਹ ਗੁਰੂ ਸ਼ਬਦ ਦਾ ਹੀ ਸਹਾਰਾ ਲੈਂਦੇ ਸਨ।

ਆਪ ਜੀ ਦਾ ਜੁਸਾ ਭਰਵਾਂ ਤੇ ਨੁਹਾਰ ਤਿੱਖੀ ਸੀ। ਹਰ ਦੇਖਣ ਵਾਲੇ 'ਤੇ ਅਮਿਟ ਛਾਪ ਪੈਂਦੀ ਸੀ। ਭਾਈ ਸੰਤੋਖ ਸਿੰਘ ਜੀ ਨੇ ਬੜੇ ਸੁੰਦਰ ਸ਼ਬਦਾਂ ਵਿੱਚ (ਗੁਰੂ) ਹਰਿਗੋਬਿੰਦ ਜੀ ਦੀ

ਤਸਵੀਰ ਖਿੱਚੀ ਹੈ। 'ਗੁਰੂ ਦੇ ਪੈਰ ਕੰਵਲ ਵਰਗੇ ਸੁਰਖ ਅਤੇ ਛਬੀਲੇ, ਨਾਖੁਨ ਹੀਰਿਆਂ ਦੀ ਕਤਾਰ ਵਾਂਗ ਅਨੰਦ ਦੇਣ ਵਾਲੇ, ਦੋਵੇਂ ਲੱਤਾਂ ਸਪਰੀ ਦੇ ਬੂਟੇ ਵਾਂਗ ਇਕਸਾਰ ਸੋਹਣੀਆਂ ਤੇ ਗਿਟਿਆਂ ਅਤੇ ਗੋਡਿਆਂ ਦੀਆਂ ਗੰਢਾਂ ਪੀਡੀਆਂ ਤੇ ਵੱਡੀਆਂ ਹਨ। ਉਨ੍ਹਾਂ ਦੇ ਤਿੰਨ ਵਲਾਂ ਵਾਲੇ ਪੇਟ ਤੇ ਡੂੰਘੀ ਧੁੰਨੀ, ਚੌੜੀ ਛਾਤੀ ਤੇ ਉੱਚੇ ਮੋਢੇ ਹਨ। ਉਨ੍ਹਾਂ ਦੀਆਂ ਭੁਜਾਂ ਕਰੜੀਆਂ ਬਲਵਾਨ ਅਤੇ ਹਾਥੀ ਦੀ ਸੁੰਡ ਵਾਂਗ ਲਚਕਦਾਰ ਹਨ। ਉਨ੍ਹਾਂ ਦੇ ਦੋਵੇਂ ਹੱਥ ਕੰਵਲ ਵਰਗੇ, ਉਂਗਲੀਆਂ ਨਵੀਆਂ ਪੰਖੜੀਆਂ ਵਾਂਗ, ਨਹੁੰ ਸੁੱਚੇ ਨਗਾਂ ਵਾਂਗ ਦਿਸ ਆਉਂਦੇ ਹਨ। ਉਨ੍ਹਾਂ ਦਾ ਚੰਦ੍ਰਮਾ ਜੈਸਾ ਮੁੱਖੜਾ ਹੈ। ਚਿੱਟੇ ਦੰਦ ਤੇ ਸੋਹਣੇ ਬੁੱਲ੍ਹ ਹਨ, ਕੰਵਲ ਦੀਆਂ ਪੰਖੜੀਆਂ ਵਰਗੀਆਂ ਤਿੱਖੀਆਂ ਅੱਖਾਂ ਹਨ, ਜਿਹੜੀਆਂ ਇਕ ਨਿਗਾਹ ਨਾਲ ਸੰਗਤਾਂ ਨੂੰ ਨਿਹਾਲ ਕਰ ਦੇਂਦੀਆਂ ਹਨ ਉਨ੍ਹਾਂ ਦੀ ਠੋਡੀ ਤੇ ਦੋਵੇਂ ਗੱਲ੍ਹਾਂ ਕੋਮਲ ਤੇ ਗੋਲ ਹਨ':

ਕੋਕਨਦ, ਪਦ ਮ੍ਰਿਦੁ ਰਕਤ ਛਬੀਲੇ ਅਤਿ,
ਹੀਰਨਿ ਕੀ ਪੰਗਤਿ ਜਸੋਂ ਨਖ ਹੈਂ ਅਨੰਦ ਕਰਿ।
ਚਿਕਨ ਅਕਾਰ ਏਕ ਸਾਰ ਜੁਗ ਜੰਘ ਨੀਕੇ,
ਗੁਲਫ ਸੁਜਾਨੂ ਗ੍ਰਿਥ ਨਿਠਰ ਬਿਲੰਦ ਕਰਿ।
ਤ੍ਰਿਵਲੀ ਉਦਰ ਪਰ, ਨਾਭਿਕਾ ਗੰਭੀਰ ਸ਼ੁਭ,
ਆਯੁਤ ਸੁ ਛਾਤੀ ਦ੍ਵੈ ਉਤੰਗ ਹੈ ਸਿਕੰਧ ਕਰਿ।
ਗਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ,
ਕੁੰਜਰ ਕੀ ਸੁੰਡ ਜਿਮ ਸ਼੍ਰੀ ਹਰਿ ਗੋਵਿੰਦ ਕਰ॥੧੫॥

(ਗੁਰ ਪ੍ਰਤਾਪ ਸੂਰਜ, ਰਾਸਿ ੪ ਅੰਸੂ ੨)

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਗੁਰੂ ਹਰਿਗੋਬਿੰਦ ਜੀ ਬੁਲੰਦ ਕਦ,
ਅਤ ਸੁੰਦਰ ਸਰੂਪ ਚੌੜੀ ਛਾਤੀ, ਹਾਥੀ ਦੀ
ਸੁੰਡ ਵਾਂਗ ਲੰਮੀਆਂ ਬਾਹਾਂ, ਮਥਾ,
ਕੰਧੇ, ਦੰਦ ਪਬ ਉਚੇ, ਕਨਕ ਰੰਗੇ
ਹਰਨ ਨੇਤ੍ਰ, ਬਹੁਤ ਬੜੇ ਸੂਰਬੀਰ
ਰੂਹਾਨੀ ਜਿਸਮਾਨੀ ਦੋਹਾਂ ਬਾਤਾਂ ਬਲੀ
ਸੱਚੇ ਤੇ ਮਿਠੇ ਬੋਲ, ਹਸਮੁੱਖ
ਸ੍ਰੇਸ਼ਟ ਗੁਣ ਸੰਯੁਕਤ,
ਰਾਜਨੀਤੀ ਧਰਮ ਦੋਹਾਂ ਵਿੱਚ ਪੂਰਨ ਗਿਆਤਾ।

(ਤਵਾਰੀਖ ਗੁਰੂ ਖਾਲਸਾ)

੬/੧੯੯੭

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ: ਸੰਖੇਪ ਜੀਵਨ ਝਲਕੀਆ

ਸਤਿਗੁਰ ਸਾਚੈ ਦੀਆ ਭੇਜਿ:

ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ (ਗੁਰੂ) ਹਰਿਗੋਬਿੰਦ ਜੀ ਦਾ ਪ੍ਰਕਾਸ਼ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ੧੯ ਜੂਨ, ੧੫੯੫ ਈ. ਨੂੰ ਵਡਾਲੀ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਸੰਗਤਾਂ ਨੇ ਵਾਹਿਗੁਰੂ ਦੀ ਬਖ਼ਸ਼ਿਸ਼ ਦਾ ਧੰਨਵਾਦ ਕੀਤਾ ਅਤੇ ਖੁਸ਼ੀਆਂ ਮਨਾਈਆਂ। ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਜੋ ਆਪਣੇ ਆਪ ਨੂੰ ਪਹਿਲਾਂ ਹੀ ਗੁਰਗੱਦੀ ਦਾ ਵਾਰਸ ਸਮਝਦਾ ਸੀ, ਇਸ ਆਸ ਅਧੀਨ ਜੀਅ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਕੋਈ ਸੰਤਾਨ ਨਹੀਂ ਤੇ ਗੁਰੂ ਅਰਜਨ ਦੇਵ ਜੀ ਦੇ ਪਿੱਛੋਂ ਉਸ ਦਾ ਪੁੱਤਰ ਮਿਹਰਵਾਨ ਗੁਰ-ਗੱਦੀ 'ਤੇ ਬਿਰਾਜਮਾਨ ਹੋਵੇਗਾ। (ਗੁਰੂ) ਹਰਿਗੋਬਿੰਦ ਜੀ ਦੇ ਪ੍ਰਕਾਸ਼ ਨਾਲ ਉਸ ਦੀਆਂ ਆਸਾਂ-ਉਮੀਦਾਂ 'ਤੇ ਪਾਣੀ ਫਿਰ ਗਿਆ ਤੇ ਉਹ ਈਰਖਾ, ਕਰੋਧ ਦੀ ਅੱਗ ਵਿਚ ਸੜਨ ਲੱਗ ਪਿਆ। ਉਸ ਨੇ ਆਪਣੀਆਂ ਉਮੰਗਾਂ ਨੂੰ ਪੂਰਿਆਂ ਕਰਨ ਲਈ ਹਰ ਨੀਚ ਤੋਂ ਨੀਚ ਕਰਮ ਕੀਤਾ, ਜਿਸ ਦੀ ਕਿ ਕਿਸੇ ਸੱਭਿਅਕ ਮਨੁੱਖ ਅਤੇ ਭਾਈ-ਮਿੱਤਰ, ਵੀਰ ਤੋਂ ਆਸ ਨਹੀਂ ਕੀਤੀ ਜਾ ਸਕਦੀ।

ਗੁਰ ਪੂਰੇ ਰਾਖਿਆ ਦੇ ਹਾਥ:

(ਗੁਰੂ) ਹਰਿਗੋਬਿੰਦ ਸਾਹਿਬ ਨੂੰ ਮਾਰ-ਮੁਕਾਉਣ ਲਈ ਗੁਰੂ-ਘਰ ਦੇ ਨਿਕਟਵਰਤੀ ਵਿਰੋਧੀ ਪ੍ਰਿਥੀਏ ਨੇ ਕਈ ਸਾਜ਼ਸ਼ਾਂ ਰਚੀਆਂ। ਸਭ ਤੋਂ ਪਹਿਲਾਂ ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ। ਦਾਈ ਨੇ ਸਾਜ਼ਸ਼ ਅਧੀਨ ਆਪਣੇ ਥਣਾਂ ਨੂੰ ਜ਼ਹਿਰ ਲਗਾਇਆ ਤਾਂ ਕਿ ਦੁੱਧ ਪੀਣ ਸਮੇਂ ਬੱਚੇ ਨੂੰ ਜ਼ਹਿਰ ਦਾ ਅਸਰ ਹੋ ਜਾਏ ਪਰ *'ਜਿਸ ਦਾ ਸਾਹਿਬੁ ਡਾਢਾ ਹੋਇ- ਤਿਸ ਨੋ ਮਾਰਿ ਨ ਸਾਕੈ ਕੋਇ'* ਦੇ ਮਹਾਂਵਾਕ ਅਨੁਸਾਰ ਬਾਲਕ (ਗੁਰੂ) ਹਰਿਗੋਬਿੰਦ ਜੀ ਨੇ ਦੁੱਧ ਹੀ ਨਾ ਪੀਤਾ- ਇਸ ਤਰ੍ਹਾਂ ਪ੍ਰਿਥੀ ਚੰਦ ਦੀ ਪਹਿਲੀ ਸਾਜ਼ਸ਼ ਬੇਕਾਰ ਗਈ।

ਦੂਸਰੀ ਵਾਰ ਪ੍ਰਿਥੀ ਚੰਦ ਨੇ ਸਪੇਰੇ ਰਾਹੀਂ (ਗੁਰੂ) ਹਰਿਗੋਬਿੰਦ ਜੀ ਨੂੰ ਮਾਰਨਾ ਚਾਹਿਆ। ਸਪੇਰੇ ਨੂੰ ਸਿਖਾਇਆ ਗਿਆ ਕਿ ਸੱਪਾਂ ਦਾ ਤਮਾਸ਼ਾ ਦਿਖਾਏ ਤੇ ਸਿਧਾਇਆ ਹੋਇਆ ਸੱਪ ਬਾਲਕ ਹਰਿਗੋਬਿੰਦ ਸਾਹਿਬ ਨੂੰ ਡੱਸ ਦੇਵੇ। ਜਦ ਮਾਂਦਰੀ ਨੇ ਤਮਾਸ਼ਾ ਸ਼ੁਰੂ ਕੀਤਾ ਤਾਂ ਬਾਲਕ

ਹਰਿਗੋਬਿੰਦ ਜੀ ਨੇ ਸੱਪ ਨੂੰ ਹੱਥ ਦੀ ਮੁੱਠੀ ਵਿਚ ਪਕੜ ਲਿਆ ਤੇ ਸੱਪ ਵਲ ਖਾ, ਥਾਂ 'ਤੇ ਹੀ ਖ਼ਤਮ ਹੋ ਗਿਆ। ਸਪੇਰੇ ਨੇ ਬਾਅਦ ਵਿਚ ਸਭ ਸੱਚ ਦੱਸ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਮਾਤਾ ਜੀ ਤੇ (ਗੁਰੂ) ਹਰਿਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਲਿਆ। ਕੁਦਰਤੀ ਅੰਮ੍ਰਿਤਸਰ ਵਿਚ ਉਨ੍ਹੀਂ ਦਿਨੀਂ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ, ਜਿਸ ਦਾ ਅਸਰ (ਗੁਰੂ) ਹਰਿਗੋਬਿੰਦ ਜੀ 'ਤੇ ਵੀ ਹੋ ਗਿਆ, ਜਿਸ ਨਾਲ ਮਾਤਾ ਜੀ ਨੂੰ ਚਿੰਤਾ ਹੋ ਗਈ। ਅਕਾਲ ਪੁਰਖ ਦੀ ਕਿਰਪਾ ਸਦਕਾ (ਗੁਰੂ) ਹਰਿਗੋਬਿੰਦ ਠੀਕ ਹੋ ਗਏ। ਗੁਰੂ ਅਰਜਨ ਪਾਤਸ਼ਾਹ ਜੀ ਨੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਿਆ:

ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ॥੧॥ਰਹਾਉ॥

(ਪੰਨਾ ੬੨੭)

ਫੇਰ ਪ੍ਰਿਥੀ ਚੰਦ ਨੇ ਬ੍ਰਾਹਮਣ ਨੂੰ ਇਸ ਗੱਲ ਲਈ ਮਨਾਇਆ ਕਿ ਉਹ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਦਹੀਂ ਵਿਚ ਜ਼ਹਿਰ ਰਲਾ ਕੇ ਖਵਾ ਦੇਵੇ ਪਰ ਬ੍ਰਾਹਮਣ ਦਾ ਪਾਜ ਉੱਘੜ ਗਿਆ। ਇਸ ਘਟਨਾ ਸਬੰਧੀ ਵੀ ਸੰਕੇਤ ਗੁਰਬਾਣੀ ਵਿਚ ਅੰਕਿਤ ਹੈ:

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ਰਹਾਉ॥

(ਪੰਨਾ ੧੧੩੭)

ਬਾਲ ਸਰੂਪ ਤੇ ਵਿਦਿਆ:

ਜਦ ਦੁਸ਼ਮਣਾਂ ਦੀਆਂ ਸਾਰੀਆਂ ਸਾਜ਼ਸ਼ਾਂ ਤੋਂ ਕਰਤਾ ਪੁਰਖ ਨੇ ਬਾਲਕ ਹਰਿਗੋਬਿੰਦ ਜੀ ਨੂੰ ਹੱਥ ਦੇ ਕੇ ਰੱਖ ਲਿਆ ਤਾਂ ਉਨ੍ਹਾਂ ਨੂੰ ਗੁਰੂ-ਪਿਤਾ ਵੱਲੋਂ ਵਿਦਿਆ ਦੇਣ ਦਾ ਸੁਚੱਜਾ ਪਬੰਧ ਕੀਤਾ ਗਿਆ। ਇਸ ਕਾਰਜ ਦੀ ਦੇਖ-ਰੇਖ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਅੱਖਰੀ ਗਿਆਨ ਤੋਂ ਇਲਾਵਾ ਘੋੜ ਸਵਾਰੀ, ਨੇਜਾਬਾਜ਼ੀ, ਬੰਦੂਕ ਆਦਿ ਸ਼ਸਤਰਾਂ ਨੂੰ ਚਲਾਉਣ ਵਿਚ ਗੁਰੂ ਜੀ ਨੇ ਜਲਦੀ ਪ੍ਰਬੀਨਤਾ ਹਾਸਲ ਕਰ ਲਈ। ਗਿਆਨੀ ਗਿਆਨ ਸਿੰਘ ਜੀ ਨੇ (ਗੁਰੂ) ਹਰਿਗੋਬਿੰਦ ਸਾਹਿਬ ਦੇ ਬਾਲ ਸਰੂਪ ਨੂੰ ਬਹੁਤ ਵਧੀਆ ਰੂਪਮਾਨ ਕੀਤਾ ਹੈ। ਉਹ ਲਿਖਦੇ ਹਨ: (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਬੁਲੰਦ ਕੱਦ, ਅਤਿ ਸੁੰਦਰ ਚੌੜੀ ਛਾਤੀ, ਹਾਥੀ ਦੀ ਸੁੰਢ ਵਾਂਗ ਲੰਬੀਆਂ ਬਾਹਾਂ, ਮੱਥਾ, ਕੰਧੇ, ਪੱਬ ਉੱਚੇ, ਦੰਦ ਚਮਕੀਲੇ, ਕਣਕ ਵੰਨਾ ਰੰਗ, ਹਰਨ-ਨੇਤਰ, ਬਹੁਤ

ਬਲੀ ਸੂਰਬੀਰ, ਰੂਹਾਨੀ-ਜਿਸਮਾਨੀ ਦੋਹਾਂ ਬਲਾਂ ਵਿਚ ਪ੍ਰਬੀਨ, ਉਦਾਰ, ਸੱਚੇ ਤੇ ਮਿੱਠੇ ਬੋਲ, ਹਸਮੁਖ ਸ੍ਰੇਸ਼ਟ ਗੁਣ, ਰਾਜਨੀਤੀ ਤੇ ਧਰਮ ਵਿਚ ਪੂਰੇ ਸਨ।

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ:

ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ੩੦ ਮਈ, ੧੬੦੬ ਈ. ਨੂੰ ਲਾਹੌਰ ਸ਼ਹੀਦ ਕਰ ਦਿੱਤਾ। ਗੁਰੂ-ਪਿਤਾ, ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ (ਗੁਰੂ) ਹਰਿਗੋਬਿੰਦ ਜੀ ਨੂੰ ਆਦੇਸ਼ ਦਿੱਤਾ, "ਤੁਸੀਂ ਹੁਣ ਸ਼ਸਤਰ ਪਹਿਨਣੇ ਹਨ ਅਤੇ ਤਦ ਤੱਕ ਡੱਟੇ ਰਹਿਣਾ ਜਦ ਤੱਕ ਜ਼ਾਲਮ-ਜ਼ੁਲਮ ਕਰਨਾ ਛੱਡ ਨਾ ਦੇਵੇ।"

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ-ਪਿਤਾ ਵੱਲੋਂ ਕੀਤੇ ਹੁਕਮ ਅਨੁਸਾਰ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੰਭਾਲੀ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਕੇਵਲ ਕਾਇਆ ਹੀ ਬਦਲੀ ਜੋਤਿ ਓਹੀ ਰਹੀ- ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਰੂਪ ਹੋ ਗਏ। ਗੁਰਮਤਿ ਵਿਚ ਆਰੰਭ ਤੋਂ ਹੀ ਬਲ ਗੁਰ ਸ਼ਬਦ-ਗੁਰਬਾਣੀ ਉੱਤੇ ਹੈ, ਕਾਇਆ ਅਥਵਾ ਸਰੀਰ 'ਤੇ ਨਹੀਂ। ਸਰੀਰ ਦੀ ਪੂਜਾ ਨਹੀਂ ਜੋਤਿ ਦੀ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

(ਵਾਰ ੧, ਪਉੜੀ ੪੮)

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਹੋਇਆਂ ਅਜਿਹੀ ਫ਼ੌਜ ਸਾਜਣ ਦਾ ਨਿਸਚਾ ਕੀਤਾ ਜੋ ਕਿਸੇ ਖ਼ਤਰੇ ਤੋਂ ਨਾ ਡਰੇ। ਅਨਾਥਾਂ, ਗਰੀਬਾਂ ਤੇ ਮਜ਼ਲੂਮਾਂ ਦੀ ਰਾਖੀ ਅਤੇ ਜ਼ਾਲਮਾਂ ਨੂੰ ਸੋਧਣ ਲਈ ਹੀ ਸੂਰਬੀਰਾਂ ਦੀ ਤਲਵਾਰ ਨਿਕਲੇ ਪਰ ਸੂਰਬੀਰਾਂ ਦੀ ਤਲਵਾਰ ਗੁੱਸੇ ਜਾਂ ਨਫਰਤ ਵਿਚ ਕਦੇ ਨਾ ਨਿਕਲੇ।

ਦੋ ਤਲਵਾਰੀ ਬਧੀਆਂ:

ਨੇਕੀ-ਪਰਉਪਕਾਰ ਬਿਰਤੀ ਨਾਲ ਤਲਵਾਰ ਦੀ ਵਰਤੋਂ ਜਾਇਜ਼ ਹੈ, ਫਿਰ ਤਲਵਾਰ, ਤਲਵਾਰ ਨਹੀਂ ਰਹਿੰਦੀ ਸਗੋਂ 'ਕਿਰਪਾਨ' ਹੋ ਜਾਂਦੀ ਹੈ। ਜਦ ਹਾਕਮ ਤਾਕਤ ਦੇ ਨਸ਼ੇ ਵਿਚ ਮਦਹੋਸ਼ ਹੋ ਕੇ, ਹਰ ਚੰਗੇ-ਮਾੜੇ ਤੇ ਕਹਿਰਵਾਨ ਹੋਵੇ ਤਾਂ ਉਸ ਨੂੰ ਸੋਧਣਾ ਜ਼ਰੂਰੀ ਹੋ ਜਾਂਦਾ ਹੈ। ਮਾਰਖੋਰੇ ਪਸ਼ੂ ਤੇ ਪਾਗਲ ਕੁੱਤੇ ਦਾ ਇਲਾਜ ਕੇਵਲ ਉਸ ਨੂੰ ਮਾਰਨ ਵਿਚ ਹੀ ਹੈ, ਨਹੀਂ ਤਾਂ ਉਹ

ਹੋਰ ਜ਼ਹਿਰ ਫੈਲਾਏਗਾ। ਇਸ ਤਰ੍ਹਾਂ ਮਨੁੱਖਤਾ ਦੀ ਭਲਾਈ, ਨੇਕੀ ਪਰਉਪਕਾਰ ਲਈ-ਪਰਉਪਕਾਰੀ ਬਿਰਤੀ ਨਾਲ ਤਾਕਤ ਦੀ ਵਰਤੋਂ ਕਰਨੀ 'ਹਿੰਸਾ' ਨਹੀਂ, ਅਹਿੰਸਾ ਹੀ ਹੈ।

ਸਿੱਖ ਧਰਮ ਦੀ ਆਮਦ ਤੋਂ ਪਹਿਲਾਂ ਭਾਰਤ ਵਿਚ ਦੋ ਧਾਰਮਿਕ ਪਰਵਿਰਤੀਆਂ ਪ੍ਰਮੁੱਖ ਸਨ-ਇਕ ਨਿਰੋਲ ਅਹਿੰਸਾਵਾਦੀ ਤੇ ਦੂਸਰੀ ਜ਼ਹਾਦੀ। ਅਹਿੰਸਾਵਾਦੀ ਸਾਹ-ਸਤਹੀਨ ਹੋ ਚੁੱਕੇ ਸਨ। ਉਨ੍ਹਾਂ ਨੂੰ ਧਰਮ, ਇਜ਼ਤ-ਆਬਰੂ ਨਾਲ ਪ੍ਰਤੀਤ ਨਹੀਂ ਸੀ। ਬਸ ਉਹ ਅਹਿੰਸਾ ਨੂੰ ਧਰਮ ਸਮਝ ਬੈਠੇ ਸਨ ਤੇ ਦੂਸਰੇ ਪਾਸੇ ਜ਼ਹਾਦੀ ਤਾਕਤ ਤੇ ਨਸ਼ੇ ਵਿਚ ਧਰਮ ਤੇ ਸ਼ਕਤੀ ਦੀ ਦੁਰਵਰਤੋਂ ਕਰ ਰਹੇ ਸਨ। ਇਕ ਬੁਜ਼ਦਿਲ ਤੇ ਨਿਤਾਣੇ ਸਨ, ਜਦ ਕਿ ਦੂਸਰੇ ਜ਼ਾਬਰ ਤੇ ਨਿਰਦਈ ਸਨ! ਧਰਮ ਤੇ ਸ਼ਕਤੀ ਨੂੰ ਇਕੱਠਿਆਂ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕਿਹਾ ਕਿ ਜੇਕਰ ਸ਼ਕਤੀਸ਼ਾਲੀ, ਸ਼ਕਤੀਸ਼ਾਲੀ ਨੂੰ ਮਾਰੇ ਤਾਂ ਕੋਈ ਗੱਲ ਨਹੀਂ ਪਰ ਇਕ ਨਿਰਬਲ ਹੋਵੇ ਤੇ ਦੂਸਰਾ ਜਾਬਰ, ਤਾਂ ਇਹ ਮੁਕਾਬਲਾ ਠੀਕ ਨਹੀਂ-ਇਸ ਦੀ ਜਿੱਤ ਹਾਰ ਦਾ ਜ਼ਿੰਮੇਵਾਰ ਖੁਦ ਪਰਮਾਤਮਾ ਆਪ ਹੀ ਹੈ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

(ਪੰਨਾ ੩੬੦)

ਗੁਰੂ ਸਾਹਿਬਾਨ ਨੇ ਸਭ ਤੋਂ ਵੱਡੀ ਕਰਾਮਾਤ ਹੀ ਇਹੀ ਕੀਤੀ ਕਿ ਧਰਮ ਅਤੇ ਸ਼ਕਤੀ ਨੂੰ ਇਕ ਥਾਂ ਇਕੱਠਾ ਕਰ ਦਿੱਤਾ। ਜੇਕਰ ਮਨੁੱਖ ਇਕ ਸਮੇਂ ਧਰਮੀ ਸੰਤ ਹੈ ਤਾਂ ਉਹ ਉਸ ਸਮੇਂ ਹੀ ਦੁਸ਼ਮਣ ਲਈ 'ਫ਼ੌਜੀ ਸਿਪਾਹੀ' ਵੀ ਹੈ। ਇਸ ਧਰਮ ਨੂੰ ਪਾਲਦਿਆਂ ਹੋਇਆਂ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ-ਇਕ ਮੀਰੀ ਦੀ ਇਕ ਪੀਰੀ ਦੀ, ਇਕ ਧਰਮ-ਸੱਤਾ ਦੀ ਪ੍ਰਤੀਕ ਸੀ ਤੇ ਦੂਸਰੀ ਰਾਜ-ਸੱਤਾ ਦੀ। ਇਕ ਸੰਤਤਾਈ ਨੂੰ ਪ੍ਰਗਟ ਕਰਦੀ ਸੀ ਤੇ ਦੂਸਰੀ ਸਿਪਾਹੀ-ਬਿਰਤੀ ਨੂੰ।

ਵਿਸ਼ੇਸ਼ ਗੱਲ ਇਹ ਹੈ ਕਿ ਇਹ ਸਿੱਖ ਧਰਮ ਦੇ ਅਸੂਲਾਂ ਤੋਂ ਵਿਰੁੱਧ ਨਹੀਂ ਸੀ ਸਗੋਂ ਇਹ ਤਾਂ ਸਿਧਾਂਤ ਦਾ ਅਮਲੀ ਰੂਪ ਵਿਚ ਪ੍ਰਗਟ ਹੋਣਾ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਹੋਇਆਂ ਸੰਤ-ਸਿਪਾਹੀ ਬਾਣਾ ਧਾਰਨ ਕੀਤਾ। ਸਮੇਂ ਦੀ ਬਾਦਸ਼ਾਹੀ ਨੂੰ ਸੰਤ ਬਾਣਾ ਤੇ ਸ਼ਾਹੀ ਲਿਬਾਸ ਇਕ ਥਾਂ ਨਹੀਂ ਸਨ ਭਾਉਂਦੇ। ਉਸ ਨੂੰ ਸ਼ੱਕ ਹੋਣਾ ਤਾਂ ਸੁਭਾਵਿਕ ਸੀ ਪਰ ਕੁਝ ਸਿੱਖ ਵੀ ਇਸ ਨੂੰ ਸਮਝ ਨਾ ਸਕੇ ਕਿ ਸ਼ਸਤਰਧਾਰੀ ਹੋਣਾ, ਘੋੜੇ ਰੱਖਣੇ, ਸ਼ਿਕਾਰ ਖੇਡਣਾ ਪਹਿਲੀ ਰੀਤ ਨਾਲ ਮਿਲਦਾ ਨਹੀਂ। ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਕਿ ਫ਼ੌਜੀ ਸ਼ਕਤੀ ਕੇਵਲ ਸੰਤ ਬਾਣੇ ਦੀ ਰਖਵਾਲੀ ਲਈ ਹੈ। ਸ਼ਿਕਾਰ ਅਖੌਤੀ ਅਹਿੰਸਾ ਨੂੰ ਮਨ ਵਿਚੋਂ ਕੱਢਣ ਲਈ ਹੈ ਨਾ ਕਿ ਐਸ਼ੋ-ਇਸ਼ਰਤ ਲਈ। ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।

(ਵਾਰ ੨੬, ਪਉੜੀ ੨੫)

ਬੈਨਰਜੀ ਦੇ ਲਿਖਣ ਅਨੁਸਾਰ- "ਗੁਰੂ ਅਰਜਨ ਦੇਵ ਜੀ ਨੇ ਦੇਖ ਲਿਆ ਸੀ ਤੇ ਗੁਰੂ ਹਰਿਗੋਬਿੰਦ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਬਗ਼ੈਰ ਸ਼ਸਤਰਾਂ ਦੇ ਸਿੱਖ ਕੌਮ ਅਤੇ ਜਥੇਬੰਦੀ ਦਾ ਬਚਣਾ ਮੁਸ਼ਕਲ ਹੈ।"

ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਨਾਲ ਜ਼ਾਲਮਾਂ ਦੇ ਕਠੋਰ ਦਿਲ ਪਿਘਲੇ ਨਹੀਂ ਹਨ, ਸਗੋਂ ਉਹ ਹੋਰ ਜ਼ਾਲਮ-ਬਿਰਤੀ ਦੇ ਧਾਰਨੀ ਹੋ ਗਏ ਸਨ।

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਉਣ ਲਈ ਆਖਿਆ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਦੋ ਤਲਵਾਰਾਂ ਪਹਿਨਾਈਆਂ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸਤਿਗੁਰੂ ਜੀ ਨੇ ਸੰਗਤਾਂ ਨੂੰ ਸੰਦੇਸ਼ ਦਿੱਤਾ ਕਿ ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗੇ ਸ਼ਸਤਰ ਤੇ ਚੰਗੀ ਜਵਾਨੀ ਹੋਵੇਗੀ। ਮੇਰੀ ਖੁਸ਼ੀ ਲੈਣੀ ਏ ਤਾਂ ਕਸਰਤਾਂ ਕਰੋ, ਘੁਲੋ, ਗਤਕਾ ਖੇਡੋ, ਸ਼ਿਕਾਰ ਖੇਲਣ ਲਈ ਜੰਗਲਾਂ ਵਿਚ ਜਾਵੋ, ਘੋੜ ਸਵਾਰੀ ਕਰੋ! ਕਮਜ਼ੋਰੀ ਇਕ ਕੌਮੀ ਗੁਨਾਹ ਹੈ ਜੋ ਕਿਸੇ ਤਰ੍ਹਾਂ ਵੀ ਖਿਮਾ ਨਹੀਂ ਕੀਤਾ ਜਾ ਸਕਦਾ।

ਭਾਈ ਗੁਰਦਾਸ ਜੀ ਨੇ ਠੀਕ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਉਸ ਖੰਡੇ ਧਾਰ ਮਾਰਗ 'ਤੇ ਚੱਲ ਰਹੇ ਸਨ, ਜਿਸ 'ਤੇ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਚੱਲੇ ਸਨ। ੨੪ਵੀਂ ਵਾਰ ਵਿਚ ਉਨ੍ਹਾਂ ਸਪਸ਼ਟ ਸੰਕੇਤ ਕੀਤੇ ਹਨ- *'ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ,... ਗੁਰਮੁਖਿ ਮਾਰਗਿ ਚਲਣਾ ਖੰਡੇਧਾਰ ਕਾਰ ਨਿਬਹੰਦਾ'* ਅਤੇ ੨੬ਵੀਂ ਵਾਰ ਵਿੱਚ ਕਿਹਾ ਹੈ- *'ਸਤਿਗੁਰ ਵੰਸੀ ਪਰਮ ਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੁੰਦਾ। ਪਿਉ ਦਾਦੇ ਦੇ ਰਾਹਿ ਚਲੰਦਾ।'* ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਣਾ ਧਰਮ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਾਂ ਆਪਣੇ ਫਰਜ਼ ਪੂਰੇ ਕਰ ਰਹੇ ਹਨ।

ਸ੍ਰੀ ਗੁਰੂ ਅਰਜਨ ਦੇਵ ਦੀ ਸ਼ਾਂਤਮਈ ਸ਼ਹੀਦੀ ਤੋਂ ਬਾਅਦ 'ਮੀਰੀ-ਪੀਰੀ' ਦੇ ਸਿਧਾਂਤ ਨੇ ਅਜਿਹੇ ਸੰਤ-ਸਿਪਾਹੀ, ਭਗਤ ਸਿੱਖ ਪੈਦਾ ਕੀਤੇ ਕਿ ਜਦ ਇਕ ਘਾਹੀ ਹਜ਼ੂਰ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਦਰਸ਼ਨ ਕਰਨ ਆਇਆ ਤਾਂ ਭੁਲੇਖੇ ਨਾਲ ਜਹਾਂਗੀਰ ਦੇ ਦਰਬਾਰ ਵਿਚ ਚਲਾ ਗਿਆ। ਜਦ ਵੇਖਿਆ ਕਿ ਇਹ ਤਾਂ ਸੱਚੇ ਪਾਤਸ਼ਾਹ ਦਾ ਦਰਬਾਰ ਨਹੀਂ ਤਾਂ ਉਸ ਨੇ ਜਹਾਂਗੀਰ ਬਾਦਸ਼ਾਹ ਦੇ ਅੱਗੋਂ ਆਪਣੀ ਭੇਟਾ ਇਸ ਕਰਕੇ ਚੁਕ ਲਈ ਕਿ ਉਹ ਭੇਟਾ ਤਾਂ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਰਪਣ ਕਰਨ ਆਇਆ ਸੀ ਨਾ ਕਿ ਸੰਸਾਰੀ ਬਾਦਸ਼ਾਹ ਨੂੰ ਉਹ ਇਹ ਪਾਵਨ ਪੰਗਤੀ ਉਚਾਰਦਾ ਹੋਇਆ ਉਥੋਂ ਤੁਰ ਪਿਆ:

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥

(ਪੰਨਾ ੬੪੫)

ਇਹ ਘਟਨਾ ਸਿੱਖ ਦੀ ਨਿਡਰਤਾ ਤੇ ਗੁਰੂ ਪ੍ਰਤੀ ਸਮਰਪਣ ਨੂੰ ਪ੍ਰਗਟ ਕਰਦੀ ਹੈ।

ਸਚੈ ਤਖ਼ਤੁ ਰਚਾਇਆ:

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਜਲਦੀ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਸ਼ਾਹੀ ਤਖ਼ਤ ਨੂੰ ਚੈਲੰਜ ਸੀ। ਸ਼ਾਹੀ ਫੁਰਮਾਨ ਅਨੁਸਾਰ ਕੋਈ ਵੀ ਵਿਅਕਤੀ ਸ਼ਾਹੀ ਤਖ਼ਤ ਦੇ ਬਰਾਬਰ ਤਖ਼ਤ ਨਹੀਂ ਸੀ ਉਸਾਰ ਸਕਦਾ ਪਰ ਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰ ਕੇ ਇਹ ਸਥਾਪਤ ਕਰ ਦਿੱਤਾ ਕਿ ਸੰਸਾਰੀ ਤਖ਼ਤ ਨਾਸ਼ਮਾਨ ਹਨ-ਪਰ ਅਕਾਲ ਤਖ਼ਤ ਸਦੀਵੀ ਹੈ। ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਨਾਲ ਮੀਰੀ-ਪੀਰੀ ਦੇ ਸਿਧਾਂਤ ਨੂੰ ਬੜਾਵਾ ਮਿਲਿਆ ਅਤੇ ਧਰਮ ਤੇ ਰਾਜਨੀਤੀ ਇਕ ਥਾਂ ਸਿਧਾਂਤ ਰੂਪ ਵਿਚ ਪ੍ਰਗਟ ਹੋ ਗਏ। ਗੁਰੂ ਜੀ ਲੋਕਾਈ ਦੇ ਆਪਸੀ ਝਗੜੇ, ਮੁਕੱਦਮੇ ਪਲਾਂ ਵਿਚ ਨਿਬੇੜ ਦਿੰਦੇ। ਗੁਰਦੇਵ ਨੂੰ ਗੁਰਸਿੱਖ ਸੱਚਾ ਪਾਤਸ਼ਾਹ ਕਹਿਣ ਲੱਗੇ। ਗੁਰੂ ਜੀ ਨੇ ਇਕ ਤਰ੍ਹਾਂ 'ਰਾਜ' ਵਿਚ 'ਰਾਜ' ਸਥਾਪਤ ਕਰ ਦਿੱਤਾ ਸੀ। ਇਸ ਨਾਲ ਜਹਾਂਗੀਰ ਨੂੰ ਆਪਣੀ ਸ਼ਕਤੀ ਖਿਸਕਦੀ ਨਜ਼ਰ ਆਈ।

ਕੀਰਤਨ ਚੌਕੀਆਂ:

ਜਦ ਸਮੇਂ ਦਾ ਬਾਦਸ਼ਾਹ ਜਹਾਂਗੀਰ, ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜਾਹੋ-ਜਲਾਲ ਨੂੰ ਦੇਖ ਕੇ ਭੈ-ਭੀਤ ਹੋ ਗਿਆ ਤੇ ਉਸ ਨੇ ਗੁਰੂ ਜੀ ਨੂੰ ਬੁਲਵਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਦਿੱਤਾ। ਆਮ ਜਨਤਾ ਨੂੰ ਗੁਮਰਾਹ ਕਰਨ ਲਈ ਇਹ ਪ੍ਰਚਾਰਿਆ ਗਿਆ ਕਿ ਗੁਰੂ ਜੀ ਤਾਂ ਉਥੇ ਤਪ-ਸਾਧਨਾ ਕਰਨ ਲਈ ਚਲੀਹਾ ਕੱਟ ਰਹੇ ਹਨ। ਗੁਰੂ ਜੀ ਦੀ ਗ੍ਰਿਫਤਾਰੀ ਨੂੰ ਲੈ ਕੇ ਸਿੱਖਾਂ ਵਿਚ ਭਾਰੀ ਰੋਸ ਤੇ ਰੋਹ ਪੈਦਾ ਹੋ ਗਿਆ। ਉਨ੍ਹਾਂ ਦਾ ਰੋਸ ਹੈ ਵੀ ਜਾਇਜ਼ ਸੀ, ਕਿਉਂਕਿ ਇਸ ਤੋਂ ਪਹਿਲਾਂ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਸਿੱਖਾਂ ਨੇ ਆਪਣੀ ਮਨੋ-ਵੇਦਨਾ ਪ੍ਰਗਟ ਕਰਨ ਲਈ 'ਚੌਕੀਆਂ' ਕੱਢਣੀਆਂ ਸ਼ੁਰੂ ਕੀਤੀਆਂ। ਇਕ ਪਿੰਡ ਵਿੱਚੋਂ ਪੰਜ ਗੁਰਸਿੱਖ ਇਕ ਮਸ਼ਾਲ ਲੈ ਕੇ ਤੇ ਕੀਰਤਨ ਕਰਦੇ ਹੋਏ ਦੂਸਰੇ ਪਿੰਡ ਜਾਂਦੇ ਤੇ ਉਥੋਂ ਹੋਰ ਪੰਜ ਸਿੱਖ ਤਿਆਰ ਹੋ ਜਾਂਦੇ। ਇਸ ਤਰ੍ਹਾਂ ਸਾਰੇ ਪੰਜਾਬ ਵਿਚ ਇਕ 'ਚੇਨ' ਬਣ ਜਾਂਦੀ। ਹਰ ਪਿੰਡ-ਹਰ ਘਰ, ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਰਿਹਾਈ ਦੀ ਗੱਲ ਹੁੰਦੀ। ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਜਥੇ ਗੁਰੂ ਕੀਰਤੀ ਕਰਦੇ ਗਵਾਲੀਅਰ ਦੇ ਕਿਲ੍ਹੇ ਪਾਸ ਵੀ ਪਹੁੰਚਦੇ ਤੇ ਕਿਲ੍ਹੇ ਦੀ ਪਰਕਰਮਾ ਕਰ ਕੇ ਵਾਪਸ ਮੁੜ ਆਉਂਦੇ। ਇਸ ਤਰ੍ਹਾਂ ਸਹਿਜੇ-ਸਹਿਜੇ ਜਨਤਕ ਅੰਦੋਲਨ ਅਰੰਭ ਹੋ ਗਿਆ। ਇਸ ਨੂੰ ਇਤਿਹਾਸ ਨੇ ਸ਼ਾਂਤਮਈ ਜਨਤਕ ਅੰਦੋਲਨ ਦਾ ਨਾਮ ਵੀ ਦਿੱਤਾ ਹੈ। ਵਿਸ਼ਵ ਇਤਿਹਾਸ ਵਿਚ ਇਹ ਪਹਿਲੀ ਘਟਨਾ ਹੀ ਹੋਵੇਗੀ, ਜਦ ਬਾਦਸ਼ਾਹ ਨੂੰ ਜਨਤਕ ਅੰਦੋਲਨ ਦੇ ਸਾਹਮਣੇ ਝੁਕਣਾ ਪਿਆ।

ਪੰਜ ਸਿੱਖ ਇਕ ਮਸ਼ਾਲ ਤੇ ਇਕ ਝੰਡਾ ਲੈ ਕੇ ਨਿਕਲਦੇ ਸਨ। ਮਸ਼ਾਲ ਪ੍ਰਤੀਕ ਸੀ ਕਿ ਉਨ੍ਹਾਂ ਨੂੰ ਰਾਹ ਦਿਖਾਉਣ ਵਾਲਾ ਰਹਿਬਰ ਆਗੂ ਆ ਗਿਆ ਹੈ। ਇਹ ਪੰਜ ਸਿੱਖ ਪਿੰਡ-ਪਿੰਡ

ਵਿਚ ਪਹੁੰਚ ਕੇ ਲੋਕਾਂ ਨੂੰ ਹੌਸਲਾ ਦਿੰਦੇ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕਹਿੰਦੇ। ਪਿੰਡਾਂ ਵਿਚੋਂ ਹੋਰ ਗੁਰਸਿੱਖ ਤਿਆਰ ਹੋ ਜਾਂਦੇ ਤੇ ਅਗਲੇ ਪਿੰਡ ਵਿਚ ਪਹੁੰਚਦੇ ਤੇ ਇਸ ਤਰ੍ਹਾਂ ਲਹਿਰ ਦੀ ਨਿਰੰਤਰਤਾ ਜਾਰੀ ਰਹਿੰਦੀ। ਉਸ ਸਮੇਂ ਜਾਰੀ ਕੀਤੀ ਗਈ 'ਚੌਂਕੀ' ਦੀ ਪਰੰਪਰਾ ਨੂੰ ਪ੍ਰੀਤਵਾਨ ਗੁਰਸਿੱਖਾਂ ਨੇ ਅੱਜ ਵੀ ਸੰਭਾਲਿਆ ਹੋਇਆ ਹੈ। ਅਰਦਾਸ ਦੇ ਇਹ ਸ਼ਬਦ 'ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ'-ਸਾਡੀ ਸਿਮ੍ਰਤੀ ਦਾ ਸਦੀਵੀ ਭਾਗ ਬਣ ਚੁੱਕੇ ਹਨ।

ਸਿੱਖਾਂ ਨੂੰ ਗੁਰੂ ਸਾਹਿਬ ਉਤੇ ਐਸਾ ਨਿਸਚਾ ਸੀ ਕਿ ਗਵਾਲੀਅਰ ਦੇ ਕਿਲ੍ਹੇ ਦੇ ਦਰਵਾਜ਼ੇ ਤੱਕ ਹਜ਼ਾਰਾਂ ਸਿੱਖ ਜਾਂਦੇ- ਗੁਰੂ ਜੀ ਦੇ ਪਾਵਨ ਸਰੂਪ ਦੇ ਦਰਸ਼ਨ ਨਾ ਹੁੰਦੇ ਤਾਂ ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਮਨ ਤ੍ਰਿਪਤ ਕਰ ਲੈਂਦੇ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਜਨਤਕ ਅੰਦੋਲਨ-ਸਤਿਆਗ੍ਰਹਿ ਦਾ ਪ੍ਰਭਾਵ ਦਿਨੋ-ਦਿਨ ਵਧਦਾ ਗਿਆ। ਇਹ ਪਹਿਲਾ ਅਨੂਠਾ ਸਤਿਆਗ੍ਰਹਿ ਸੀ।

ਬੰਦੀ ਛੋੜ ਸਤਿਗੁਰੂ:

ਅਸਲ ਵਿਚ ਗੁਰੂ ਹਮੇਸ਼ਾਂ ਹੀ 'ਬੰਦੀ ਛੋੜ' ਹੈ। ਗੁਰੂ ਤਾਂ ਹਮੇਸ਼ਾਂ ਹੀ ਬੰਧਨ ਮੁਕਤ ਕਰਨ ਲਈ ਸ਼ਕਤੀ-ਸੰਪੰਨ ਹੈ। ਦੂਸਰਾ 'ਗੁਰੂ' ਨੂੰ ਕਦੇ ਕੋਈ 'ਬੰਦੀ' ਵਿਚ ਪਾ ਹੀ ਨਹੀਂ ਸਕਦਾ। ਗੁਰੂ ਤਾਂ ਸਰਬ-ਸਮਰੱਥ ਹੈ। ਇਹ ਤਾਂ ਸਤਿਗੁਰੂ ਕੌਤਕ ਕਰਦੇ ਹਨ, ਮਾਨਵਤਾ ਦੇ ਉਧਾਰ ਲਈ! ਬਾਬਰ ਦੀ ਚੱਕੀ, ਗੁਰੂ ਨਾਨਕ ਦੇਵ ਜੀ ਨੇ ਆਪਣੇ ਲਈ ਨਹੀਂ ਸੀ ਪੀਸੀ, ਉਹ ਤਾਂ ਸਤਿਗੁਰੂ ਜੀ ਨੇ ਇਕ ਕੌਤਕ ਰਚਿਆ ਸੀ, ਬਾਬਰ ਦੇ ਜ਼ੁਲਮ ਤੋਂ ਕੈਦੀਆਂ ਨੂੰ ਮੁਕਤ ਕਰਾਉਣ ਲਈ! ਇਸ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਜੀ ਦਾ ਗਵਾਲੀਅਰ ਦੇ ਕਿਲ੍ਹੇ ਵਿਚ ਜਾਣਾ ਤੇ ਉਥੋਂ ਰਾਜਸੀ ਕੈਦੀਆਂ ਨੂੰ ਮੁਕਤ ਕਰਾਉਣਾ ਤਾਂ ਇਕ ਕੌਤਕ ਹੀ ਸੀ। ਕਿਲ੍ਹੇ ਵਿਚ ਗੁਰੂ ਜੀ ਹਰ ਸਮੇਂ ਭਜਨ-ਬੰਦਗੀ ਵਿਚ ਰਹਿੰਦੇ ਅਨੰਦ ਵਿਚ ਜੀਵਨ ਗੁਜ਼ਾਰਦੇ।

ਜਦ ਕਿਲ੍ਹੇ ਵਿਚ ਕਾਫੀ ਸਮਾਂ ਬੀਤ ਗਿਆ, ਤਾਂ ਓਧਰ ਦਿੱਲੀ ਵਿਚ ਇਕ ਰਾਤ ਬਾਦਸ਼ਾਹ ਨੂੰ ਭਿਆਨਕ ਸੁਪਨਾ ਆਇਆ ਕਿ ਇਕ ਵੱਡਾ ਜੰਗਲੀ ਸ਼ੇਰ ਉਸ ਨੂੰ ਖਾਣ ਨੂੰ ਆਉਂਦਾ ਪਿਆ ਹੈ। ਉਹ ਤ੍ਰਬਕ ਕੇ ਉਠ ਬੈਠਾ। ਬਾਦਸ਼ਾਹ ਨੇ ਇਸ ਦਾ ਕਾਰਨ ਜਲਾਲ-ਉ-ਦੀਨ ਤੋਂ ਪੁੱਛਿਆ। ਉੱਤਰ ਵਿਚ ਉਸ ਨੇ ਕਿਹਾ ਕਿ ਜਾਪਦਾ ਹੈ ਕਿ ਤੁਸੀਂ ਕਿਸੇ ਵਲੀ ਫ਼ਕੀਰ-ਸਾਹਿਬ-ਏ ਕਮਾਲ ਦੀ ਬੇਅਦਬੀ ਕੀਤੀ ਹੈ। ਬਾਦਸ਼ਾਹ ਨੇ ਕਾਮਿਲ ਫ਼ਕੀਰ ਦੀ ਪਹਿਚਾਣ ਪੁੱਛੀ ਤਾਂ ਸਾਈਂ ਮੀਆਂ ਮੀਰ ਨੇ ਕਿਹਾ ਕਿ ਸਾਹਿਬ-ਏ-ਕਮਾਲ ਸਮਰਥ ਹੋਣ 'ਤੇ ਵੀ ਕਿਸੇ ਦਾ ਬੁਰਾ ਨਹੀਂ ਲੋਚਦਾ, ਸਗੋਂ ਉਸ ਲਈ ਵੈਰੀ-ਮਿੱਤਰ ਸਭ ਸਮਾਨ ਹੁੰਦੇ ਹਨ। ਲੋਭ ਜਾਂ ਬਦਲਾ ਲੈਣ ਦਾ ਵਿਚਾਰ ਤਕ ਵੀ ਉਸ ਦੇ ਮਨ ਵਿਚ ਨਹੀਂ ਉਠਦਾ-ਜਿਵੇਂ ਗੁਰੂ ਅਰਜਨ ਦੇਵ ਜੀ ਦਾ ਜੀਵਨ ਸਭ ਲਈ ਗਨੀਮਤ ਸੀ। ਹੁਣ ਉਹਨਾਂ ਦਾ ਪੁੱਤਰ ਗੁਰੂ ਹਰਿਗੋਬਿੰਦ ਅਮੀਰੀ ਠਾਠ ਵਿਚ ਰਹਿੰਦਾ ਹੈ, ਤਾਂ ਉਹ ਵੀ ਬਹੁਤ ਕਾਮਲ ਤੇ ਪਹੁੰਚਿਆ ਹੋਇਆ ਹੈ। ਤੁਸੀਂ ਉਨ੍ਹਾਂ ਨੂੰ ਨਜ਼ਰਬੰਦ ਕੀਤਾ, ਇਸ ਦਾ

ਫਲ ਤੁਹਾਡੇ ਲਈ ਚੰਗਾ ਨਹੀਂ। ਆਪ ਨੂੰ ਅਜਿਹੇ ਖੁਦਾ-ਪ੍ਰਸਤ ਬੰਦਿਆਂ ਦੀ ਖਿਦਮਤ ਕਰਨੀ ਚਾਹੀਦੀ ਹੈ। ਜਨਤਕ ਅੰਦੋਲਨ ਦੇ ਪ੍ਰਭਾਵ ਨੂੰ ਦੇਖਦਿਆਂ ਅਤੇ ਸਾਈਂ ਮੀਆਂ ਮੀਰ ਦੇ ਬਚਨ ਸੁਣਦੇ ਸਾਰ ਬਾਦਸ਼ਾਹ ਨੇ ਦੀਵਾਨ ਵਜ਼ੀਰ ਖਾਂ ਨੂੰ ਬੁਲਾ ਕੇ ਗੁਰੂ ਜੀ ਦੀ ਰਿਹਾਈ ਤੇ ਦਿੱਲੀ ਲਿਆਉਣ ਦਾ ਸੰਦੇਸ਼ ਦਿੱਤਾ ਤੇ ਗਲਤੀ ਲਈ ਖਿਮਾ ਜਾਚਨਾ ਲਿਖ ਭੇਜੀ। ਦੀਵਾਨ ਵਜ਼ੀਰ ਖਾਂ ਗੁਰੂ ਜੀ ਦਾ ਪਹਿਲਾਂ ਹੀ ਸੇਵਕ ਸੀ। ਜਦ ਉਸ ਨੇ ਗੁਰੂ ਜੀ ਨੂੰ ਰਿਹਾਈ ਬਾਰੇ ਦੱਸਿਆ ਤਾਂ ਗੁਰੂ ਜੀ ਨੇ ਕਿਹਾ ਕਿ ਜਿੰਨੀ ਦੇਰ ੫੨ ਰਾਜਸੀ ਕੈਦੀਆਂ ਦੀ ਰਿਹਾਈ ਨਹੀਂ ਕੀਤੀ ਜਾਂਦੀ, ਉਨੀ ਦੇਰ ਅਸੀਂ ਬਾਹਰ ਨਹੀਂ ਆਵਾਂਗੇ। ਵਜ਼ੀਰ ਖਾਂ ਨੇ ਇਸ ਸਬੰਧੀ ਬਾਦਸ਼ਾਹ ਨੂੰ ਲਿਖ ਭੇਜਿਆ।

ਜੁਆਬ ਆਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਦਾਮਨ ਪਕੜ ਕੇ ਜੋ ਬਾਹਰ ਆ ਜਾਵੇ, ਉਸ ਨੂੰ ਰਿਹਾਅ ਕਰ ਦਿੱਤਾ ਜਾਵੇ। ਗੁਰੂ ਜੀ ਨੇ ੫੨ ਕਲੀਆਂ ਵਾਲਾ ਵਿਸ਼ੇਸ਼ ਚੋਲਾ ਪਹਿਨਿਆ ਜਿਸ ਨੂੰ ਪਕੜ ਕੇ ਸਾਰੇ ਬੰਧਨ-ਮੁਕਤ ਹੋਏ। ਇਹ ਰਾਜਸੀ ਕੈਦੀਆਂ ਦੀ ਪਹਿਲੀ ਰਿਹਾਈ ਸੀ। ਇਹ ਤਾਂ ਇਕ ਉਦਾਹਰਣ ਹੈ। ਜੋ ਵੀ ਗੁਰੂ ਦਾ ਦਾਮਨ ਪਕੜੇ, ਉਹ ਜੀਵਨ ਮਰਨ ਤੋਂ ਮੁਕਤ ਹੋ ਸਕਦਾ ਹੈ। ਸਤਿਗੁਰੂ ਤਾਂ ਬੋਹਿਥ ਹੈ, ਭਵ ਸਾਗਰ ਤੋਂ ਪਾਰ ਉਤਾਰਨ ਵਾਲਾ!

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ:

'ਗੁਰੂ ਜੀ' ਦੀ ਸ਼ਰਨ ਵਿਚ ਜੋ ਵੀ ਮਨ ਕਰਕੇ ਆਉਂਦਾ ਹੈ, ਗੁਰੂ ਜੀ ਉਸ ਨੂੰ ਆਪਣਾ ਹੀ ਬਣਾ ਲੈਂਦੇ ਹਨ।

ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਪੁੱਤਰੀ, ਕੌਲਾਂ ਸਾਈਂ ਮੀਆਂ ਮੀਰ ਦੀ ਮੁਰੀਦ ਸੀ। ਉਹ ਬਹੁਤ ਸੁਸ਼ੀਲ ਤੇ ਲੱਜਿਆ ਵਾਲੀ ਲੜਕੀ ਸੀ। ਛੋਟੀ ਉਮਰ ਤੋਂ ਹੀ ਉਸ ਨੇ ਆਪਣੇ ਆਪ ਨੂੰ ਪ੍ਰਮੇਸ਼ਰ ਦੀ ਬੰਦਗੀ ਨਾਲ ਜੋੜ ਲਿਆ। ਜੁਆਨ ਹੋਣ 'ਤੇ ਉਸ ਨੇ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਤੇ ਇਕਾਂਤ ਵਿਚ ਪ੍ਰਭੂ-ਬੰਦਗੀ ਵਿਚ ਲਿਵਲੀਨ ਰਹਿਣ ਲੱਗੀ। ਘਰ ਤੋਂ ਬਾਹਰ ਪੈਰ ਸਿਰਫ਼ ਸਾਈਂ ਮੀਆਂ ਮੀਰ ਦੇ ਦਰਸ਼ਨਾਂ ਨੂੰ ਜਾਣ ਸਮੇਂ ਹੀ ਪਾਉਂਦੀ। ਸਾਈਂ ਮੀਆਂ ਮੀਰ ਤੋਂ ਉਸ ਨੇ ਗੁਰੂ ਜੀ ਦੀ ਉਸਤਤ ਸੁਣੀ ਸੀ। ਸਹਿਜੇ-ਸਹਿਜੇ ਉਸ ਨੇ ਗੁਰਬਾਣੀ ਸੁਣ ਕੇ ਕੰਠ ਕਰ ਲਈ ਸੀ। ਕਾਜ਼ੀ ਨੂੰ ਇਹ ਗੱਲ ਪਸੰਦ ਨਹੀਂ ਸੀ, ਕਿਉਂਕਿ ਉਹ ਤਾਂ ਗੁਰੂ ਜੀ ਨੂੰ ਕਾਫ਼ਰ ਹੀ ਮੰਨਦਾ ਸੀ। ਆਪਣੀ ਲੜਕੀ ਤੋਂ ਉਹ ਗੁਰੂ ਜੀ ਦੀ ਉਪਮਾ ਕਿਵੇਂ ਸੁਣ ਸਕਦਾ ਸੀ। ਗੁੱਸੇ ਵਿਚ ਆ ਕੇ ਕਹਿਣ ਲੱਗਾ ਕਿ ਤੂੰ ਕਾਫ਼ਰ ਹੈਂ ਤੇ ਕਾਫ਼ਰ ਦੀ ਤਾਰੀਫ਼ ਕਰਦੀ ਹੈਂ ਅਤੇ ਮੁਹੰਮਦੀ ਸ਼ਰ੍ਹਾ ਨੂੰ ਨਹੀਂ ਮੰਨਦੀ ਤੇ ਇਸਲਾਮ ਵਿਚ ਕਾਫ਼ਰ ਦੀ ਤਾਰੀਫ਼ ਕਰਨ ਵਾਲੇ ਲਈ ਮੌਤ ਦੀ ਸਜ਼ਾ ਨਿਸ਼ਚਤ ਹੈ।

ਕੌਲਾਂ ਨੇ ਫਿਰ ਕਿਹਾ ਕਿ ਫ਼ਕੀਰ ਤਾਂ ਖ਼ੁਦਾ ਦੇ ਬੰਦੇ ਹਨ ਇਨ੍ਹਾਂ ਦੀ ਤਾਂ ਖ਼ੁਦਾ ਵੀ ਮੰਨਦਾ ਹੈ। ਬਸ ਫਿਰ ਕੀ ਸੀ-ਕੌਲਾਂ ਲਈ ਵੀ ਸਜ਼ਾ ਦਾ ਹੁਕਮ ਹੋਇਆ, ਕਿ ਕਤਲ ਕਰ ਦਿੱਤਾ ਜਾਵੇ। ਜਦ ਸਾਈਂ ਮੀਆਂ ਮੀਰ ਨੂੰ ਇਸ ਫਤਵੇ ਦਾ ਪਤਾ ਲੱਗਾ ਤਾਂ ਉਨ੍ਹਾਂ ਕੌਲਾਂ ਨੂੰ ਕਿਹਾ ਕਿ ਤੇਰੇ ਲਈ ਇਕ ਹੀ ਬਚਾਅ ਹੈ ਕਿ ਤੂੰ ਗੁਰੂ ਦੀ ਸ਼ਰਨ ਵਿਚ ਅੰਮ੍ਰਿਤਸਰ ਚਲੀ ਜਾਵੇਂ। ਉਨ੍ਹਾਂ ਤੋਂ ਇਲਾਵਾ

ਤੇਰੀ ਜਾਨ ਬਚਾਉਣ ਵਾਲਾ ਕੋਈ ਨਹੀਂ। ਕੌਲਾਂ ਨੂੰ ਸਾਈਂ ਮੀਆਂ ਮੀਰ ਦੀ ਨਸੀਹਤ ਪਸੰਦ ਆਈ ਤੇ ਉਹ ਅੰਮ੍ਰਿਤਸਰ ਗੁਰੂ-ਸ਼ਰਨ ਵਿਚ ਹਾਜ਼ਰ ਹੋਈ ਤੇ ਸਾਈਂ ਮੀਆਂ ਮੀਰ ਦੀ ਵਾਕਫੀਅਤ ਨਾਲ ਗੁਰੂ-ਸ਼ਰਨ ਵਿਚ ਰਹਿਣ ਲੱਗੀ। ਕੌਲਾਂ ਹਰ ਪਲ ਪ੍ਰਮੇਸ਼ਵਰ ਦੀ ਯਾਦ ਵਿਚ ਬਿਤਾਉਂਦੀ-ਕੁਝ ਸਮੇਂ ਪਿੱਛੋਂ ਕੌਲਾਂ ਨੇ ਆਪਣੇ ਸਾਰੇ ਗਹਿਣੇ ਤੇ ਨਕਦੀ ਗੁਰੂ ਜੀ ਦੇ ਚਰਨਾਂ ਵਿਚ ਰੱਖ ਕੇ ਅਰਦਾਸ ਕੀਤੀ ਕਿ ਇਨ੍ਹਾਂ ਨੂੰ ਕਿਸੇ ਧਰਮ-ਅਰਥ ਕਾਰਜ ਵਿਚ ਲਾ ਦਿਉ ਤਾਂ ਜੋ ਮੇਰਾ ਨਾਂ ਸੰਸਾਰ ਵਿਚ ਰਹਿ ਸਕੇ। ਗੁਰੂ ਜੀ ਨੇ ਕੌਲਸਰ ਨਾਂ ਦਾ ਸਰੋਵਰ ਬਣਾਇਆ ਜੋ ਅੱਜ ਤੱਕ ਸੁਭਾਇਮਾਨ ਹੈ। ਇਹ ਪਹਿਲੀ ਵਿਸ਼ੇਸ਼ ਰਾਜਸੀ ਸ਼ਰਨ ਸੀ ਜੋ ਗੁਰੂ-ਪਿਤਾ ਨੇ ਦਿੱਤੀ।

ਇਸ ਤਰ੍ਹਾਂ ਹੀ 'ਪੰਥ ਪ੍ਰਕਾਸ਼' ਦਾ ਲਿਖਾਰੀ ਭਾਈ ਰਤਨ ਸਿੰਘ ਭੰਗੂ ਇਕ ਰਵਾਇਤ ਦਾ ਜ਼ਿਕਰ ਕਰਦਾ ਹੈ ਕਿ ਜਦ ਜੈਸਲਮੇਰ ਦੇ ਰਾਜੇ ਰਾਮ ਪ੍ਰਤਾਪ ਨੂੰ ਤਖ਼ਤ ਤੋਂ ਬੇਦਖ਼ਲ ਕੀਤਾ ਗਿਆ ਤਾਂ ਉਸ ਭੱਜ ਕੇ ਸਿੱਧੇ ਗੁਰੂ-ਘਰ ਦੀ ਸ਼ਰਨ ਲਈ। ਰਾਮ ਪ੍ਰਤਾਪ ਗੁਰੂ ਜੀ ਦਾ ਅਨਿੰਨ ਸੇਵਕ ਬਣ ਗਿਆ। ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ-ਜੋਤ ਸਮਾਏ ਤਾਂ ਰਾਮ ਪ੍ਰਤਾਪ ਤੇ ਉਸ ਦਾ ਪੁੱਤਰ ਦੋਵੇਂ ਚਿਤਾ ਵਿਚ ਕੁੱਦ ਪਏ ਤੇ ਜਾਨ ਦੇ ਦਿੱਤੀ।

ਯੁੱਧ ਜੀਤ ਆਏ:

ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਮਨੁੱਖਤਾ ਦੀ ਅਜ਼ਾਦੀ, ਬਰਾਬਰੀ, ਸਵੈਮਾਨ ਤੇ ਜਬਰ-ਜ਼ੁਲਮ ਦੇ ਵਿਰੁੱਧ ਚਾਰ ਯੁੱਧ ਕੀਤੇ। ਪਹਿਲਾ ਸ੍ਰੀ ਅੰਮ੍ਰਿਤਸਰ, ਦੂਸਰਾ ਸ੍ਰੀ ਹਰਿਗੋਬਿੰਦਪੁਰ, ਤੀਸਰਾ ਨਥਾਣਾ ਤੇ ਚੌਥਾ ਕਰਤਾਰਪੁਰ-ਪਰ ਕਿਸੇ ਵਿਚ ਆਪ ਪਹਿਲਾਂ ਹਮਲਾਵਰ ਨਹੀਂ ਹੁੰਦੇ, ਕਿਸੇ ਵਿਚ ਵੀ ਜ਼ਰ, ਜ਼ੋਰੂ ਤੇ ਜ਼ਮੀਨ ਯੁੱਧ ਦਾ ਕਾਰਨ ਨਹੀਂ ਸੀ। ਸਾਰੇ ਹੀ ਯੁੱਧ ਸਵੈ-ਰੱਖਿਆ ਤੇ ਸਵੈਮਾਨ ਦੀ ਬਹਾਲੀ ਲਈ ਸਨ। ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਵਿਰੋਧ ਵਿਚ ਹੋਏ, ਇਨ੍ਹਾਂ ਯੁੱਧਾਂ ਨੇ ਸਿੱਖਾਂ ਵਿਚ ਸਵੈ-ਵਿਸ਼ਵਾਸ ਤੇ ਭਰੋਸਾ ਭਰਿਆ ਅਤੇ ਉਨ੍ਹਾਂ ਨੂੰ ਆਪਣੇ ਬਾਹੂ-ਬਲ ਦਾ ਅਹਿਸਾਸ ਹੋਇਆ। ਗੁਰੂ ਜੀ ਦੀ ਅਗਵਾਈ ਵਿਚ ਕੌਮ ਪੱਕੇ ਪੈਰੀਂ ਖੜ੍ਹ ਗਈ।

ਚਾਰਾਂ ਜੰਗਾਂ ਵਿਚ ਗੁਰੂ ਜੀ ਨੇ ਖੁਦ ਦੁਸ਼ਮਣ ਸੈਨਾਪਤੀਆਂ ਨੂੰ ਮਾਰ ਮੁਕਾਇਆ ਪਰ ਕਿਸੇ ਵੀ ਜੰਗ ਵਿਚ ਇੰਚ ਜਗ੍ਹਾ ਜਾਂ ਜਾਇਦਾਦ 'ਤੇ ਕਬਜ਼ਾ ਨਹੀਂ ਕੀਤਾ। ਗੁਰੂ ਜੀ ਤਾਂ ਦੁਸ਼ਮਣ 'ਤੇ ਵੀ ਵਾਰ ਕਰਨ ਲੱਗਿਆਂ ਪਰਉਪਕਾਰੀ ਬਿਰਤੀ ਦੇ ਧਾਰਨੀ ਰਹੇ-ਗੁੱਸੇ ਵਿਚ ਆ ਕੇ ਦੁਸ਼ਮਣ 'ਤੇ ਵਾਰ ਨਹੀਂ ਸਨ ਕਰਦੇ। ਸਮਕਾਲੀ ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ, "ਗੁਰੂ ਜੀ ਕਦੀ ਵੀ ਵਾਰ ਗੁੱਸੇ ਵਿਚ ਨਹੀਂ ਸਨ ਕਰਦੇ, ਉਹ ਤਲਵਾਰ ਇਸ ਤਰ੍ਹਾਂ ਚਲਾਉਂਦੇ ਸਨ, ਜਿਵੇਂ ਕਿਸੇ ਨੂੰ ਕੁਝ ਸਿਖਾਈਦਾ। ਤਲਵਾਰ ਇਉਂ ਚਲਾਉਂਦੇ ਜਿਵੇਂ ਉਸਤਾਦ ਕਿਸੇ ਸ਼ਾਗਿਰਦ ਨੂੰ ਕਲਮ ਘੜਨ ਦਾ ਵਲ ਸਿਖਾਉਂਦਾ ਹੈ!"

ਫ਼ਕੀਰ ਨਾ ਹਿੰਦੂ ਨਾ ਮੁਸਲਮਾਨ:

ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਸਭ ਤੋਂ ਵੱਧ ਯਾਤਰਾ

ਮਾਨਵਤਾ ਦੇ ਉਧਾਰ ਹਿਤ ਕੀਤੀ। ਜਦ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਫੇਰੀ 'ਤੇ ਗਏ ਤਾਂ ਵਾਪਸੀ 'ਤੇ ਮੁਜ਼ਫਰਾਬਾਦ, ਏਬਟਾਬਾਦ, ਆਦਿ ਥਾਵਾਂ 'ਤੇ ਪੜਾਅ ਕਰਦੇ ਹੋਏ ਗੁਜਰਾਤ ਵਿਚ ਆਣ ਬਿਰਾਜੇ। ਉਥੇ ਸ਼ਾਹ ਦੌਲਾ ਨਾਂ ਦਾ ਫ਼ਕੀਰ ਰਹਿੰਦਾ ਸੀ-ਉਸ ਨਾਲ ਵਿਚਾਰ-ਚਰਚਾ ਕੀਤੀ। ਫਕੀਰ ਨੇ ਕਿਹਾ:

ਹਿੰਦੂ ਕੀ ਤੇ ਪੀਰ ਕੀ?
ਔਰਤ ਕੀ ਤੇ ਫ਼ਕੀਰ ਕੀ?
ਦੌਲਤ ਕੀ ਤੇ ਦਰਵੇਸ਼ੀ ਕੀ?
ਪੁੱਤਰ ਕੀ ਤੇ ਯੋਗੇਸ਼ ਕੀ?

ਉੱਤਰ ਵਿਚ ਗੁਰਦੇਵ ਜੀ ਨੇ ਫ਼ੁਰਮਾਇਆ:

ਫਕੀਰ ਨਾ ਹਿੰਦੂ ਨਾ ਮੁਸਲਮਾਨ ਹੈ।
ਔਰਤ ਈਮਾਨ ਹੈ।
ਦੌਲਤ ਗੁਜ਼ਰਾਨ ਹੈ,
ਪੁੱਤਰ ਨਿਸ਼ਾਨ ਹੈ,

ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਮਰਥ ਰਾਮਦਾਸ ਹਰਿਦੁਆਰ ਨੇੜੇ ਸ੍ਰੀ ਨਗਰ ਦੇ ਅਸਥਾਨ 'ਤੇ ਮਿਲਿਆ। ਗੁਰੂ ਜੀ ਨੂੰ ਸ਼ਾਹੀ ਪੁਸ਼ਾਕ ਵਿਚ ਦੇਖ ਕੇ ਸਮਰਥ ਰਾਮਦਾਸ ਨੇ ਸ਼ੰਕਾ ਪ੍ਰਗਟ ਕੀਤਾ- "ਮੈਂ ਸੁਣਿਆ ਹੈ ਕਿ ਤੁਸੀਂ ਤਾਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ, ਗੁਰੂ ਨਾਨਕ ਦੇਵ ਤਾਂ ਇਕ ਤਿਆਗੀ ਸਾਧੂ ਸੀ ਤੇ ਤੁਸੀਂ ਸ਼ਾਹੀ ਠਾਠ-ਬਾਠ ਵਿਚ ਹਥਿਆਰਬੰਦ ਹੋ? ਫ਼ੌਜਾਂ ਘੋੜੇ ਰੱਖੇ ਹਨ, ਸੱਚਾ ਪਾਤਸ਼ਾਹ ਅਖਵਾਉਂਦੇ ਹੋ। ਤੁਸੀਂ ਕਿਸ ਤਰ੍ਹਾਂ ਦੇ ਸਾਧੂ ਹੋ?" ਗੁਰੂ ਜੀ ਨੇ ਫ਼ੁਰਮਾਇਆ:

ਬਾਤਨ ਫਕੀਰੀ, ਜ਼ਾਹਿਰ ਅਮੀਰੀ
ਸ਼ਸਤਰ ਗਰੀਬ ਕੀ ਰੱਖਿਆ
ਜਰਵਾਨੇ ਦੀ ਭਖਿਆ

ਬਾਬੇ ਨਾਨਕ ਸੰਸਾਰ ਨਹੀਂ ਤਿਆਗਿਆ, ਮਾਇਆ ਤਿਆਗੀ ਥੀ।

ਸਮਰਥ ਰਾਮਦਾਸ ਇਸ ਜੁਆਬ ਤੋਂ ਬਹੁਤ ਪ੍ਰਸੰਨ ਹੋਇਆ ਤੇ ਕਿਹਾ-"ਯਹ ਹਮਾਰੇ ਮਨ ਭਾਵਤੀ ਹੈ।" ਸਮਰਥ ਰਾਮਦਾਸ ਸ਼ਿਵਾ ਜੀ ਦਾ ਵਿਦਿਆ ਗੁਰੂ ਸੀ। ਇਸ ਨੇ ਹੀ ਸ਼ਿਵਾ ਜੀ ਨੂੰ ਸ਼ਸਤਰਾਂ ਦਾ ਪਰਮ ਦੱਸਿਆ ਤਾਂ ਜਾ ਕੇ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮਹਾਂਰਾਸ਼ਟਰ ਅਜ਼ਾਦ ਹੋਇਆ। ਸ਼ਿਵਾ ਜੀ ਦੀ ਬਹਾਦਰੀ ਵਿਸ਼ਵ ਪ੍ਰਸਿੱਧ ਹੋਈ। ਇਹ ਸਭ ਸਮਰਥ ਰਾਮਦਾਸ ਦੀ ਪ੍ਰੇਰਨਾ ਸਦਕਾ ਹੀ ਹੋਇਆ।

ਸਥਾਨਾਂ ਦੀ ਸਥਾਪਨਾ:

੧) ਲੋਹਗੜ੍ਹ
੨) ਸ੍ਰੀ ਅਕਾਲ ਤਖ਼ਤ ਸਾਹਿਬ
੩) ਡੇਹਰਾ ਸਾਹਿਬ ਲਾਹੌਰ
੪) ਕੀਰਤਪੁਰ
੫) ਮਹਿਰਾਜ
੬) ਕੌਲਸਰ
੭) ਬਿਬੇਕਸਰ
੮) ਗੁਰੂ ਸਰ ਆਦਿ।

ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ:

ਇਕ ਵੇਰ ਕਸ਼ਮੀਰ ਫੇਰੀ ਸਮੇਂ ਸਤਿਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਸਿੱਖ ਦਾ ਉਨ੍ਹਾਂ ਦੇ ਵਾਸਤੇ ਲਿਆਂਦਾ ਸ਼ਹਿਦ ਖਾਣੋ ਇਸ ਕਰਕੇ ਨਾਂਹ ਕਰ ਦਿੱਤੀ ਕਿਉਂਕਿ ਉਸ ਨੇ ਇਹੀ ਸ਼ਹਿਦ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ, ਭਾਈ ਕੱਟੂ ਸ਼ਾਹ ਨੂੰ ਮੰਗਣ 'ਤੇ ਦੇਣੋ ਨਾਂਹ ਕਰ ਦਿੱਤੀ ਸੀ। ਗੁਰੂ ਜੀ ਆਪਣੇ ਗੁਰਸਿੱਖਾਂ ਵਿਚ ਭਿੰਨ-ਭੇਦ ਨਹੀਂ ਸਨ ਸਮਝਦੇ। ਇਸ ਲਈ ਗੁਰੂ ਜੀ ਨੇ ਕਿਹਾ, ਜਦੋਂ ਮੈਂ ਖਾਣ ਲਈ ਮੰਗਿਆ ਸੀ, ਤੁਸੀਂ ਨਹੀਂ ਦਿੱਤਾ, ਹੁਣ ਇਹ ਪ੍ਰਵਾਨ ਕਰਨਾ ਮੁਸ਼ਕਲ ਹੈ। ਗੁਰੂ ਦੀ ਖੁਸ਼ੀ ਤਾਂ ਹੈ ਜੇ ਗੁਰੂ ਦਾ ਸਿੱਖ ਖੁਸ਼ ਹੈ।

ਸਤਿਗੁਰੂ ਨਿਰਵੈਰ ਹੈ:

ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ-ਰੇਖ ਹੇਠ ਪਲਿਆ ਪੈਂਦੇ ਖਾਂ ਕਰਤਾਰਪੁਰ 'ਤੇ ਫੌਜ ਚਾੜ੍ਹ ਲਿਆਇਆ। ਉਸ ਨੂੰ ਹੰਕਾਰ ਸੀ ਕਿ ਗੁਰੂ ਜੀ ਦੀਆਂ ਜਿੱਤਾਂ ਦਾ ਕਾਰਨ ਉਸ ਦੀ ਬਹਾਦਰੀ ਹੈ। ਅਸਮਾਨ ਖਾਂ ਝਾਗੜੀ ਇਨ੍ਹਾਂ ਦਾ ਸੈਨਾਪਤੀ ਸੀ। ਲੜਾਈ ਸ਼ੁਰੂ ਹੋਈ ਤਾਂ ਗੁਰੂ ਜੀ ਨੇ ਪੈਂਦੇ ਖਾਂ ਨੂੰ ਕਿਹਾ, "ਤੂੰ ਪਹਿਲਾਂ ਵਾਰ ਕਰ ਤਾਂ ਜੋ ਮਨ ਵਿਚ ਸ਼ੰਕਾ ਨਾ ਰਹਿ ਜਾਵੇ।" ਪੈਂਦੇ ਖਾਂ ਨੇ ਵਾਰੀ-ਵਾਰੀ ਤਿੰਨ ਵਾਰ ਕੀਤੇ ਪਰ ਸਭ ਅਸਫਲ ਗਏ। ਗੁਰੂ ਜੀ ਨੇ ਫਿਰ ਸਿਖਾਉਣ ਦੀ ਮਨੋਬਿਰਤੀ ਨਾਲ ਕਿਹਾ, "ਵਾਰ ਇਉਂ ਨਹੀਂ, ਇਉਂ ਕਰੀਦਾ ਹੈ" ਤੇ ਪਹਿਲੇ ਵਾਰ ਨਾਲ ਹੀ ਪੈਂਦੇ ਖਾਂ ਨੂੰ ਧਰਤ 'ਤੇ ਲਿਟਾ ਦਿੱਤਾ। ਸਮਕਾਲੀ ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਲੜਾਈ ਦੇ ਮੈਦਾਨ ਵਿਚ ਵੀ ਸਿਖਲਾਈ ਹੀ ਦੇਂਦੇ ਸਨ, ਕੋਈ ਵੈਰ-ਵਿਰੋਧ ਨਹੀਂ ਸਨ ਰੱਖਦੇ। ਪੈਂਦੇ ਖਾਂ ਆਖ਼ਰੀ ਸਾਹ ਗਿਣ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਦੇ ਜ਼ਖ਼ਮੀ ਚੇਹਰੇ 'ਤੇ ਢਾਲ ਦੀ ਛਾਂ ਕੀਤੀ ਤੇ ਕਿਹਾ, "ਪੈਂਦੇ ਖਾਂ! ਤੇਰਾ ਅੰਤਿਮ ਸਮਾਂ ਨੇੜੇ ਹੈ! ਕਲਮਾ ਪੜ੍ਹ ਲੈ।" ਤੜਫਦੇ ਹੋਏ ਪੈਂਦੇ ਖਾਂ ਨੇ ਬਸ ਇਹੀ ਕਿਹਾ ਕਿ ਸਤਿਗੁਰੂ ਜੀ, ਤੁਹਾਡੀ ਤੇਗ ਹੀ ਮੇਰੇ ਲਈ ਕਲਮਾ ਹੈ। ਤੇ ਪੈਂਦੇ ਖਾਂ ਅੱਲਾਹ ਨੂੰ ਪਿਆਰਾ ਹੋ ਗਿਆ। ਗੁਰੂ ਜੀ ਨੇ ਪੈਂਦੇ ਖਾਂ ਦੀਆਂ ਅੰਤਿਮ ਰਸਮਾਂ ਆਪਣੇ ਹੱਥੀਂ ਕੀਤੀਆਂ। ਸਤਿਗੁਰੂ ਤਾਂ *"ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"* ਦਾ ਅਮਲੀ ਪਾਠ ਪੜ੍ਹਾ ਰਹੇ ਸਨ।

ਗੁਰੂ ਜੀ ਦੀ ਸ਼ਖ਼ਸੀਅਤ-ਇਕ ਝਲਕ:

ਗੁਰੂ ਜੀ ਦੀ ਸ਼ਖ਼ਸੀਅਤ ਨੂੰ ਰੂਪਮਾਨ ਕਰਨਾ ਅਸੰਭਵ ਹੈ, ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ ਹੈ ਇਸ ਦਾ ਅਨੁਭਵ ਹੋ ਸਕਦਾ ਹੈ। ਵਿਦਵਾਨਾਂ-ਇਤਿਹਾਸਕਾਰਾਂ ਅਨੁਸਾਰ, ਗੁਰੂ ਜੀ ਅਦੁੱਤੀ ਸੋਹਣੇ ਤੇ ਮਿੱਠੇ ਸੁਭਾਅ ਵਾਲੇ ਸਨ। ਚਮਕਦੇ ਨਹੁੰ, ਸੋਹਣੇ ਪੈਰ, ਭਰਵੀਆਂ ਬਾਹਵਾਂ, ਮਨਮੋਹਕ ਗੋਰਾ ਰੰਗ, ਉੱਚਾ ਭਰਵਾਂ ਸਰੀਰ। ਸਰਬ ਸਮਰੱਥ, ਸਹਿਜ, ਸੰਜਮ, ਸੂਰਬੀਰਤਾ, ਧੀਰਜ, ਉਦਾਰਤਾ, ਸਹਿਣਸ਼ੀਲਤਾ, ਨਿਡਰਤਾ, ਸੁਤੰਤਰਤਾ, ਸ਼ਰਨ ਆਏ ਦੀ ਸਹਾਇਤਾ ਕਰਨਾ ਆਦਿ ਸ਼ੁਭ ਗੁਣਾਂ ਦੀ ਖਾਨ ਸਨ-ਹਰ ਸੈਨਿਕ ਕਰਤੱਵ, ਪ੍ਰਬੰਧ ਤੇ ਨਿਆਂਸ਼ੀਲਤਾ ਵਿਚ ਪ੍ਰਬੀਨ। ਭਜਨ-ਬੰਦਗੀ ਪ੍ਰਭੂ-ਕੀਰਤੀ ਵੀ ਕਰਦੇ-ਪਹਿਰਾਵਾ ਬਾਦਸ਼ਾਹਾਂ ਵਾਲਾ ਤੇ ਰਹਿਣੀ ਫ਼ਕੀਰਾਂ ਵਾਲੀ।

ਸਵੇਰ ਵੇਲੇ ਪਾਠ, ਕਥਾ, ਕੀਰਤਨ ਉਪਰੰਤ ਉਪਦੇਸ਼ ਕਰਦੇ। ਦੁਪਹਿਰੇ ਲੰਗਰ ਦੇ ਪ੍ਰਬੰਧ ਦੀ ਨਿਗਰਾਨੀ ਕਰਦੇ ਤਾਂ ਜੋ ਕਿਧਰੇ ਕੋਈ ਗਰੀਬ ਭੁੱਖਾ ਨਾ ਰਹੇ। ਸ਼ਾਮ ਨੂੰ ਫ਼ੌਜਦਾਰੀ ਮੁਕੱਦਮੇ ਸੁਣਦੇ-ਦੋਵੇਂ ਧਿਰਾਂ ਫੈਸਲਾ ਪ੍ਰਵਾਨ ਕਰਦੀਆਂ। ਫਿਰ ਸਰੀਰਕ ਕਰਤੱਬ ਤੱਕਦੇ-ਪਿੱਛੋਂ ਯੋਧਿਆਂ ਦੀਆਂ ਵਾਰਾਂ ਸੁਣਦੇ। ਰਹਰਾਸਿ ਜੀ ਦਾ ਪਾਠ ਕਰਨ ਉਪਰੰਤ ਆਪਣੇ ਦਿਨ ਦੇ ਕਾਰ-ਵਿਹਾਰ ਨੂੰ ਸਮਾਪਤ ਕਰਦੇ। ਇਸ ਤਰ੍ਹਾਂ ਗੁਰੂ ਜੀ ੪੮ ਸਾਲ ੯ ਮਹੀਨੇ ਤੇ ਚਾਰ ਦਿਨ ਦੀ ਸੰਸਾਰਿਕ ਯਾਤਰਾ ਸੰਪੂਰਨ ਕਰ, ਨਿਰੰਕਾਰ ਵਿਚ ਲੀਨ ਹੋ ਗਏ।

੬/੧੯੯੭

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੰਖੇਪ ਜੀਵਨ

ਪ੍ਰਕਾਸ਼:

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ੧੯ ਜੂਨ, ੧੫੯੫ ਨੂੰ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਦੇ ਘਰ, ਮਾਤਾ ਗੰਗਾ ਜੀ ਦੇ ਕੁੱਖੋਂ ਹੋਇਆ ਸੀ।

ਸਾਜ਼ਿਸ਼ਾਂ ਤੇ ਹਮਲੇ:

ਬਾਲ ਹਰਿਗੋਬਿੰਦ ਜੀ 'ਤੇ ਦੋਖੀਆਂ ਨੇ ਮਾਰ ਮੁਕਾਉਣ ਦੇ ਕਈ ਵਾਰ ਕੀਤੇ। ਪਹਿਲਾਂ ਦਾਈ ਨੇ ਥਣਾਂ ਨੂੰ ਜ਼ਹਿਰ ਲਗਾ, ਫਿਰ ਖਿਡਾਵੇ ਨੇ ਦਹੀਂ ਵਿੱਚ ਜ਼ਹਿਰ ਪਾ, ਪਿਛੋਂ ਸਪੇਰੇ ਸੱਪ ਛੱਡ ਤੇ ਇਥੋਂ ਤਕ ਕਿ ਇਕ ਸਾਥੀ ਨੂੰ ਤਿਆਰ ਕੀਤਾ ਕਿ ਉਹ ਖੇਡਦੇ-ਖੇਡਦੇ ਜ਼ਹਿਰੀਲੀ ਮਿਠਾਈ ਬਾਲ ਹਰਿਗੋਬਿੰਦ ਨੂੰ ਦੇ ਦੇਵੇ। ਪਰ ਵਾਹਿਗੁਰੂ ਦੀ ਮਿਹਰ ਸਦਕਾ ਬਾਲਕ ਹਰਿਗੋਬਿੰਦ ਜੀ ਨੂੰ *'ਲੇਪੁ ਨ ਲਾਗੋ ਤਿਲ ਕਾ ਮੂਲਿ'* ਦੇ ਵਾਕ ਅਨੁਸਾਰ ਕੋਈ ਆਂਚ ਨਹੀਂ ਆਈ। ਚੇਚਕ ਦਾ ਹੱਲਾ ਵੀ ਹੋਇਆ ਪਰ ਬਾਲ ਹਰਿਗੋਬਿੰਦ ਨਵੇਂ ਨਰੋਏ ਹੀ ਰਹੇ।

ਗੁਰ-ਗੱਦੀ ਦੀ ਜ਼ਿੰਮੇਵਾਰੀ:

ਗੁਰੂ ਅਰਜਨ ਦੇਵ ਜੀ ਲਾਹੌਰ ਸ਼ਹੀਦੀ ਵੇਲੇ ਜਾਂਦੇ ਗੁਰੂ ਹਰਿਗੋਬਿੰਦ ਜੀ ਨੂੰ ਹੁਕਮ ਕਰ ਗਏ ਸਨ ਕਿ ਜੇ ਜਹਾਂਗੀਰ ਦੇ ਕੱਟੜ-ਸੁਭਾ ਬਦਲਾਉਣ ਵਿੱਚ ਕਾਮਯਾਬ ਨਾ ਹੋਏ ਤਾਂ ਤਲਵਾਰਾਂ ਪਹਿਨਣੀਆਂ ਅਤੇ ਫ਼ੌਜਾਂ ਰੱਖਣੀਆਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਧੀਗ ਤੇ ਜੇਠੋ ਜੀ ਨੂੰ ਕਿਹਾ ਵੀ ਸੀ ਕਿ ਅਸੀਂ ਜੋ ਸ਼ਸਤ੍ਰ ਪਕੜਨੇ ਹੈਨਿ, ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ। ਸਮਾਂ ਕਲਜੁਗ ਦਾ ਵਰਤਣਾ ਹੈ, ਸ਼ਸਤ੍ਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਅਤੇ ਸ਼ਬਦ ਦੀ ਪੀਰੀ ਕਰ ਪੀਰ ਦੀ ਪੀਰੀ।

ਦੋ ਤਲਵਾਰਾਂ ਬੱਧੀਆਂ:

ਤਖ਼ਤ 'ਤੇ ਬੈਠਣ ਵੇਲੇ ਗੁਰੂ ਹਰਿਗੋਬਿੰਦ ਜੀ ਨੂੰ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਪਹਿਨਾਈਆਂ ਅਤੇ ਆਪ ਜੀ ਨੇ ਵੀ ਹੁਕਮ ਕੀਤਾ ਕਿ ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਤੇ ਚੰਗੀ ਜਵਾਨੀ ਹੈ। ਵਹੀਰਾਂ ਘਤ ਕੇ ਲੋਕੀਂ ਮਹਾਰਾਜ ਪਾਸ ਜ਼ਿੰਦਗੀਆਂ ਘੋਲ ਘੁਮਾਉਣ

ਲਈ ਆਏ। ਕਿਸੇ ਸਿੱਖ ਦੀ ਕੋਈ ਮੰਗ ਜਾਂ ਖ਼ਾਹਿਸ਼ ਨਹੀਂ ਹੁੰਦੀ। ਸਿਰਫ ਇਤਨਾ ਕਹਿੰਦੇ ਕਿ ਦੋ ਵਕਤ ਦਾ ਪ੍ਰਸ਼ਾਦ ਤੇ ਛੇ ਮਹੀਨੇ ਬਾਅਦ ਇਕ ਕੁਰਤਾ ਬਖ਼ਸ਼ ਦੇਣਾ।

ਕਿਤਨੇ ਹੀ ਹਕੂਮਤ ਹੱਥੋਂ ਸਤਾਏ ਰਾਜਿਆਂ, ਸੂਬੇਦਾਰਾਂ ਵੀ ਗੁਰੂ ਸ਼ਰਨ ਲਈ। ਅੰਮ੍ਰਿਤਸਰ ਦੀ ਪਨਾਹ ਵੀ ਬਣਾਈ ਤੇ ਲੋਹਗੜ੍ਹ ਦਾ ਕਿਲ੍ਹਾ ਵੀ ਉਸਾਰਿਆ। ਢਾਡੀਆਂ ਨੂੰ ਗੁਰੂ ਜੀ ਨੇ ਯੋਧਿਆਂ ਦੀਆਂ ਵਾਰਾਂ ਗਾਉਣ ਦੇ ਹੁਕਮ ਦਿੱਤੇ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ:

੧੫ ਜੂਨ, ੧੬੦੬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਰੱਖੀ ਤੇ ਉਸਾਰੀ ਵੇਲੇ ਇਹ ਸੰਭਾਲ ਵਰਤੀ ਕਿ ਕਿਸੇ ਮਜ਼ਦੂਰ, ਮਿਸਤਰੀ ਜਾਂ ਤਰਖਾਣ ਦਾ ਹੱਥ ਨਾ ਲਗੇ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਆਪੂੰ ਛੇਵੇਂ ਪਿਤਾ ਨੇ ਉਸਾਰੀ ਕੀਤੀ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ:

ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁਢੇ ਔ ਗੁਰਦਾਸ ਬਨਾਯੋ।

(ਅਧਿਆਇ ਅੱਠਵਾਂ)

ਗ੍ਰਿਫ਼ਤਾਰੀ:

ਸੰਨ ੧੬੧੧ ਵਿੱਚ ਜਹਾਂਗੀਰ ਨੇ ਮੁਰਤਜ਼ਾ ਖਾਨ ਨੂੰ ਹੀ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਦੋਸ਼ ਇਹ ਸੀ ਕਿ ਉਨ੍ਹਾਂ ਅੰਮ੍ਰਿਤਸਰ ਦੀ ਪਨਾਹ, ਕਿਲ੍ਹਾ ਤੇ ਤਖ਼ਤ ਕਿਉਂ ਬਣਾਇਆ ਹੈ ਅਤੇ ਸੱਚਾ ਪਾਤਸ਼ਾਹ ਕਿਉਂ ਕਹਿਲਾਂਦੇ ਹਨ? ਹੁਕਮ ਤਾਂ ੧੨ ਸਾਲ ਗਵਾਲੀਅਰ ਰੱਖਣ ਦਾ ਸੀ ਪਰ ਮੀਆਂ ਮੀਰ, ਵਜ਼ੀਰ ਖ਼ਾਨ, ਮਹਾਬਤ ਖਾਨ ਦੀਆਂ ਕੋਸ਼ਿਸ਼ਾਂ ਅਤੇ ਨੂਰ ਜਹਾਨ ਦੇ ਕਹਿਣ 'ਤੇ ਆਪ ਜੀ ਨੂੰ ਡੇਢ ਸਾਲ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ। ਆਪ ਜੀ ਨੇ ਵੀ ਤਦ ਤਕ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ, ਜਦ ਤਕ ਬੇਦੋਸ਼ੇ ਪਕੜੇ ਮ੨ ਰਾਜੇ ਰਿਹਾਅ ਨਾ ਕੀਤੇ ਗਏ। ਆਪ ਜੀ ਦੇ ਕਲੀਆਂ ਵਾਲੇ ਚੋਲੇ ਦੀਆਂ ਕਲੀਆਂ ਪਕੜ ਕੇ ਰਾਜਿਆਂ ਰਿਹਾਈ ਪਾਈ। ਮੀਰੀ-ਪੀਰੀ ਦਾ ਮਾਲਕ ਬੰਦੀ-ਛੋੜ ਦਾਤਾ ਵੀ ਕਹਿਲਾਇਆ।

ਪ੍ਰਚਾਰ ਫੇਰੀ:

ਹਾਲਾਤ ਕੁਝ ਸੁਖਾਵੇਂ ਹੋਣ ਕਾਰਨ ਆਪ ਜੀ ਪਹਿਲਾਂ ਕਸ਼ਮੀਰ, ਮਾਈ ਭਾਗ ਭਰੀ ਦੇ ਪ੍ਰੇਮ ਦੇ ਖਿਚੇ ਹੋਏ ਗਏ ਤੇ ਫਿਰ ਨਾਨਕਮਤਾ ਜਾਣਾ ਪਿਆ ਕਿਉਂਕਿ ਇਤਿਹਾਸਕ ਪਿੱਪਲ ਨੂੰ ਕੁਝ ਦੋਖੀਆਂ ਅੱਗ ਲਗਾ ਦਿੱਤੀ ਸੀ। ਆਪ ਜੀ ਦੇ ਪੁਜਦੇ ਹੀ ਦੋਸ਼ੀ ਨੱਠ ਗਏ। ਛੇਤੀ ਹੀ ਮੁੜ ਪਿੱਪਲ ਵੀ ਹਰਾ ਭਰਾ ਹੋਇਆ। ਕਸ਼ਮੀਰ ਵਲ ਜਾਂਦੇ ਗੁਜਰਾਤ ਦੇ ਸ਼ਾਹ ਦਉਲਾ ਨੇ ਜਦ ਗ੍ਰਿਹਸਥ ਤੇ ਲਾਉ ਲਸ਼ਕਰ ਨਾਲ ਦੇਖ ਸ਼ੰਕਾ ਪ੍ਰਗਟ ਕੀਤਾ ਤਾਂ ਆਪ ਜੀ ਨੇ, 'ਔਰਤ ਈਮਾਨ, ਦੌਲਤ

ਗੁਜ਼ਰਾਨ, ਪੁੱਤਰ ਨਿਸ਼ਾਨ' ਕਹਿ ਕੇ ਉਸ ਦੀ ਤਸੱਲੀ ਕਰਾਈ।

ਇਸੇ ਤਰ੍ਹਾਂ ਜਦ ਸ੍ਰੀ ਨਗਰ ਵਿਖੇ ਮਹਾਂਰਾਸ਼ਟਰ ਦੇ ਸਮਰਥ ਰਾਮਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਥਿਆਰ ਨਾਲ ਲੈਸ ਦੇਖ ਅੱਖਾਂ ਝਪਕੀਆਂ ਤਾਂ ਆਪ ਜੀ ਨੇ ਕਿਹਾ:

ਬਾਤਨ ਫਕੀਰੀ।
ਜ਼ਾਹਰ ਅਮੀਰੀ।
ਸ਼ਸਤਰ ਗਰੀਬ ਕੀ ਰਖਿਆ।
ਜਰਵਾਨੇ ਕੀ ਭਖਿਆ ਕੇ ਲੀਏ ਪਕੜੇ ਹੈਨਿ।
ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਮਾਇਆ ਤਿਆਗੀ ਥੀ।

ਇਸੇ ਸਮਰਥ ਰਾਮਦਾਸ ਨੇ ਸ਼ਿਵਾ ਜੀ ਨੂੰ ਜਾ ਕੇ ਸੁਤੰਤਰਤਾ ਵਿੱਚ ਵਿਚਰਨ ਲਈ ਪ੍ਰੇਰਿਆ ਸੀ।

ਬਿਬੇਕਸਰ ਦੀ ਉਸਾਰੀ:

ਸੰਨ ੧੬੨੨ ਵਿੱਚ ਸਿੱਖ ਫ਼ੌਜਾਂ ਦੀ ਛਾਵਣੀ ਹਿਤ ਬਿਬੇਕਸਰ ਦਾ ਸਰੋਵਰ ਸ੍ਰੀ ਅੰਮ੍ਰਿਤਸਰ ਵਿਖੇ ਬਣਵਾਇਆ। ਭਾਈ ਗੁਰਦਾਸ ਜੀ ਨੇ ਬਿਬੇਕਸਰ ਦੀ ਨੀਂਹ ਰੱਖੀ। ਸ਼ਾਮ ਨੂੰ ਆਪੂੰ ਗੁਰੂ ਜੀ ਉਥੇ ਆ ਸਿੱਖਾਂ ਨਾਲ ਬਿਬੇਕ ਦੀਆਂ ਵਿਚਾਰਾਂ ਕਰਦੇ ਤਾਂ ਕਿ ਸੁਰਤਾਂ ਉਚੀਆਂ ਰਹਿਣ।

ਕੀਰਤਪੁਰ ਦੀ ਨੀਂਹ:

ਗੁਰੂ ਹਰਿਗੋਬਿੰਦ ਜੀ ਦੇਖ ਰਹੇ ਸਨ ਕਿ ਤੁਅੱਸਬ ਦੀ ਨੀਤੀ ਫਿਰ ਸਿਰ ਉਠਾ ਰਹੀ ਹੈ, ਸੋ ਲਾਂਭੇ ਕੋਈ ਟਿਕਾਣਾ ਬਣਾਉਣ ਦੀ ਲੋੜ ਹੈ। ਪਹਾੜੀ ਰਾਜੇ ਵੀ ਬੇਨਤੀਆਂ ਕਰ ਰਹੇ ਸਨ। ਪਹਾੜੀ ਰਾਜੇ ਹੰਢੂਰ ਦੀ ਜੂਹ ਅੱਛੀ ਜਾਣ ਕੇ ਆਪ ਜੀ ਨੇ ਬਾਬਾ ਗੁਰਦਿਤਾ ਜੀ ਨੂੰ ੧੬੨੭ ਦੇ ਆਰੰਭ ਵਿੱਚ ਨੀਂਹ ਰੱਖਣ ਲਈ ਕਿਹਾ। ਕੀਰਤਪੁਰ ਦੇ ਇਕ ਪਾਸੇ ਸਰਸਾ ਸ਼ੂਕਦੀ ਹੈ, ਦੂਜੇ ਪਾਸੇ ਸਤਲੁਜ, ਤੀਜੇ ਪਾਸੇ ਪਹਾੜ ਤੇ ਚੌਥੀ ਤਰਫ਼ ਜੰਗਲ ਹਨ।

ਜਹਾਂਗੀਰ ਦਾ ਦੇਹਾਂਤ ਤੇ ਪਹਿਲੀ ਜੰਗ:

ਜਹਾਂਗੀਰ ਦਾ ਦੇਹਾਂਤ ਨਵੰਬਰ, ੧੬੨੭ ਨੂੰ ਹੋ ਗਿਆ। ਨੂਰ ਜਹਾਨ ਨੇ ਸ਼ਹਿਰਯਾਰ ਨੂੰ ਤਖ਼ਤ 'ਤੇ ਬਿਠਾਲਣਾ ਚਾਹਿਆ ਪਰ ਉਹ ਸਫਲ ਨਾ ਹੋ ਸਕੀ। ਖੁੱਰਮ ਫਰਵਰੀ ੮, ੧੬੨੮ ਨੂੰ ਆਗਰੇ ਵਿਖੇ ਸ਼ਾਹਜਹਾਨ ਦਾ ਨਾਂ ਰੱਖ ਕੇ ਤਖ਼ਤ 'ਤੇ ਬੈਠਾ ਤੇ ਇਹ ਐਲਾਨ ਕੀਤਾ ਕਿ ਇਸਲਾਮ ਤੋਂ ਸਿਵਾ ਕਿਸੇ ਨੂੰ ਧਰਮ ਪ੍ਰਚਾਰ ਕਰਨ ਦਾ ਹੱਕ ਨਹੀਂ।

ਇਸੇ ਦੌਰਾਨ ਅੰਮ੍ਰਿਤਸਰ ਨੇੜੇ ਹੀ ਸ਼ਾਹੀ ਫ਼ੌਜਾਂ ਤੇ ਸਿੱਖਾਂ ਵਿੱਚ ਇਕ ਬਾਜ਼ ਕਾਰਨ ਝੜਪ

ਹੋ ਗਈ ਤੇ ਮੁਖਲਿਸ ਖਾਨ ੧੬੨੯ ਵਿੱਚ ਫੌਜਾਂ ਚੜ੍ਹਾ ਲਿਆਇਆ। ਉਸ ਦੀਆਂ ਫ਼ੌਜਾਂ ਨੂੰ ਹਾਰ ਹੋਈ ਤੇ ਦੋਖੀਆਂ ਨੇ ਖੂਬ ਵਧਾ-ਚੜ੍ਹਾ, ਮੁਗ਼ਲ ਸਰਕਾਰ ਨੂੰ ਲਿਖਿਆ।

ਦੂਜੀ ਜੰਗ:

ਨਗਰ ਹਰਿਗੋਬਿੰਦਪੁਰ ਦੇ ਹੀ ਭਗਵਾਨ ਦਾਸ ਨੇ ਜਦ ਭਰੇ ਦੀਵਾਨ ਵਿਚ ਕੁਬੋਲ ਬੋਲੇ ਤੇ ਸਿੱਖਾਂ ਨਾਲ ਜਲੰਧਰ ਦੇ ਫ਼ੌਜਦਾਰ ਅਬਦੁਲ ਖਾਨ ਦੀ ਸ਼ਹਿ 'ਤੇ ਝਗੜਾ ਕਰਨ ਦਰਬਾਰ ਵਿਚ ਆ ਪਹੁੰਚਿਆ ਤਾਂ ਝੜਪ ਵਿੱਚ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਨੇ ਰਕਮ ਦੇ ਕੇ ਫੌਜਦਾਰ ਅਬਦੁਲਾ ਨੂੰ ਚੜ੍ਹਾ ਲਿਆਂਦਾ, ਦੋਵੇਂ ਹੀ ਜੰਗ ਵਿੱਚ ਮਾਰੇ ਗਏ। ਸ਼ਾਹਜਹਾਨ ਪਾਸ ਸ਼ਿਕਾਇਤਾਂ ਪੁੱਜੀਆਂ ਤਾਂ ਉਸ ਨੇ ਅਬਦੁੱਲਾ ਦੀ ਸਾਰੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਭੇਜਿਆ ਕਿਉਂਕਿ ਉਸ ਨੇ ਲਾਲਚ ਵਿੱਚ ਹਮਲਾ ਕੀਤਾ ਸੀ।

ਤੀਜੀ ਜੰਗ:

ਕਾਬਲ ਦੀ ਸੰਗਤ ਵੱਲੋਂ ਦੋ ਘੋੜੇ ਮਹਾਰਾਜ ਲਈ ਜਦ ਭਾਈ ਸਾਧ ਜੀ ਲਿਆ ਰਹੇ ਸਨ ਤਾਂ ਲਾਹੌਰ ਦੇ ਨਵਾਬ ਅਨਾਇਤਉੱਲਾ ਦੀ ਹਦਾਇਤ 'ਤੇ ਲਲਾ ਬੇਗ ਜੋ ਨਕਸ਼ਬੰਦੀ ਸੀ, ਨੇ ਖੋਹ ਲਏ। ਬਾਬਾ ਬਿਧੀ ਚੰਦ ਪਹਿਲਾਂ ਘਾਹੀ ਤੇ ਫਿਰ ਨਜੂਮੀ ਬਣ ਕੇ ਦੋਵੇਂ ਘੋੜੇ, ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਏ ਤਾਂ ਲਲਾ ਬੇਗ ਫ਼ੌਜ ਚੜ੍ਹਾ ਲਿਆਇਆ। ਨਥਾਣਾ ਮਹਿਰਾਜ ਲਾਗੇ ਜੰਗ ਹੋਈ ਤੇ ਲਲਾ ਬੇਗ ਤੇ ਕਮਰ ਬੇਗ ਦੋਵੇਂ ਹੀ ਜੰਗ ਵਿੱਚ ਮਾਰੇ ਗਏ।

ਚੌਥੀ ਜੰਗ:

ਕਰਤਾਰਪੁਰ ਦੇ ਅਸਥਾਨ 'ਤੇ ਗੁਰੂ ਜੀ ਦਾ ਪਾਲਿਆ ਪੈਂਦੇ ਖਾਨ ਸ਼ਾਹੀ ਫ਼ੌਜਾਂ ਨਾਲ ਜਾ ਰਲਿਆ ਤੇ ਮੁਖਲਿਸ ਖਾਨ ਦੇ ਭਰਾ ਕਾਲੇ ਖਾਂ ਅਤੇ ਜਲੰਧਰ ਦੇ ਫ਼ੌਜਦਾਰ ਕੁਤਬਦੀਨ ਸਮੇਤ ਹਮਲਾਵਰ ਹੋਇਆ। ਤਿੰਨਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਪੈਂਦੇ ਖਾਨ ਨੂੰ ਗੁਰੂ ਜੀ ਨੇ ਆਪਣੀ ਢਾਲ ਨਾਲ ਛਾਂ ਕੀਤੀ ਅਤੇ ਕਿਹਾ, "ਤੇਰਾ ਅੰਤ ਸਮਾਂ ਹੈ ਕਲਮਾ ਪੜ੍ਹ।" ਉਸ ਇਤਨਾ ਆਖ ਕਿ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਹੈ, ਪ੍ਰਾਨ ਤਿਆਗ ਦਿੱਤੇ। ਇਸ ਜੰਗ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਕੁਲ ਆਯੂ ੧੪ ਸਾਲ ਦੀ ਸੀ। ਉਨ੍ਹਾਂ ਤੇਗ ਦੇ ਉਹ ਕਮਾਲ ਦਿਖਲਾਏ ਕਿ ਗੁਰੂ-ਪਿਤਾ ਨੇ ਅਸੀਸਾਂ ਦਿੱਤੀਆਂ।

ਕੀਰਤਪੁਰ ਟਿਕਾਣਾ:

ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਜੰਗ ਉਪਰੰਤ ਕੀਰਤਪੁਰ ਹੀ ਜਾ ਟਿਕੇ ਤੇ ਸਿੱਖੀ ਨੂੰ ਸੰਗਠਤ ਕਰਨ ਵਿੱਚ ਜੁਟੇ ਰਹੇ। ੩ ਮਾਰਚ, ੧੬੪੪ ਨੂੰ ਆਪ ਜੀ ਗੁਰਗੱਦੀ ਦੀ ਜ਼ਿੰਮੇਵਾਰੀ

ਆਪਣੇ ਪੋਤਰੇ ਗੁਰੂ ਹਰਿਰਾਏ ਜੀ ਨੂੰ ਦੇ ਕੇ ਜੋਤੀ-ਜੋਤ ਸਮਾ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤ ਸਮਾਉਣ ਨੂੰ ਇਤਿਹਾਸਕਾਰ ਲਤੀਫ ਕੌਮੀ ਕਹਿਰ (National Calamity) ਕਹਿੰਦਾ ਹੈ। ਮੁਹਸਨਫਾਨੀ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਜੀ ਨਾਲ ਸੰਗਤਾਂ ਇਤਨਾ ਪਿਆਰ ਕਰਦੀਆਂ ਸਨ ਕਿ ਲੋਕੀਂ ਜ਼ਿੰਦ ਵਾਰਨ ਤੋਂ ਵੀ ਨਹੀਂ ਸਨ ਝਿਜਕਦੇ ਅਤੇ ਗੁਰੂ ਜੀ ਸਿੱਖ ਦਾ ਮੂੰਹ ਗੁਰੂ ਦੀ ਗੋਲਕ ਕਹਿੰਦੇ ਅਤੇ 'ਸਿੱਖ ਸਮਾਨ ਔਰ ਨਹੀਂ ਨਾਤਾ' ਫੁਰਮਾਇਆ ਕਰਦੇ ਸਨ। ਨਿਮਰਤਾ ਇਤਨੀ ਕਿ ਬਾਬਾ ਅਨੰਦ ਜੀ ਜਦ ਦਰਸ਼ਨ ਨੂੰ ਆਏ ਤਾਂ ਪਾਲਕੀ ਨੂੰ ਅੱਗੇ ਹੋ ਕੇ ਮੋਢਾ ਦਿੱਤਾ। ਉਪਰਾਮ ਇਤਨੇ ਕਿ ਬਾਬਾ ਅਟੱਲ ਜੀ ਦੇ ਗੁਜ਼ਰਨ 'ਤੇ ਅਥਰੂ ਤਕ ਨਾ ਵਗਾਏ ਤੇ ਫੁਰਮਾਇਆ:

ਮਿਲਬੇ ਤੇ ਹਰਖਹਿ ਨ ਗਿਆਨੀ।
ਬਿਛੁਰੇ ਸੋਕ ਨ ਦੁਖ ਕੋ ਜਾਨੀ।

ਪਰ ਮਨੁੱਖੀ ਹਿਰਦੇ ਨਾਲ ਸਰਸ਼ਾਰ ਇਤਨੇ ਕਿ ਬਾਬਾ ਬੁੱਢਾ ਜੀ ਦੇ ਅਕਾਲ ਚਲਾਣਾ ਵੇਲੇ ਨੈਣ ਭਰ ਆਏ ਤੇ ਸਾਈਂ ਦਾਸ ਦੇ ਗੁਜ਼ਰਨ ਵੇਲੇ ਕਿਹਾ:

ਬਸਿਬੋ ਇਸ ਥਲ ਮੋਹਿ ਨ ਭਾਵੈ।
ਸਾਂਈਂ ਦਾਸ ਦ੍ਰਿਸ਼ਟਿ ਨ ਆਵੈ।

ਜਰਨੈਲ ਇਤਨੇ ਕਿ ਆਪਣੀ ਹੱਥੀਂ ਹੀ ਸਭ ਹਮਲਾਵਰਾਂ ਨੂੰ ਮੈਦਾਨ-ਏ-ਜੰਗ ਵਿੱਚ ਮਾਰ ਮੁਕਾਇਆ ਪਰ ਸਹਜ ਇਤਨਾ ਕਿ ਮਜ਼ਾਲ ਕੀ ਮੱਥੇ 'ਤੇ ਸ਼ਿਕਨ (ਵਟ-ਵਲ) ਤਕ ਆਏ। ਆਪ ਜੀ ਕਹਿੰਦੇ ਸਨ ਕਿ ਗੁੱਸਾ, ਬਦਲੇ ਤੇ ਰੋਹ ਵਿੱਚ ਤਲਵਾਰ ਚਲਾਣੀ ਨਿੰਦਨੀਯ ਤੇ ਅਧਰਮ ਹੈ।

ਬਸ ਇਹ ਹੀ ਕਹਿਣਾ ਫੱਬਦਾ ਹੈ ਕਿ ਉਨ੍ਹਾਂ ਵਰਗਾ ਕੋਈ ਜੋਧਾ ਨਹੀਂ, ਕੋਈ ਪਰਉਪਕਾਰੀ ਨਹੀਂ। ਉਨ੍ਹਾਂ ਵਰਗਾ ਫਕੀਰ ਨਹੀਂ, ਜਿਨ੍ਹਾਂ ਪਾਸ ਦੁਨੀਆਂ ਭਰ ਦੇ ਫਕੀਰ ਆ, ਖੁਦਾ ਦੇ ਦਰ ਦੀਆਂ ਚਾਬੀਆਂ ਹਾਸਲ ਕਰਦੇ। ਮੀਆਂ ਮੀਰ ਉਨ੍ਹਾਂ ਨੂੰ 'ਮਹਿਬੂਬ ਇਲਾਹੀ' ਕਹਿੰਦਾ ਸੀ। ਹਰ ਸਿੱਖ ਉਨ੍ਹਾਂ ਪਾਸ ਆ ਵਡਭਾਗੀ ਹੋ ਗਿਆ ਤੇ ਦ੍ਰਿੜ੍ਹ ਵਿਸ਼ਵਾਸੀ ਇਤਨਾ ਕਿ ਮੌਤ ਨੂੰ ਵੀ ਮਖੌਲ ਕਰਨ ਲਗ ਪਿਆ। ਅਕੀਦਾ ਇਹ ਕਿ ਹਰ ਗੁਰੂ ਦਾ ਸਿੱਖ ਸਿੱਧਾ ਜਨਤ ਨੂੰ ਜਾਂਦਾ ਹੈ। ਯਥਾ-

ਅਕੀਦਾ-ਇ-ਸਿਖਾਂ ਆ ਅਸਲ ਕਿ ਮੁਰੀਦਾਨੇ ਗੁਰੂ ਬ ਬਹਿਸ਼ਤ ਰਵੰਦ।

(ਦਬਿਸਤਾਨ-ਏ-ਮਜ਼ਾਹਿਬ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ

(੧) ਨਿਰਵੈਰਤਾ

(ੳ) ਪੈਂਦੇ ਖਾਂ ਪੰਦਰਾਂ-ਸੋਲ੍ਹਾਂ ਸਾਲਾਂ ਦਾ ਗੱਭਰੂ ਸੀ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਸੰਨ ੧੬੧੩ ਵਿਚ ਨੌਕਰ ਰੱਖਿਆ ਅਤੇ ਉਸ ਉਤੇ ਬੇਅੰਤ ਮੇਹਰਬਾਨੀਆਂ ਕਰਦੇ ਰਹੇ। ਸੰਨ ੧੬੨੮ ਦੀ ਇਕੋ ਲੜਾਈ ਵਿਚ ਪੈਂਦੇ ਖਾਂ ਨੇ ਖਾਧੇ ਲੂਣ ਦਾ ਹੱਕ ਦਿੱਤਾ, ਫਿਰ ਅਹੰਕਾਰੀ ਹੋ ਗਿਆ। ਸਤਿਗੁਰੂ ਜੀ ਨੇ ਉਸ ਨੂੰ ਉਸ ਦੇ ਪਿੰਡ ਭੇਜ ਦਿੱਤਾ, ਪਰ ਉਸ ਦੀ ਤਨਖ਼ਾਹ ਕਾਇਮ ਰੱਖੀ। ਆਖ਼ਰ ੧੬੩੪ ਵਿੱਚ ਆਪਣੀ ਵਹੁਟੀ ਅਤੇ ਜਵਾਈ ਦੇ ਕਹੇ, ਸਤਿਗੁਰੂ ਜੀ ਦੀਆਂ ੨੧ ਸਾਲਾਂ ਦੀਆਂ ਸਭ ਮੇਹਰਬਾਨੀਆਂ ਭੁਲਾ ਕੇ, ਪੈਂਦੇ ਖਾਂ ਬੇ-ਵਫ਼ਾ ਹੋ ਗਿਆ। ਬੇ-ਵਫ਼ਾ ਭੀ ਇਤਨਾ ਕਿ ਲਾਹੌਰ ਦੇ ਸੂਬੇਦਾਰ ਤੋਂ ਫ਼ੌਜ ਲੈ ਕੇ ਚੜ੍ਹ ਆਇਆ। ਆਪਣੀ ਹੱਥੀਂ ਸਤਿਗੁਰੂ ਜੀ ਉਤੇ ਵਾਰ ਕੀਤਿਓਸੁ। ਵਾਰ ਖ਼ਾਲੀ ਜਾਣ 'ਤੇ ਸਤਿਗੁਰੂ ਜੀ ਉਸਨੂੰ ਹੱਸ ਕੇ ਹੀ ਆਖਦੇ ਰਹੇ, "ਪੈਂਦੇ ਖਾਂ! ਤੈਨੂੰ ਇਤਨੀ ਸ਼ਸਤ੍ਰ-ਵਿੱਦਿਆ ਸਿਖਾਈ ਸੀ, ਪਰ ਅੱਜ ਇਕ ਭੀ ਹੁਨਰ ਨਾ ਵਿਖਾ ਸਕਿਓਂ।" ਜਦੋਂ ਆਖ਼ਰ ਪੈਂਦੇ ਖਾਂ ਜ਼ਖ਼ਮੀ ਹੋ ਕੇ ਡਿੱਗਾ ਤਾਂ ਸਤਿਗੁਰੂ ਜੀ ਨੇ ਆਪਣੀ ਢਾਲ ਨਾਲ ਉਸ ਦੇ ਮੂੰਹ ਉਤੇ ਛਾਂ ਕੀਤੀ ਅਤੇ ਉਸ ਦੀ ਸਾਰੀ ਬੇ-ਵਫ਼ਾਈ ਭੁਲਾ ਕੇ ਰਣਭੂਮੀ ਵਿੱਚ ਹੀ ਉਸ ਦੀ ਵਿਛੜਦੀ ਰੂਹ ਵਾਸਤੇ ਪ੍ਰਭੂ-ਚਰਨਾਂ ਵਿੱਚ ਅਰਦਾਸ ਕੀਤੀ।

(ਅ) ਲਾਹੌਰ ਦੇ ਸੂਬੇਦਾਰ ਨੇ ਕਾਲੇ ਖਾਂ ਦੀ ਕਮਾਨ ਹੇਠ ਫ਼ੌਜ ਭੇਜੀ ਸੀ। ਜਦੋਂ ਪੈਂਦੇ ਖਾਂ ਮਾਰਿਆ ਗਿਆ ਤਾਂ ਕਾਲੇ ਖਾਂ ਨੇ ਸਤਿਗੁਰੂ ਜੀ ਨੂੰ ਲਲਕਾਰਿਆ। ਕਾਲੇ ਖਾਂ ਬੜੇ ਰੋਹ ਵਿਚ ਆ ਕੇ ਵਾਰ ਕਰਨ ਲੱਗਾ, ਪਰ ਸਤਿਗੁਰੂ ਜੀ ਹੱਸਦੇ-ਮੱਥੇ ਹੀ ਵਾਰ ਰੋਕਦੇ ਗਏ। ਜਦੋਂ ਉਸ ਦਾ ਤੀਜਾ ਵਾਰ ਭੀ ਖ਼ਾਲੀ ਹੋ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਹੱਸ ਕੇ ਉਸ ਨੂੰ ਆਖਿਆ "ਕਾਲੇ ਖਾਂ! ਜਿਵੇਂ ਤੂੰ ਤਲਵਾਰ ਚਲਾਂਦਾ ਹੈਂ, ਉਸ ਤਰ੍ਹਾਂ ਨਹੀਂ ਚਲਾਈਦੀ, ਵਾਰ ਇਉਂ ਕਰੀਦਾ ਹੈ।", ਇਹ ਆਖ ਕੇ ਇਕੋ ਹੀ ਵਾਰ ਨਾਲ ਕਾਲੇ ਖਾਂ ਦੇ ਦੋ ਟੋਟੇ ਕਰ ਦਿੱਤੇ ਨੇ। 'ਦਬਿਸਤਾਨ-ਮਜ਼ਾਹਬ' ਦਾ ਲਿਖਾਰੀ ਮੁੱਲਾਂ ਮੁਹਸਨ ਫ਼ਾਨੀ ਇਸ ਜੰਗ ਦਾ ਹਾਲ ਲਿਖਦਾ ਹੋਇਆ ਆਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਕਿਸੇ ਵੈਰ ਜਾਂ ਕ੍ਰੋਧ ਵਿਚ ਆ ਕੇ ਤਲਵਾਰ ਨਹੀਂ ਸਨ ਚਲਾ ਰਹੇ। ਸਗੋਂ ਇਉਂ ਜਾਪਦਾ ਸੀ ਕਿ ਜਿਵੇਂ ਕਿਸੇ ਸ਼ਾਗਿਰਦ ਨੂੰ ਤਲਵਾਰ ਚਲਾਉਣ ਦੀ ਜਾਚ ਸਿਖਾ ਰਹੇ ਸਨ।

(੨) ਗਰੀਬਾਂ ਨਾਲ ਸ਼ਖ਼ਸੀ ਪਿਆਰ

ਸਮੁੱਚੇ ਤੌਰ 'ਤੇ ਤਾਂ ਸ਼ੁਰੂ ਤੋਂ ਹੀ ਗਰੀਬਾਂ ਨੂੰ ਉੱਚਾ ਕਰਨਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਆਦਰਸ਼ ਸੀ। ਹਰੇਕ ਗੁਰ-ਵਿਅਕਤੀ ਨੇ ਅਨੇਕਾਂ ਕਸ਼ਟ ਇਸ ਆਦਰਸ਼ ਦੀ ਖ਼ਾਤਰ ਸਹਾਰੇ। ਪਰ ਗਰੀਬਾਂ ਨਾਲ ਸ਼ਖ਼ਸੀ ਨੇਹੁੰ ਦੀਆਂ ਝਾਕੀਆਂ, ਸ਼ਖ਼ਸੀ ਜੀਵਨ ਵਿੱਚ ਹੁਲਾਰੇ ਲਿਆਉਂਦੀਆਂ ਹਨ। ਬਾਹਰੋਂ ਦੋ-ਖੰਡੇ ਧਾਰੀ ਦਿੱਸਦਾ ਬੀਰ ਗੁਰੂ ਅੰਦਰੋਂ ਕਿਸੇ ਗਰੀਬ ਦੀ ਨਿੱਕੀ ਜਿਹੀ ਪਿਆਰ-ਹੱਦ 'ਤੇ ਹੀ ਧੂਹਿਆ ਜਾਂਦਾ ਸੀ।

(ੳ) ਸੰਨ ੧੬੧੬-੧੭ ਵਿਚ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਗਏ। ਸਿਰੀ ਨਗਰ ਵਿਚ ਇਕ ਗਰੀਬ ਬ੍ਰਾਹਮਣ ਸਾਈਂ ਦਾਸ ਅਤੇ ਉਸ ਦੀ ਮਾਂ ਭਾਗਭਰੀ ਰਹਿੰਦੇ ਸਨ। ਮਾਈ ਭਾਗਭਰੀ ਬਹੁਤ ਹੀ ਬਿਰਧ ਹੋ ਚੁੱਕੀ ਸੀ। ਗ਼ਰੀਬਣੀ ਨੇ ਆਪਣੀ ਹੱਥੀਂ ਸੂਤ ਕੱਤ ਕੇ ਖੱਦਰ ਦਾ ਇਕ ਕੁੜਤਾ ਆਪਣੇ ਦਿਲ ਦੇ ਪਾਤਿਸ਼ਾਹ ਸਤਿਗੁਰੂ ਵਾਸਤੇ ਬਣਾਇਆ ਹੋਇਆ ਸੀ ਤੇ ਦਿਲ ਵਿੱਚ ਹੀ ਅਰਦਾਸਾਂ ਕਰਿਆ ਕਰਦੀ ਸੀ-"ਪਾਤਿਸ਼ਾਹ! ਮੈਂ ਬਿਰਧ ਹਾਂ ਤੇ ਗਰੀਬਣੀ ਹਾਂ। ਤੂੰ ਜਾਣਦਾ ਹੈਂ ਮੈਂ ਅੰਮ੍ਰਿਤਸਰ ਤੇਰੇ ਦਰਬਾਰ ਅੱਪੜਨ ਜੋਗੀ ਨਹੀਂ ਹਾਂ। ਇਹ ਕੁੜਤਾ ਗ਼ਰੀਬਣੀ ਦਾ ਕਬੂਲ ਕਰ। ਵੇਖੀਂ! ਮੇਰੀ ਸੱਧਰ ਮੇਰੇ ਦਿਲ ਵਿਚ ਹੀ ਨਾ ਰਹਿ ਜਾਏ, ਮੇਰੇ ਦਿਨ ਮੁੱਕ ਰਹੇ ਹਨ। ਪਾਤਿਸ਼ਾਹ! ਆ ਅਤੇ ਮੇਰੀ ਨਿਮਾਣੀ ਦੀ ਇਹ ਭੇਟ ਕੁੜਤਾ ਗਲ ਪਾ ਕੇ ਵਿਖਾ।"

ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਗਏ। ਗਏ ਤਾਂ ਸਨ ਗਿਲ੍ਹਟੀ-ਤਾਪ ਦਾ ਸ਼ਿਕਾਰ ਹੋਏ ਗ਼ਰੀਬਾਂ ਦੇ ਦੁੱਖ ਵੰਡਣ ਪਰ ਮਾਈ ਭਾਗਭਰੀ ਦੀ ਸੱਦ ਭੀ ਧੂਹ ਪਾ ਰਹੀ ਸੀ। ਨਗਰ ਪਹੁੰਚੇ, ਦੋ-ਦੋ ਮੰਜ਼ਲਾਂ ਦੀ ਇਕ-ਇਕ ਕਰਕੇ ਮਾਈ ਭਾਗ ਭਰੀ ਦਾ ਸੀਤਾ ਹੋਇਆ ਕੁੜਤਾ ਪਾਇਓ ਨੇ। ਕਿੱਥੇ ਇਕ ਗਰੀਬਣੀ ਦਾ ਖੱਦਰ ਦਾ ਕੁੜਤਾ ਤੇ ਕਿੱਥੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ? ਇਸ ਹੁਲਾਰੇ ਨੂੰ ਉਹ ਗ਼ਰੀਬ ਹੀ ਸਮਝ ਸਕਦਾ ਹੈ ਜਿਸ ਦੀ ਭੇਟ ਸ਼ਹਿਨਸ਼ਾਹ ਨੇ ਕਬੂਲ ਕੀਤੀ ਹੋਵੇ।

(ਅ) ਸੰਨ ੧੬੩੦-੩੧ ਵਿਚ ਗੁਰੂ ਹਰਿਗੋਬਿੰਦ ਸਾਹਿਬ ਡਰੋਲੀ ਗਏ ਹੋਏ ਸਨ। ਉਹ ਸਾਰੇ ਇਲਾਕੇ ਦੇ ਪਿੰਡਾਂ ਵਿੱਚ ਭੀ ਜਾਂਦੇ ਸਨ। ਧਾਰਮਕ ਅਤੇ ਰਾਜਸੀ ਗੁਲਾਮੀ ਹੇਠ ਦੱਬਿਆਂ ਨੂੰ ਮਨੁੱਖਤਾ ਦਾ ਸੁਨੇਹਾ ਦੱਸ ਕੇ ਨਵੀਂ ਜਿੰਦ ਬਖ਼ਸ਼ਦੇ ਸਨ। ਡਰੋਲੀ ਤੋਂ ਵੀਹ ਪੰਝੀ ਮੀਲਾਂ ਦੀ ਵਿੱਥ 'ਤੇ ਪਿੰਡ ਕਲਾਨੀ ਵਿਚ ਇਕ ਗ਼ਰੀਬ ਸਿੱਖ ਭਾਈ ਸਾਧੂ ਰਹਿੰਦਾ ਸੀ। ਸਾਧੂ ਨੂੰ ਜੀਵਨ-ਚਿਣਗ ਗੁਰੂ ਹਰਿਗੋਬਿੰਦ ਸਾਹਿਬ ਤੋਂ ਹੀ ਮਿਲੀ ਸੀ। ਸਾਧੂ ਅਤੇ ਉਸ ਦਾ ਪੰਦਰਾਂ-ਸੋਲਾਂ ਸਾਲਾਂ ਦਾ ਗੱਭਰੂ ਪੁੱਤਰ ਰੂਪ-ਇਹ ਦੋਵੇਂ ਹਰ ਰੋਜ਼ ਜੰਗਲ ਵਿਚ ਜਾ ਕੇ ਲੱਕੜਾਂ ਕੱਟਿਆ ਕਰਦੇ ਸਨ। ਇਹਨਾਂ ਦੀ ਆਜੀਵਕਾ ਦਾ ਵਸੀਲਾ ਸੀ। ਘਰੋਂ ਰੋਟੀ ਪਕਵਾ ਲੈਣੀ, ਪਾਣੀ ਦੀ ਟਿੰਡ ਭਰ ਲੈਣੀ, ਜੰਗਲ ਵਿਚ ਆ ਕੇ ਕਿਸੇ ਰੁੱਖ ਨਾਲ ਲਟਕਾ ਦੇਣੀ। ਕੰਮ-ਕਾਰ ਤੋਂ ਵਿਹਲੇ ਹੋ ਕੇ ਪਿਉ ਪੁੱਤਰ ਦੋਹਾਂ ਨੇ ਉਹ ਰੋਟੀ ਖਾਣੀ ਤੇ ਪਾਣੀ ਪੀਣਾ। ਇਹ ਨਿੱਤ ਦੀ ਕਾਰ ਸੀ। ਜੇਠ ਹਾੜ ਦੇ ਦਿਨ ਸਨ। ਇਕ ਦਿਨ ਦੁਪਹਿਰਾਂ ਵੇਲੇ ਟਿੰਡ ਨੂੰ ਹੱਥ ਲਾਇਓ ਨੇ, ਤਾਂ ਲੋਅ ਨਾਲ ਪਾਣੀ ਬਰਫ਼ ਵਰਗਾ। ਪਿਉ ਦੀ ਸੰਗਤ

ਵਿੱਚ ਰੂਪਾ ਭੀ ਗੁਰੂ-ਪ੍ਰੇਮ ਵਿਚ ਰੰਗਿਆ ਜਾ ਚੁਕਿਆ ਸੀ। ਦੋਹਾਂ ਦੇ ਅੰਦਰ ਤਾਰ ਜਿਹੀ ਖੜਕ ਗਈ ਕਿਹਾ-ਠੰਢਾ ਜਲ ਹੈ । ਕਿਉਂ ਨਾ ਪਹਿਲਾਂ ਗੁਰੂ-ਪਾਤਿਸ਼ਾਹ ਆਪ ਪੀਵੇ। ਇਸ਼ਕ ਦੀਆਂ ਖੇਡਾਂ ਨਿਆਰੀਆਂ। ਭੁਖ ਤ੍ਰੇਹ ਨਾਲ ਬਿਹਬਲ ਹੋਏ ਪਿਉ-ਪੁੱਤਰ ਪਾਤਿਸ਼ਾਹ ਨੂੰ ਸੱਦਣ ਲੱਗ ਪਏ। ਕੜਕਦੀ ਦੁਪਹਿਰ! ਘੋੜੇ ਉਤੇ ਕਾਠੀ ਪਵਾ ਕੇ ਭਾਈ ਸਾਈਂ ਦਾਸ ਦੇ ਹੈਰਾਨੀ ਨਾਲ ਵੇਂਹਦਿਆਂ-ਵੇਂਹਦਿਆਂ ਹਵਾ ਨਾਲ ਗੱਲਾਂ ਕਰਨ ਲੱਗ ਪਏ: ਤੁਕਲਾਨੀ ਦੀ ਜੂਹ ਵਿਚ ਪਹੁੰਚ ਕੇ ਗਰੀਬ ਆਸ਼ਕਾਂ ਦੀ ਸੱਧਰ ਪੂਰੀ ਕੀਤੀਓ ਨੇ। ਸਤਿਗੁਰੂ ਜੀ ਨੇ ਤਦੋਂ ਹੀ ਭਾਈ ਰੂਪਾ ਪਿੰਡ ਵਸਾਣ ਦਾ ਹੁਕਮ ਕੀਤਾ ਸੀ।

੬/੧੯੯੪

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ: ਨਵਾਂ ਨਿਰੋਆ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛਟਮ ਪੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਵੇਂ ਜੋਤਿ ਰੂਪ ਵਿਚ ਪ੍ਰਕਾਸ਼ਮਾਨ ਵੀ ਹਨ ਅਤੇ ਬਿਰਾਜਮਾਨ ਵੀ, ਪਰ ਬਾਣੀ-ਰਚਨਾ ਦੇ ਰੂਪ ਵਿਚ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਬਾਣੀ ਰਚਨਾ ਦਰਜ ਨਹੀਂ। (ਗੁਰੂ) ਹਰਿਗੋਬਿੰਦ ਸਾਹਿਬ ਦਾ ਨਾਮ ਘਟੋ ਘੱਟ ਤਿੰਨ-ਚਾਰ ਵਾਰੀ ਪ੍ਰਸੰਗਿਕ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਨਾਮ ਸਪੱਸ਼ਟ ਰੂਪ ਵਿੱਚ 'ਹਰਿਗੋਬਿੰਦ' ਜਾਂ 'ਹਰਿਗੋਵਿੰਦ' ਦੀ ਸ਼ਬਦ-ਬਣਤਰ ਵਿੱਚ ਵੀ ਆਇਆ ਹੈ ਅਤੇ ਵਿਰੋਧੀਆਂ ਵਲੋਂ ਮਾਰ-ਮੁਕਾਉਣ ਲਈ ਕੀਤੇ ਯਤਨਾਂ ਜਾਂ ਹਮਲਿਆਂ ਤੋਂ ਸੁਰੱਖਿਅਤ ਹੋ ਜਾਣ ਦੇ ਪ੍ਰਸੰਗ ਵਿੱਚ ਸੰਕੇਤ ਵਜੋਂ ਵੀ ਆਇਆ ਹੈ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ-ਪ੍ਰਕਾਸ਼ ਹੋਣ ਦੀ ਖੁਸ਼ੀ-ਪ੍ਰਸੰਨਤਾ ਵਿੱਚ ਅਕਾਲ ਪੁਰਖ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਥੇ ਸ਼ੁਕਰਾਨਾ-ਧੰਨਵਾਦ ਕਰਦੇ ਹਨ:

੧) ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥

(ਪੰਨਾ ੩੯੬)

੨) ਗੁਝੀ ਛੰਨੀ ਨਾਹੀ ਬਾਤ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ॥

(ਉਹੀ)

ਉਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ, ਪ੍ਰਕਾਸ਼ ਤੇ ਪ੍ਰਗਟ ਹੋਣ ਨਾਲ, ਘਰ ਪਰਿਵਾਰ ਵਿਚ '*ਮਿਟਿਆ ਸੋਗੁ*', '*ਮਹਾ ਅਨੰਦੁ ਥੀਆ*', '*ਸਖੀ ਅਨੰਦੁ ਗਾਵੈ*', '*ਵਧੀ ਵੇਲਿ*', '*ਬਹੁ-ਪੀੜੀ ਚਾਲੀ*' ਤੇ '*ਧਰਮ ਕਲਾ ਹਰਿ ਬੰਧਿ ਬਹਾਲੀ*' ਦੇ ਜਿਹੜੇ ਭਾਵ ਤੇ ਪ੍ਰਤੀਕਰਮ ਉਭਰੇ ਸਨ, ਇਹ ਵੀ ਸੰਕੇਤਕ ਰੂਪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੀ ਸੰਵਾਰੀ ਮੂਰਤ ਨੂੰ ਮੂਰਤੀਮਾਨ ਕਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੇਠਲਾ ਸ਼ਬਦ ਪ੍ਰਸੰਗਿਕ ਰੂਪ ਵਿੱਚ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਕਾਸ਼-ਵਾਰਤਾ ਨੂੰ ਪੇਸ਼ ਕਰਦਾ ਹੈ:

ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੈ ਮਨਿ ਬਹੁਤੁ ਬਿਗਾਸੁ॥੧॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥
ਸਾਚੇ ਸਾਹਿਬ ਕੈ ਮਨਿ ਭਾਵੈ॥੨॥
ਵਧੀ ਵੇਲਿ ਬਹੁ ਪੀੜੀ ਚਾਲੀ॥
ਧਰਮ ਕਲਾ ਹਰਿ ਬੰਧਿ ਬਹਾਲੀ॥

(ਪੰਨਾ ੩੯੬)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਰਿਵਾਰਕ ਜ਼ਿੰਦਗੀ ਦਾ ਇਕ ਸੱਚ-
ਸੱਚ ਸਿਰਜਣਹਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਰਿਵਾਰਕ ਜ਼ਿੰਦਗੀ ਦਾ ਇਕ ਸੱਚ-
ਤੱਥ ਬੜਾ ਪ੍ਰਸਿੱਧ ਹੈ ਕਿ ਉਹਨਾਂ ਦੇ ਗ੍ਰਿਹ-ਮਾਤਾ ਗੰਗਾ ਜੀ ਨੂੰ ਗ੍ਰਹਿਸਤ ਵਿੱਚ ਪ੍ਰਵੇਸ਼ ਕਰਨ ਤੋਂ
ਘੱਟੋ ਘੱਟ ੧੯ ਸਾਲ ਪਿੱਛੋਂ ਸਪੁੱਤਰ ਹਰਿਗੋਬਿੰਦ ਜੀ ਦੀ ਦਾਤਿ ਪ੍ਰਾਪਤ ਹੋਈ। ਇਹ ਵੀ ਸੁਪ੍ਰਸਿੱਧ
ਹੈ ਕਿ ਗੁਰੂ-ਸਪੁੱਤਰਾਂ ਵਿੱਚੋਂ ਗੁਰੂ ਅਰਜਨ ਦੇਵ ਜੀ ਉਮਰ ਵਿੱਚ ਸਭ ਤੋਂ ਛੋਟੇ ਸਨ। ਸ੍ਰੀ ਗੁਰੂ
ਰਾਮਦਾਸ ਜੀ ਨੇ ਪ੍ਰਿਥੀ ਚੰਦ ਤੇ ਮਹਾਂਦੇਵ ਜੀ ਵੱਡੇ ਪੁੱਤਰਾਂ ਨੂੰ ਛੱਡ ਕੇ ਗੁਰੂ-ਸਿੰਘਾਸਣ ਉਤੇ ਗੁਰੂ
ਅਰਜਨ ਦੇਵ ਜੀ ਨੂੰ ਬਿਰਾਜਮਾਨ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਹਾਲਾਂ ਗੁਰੂ-ਸਿੰਘਾਸਣ
ਉਤੇ ਬਿਰਾਜਮਾਨ ਹੋਏ ਹੀ ਸਨ ਕਿ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰਗੱਦੀ ਉਤੇ ਆਪਣਾ ਹੱਕ
ਜਿਤਲਾਉਣਾ ਸ਼ੁਰੂ ਕਰ ਦਿੱਤਾ। ਹੱਕ ਦੀ ਪ੍ਰਾਪਤੀ ਲਈ ਪ੍ਰਿਥੀ ਚੰਦ ਦਾ ਵਿਰੋਧ ਇੰਨਾ ਵਧ ਗਿਆ
ਕਿ ਕਰਮੋ ਨੇ ਵੀ ਇਸ ਹੱਦ ਤਕ ਕਹਿਣਾ ਸ਼ੁਰੂ ਕਰ ਦਿੱਤਾ ਕਿ ਕੋਈ ਗੱਲ ਨਹੀਂ ਪਿਤਾ ਗੁਰੂ
ਰਾਮਦਾਸ ਜੀ ਨੇ ਗੁਰ-ਗੱਦੀ ਤਾਂ ਭਾਵੇਂ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤੀ ਹੈ ਪਰ ਗੁਰੂ-ਪਰੰਪਰਾ
ਦਾ ਸਾਰਾ 'ਰਾਜ-ਮਾਲ' ਸਾਡਾ ਹੀ ਹੈ:

ਮਾਲ ਹੈ ਅਸਾਡਾ ਅਸਾਂ ਹੈ ਲੈਣਾ।
ਨਾ ਇਨ੍ਹਾਂ ਦੇ ਪੁੱਤ ਨਾ ਧੀ, ਨਾ ਸਾਕ ਨਾ ਸੈਣਾ।

ਇਹ ਤਾਂ ਸੰਸਾਰ ਤੋਂ ਲਾਵਾਰਸ ਹੀ ਚਲੇ ਜਾਣਗੇ। ਪ੍ਰਿਥੀ ਚੰਦ ਤੇ ਕਰਮੋ ਦਾ ਇਹ
ਉਲਾਂਭਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਖਾਸ ਕਰਕੇ ਮਾਤਾ ਗੰਗਾ ਜੀ ਵਾਸਤੇ ਪੀੜ੍ਹਤ ਤੇ ਦੁਖਦਾਈ
ਤਾਂ ਬੜਾ ਸੀ ਪਰ ਸੇਵਾ, ਸਿਮਰਨ, ਸਹਿਜ ਤੇ ਸਿਦਕ ਦੀ ਅਵੱਸਥਾ ਵਿੱਚ ਜੀਉਣ ਕਾਰਨ ਉਹਨਾਂ
ਦੀ ਇਸ ਘਾਟ ਨੂੰ ਨਾ ਮਹਿਸੂਸ ਕੀਤਾ ਸੀ ਅਤੇ ਨਾ ਹੀ ਕਦੀ ਅਜਿਹੀ ਉਦਾਸੀ ਦਾ ਪ੍ਰਗਟਾਵਾ
ਕੀਤਾ ਸੀ।

ਪੁਤੀ ਗੰਢੁ ਪਵੈ ਸੰਸਾਰਿ ਦੀ ਮਨੋ-ਇੱਛਾ ਜਾਂ ਲਾਲਸਾ ਹਰ ਗ੍ਰਹਿਸਤੀ ਜਾਂ ਇਸਤ੍ਰੀ ਦੀ
ਹੁੰਦੀ ਹੈ। ਮਾਤਾ ਗੰਗਾ ਜੀ ਦੇ ਗ੍ਰਹਿਸਤੀ ਜੀਵਨ ਦੀ ਵੀ ਇਹ ਵਿਆਪਕ ਤੇ ਪ੍ਰਬਲ ਇੱਛਾ ਸੀ।
ਤਾਹਣਿਆਂ-ਮਿਹਣਿਆਂ ਕਾਰਨ ਇਹ ਇੱਛਾ ਹੋਰ ਵੀ ਬੜੀ ਤੀਬਰ ਹੋ ਗਈ ਸੀ, ਜਿਵੇਂ:

ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ। ਜਾਂਕੋ ਬਲ ਗੁਨ ਕਿਨੁ ਨ ਸੋਧਾ।
ਰੁਪੈ ਛਕੇ ਸੁ ਜੈਸ ਮਰੋਰੇ। ਤੁਰਕ ਸੀਸ ਤੈਸੇ ਵਹੁ ਤੋਰੇ॥੧੨੫॥

(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ਪਹਿਲਾ)

ਅਜਿਹੀ ਦਾਤਿ ਇਲਾਹੀ ਪ੍ਰਾਪਤ ਹੋਵੇਗੀ, ਜਿਸ ਦਾ ਰੂਪ ਜੋਧਿਆਂ ਵਾਲਾ ਹੋਵੇਗਾ, ਦਲ ਭੰਜਨ ਵਿੱਚ ਸਦਾ ਸਫਲ ਹੋਵੇਗਾ, ਅਕਾਲ-ਆਤਮਕ ਗੁਣ-ਬਲ ਇੰਨਾ ਹੋਵੇਗਾ ਕਿ ਕਿਸੇ ਕੋਲੋਂ ਵੀ ਸੋਧਿਆ ਨਹੀਂ ਜਾਵੇਗਾ। ਇਤਿਹਾਸ ਸਾਖੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਵਿਖੇ ੧੯ ਜੂਨ, ੧੫੯੫ ਈ. ਨੂੰ 'ਦਾਤਿ ਇਲਾਹੀ' ਦੇ ਰੂਪ ਵਿੱਚ ਬਾਲਕ (ਗੁਰੂ) ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਨਾਲ ਸਾਰੇ ਘਰ-ਪਰਿਵਾਰ ਤੇ ਸਿੱਖ ਸੰਗਤਾਂ ਵਿੱਚ ਜਿਥੇ ਖੁਸ਼ੀ, ਖੇੜਾ, ਅਨੰਦ ਤੇ ਸਤਿਗੁਰ-ਅਕਾਲ ਪੁਰਖ ਪ੍ਰਤੀ ਧੰਨਵਾਦ ਤੇ ਸ਼ੁਕਰਾਨੇ ਦੇ ਭਾਵ ਸਨ, ਉਥੇ ਪ੍ਰਿਥੀ ਚੰਦ, ਬੀਬੀ ਕਰਮੋ ਤੇ ਵਿਰੋਧੀਆਂ ਅੰਦਰ ਸਾੜੇ ਦੀ ਅੱਗ ਸੀ। ਇਹੀ ਕਾਰਨ ਹੈ ਕਿ ਸਾੜੇ ਦੀ ਅੱਗ ਵਿੱਚ ਸੜਨ ਵਾਲਿਆਂ ਨੇ ਆਗਮਨ ਵੇਲੇ ਤੋਂ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਮਾਰ-ਮੁਕਾਉਣ ਦੇ ਭਰਪੂਰ ਯਤਨ ਆਰੰਭ ਕਰ ਦਿੱਤੇ।

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਮਾਰ-ਮੁਕਾਉਣ ਵਾਸਤੇ ਜਿਹੜੇ ਕਰੂਪ ਯਤਨ ਤੇ ਸਾਧਨ ਪ੍ਰਿਥੀ ਚੰਦ ਤੇ ਗੁਰੂ ਘਰ-ਪਰਿਵਾਰ ਦੇ ਦੋਖੀਆਂ ਨੇ ਵਰਤੇ, ਉਹਨਾਂ ਸਾਰਿਆਂ ਦਾ ਜ਼ਿਕਰ ਸਿੱਖ-ਗ੍ਰੰਥਾਂ ਵਿੱਚ ਤਾਂ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋਖੀ-ਦੁਸ਼ਟਾਂ ਵਲੋਂ ਕੀਤੇ ਕਰੂਪ ਹਮਲਿਆਂ ਦਾ ਬਹੁਤਾ ਜ਼ਿਕਰ ਨਹੀਂ। ਹਾਂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੁਰੱਖਿਅਤ ਅਤੇ ਨਵਾਂ ਨਿਰੋਇਆ ਰਹਿਣ ਦੇ ਅਕਾਲ ਪੁਰਖ ਪ੍ਰਤੀ ਸ਼ੁਕਰਾਨੇ ਵਜੋਂ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਸ਼ਬਦ ਜ਼ਰੂਰ ਹਨ। ਇਹਨਾਂ ਸ਼ਬਦਾਂ ਦੀ 'ਪ੍ਰਸੰਗ-ਪ੍ਰੰਪਰਾ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੀ ਜੋੜੀ ਜਾਂਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੋਖੀਆਂ-ਵਿਰੋਧੀਆਂ ਵਲੋਂ ਮਾਰ-ਮੁਕਾਉਣ ਵਾਸਤੇ ਪੰਜ ਘਟਨਾਵਾਂ ਦੀ ਚਰਚਾ ਸਿੱਖ ਸੰਗਤਾਂ ਵਿੱਚ ਆਮ ਕੀਤੀ ਜਾਂਦੀ ਹੈ:

੧) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਨਾਲ ਜੇ ਸਭ ਤੋਂ ਵੱਧ ਦੁੱਖ ਕਿਸੇ ਨੂੰ ਹੋਇਆ, ਤਾਂ ਉਹ ਸੰਸਾਰੀ ਦੋਖੀ ਸੀ ਪ੍ਰਿਥੀ ਚੰਦ ਤੇ ਨਾਲ ਹੀ ਉਸ ਦੀ ਪਤਨੀ ਬੀਬੀ ਕਰਮੋ। ਬਾਲ ਗੁਰੂ ਹਰਿਗੋਬਿੰਦ ਜੀ ਨੂੰ ਮਾਰਨ ਲਈ ਪਹਿਲਾ ਅਭਿਆਨ ਦਾਈ ਰਾਹੀਂ ਕੀਤਾ ਗਿਆ। ਦਾਈ ਨੂੰ ਕੁਝ ਲੋਭ-ਲਾਲਚ ਦੇ ਕੇ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ (ਗੁਰੂ) ਹਰਿਗੋਬਿੰਦ ਜੀ ਨੂੰ ਮਾਰ-ਮੁਕਾਇਆ ਜਾਵੇ। ਉਸ ਨੇ ਆਪਣੇ ਥਣਾਂ ਨੂੰ ਜ਼ਹਿਰ ਨਾਲ ਲਬੇੜ ਕੇ ਵਧਾਈ ਦੇਣ ਦੇ ਬਹਾਨੇ ਇਹ ਯਤਨ ਕੀਤਾ ਕਿ ਬਾਲ ਗੁਰੂ ਹਰਿਗੋਬਿੰਦ ਜੀ ਨੂੰ ਦੁੱਧ ਚੁੰਘਾਇਆ ਜਾਵੇ। ਜ਼ਹਿਰ ਇੰਨਾ ਪ੍ਰਚੰਡ ਹੋ ਗਿਆ ਕਿ ਗੁਰੂ ਹਰਿਗੋਬਿੰਦ ਜੀ ਦੇ ਦੁੱਧ ਚੁੰਘਣ ਤੋਂ ਪਹਿਲਾਂ ਹੀ ਦਾਈ ਮੌਤ ਦੇ ਮੂੰਹ ਪੈ ਗਈ। ਗੁਰੂ ਹਰਿਗੋਬਿੰਦ ਸਾਹਿਬ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਇਸ ਕਰੂਪ ਕਰਤੱਵ ਤੋਂ ਬਚ ਹੀ ਨਾ ਗਏ ਸਗੋਂ ਸਾਰਾ ਪਰਿਵਾਰ ਸੁਚੇਤ ਹੋ ਕੇ ਬਾਲ ਹਰਿਗੋਬਿੰਦ ਜੀ ਦੀ ਸੰਭਾਲ ਕਰਨ ਲੱਗ ਪਿਆ।

੨) ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਜੀਵਨ ਲੀਲਾ ਨੂੰ ਖ਼ਤਮ ਕਰਨ ਲਈ ਦੂਜਾ ਯਤਨ ਇਹ ਕੀਤਾ ਗਿਆ ਕਿ ਉਸ 'ਰਸੋਈਏ' ਨੂੰ ਖ਼ਰੀਦਿਆ ਗਿਆ, ਜਿਸ ਦਾ ਗੁਰੂ-ਪਰਿਵਾਰ ਵਿੱਚ ਆਉਣ-ਜਾਣ ਸੀ। 'ਰਸੋਈਏ' ਨੇ ਦਹੀਂ ਵਿੱਚ ਜ਼ਹਿਰ ਮਿਲਾ ਕੇ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਖੁਆਉਣ ਦਾ ਯਤਨ ਕੀਤਾ। (ਗੁਰੂ) ਹਰਿਗੋਬਿੰਦ ਸਾਹਿਬ ਤਾਂ ਇਹ ਦਹੀਂ ਖਾਣ ਤੋਂ ਝਿਜਕਦੇ ਹੀ ਰਹੇ ਪਰ ਜਦੋਂ ਝਪੱਟਾ ਮਾਰ ਕੇ ਇਹ ਦਹੀਂ 'ਕੁੱਤੇ' ਨੇ ਖਾਧੀ ਤਾਂ ਖਾਂਦਿਆਂ ਹੀ ਉਹ ਮਰ ਗਿਆ। ਪ੍ਰਿਥੀ ਚੰਦ ਦਾ ਇਹ ਯਤਨ ਵੀ ਅਸਫਲ ਹੋ ਗਿਆ। (ਗੁਰੂ) ਹਰਿਗੋਬਿੰਦ ਸਾਹਿਬ ਪਹਿਲੇ ਵਾਂਗ ਹੀ ਵਿਚਰਦੇ ਰਹੇ।

੩) (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਖ਼ਤਮ ਕਰਨ ਵਾਸਤੇ ਤੀਜਾ ਯਤਨ ਇਕ ਸਪੇਰੇ ਰਾਹੀਂ ਕੀਤਾ ਗਿਆ। ਬਾਲ (ਗੁਰੂ) ਹਰਿਗੋਬਿੰਦ ਸਾਹਿਬ ਦੀ ਪਹਿਚਾਣ ਕਰਵਾ ਕੇ ਸਪੇਰੇ ਨੂੰ ਗੁਰੂ ਕੀ ਵਡਾਲੀ ਭੇਜਿਆ ਗਿਆ। ਜਦੋਂ ਸਪੇਰਾ ਬੀਨ ਵਜਾ ਕੇ ਡੰਗ ਮਾਰੂ-ਸੱਪ ਦਾ ਫਨ ਖਿਲਾਰਨ ਦਾ ਯਤਨ ਕਰ ਰਿਹਾ ਸੀ ਤਾਂ ਗੁਰੂ ਹਰਿਗੋਬਿੰਦ ਜੀ ਨੇ ਇਸ ਉਡਨੇ ਸੱਪ ਦੀ ਧੌਣ ਨੂੰ ਦੋਹਾਂ ਹੱਥਾਂ ਨਾਲ ਅਜਿਹਾ ਭੀਚ ਲਿਆ ਕਿ ਸੱਪ ਥਾਂ ਹੀ ਮਰ ਗਿਆ। ਸਪੇਰੇ ਨੇ ਵੀ ਅਖ਼ੀਰ ਸਾਜ਼ਿਸ਼ ਨੰਗੀ ਕਰ ਦਿੱਤੀ ਕਿ ਮੈਂ ਤਾਂ (ਗੁਰੂ) ਹਰਿਗੋਬਿੰਦ ਜੀ ਨੂੰ ਮਾਰਨ ਵਾਸਤੇ ਆਇਆ ਸਾਂ।

੪) (ਗੁਰੂ) ਹਰਿਗੋਬਿੰਦ ਜੀ ਨੂੰ ਖ਼ਤਮ ਕਰਨ ਵਾਸਤੇ ਚੌਥਾ ਯਤਨ ਵੀ ਕੀਤਾ ਗਿਆ। (ਗੁਰੂ) ਹਰਿਗੋਬਿੰਦ ਸਾਹਿਬ ਜਿਉਂ-ਜਿਉਂ ਵੱਡੇ ਹੋ ਰਹੇ ਸਨ ਤਿਉਂ-ਤਿਉਂ ਹਾਣੀਆਂ ਦੀ ਖੇਡ ਦਾ ਪਿੜ ਵੀ ਵੱਡਾ ਹੁੰਦਾ ਜਾ ਰਿਹਾ ਸੀ। ਪ੍ਰਿਥੀ ਚੰਦ ਨੇ ਇਕ ਹਾਣੀ ਨੂੰ ਪੱਟੀ ਪੜ੍ਹਾ ਕੇ ਭੇਜਿਆ ਤੇ ਆਖਿਆ ਕਿ ਉਹ ਦੋ ਜੇਬਾਂ ਵਾਲੀ ਕਮੀਜ਼ ਪਾ ਲਵੇ। ਇਕ ਵਿੱਚ ਮਿੱਠੀ ਮਠਿਆਈ ਪਾ ਲਵੇ; ਇਹ ਆਪ ਖਾਵੇ। ਦੂਜੀ ਵਿੱਚ ਜ਼ਹਿਰ ਵਾਲੀ ਮਠਿਆਈ ਪਾ ਲਵੇ; ਇਹ ਮਿੱਤਰ (ਗੁਰੂ) ਹਰਿਗੋਬਿੰਦ ਜੀ ਨੂੰ ਖੁਆਵੇ। (ਗੁਰੂ) ਹਰਿਗੋਬਿੰਦ ਜੀ ਦੇ ਹਾਣੀ ਨੰਦ ਰਾਮ ਨੇ ਅਜਿਹਾ ਹੀ ਕੀਤਾ। ਸਾਖੀ ਹੈ ਕਿ ਨੰਦ ਰਾਮ ਮਿੱਠੀ ਮਠਿਆਈ ਤਾਂ ਗੁਰੂ ਜੀ ਨੂੰ ਖੁਆਂਦਾ ਰਿਹਾ ਤੇ ਭੁਲੇਖੇ ਕਾਰਨ ਜ਼ਹਿਰ ਵਾਲੀ ਆਪ ਖਾਂਦਾ ਰਿਹਾ। ਸੋ ਗੁਰੂ ਹਰਿਗੋਬਿੰਦ ਜੀ ਇਸ ਸਾਜ਼ਿਸ਼ ਵਿੱਚੋਂ ਵੀ ਸੁਰੱਖ਼ਿਅਤ ਹੋ ਗਏ, ਪਰ ਜ਼ਹਿਰ ਵਾਲੀ ਮਠਿਆਈ ਖਾਣ ਕਾਰਨ ਨੰਦ ਰਾਮ ਵੀ ਮੌਤ ਦੇ ਮੂੰਹ ਵਿੱਚ ਜਾ ਪਿਆ।

੫) ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸੰਭਾਲ ਤੇ ਸੁਰੱਖ਼ਿਆ ਦੇ ਬਾਵਜੂਦ ਪੰਜਵਾਂ ਹਮਲਾ ਕੁਦਰਤ ਨੇ ਚੇਚਕ-ਸੀਤਲਾ ਰਾਹੀਂ ਕਰ ਦਿੱਤਾ। ਇੰਨੀ ਗੰਭੀਰ ਚੇਚਕ ਹੋ ਗਈ ਕਿ ਬਚਣਾ ਵੀ ਅਸੰਭਵ ਹੋ ਗਿਆ। ਗੁਰਬਾਣੀ ਤੋਂ ਸੰਕੇਤ ਪ੍ਰਾਪਤ ਹੁੰਦਾ ਹੈ ਕਿ ਅਕਾਲ ਪੁਰਖ ਜੀ ਦੀ ਬਖ਼ਸ਼ਿਸ਼ ਸਦਕਾ ਗੁਰੂ ਹਰਿਗੋਬਿੰਦ ਸਾਹਿਬ ਚੇਚਕ ਦੇ, ਰੋਗ ਤੋਂ ਵੀ ਪੂਰੀ ਤਰ੍ਹਾਂ ਬਚ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵਿਰੋਧੀ ਜਾਂ ਪ੍ਰਿਥੀ ਚੰਦ ਦਾ ਕੋਈ ਜ਼ਿਕਰ ਨਹੀਂ। ਹਾਂ, ਵਿਰੋਧੀਆਂ ਵਲੋਂ ਕੀਤੇ ਯਤਨਾਂ ਤੇ ਹਮਲਿਆਂ ਤੋਂ ਅਕਾਲ ਪੁਰਖ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸੁਰੱਖ਼ਿਅਤ

ਹੋ ਜਾਣ ਤੇ ਨਵੇਂ ਨਰੋਏ ਰਹਿਣ ਦੇ ਸੰਕੇਤ ਮਿਲਦੇ ਹਨ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸਪੱਸ਼ਟ ਰੂਪ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸੁਰੱਖਿਆ ਤੇ ਪ੍ਰਭੂ-ਸਤਿਗੁਰੂ ਦੇ ਧੰਨਵਾਦ ਦੀ ਭਾਵਨਾ ਵਿੱਚ ਬੋਲਦੇ ਹਨ:

੧. ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥

(ਪੰਨਾ ੫੦੦)

੨. ਆਪਿ ਸਹਾਈ ਹੋਆ॥ ਸਚੇ ਦਾ ਸਚਾ ਢੋਆ॥

(ਪੰਨਾ ੬੨੮)

੩. ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥

(ਪੰਨਾ ੩੯੬)

੪. ਐਥੈ ਓਥੈ ਰਖਵਾਲਾ॥ ਪ੍ਰਭ ਸਤਿਗੁਰ ਦੀਨ ਦਇਆਲਾ॥

(ਪੰਨਾ ੬੨੮)

੫. ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥

(ਪੰਨਾ ੧੧੩੭)

੬. ਮੇਰਾ ਸਤਿਗੁਰੁ ਰਖਵਾਲਾ ਹੋਆ॥
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥

(ਪੰਨਾ ੬੨੦)

੭. ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ॥

(ਪੰਨਾ ੬੧੫)

ਤਾਂ ਸਹਿਜੇ ਹੀ ਜਾਪਦਾ ਹੈ, ਕਿ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਸੰਗਿਕ ਰੂਪ ਵਿੱਚ ਜੋ ਵਾਪਰਿਆ ਹੈ, ਉਸ ਬਾਰੇ ਹੀ ਸੰਕੇਤ ਕਰ ਰਹੇ ਹਨ। ਗੁਰੂ ਹਰਿਗੋਬਿੰਦ ਜੀ ਨੂੰ ਮਾਰ-ਮੁਕਾਉਣ ਵਾਸਤੇ ਵਿਰੋਧੀਆਂ ਵੱਲੋਂ ਜਿਹੜੇ ਯਤਨ ਕੀਤੇ ਗਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਧੇ ਤੌਰ 'ਤੇ ਵੀ ਆਪਣੀ ਬਾਣੀ ਵਿੱਚ ਉਹਨਾਂ ਯਤਨਾਂ ਦਾ ਜ਼ਿਕਰ ਕੀਤਾ ਹੈ, ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਉਚਾਰਦੇ ਹਨ:

ਲੇਪੁ ਨ ਲਾਗੋ ਤਿਲ ਕਾ ਮੂਲਿ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥

(ਪੰਨਾ ੧੧੩੭)

ਤਾਂ ਸ਼ਬਦਾਰਥ ਦੇ ਨੋਟ ਅਨੁਸਾਰ 'ਲੇਪੁ' ਜ਼ਹਿਰ ਦਾ ਹੀ ਪ੍ਰਤੀਕ ਹੈ। ਜ਼ਹਿਰ ਦਾਈ ਦਾ ਸੀ ਜਾਂ ਬ੍ਰਾਹਮਣ ਦਾ ਸੀ, ਇਹ ਇਤਿਹਾਸਿਕ ਸੱਚ ਹੈ, ਕਿ (ਗੁਰੂ) ਹਰਿਗੋਬਿੰਦ ਸਾਹਿਬ ਜ਼ਹਿਰ ਦੀ ਪਕੜ ਜਾਂ ਅਸਰ ਤੋਂ ਪ੍ਰਭੂ-ਕ੍ਰਿਪਾ ਦੁਆਰਾ ਹਰ ਵਾਰ ਬਚ ਗਏ।

ਜਦੋਂ (ਗੁਰੂ) ਹਰਿਗੋਬਿੰਦ ਜੀ ਚੇਚਕ ਜਾਂ ਸੀਤਲਾ ਤੋਂ ਸੁਰੱਖ਼ਿਅਤ ਹੁੰਦੇ ਹਨ, ਤਾਂ ਗੁਰੂ ਅਰਜਨ ਦੇਵ ਜੀ ਦੀ ਪ੍ਰਭੂ ਨੂੰ ਬਿਹਾਰੀ ਕਹਿ ਕੇ ਤੇ ਕਦੀ ਪਾਰਬ੍ਰਹਮ ਕਹਿ ਕੇ ਉਸ ਦਾ ਸ਼ੁਕਰਾਨਾ ਕਰਦੇ ਹਨ:

੧) ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥

(ਪੰਨਾ ੨੦੦)

੨) ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥

(ਪੰਨਾ ੬੨੭)

ਹਰ ਵਿਰੋਧੀ-ਹਮਲੇ ਵਿੱਚੋਂ ਬਾਲ (ਗੁਰੂ) ਹਰਿਗੋਬਿੰਦ ਜੀ ਦੇ ਬਚ ਜਾਣ ਨਾਲ ਜਾਂ ਨਵਾਂ ਨਿਰੋਇਆ ਰਹਿਣ ਨਾਲ ਜਿੱਥੇ ਸਮੁੱਚਾ ਗੁਰੂ-ਸਿੱਖੀ-ਪਰਵਾਰਾ ਪ੍ਰਭੂ-ਸ਼ੁਕਰਾਨੇ ਦੀ ਭਾਵਨਾ ਵਿੱਚ ਸੀ ਉਥੇ ਸਾਰਾ ਘਰ-ਪਰਿਵਾਰ ਖੁਸ਼ੀ, ਖੇੜੇ ਵਿਗਾਸ ਤੇ ਅਨੰਦ ਵਿੱਚ ਵੀ ਸੀ:

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ॥

(ਪੰਨਾ ੮੦੬)

ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਤੋਂ ਲੈ ਕੇ ਹਰ ਸਿੱਖ ਤੱਕ ਇੱਕੋ ਭਾਵਨਾ ਸੀ, ਇਕ ਆਵਾਜ਼ ਸੀ, ਇੱਕੋ ਹੀ ਹਾਰਦਿਕ ਅਰਦਾਸ ਸੀ:

ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ॥

(ਪੰਨਾ ੮੦੭)

ਅਰਥਾਤ ਗੁਰੂ ਹਰਿਗੋਬਿੰਦ ਸਾਹਿਬ ਦੀ ਆਰਜਾ ਵੱਡੀ ਹੋਵੇ, ਸਦਾ ਸੁਖ, ਮੰਗਲ ਤੇ ਵਿਗਾਸ ਵਿੱਚ ਜੀਉਣ, ਆਤਮਕ ਰੂਪ ਵਿੱਚ ਸਦਾ ਬਿਬੇਕ ਬੁਧਿ ਤੇ ਵਿਜੱਈ ਸਾਬਤ ਹੋਣ। ਸਮੇਂ ਦੇ ਬੀਤਣ ਨਾਲ ਸਿੱਖੀ-ਮੰਡਲ ਵਿੱਚ ਐਸੀ ਹੀ ਸਵਾਰੀ ਹੋਈ ਮੂਰਤਿ ਗੁਰੂ ਹਰਿਗੋਬਿੰਦ ਦੀ ਉਜਾਗਰ ਹੋਈ।

੬/੧੯੯੮

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ: ਅਦੁੱਤੀ ਕੋਮਲਤਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕੋਮਲ ਤਬੀਅਤ ਤੇ ਉਨ੍ਹਾਂ ਦਾ ਕੁਦਰਤ ਪਿਆਰ ਇਸ ਲੇਖ ਦਾ ਸਮੁਚਾ ਮਜ਼ਮੂਨ ਤੇ ਭਾਵ ਹੈ। ਆਮ ਤੌਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਦਸਮੇਸ਼ ਜੀ ਦੇ ਜੀਵਨ ਦੇ ਬੀਰ-ਰਸ ਵਾਲੇ ਜੰਗਾਂ ਯੁੱਧਾਂ ਨਾਲ ਸੰਬੰਧਤ ਹਿੱਸੇ ਨੂੰ ਹੀ ਨਜ਼ਰ ਸਾਹਮਣੇ ਲਿਆਇਆ ਤੇ ਇਸ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ। ਹਾਲਾਂਕਿ ਇਹ ਗੁਰੂ ਸਾਹਿਬ ਭੀ ਬਾਕੀ ਗੁਰੂ ਸਾਹਿਬਾਂ ਵਾਂਗੂੰ ਅਧਿਆਤਮਕ, ਬ੍ਰਹਮ ਗਿਆਨ ਤੇ ਈਸ਼ਵਰ ਭਗਤੀ ਨਾਲ ਲਬਾ ਲਬ ਪੂਰਨ ਸਨ; ਬਾਵਜੂਦ ਇਸ ਗਲ ਦੇ ਕਿ ਹਾਲਾਤ ਦੀ ਮਜਬੂਰੀ ਕਰਕੇ ਉਹਨਾਂ ਨੂੰ ਜੰਗਾਂ ਯੁੱਧਾਂ ਵਿਚ ਪ੍ਰਵਿਰਤ ਹੋਣ ਦਾ ਕੌੜਾ ਘੁਟ ਭਰਨਾ ਪਿਆ, ਪਰ ਉਹਨਾਂ ਦੀਆਂ ਸੂਰਤਾਂ ਆਤਮ ਅਭਿਆਸ ਦੇ ਸਬਬ ਅਤੇ ਕੋਮਲ ਤੇ ਰਸਕ ਸੁਰਤਾਂ ਸਨ, ਇਸ ਗਲ ਨੂੰ ਨਜ਼ਰ ਤੋਂ ਓਝਲ ਕਰ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਜਿਥੇ ਇਕ ਪਾਸੇ ਅਸੀਂ ਉਹਨਾਂ ਮਹਾਂਪੁਰਖਾਂ ਨਾਲ ਬੇਇਨਸਾਫ਼ੀ ਕਰਨ ਦੇ ਦੋਸ਼ੀ ਹੁੰਦੇ ਹਾਂ, ਉਥੇ, ਦੂਜੇ ਪਾਸੇ ਆਪਣੇ; ਸਮੁੱਚੇ ਸੁਭਾ ਨੂੰ ਇਸ ਇਕ ਪਖੀ ਨਜ਼ਰੀਏ ਨਾਲ ਪ੍ਰਭਾਵਤ ਕਰਕੇ ਤੇ ਨਿਰੋਲ ਇਸ ਰੰਗ ਵਿਚ ਰੰਗੇ, ਆਪਣਾ ਨੁਕਸਾਨ ਖੁਦ ਆਪ ਕਰਨ ਦੀ ਇਕ ਵੱਡੀ ਗਲਤੀ ਕਰਦੇ ਹਾਂ। ਸਾਡੇ ਸਾਹਮਣੇ ਸਮੁੱਚੇ ਰੂਪ ਵਿਚ ਸਾਰੇ ਸਤਿਗੁਰੂ ਸਾਹਿਬਾਨ ਦੁਆਰਾ ਸੰਤ-ਸਿਪਾਹੀ ਬਣ ਕੇ ਰਹਿਣ ਦਾ ਜੀਵਨ-ਆਦਰਸ਼ ਕਾਇਮ ਕੀਤਾ ਗਿਆ ਹੈ ਪਰ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਅਸੀਂ ਸੰਤਪਨ ਦੇ ਸਾਤਵਿਕ ਤੇ ਸਫੂਰਤੀ ਦਾਇਕ ਬੁਨਿਆਦੀ ਪੱਖ ਨੂੰ ਨਜ਼ਰੋਂ ਓਹਲੇ ਕਰਕੇ ਕੇਵਲ ਸਿਪਾਹੀ ਬਣ ਕੇ ਰਹਿ ਜਾਣ ਵਿਚ ਹੀ ਸੰਤੁਸ਼ਟਤਾ ਅਨੁਭਵ ਕਰਨ ਲਗ ਪਏ ਹੋਵੀਏ। ਸੰਤ ਜੀਵਨ ਤੋਂ ਇਸ ਦੀ ਰਹਿਤ ਕੀ ਹੁੰਦੀ ਤੇ ਹੋਣੀ ਚਾਹੀਦੀ ਹੈ, ਇਸ ਬਾਰੇ ਗੁਰਬਾਣੀ ਅੰਦਰ ਕਈ ਅੰਮ੍ਰਿਤ ਬਚਨ ਫੁਰਮਾਏ ਗਏ ਹਨ। ਇਥੇ ਅਸੀਂ ਆਸਾ ਰਾਗ ਵਿਚ ਅੰਕਿਤ ਕੀਤੇ ਗਏ ਕੇਵਲ ਇਕੋ ਸ਼ਬਦ ਵਲ ਧਿਆਨ ਦੁਆਂਦੇ ਹੋਏ, ਇਸ ਬਾਰੇ ਡੂੰਘੀ ਵਿਚਾਰ ਕਰਨ ਦੀ ਪਰੇਰਨਾ ਕਰਦੇ ਹਾਂ।

ਆਸਾ ਮਹਲਾ ੫
ਆਠ ਪਹਰ ਨਿਕਟਿ ਕਰ ਜਾਨੈ॥
ਪ੍ਰਭ ਕਾ ਕੀਆ ਮੀਠਾ ਮਾਨੈ॥
ਏਕੁ ਨਾਮੁ ਸੰਤਨ ਆਧਾਰੁ॥

ਹੋਇ ਰਹੇ ਸਭ ਕੀ ਪਗ ਛਾਰੁ॥੧॥
ਸੰਤ ਰਹਤ ਸੁਨਹੁ ਮੇਰੇ ਭਾਈ॥
ਉਆ ਕੀ ਮਹਿਮਾ ਕਥਨੁ ਨ ਜਾਈ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ॥
ਅਨਦ ਰੂਪ ਕੀਰਤਨੁ ਬਿਸ੍ਰਾਮ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥੨॥
ਕੋਟਿ ਕੋਟਿ ਅਘ ਕਾਟਨਹਾਰਾ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥
ਸੂਰਬੀਰ ਬਚਨ ਕੇ ਬਲੀ॥
ਕਉਲਾ ਬਪੁਰੀ ਸੰਤੀ ਛਲੀ॥੩॥
ਤਾ ਕਾ ਸੰਗੁ ਬਾਛਹਿ ਸੁਰਦੇਵ॥
ਅਮੋਘ ਦਰਸੁ ਸਫਲ ਜਾ ਕੀ ਸੇਵ॥
ਕਰ ਜੋੜਿ ਨਾਨਕੁ ਕਰੇ ਅਰਦਾਸਿ॥
ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥੪॥੩੭॥੮॥

(ਪੰਨਾ ੩੫੨)

ਕਿਤਨੀ ਉੱਚੀ ਆਸਮਾਨ ਨੂੰ ਛੂਹਣ ਵਾਲੀ ਇਹ ਚੜ੍ਹਾਈ ਹੈ, ਪਰ ਕਿਤਨੇ ਤੁਛ ਇਸ ਉਤੇ ਚੜ੍ਹਨ ਦੇ ਸਾਡੇ ਯਤਨ! ਸੰਤ ਜੀਵਨ ਦੇ ਇਸ ਜ਼ਿੰਦਗੀ ਬਖ਼ਸ਼ ਆਦਰਸ਼ ਤੋਂ ਦੂਰ ਭਟਕ ਜਾਣ ਨਾਲ ਸਾਡੇ ਸਾਰੇ ਸ਼ਖ਼ਸ਼ੀ ਸਮਾਜਕ ਤੇ ਸੰਸਾਰ ਭਰ ਦੇ ਤਾਣੇ ਵਿਚ, ਅਸ਼ਾਂਤੀ, ਕਲਹ, ਕਲੇਸ਼ ਲੜਾਈ ਝਗੜੇ ਤੇ ਖੋਹਾ-ਮੋਹੀ ਦੀਆਂ ਨੀਵੀਆਂ ਪਾਸ਼ਵਿਕ ਬਿਰਤੀਆਂ ਦਾ ਹੀ ਪਸਾਰਾ ਚਾਰੇ ਪਾਸੇ ਪਸਰਿਆ ਦਿਖਾਈ ਦੇਂਦਾ ਹੈ। ਸਾਡੇ ਦੇਸ਼ ਦੀ ਸਮੁੱਚੀ ਸਭਿਅਤਾ ਤੇ ਸਭਿਆਚਾਰ ਦੀ ਜੇਕਰ ਆਪਣੀ ਕੋਈ ਖਾਸ ਵਿਸ਼ੇਸ਼ਤਾ ਹੈ ਤਾਂ ਉਹ ਇਸ ਦਾ ਉਪਰੋਕਤ ਸ਼ਬਦ ਵਿਚ ਵਰਨਣ ਕੀਤਾ ਗਿਆ ਮੁਬਾਰਕ ਅਧਿਆਤਮਵਾਦ ਤੇ ਇਸ ਰੰਗ ਵਿਚ ਰੰਗੀਆਂ ਹੋਈਆਂ ਉੱਚ ਕੋਟੀ ਦੀਆਂ ਸੰਤ, ਸਤਪੁਰਖਾਂ ਸਤਿਗੁਰਾਂ ਦੀਆਂ ਮਹਾਨ ਸ਼ਖ਼ਸ਼ੀਅਤਾਂ ਹਨ, ਜਿਹਨਾਂ ਉਤੇ ਬਜਾ ਤੌਰ 'ਤੇ ਵਧ ਤੋਂ ਵਧ ਮਾਣ ਕੀਤਾ ਜਾ ਸਕਦਾ ਹੈ। ਆਪਣੀ ਇਸ ਰਬੀ ਵਿਰਾਸਤ ਨੂੰ ਸੰਭਾਲ ਕੇ ਰੱਖਣ ਤੇ ਇਸ ਦੀ ਬੁਨਿਆਦ ਉਤੇ ਆਪਣੀ ਸਾਰੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਉਸਾਰੀ, ਉਸਾਰਨ ਵਿਚ ਹੀ ਸਾਡਾ ਅਸਲ ਗੌਰਵ ਤੇ ਵਡਿਆਈ ਹੈ। ਨਹੀਂ ਤਾਂ ਨਿਰੀ ਪੁਰੀ ਆਰਥਿਕ ਰਾਜਨੀਤਿਕ ਯਾ ਵਿਗਿਆਨਕ ਉਨਤੀ ਦੇ ਮੈਦਾਨ ਵਿਚ ਸਾਡੀ ਦੁਨੀਆਂ ਦੇ ਕਈ ਹੋਰ ਵਿਕਸਿਤ ਦੇਸ਼ਾਂ ਨਾਲ ਕੋਈ ਮੁਕਾਬਲਾ ਨਹੀਂ । ਅਜ ਦੀ ਦੁਨੀਆਂ ਵਿਚ ਬੇਹੱਦ ਤਰੱਕੀ ਕਰ ਗਈ ਸਾਇੰਸ ਤੇ ਇਸ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਉਤੇ ਮੁਨਾਸਬ ਕੁੰਡਾ ਰੱਖ ਕੇ ਇਸ ਨੂੰ ਤਬਾਹੀ ਦੀ ਬਜਾਏ ਉਸਾਰੂ

ਪ੍ਰਯੋਜਨਾਂ ਲਈ ਵਰਤਣ ਲਈ ਸੱਚੀ ਕਿਸਮ ਦੇ ਅਧਿਆਤਮਵਾਦ ਦੀ ਰੌਸ਼ਨੀ ਦੀ ਬੇਹਦ ਲੋੜ ਹੈ। ਐਟਮ, ਹਾਈਡਰੋਜਨ ਤੇ ਇਹਨਾਂ ਤੋਂ ਵੀ ਵਧੇਰੇ ਹੋਰ ਖ਼ਤਰਨਾਕ ਬੰਬਾਂ ਦੀ ਮੌਜੂਦਗੀ ਵਿਚ ਹੁਣ ਪੁਰਾਣੀ ਕਿਸਮ ਦੀ ਸਿਪਾਹਗੀਰੀ ਤੇ ਉਹ ਨਿਰੀ-ਪੁਰੀ ਸਰੀਰਕ ਤਾਕਤ ਤੇ ਬਹਾਦਰੀ ਦੀ ਕੋਈ ਬਹੁਤੀ ਕੀਮਤ ਨਹੀਂ ਰਹਿ ਗਈ। ਹੁਣ ਤਾਂ ਲੋੜ ਹੈ ਸਚ-ਮੁੱਚ ਐਸੇ ਸੰਤ-ਸਿਪਾਹੀਆਂ ਦੀ ਜੋ ਪ੍ਰੇਮ ਤੇ ਮਿਠਾਸ ਦੇ ਦੈਵੀ ਹਥਿਆਰਾਂ ਨਾਲ ਬੁਰਾਈ ਦਾ ਮੁਕਾਬਲਾ ਕਰਕੇ ਇਸ ਉਤੇ ਵਿਜੈ ਪ੍ਰਾਪਤ ਕਰਨ ਦਾ ਭਰੋਸੇ ਨਾਲ ਲਗਾਤਾਰ ਯਤਨ ਕਰਦੇ ਰਹਿਣ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ:

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥

(ਪੰਨਾ ੬੨੮)

ਗੁਰੂ ਹਰਿਗੋਬਿੰਦ ਸਾਹਿਬ ਦੇ ਜਿਸ ਇਕ ਵਿਸ਼ੇਸ਼ ਪ੍ਰਸੰਗ ਦਾ ਵਰਨਣ ਅੱਗੇ ਚਲ ਕੇ ਕੀਤਾ ਜਾ ਰਿਹਾ ਹੈ, ਉਸ ਤੋਂ ਸਿਵਾ ਆਪ ਦੇ ਜੀਵਨ ਦੇ ਦੋ ਇਕ ਸੰਖੇਪ ਜ਼ਿਕਰ ਇਸ ਸੰਬੰਧ ਵਿਚ ਖਾਸ ਮਹੱਤਤਾ ਰਖਦੇ ਹਨ ਜਿਹਨਾਂ ਤੋਂ ਪਤਾ ਲਗਦਾ ਹੈ ਕਿ ਬਾਵਜੂਦ ਆਪਣੇ ਸਾਰੇ ਜੰਗਾਂ ਯੁਧਾਂ ਦੇ ਹਜ਼ੂਰ ਨੇ ਸਿਖਾਂ ਦੇ ਸਾਹਮਣੇ ਸ਼ਾਂਤੀ ਧੀਰਜ ਤੇ ਖਿਮਾ ਦੇ ਕੋਮਲ ਗੁਣਾਂ ਉਤੇ ਬੇਹਦ ਜ਼ੋਰ ਦਿਤਾ ਤੇ ਆਪਣੀਆਂ ਜੀਵਨ ਉਦਾਹਰਣ ਦੁਆਰਾ ਇਹਨਾਂ ਨੂੰ ਪ੍ਰਪੱਕ ਕਰਣ ਦਾ ਯਤਨ ਕੀਤਾ ਸੀ। ਸੂਰਜ ਪ੍ਰਕਾਸ਼ ਤੇ ਗੁਰਬਿਲਾਸ ਆਦਿਕ ਇਤਿਹਾਸਕ ਭਾਵ ਗ੍ਰੰਥਾਂ ਵਿਚ ਇਸ ਮਤਲਬ ਦਾ ਇਕ ਅਤ ਹੀ ਰੁਮਾਂਚਕਾਰੀ ਜ਼ਿਕਰ ਇਸ ਤਰ੍ਹਾਂ ਕੀਤਾ ਮਿਲਦਾ ਹੈ। ਪੈਦਾਂ ਖਾਨ ਨਾਮ ਬਲੀ ਤੇ ਬਹਾਦਰ ਪਠਾਨ ਜਿਸ ਨੂੰ ਗੁਰੂ ਸਾਹਿਬ ਨੇ ਖੁਦ ਆਪ ਖ਼ੁਰਾਕ ਖਵਾ-ਖਵਾ ਕੇ ਪਾਲਿਆ ਤੇ ਰਿਸ਼ਟ ਪੁਸ਼ਟ ਕੀਤਾ ਸੀ, ਉਹ ਆਪਣੀ ਹੀ ਕਿਸੇ ਗਲਤੀ ਕਰਕੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਦੁਸ਼ਮਨਾਂ ਨਾਲ ਜਾ ਰਲਦਾ ਹੈ ਤੇ ਫੌਜ ਚੜ੍ਹਾ ਕੇ ਲੈ ਆਂਵਦਾ ਹੈ। ਬਹੁਤ ਸਾਰੀ ਫ਼ੌਜ ਮਾਰੀ ਜਾਣ ਤੋਂ ਬਾਅਦ ਖੁਦ ਆਪ ਗੁਰੂ ਜੀ ਨਾਲ ਯੁੱਧ ਕਰਨ ਲਈ ਆ ਜਾਂਦਾ ਹੈ। ਉਸ ਨੂੰ ਆਪਣੀ ਤਾਕਤ ਉਤੇ ਇਸ ਕਦਰ ਘੁਮੰਡ ਹੈ ਕਿ ਉਹ ਸਮਝਦਾ ਤੇ ਮਹਿਸੂਸ ਕਰਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਸਹਿਜ ਸਭਾ ਕਲਾਵਾ ਭਰ ਕੇ ਚੁੱਕ ਕੇ ਲੈ ਆਵੇਗਾ। ਕੁਝ ਚਿਰ ਢਾਲ ਤਲਵਾਰ ਨਾਲ ਦੋਹਾਂ ਪਾਸਿਆਂ ਤੋਂ ਹੱਥ-ਪਲਥੇ ਹੁੰਦੇ ਰਹਿੰਦੇ ਹਨ। ਮਹਾਰਾਜ ਇਕ ਤਰ੍ਹਾਂ ਉਸ ਨੂੰ ਖੇਡੇ ਲਾਈ ਰੱਖਦੇ ਹਨ ਪਰ ਆਖ਼ਰ ਆਪਣੀ ਸਵੈ-ਰਖਿਆ ਲਈ ਆਪਣੇ ਖੰਡੇ ਯਾ ਸ੍ਰੀ ਸਾਹਿਬ ਨਾਲ ਉਸ ਦਾ ਕੰਮ ਤਮਾਮ ਕਰ ਦੇਂਦੇ ਹਨ। ਉਹ ਜ਼ਮੀਨ ਉਤੇ ਮਰਨ ਹਾਰਾ ਹੋ ਕੇ ਡਿਗ ਪੈਂਦਾ ਹੈ। ਗੁਰੂ ਸਾਹਿਬ ਉਸ ਨੂੰ ਆਖ਼ਰੀ ਦਮ ਨਾਲ ਆਪਣਾ ਦੀਨੀ ਕਲਮਾ ਪੜ੍ਹਨ ਲਈ ਕਹਿੰਦੇ ਹਨ ਪਰ ਉਹ ਕਹਿੰਦਾ ਹੈ ਇਸ ਵੇਲੇ ਆਪ ਦੀ ਤਲਵਾਰ ਹੀ ਮੇਰਾ ਕਲਮਾ ਬਣ ਗਈ ਹੈ। ਕੁਝ ਚਿਰ ਉਹ ਠੰਡਾ ਹੋ ਜਾਂਦਾ ਹੈ। ਉਸ ਵੇਲੇ ਮਹਾਰਾਜ ਉਸ ਦੇ ਪਾਸ ਖਲੋਤੇ ਪਲ ਦੋ ਪਲ ਭਰ ਲਈ ਉਸ ਨੂੰ ਇਕ ਟਕ ਦੇਖੀ ਜਾ ਰਹੇ ਕਿਸ ਤਰ੍ਹਾਂ ਕਰੁਣਾਰਸ ਨਾਲ ਭਰ ਜਾਂਦੇ ਤੇ ਜੰਗ ਦੀ ਸਾਰੀ ਭਿਆਨਕਕਾਰੀ ਦਸ਼ਾ ਨੂੰ ਕਿਸ ਤਲਖੀ ਨਾਲ ਮਹਿਸੂਸ ਕਰਦੇ ਹਨ, ਉਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਕਵਿਤਾ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ:

ਤਿਸ ਕੀ ਦਸ਼ਾ ਦੇਖਿ ਦਖਵਾਰੀ।
ਕਮਲ ਬਿਲੋਚਨਿ ਤੇ ਤਜਵਾਰੀ।
ਬਦਨ ਸ੍ਵੇਦ ਜਿਸ ਕੇ ਬਹੁ ਹੋਵਾ।
ਤਰਫਤਿ ਪਰਿਯੋ ਘਾਮ ਮਹਿਂ ਜੋਵਾ॥੪॥
ਸਿਪਰ ਸਾਥ ਕੀਨਸਿ ਤਬਿ ਛਾਯਾ।
ਹੋਤ ਬਦਨ ਪਰ ਘਾਮ ਮਿਟਾਯਾ।
ਦੇਖਤਿ ਖਰੇ ਤਿਸੂ ਦਿਗ ਝਰੈਂ।
ਪੈਂਦਖਾਨ ਕੇ ਮੁਖ ਪਰ ਪਰੈਂ॥੫॥
ਜਿਮ ਕਾਸ਼ਟ ਕੋ ਪਾਰ ਬਧਾਵੈ।
ਆਪਨਿ ਜਾਨਿ ਤਿਹ ਜਲ ਨ ਡੁਬਾਵੈ।
ਤਰਫ਼ਤ ਪਰਿਯੋ ਛਿਨਕ ਮੈਂ ਮਰਯੋ।
ਸਤਿਗੁਰ ਨੇਹੁ ਅਧਿਕ ਉਰ ਕਰਯੋ॥੬॥
ਤਯਾਗਹਿਂ ਸ਼ਸਤ੍ਰ ਮਨੋਰਥ ਧਾਰਾ।
ਹਤੇ ਹਮਹੁਂ ਨਰ ਤੁਰਕ ਹਜ਼ਾਰਾ।
ਪ੍ਰਤਪਾਰਿਯੋ ਨਿਜ ਕਰ ਤੇ ਘਾਯੋ।
ਇੱਤ ਇਤਯਾਦਿਕ ਸਭਿ ਦੋਸ਼ ਉਪਾਯੋ।
ਤਿਜ ਅਬਿ ਦੇਤਿ ਤਊ ਕਠਨਾਈ।
ਲਰਨ ਹੇਤੁ ਸੈਨਾ ਸਮੁਹਾਈ।

(ਅੰਸ ੮, ਅੰਸੂ ੨੪)

ਭਾਵ ਇਕ ਕਿ ਉਸਦੀ ਦੁਖੀ ਦਸ਼ਾ ਦੇਖ ਕੇ ਮਹਾਰਾਜ ਨੇਤਰ ਕਮਲਾ ਤੋਂ ਹੰਝੂ ਵਹਾ ਰਹੇ ਹਨ ਉਸ ਦਾ ਚਿਹਰਾ ਚਿਟਾ ਹੋ ਰਿਹਾ ਹੈ। ਉਸ ਨੂੰ ਧੂਪ ਵਿਚ ਤੜਫਦੇ ਦੇਖਿਆ ਤੇ ਆਪਣੀ ਢਾਲ ਨਾਲ ਉਸ ਦੇ ਚਿਹਰੇ ਉਤੇ ਛਾਂ ਕਰਕੇ ਧੁਪ ਦੂਰ ਕੀਤੀ। ਆਪ ਖਲੋਤੇ ਦੇਖੀ ਜਾ ਰਹੇ ਹਨ। ਸੋਚਦੇ ਹਨ ਕਿ ਪਾਣੀ ਕਾਠ ਨੂੰ ਆਪਣਾ ਪਾਲਿਆ ਹੋਇਆ ਜਾਣ ਕੇ ਡੋਬਦਾ ਨਹੀਂ ਪਾਰ ਲੰਘਾ ਦੇਂਦਾ ਹੈ। ਇਹ ਤੜਫਦਾ-ਤੜਫਦਾ ਛਿਨ ਵਿਚ ਮਰ ਗਿਆ ਹੈ। ਇਸ ਤਰ੍ਹਾਂ ਮਹਾਰਾਜ ਦੇ ਹਿਰਦੇ ਵਿਚ ਬੜਾ ਪਿਆਰ ਜਜ਼ਬਾ ਪੈਦਾ ਹੋਇਆ। ਹਜ਼ੂਰ ਨੇ ਇਸ ਤਰ੍ਹਾਂ ਮਹਿਸੂਸ ਕੀਤਾ। ਦਿਲ ਕਰਦਾ ਹੈ ਹੁਣ ਇਸੇ ਵੇਲੇ ਸ਼ਸਤਰ ਛੱਡ ਦੇਈਏ। ਅਸਾਂ ਹਜ਼ਾਰਾਂ ਤੁਰਕਾਂ ਨੂੰ ਮਾਰਿਆ ਤੇ ਹੁਣ ਖੁਦ ਆਪਣੇ ਪਾਲੇ ਹੋਏ ਨੂੰ ਆਪਣੀ ਹਥੀਂ ਮਾਰ ਦਿੱਤਾ ਹੈ। ਵਿਚਾਰ (ਜੰਗ ਦੇ) ਮਹਾਰਾਜ ਦੇ ਹਿਰਦੇ ਵਿਚ ਪੈਦਾ ਹੋਏ। ਅਸੀਂ ਹੁਣ ਇਸੇ ਵੇਲੇ ਹਥਿਆਰਾਂ ਨੂੰ ਤਿਲਾਂਜਲੀ ਦੇ ਦੇਂਦੇ, ਪਰ ਸੈਨਾ ਸਾਹਮਣੇ ਲੜਨ ਤੇ ਮਾਰਨ ਲਈ ਤਿਆਰ ਖਲੋਤੀ ਹੈ, ਇਸ ਲਈ ਅਜੇਹਾ ਕਰਨਾ ਇਸ ਵੇਲੇ ਕਠਨ ਹੈ।

ਇਸੇ ਖਿਆਲ ਦੀ ਪੁਸ਼ਟੀ ਇਤਿਹਾਸ ਵਿਚ ਦਿੱਤੀ ਇਸ ਭਾਵ ਪੂਰਤ ਘਟਨਾ ਨਾਲ ਹੁੰਦੀ

ਹੈ ਕਿ ਗੁਰੂ ਸਾਹਿਬ ਨੇ ਆਪਣੇ ਉੱਤਰਾਧਿਕਾਰੀ ਗੁਰੂ ਹਰਿ ਰਾਇ ਜੀ ਨੂੰ ਨੀਅਤ ਕਰਕੇ ਉਹਨਾਂ ਨੂੰ ਖਾਸ ਤੌਰ 'ਤੇ ਇਸ ਮਤਲਬ ਦੀ ਸਪਸ਼ਟ ਤੇ ਪੱਕੀ ਹਦਾਇਤ ਕਰ ਦਿੱਤੀ ਕਿ ਉਹਨਾਂ ਆਪਣੇ ਗੁਰਿਆਈ ਕਾਲ ਵਿਚ ਜੰਗ ਯੁੱਧ ਬਿਲਕੁਲ ਨਹੀਂ ਕਰਨਾ ਹੋਵੇਗਾ, ਭਾਵੇਂ ਕਿਤਨੀ ਉਕਸਾਹਟ ਭੀ ਕਿਉਂ ਨਾ ਹੋਵੇ। ਮਹਾਰਾਜ ਦੀ ਇਸ ਖਾਸ ਹਦਾਇਤ ਨੂੰ ਕਵੀ ਸੰਤੋਖ ਸਿੰਘ ਜੀ ਨੇ ਇਹਨਾਂ ਸ਼ਬਦਾਂ ਦੁਆਰਾ ਪ੍ਰਗਟ ਕੀਤਾ ਹੈ:-

ਕਹਿਯੋ ਤਬੈ ਤੁਮ ਕਬਹੁਂ ਨਾ ਲਰੌ॥
ਸ਼ੱਤ੍ਰਨਿ ਦਿਸ ਤੇ ਸ਼ਾਂਤੀ ਧਰੋ॥
ਕਿਸ ਬਿਧਿ ਤੇ ਨਹਿਂ ਕਰਹੁ ਬਿਖੇਰਾ॥
ਨਹੀਂ ਸੰਭਾਰੋ ਬੈਰ ਬਡੇਰਾ॥੪੦॥
ਸੈਨਾ ਦੋਇ ਸੌ ਦੋਇ ਹਜ਼ਾਰ॥
ਰਾਖਹੁ ਸੰਗ ਸੁਚੇਤੀ ਧਾਰਿ॥
ਨਹੀਂ ਕਦਾਚਿਤ ਰਣ ਕੋ ਚਾਹੋ॥
ਭੋਗਹੁ ਅਨੰਦ ਬੈਠਿ ਘਰ ਮਾਂਹੋ॥੪੧॥

(ਰਾਸਿ ੮, ਅੰਸੂ ੪੯)

ਕਿਤਨਾ ਸਪਸ਼ਟ ਬਚਨ ਹੈ। ਇਸ ਤੋਂ ਸਾਫ਼ ਮਤਲਬ ਇਹ ਨਿਕਲਦਾ ਹੈ ਕਿ ਗੁਰੂ ਸਾਹਿਬ ਨੇ ਅਤੇ ਕੋਮਲ ਤੇ ਸੂਖਮ ਬਿਰਤੀ ਨਾਲ ਇਹ ਮਹਿਸੂਸ ਕੀਤਾ ਹੈ। ਅਸੀਂ ਹੁਣ ਉਸ ਵਿਸ਼ੇਸ਼ ਪ੍ਰਸੰਗ ਦਾ ਜ਼ਿਕਰ ਕਰਦੇ ਹਾਂ ਜਿਸ ਵੱਲ ਖਾਸ ਤੌਰ 'ਤੇ ਇਸ਼ਾਰਾ ਕੀਤਾ ਗਿਆ ਹੈ। ਇਸ ਤੋਂ ਮਹਾਰਾਜ ਦੀ ਕਮਾਲ ਕੋਮਲਤਾ ਤੇ *'ਬਲਿਹਾਰੀ ਕੁਦਰਤਿ ਵਸਿਆ'* ਦੇ ਰੰਗ ਵਿਚ ਰੰਗੀ ਆਪ ਦੀ ਆਤਮਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ:-

ਇਕ ਦਿਨ ਸਤਿਗੁਰੂ ਬਗੀਚੇ ਦੀ ਸੈਰ ਨੂੰ ਰਵਾਨਾ ਹੁੰਦੇ ਹਨ। ਜਿਸ ਬਾਗ਼ ਵਿਚ ਭਾਂਤ ਭਾਂਤ ਦੇ ਫੁਲ ਤੇ ਫਲਦਾਰ ਬ੍ਰਿਛ ਅਜੀਬ ਸ਼ੋਭਾ ਦੇ ਰਹੇ ਹਨ। ਚੰਬੇਲੀ, ਗੁਲਾਬ ਤੇ ਗੁੱਟਾ ਆਦਿਕ ਫੁੱਲ ਖਿੜੇ ਪਏ ਹੋਏ ਹਨ। ਆੜੂ, ਅਮਰੂਦ, ਅੰਬ, ਨਿੰਬੂ, ਕੇਲੇ, ਅਨਾਰ, ਸੇਬ, ਫਾਲਸੇ ਆਦਿ ਦੇ ਦਰਖ਼ਤ ਆਪਣੀ ਆਪਣੀ ਥਾਂ ਝੂਲ ਰਹੇ ਹਨ। ਰੁੱਤ ਅਨੁਸਾਰ ਖਾਸ-ਖਾਸ ਬ੍ਰਿਛਾਂ ਨੂੰ ਫੁਲ ਫਲ ਲੱਗੇ ਹੋਏ ਹਨ। ਰਾਇ ਜੋਧ ਤੇ ਭਾਨਾਂ ਜੀ ਆਦਿਕ ਕੁਝ ਚੋਣਵੇਂ ਸਿੱਖ ਮਹਾਰਾਜ ਦੇ ਨਾਲ ਸ਼ਾਮਲ ਹਨ। ਘੋੜਿਆਂ ਨੂੰ ਬਾਗ ਤੋਂ ਬਾਹਰ ਹੀ ਬੰਨ ਕੇ ਆਪ ਬਾਗ਼ ਅੰਦਰ ਪ੍ਰਵੇਸ਼ ਕਰਦੇ ਹਨ। ਅੱਗੇ ਪਿੱਛੇ ਰੰਗ-ਰੰਗ ਦੇ ਫੁੱਲ, ਫਲ ਦਰਖ਼ਤਾਂ ਤੇ ਫੁਲਵਾੜੀਆਂ ਨੂੰ ਦੇਖ ਕੇ ਮਹਾਰਾਜ ਦੇ ਮੁਖਾਰਬਿੰਦ ਤੋਂ ਸੁਤੇ-ਸਿਧ ਵਾਹ! ਵਾਹ! ਦੇ ਵਿਸਮਾਦ ਪੂਰਤ ਉਦਗਾਰ ਨਿਕਲ ਰਹੇ ਹਨ। ਕਿਸੇ ਕਿਸੇ ਜਗ੍ਹਾ ਖੜ੍ਹੇ ਹੋ ਕੇ ਆਪ ਬੇਅਖਤਿਆਰ ਕਹਿ ਉਠਦੇ ਨੇ, ਇਹ ਥਾਂ ਕੈਸਾ ਮਨੋਹਰ ਤੇ ਖਿੜ੍ਹਿਆ ਹੋਇਆ ਹੈ। ਇਸ ਫੁੱਲ ਦੀ ਕੈਸੀ ਅਜੀਬ ਸ਼ਾਨ ਹੈ! ਇਸ ਦਾ ਰੰਗ ਕਿਤਨਾ ਸੁੰਦਰ ਹੈ! ਇਹ ਚਹੁਰੀਆਂ ਖੰਬੜੀਆਂ ਵਾਲਾ ਫੁੱਲ ਹੈ। ਇਸ ਫੁੱਲ ਦੀ ਸਾਰੀ ਬਨਾਵਟ ਬਦੋਬਦੀ ਮਨ ਨੂੰ ਮੋਂਹਦੀ ਹੈ। ਗੁਰੂ ਹਰਿਰਾਇ

ਜੀ ਆਪ ਤੋਂ ਪਿੱਛੋਂ ਬਗੀਚੇ ਵਿਚ ਪਹੁੰਚੇ ਹਨ। ਆਪ ਵੀ ਘੋੜੇ ਤੋਂ ਉਤਰ ਕੇ ਬਾਗ ਅੰਦਰ ਦਾਖ਼ਲ ਹੁੰਦੇ ਹਨ। ਹਰ ਰੋਜ਼ ਵਾਂਗੂੰ ਆਪ ਨੇ ਕਈ ਕਲੀਆਂ ਵਾਲਾ ਇਕ ਜਾਮਾ ਬਾਰੀਕ ਹੋਰ ਕਪੜਿਆਂ ਦੇ ਉਤੋਂ ਦੀ ਸਜਾਇਆ ਹੋਇਆ ਹੈ। ਮੋਢੇ ਉਤੇ ਇਕ ਦੁਪਟਾ ਸ਼ੋਭਾ ਦੇ ਰਿਹਾ ਹੈ। ਦਾਦਾ ਸਤਿਗੁਰੂ ਜੀ ਨੂੰ ਮਿਲ ਪੈਣ ਲਈ ਆਪ ਉਤਾਵਲੇ ਤੁਰੇ ਜਾ ਰਹੇ ਹਨ। ਹਵਾ ਦੇ ਝੋਂਕੇ ਨਾਲ ਜਾਮੇ ਦੇ ਪੱਲੇ ਖਿਲਰ ਜਾਣ ਦੇ ਕਾਰਣ ਜਾਮੇ ਦੀ ਕੰਨੀ ਨਾਲ ਰਸਤੇ ਦੇ ਕੋਲ ਦਾ ਇਕ ਫੁੱਲ ਟੁੱਟ ਕੇ ਜ਼ਮੀਨ 'ਤੇ ਡਿੱਗ ਪੈਂਦਾ ਹੈ। ਆਪ ਆਪਣੇ ਧਿਆਨ ਵਿਚ ਅੱਗੇ ਤੁਰੇ ਜਾ ਰਹੇ ਹਨ। ਸੇਵਕਾਂ ਸਮੇਤ ਗੁਰੂ ਜੀ ਪਾਸ ਜਾ ਪਹੁੰਚਦੇ ਨੇ। ਮਹਾਰਾਜ ਨੇ ਸਹਿਜੇ-ਸਹਿਜੇ ਸਾਰੇ ਬਾਗ ਦੀ ਸੈਰ ਕੀਤੀ ਤੇ ਰੌਣਕ ਦੇਖੀ। ਬੜੀ ਕਾਰਾਗਰੀ ਨਾਲ ਬਣਾਏ ਗਏ ਰਸਤਿਆਂ ਵਿੱਚੋਂ ਤੇ ਫੁਲਵਾੜੀਆਂ ਦੇ ਪਾਸੋਂ ਦੀ ਲੰਘਦੇ ਸਤਿਗੁਰੂ ਇਕ ਦਰਖ਼ਤ ਦੀ ਸੰਘਣੀ ਛਾਂ ਵੇਖ ਕੇ ਉਸ ਦੇ ਹੇਠਾਂ ਸੁਸ਼ੋਭਤ ਹੋ ਜਾਂਦੇ ਹਨ। ਕੁਝ ਚਿਰ ਬਚਨ ਬਿਲਾਸ ਤੇ ਵਾਰਤਾਲਾਪ ਹੋਣ ਮਗਰੋਂ ਆਪ ਉਸ ਰਸਤੇ ਵਾਪਸ ਪਰਤਦੇ ਹਨ। ਚਲਦੇ-ਚਲਦੇ ਉਥੇ ਪਹੁੰਚ ਜਾਂਦੇ ਨੇ ਜਿਥੇ ਫੁੱਲ ਟੁੱਟ ਕੇ ਜ਼ਮੀਨ 'ਤੇ ਡਿੱਗਾ ਪਿਆ ਸੀ। ਹੈਰਾਨੀ ਨਾਲ ਖੜ੍ਹੇ ਹੋ ਕੇ ਆਪ ਇਸ ਨੂੰ ਇਕ ਟਕ ਦੇਖਦੇ ਹੋਏ ਫੁਰਮਾਂਦੇ ਤੇ ਪੁੱਛਦੇ ਨੇ 'ਜਾਂਦੀ ਵਾਰੀ ਅਸੀਂ ਇਸ ਨੂੰ ਕਿਹਾ ਸੋਹਣਾ ਖਿੜਿਆ ਹੋਇਆ ਦੇਖਿਆ ਸੀ। ਹੁਣ ਕਿਸ ਨੇ ਜਾਣ-ਬੁਝ ਕੇ ਯਾ ਬੇਪਰਵਾਹੀ ਨਾਲ ਇਸ ਨੂੰ ਤੋੜ ਕੇ ਜ਼ਮੀਨ ਉਤੇ ਸੁੱਟ ਦਿਤਾ ਹੈ'। ਭਾਈ ਸੰਤੋਖ ਸਿੰਘ ਜੀ ਭਾਵ-ਮਈ ਅੰਦਾਜ਼ ਵਿਚ ਮਹਾਰਾਜ ਦੇ ਜਜ਼ਬਾਤ ਨੂੰ ਇਹਨਾਂ ਸ਼ਬਦਾਂ ਦੁਆਰਾ ਪ੍ਰਗਟ ਕਰਦੇ ਹਨ:

ਸ਼ਾਖਾ ਲਗਯੋ ਹੁਤੋ ਹਮ ਹੇਰਾ।
ਅਬਿ ਇਹ ਕਿਹ ਤੋਰਿਯੋ ਛਿਤ ਗੇਰਾ।
ਉਪਮਾ ਮੁਖ ਪ੍ਰਸੰਨ ਕੀ ਪਾਵਤਿ।
ਖਿਰੀ ਪਾਂਖਰੀ ਹੁਤੋ ਸੁਹਾਵਤਿ॥੨੨॥
ਸ਼ਾਖਾ ਸਬਿਤ ਤਰੋਵਰ ਅਵਨੀ।
ਨਿਜ ਛਬਿ ਤੇ ਦਿਖਰਾਵਤਿ ਰਵਨੀ।
ਅਬਿ ਛਿਨ ਛਿਨ ਪ੍ਰਤਿ ਇਹ ਕਮਲਾਵਤਿ।
ਸ਼ੋਕ ਸਹਿਤ ਮੁਖ ਸਮਤਾ ਪਾਵਤਿ।
ਕਾਰਜ ਕਹਾਂ ਸਰਿਯੋ ਇਸ ਤੋਰੇ।
ਧਰਨੀ ਪਰਿਯੋ ਭਈ ਦੁਤਿ ਹੋਰੇ॥੨੩॥

(ਰਾਸਿ ੮, ਅੰਸੂ ੪੫)

ਕਿਸੇ ਨੂੰ ਫੁੱਲ ਟੁੱਟਣ ਦਾ ਕਾਰਨ ਪਤਾ ਨਹੀਂ ਸੀ। ਗੁਰੂ ਹਰਿ ਰਾਇ ਭੀ ਇਸ ਗੱਲ ਤੋਂ ਅਣਜਾਣ ਸਨ। ਤਦ ਇਕ ਸੇਵਕ ਨੇ ਜੋ ਸਤਵੇਂ ਗੁਰੂ ਜੀ ਦੇ ਮਗਰ-ਮਗਰ ਆ ਰਿਹਾ ਸੀ, ਅਸਲੀਅਤ ਦੱਸੀ ਕਿ ਆਪ ਵੱਲ ਉਤਾਵਲੀ ਨਾਲ ਤੁਰੇ ਜਾਂਦਿਆਂ ਇਨ੍ਹਾਂ ਦੇ ਜਾਮੇ ਨਾਲ ਅੜ ਕੇ ਫੁੱਲ ਟੁੱਟ ਗਿਆ ਸੀ। ਤਦ ਮਹਾਰਾਜ ਨੇ ਇਕ ਪ੍ਰਕਾਰ ਉਲਾਹਮੇ ਦੇ ਤੌਰ 'ਤੇ ਫੁਰਮਾਇਆ 'ਬੱਚਾ

ਜੀ ਇਤਨਾਂ ਖੁੱਲ੍ਹਾ ਜਾਮਾ ਪਾ ਕੇ ਇਸ ਨੂੰ ਸਦਾ ਸੰਭਾਲ ਕੇ ਤੁਰਨਾ ਬਣਦਾ ਹੈ। ਬੇਪਰਵਾਹੀ ਕਰਨੀ ਮੁਨਾਸਬ ਨਹੀਂ। ਤਦ ਗੁਰੂ ਹਰਿਰਾਇ ਜੀ ਨੇ ਇਸ ਹੁਕਮ ਨੂੰ ਦ੍ਰਿੜ੍ਹ ਕਰਕੇ ਦਿਲ ਵਿਚ ਵਸਾ ਲੀਤਾ ਤੇ ਅੱਗੇ ਨੂੰ ਜਾਮਾ ਹਮੇਸ਼ਾਂ ਇਕੱਠਾ ਕਰਕੇ ਚੱਲਣ ਦਾ ਨਿਯਮ ਬਣਾ ਲਿਆ। ਕੁਝ ਦਿਨਾਂ ਮਗਰੋਂ ਜਦੋਂ ਗੁਰੂ ਹਰਗੋਬਿੰਦ ਜੀ ਨੂੰ ਆਪਣੇ ਪੋਤਰੇ ਸਤਿਗੁਰੂ ਦੀ ਇਹ ਪ੍ਰਤਿਗਿਆ ਤੇ ਤਪਸਿਆ ਦਾ ਪਤਾ ਲੱਗਾ ਤਾਂ ਆਪ ਨੇ ਉਹਨਾਂ ਦੀ ਇਸ ਭਾਵਨਾ ਦੀ ਭਰਪੂਰ ਪ੍ਰਸੰਸਾ ਕੀਤੀ।

ਇਹ ਪ੍ਰਸੰਗ 'ਤੇ ਇਸ ਦਾ ਸਮੁੱਚਾ ਭਾਵ ਇੰਨਾਂ ਸਪਸ਼ਟ ਹੈ ਕਿ ਇਸ ਉਤੇ ਵਧੇਰੇ ਲਿਖਨ ਦੀ ਲੋੜ ਨਹੀਂ। ਇਹਨਾਂ ਸਾਰੇ ਪ੍ਰਸੰਗਾਂ ਤੇ ਇਹਨਾਂ ਦੇ ਆਧਾਰ 'ਤੇ ਕੀਤੀ ਗਈ ਵਿਚਾਰ ਦੀ ਰੋਸ਼ਨੀ ਵਿਚ ਅਸੀਂ ਇਸ ਮਤਲਬ ਦੀ ਸਨਿਮਰ ਬੇਨਤੀ ਤੇ ਨਿਰਮਾਣ ਜਿਹਾ ਸੁਝਾਅ ਕਰ ਦੇਣਾ ਆਪਣਾ ਕਰਤਵ ਸਮਝਦੇ ਹਾਂ ਕਿ ਜਿਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਨੇ ਕਮਾਲ ਸੂਖਮ ਤੇ ਦੀਰਘ-ਦ੍ਰਿਸ਼ਟੀ ਤੋਂ ਕੰਮ ਲੈ ਕੇ ਆਪਣੀ ਕੌਮ ਦੇ ਮਾਨਸਿਕ ਸਮਤੋਲ ਨੂੰ ਕਾਇਮ ਰੱਖਣ ਲਈ ਖੁਦ ਆਪ ਇਤਨੀ ਇਹਤਿਆਤ ਕੀਤੀ ਤੇ ਗੁਰੂ ਹਰਿਰਾਇ ਜੀ ਜੈਸੀ ਕੋਮਲ ਤਬੀਅਤ ਵਾਲੇ ਮਹਾਪੁਰਖ ਜੀ ਨੂੰ ਆਪਣਾ ਉਤਰਾਧਿਕਾਰੀ ਚੁਣ ਕੇ ਉਹਨਾਂ ਨੂੰ ਆਪਣੇ ਸਮੇਂ ਵਿਚ ਨਿਰੋਲ ਸਾਤਵਿਕ ਮਾਰਗ ਉਤੇ ਚੱਲਣ ਦੀ ਉਚੇਚੀ ਹਦਾਇਤ ਕੀਤੀ ਸੀ, ਠੀਕ ਇਸੇ ਤਰ੍ਹਾਂ ਮਹਾਰਾਜ ਦੇ ਇਸ ਆਸ਼ੇ ਦੀ ਰੌਸ਼ਨੀ ਵਿਚ ਅਸੀਂ ਸਾਰੇ ਲਿਖਾਰੀਆਂ, ਪ੍ਰਚਾਰਕਾਂ, ਰਾਗੀਆਂ 'ਤੇ ਹੋਰ ਆਗੂਆਂ ਦਾ ਇਹ ਫ਼ਰਜ ਬਣਦਾ ਹੈ ਕਿ ਸਾਰਾ ਤਾਣ ਲਾ ਕੇ ਸਮੁੱਚੇ ਸਿੱਖ-ਦਾਇਰੇ ਅੰਦਰ ਸੰਤ ਜੀਵਨ 'ਤੇ ਇਸਦੀ ਰੱਬੀ ਰਹਿਤ ਉਤੇ ਵਧ ਤੋਂ ਵਧ ਜ਼ੋਰ ਦੇਂਦਿਆਂ ਹੋਇਆਂ ਕੌਮ ਦੇ ਸਮੁੱਚੇ ਸੁਭਾ ਨੂੰ ਸਣੇ-ਸਣੇ ਇਸ ਸਾਂਚੇ ਵਿਚ ਢਾਲਣ ਦਾ ਯਤਨ ਕੀਤਾ ਜਾਏ। ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਬਚਨ ਹੈ '*ਦੇ ਲੰਮੀ ਨਦਰਿ ਨਿਹਾਲੀਐ*'। ਇਸ ਗੱਲ ਵਿਚ ਹੀ ਸਾਡਾ ਆਪਣਾ ਕੀ ਸ਼ਖਸੀ ਤੇ ਕੀ ਪੰਥਕ, ਰੌਸ਼ਨ ਜ਼ਮੀਰੀ ਵਾਲਾ ਹਿਤ ਲੁਕਿਆ ਹੋਇਆ ਹੈ ਸਤਿਗੁਰੂ ਆਪ ਸਾਡੇ ਇਸ ਉਦਮ ਵਿਚ ਸਹਾਈ ਹੋਣ।

੮/੧੯੬੨

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਕ ਆਗੂ-ਇਕ ਗੁਰੂ

ਆਗੂ :

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਿੱਖਾਂ ਵਿਚ ਨਿਰਾਸਤਾ ਦਾ ਫੈਲ ਜਾਣਾ ਸੁਭਾਵਕ ਸੀ। ਕਈ ਸਿੱਖਾਂ ਨੇ ਕਿੰਤੂ ਤਕ ਕਰਨਾ ਸ਼ੁਰੂ ਕਰ ਦਿੱਤਾ। ਉੱਧਰ ਜਹਾਂਗੀਰ ਲਾਹੌਰ ਬੈਠ ਕੇ ਐਸੇ-ਐਸੇ ਅਤਿਆਚਾਰ ਕਰ ਰਿਹਾ ਸੀ ਕਿ ਦੇਖ਼ਣ, ਸੁਣਨ ਵਾਲੇ ਵੀ ਕੰਬ ਰਹੇ ਸਨ। ਅਤਿਆਚਾਰਾਂ ਦਾ ਤਮਾਸ਼ਾ ਲਾਹੌਰ ਵਿਚ ਨਿਤ ਸਵੇਰੇ ਹੁੰਦਾ ਸੀ। ਹਾਥੀਆਂ ਅੱਗੇ ਸੁੱਟੇ ਜਾਣਾ ਤੇ ਖੱਲਾਂ ਵਿਚ ਮੜ੍ਹ ਮਾਰ ਸੁੱਟਣਾ ਜਹਾਂਗੀਰ ਦੇ ਮਨ ਭਾਂਵਦੇ ਕਰਮ ਸਨ। ਜਹਾਂਗੀਰ ਦੇ ਲਾਹੌਰ ਹੀ ਟਿਕੇ ਰਹਿਣ ਕਾਰਨ ਜਨਤਾ ਭੈਅ-ਭੀਤ ਹੋਈ ਫਿਰਦੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਭਾਵੇਂ ਉਸ ਵੇਲੇ ਕੇਵਲ ਗਿਆਰਾਂ ਸਾਲਾਂ ਦੀ ਸੀ ਪਰ ਆਪ ਜੀ ਨੇ ਨਾ ਸਿਰਫ਼ ਕੌਮ ਨੂੰ ਬਿਖੜੇ ਸਮੇਂ ਵਿੱਚੋਂ ਕੱਢਿਆ ਸਗੋਂ ਇਕ ਮਜ਼ਬੂਤ ਕੌਮ ਬਣਾ ਕੇ ਉਸ ਨੂੰ ਠੀਕ ਸੇਧ ਦਿੱਤੀ।

ਸਭ ਤੋਂ ਪਹਿਲਾਂ ਆਪ ਜੀ ਨੇ ਦੋ ਤਲਵਾਰਾਂ ਪਹਿਨ ਲੋਕਾਂ ਦੇ ਡਿਗਦੇ ਸਾਹਸ ਨੂੰ ਥੰਮ੍ਹੀ ਦਿੱਤੀ। ਥੋੜ੍ਹੇ ਹੀ ਸਮੇਂ ਬਾਅਦ ਲੋਭੀ ਜਹਾਂਗੀਰ ਨੂੰ ਜਿਚ ਵੀ ਕਰਨ ਲੱਗ ਪਏ । ਆਰਚਰ ਨੇ ਠੀਕ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਨੇ ਸਮਝ ਲਿਆ ਸੀ ਕਿ ਉਹਨਾਂ ਦੇ ਸਿੱਖ ਸੇਵਕ ਦਾ ਬਗ਼ੈਰ ਸ਼ਸਤਰ ਧਾਰਨ ਕਰਨ ਤੋਂ ਬਚਣਾ ਕਠਨ ਹੈ। ਇਹ ਕਰਮ ਦੇਖਣ ਨੂੰ ਜ਼ਰੂਰ ਛੋਟਾ ਸੀ ਪਰ ਇਸ ਦੇ ਸਿੱਟੇ ਮਹੱਤਵਪੂਰਨ ਨਿਕਲੇ। ਉਹਨਾਂ ਦੀ ਸਫ਼ਲ ਅਗਵਾਈ ਤੇ ਦ੍ਰਿੜ੍ਹਤਾ ਦਾ ਪ੍ਰਮਾਣ ਇਸੇ ਗੱਲ ਤੋਂ ਮਿਲਦਾ ਹੈ ਕਿ ਇਕ ਪਾਸੇ ਤਾਂ ਜਹਾਂਗੀਰ ਆਪਣੇ ਪੁੱਤਰ ਨੂੰ ਹਥਿਆਰ ਚੁੱਕਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਕੇ ਉਸ ਦੇ ਹਿਮਾਇਤੀ ਸਾਥੀਆਂ ਨੂੰ ਕਰੜੀਆਂ ਸਜ਼ਾਵਾਂ ਦੇ ਰਿਹਾ ਹੋਵੇ ਤੇ ਦੂਜੇ ਪਾਸੋਂ ਲਾਹੌਰ ਤੋਂ ਕੁਝ ਮੀਲ ਹੀ ਦੂਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਲਵਾਰ ਪਹਿਨ ਕੇ ਹਥਿਆਰ ਚੁੱਕਣ ਦੀ ਪ੍ਰੇਰਨਾ ਉਹਨਾਂ ਲੋਕਾਂ ਨੂੰ ਕਰ ਰਹੇ ਹੋਣ ਜਿਨ੍ਹਾਂ ਕਦੇ ਤਲਵਾਰ ਦੇਖੀ ਵੀ ਨਾ ਹੋਵੇ। ਮੇਰੀ ਪਿਆਰੀ ਭੇਟਾ ਚੰਗਾ ਸ਼ਸਤ੍ਰ ਤੇ ਚੰਗੀ ਜੁਆਨੀ ਆਖ ਕੇ ਸਿੱਖਾਂ ਵਿਚ ਉਤਸ਼ਾਹ ਦੀ ਲਹਿਰ ਦੌੜਾ ਦਿੱਤੀ। ਜੇ ਕਿਸੇ ਲੋਕਾਂ ਉੱਤੇ ਤਖ਼ਤ ਦਾ ਭੈਅ ਪਾਇਆ ਤਾਂ ਆਪ ਨੇ ਨਿਰਭਉ ਬਨਾਉਣ ਲਈ ਅਕਾਲ ਤਖ਼ਤ ਥਾਪ ਦਿੱਤਾ। ਜੇ ਕਿਸੇ ਅੰਮ੍ਰਿਤਸਰ ਨੂੰ ਕਮਜ਼ੋਰ ਦੱਸਿਆ ਤਾਂ ਆਪ ਜੀ ਨੇ ਦਿਨਾਂ ਵਿਚ ਕਿਲ੍ਹੇ ਦੀ ਉਸਾਰੀ ਕਰ ਕੇ ਅੰਮ੍ਰਿਤਸਰ ਗਿਰਦ ਦੀਵਾਰਾਂ ਉਸਾਰ ਪਨਾਹਗਾਹ ਬਣਾ ਦਿੱਤੀ। ਆਗੂ ਦਾ ਕੰਮ ਹੀ ਹੈ ਕਿ ਉਹ ਕੌਮ ਵਿਚ ਉਤਸ਼ਾਹ ਮਰਨ ਨਾ ਦੇਵੇ ਤੇ ਸ਼ੰਕੇ ਤੇ

ਤਰਕਾਂ ਨੂੰ ਜੋ ਮਨਾਂ ਵਿਚ ਉੱਠਦੇ ਹਨ, ਦੂਰ ਨਸਾਏ। ਗੁਰੂ ਜੀ ਦੀ ਹੋਂਦ ਤੇ ਚੜ੍ਹਦੀ ਕਲਾ ਨੇ ਢੱਠੇ ਮਨਾਂ ਨੂੰ ਉਤਾਂਹ ਉਠਾਇਆ ਤੇ ਉਹ ਹੀ ਜੋਧੇ ਹੋ ਮੈਦਾਨਾਂ ਵਿਚ ਉੱਤਰੇ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਇਸ ਪਾਸੇ ਗੁਰੂ ਪਾਤਸ਼ਾਹ ਨੂੰ ਪੂਰੀ ਸਫਲਤਾ ਮਿਲੀ।

ਜਿਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਕੂਮਤ ਵੱਲੋਂ ਦਿੱਤੇ ਗਏ ਸਹਿਮਾਂ ਤੇ ਡਰਾਂ ਤੋਂ ਮੁਕਤ ਕੀਤਾ ਉਥੇ ਕੌਮ ਨੂੰ ਵੱਖਰੀ ਤਗੜੀ ਮਰਯਾਦਾ ਦੇ ਕੇ ਵਹਿਮਾਂ ਤੇ ਭਰਮਾਂ ਵਿੱਚੋਂ ਵੀ ਕੱਢਿਆ। ਉਸ ਸਮੇਂ ਇਕ ਇਹ ਵੀ ਡਰ ਸੀ ਕਿ ਸਹਿਮੀ ਹੋਈ ਕੌਮ ਫਿਰ ਕਿਧਰੇ ਪੁਰਾਣੀਆਂ ਰਸਮਾਂ ਦਾ ਭੀ ਸਹਾਰਾ ਨਾ ਲੈ ਲਵੇ। ਆਪ ਜੀ ਨੇ ਸਿੱਖਾਂ ਵਿਚ ਐਸਾ ਜੀਵਨ ਭਰਿਆ ਜਿਸ ਨਾਲ ਸਿੱਖ ਅਗ੍ਹਾਂ ਹੀ ਵਧਦੇ ਗਏ। ਬੁਤ-ਪ੍ਰਸਤੀ ਤੋਂ ਹਟਾਉਣਾ, ਮੁਸਲਮਾਨਾਂ ਨੂੰ ਖੁਲ੍ਹ-ਦਿਲੀ ਨਾਲ ਸਿੱਖੀ ਦਾਇਰੇ ਵਿਚ ਸ਼ਾਮਲ ਕਰੀ ਜਾਣਾ, ਸ਼ਾਸਤ੍ਰ ਤੇ ਬ੍ਰਾਹਮਣ ਮਤ ਤੋਂ ਉਤਾਂਹ ਉਠਾ ਦੇਣਾ ਤੇ ਇਤਨਾ ਵਿਸ਼ਵਾਸ ਕਰ ਦੇਣਾ ਕਿ ਨਿਮਾਣੇ ਤੋਂ ਨਿਮਾਣਾ ਸਿੱਖ ਗੂੜ੍ਹ ਪੰਡਤ ਨਾਲ ਟਾਕਰਾ ਕਰਨ ਜੋਗ ਹੋ ਗਿਆ। ਇਹ ਗੁਰੂ ਆਗੂ ਦੀ ਕਰਾਮਾਤ ਹੀ ਸੀ। ਇਸ ਕਥਨ ਨੂੰ ਇਕ ਵਾਰਤਾ ਸ਼ਾਇਦ ਹੋਰ ਸਪਸ਼ਟ ਕਰ ਦੇਵੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਹਰਗੋਬਿੰਦਪੁਰ ਵਿਖੇ ਹੀ ਟਿਕੇ ਹੋਏ ਸਨ ਕਿ ਬਟਾਲੇ ਦਾ ਇਕ ਹੰਕਾਰੀ ਪੰਡਤ ਨਿਤਾਨੰਦ ਗੁਰੂ ਜੀ ਨਾਲ ਸ਼ਾਸਤ੍ਰ ਚਰਚਾ ਛੇੜਣ ਲਈ ਪੁੱਜਾ ਤੇ ਸਿੱਖਾਂ ਉੱਤੇ ਪ੍ਰਭਾਵ ਪਾਉਣ ਲਈ ਗਰੜ ਪੁਰਾਣ ਦੀ ਗਾਥਾ ਸੁਣਾਂਦੇ ਹੋਏ ਜੀਵ ਆਤਮਾ ਦੇ ਉਸ ਸਫ਼ਰ ਦੀ ਵਿਆਖਿਆ ਕੀਤੀ ਜੋ ਉਸ ਨੂੰ ਮੌਤ ਪਿੱਛੋਂ ੩੬੦ ਦਿਨਾਂ ਵਿਚ ਕਰਨਾ ਪੈਂਦਾ ਹੈ। ਇਹ ਸਭ ਸੁਣ ਕੇ ਗੁਰੂ ਜੀ ਮੁਸਕਰਾ ਪਏ ਤੇ ਇਕ ਸਿੱਖ ਸੁੰਦਰ ਜੀ ਨੇ ਕਿਹਾ, "ਗੁਰੂ ਦੀ ਮੇਹਰ ਸਦਕਾ ਮੈਂ ਓਹ ਸਾਰਾ ਸਫ਼ਰ ੧੨ ਘੰਟਿਆਂ ਵਿਚ ਕਰ ਸਕਦਾ ਹਾਂ।" ਉਨ੍ਹਾਂ ਦੀ ਗੱਲ ਸੁਣ ਕੇ ਭਾਈ ਲਾਲ ਜੀ ਨੇ ਕਿਹਾ, "ਮੈਂ ਉਸੇ ਸਫ਼ਰ ਨੂੰ ਤਿੰਨਾਂ ਘੰਟਿਆਂ ਵਿਚ ਕਰ ਸਕਦਾ ਹਾਂ।" ਭਾਈ ਨਿਹਾਲਾ ਜੀ ਨੇ ਵਿਸ਼ਵਾਸ ਵਿਚ ਕਿਹਾ ਕਿ "ਉਸ ਪੈਂਡੇ ਸਿੱਖ ਪੈਂਦਾ ਹੀ ਨਹੀਂ, ਸਿਖ ਤਾਂ ਸਿੱਧਾ ਹੀ ਵਾਹਿਗਰੂ ਪਾਸ ਪੁਜਦਾ ਹੈ।" ਨਿਤਾਨੰਦ ਨੇ ਜਦ ਗੁੱਸੇ ਵਿਚ ਕਿਹਾ, ਇਹ ਸਭ ਕੀ ਹੈ? ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ, ਇਹ ਸਭ ਠੀਕ ਹੈ, ਇਸ ਵਿਚ ਰਤਾ ਵੀ ਕੁਸੱਤ ਨਹੀਂ। ਜੋ ਗੁਰੂ ਭਗਤ ਹਨ ਉਨ੍ਹਾਂ ਲਈ ਇਹ ਰਾਸਤੇ ਨਹੀਂ। ਬਾਦਸ਼ਾਹ ਦੇ ਸਾਥੀ ਨੂੰ ਕਰਮਚਾਰੀ ਦੀ ਸਿਫਾਰਸ਼ ਦੀ ਲੋੜ ਨਹੀਂ, ਉਸ ਦੀ ਸਿੱਧੀ ਪਹੁੰਚ ਬਾਦਸ਼ਾਹ ਤਕ ਹੈ। ਭਲੇ ਪੁਰਸ਼ ਬਦੀਆਂ ਵਿਚ ਨਹੀਂ ਪੈਂਦੇ। ਇਸੇ ਤਰ੍ਹਾਂ ਗੁਰਸਿੱਖ ਇਨ੍ਹਾਂ ਕਸ਼ਟਾਂ ਵਿਚ ਨਹੀਂ ਪੈਂਦੇ। ਨਾਲੇ ਜੋ ਪੁਰਸ਼ ਪੈਦਲ ਹੈ ਉਸ ਨੂੰ ਸਮਾਂ ਬਹੁਤ ਲਗਦਾ ਹੈ। ਜੋ ਘੋੜੇ ਉੱਤੇ ਹੈ ਉਸ ਨੂੰ ਉਹ ਹੋਰ ਘੱਟ ਤੇ ਕੋਈ ਕਿਸੇ ਤੇਜ਼ ਰਫ਼ਤਾਰ ਸਵਾਰੀ ਉੱਤੇ ਹੋਵੇ ਤਾਂ ਉਹ ਹੋਰ ਛੇਤੀ ਪੈਂਡਾ ਤਹਿ ਕਰ ਲੈਂਦਾ ਹੈ। ਸੋ ਜੋ ਸ਼ਬਦ ਦੀ ਟੇਕ ਰੱਖਦੇ ਹਨ ਉਨ੍ਹਾਂ ਦਾ ਆਉਣ ਜਾਣਾ ਮਿਟ ਜਾਂਦਾ ਹੈ। ਆਤਮਕ ਹਨੇਰੇ ਕਰਕੇ ਹੀ ਆਉਣ ਜਾਣ ਹੁੰਦਾ ਹੈ ਇੰਨੇ ਠੇਡੇ ਲਗਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ, *"ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ"* ਨਿਤਾਨੰਦ ਨੇ ਸਿਰ ਝੁਕਾਇਆ ਤੇ ਸਿੱਖੀ ਧਾਰਨ ਕੀਤੀ

ਤੇ ਆਖਿਆ, "ਮੈਨੂੰ ਇਕ ਤਾਂ ਜਾਤ ਦਾ ਹੰਕਾਰ ਸੀ, ਦੂਜਾ ਵਿਦਵਤਾ ਦਾ। ਤੁਸੀਂ ਨਜ਼ਰਾਂ ਦਿੱਤੀਆਂ ਹਨ।" ਇਹ ਬ੍ਰਾਹਮਣਵਾਦ ਉੱਤੇ ਕਰਾਰੀ ਚੋਟ ਸੀ। ਸਿੱਖ ਰਾਜਨੀਤਕ, ਸਮਾਜਕ ਤੇ ਧਾਰਮਕ ਤੌਰ ਉੱਤੇ ਸੁਤੰਤਰ ਹੋ ਗਏ। ਆਪਣੇ ਆਪ ਨੂੰ ਨੀਵਾਂ ਜਾਣ ਸਮਾਜ ਤੋਂ ਦੂਰ-ਦੂਰ ਰਹਿਣ ਵਾਲਿਆਂ ਨੂੰ ਪ੍ਰਚਾਰਕਾਂ ਦੇ ਕੰਮ ਸੌਂਪੇ। ਜਦ ਭਾਈ ਰੂਪਾ ਨੇ ਇਹ ਆਖਿਆ, "ਮੈਂ ਸ਼ੂਦਰ ਇਸ ਯੋਗ ਨਹੀਂ ਹਾਂ।" ਗੁਰੂ ਸਿੱਖੀ ਪ੍ਰਚਾਰਨ ਦੇ ਉੱਚੇ ਪਦ ਉੱਤੇ ਕੋਈ ਉੱਚਾ ਹੀ ਬੈਠਣਾ ਚਾਹੀਦਾ ਹੈ।

ਸੂਦਰ ਜਾਤ ਮੇਰੀ ਕਹਿ ਰੂਪਾ।
ਮੰਜੀ ਬੈਠਹਿ ਊਠ ਅਨੂਪਾ।
ਅਪਰ ਨ ਇਛਾ ਸ੍ਰੀ ਗੁਰਦੇਵਾ।

ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ ਕਿ ਗੁਰੂ ਨਾਨਕ ਸਾਹਿਬ ਦਾ ਘਰ ਨੀਵਿਆਂ ਨੂੰ ਉੱਚਿਆਂ ਕਰਨ ਵਾਲਾ ਹੈ। ਇਹ ਵੀਚਾਰ ਹੀ ਕੋਝੀ ਹੈ ਕਿ ਜਾਤ ਕਰ ਕੇ ਕੋਈ ਉੱਚਾ ਹੈ ਜਾਂ ਕੋਈ ਨੀਵਾਂ।

ਸੁਣ ਬੋਲੇ ਸਤਿਗੁਰ ਸੁਖਾਗਰ।
ਨੀਚੋਂ ਊਚ ਕਰੇ ਮਮ ਠਾਕੁਰ।

ਟਰੰਪ ਦਾ ਇਹ ਲਿਖਣਾ ਲਾਂਭੇ ਦੀ ਗੱਲ ਹੈ ਕਿ ਹਕੂਮਤ ਇਤਨੀ ਕਮਜ਼ੋਰ ਤੇ ਨਾ ਅਹਿਲ ਸੀ ਕਿ ਉਹ ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਸਕੀ। ਗੱਲ ਸਗੋਂ ਉਲਟ ਹੈ। ਜੇ ਉਸ ਸਮੇਂ ਕੋਈ ਹਕੂਮਤ ਠੀਕ ਤੇ ਪੱਧਰੀ ਚਲ ਰਹੀ ਸੀ ਤਾਂ ਉਹ ਪੰਜਾਬ ਦੀ ਸੀ। ਜਹਾਂਗੀਰ ਪਹਿਲਾਂ ਆਪ ਪੰਜਾਬ ਵਿਚ ਸੀ ਤੇ ਫਿਰ ਉਸ ਨੇ ਪੰਜਾਬ ਨੂੰ ਜਾਗੀਰ ਦੇ ਰੂਪ ਵਿਚ ਸਮੇਂ ਦੇ ਪ੍ਰਸਿਧ ਜਰਨੈਲ ਮੁਰਤਜ਼ਾ ਖਾਨ ਨੂੰ ਸੌਂਪ ਦਿੱਤਾ। ਉਸ ਦੀ ਮੌਤ ਉਪਰੰਤ ਵੀ ਕਦੇ ਕੋਈ ਗਵਰਨਰ ਉਸ ਨੇ ਕਮਜ਼ੋਰ ਨਾ ਥਾਪਿਆ। ਜ਼ਰਾ ਵੀ ਢਿਲ ਦੀ ਖ਼ਬਰ ਪੁੱਜੀ ਨਹੀਂ ਕਿ ਜਹਾਂਗੀਰ ਨੇ ਬਦਲਿਆ ਨਹੀਂ। ਵਜ਼ੀਰ ਖਾਨ ਵਰਗੇ ਸਿਆਣੇ ਗਵਰਨਰ ਨੂੰ ਸਿਰਫ਼ ਇਸ ਲਈ ਬਦਲਾ ਦਿੱਤਾ ਗਿਆ ਕਿਉਂਕਿ ਉਹ ਜਹਾਂਗੀਰ ਦੀਆਂ ਨਜ਼ਰਾਂ ਵਿਚ ਸਖ਼ਤ ਨਹੀਂ ਸੀ। ਗੱਲ ਅਸਲ ਵਿਚ ਇਹ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਤਨੇ ਸੁਚੱਜੇ ਤੇ ਸੁੱਘੜ ਆਗੂ ਸਨ ਕਿ ਉਨ੍ਹਾਂ ਹਰ ਸਥਿਤੀ ਨੂੰ ਪਹਿਲਾਂ ਸਮਝਿਆ ਤੇ ਫਿਰ ਉਸ ਮੁਤਾਬਕ ਕਦਮ ਪੁੱਟਿਆ। ਜਿਸ ਸਮੇਂ ਚੁੱਪ ਕਰਨ ਦੀ ਲੋੜ ਸੀ, ਚੁੱਪ ਰਹੇ ਤੇ ਜਿਸ ਸਮੇਂ ਕਰੜੀ ਸੱਟ ਮਾਰਣ ਦੀ ਲੋੜ ਸੀ, ਲੋਹਾ ਲਿਆ। ਸੀ. ਐਚ. ਪੇਨ ਦਾ ਕਹਿਣਾ ਠੀਕ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੀਵਨ ਫ਼ਿਲਾਸਫ਼ੀ ਹੀ ਐਸੀ ਬਣਾ ਦਿੱਤੀ ਕਿ ਦਿੱਤਿਆਂ ਤੇ ਵੰਡਿਆਂ ਹੀ ਸੁੱਖ ਹੈ ਤੇ ਮਰਨ ਦਾ ਚਾਅ ਕੌਮ ਦੇ ਹਰ ਅੰਗ ਵਿਚ ਐਸਾ ਭਰਿਆ ਕਿ ਕੌਮ ਹਰ ਖ਼ਤਰੇ ਨੂੰ ਮੁੱਲ ਲੈਣ ਲਈ ਤਿਆਰ ਹੋ ਗਈ।

ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਿਤ ਦੇ ਪ੍ਰੋਗਰਾਮ ਐਸੇ ਬਣਾਏ ਜਿਸ ਕਾਰਣ ਉਤਸ਼ਾਹ ਬਣਿਆ ਰਿਹਾ। ਹਰ ਰੋਜ਼ ਢਾਡੀਆਂ ਨੂੰ ਯੁੱਧ ਦੀਆਂ ਵਾਰਾਂ ਸੁਣਾਉਣ ਲਈ ਕਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦੀਆਂ ਧੁਨੀਆਂ ਵੀ ਜੋਧਿਆਂ ਦੀਆਂ ਵਾਰਾਂ ਦੀਆਂ

ਧੁਨੀਆਂ ਉੱਤੇ ਕੱਢੀਆਂ। ਕ੍ਰਿਪਾਨ ਪਹਿਣਨ ਤੇ ਕਿਰਪਾਨ ਚਲਾਉਣ ਨੂੰ ਧਰਮ ਬਣਾ ਕੇ ਪੇਸ਼ ਕੀਤਾ। ਮਾਝਾ, ਮਾਲਵਾ ਤੇ ਦੁਆਬਾ ਵਿਚੋਂ ਅਣਸਵਾਰੀਆਂ, ਉੱਗੜ-ਦੁੱਗੜ ਸ਼ਕਤੀਆਂ ਨੂੰ ਸਵਾਰ ਕੇ ਇਕ ਲੜੀ ਵਿਚ ਪਰੋਣਾ ਉਨ੍ਹਾਂ ਦਾ ਹੀ ਕੰਮ ਸੀ। ਮੈਕਾਲਿਫ਼ ਕਹਿੰਦਾ ਹੈ ਕਿ ਜੀਵਨ ਨਜ਼ਰੀਆ ਬਦਲਾਉਣ ਨਾਲ ਤੇ ਉਤਸ਼ਾਹ ਭਰੇ ਜਾਣ ਦਾ ਸਦਕਾ ਇਕ ਥਾਵੇਂ ਸਾਂਝੇ ਉਤਸ਼ਾਹੀ, ਸਿਦਕੀਆਂ ਤੇ ਮਰਨ ਵਾਲਿਆਂ ਦੀ ਜਮਾਤ ਇਕੱਠੀ ਹੋ ਗਈ। ਹਜ਼ਾਰਾਂ ਦੀ ਗਿਣਤੀ ਵਿਚ ਲੋਕੀਂ ਗੁਰੂ ਦਰਬਾਰ ਵਿਚ ਆਉਣ ਲੱਗ ਪਏ ਤੇ ਹਾਜ਼ਰ ਹੋ ਆਪਣੀਆਂ ਜੁਆਨੀਆਂ ਭੇਟ ਕਰਨ ਲੱਗੇ। ਉਨ੍ਹਾਂ ਜੁਆਨੀਆਂ ਭੇਟ ਕਰਨ ਵਾਲਿਆਂ ਦੀ ਸਿਰਫ਼ ਇਹ ਮੰਗ ਹੁੰਦੀ ਸੀ ਕਿ ਉਨ੍ਹਾਂ ਨੂੰ ਛੇ ਮਹੀਨੇ ਉਪਰੰਤ ਇਕ ਕੁਰਤਾ ਤੇ ਦੋ ਵਕਤ ਦਾ ਪ੍ਰਸ਼ਾਦਾ ਚਾਹੀਦਾ ਹੈ। ਕੌਮ ਵਿਚ ਵਿਸ਼ਵਾਸ ਭਰਿਆ ਕਿ ਥੋੜ੍ਹੇ ਹੋਣ ਕਾਰਨ ਘਬਰਾਉਣਾ ਨਹੀਂ ਚਾਹੀਦਾ। ਲੱਕੜ ਦੀ ਇਕ ਨਿਮਾਣੀ ਤੀਲੀ ਜੰਗਲ ਨੂੰ ਅੱਗ ਲਗਾ ਸਕਦੀ ਹੈ, ਉਹ ਤਾਂ ਭਲਾ ਇਨਸਾਨ ਹਨ ਤੇ ਇਨਸਾਨ ਵੀ ਉਹ ਜਿੰਨ੍ਹਾਂ ਦਾ ਕਲੇਜਾ ਹੁਣੇ-ਹੁਣੇ ਤੱਤੀਆਂ ਤੱਵੀਆਂ ਉਤੇ ਸਾੜਿਆ ਗਿਆ ਹੈ।

ਸ਼ਾਹਜਹਾਨ ਨੇ ਜਦ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਸਿਵਾਇ ਇਸਲਾਮ ਦੇ ਪ੍ਰਚਾਰ ਦੇ ਕੋਈ ਹੋਰ ਪ੍ਰਚਾਰ ਨਹੀਂ ਕਰ ਸਕਦਾ ਤਾਂ ਉਸ ਸਮੇਂ ਆਪ ਨੇ ਹਰ ਨਵੇਂ ਥਾਪੇ ਪ੍ਰਚਾਰਕ ਦੇ ਨਾਲ ਸੌ-ਸੌ ਸਵਾਰ ਭੇਜੇ। ਇਕੱਲੇ-ਇਕੱਲੇ ਪ੍ਰਚਾਰਕ ਨੇ ਹੀ ਜਾਨ ਵਾਰ ਕੇ ਸਿੱਖੀ ਫ਼ੈਲਾਈ। ਰਾਤਾਂ ਝਾਕ-ਝਾਕ ਕੇ ਪ੍ਰਚਾਰਕ ਜਥਿਆਂ ਨੇ ਸਿੱਖੀ ਸੰਦੇਸ਼ ਦਿੱਤਾ। ਗ੍ਰੀਨਲੀਜ਼ ਦਾ ਕਹਿਣਾ ਹੈ ਕਿ ਐਸੀ ਸੁੰਦਰ ਅਗਵਾਈ ਕੀਤੀ ਕੇ ਲੋਕੀ ਬੰਧਨਾਂ ਤੋਂ ਆਜ਼ਾਦ ਹੋਏ। ਕੁਰਬਾਨੀਆਂ ਕਰਨ ਲਈ ਉਤਾਵਲੇ ਹੋ ਨਿੱਤਰੇ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹਾਦਤ ਦੇ ਕੇ ਪੂਰਨੇ ਪਾ ਗਏ ਸਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਏ ਪੂਰਨਿਆਂ ਉੱਤੇ ਖ਼ੂਬਸੂਰਤ ਲਿਖਵਾਈ ਕੀਤੀ।

ਗੁਰੂ-ਆਗੂ ਦਾ ਸਿੱਖ ਕਿਤਨਾ ਸਤਿਕਾਰ ਤੇ ਸਨਮਾਨ ਕਰਦੇ ਸਨ ਇਸ ਦੀਆਂ ਕਈ ਸੁੰਦਰ ਝਾਕੀਆਂ ਉਨ੍ਹਾਂ ਦੇ ਜੀਵਨ ਵਿਚੋਂ ਮਿਲਦੀਆਂ ਹਨ। ਮੁਹਸਨਫ਼ਾਨੀ ਨੇ ਕਈ ਗਵਾਹੀਆਂ ਭਰੀਆਂ ਹਨ। ਭਾਈ ਸਾਧੂ ਜੀ ਨੂੰ ਇਰਾਕ ਗੁਰੂ ਦੀ ਆਗਿਆ ਅਨੁਸਾਰ ਘੋੜੇ ਖਰੀਦਣ ਜਾਣ ਸਮੇਂ ਪਹਿਲੇ ਪੜਾਅ ਉਤੇ ਖ਼ਬਰ ਪੁੱਜੀ ਕਿ ਉਨ੍ਹਾਂ ਦਾ ਜੁਆਨ ਪੁੱਤਰ ਸਖ਼ਤ ਬੀਮਾਰ ਹੈ ਤੇ ਡਰ ਹੈ ਕਿ ਮਰ ਹੀ ਨਾ ਜਾਏ ਤਾਂ ਭਾਈ ਸਾਧੂ ਜੀ ਨੇ ਕਿਹਾ, "ਘਰ ਲੱਕੜਾਂ ਬਹੁਤ ਹਨ, ਸਸਕਾਰ ਕਰ ਦੇਣਾ। ਹੁਣ ਮੂੰਹ ਗੁਰੂ ਵੱਲ ਕਰ ਚੁੱਕਾ ਹਾਂ। ਪਿੱਛੇ ਮੁੜ ਨਹੀਂ ਸਕਦਾ।" ਇਸੇ ਤਰ੍ਹਾਂ ਭਾਈ ਜਵੰਦਾ ਜੀ ਦਾ ਤਿੰਨ ਦਿਨ, ਤਿੰਨ ਰਾਤਾਂ ਇਕ ਥਾਂ ਹੀ ਖੜ੍ਹੇ ਰਹਿਣਾ, ਭਾਈ ਚੂਹੜ ਜੀ ਦਾ ਸਾਰਾ ਦਿਨ ਰਾਤ ਪੱਥਰ ਢੋਈ ਜਾਣਾ, ਭਾਈ ਬਿਧੀ ਚੰਦ ਜੀ ਦਾ ਹਰ ਹੁਕਮ ਉੱਤੇ ਪਹਿਰਾ ਦੇਣਾ, ਭਾਈ ਜਲੇ ਦਾ ਕਮਜ਼ੋਰ ਸਰੀਰ ਹੋਣ ਉੱਤੇ ਵੀ ਸਿਰਕੀਆਂ ਨਾਲ ਪਿੰਡਾ ਲਹੂ ਲੁਹਾਨ ਕਰ ਲੈਣਾ ਤੇ ਕਈਆਂ ਦਾ ਹੋਰ ਤਿਆਰ ਹੋ ਜਾਣਾ, ਆਗੂ ਦਾ ਸਤਿਕਾਰ ਦ੍ਰਿੜ੍ਹ ਕਰਾਉਣ ਵਾਲੀਆਂ ਸੁੰਦਰ ਉਦਾਹਾਰਣਾਂ ਹਨ।

ਸਭ ਤੋਂ ਸੁੰਦਰ ਤੇ ਵੱਡੀ ਅਗਵਾਈ ਗੁਰਗੱਦੀ ਠੀਕ ਹੱਥਾਂ ਵਿਚ ਦੇ ਕੇ ਕੀਤੀ। ਗੁਰਗੱਦੀ

ਸ੍ਰੀ ਗੁਰੂ ਹਰਿਰਾਇ ਜੀ ਨੂੰ ਸੌਂਪਣੀ ਇਕ ਸੁੰਦਰ ਅਗਵਾਈ ਸੀ। ਧੀਰਮਲ ਨੇ ਕਈ ਹੱਥ ਪੈਰ ਮਾਰੇ ਪਰ ਗੁਰੂ ਆਗੂ ਨੇ ਉੱਕਾ ਹੀ ਧਿਆਨ ਨਾ ਦਿਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਾਣਦੇ ਸਨ ਕਿ ਹੁਣ ਐਸੇ ਗੁਰੂ ਵਿਅਕਤੀ ਦੀ ਲੋੜ ਹੈ ਜੋ ਔਕੜਾਂ ਵਿਚ ਅਡੋਲ ਰਵ੍ਹੇ ਤੇ ਜਥੇਬੰਦੀ ਨੂੰ ਢਿਲਾ ਨਾ ਹੋਣ ਦੇਵੇ। ਜਿਸ ਦਾ ਸਬਰ ਅਥਾਹ ਹੋਵੇ। ਜੋ ਸਵਾਰ ਰੱਖ ਵੀ, ਉਹਨਾਂ ਦੀ ਵਰਤੋਂ ਨਾ ਕਰੇ। ਜੋ ਸਿੱਖ ਵਾੜੀ ਦੀ ਰੱਖਿਆ ਕਰੇ। ਸ੍ਰੀ ਗੁਰੂ ਹਰਿ ਰਾਇ ਜੀ ਦਾ ਐਸਾ ਸੁਭਾਅ ਪੱਕ ਚੁੱਕਾ ਸੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਐਸਾ ਹੀ ਬਣਾ ਕੇ ਗਏ ਸਨ।

ਗੁਰੂ-ਧਾਰਮਕ ਆਗੂ:

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਸੇ ਮਾਲਾ ਦੇ ਮਣਕੇ ਸਨ ਜਿਸ ਨੂੰ ਤਿਆਰ ਗੁਰੂ ਨਾਨਕ ਸਾਹਿਬ ਕਰ ਗਏ ਸਨ। ਤਲਵਾਰ ਵੀ ਧਰਮ ਦੀ ਰਾਖੀ ਲਈ ਸੀ ਨਾ ਕਿ ਕਿਸੀ ਜ਼ਾਤੀ ਗਰਜ਼ ਜਾਂ ਖਿੱਚ ਲਈ। ਜੋਤ ਉਹ ਸੀ। ਜੁਗਤ ਵੀ ਸਾਇ ਸੀ, ਸਿਰਫ਼ ਸਰੀਰ ਬਦਲੇ ਸਨ। ਰੂਹਾਨੀਅਤ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭੰਡਾਰ ਸਨ। ਜਦੋਂ ਕਿਸੇ ਨੂੰ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਪਦੇਸ਼ ਦਿੰਦੇ ਤਾਂ ਗੁਰਬਾਣੀ ਹੀ ਪੜ੍ਹ ਸੁਣਾਂਦੇ ਸਨ। ਜਦ ਕਿਸੇ ਨੇ ਵੀ ਫਿਰ ਦਰਸ਼ਨਾਂ ਲਈ ਕਿਹਾ ਤਾਂ ਆਪ ਜੀ ਨੇ ਸ਼ਬਦ ਪੜ੍ਹਨ ਤੇ ਪੰਜ ਗ੍ਰੰਥੀ ਦਾ ਹੀ ਪਾਠ ਕਰਨ ਲਈ ਫ਼ੁਰਮਾਇਆ। ਡਰੋਲੀ ਦੀ ਸੰਗਤ ਨੇ ਜਦ ਸਦਾ ਦਰਸ਼ਨ ਦੇਣ ਲਈ ਜੋਦੜੀ ਕੀਤੀ ਤਾਂ ਆਪ ਜੀ ਨੇ 'ਪੋਥੀ ਤੇ ਕਟਾਰ' ਹੀ ਬਖ਼ਸ਼ੀ।

ਆਪ ਜੀ ਨੇ ਪ੍ਰਚਾਰ ਦੇ ਕੰਮਾਂ ਨੂੰ ਵੀ ਕਿਸੇ ਸਮੇਂ ਢਿਲਾ ਨਾ ਪੈਣ ਦਿੱਤਾ। ਜਦ ਪਹਿਲੀ ਜੰਗ ਸਮੇਂ ਆਪ ਜੀ ਨੇ ਡਿਠਾ ਕਿ ਇਹ ਜੰਗਾਂ ਦਾ ਅਰੰਭ ਹੈ ਤਾਂ ਆਪਣੇ ਵੱਡੇ ਪੁੱਤਰ ਬਾਬਾ ਗੁਰਦਿਤਾ ਜੀ ਨੂੰ ਨਿਰੋਲ ਪ੍ਰਚਾਰ ਦੇ ਕੰਮਾਂ ਵਿਚ ਹੀ ਲਗਾ ਦਿੱਤਾ। ਇਹ ਵੀ ਜਾਣ ਲਿਆ ਕਿ ਜੰਗਾਂ ਵਿਚ ਰੁੱਝੇ ਹੋਣ ਕਾਰਨ ਨਿਰੋਏ, ਨਿਰਪੱਖ, ਉਤਸ਼ਾਹੀ ਤੇ ਸਿਦਕੀ ਪ੍ਰਚਾਰਕਾਂ ਦੇ ਜਥਿਆਂ ਦੀ ਲੋੜ ਹੈ। ਐਸੇ ਜਥੇ ਕਾਇਮ ਕੀਤੇ ਜਿਨ੍ਹਾਂ ਪ੍ਰਚਾਰ ਕਰ ਸਿੱਖੀ ਨੂੰ ਘਰ-ਘਰ ਪਹੁੰਚਾਇਆ। ਬਾਬਾ ਸ੍ਰੀ ਚੰਦ ਜੀ ਨੂੰ ਆਪ ਜਾ ਕੇ ਮਿਲੇ ਤੇ ਉਨਾਂ ਨੂੰ ਪ੍ਰੇਰ ਕੇ ਸਿੱਖੀ ਪ੍ਰਚਾਰ ਲਈ ਲਗਾਇਆ। ਇਹ ਇਕ ਐਸੀ ਦੇਣ ਹੈ ਜਿਸ ਦਾ ਪ੍ਰਭਾਵ ਸਦੀਆਂ ਤਕ ਰਿਹਾ। ਕੀਰਤਪੁਰ ਟਿੱਕ ਕੇ, ਦੇਸ਼-ਦੇਸ਼ਾਂਤਰਾਂ ਵਿਚ ਪ੍ਰਚਾਰਕ ਭੇਜਣ ਲਈ ਚਾਰ ਧੂਣੀਆਂ ਨਿਯਤ ਕੀਤੀਆਂ। ਬਾਬਾ ਗੁਰਦਿਤਾ ਜੀ ਨੂੰ ਸਾਰਾ ਕੰਮ ਸੌਂਪ ਦਿੱਤਾ। ਬਾਲੂ ਹੱਸਨਾ ਜੀ, ਬਾਬਾ ਗੌਂਦਾ ਤੇ ਅਲਮਸਤ ਜੀ ਨੇ ਜਿਸ ਜੁਅੱਰਤ ਨਾਲ ਪ੍ਰਚਾਰ ਕੀਤਾ ਉਹ ਆਉਣ ਵਾਲੇ ਸਮੇਂ ਲਈ ਪੱਥ-ਪ੍ਰਦਰਸ਼ਕ ਸਾਬਤ ਹੋਇਆ। ਦੁਆਬੇ ਵਿਚ ਕੇਂਦਰ ਬਣਾ ਕੇ, ਮੁਖੀ ਖ਼ੁਆਜਾ ਰੌਸ਼ਨ ਤੇ ਸਯਦ ਜਾਨੀ ਨੂੰ ਨਿਯਤ ਕੀਤਾ। ਮਾਲਵੇ ਵਿਚ, ਭਾਈ ਸਾਧੂ ਤੇ ਭਾਈ ਰੂਪਾ ਜੀ ਨੂੰ ਥਾਪਿਆ। ਭਾਈ ਬਿਧੀ ਚੰਦ ਜੀ ਨੂੰ ਅਯੁਧਿਆ ਪ੍ਰਚਾਰ ਹਿਤ ਭੇਜਿਆ। ਸ਼ਾਹਜਹਾਨ ਦੇ ਫੁਰਮਾਨਾਂ ਦੇ ਹੁੰਦਿਆਂ ਸਿੱਖੀ ਪ੍ਰਚਾਰਨੀ ਮੁਸ਼ਕਲ ਹੋ ਗਈ ਸੀ। ਸ਼ਾਹਜਹਾਨ ਨੇ ਸਿੱਖ ਗੁਰਦੁਆਰੇ ਢਾਹੁਣ ਦਾ ਹੁਕਮ ਵੀ ਦੇ ਦਿੱਤਾ ਸੀ। ਆਪ ਜੀ ਨੇ ਉਸ ਵਿਰੁੱਧ ਤਗੜਾ ਘੋਲ

ਕੀਤਾ ਤੇ ਹੋਰ ਪ੍ਰਚਾਰਕਾਂ ਦੇ ਨਾਲ ਸੌ-ਸੌ ਸ਼ਸਤਰਬੱਧ ਸਵਾਰ ਭੇਜੇ ਤੇ ਪ੍ਰਚਾਰ ਵਿੱਚ ਵਿਘਨ ਨਾ ਪੈਣ ਦਿੱਤਾ। ਕਾਬਲ, ਗਜ਼ਨੀ, ਈਰਾਨ ਤੇ ਦੂਰ ਉੜੀਸਾ। ਬੰਗਾਲ, ਕਾਮਰੂਪ (ਆਸਾਮ) ਤਕ ਪ੍ਰਚਾਰਕਾਂ ਦਾ ਪੁੱਜਣਾ ਤੇ ਉਥੋਂ ਸੰਗਤਾਂ ਦਾ ਦਰਸ਼ਨਾਂ ਲਈ ਆਉਣਾ, ਇਹ ਸਾਬਤ ਕਰਨ ਲਈ ਕਾਫ਼ੀ ਹੈ ਕਿ ਸਿੱਖ ਤੇ ਸਿੱਖ ਪ੍ਰਚਾਰਕ ਸ਼ਾਹੀ ਫੁਰਮਾਨਾਂ ਵੱਲ ਰਤਾ ਭਰ ਵੀ ਧਿਆਨ ਨਹੀਂ ਸਨ ਦੇ ਰਹੇ। ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਸਿੱਖ ਹਰ ਸ਼ਹਿਰ ਵਿਚ ਦੇਖੇ ਜਾ ਸਕਦੇ ਸਨ।

ਸਿੱਖ ਆਚਰਣ ਵੀ ਇਕ ਮਿਸਾਲ ਹੀ ਬਣ ਗਿਆ ਸੀ। ਸਾਰੇ ਪਿੰਡ ਦੀ ਗਵਾਹੀ ਇਕ ਪਾਸੇ ਤੇ ਸਿੱਖ ਦੀ ਇਕ ਪਾਸੇ ਮੰਨ ਲਈ ਜਾਂਦੀ ਸੀ। ਫਿਰ ਜੇ ਕੋਈ ਸਿੱਖ ਕਿਸੇ ਪਿੰਡ ਚਲਾ ਜਾਂਦਾ ਸੀ ਤਾਂ ਸਾਰੇ ਪਿੰਡ ਨੂੰ ਪ੍ਰਭਾਵਤ ਕਰਦਾ ਸੀ। ਭਾਈ ਖੀਵਾ ਤੇ ਭਾਈ ਭੀਵਾ ਦੀ ਸਾਖੀ ਇਕ ਉਦਹਾਰਣ ਹੀ ਹੈ ਕਿ ਗੁਰੂ ਜੀ ਨੇ ਸਿੱਖਾਂ ਵਿਚ ਮੌਤ ਦਾ ਡਰ ਕੱਢ ਕੇ ਨਿਰਭੈਤਾ ਭਰ ਦਿੱਤੀ ਸੀ।

ਇਹ ਦੋਵੇਂ ਭਰਾ ਸਰਹੰਦ ਦੇ ਲਾਗੇ ਸ਼ਾਹੂਕਾਰਾ ਕਰਦੇ ਸਨ। ਵਾਹਿਗੁਰੂ ਨੂੰ ਜ਼ਾਮਨ ਰੱਖ ਲੋੜਵੰਦਾਂ ਨੂੰ ਰੁਪਿਆ ਦੇ ਦਿੰਦੇ ਸਨ। ਕਿਸੇ ਕੋਲੋਂ ਨਾ ਤਾਂ ਲਿਖਵਾਉਂਦੇ ਸਨ ਤੇ ਨਾ ਹੀ ਲਿਖਾ-ਪੜ੍ਹੀ ਕਰਦੇ ਸਨ। ਇਕ ਬ੍ਰਾਹਮਣ ਨੇ ਲੋੜ ਲਈ ਰੁਪਿਆ ਮੰਗਿਆ। ਖੀਵਾ ਜੀ ਨੇ ਆਪਣੇ ਭਰਾ ਭੀਵਾ ਨੂੰ ਅੰਦਰੋਂ ਰੁਪਿਆ ਲਿਆਉਣ ਲਈ ਭੇਜ ਦਿੱਤਾ। ਸਮਾਂ ਜਾਣ ਕੇ ਬ੍ਰਾਹਮਣ ਨੇ ਇਕ ਘਟਨਾ ਸੁਣਾਈ ਜੋ ਉਸ ਨੇ ਭਾਈ ਜੀ ਦੇ ਪਿੰਡ ਦੇਖੀ ਸੀ। ਉਸ ਨੇ ਦੱਸਿਆ ਕਿ ਜਦ ਉਹ ਪਿੰਡ ਆ ਰਿਹਾ ਸੀ ਤਾਂ ਬਾਹਰ ਖੇਤਾਂ ਵਿਚ ਉਸ ਨੇ ਇਕ ਜੁਆਨ ਲੜਕਾ ਮਰਿਆ ਹੋਇਆ ਦੇਖਿਆ, ਉਸ ਦੇ ਮਾਂ-ਬਾਪ ਕੋਲ ਬੈਠ ਸ਼ਬਦ ਗਾਇਨ ਕਰ ਰਹੇ ਸਨ ਤੇ ਕੋਈ ਰੁਦਨ ਨਹੀਂ ਸੀ ਕਰ ਰਿਹਾ। ਉਹਨਾਂ ਮੈਨੂੰ ਇਧਰ ਆਉਂਦਾ ਦੇਖ ਪਿੰਡ ਖ਼ਬਰ ਕਰਨ ਲਈ ਕਿਹਾ ਤਾਂ ਕਿ ਅੰਤਮ ਸੰਸਕਾਰ ਦਾ ਪ੍ਰਬੰਧ ਕੀਤਾ ਜਾ ਸਕੇ। ਖ਼ਬਰ ਕਰ ਕੇ ਹੀ ਇਧਰ ਆਇਆ ਸੀ। ਭਾਈ ਖੀਵਾ ਨੇ ਪੁੱਛਿਆ ਕਿ ਤੁਹਾਡੇ ਪਿੰਡ ਕੋਈ ਗੁਜ਼ਰ ਜਾਏ ਤਾਂ ਪਿੱਛੋਂ ਕੀ ਕਰਦੇ ਹਨ? ਬ੍ਰਾਹਮਣ ਨੇ ਕਿਹਾ 'ਰੋ-ਰੋ ਪਿਟ-ਪਿਟ ਸੱਥਰ ਉਤਾਰ ਦਿੰਦੇ ਹਨ'। ਇਤਨੇ ਨੂੰ ਭਾਈ ਭੀਵਾ ਜੋ ਰੁਪਿਆਂ ਦਾ ਵਾਸੁਲਾ ਲੈ ਕੇ ਆ ਗਏ ਤੇ ਭਾਈ ਖੀਵਾ ਜੀ ਨੇ ਉੱਚੀ ਆਵਾਜ਼ ਦਿੱਤੀ, 'ਰੁਪਿਆ ਰਹਿਣ ਦਿਉ! ਪੰਡਤ ਨੂੰ ਨਹੀਂ ਦੇਣਾ ਹੈ।' ਬ੍ਰਹਾਮਣ ਨੇ ਚੀਕ ਕਿਹਾ, "ਇਹ ਕਿਉਂ!" ਤਾਂ ਭਾਈ ਖੀਵਾ ਜੀ ਨੇ ਕਿਹਾ ਕਿ ਜੇ ਰੱਬ ਦੀ ਵਸਤੂ ਵਾਪਸ ਕਰਦਿਆਂ ਇਤਨਾ ਰੌਲਾ ਪਾਉਂਦੇ ਹੋ ਤਾਂ ਰੁਪੈ ਵਾਪਸ ਕਰਨ ਲਈ ਤਾਂ ਕਦੇ ਵੀ ਨਹੀਂ ਆਉਗੇ।' ਐਸਾ ਆਚਰਣ ਸਿੱਖੀ ਦਾ ਘੜਿਆ ਜਾ ਚੁੱਕਾ ਸੀ।

ਗੁਰਬਾਣੀ ਦਾ ਕਿਤਨਾ ਕੁ ਸਤਿਕਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਰਦੇ ਸਨ ਤੇ ਉਸ ਨੂੰ ਕਿਤਨਾ ਉੱਚਾ ਅਸਥਾਨ ਦੇਂਦੇ ਸਨ, ਇਸ ਦੀ ਉਦਾਹਰਣ ਉਹ ਸਾਖੀ ਹੈ ਜਦ ਭਾਈ ਗੋਪਾਲ ਜੀ ਨੂੰ ਉਨ੍ਹਾਂ ਦੇ ਸ਼ੁੱਧ ਜਪੁ ਜੀ ਸੁਨਾਉਣ ਉੱਤੇ ਗੁਰੂ-ਗੱਦੀ ਤਕ ਦੇਣ ਲਈ ਤਿਆਰ ਹੋ ਗਏ ਸਨ। ਇਹ ਵੱਖਰੀ ਗੱਲ ਹੈ ਕਿ ਉਸ ਨੇ ਚੀਨੇ ਘੋੜੇ ਦਾ ਸੰਕਲਪ ਕਰ ਲਿਆ। ਪ੍ਰਚਾਰ ਹਿਤ ਜੇ ਆਪ ਜੀ ਨੂੰ ਪੀਲੀਭੀਤ-ਨਾਨਕ ਮਤਾ ਪੁੱਜਣਾ ਪਿਆ ਤਾਂ ਆਪ ਜ਼ਰਾ ਵੀ ਨਾ ਅੜਕੇ।

ਧਰਮ ਦੀਆਂ ਗੁੰਝਲਾਂ ਨੂੰ ਸਹਿਲ ਸ਼ਬਦ ਵਿਚ ਹੱਲ ਕਰ ਸਮਝਾਉਂਦੇ ਸਨ। ਸਿੱਖ ਪਹਿਲੇ ਵਾਂਗ ਹੀ ਆਤਮਕ ਸ਼ਾਂਤੀ ਲਈ ਪੁੱਜਦੇ ਸਨ ਤੇ ਨਿਹਾਲ ਹੁੰਦੇ ਸਨ। ਭਾਈ ਚੂਹੜ ਨੇ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲੋਂ ਸਿੱਖ ਦਾ ਮੂਲ ਤੇ ਆਦਰਸ਼ ਪੁੱਛਿਆ ਤਾਂ ਆਪ ਜੀ ਨੇ ਫ਼ੁਰਮਾਇਆ, 'ਸਿਖੀ ਦਾ ਮੂਲ ਮਨ ਨੀਵਾਂ' ਹੈ। ਜਦ ਉਸ ਪੁੱਛਿਆ ਕਿ ਟਾਸ (ਟਹਿਣੀਆਂ) ਕਿਹੜੀਆਂ ਹਨ ਤਾਂ ਆਪ ਨੇ ਬਚਨ ਕੀਤਾ, 'ਸੇਵਾ ਟਹਲ'। ਉਸ ਦਾ ਅਗਲਾ ਪ੍ਰਸ਼ਨ ਸੀ ਕਿ ਪਾਤ ਕਿਹੜੇ ਹਨ ਤਾਂ ਗੁਰੂ ਹਰਿਗੋਬਿੰਦ ਜੀ ਨੇ ਫ਼ੁਰਮਾਇਆ, 'ਸਾਧ ਸੰਗਤ'। 'ਸਿੱਖੀ ਦਾ ਫ਼ਲ ਕੀ ਹੈ' ਉਸ ਦਾ ਆਖ਼ਰੀ ਸਵਾਲ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ, 'ਸ਼ਬਦ ਸਮਝਣਾ ਸਿੱਖੀ ਦਾ ਫ਼ਲ ਹੈ। ਜਿਸ ਨੇ ਜਗਤ ਨੂੰ ਝੂਠ ਜਾਤਾ ਹੈ ਤੇ ਆਤਮਾ ਨੂੰ ਸਤਿ ਕਰ ਸੋਈ ਸਿੱਖ ਹੈ।'

ਗੱਲ ਕੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸੇ ਤਰ੍ਹਾਂ ਪਹਿਲੇ ਗੁਰੂ ਸਾਹਿਬਾਨ ਵਾਂਗ ਧਾਰਮਕ ਅਗਵਾਈ ਦਿੱਤੀ ਰੱਖੀ ਤੇ ਸਿੱਖੀ ਮੌਲਦੀ ਰਹੀ।

੦੬/੧੯੯੭

ਪ੍ਰੇਰਨਾ ਸ੍ਰੋਤ ਹੈ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮੀਰੀ-ਪੀਰੀ ਦੇ ਮਾਲਕ, ਪਰਉਪਕਾਰੀ ਸੂਰਮੇ, ਧਰਮ ਪ੍ਰਚਾਰਕ, ਨਿਮਰਤਾ ਦੇ ਪੁੰਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਅਗਿਆਨਤਾ ਦੇ ਅੰਧਕਾਰ ਵਿਚ ਕੁਰਾਹੇ ਪਏ ਮਨੁੱਖਾਂ ਲਈ ਚਾਨਣ ਮੁਨਾਰਾ ਹੈ। ਭਾਈ ਗੁਰਦਾਸ ਜੀ ਗੁਰੂ ਪਾਤਸ਼ਾਹ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਬਾਰੇ ਲਿਖਦੇ ਹਨ:

ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।

(ਵਾਰ ੨੪, ਪਉੜੀ ੨੧)

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।

(ਵਾਰ ੩੯, ਪਉੜੀ ੩)

ਮਨੁੱਖਤਾ ਨੂੰ ਕੁਚਲੇ ਅਤੇ ਦਬਾਏ ਜਾਣ ਤੋਂ ਰੋਕਣ ਲਈ ਮਨੁੱਖੀ ਹਿਰਦੇ ਵਿਚ ਐਸਾ ਜਜ਼ਬਾ ਪੈਦਾ ਹੋਣਾ ਜ਼ਰੂਰੀ ਹੈ ਜਿਸ ਦੇ ਅਹਿਸਾਸ ਨਾਲ ਨਾ ਕੋਈ ਕਿਸੇ ਤੋਂ ਡਰੇ ਅਤੇ ਨਾ ਕਿਸੇ ਨੂੰ ਡਰਾਵੇ। ਬਲਸ਼ਾਲੀ ਤੋਂ ਡਰ ਕੇ ਕੋਈ ਆਪਣੇ ਨੂੰ ਨੀਵਾਂ ਨਾ ਸਮਝੇ। ਗੁਰੂ ਨਾਨਕ ਪਾਤਸ਼ਾਹ ਜੀ ਦੁਆਰਾ ਇਸ ਅਹਿਸਾਸ ਦਾ ਬੀਜ ਬੀਜਿਆ ਗਿਆ। ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਪੰਚਮ ਪਾਤਸ਼ਾਹ ਤਕ ਗੁਰੂ ਸਾਹਿਬਾਨ ਨੇ ਨੀਚ ਸਦਾਏ ਜਾਣ ਵਾਲੇ ਲੋਕਾਂ ਦੇ ਹਿਰਦੇ ਵਿਚ ਸਵੈਮਾਨ ਦੀ ਭਾਵਨਾ ਨੂੰ ਜਗਾਇਆ, ਉਸ ਅਹਿਸਾਸ ਦੇ ਬੀਜ ਨੂੰ ਪਨਪਣ ਦੀ ਜਗ੍ਹਾ ਦਿੱਤੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਰੁੱਖ ਦਾ ਰੂਪ ਦੇਣ ਦਾ ਉਪਰਾਲਾ ਕੀਤਾ। ਹਥਿਆਰ ਫੜਨ ਲਈ ਮਨ ਦੀ ਜਾਗ੍ਰਤੀ ਜ਼ਰੂਰੀ ਹੈ। ਜਦੋਂ ਤਕ ਮਨ ਵਿਚ ਇਹ ਭਾਵਨਾ ਨਾ ਪੈਦਾ ਹੋਵੇ ਕਿ ਕੋਈ ਨੀਵਾਂ ਜਾਂ ਉਚਾ ਨਹੀਂ ਹੈ, ਸਾਰੇ ਬਰਾਬਰ ਹਨ, ਹਥਿਆਰ ਨਹੀਂ ਫੜੇ ਜਾ ਸਕਦੇ। ਸਵੈਮਾਨ ਅਤੇ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਹੋਣ ਤੋਂ ਬਾਅਦ ਹੀ ਆਪਣੀ ਰੱਖਿਆ ਅਤੇ ਦੂਸਰਿਆਂ ਨੂੰ ਜ਼ੁਲਮ ਤੋਂ ਬਚਾਉਣ ਲਈ ਹਥਿਆਰ ਫੜੇ ਜਾ ਸਕਦੇ ਹਨ। ਗੁਰੂ ਸਾਹਿਬ ਨੇ ਸਮਝਾਇਆ ਕਿ ਆਪਣੀ

ਰਖਿਆ ਆਪ ਹੀ ਕੀਤੀ ਜਾ ਸਕਦੀ ਹੈ ਪਰ ਜੰਗ-ਸ਼ਕਤੀ, ਜਨ-ਸ਼ਕਤੀ ਨੂੰ ਮਜ਼ਬੂਤ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਜਨ-ਸ਼ਕਤੀ ਨੂੰ ਕਮਜ਼ੋਰ ਕਰਨ ਲਈ ਅਤੇ ਬੇਗੁਨਾਹਾਂ 'ਤੇ ਜ਼ੁਲਮ ਕਰਨ ਲਈ।

ਗੁਰੂ ਸਾਹਿਬ ਨੇ ਸਮਝਾਇਆ ਕਿ ਧਰਮ ਦੀ ਰਖਿਆ ਲਈ ਬੀਰ-ਰਸ ਜ਼ਰੂਰੀ ਹੈ। ਉਤਸ਼ਾਹਮਈ ਜੀਵਨ ਜੀਉਣ ਵਾਲਾ ਹੀ ਸੱਚ ਦੇ ਲਈ ਜਾਨ ਦੇ ਸਕਦਾ ਹੈ , ਕਾਇਰ ਨਹੀਂ । ਗੁਰੂ ਜੀ ਦੇ ਸਮੇਂ ਢਾਡੀ ਬੀਰ-ਰਸ ਪੈਦਾ ਕਰਨ ਲਈ ਵਾਰਾਂ ਗਾਉਂਦੇ ਸਨ:

ਸੁਨਿ ਅਬਿਦੁਲ ਢਾਢੀ ਚਲਿ ਆਯੋ।
ਭਏ ਸੁਭਟ ਤਿਨ ਕੋ ਜਸੁ ਗਾਯੋ।
ਜਿਸ ਕੇ ਸੁਨਤਿ ਬੀਰ ਰਸ ਜਾਗੇ।
ਕਾਇਰ ਸੋ ਪਿ ਲਰੇ ਨਹਿਂ ਭਾਗੇ॥੩੦॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪, ਅੰਸੂ ੪੪)

ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਇਹ ਦਰਸਾਉਂਦਾ ਹੈ ਕਿ ਜ਼ੁਲਮ ਦਾ ਟਾਕਰਾ ਅਤੇ ਆਤਮਕ ਅਗਵਾਈ ਦੋਨੋਂ ਕੰਮ ਨਾਲ-ਨਾਲ ਕੀਤੇ ਜਾ ਸਕਦੇ ਹਨ। ਇਸ ਤੋਂ ਇਹ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਆਪਣੇ ਪ੍ਰਤੀ, ਪੰਥ ਦੇ ਪ੍ਰਤੀ, ਕੌਮ ਜਾਂ ਦੇਸ਼ ਦੇ ਪ੍ਰਤੀ ਹੋ ਰਹੇ ਅੱਤਿਆਚਾਰ, ਬੇਇਨਸਾਫੀ ਦੇ ਵਿਰੁੱਧ ਟਾਕਰਾ ਕਰਨ ਲਈ ਅਤੇ ਧਰਮ ਦੀ ਰੱਖਿਆ ਕਰਨ ਲਈ ਮਨ ਨੂੰ ਪ੍ਰਭੂ ਨਾਲ ਜੋੜਨਾ ਜ਼ਰੂਰੀ ਹੈ। ਜੇਕਰ ਮਨ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ ਤਾਂ ਹੱਥੋਂ ਮੰਦਾ ਕੰਮ ਹੋ ਹੀ ਨਹੀਂ ਸਕਦਾ, ਹੱਥ ਦਾ ਹਥਿਆਰ ਜ਼ੁਲਮ ਦੇ ਵਿਰੁੱਧ ਹੀ ਉਠ ਸਕਦਾ ਹੈ। ਗੁਰੂ ਜੀ ਨੇ ਜੰਗਾਂ ਲੜੀਆਂ, ਪਰ ਆਜ਼ਾਦੀ ਲਈ ਅਤੇ ਸਵੈਮਾਨ ਦੀ ਰੱਖਿਆ ਕਰਨ ਲਈ ਨਾ ਕਿ ਰਾਜ ਹਥਿਆਉਣ ਲਈ ਜਾਂ ਕਿਲ੍ਹਾ ਫ਼ਤਹਿ ਕਰਨ ਲਈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ:

"ਇਸ ਦਾਨਾ ਹਕੀਮ ਦੀ ਕਮਰ ਨਾਲ ਲਟਕਦੀ ਉਹ ਤਲਵਾਰ ਨਹੀਂ ਦੱਸਦੀ ਕਿ ਅਸੀਂ ਜ਼ੁਲਮ ਕਰ ਸਕਦੇ ਹਾਂ, ਪਰ ਇਹ ਦੱਸਦੀ ਹੈ ਕਿ ਅਸੀਂ (ਜ਼ੁਲਮ ਦੀ ਤਲਵਾਰ ਅੱਗੇ ਨਿਤਾਣੇ ਹੋ ਗਏ) ਦਰਦਮੰਦਾਂ ਦੇ ਦੁਆਲੇ ਇਸ ਤਲਵਾਰ ਨਾਲ ਬੀਰਤਾ ਦੀ ਕਾਰ ਕੱਢ ਸਕਦੇ ਹਾਂ। ਧੰਨ ਹਨ ਉਹ ਜੋ ਇਸ ਦਾ ਯੋਗ ਵਰਤਾਉ ਕਰਦੇ ਹਨ, ਪਰ ਜੋ ਇਸ ਦਾ ਅਯੋਗ ਵਰਤਾਉ ਕਰਦੇ ਹਨ, ਉਨ੍ਹਾਂ ਲਈ ਸ਼ੋਕ ਹੈ।"

(ਜੀਵਨ ਪ੍ਰਸੰਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਭਾਈ ਵੀਰ ਸਿੰਘ, ਪੰਨਾ ੫੭)

ਮਿਹਨਤ ਦੀ ਕਮਾਈ ਨਾਲ ਜੀਵਨ ਬਤੀਤ ਕਰਨਾ ਸਿੱਖ ਪੰਥ ਦਾ ਇਕ ਬੁਨਿਆਦੀ ਅਸੂਲ ਹੈ। ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਹੋਣ 'ਤੇ ਗੁਰੂ ਜੀ ਨੇ ਤਿੰਨ ਦਿਨ ਭੋਜਨ ਨਹੀਂ ਕੀਤਾ ਕਿਉਂਕਿ ਉਹ ਭੋਜਨ ਜ਼ੁਲਮ ਨਾਲ ਇਕੱਠੀ ਕੀਤੀ ਮਾਇਆ ਦਾ ਹੀ ਭਾਗ ਸੀ, ਸੰਗਤ ਵਿਚ ਗੁਰਸਿੱਖਾਂ ਦੁਆਰਾ ਮਿਹਨਤ ਕਰਕੇ ਲਿਆਂਦੇ ਧਨ ਨਾਲ ਤਿਆਰ ਕੀਤੇ ਗਏ ਭੋਜਨ ਨੂੰ ਹੀ ਸਵੀਕਾਰ ਕੀਤਾ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। ਇਹ ਭੋਜਨ ਹਮ ਖਾਹਿਂ ਕਬੀ ਨ।
ਵਹਿਰ ਜਾਇ ਮਿਹਨਤ ਕਰਿ ਲਜਾਵਹੁ। ਰਸਦ ਖਰੀਦਹੁ ਬਿਪਨੀ ਜਾਵਹੁ॥੪੬॥
ਤਿਸ ਤੇ ਤਜਾਰ ਅਹਾਰ ਕਰੀਜਾਹਿ। ਹਿਤ ਭੋਜਨ ਕੇ ਸੋ ਹਮ ਦੀਜਹਿ।
ਨਾਂਹਿ ਤਜਾਰ ਰਹਿ ਹੈਂ ਪੌਨ ਅਹਾਰੀ। ਜਬ ਲਗਿ ਬਾਸਹਿਂ ਦੁਰਗ ਮਝਾਰੀ॥੪੭॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪, ਅੰਸੂ ਪ੫, ਪੰਨਾ ੨੪੭੬)

ਅਜੇ

ਸ੍ਰੀ ਮੁਖ ਕਹਾ ਕਿਰਤ ਕਰ ਲਿਆਵਉ।
ਸੋ ਭੋਜਨੁ ਹਮ ਕਉ ਕਰਵਾਵਉ ॥੪੮੩॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਅੱਜ ਗੁਰਸਿੱਖ ਅਖਵਾਉਣ ਵਾਲੇ ਅਸੀਂ ਇਸ ਅਸੂਲ ਦੀ ਪਾਲਨਾ ਕਿਤਨੀ-ਕੁ ਕਰ ਰਹੇ ਹਾਂ, ਇਹ ਵਿਚਾਰਨ ਦੀ ਲੋੜ ਹੈ।

ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਨਿਰਾਸ਼ ਰਾਜਿਆਂ ਨੂੰ ਗੁਰੂ ਪਾਤਸ਼ਾਹ ਉਤਸ਼ਾਹਿਤ ਕਰਦੇ ਅਤੇ ਹੌਸਲਾ ਰੱਖਣ ਲਈ ਪ੍ਰੇਰਦੇ। ਗੁਰੂ ਜੀ ਦੀ ਰਹਿਣੀ, ਬਹਿਣੀ, ਕਥਨੀ ਅਤੇ ਕਰਨੀ ਦਾ ਐਸਾ ਪ੍ਰਭਾਵ ਪਿਆ ਕਿ ਉਨ੍ਹਾਂ ਨੇ ਵੀ ਸੰਗਤ ਵਿਚ ਜੁੜਨਾ ਸ਼ੁਰੂ ਕਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਸਦਾ ਖਿੜੇ ਹੋਏ ਅਤੇ ਉਤਸ਼ਾਹਿਤ ਰਹਿੰਦੇ। ਜਦੋਂ ਦੂਸਰੇ ਰਾਜਿਆਂ ਨੇ ਪੁੱਛਿਆ ਕਿ ਤੁਸੀਂ ਨਜ਼ਰਬੰਦ ਹੁੰਦੇ ਵੀ ਇਤਨਾ ਖੁਸ਼ ਰਹਿੰਦੇ ਹੋ? ਤਾਂ ਉਨ੍ਹਾਂ ਦਾ ਜੁਆਬ ਸੀ ਕਿ ਮੇਰੇ ਸਰੀਰ ਨੂੰ ਰਾਜਾ ਬੰਦੀ ਬਣਾ ਸਕਦਾ ਹੈ, ਮਨ ਨੂੰ ਨਹੀਂ। ਮੇਰਾ ਮਨ ਤਾਂ ਆਜ਼ਾਦ ਹੈ! ਮੇਰਾ ਮਨ ਹਰ ਵੇਲੇ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ ਅਤੇ ਖਿੜਿਆ ਰਹਿੰਦਾ ਹੈ। ਸੋ ਪ੍ਰਭੂ ਦਾ ਭਾਣਾ ਮੰਨਣਾ ਹੀ ਧਰਮ ਹੈ:

ਜਹ ਜਹ ਭਾਣਾ ਤਹ ਤਹ ਰਾਖੇ॥
ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥

(ਪੰਨਾ ੨੭੬)

ਜੇਲ੍ਹ ਦਾ ਦਰੋਗਾ ਹਰਿਦਾਸ ਵੀ ਗੁਰੂ ਜੀ ਦੀ ਪਵਿੱਤਰਤਾ ਅਤੇ ਸੰਜਮ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਚੰਦੂ ਦੁਆਰਾ ਜ਼ਹਿਰ ਦੇ ਕੇ ਗੁਰੂ ਜੀ ਨੂੰ ਮਾਰਨ ਦੀ ਸਾਜ਼ਿਸ਼ ਤੋਂ ਗੁਰੂ ਸਾਹਿਬ ਨੂੰ ਸੁਚੇਤ ਕਰ ਦਿੱਤਾ। ਦੁਸ਼ਮਨਾਂ ਨੂੰ ਵੀ ਆਪਣਾ ਬਣਾ ਲੈਣ ਵਾਲੇ ਮਹਾਨ ਗੁਰੂ ਜੀ ਦੇ ਸਿੱਖ, ਅਸੀਂ ਆਪਣਿਆਂ ਨੂੰ ਵੀ ਕਿਉਂ ਬਿਗਾਨਾ ਬਣਾਈ ਜਾ ਰਹੇ ਹਾਂ? ਇਹ ਆਪਣੇ ਆਪ ਨੂੰ ਪੜਤਾਲਣ ਨਾਲ ਹੀ ਜਾਣਿਆ ਜਾ ਸਕਦਾ ਹੈ।

ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣੇ ਹੋਏ ਰਾਜਿਆਂ ਦੀ ਪੀੜ ਨੂੰ ਗੁਰੂ ਜੀ ਨੇ ਪੂਰੀ ਤਰ੍ਹਾਂ ਮਹਿਸੂਸ ਕੀਤਾ ਅਤੇ ਵਜ਼ੀਰ ਖਾਨ ਨੂੰ ਆਖ ਭੇਜਿਆ ਕਿ ਰਾਜਿਆਂ ਦੀ ਰਿਹਾਈ ਤੋਂ ਬਿਨਾਂ ਆਪ ਕਿਲ੍ਹੇ ਤੋਂ ਬਾਹਰ ਨਹੀਂ ਨਿਕਲ ਸਕਦੇ ਸੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

ਸ੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। ਅਟਕ ਪਰੀ ਇਕ ਕਠਨ ਮਹਾਨਾ॥੧੦॥
ਜਬਿ ਹਮ ਪ੍ਰਵਿਸ਼ੇ ਦੁਰਗ ਮਝਾਰੀ। ਭਯੋ ਕੈਦੀਅਨਿ ਕੋ ਸੁਖ ਭਾਰੀ॥
ਖਾਨ ਪਾਨ ਤੇ ਭਏ ਸੁਖਾਰੇ। ਛੁਟਨਿ ਭਰੋਸਾ ਮਨ ਮਹਿੰ ਧਾਰੇ॥੧੧॥
ਅਬਿ ਸੁਨਿ ਲੀਨੋ-ਸ਼ਾਹੁ ਹਕਾਰੇ। ਪਰੇ ਸ਼ਰਨਿ ਬਹੁ ਬਿਨੈ ਉਚਾਰੇਂ।
ਰਾਵਰਿ ਬਿਨਾ ਨ ਹਮ ਗਤਿ ਕਾਈ। ਕੈ ਮਾਰਹੁ ਕੈ ਦੇਹੁ ਜਿਵਾਈ॥੧੨॥
ਹਮਰੇ ਸਦਾ ਪ੍ਰਤੱਗਜਾ ਇਹੀ। ਸ਼ਰਨਿ ਪਰੇ ਕਹੁ ਤਜਾਗਤਿ ਨਹੀਂ।
(ਗੁਰ ਪ੍ਰਤਾਪ ਸੂਰਜ, ਰਾਸਿ ੪, ਅੰਸੂ ੬੫)

ਗੁਰੂ ਜੀ ਦਾ ਇਹ ਕਥਨ ਕੋਈ ਵਿਖਾਵਾ ਨਹੀਂ ਸੀ। ਉਹ ਤਾਂ ਸਾਰਿਆਂ ਦਾ ਕਲਿਆਣ ਸੋਚਦੇ ਸਨ ਅਤੇ ਸਾਰਿਆਂ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਸਨ। ਇਸੇ ਲਈ ਜਹਾਂਗੀਰ ਦੇ ਇਹ ਕਹਿਣ 'ਤੇ ਕਿ ਜਿਹੜੇ ਗੁਰੂ ਜੀ ਦਾ ਪੱਲਾ ਪਕੜ ਕੇ ਆ ਸਕਦੇ ਹਨ, ਰਿਹਾ ਕਰ ਦਿੱਤੇ ਜਾਣਗੇ, ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਸਿਲਵਾਇਆ ਜਿਸ ਦੀ ਇਕ-ਇਕ ਕਲੀ ਪਕੜ ਕੇ ਸਾਰੇ ਰਾਜੇ ਬਾਹਰ ਆ ਗਏ। ਗੁਰੂ ਜੀ ਨੂੰ ਉਸ ਸਮੇਂ ਤੋਂ ਬੰਦੀਛੋੜ ਦਾਤਾ ਦੇ ਨਾਲ ਯਾਦ ਕੀਤਾ ਜਾਂਦਾ ਹੈ। ਦੂਜਿਆਂ ਲਈ ਸੋਚਣ ਦੀ ਇਹ ਭਾਵਨਾ ਜੇਕਰ ਸਾਡੇ ਅੰਦਰ ਆ ਜਾਏ ਤਾਂ ਸਮਾਜਕ ਬੁਰਾਈਆਂ ਨੂੰ ਬਹੁਤ ਹੱਦ ਤਕ ਦੂਰ ਕੀਤਾ ਜਾ ਸਕਦਾ ਹੈ।

ਗਰੀਬਾਂ ਦੀ ਬਾਂਹ ਫੜਨੀ ਸਿੱਖ-ਧਰਮ ਦਾ ਇਕ ਜ਼ਰੂਰੀ ਅੰਗ ਹੈ। 'ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ' ਦੇ ਕਥਨ ਨੂੰ ਨਵੇਂ ਸਿਰੇ ਤੋਂ ਸਮਝਣ, ਸਮਝਾਉਣ ਅਤੇ ਦ੍ਰਿੜ੍ਹ ਕਰਾਉਣ ਦੀ ਬਹੁਤ ਲੋੜ ਹੈ। ਭਾਈ ਗੜੀਏ ਨੇ ਕਸ਼ਮੀਰ ਦੀ ਸੰਗਤ ਵੱਲੋਂ ਭੇਟਾ ਕੀਤੀ ਸਾਰੀ ਰਕਮ ਲੋੜਵੰਦਾਂ ਅਤੇ ਗਰੀਬਾਂ ਨੂੰ ਬਿਨਾਂ ਉਨ੍ਹਾਂ ਦੀ ਜਾਤ ਪੁੱਛੇ ਵੰਡ ਦਿੱਤੀ। ਥੈਲੀ ਵਿਚ ਬਚਿਆ ਹੋਇਆ ਸਵਾ ਰੁਪਈਆ ਅਤੇ ਕਸ਼ਮੀਰ ਦੀ ਸੰਗਤ ਦੇ ਮੁਖੀਏ ਦੇ ਹੱਥਾਂ ਦੀ ਲਿਖੀ ਹੋਈ ਫਹਿਰਿਸਤ ਗੁਰੂ ਜੀ ਨੂੰ ਸੌਂਪ ਦਿੱਤੀ। ਗੁਰੂ ਜੀ ਨੇ ਫਹਿਰਿਸਤ ਪੜ੍ਹਦੇ ਭਾਈ ਗੜੀਏ ਵੱਲ ਪਿਆਰ ਨਾਲ ਵੇਖ ਕੇ ਫ਼ੁਰਮਾਇਆ, 'ਮੈਨੂੰ ਪਹੁੰਚ ਗਈ'। ਸਿੱਖ ਇਤਿਹਾਸ ਲਿਖਦਾ ਹੈ ਕਿ ਗੁਰੂ ਜੀ ਆਪਣੇ ਪਾਸ ਕੁਝ ਵੀ ਨਹੀਂ ਸਨ ਰਖਦੇ। ਸਾਰੀ ਭੇਟਾ ਵਰਤਾ ਦੇਂਦੇ ਸਨ:

ਕੋਸ਼ ਦੇਸ਼ ਕੁਝ ਢਿਗ ਨ ਰਖੇ ਹੈਂ।
ਆਵਤ ਲਾਖੋਂ ਖ਼ਰਚ ਕਰੇ ਹੈਂ।

ਗੁਰੂ ਜੀ ਲਈ ਗੁਰੂ-ਘਰ ਅਤੇ ਰਾਜਾ-ਰੰਕ ਸਭ ਬਰਾਬਰ ਸਨ। ਲਾਹੌਰ ਆਉਣ 'ਤੇ ਜਹਾਂਗੀਰ ਨੂਰਜਹਾਨ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਦੀਵਾਨ ਵਿਚ ਬੈਠ ਕੇ ਕੀਰਤਨ ਸੁਣਦਾ ਰਿਹਾ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ:

ਜਹਾਂਗੀਰ ਤਹਿ ਜਾਇ ਹੋ ਅਧੀਨ ਬੈਠਤ ਭਯੋ।
ਪਾਛੈ ਦੂਰ ਹਟਾਇ ਸੁਨਤ ਸ਼ਬਦ ਧਰ ਪ੍ਰੇਮ ਕੌ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰੂ ਜੀ ਉਸ ਨੂੰ ਮਿਲੇ ਅਤੇ ਜਹਾਂਗੀਰ ਨੂੰ ਵੀ ਉਹੀ ਭੋਜਨ ਛਕਾਇਆ ਗਿਆ ਜਿਹੜਾ ਸੰਗਤ ਛਕਦੀ ਸੀ। ਰਾਜੇ ਨਾਲ ਕੋਈ ਖ਼ਾਸ ਉਚੇਚ ਨਹੀਂ ਕੀਤਾ ਗਿਆ। ਜਦੋਂ ਜਹਾਂਗੀਰ ਨੇ ਰਾਜ ਖਜ਼ਾਨੇ ਵਿਚੋਂ ਖ਼ਰਚ ਦੇਣ ਦੀ ਇੱਛਾ ਪ੍ਰਗਟ ਕੀਤੀ ਤਾਂ ਗੁਰੂ ਜੀ ਨੇ, "ਇਹ ਸਭ ਸੰਗਤ ਦਾ ਹੈ, ਸੰਗਤ ਹੀ ਇਸ ਨੂੰ ਚਲਾਉਂਦੀ ਹੈ" ਕਹਿ ਕੇ ਮਨਾਹੀ ਕਰ ਦਿੱਤੀ। ਇਸ ਤਰ੍ਹਾਂ ਰਾਜੇ ਤੋਂ ਵੱਧ ਸੰਗਤ ਨੂੰ ਮਾਣ ਦਿੱਤਾ ਗਿਆ।

ਇਹੀ ਨਹੀਂ, ਗਰੀਬ ਮਾਈ ਭਾਗਭਰੀ ਦੇ ਹੱਥਾਂ ਦਾ ਪਿਆਰ ਅਤੇ ਸ਼ਰਧਾ ਨਾਲ ਬਣਾਇਆ ਗਿਆ ਖੱਦਰ ਦਾ ਕੁੜਤਾ ਸਵੀਕਾਰ ਕਰਨਾ, ਡਰੋਲੀ ਦੇ ਇਕ ਪਿੰਡ ਵਿਚ ਰਹਿੰਦੇ ਗਰੀਬ ਸਿੱਖ ਭਾਈ ਸਾਧੂ ਅਤੇ ਉਸ ਦੇ ਪੁੱਤਰ ਭਾਈ ਰੂਪਾ ਕੋਲ ਛਾਗਲ ਦਾ ਠੰਡਾ ਪਾਣੀ ਪੀਣ ਲਈ ਕੜਕਦੀ ਧੁੱਪ ਵਿਚ ਪਹੁੰਚਣਾ, ਭਾਈ ਕੱਟੂ ਸ਼ਾਹ ਦੀ ਮੰਗ 'ਤੇ ਸ਼ਹਿਦ ਨਾ ਦੇਣ 'ਤੇ ਆਪ ਸ਼ਹਿਦ ਨੂੰ ਸਵੀਕਾਰ ਨਾ ਕਰਨਾ ਆਦਿਕ ਦ੍ਰਿਸ਼ਟਾਂਤ ਸਿੱਖਾਂ ਨਾਲ ਗੁਰੂ ਸਾਹਿਬ ਦੇ ਪਿਆਰ ਦੇ ਲਖਾਇਕ ਹਨ। ਭਾਈ ਗੁਰਦਾਸ ਜੀ ਨੇ ਕਿਤਨੀ ਸੁੰਦਰ ਉਪਮਾ ਦਿੱਤੀ ਹੈ ਕਿ ਲੱਖਾਂ ਤੋਂ ਲੱਖਾਂ ਬਾਵਨ ਚੰਦਨ ਗੁਰੂ ਜੀ ਦੇ ਚਰਨ ਕੰਵਲਾਂ ਦੇ ਚਰਣੋਦਕ ਤੋਂ ਹੋਏ ਹਨ:

ਲਖ ਗੜਾੜਿ ਕੜਾਹ ਵਿਚਿ ਤ੍ਰਿਸਨਾ ਦਝਹਿੰ ਸੀਖ ਪਰੋਆ।
ਬਾਵਨ ਚੰਦਨ ਬੂੰਦ ਇਕੁ ਠੰਢੇ ਤਤੇ ਹੋਇ ਖਲੋਆ।
ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ।
ਹਰਿਗੋਵਿੰਦ ਗੁਰ ਛਤ੍ਰੁ ਚੰਦੋਆ॥੪॥

(ਵਾਰ ੩੯)

ਅੱਜ ਸਮਾਜ ਵਿਚ ਫੈਲੇ ਦੁਰਾਚਾਰ, ਵੈਰ-ਵਿਰੋਧ, ਈਰਖਾ ਦੀ ਜਗ੍ਹਾ ਸਦਾਚਾਰ, ਸਾਂਝੀਵਾਲਤਾ ਅਤੇ ਪਿਆਰ ਜਾਗ ਸਕਦਾ ਹੈ, ਸਿਰਫ਼ ਲੋੜ ਹੈ ਗੁਰੂ ਜੀ ਦੇ ਜੀਵਨ ਲੋਅ ਦੇ ਪ੍ਰਕਾਸ਼ ਵਿਚ ਆਪਣੇ ਆਪ ਨੂੰ ਵੇਖਣ, ਪੜਤਾਲਣ ਅਤੇ ਪਹਿਚਾਨਣ ਦੀ!

੭/੨੦੦੦

ਦੀਨ-ਦੁਨੀ ਦਾ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ੨੧ ਹਾੜ, ਸੰਮਤ ੧੬੫੨ ਬਿਕ੍ਰਮੀ (ਸੰਮਤ ਨਾਨਕਸ਼ਾਹੀ ੧੨੬) ਨੂੰ ਗੁਰੂ ਕੀ ਵਡਾਲੀ (ਅੰਮ੍ਰਿਤਸਰ ਸਾਹਿਬ ਤੋਂ ੮ ਕਿਲੋਮੀਟਰ ਦੂਰ) ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਿਹ ਵਿਖੇ ਹੋਇਆ।

ਗੁਰੂ ਸਾਹਿਬ ਦੀ ਪੜ੍ਹਾਈ-ਲਿਖਾਈ (ਵਿੱਦਿਆ) ਅਰਥਾਤ ਗੁਰਬਾਣੀ ਅਤੇ ਸਿੱਖ-ਇਤਿਹਾਸ ਦੀ ਪੜ੍ਹਾਈ ਬਾਬਾ ਬੁੱਢਾ ਜੀ ਦੁਆਰਾ ਹੋਈ। ਛੋਟੀ ਉਮਰ ਵਿਚ ਹੀ ਆਪ ਜੀ ਗੁਰਮਤਿ ਗਿਆਨ ਦੇ ਨਾਲ-ਨਾਲ, ਘੋੜ ਸਵਾਰੀ, ਕੁਸ਼ਤੀ, ਤਲਵਾਰ, ਨੇਜ਼ਾ, ਤੀਰ-ਅੰਦਾਜ਼ੀ ਅਤੇ ਯੋਧਿਆਂ/ਸੂਰਬੀਰਾਂ ਦੇ ਕਰਤਬਾਂ ਵਿਚ ਨਿਪੁੰਨ ਹੋ ਗਏ ਸਨ। ਬਾਲ-ਉਮਰ ਵਿਚ ਹੀ ਆਪ ਜੀ ਦਾ ਸਵਾਸ-ਸਵਾਸ ਪ੍ਰਭੂ-ਰੰਗ ਵਿਚ ਰੰਗਿਆ ਹੋਇਆ ਰਹਿੰਦਾ ਸੀ। ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਯੁੱਧ-ਵਿੱਦਿਆ ਭਾਈ ਜੇਠਾ ਜੀ ਨੇ, ਭਾਈ ਪਰਾਗਾ ਜੀ ਨੇ ਸ਼ਸਤਰ-ਵਿੱਦਿਆ ਅਤੇ ਭਾਈ ਸਹਿਗਲ ਜੀ ਨੇ ਘੋੜ-ਸਵਾਰੀ ਵਿਚ ਮੁਹਾਰਤ ਹਾਸਲ ਕਰਵਾਈ। ਅਕਾਲ ਪੁਰਖ ਨੇ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਦੀ ਸਰੀਰਿਕ ਬਣਤਰ ਏਨੀ ਕਮਾਲ ਦੀ ਬਣਾ ਛੱਡੀ ਸੀ ਕਿ ਜਿਵੇਂ ਦੁਨੀਆਂ ਵਿਚ ਅਜਿਹਾ ਹੋਰ ਕੋਈ ਵਿਅਕਤੀ ਹੈ ਹੀ ਨਹੀਂ ਸੀ। ਉੱਚਾ-ਲੰਮਾ ਕੱਦ, ਮੁੱਖੜਾ ਅਤਿ ਸੁੰਦਰ, ਛਾਤੀ ਚੌੜੀ, ਲੰਮੀਆਂ-ਲੰਮੀਆਂ ਬਾਹਾਂ ਜਿਵੇਂ ਹਾਥੀ ਦੀ ਸੁੰਡ ਵਾਂਗ, ਰੰਗ ਕਣਕ ਵਰਗਾ, ਅੱਖਾਂ ਚਮਕੀਲੀਆਂ ਹਿਰਨ ਵਾਂਗ, ਵੱਡੇ ਸੂਰਬੀਰ, ਸਰੀਰਿਕ ਅਤੇ ਆਤਮਿਕ ਪੱਖ ਤੋਂ ਬਹੁਤ ਬਲਵਾਨ, ਹਲੀਮੀ ਭਰੇ, ਹਸਮੁੱਖ, ਮਿੱਠੇ-ਮਿੱਠੇ ਬਚਨ, ਧਰਮ ਅਤੇ ਰਾਜਨੀਤੀ ਦੋਵਾਂ ਵਿਚ ਨਿਪੁੰਨ ਸਨ, ਗੁਰੂ ਹਰਿਗੋਬਿੰਦ ਸਾਹਿਬ ਜੀ।

'ਤਵਾਰੀਖ਼ ਗੁਰੂ ਖ਼ਾਲਸਾ' ਦੇ ਕਰਤਾ ਨੇ ਗੁਰੂ ਜੀ ਦੀ ਸਰੀਰਿਕ ਬਣਤਰ ਦਾ ਰੇਖਾ-ਚਿੱਤਰ ਇਸ ਪ੍ਰਕਾਰ ਚਿਤਰਿਆ ਹੈ:

ਗੁਰੂ ਹਰਿ ਗੋਬਿੰਦ ਜੀ ਬੁਲੰਦ ਕਦ,
ਅਤਿ ਸੁੰਦਰ ਸਰੂਪ, ਚੌੜੀ ਛਾਤੀ, ਹਾਥੀ ਦੀ ਸੁੰਡ ਵਾਂਗ ਲੰਮੀਆਂ ਬਾਹਾਂ।
ਮੱਥਾ, ਕੰਧੇ, ਦੰਦ, ਪੱਬ, ਉੱਚੇ, ਕਣਕ ਰੰਗ,
ਹਰਨ ਨੇ ਬਹੁਤ ਬੜੇ ਸੂਰਬੀਰ,

ਰੂਹਾਨੀ ਜਿਸਮਾਨੀ ਦੋਹਾਂ ਬਾਤਾਂ ਬਲੀ,
ਸੱਚੇ ਤੇ ਮਿੱਠੇ ਬੋਲ, ਹਸਮੁੱਖ, ਸ੍ਰੇਸ਼ਟ ਗੁਣ ਸੰਯੁਕਤ,
ਰਾਜਨੀਤੀ-ਧਰਮ ਦੋਹਾਂ ਵਿਚ ਪੂਰਨ ਗਿਆਤਾ।

(ਗਿ. ਗਿਆਨ ਸਿੰਘ, ਤਵਾਰੀਖ਼ ਗੁਰੂ ਖਾਲਸਾ)

ਉਸ ਵੇਲੇ ਦੇਸ਼ ਵਿਚ ਵਾਪਰ ਰਹੇ ਹਾਲਾਤ, ਗੁਰੂ-ਘਰ ਨੂੰ ਖ਼ਤਮ ਕਰ ਦੇਣ ਵਾਲੀਆਂ ਕੋਝੀਆਂ ਚਾਲਾਂ, ਚੰਦੂ ਅਤੇ ਪ੍ਰਿਥੀ ਚੰਦ ਦੇ ਅੰਦਰ ਭਾਂਬੜ ਵਾਂਗ ਬਲ ਰਹੇ ਈਰਖਾ ਦੇ ਉਬਾਲ, ਬਾਦਸ਼ਾਹ ਜਹਾਂਗੀਰ ਦੀ ਖੋਟੀ-ਨੀਯਤ ਅਤੇ ਬੁਰੇ ਵਿਚਾਰਾਂ, ਮੰਦ-ਭਾਵਨਾਵਾਂ ਨੂੰ ਵੇਖ ਕੇ, ਇਕ ਦਿਨ ਸਿੱਖਾਂ ਨੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਸੀ ਕਿ ਉਹ ਤਲਵਾਰ ਆਦਿ ਸ਼ਸਤਰ ਪਹਿਨ ਲੈਣ। ਉਨ੍ਹਾਂ ਦੇ ਉੱਤਰ ਵਜੋਂ ਪੰਜਵੇਂ ਪਾਤਸ਼ਾਹ ਜੀ ਨੇ ਭਵਿੱਖ-ਫੁਰਮਾਨ ਕੀਤਾ ਸੀ:

"ਅਸਾਂ ਜੋ ਸ਼ਸਤਰ ਪਕੜਨੇ ਹੈਨਿ, ਸੋ (ਗੁਰੂ) ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ। ਸਮਾਂ ਕਲਯੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਅਸਾਂ ਮੀਰ ਦੀ ਮੀਰੀ ਖਿੱਚ ਲੈਣੀ ਹੈ ਅਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਖਿੱਚ ਲੈਣੀ ਹੈ। ਤੁਸੀਂ ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿਣਾ...।"

(ਸਿੱਖਾਂ ਦੀ ਭਗਤ ਮਾਲਾ, ਪੰਨਾ ੧੫੮)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਪਰਤਾਪੂ ਜੀ ਨੂੰ ਉਪਦੇਸ਼ ਕੀਤਾ ਅਤੇ ਉਸ ਨੂੰ ਧਰਮ-ਯੁੱਧ ਲਈ ਤਤਪਰ ਰਹਿਣ ਲਈ ਕਿਹਾ। ਗੁਰੂ-ਉਪਦੇਸ਼ ਹੈ:

"ਸੂਰਮੇ ਨੂੰ ਚਾਹੀਦਾ ਹੈ ਕਿ ਧਰਮ ਦਾ ਯੁੱਧ ਕਰੇ। ਜੋ ਕੁਝ ਪਾਸ ਹੈ, ਸੋ ਦਾਨ ਕਰੇ। ਲੁੱਟੇ ਨਾ, ਸ਼ਸਤਰਾਂ ਵਿਚ ਬਰਕਤ ਹੁੰਦੀ ਹੈ, ਮਾਣ-ਜਸ ਹੁੰਦਾ ਹੈ।"

(ਉਹੀ, ਪੰਨਾ ੧੪੯)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹੀਦੀ ਨੇ ਇਤਿਹਾਸ ਦੀ ਨਵੀਂ ਸਿਰਜਣਾ ਅਰੰਭੀ। ਗੁਰਬਾਣੀ-ਲਹਿਰ ਦੇ ਨਾਲ-ਨਾਲ ਕੁਰਬਾਨੀ (ਸ਼ਹੀਦੀ) ਲਹਿਰ ਦਾ ਜਨਮ ਹੋਇਆ। ਸਿੱਖ ਸਮਾਜ ਵਿਚ ਫ਼ੌਜੀ-ਤਾਕਤ, ਧਰਮੀ-ਯੋਧੇ ਉਗਮੇ। ਬਦਲੇ ਹੋਏ ਹਾਲਾਤ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰ ਧਾਰਨੇ ਜ਼ਰੂਰੀ ਸਮਝੇ। ਸ਼ਹੀਦੀ ਤੋਂ ਬਾਅਦ ਸਿੱਖਾਂ ਉੱਤੇ ਦੁੱਖਾਂ ਅਤੇ ਤਸੀਹਿਆਂ ਦਾ ਯੁੱਗ ਅਰੰਭ ਹੋਇਆ। ਸੱਚ-ਧਰਮ ਦੀ ਰਾਖੀ ਲਈ ਨਿਰਬਲ, ਨਿਤਾਣੇ, ਨਿਆਸਰੇ ਸਮਾਜ ਦੀ ਰੱਖਿਆ ਲਈ ਸਾਧਾਰਨ ਲੋਕਾਂ ਦਾ ਖ਼ੂਨ ਵੀ ਖੌਲਿਆ ਤੇ ਉਹ ਧਰਮ ਯੁੱਧ ਵਿਚ ਕੁੱਦ ਪਏ। ਵਾਸਤਵ ਵਿਚ ਧਰਮ ਦਾ ਬੀਜ ਸ਼ਹੀਦਾਂ ਦੇ ਖ਼ੂਨ ਤੋਂ ਹੀ ਪ੍ਰਫੁੱਲਤ ਹੁੰਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਾਨ ਦੁਨੀਆਂ ਦੇ ਬਾਦਸ਼ਾਹਾਂ ਨਾਲੋਂ ਕਿਤੇ ਵੱਧ ਸੀ। ਭਾਈ ਗੁਰਦਾਸ ਜੀ ਨੇ ਆਪ ਜੀ ਨੂੰ ਦੀਨ-ਦੁਨੀ (ਲੋਕ-ਪ੍ਰਲੋਕ) ਦਾ ਪਾਤਸ਼ਾਹ, ਪਾਤਸ਼ਾਹਾਂ ਦਾ ਵੀ ਪਾਤਸ਼ਾਹ, ਛੇ ਪਾਤਸ਼ਾਹੀਆਂ ਇਕ ਜੋਤ-ਸਰੂਪ, ਅੰਤਰਯਾਮੀ ਬਾਲਕ ਭੋਲਾ ਕਹਿ ਕੇ

ਵਡਿਆਇਆ ਹੈ:

ਦਸਤਗੀਰ ਹੁਇ ਪੰਜ ਪੀਰ, ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
ਦੀਨ ਦੁਨੀ ਦਾ ਪਾਤਿਸਾਹੁ, ਪਾਤਿਸਾਹਾਂ ਪਾਤਿਸਾਹੁ ਅਡੋਲਾ।...
ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।...
ਅੰਤਰਜਾਮੀ ਬਾਲਾ ਭੋਲਾ॥੩॥

(ਵਾਰ ੩੯)

ਉਸ ਸਮੇਂ ਦੇ ਪ੍ਰਸਿੱਧ ਢਾਡੀ ਅਬਦੁੱਲਾ ਅਤੇ ਨੱਥੂ ਮੱਲ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ੋਭਾ ਵਰਣਨ ਕਰਦੇ ਹੋਏ ਫੁਰਮਾਇਆ ਹੈ ਕਿ ਆਪ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਹੋਈਆਂ ਸਨ ਜੋ ਆਪ ਜੀ ਦੀ ਸ਼ੋਭਾ ਵਧਾਉਂਦੀਆਂ ਸਨ। ਗੁਰੂ ਜੀ ਜਦੋਂ ਤਖ਼ਤ ਉੱਪਰ ਬਿਰਾਜਮਾਨ ਹੁੰਦੇ ਸਨ, ਉਨ੍ਹਾਂ ਦੀ ਮਹਿਮਾ ਗਾ ਕੇ ਕਥਨ ਨਹੀਂ ਕੀਤੀ ਜਾ ਸਕਦੀ:

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖ਼ੀਰ ਦੀ।
ਨਾਲ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ ਕੀ ਜਹਾਂਗੀਰ ਦੀ?

ਇਕ ਵਾਰੀ ਬਾਦਸ਼ਾਹ ਜਹਾਂਗੀਰ ਨੇ ਸਾਈਂ ਮੀਆਂ ਮੀਰ ਜੀ ਨੂੰ ਪੁੱਛਿਆ, "ਦੁਨੀਆਂ ਵਿਚ ਕੋਈ ਕਾਮਲ ਮੁਰਸ਼ਦ ਅਥਵਾ ਬ੍ਰਹਮ ਗਿਆਨੀ ਵੀ ਹੈ?" ਤਾਂ ਸਾਈਂ ਮੀਆਂ ਮੀਰ ਜੀ ਨੇ ਝੱਟ ਉੱਤਰ ਦਿੱਤਾ, "ਹਾਂ, ਇੱਕ ਸੀ ਗੁਰੂ ਅਰਜਨ, ਤੇਰੀ ਭੈੜੀ ਨੀਤੀ ਨੇ ਮਾਰ ਦਿੱਤਾ, ਹੁਣ ਉਸੇ ਦਾ ਰੂਪ ਗੁਰੂ ਹਰਿਗੋਬਿੰਦ ਜੀ ਹੈ।"

ਬਾਦਸ਼ਾਹ ਨੇ ਤਰਕ ਕੀਤਾ, "ਤੁਸੀਂ ਹਿੰਦੂ ਨੂੰ ਏਡਾ ਵੱਡਾ ਰੁਤਬਾ ਕਿਉਂ ਦੇ ਰਹੇ ਹੋ?" ਤਾਂ ਸਾਈਂ ਮੀਆਂ ਮੀਰ ਜੀ ਨੇ ਕਿਹਾ, "ਖ਼ੁਦਾ ਦੀ ਦਰਗਾਹ ਵਿਚ ਜਿੱਥੇ ਲੇਖਾ ਹੁੰਦਾ ਹੈ, ਮੈਂ ਉਸ ਨੂੰ ਉਥੇ ਬੈਠਾ ਹੋਇਆ ਵੇਖਦਾ ਹਾਂ। ਵਾਸਤਵ ਮੇਂ ਉਹੀ ਬ੍ਰਹਮ ਗਿਆਨੀ ਹੈ।"

ਹਰਿਗੋਬਿੰਦ ਸਾਹਿਬ ਜੋ ਹੈ ਸੋ ਮਕਬੂਲ ਇਲਾਹੀ ਹੈ। ਅਰ ਜਬ ਹਮਾਰੀ ਆਠਵੇਂ ਦਿਨ, ਖ਼ੁਦਾ ਕੀ ਦਰਗਹ ਮੇਂ ਵਾਰੀ ਹੋਤੀ ਹੈ। ਉਹਾਂ ਜਾ ਕਰ ਹਮ ਅਰਜ ਕਰਤੇ ਹੈਂ। ਅਰ ਇਨਹੀ (ਹਰਿਗੋਬਿੰਦ) ਕੋ ਹੀ ਦੇਖਤੇ ਹੈਂ।

(ਮਹਿਮਾ ਪ੍ਰਕਾਸ਼, ਵਾਰਤਕ)

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ-ਕਲਿਆਣ ਲਈ ਦੇਸ਼-ਵਿਦੇਸ਼ ਵਿਚ ਲੰਮੀਆਂ ਯਾਤਰਾਵਾਂ ਕੀਤੀਆਂ ਸਨ, ਇਵੇਂ ਹੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਭਾਰਤ ਭਰ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਯਾਤਰਾਵਾਂ ਕੀਤੀਆਂ ਸਨ। ਬਰੇਲੀ, ਹਰਦੁਆਰ, ਰਿਸ਼ੀਕੇਸ਼ (ਗੜ੍ਹਵਾਲ), ਮਹਾਂਰਾਸ਼ਟਰ, ਗੁਜਰਾਤ ਆਦਿ ਇਲਾਕਿਆਂ ਵਿਚ ਆਪ ਜੀ ਗਏ।

ਮਹਾਂਰਾਸ਼ਟਰ ਦੇ ਪ੍ਰਸਿੱਧ ਫ਼ਕੀਰ ਸੰਤ ਸਮਰੱਥ ਰਾਮਦਾਸ ਨੇ ਗੁਰੂ ਜੀ ਨੂੰ ਯੋਧਿਆਂ ਵਾਲੀ ਵਰਦੀ ਤੇ ਫ਼ੌਜਾਂ, ਸ਼ਸਤਰ ਸਹਿਤ ਵੇਖ ਕੇ ਤਰਕ ਕੀਤਾ ਕਿ ਇਹ ਸੰਤ ਨਹੀਂ ਹੋ ਸਕਦਾ। ਉਹ ਗੁਰੂ ਜੀ ਦੇ ਕੋਲ ਆਇਆ ਤੇ ਕਹਿਣ ਲੱਗਾ, "ਮੈਂ ਸੁਣਿਆ ਹੈ ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਹੋ, ਉਹ ਤਾਂ ਇਕ ਤਿਆਗੀ ਸੰਤ ਸੀ, ਪਰ ਤੁਸੀਂ ਤਾਂ ਫ਼ੌਜਾਂ, ਘੋੜੇ, ਸ਼ਸਤਰ ਆਦਿ ਰੱਖੇ ਹੋਏ ਹਨ ਅਤੇ ਲੋਕ ਤੁਹਾਨੂੰ ਸੱਚਾ ਪਾਤਸ਼ਾਹ ਆਖਦੇ ਹਨ, ਇਹ ਕੈਸੀ ਸਾਧਗਿਰੀ ਹੈ?"

ਗੁਰੂ ਜੀ ਨੇ ਉੱਤਰ ਦਿੱਤਾ, "ਫ਼ਕੀਰ ਜੀ! ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਕੇ ਲੀਏ। ਗੁਰੂ ਬਾਬਾ ਨਾਨਕ ਨੇ ਸੰਸਾਰ ਤੋ ਨਹੀਂ ਤਿਆਗਾ ਥਾ, ਮਾਇਆ ਤਿਆਗੀ ਥੀ।"

ਇਹ ਸੁਣ ਕੇ ਸੰਤ ਸਮਰੱਥ ਰਾਮਦਾਸ ਝਟ ਬੋਲ ਪਿਆ, "ਹਾਂ ਯੇ ਅੱਛਾ ਹੈ, ਇਹ ਬਾਤ ਮੇਰੇ ਮਨ ਕੋ ਭਾਵਤੀ ਹੈ।"

ਗੁਰੂ ਜੀ ਨੇ ਉਸ ਨੂੰ ਸਮਝਾਇਆ, "ਗਰੀਬ ਉੱਪਰ ਜ਼ੁਲਮ ਹੋ ਰਿਹਾ ਹੋਵੇ ਤੇ ਧਰਮ ਵੇਖੀ ਜਾਵੇ, ਇਹ ਧਰਮ ਨਹੀਂ, ਅਧਰਮ ਹੈ। ਮਜ਼ਲੂਮ ਨੂੰ ਜਰਵਾਣੇ (ਅੱਤਿਆਚਾਰੀ) ਤੋਂ ਬਚਾਉਣਾ ਹੀ ਗੁਰੂ (ਧਰਮੀ-ਪੁਰਸ਼) ਦਾ ਕੰਮ ਹੈ। ਕ੍ਰਿਪਾਨ ਇਸੇ ਦਾ ਚਿੰਨ੍ਹ ਹੈ। ਗੁਰੂ ਨਾਨਕ ਬਾਬਾ ਜੀ ਨੇ ਉਦਾਸੀਆਂ ਕੀਤੀਆਂ ਸਨ ਗੁਰਮੁਖ ਲੱਭਣ ਲਈ ਅਤੇ ਭਲੇ ਪੁਰਸ਼ਾਂ ਦੀ ਸੰਗਤ ਬਣਾਉਣ ਲਈ। ਜੇ ਭਲੇ ਪੁਰਸ਼ ਸਭ ਇਕੱਠੇ ਹੋ ਜਾਣ ਤਾਂ ਜਰਵਾਣਾ ਛੇਤੀ ਨਾਲ ਵਾਰ ਨਾ ਕਰ ਸਕੇ। ਉਦਾਸੀਆਂ ਤੋਂ ਮੁੜ ਕੇ ਉਨ੍ਹਾਂ ਨੇ ਕਿਰਤ-ਵਿਰਤ ਦੀ ਸੰਸਾਰੀ ਰੀਤ ਵੀ ਚਲਾਈ ਸੀ।" ਸੰਤ ਸਮਰੱਥ ਰਾਮਦਾਸ ਗੁਰੂ ਜੀ ਦੀ ਸੰਗਤ ਅਤੇ ਬਚਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ।

ਇਸੇ ਪ੍ਰਕਾਰ ਗੁਰੂ ਸਾਹਿਬ ਦੇ ਮੀਰੀ-ਪੀਰੀ ਦੇ ਸੁਮੇਲ ਨੂੰ ਵੇਖ ਕੇ ਬਹੁਤ ਸਾਰੇ ਲੋਕ ਜੋ ਨੀਵੀਂ ਅਤੇ ਬੀਮਾਰ ਸੋਚ ਵਾਲੇ ਸਨ, ਪ੍ਰਚਾਰ ਕਰ ਰਹੇ ਸਨ ਕਿ ਸ਼ਸਤਰਧਾਰੀ, ਬ੍ਰਹਮਗਿਆਨੀ ਨਹੀਂ ਹੋ ਸਕਦਾ। ਅਰਥਾਤ ਗੁਰੂ ਨਾਨਕ ਸਾਹਿਬ ਦੀ ਗੱਦੀ ਤਾਂ ਸ਼ਾਂਤਮਈ ਫ਼ਕੀਰੀ ਸੁਭਾਅ ਵਾਲੀ ਰਹੀ ਹੈ ਪਰ ਇਹ ਯੋਧਿਆਂ ਵਾਲੀਆਂ ਸਰਗਰਮੀਆਂ ਗੁਰੂ ਨਾਨਕ ਦੇਵ ਜੀ ਦੇ ਉਦੇਸ਼ ਤੋਂ ਉਲਟ ਹਨ। ਅਜਿਹੇ ਲੋਕਾਂ ਨੂੰ ਢੁਕਵਾਂ ਉੱਤਰ ਦੇਣ ਲਈ ਹੀ ਭਾਈ ਗੁਰਦਾਸ ਜੀ ਨੂੰ ਕਹਿਣਾ ਪਿਆ ਸੀ ਕਿ ਜਿਵੇਂ ਖੂਹ ਵਿੱਚੋਂ ਪਾਣੀ ਕੱਢਣ ਲਈ ਘੜੇ ਦੇ ਗਲ਼ ਨੂੰ ਘੁੱਟ ਕੇ ਰੱਸੀ ਬੰਨ੍ਹਣੀ ਪੈਂਦੀ ਹੈ; ਕਾਲੇ ਸੱਪ ਨੂੰ ਮਾਰ ਕੇ ਹੀ ਮਣੀ ਪ੍ਰਾਪਤ ਕੀਤੀ ਜਾ ਸਕਦੀ ਹੈ; ਹਿਰਨ ਦੀ ਨਾਭੀ ਵਿੱਚੋਂ ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਨੂੰ ਮਾਰਨਾ ਪੈਂਦਾ ਹੈ, ਤੇਲ ਕੱਢਣ ਲਈ ਤਿਲਾਂ ਨੂੰ ਕੋਹਲੂ ਵਿਚ ਪੀੜਨਾ ਪੈਂਦਾ ਹੈ; ਗਿਰੀ ਕੱਢਣ ਲਈ ਨਾਰੀਅਲ ਨੂੰ ਭੰਨਣਾ ਹੀ ਪੈਂਦਾ ਹੈ, ਇਸੇ ਪ੍ਰਕਾਰ ਹੀ ਉਹ ਲੋਕ ਜੋ ਗੁਰੂ-ਦੋਖੀ ਹਨ ਅਤੇ ਲੋਹੇ ਵਾਂਗ ਕਠੋਰ ਹਨ, ਉਨ੍ਹਾਂ ਨੂੰ ਸਿੱਧੇ ਕਰਨ ਲਈ ਉਨ੍ਹਾਂ ਦੇ ਸਿਰ ਉੱਤੇ ਹਥੌੜੇ ਦਾ ਵਾਰ ਕਰਨਾ ਹੀ ਪੈਂਦਾ ਹੈ। ਜ਼ਾਲਮ ਜਰਵਾਣੇ ਨੂੰ ਤਲਵਾਰ ਤੋਂ ਬਿਨਾਂ ਅਕਲ ਨਹੀਂ ਆਉਂਦੀ:

ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।

ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥੧੨॥

(ਵਾਰ ੩੪)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਥਾ ਅਕੱਥ ਹੈ। ਇਹ ਅੱਖਰਾਂ ਦੇ ਘੇਰੇ ਵਿਚ ਨਹੀਂ ਆ ਸਕਦੀ। ਇਹ ਅਪਰੰਪਰ ਹੈ, ਬੇਅੰਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਛੇਵਾਂ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਕਾਇਆ ਬਦਲ ਕੇ, 'ਦਲਿ ਭੰਜਨ ਗੁਰੁ ਸੂਰਮਾ', ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਪ੍ਰਗਟ ਕੀਤਾ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

੭/੨੦੦੭

ਮੀਰੀ-ਪੀਰੀ ਦਾ ਵਾਲੀ

ਜ਼ਿੰਦਗੀ ਵੀ ਇਕ ਹੁਨਰ ਹੈ, ਜਿਸ ਦਾ ਕਮਾਲ ਕਿਸੇ ਕਿਸੇ ਨੂੰ ਹਾਸਲ ਹੈ। ਜਿਨ੍ਹਾਂ ਪਾਸ ਜ਼ਿੰਦਗੀ ਹੀ ਨਹੀਂ, ਉਨ੍ਹਾਂ ਦੀ ਇਥੇ ਬਹਿਸ ਨਹੀਂ, ਵੀਚਾਰ ਕੇਵਲ ਜੀਵਨ ਸੰਗ੍ਰਾਮੀਆਂ ਦੀ ਹੈ, ਜਿਨ੍ਹਾਂ ਇਸ ਘਲੂਘਾਰੇ ਵਿਚ ਸੰਤ ਸਿਪਾਹੀ ਬਣ ਕੇ ਚੰਗਿਆਈ ਲਈ ਮਰਦਾਨਾਵਾਰ ਲੜਨਾ ਪਰਵਾਨ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਜਿਹੇ ਮਹਾਂਪੁਰਸ਼ਾਂ ਵਿਚੋਂ ਮੁਖੀ ਸਨ, ਜਿਨ੍ਹਾਂ ਧਰਮ ਤੇ ਨੇਕੀ ਨੂੰ ਤਾਕਤਵਰ ਬਨਾਣ ਲਈ ਤਲਵਾਰ ਜਿਹੀ ਮਾਰੂ ਚੀਜ਼ ਨੂੰ ਵੀ ਉਸਾਰੂ ਕੰਮਾਂ ਲਈ ਵਰਤਿਆ ਤੇ ਮਰੀਅਲ ਮਨੁੱਖਤਾ ਵਿਚ ਨਵੀਂ ਜ਼ਿੰਦਗੀ ਦਾ ਸੰਚਾਰ ਕੀਤਾ। ਮਨੋਵਿਗਿਆਨੀ ਦੀ ਨਜ਼ਰ ਵਿਚ ਇਹ ਇਕ ਅਸਚਰਜ-ਭਰਿਆ ਕ੍ਰਿਸ਼ਮਾ ਹੈ ਕਿ ਸ਼ਾਂਤੀ ਤੇ ਕੋਮਲਤਾ ਦੇ ਸੁਆਮੀ ਫਿਰ ਕਵੀ ਤੇ ਮਧੁਰ-ਗਵਈਏ ਗੁਰੂ ਨੇ ਅਜਿਹੇ ਇਨਕਲਾਬੀ ਬੀਰ ਸਪੂਤ ਨੂੰ ਜਨਮ ਦਿੱਤਾ ਹੋਵੇ।

ਆਪ ਦਾ ਪ੍ਰਕਾਸ਼ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ। ਮਾਤਾ ਜੀ ਨੇ ਆਪਣੇ ਇਕਲੌਤੇ ਪੁੱਤਰ ਨੂੰ ਬੜੇ ਨਾਜ਼ਾਂ ਤੇ ਲਾਡਾਂ ਨਾਲ ਪਾਲਿਆ ਤੇ ਬਾਬਾ ਬੁੱਢਾ ਜੀ ਨੇ ਮੁੱਢਲੀ ਤਾਲੀਮ ਗੁਰਮੁਖੀ ਪੜ੍ਹਾਈ। ਕਲਮ ਦੇ ਧਨੀ ਪਿਤਾ ਗੁਰੂ ਨੇ ਆਪਣੇ ਸਪੁੱਤਰ ਨੂੰ ਤੇਗ ਦੇ ਧਨੀ ਬਨਾਉਣ ਲਈ ਬਚਪਨ ਵਿਚ ਹੀ ਸ਼ਸਤਰ-ਵਿਦਿਆ ਦੀ ਸਿਖਲਾਈ ਵੀ ਕਰਾਈ। (ਗੁਰੂ) ਹਰਿਗੋਬਿੰਦ ਸਾਹਿਬ ਦੇ ਫੁਰਤੀਲੇ ਤੇ ਮਜ਼ਬੂਤ ਸਰੀਰ ਨੇ ਛੇਤੀ ਹੀ ਇਸ ਹੁਨਰ ਵਿਚ ਕਮਾਲ ਹਾਸਲ ਕਰ ਲਿਆ। ਇਸ ਸਮੇਂ ਆਪ ਦੀ ਉਮਰ ੧੧ ਕੁ ਵਰ੍ਹਿਆਂ ਦੀ ਸੀ, ਜਦੋਂ ਪਿਤਾ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀ ਨਬਜ਼ ਨੂੰ ਪਛਾਣ ਕੇ ਆਪ ਦੇ ਮੋਢਿਆਂ 'ਤੇ ਗੁਰਿਆਈ ਦਾ ਭਾਰ ਸੌਂਪਦਿਆਂ ਤੇ ਆਪ ਸ਼ਾਂਤਮਈ ਰਹਿ ਕੇ ਜਬਰ ਨਾਲ ਧਰਮ-ਯੁੱਧ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਇਸ ਸ਼ਾਂਤਮਈ ਕੁਰਬਾਨੀ ਨੇ ਕੇਵਲ ਸਿੱਖਾਂ ਵਿੱਚੋਂ ਹੀ ਨਹੀਂ ਬਲਕਿ ਪੰਜਾਬ ਭਰ ਵਿੱਚ ਜਬਰ ਵਿਰੁੱਧ ਭਾਰਾ ਜੋਸ਼ ਤੇ ਰੋਸ ਪੈਦਾ ਕਰ ਦਿੱਤਾ। ਇਸ ਸਮੇਂ ਲੋੜ ਸੀ ਜਬਰ ਵਿਰੋਧੀ ਜਨਤਕ ਅੰਦੋਲਨ ਦੀਆਂ ਭਖਦੀਆਂ ਚੰਗਿਆੜੀਆਂ ਨੂੰ ਜਥੇਬੰਦ ਕੀਤਾ ਜਾਵੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਮਹਾਨ ਕੰਮ ਨੂੰ ਆਪਣੇ ਹੱਥ ਵਿਚ ਲਿਆ ਤੇ ਜਬਰ-ਵਿਰੋਧੀ ਸੰਗਠਿਤ ਮੁਹਿੰਮ ਲਈ ਕੋਸ਼ਿਸ਼ਾਂ ਅਰੰਭ ਦਿੱਤੀਆਂ। ਸਿੱਖਾਂ ਨੂੰ ਹੋਰ ਵਸਤਾਂ ਲਿਆਉਣ ਦੀ ਥਾਂ ਜ਼ਿਆਦਾ ਘੋੜੇ ਤੇ ਸ਼ਸਤਰ ਲਿਆਉਣ ਲਈ ਪ੍ਰੇਰਿਆ ਗਿਆ ਤਾਂ ਕਿ ਅਗਰ ਜਾਬਰ ਆਪਣੇ ਕੀਤੇ 'ਤੇ ਪਛਤਾਵਾ ਕਰਨ ਦੀ

ਥਾਂ ਮੁੜ ਇਸ ਨੇਕੀ ਦੇ ਚਸ਼ਮੇ ਨੂੰ ਬੰਦ ਕਰਨਾ ਚਾਹੇ, ਤਾਂ ਇਸ ਚਸ਼ਮੇ ਦੀ ਹਰ ਤਰ੍ਹਾਂ ਰਾਖੀ ਕੀਤੀ ਜਾ ਸਕੇ। ਚੋਣਵੇਂ ਬੀਰ ਬਹਾਦਰ ਸਿੱਖਾਂ ਨੂੰ ਤਲਵਾਰਾਂ ਪਹਿਨਾਈਆਂ ਗਈਆਂ।

ਅੱਜ ਤਲਵਾਰ ਸਬੰਧੀ ਬੜੀਆਂ ਗਲਤ-ਫਹਿਮੀਆਂ ਪਈਆਂ ਹੋਈਆਂ ਹਨ। ਇਹ ਜਾਣਨਾ ਜ਼ਰੂਰੀ ਹੈ ਕਿ ਨੇਕੀ ਲਈ ਤਲਵਾਰ ਦੀ ਵਰਤੋਂ ਜਾਇਜ਼ ਤੇ ਨੇਕ ਕਰਮ ਹੈ ਕਿਉਂਕਿ ਜਦੋਂ ਜ਼ਾਲਮ ਆਪਣੀ ਤਾਕਤ ਦੇ ਮਦ ਵਿਚ ਪਾਗ਼ਲ ਹੋ ਜਾਂਦਾ ਹੈ ਤਾਂ ਸ਼ੁਦਾਈ ਕੁੱਤੇ ਵਾਂਗ ਹਰ ਮੰਦੇ ਚੰਗੇ ਨੂੰ ਚੱਕ ਮਾਰਦਾ ਹੈ। ਮਾਰ-ਖੋਰੇ ਪਸ਼ੂ ਅੱਗੇ ਸ਼ਾਂਤ ਰਹਿਣਾ ਸਿਆਣਪ ਨਹੀਂ। ਇਸ ਦਾ ਇਲਾਜ ਹਲਕੇ ਕੁੱਤੇ ਜਾਂ ਮਾਰੂ ਜਾਨਵਰ ਨੂੰ ਮਾਰਨ ਤੋਂ ਸਿਵਾ ਕੁਝ ਵੀ ਨਹੀਂ ਕਿਉਂਕਿ ਉਸ ਦੇ ਹੁੰਦਿਆਂ ਸਗੋਂ ਹੋਰ ਜ਼ਹਿਰ ਦੇ ਫੈਲ ਜਾਣ ਦਾ ਖ਼ਤਰਾ ਹੁੰਦਾ ਹੈ। ਸੋ ਨੇਕੀ, ਪਵਿੱਤ੍ਰਤਾ ਤੇ ਮਨੁੱਖਤਾ ਦੀ ਰਾਖੀ ਲਈ ਅਜਿਹੀ ਅਖਾਉਤੀ ਹਿੰਸਾ ਵੀ ਦਰਅਸਲ ਅਹਿੰਸਾ ਹੀ ਹੈ। ਅਜਿਹੀ ਹਿੰਸਾ ਕਰ-ਕਰ ਕੇ ਤਾਂ ਮਨੁੱਖ ਨੇ ਭਿਆਨਕ ਸ਼ੇਰਾਂ, ਬਘੇਲਿਆਂ ਤੇ ਜ਼ਹਿਰੀਲੇ ਨਾਗਾਂ ਤੋਂ ਆਪਣਾ ਮਾਰਗ ਸਾਫ ਕਰਕੇ ਜੀਵਨ ਦੀ ਇਸ ਮੰਜ਼ਲ 'ਤੇ ਰਸਾਈ ਕੀਤੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਇਨਸਾਨੀਅਤ ਵਿਕਾਸ ਦੀ ਇਸ ਸਟੇਜ 'ਤੇ ਨਹੀਂ ਜਾ ਸਕਦੀ ਸੀ। ਸਾਡਾ ਮਤਲਬ ਹਰਗਿਜ਼ ਇਹ ਨਹੀਂ ਕਿ ਉਨਤੀ ਦਾ ਖ਼ੂਨੀ ਮਾਰਗ ਹਿੰਸਾ ਹੀ ਸਭ ਕੁਝ ਹੈ। ਹਕੀਕਤ ਇਹ ਹੈ ਕਿ ਤਾਕਤਵਰ ਬਦੀ ਦਾ ਟਾਕਰਾ ਬਗ਼ੈਰ ਜਥੇਬੰਦ ਬਲਵਾਨ ਨੇਕੀ ਦੇ ਕੀਤਾ ਨਹੀਂ ਜਾ ਸਕਦਾ।

ਸਿੱਖੀ ਮਾਰਗ ਤੋਂ ਪਹਿਲਾਂ ਹਿੰਦੁਸਤਾਨ ਵਿਚ ਦੋ ਰਸਤੇ ਮੌਜੂਦ ਸਨ, ਹਿੰਦੂ ਦਾ ਅਹਿੰਸਾਵਾਦੀ ਮਾਰਗ ਤੇ ਮੁਸਲਮਾਨ ਦਾ ਜਹਾਦੀ ਰਾਹ। ਇਹ ਜਹਾਦੀ ਰਾਹ ਵਾਲੇ ਤਾਕਤ ਤੇ ਧਰਮ ਦੀ ਗਲਤ ਵਰਤੋਂ ਕਰਕੇ ਖ਼ੂਨੀ ਪਗਡੰਡੀ 'ਤੇ ਟੁਰੇ ਜਾ ਰਹੇ ਸਨ। ਹਿੰਦੂ ਧਰਮੀ ਸੀ, ਮਗਰ ਬੁਜ਼ਦਿਲ। ਮੁਸਲਮਾਨ ਬਲਵਾਨ ਸੀ, ਮਗਰ ਅਧਰਮੀ। ਇਉਂ ਇਕ ਸ਼ਕਤੀਹੀਣ ਹੋਣ ਕਰਕੇ ਮਜ਼ਲੂਮ ਤੇ ਦੂਸਰਾ ਧਰਮਹੀਣ ਹੋਣ ਕਰਕੇ ਜ਼ਾਲਮ ਹੋ ਰਿਹਾ ਸੀ ਕਿਉਂਕਿ ਤਾਕਤ ਕਦੀ ਵੀ ਧਰਮ ਤੋਂ ਬਿਨਾਂ ਪਵਿੱਤਰ ਤੇ ਖੂਬਸੂਰਤ ਨਹੀਂ ਰਹਿ ਸਕਦੀ। ਇਸ ਸਮੇਂ ਬੁਜ਼ਦਿਲੀ ਤੇ ਜ਼ੁਲਮ ਨੂੰ ਪਾਸੇ ਸੁੱਟ ਕੇ ਬਲ ਤੇ ਧਰਮ ਨੂੰ ਇਕੱਠਿਆਂ ਕਰਨ ਦੀ ਲੋੜ ਸੀ।

ਸਤਿਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ "ਅਗਰ ਤਾਕਤਵਰ ਦਾ ਤਾਕਤ ਵਾਲੇ ਨਾਲ ਮੁਕਾਬਲਾ ਹੋ ਜਾਵੇ ਤਾਂ ਇਹ ਕੋਈ ਘਬਰਾਹਟ ਵਾਲੀ ਗੱਲ ਨਹੀਂ, ਪਰ ਜਦੋਂ ਨਿਰਬਲ ਨਿਤਾਣੇ ਤੇ ਬਲਵਾਨ ਨੂੰ ਇਕੋ ਅਖਾੜੇ ਵਿੱਚ ਆਹਮੋ-ਸਾਹਮਣੇ ਦੰਗਲ ਲਈ ਖੜਿਆਂ ਕਰ ਦਿੱਤਾ ਜਾਂਦਾ ਹੈ, ਤਾਂ ਜਿੱਤ ਹਾਰ ਦੀ ਜ਼ੁੰਮੇਵਾਰੀ ਮਾਲਕ ਦੇ ਜ਼ਿੰਮੇ ਪੈਂਦੀ ਹੈ।" ਇਸੇ ਲਈ ਸਿੱਖ ਗੁਰੂਆਂ ਭਗਤੀ ਤੇ ਸ਼ਕਤੀ ਦੋਹਾਂ ਦੇ ਸੰਗਮ ਤੋਂ ਜ਼ਿੰਦਗੀ ਨੂੰ ਤਿਆਰ ਕਰਨਾ ਯੋਗ ਸਮਝਿਆ।

ਪਹਿਲੇ ਸ਼ਕਤੀ 'ਤੇ ਜ਼ੋਰ ਦੇਣ ਦੀ ਥਾਂ ਪੰਜ ਗੁਰੂਆਂ ਨੇ ਮਨੁੱਖ ਦੀ ਅੰਦਰੂਨੀ ਪਾਕੀਜ਼ਗੀ ਲਈ ਭਗਤੀ ਨਾਲ ਇਨਸਾਨੀ ਸੀਨਿਆਂ ਨੂੰ ਭਰਪੂਰ ਕੀਤਾ ਤਾਂ ਕਿ ਹਿਰਦਾ ਸ਼ਕਤੀ ਨੂੰ ਜਰਨ ਜੋਗਾ ਹੋ ਜਾਵੇ। ਚੂੰਕਿ ਭਗਤੀ ਤੇ ਸਦਾਚਾਰ ਤੋਂ ਬਿਨਾਂ 'ਸ਼ਕਤੀ' ਦੇ 'ਜ਼ਾਲਮ' ਹੋ ਜਾਣ ਦਾ ਡਰ ਸੀ। ਇਸ ਲਈ ਪਹਿਲੇ ਪਹਿਲ ਇਹ ਤਾਲੀਮ ਦਿੱਤੀ ਗਈ, 'ਅਗਰ ਬਦੀ ਘੜੇ ਭੰਨਦੀ ਹੈ ਤਾਂ

ਮਸ਼ਕਾਂ ਲੈ ਲਵੋ, ਅਗਰ ਮਸ਼ਕਾਂ ਪਾੜੀਆਂ ਜਾਂਦੀਆਂ ਹਨ, ਤਾਂ ਲੋਹ ਗਾਗਰਾਂ ਲੈ ਲਵੋ।'

ਇਸ ਤੋਂ ਅੱਗੇ ਜਬਰ ਨੇ ਸਮਝਿਆ ਕਿ ਸ਼ਾਇਦ ਮੇਰੀ ਅਸਫਲਤਾ ਦਾ ਕਾਰਣ ਘਟ ਤਾਕਤ ਦੀ ਵਰਤੋਂ ਹੈ। ਉਸ ਕੋਮਲ ਤੇ ਸ਼ਾਂਤੀ-ਪੁੰਜ ਵਿਦਵਾਨ ਪ੍ਰਮਾਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਰੇਤ ਪਾ-ਪਾ ਸ਼ਹੀਦ ਕਰ ਦਿੱਤਾ। ਇਹ ਬਦੀ ਕੋਝੀ ਹਿੰਸਾ ਤੇ ਨੇਕੀ ਦੀ ਸੁੰਦਰ ਅਹਿੰਸਾ ਦੋਹਾਂ ਦੀ ਹੱਦ ਸੀ। ਅਜਿਹੀ ਅਵਸਥਾ ਵਿੱਚ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ ਸਿਪਾਹੀ ਵੇਸ ਧਾਰਨਾ ਪਸੰਦ ਕੀਤਾ। ਮਾਲਾ ਦੀ ਥਾਂ ਤੇਗ, ਗੱਦੀ ਦੀ ਥਾਂ ਅਕਾਲ ਤਖ਼ਤ, ਛੱਪਰੀਆਂ ਦੀ ਥਾਂ 'ਤੇ ਛਾਉਣੀਆਂ ਤੇ ਰੱਬੀ ਕੀਰਤਨ ਦੇ ਨਾਲ-ਨਾਲ ਵਾਰਾਂ ਦੀਆਂ ਗੁੰਜਾਰਾਂ ਸ਼ੁਰੂ ਹੋਈਆਂ।

ਜਬਰ ਨੂੰ ਰਬਾਬ ਦੀ ਮਧੁਰ ਝੁਨਕਾਰ ਦੀ ਥਾਂ ਤੇਗ਼ ਦੀ ਛਣਕਾਰ ਸੁਣ ਕੇ ਤੇ ਫ਼ਕੀਰੀ ਦੀ ਥਾਂ ਸ਼ਾਹੀ ਲਿਬਾਸ ਵੇਖ ਕੇ ਘਬਰਾਹਟ ਹੋਈ। ਉਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਮ ਜਨਤਾ ਦਾ ਹਰਮਨ-ਪਿਆਰਾ 'ਸੱਚਾ ਪਾਤਸ਼ਾਹ' ਬਣ ਜਾਣਾ ਖਟਕਣ ਲੱਗਾ। ਹਕੂਮਤ ਨੂੰ ਹੈਰਾਨੀ ਹੋਣੀ ਕੁਦਰਤੀ ਗੱਲ ਸੀ। ਮਗਰ ਸਿੱਖੀ ਨੂੰ ਘੱਟ ਸਮਝਣ ਵਾਲੇ ਕੁਝ ਸਿੱਖਾਂ ਵਿੱਚ ਵੀ ਇਹ ਸ਼ੱਕ ਪੈ ਗਿਆ ਕਿ ਘੋੜੇ ਰੱਖਣੇ, ਸ਼ਸਤ੍ਰ ਚਲਾਉਣੇ ਤੇ ਸ਼ਿਕਾਰ ਖੇਡਣਾ ਪਿਛਲੇ ਗੁਰੂਆਂ ਤੋਂ ਵੱਖਰੀ ਤਰ੍ਹਾਂ ਦੀ ਮਰਯਾਦਾ ਹੈ ਜੋ ਠੀਕ ਨਹੀਂ। ਇਨ੍ਹਾਂ ਸਾਰੀਆਂ ਸ਼ੰਕਾਵਾਂ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿ ਸਿਆਣੇ ਸਿੱਖਾਂ ਨੇ ਸਮਝਾ-ਬੁਝਾ ਕੇ ਦੂਰ ਕੀਤਾ ਕਿ ਇਹ ਫ਼ੌਜੀ ਜਲੌ ਕੇਵਲ ਧਰਮ ਦੀ ਰਾਖੀ ਲਈ ਹੈ। ਇਹ ਤੀਰ ਧਨੁੱਖ ਸਿੱਖੀ ਦੇ ਬੂਟੇ ਨੂੰ ਸੰਪੂਰਨ ਕਰਨ ਲਈ ਪਕੜੇ ਗਏ ਹਨ। ਸ਼ਿਕਾਰ ਸਿਰਫ ਮਾਲਾ ਫੇਰਨ ਵਾਲੇ ਸਿੱਖਾਂ ਦੇ ਹਿਰਦਿਆਂ ਨੂੰ ਦ੍ਰਿੜ੍ਹ/ਮਜ਼ਬੂਤ ਬਣਾਉਣ ਦਾ ਵਸੀਲਾ ਹੈ, ਕੋਈ ਐਸ਼ ਦਾ ਸਾਮਾਨ ਨਹੀਂ।

ਗੁਰੂ ਸਾਹਿਬ ਦੀ ਪ੍ਰਾਪਤੀ ਇਹ ਸੀ ਕਿ ਉਨ੍ਹਾਂ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਸਾਰੀ ਸਿੱਖ ਲਹਿਰ ਨੂੰ ਸ਼ਸਤਰਧਾਰੀ ਬਣਾ ਕੇ ਨਵਾਂ ਇਨਕਲਾਬੀ ਮੋੜ ਦਿੱਤਾ। ਉਨ੍ਹਾਂ ਇਸ ਦਾ ਖੇਤਰ ਮਾਝੇ ਤੋਂ ਇਲਾਵਾ ਮਾਲਵੇ ਤੇ ਪਹਾੜੀ ਇਲਾਕੇ ਵੱਲ ਵੀ ਵਧਾਇਆ ਅਤੇ ਬੰਦੀ ਛੋੜ ਗੁਰੂ ਹੋਣ ਦੇ ਨਾਤੇ ਭਾਰਤੀ ਰਾਜਾ ਮੰਡਲ ਨੂੰ ਵੀ ਪ੍ਰਭਾਵਿਤ ਕੀਤਾ। ਕੀਰਤਪੁਰ ਵਰਗੇ ਕੇਂਦਰ ਦੀ ਚੋਣ ਉਨ੍ਹਾਂ ਦੀ ਰਾਜਨੀਤਕ ਦੂਰਅੰਦੇਸ਼ੀ ਦਾ ਸਿੱਟਾ ਸੀ ਜਿਥੋਂ ਇਸ ਲਹਿਰ ਨੇ ਕਈ ਨਵੇਂ ਸੰਗਰਾਮ ਜਿੱਤੇ।

ਇਨ੍ਹਾਂ ਅਨੇਕ-ਪੱਖੀ ਵਿਸ਼ੇਸ਼ਤਾਈਆਂ ਕਾਰਣ ਹੀ ਭਾਈ ਗੁਰਦਾਸ ਜੀ ਨੇ ਕਿਹਾ ਸੀ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ, ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਅੱਜ ਕਲ ਮੀਰੀ-ਪੀਰੀ ਦੇ ਸਿਧਾਂਤ ਬਾਰੇ ਬੜੀ ਚਰਚਾ ਹੈ ਤੇ ਇਸ ਦੇ ਕੁਝ ਹੱਦ ਤਕ

ਗ਼ਲਤ ਅਰਥ ਵੀ ਕੀਤੇ ਜਾਂਦੇ ਹਨ ਪਰੰਤੂ ਸਪਸ਼ਟ ਭਾਵ ਇਤਨਾ ਹੀ ਹੈ ਕਿ ਕਿਸੇ ਕੌਮ ਜਾਂ ਵਿਅਕਤੀ ਦੇ ਧਰਮ ਤੇ ਰਾਜਨੀਤੀ ਦੋਵੇਂ ਖੰਭ ਮਜ਼ਬੂਤ ਹੋਣੇ ਚਾਹੀਦੇ ਹਨ ਤਾਂ ਹੀ ਉਹ ਲੰਮੀ ਉਡਾਣ ਉਡ ਸਕਦਾ ਹੈ। ਕੁਝ ਲੋਕ ਆਪਣੀ ਧੜੇਬਾਜ਼ੀ ਨੂੰ 'ਰਾਜਨੀਤੀ' ਦਾ ਨਾਮ ਦਿੰਦੇ ਹਨ ਤੇ ਕੁਝ ਲੋਕ ਦਿਖਾਵੇ ਦੇ ਕਰਮ-ਕਾਂਡਾਂ ਨੂੰ ਹੀ 'ਧਰਮ' ਸਮਝੀ ਫਿਰਦੇ ਹਨ, ਇਹ ਭੁੱਲ ਹੈ ਤੇ ਇਕ ਤਰ੍ਹਾਂ ਲੋਕਾਂ ਨੂੰ ਟਪਲੇ ਵਿੱਚ ਪਾਉਣਾ ਹੈ।

ਦਰਅਸਲ ਧਰਮ ਅੰਦਰੂਨੀ ਸਮਰੱਥਾ ਹੈ ਤੇ ਰਾਜਨੀਤੀ ਬਹਿਰੂਨੀ ਸਮਰੱਥਾ। ਇਨ੍ਹਾਂ ਦੋਹਾਂ ਦੇ ਸੁਮੇਲ ਨਾਲ ਹੀ ਚੰਗਿਆਈ ਦੀ ਸ਼ਕਤੀ ਨੂੰ ਬਲਵਾਨ ਬਣਾਇਆ ਜਾ ਸਕਦਾ ਹੈ। ਇਹੋ ਮੀਰੀ-ਪੀਰੀ ਦੇ ਵਾਲੀ ਦਾ ਸੰਦੇਸ਼ ਹੈ।

੮/੧੯੯੮

ਮੀਰੀ ਪੀਰੀ ਦੇ ਸ਼ਹਿਨਸ਼ਾਹ

ਮੀਰੀ ਪੀਰੀ ਦੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ੨੧ ਹਾੜ ਸੁਦੀ ੩, ਸੰਮਤ ੧੬੫੨ (ਜੁਲਾਈ ੧੫੯੫ ਈ.) ਨੂੰ ਗੁਰੂ ਕੀ ਵਡਾਲੀ ਵਿਖੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਪਿੱਛੋਂ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰ-ਗੱਦੀ 'ਤੇ ਬੈਠਣ ਲੱਗੇ ਤਾਂ ਬਾਬਾ ਬੁੱਢਾ ਜੀ ਚੱਲ ਰਹੀ ਰੀਤ ਮੁਤਾਬਕ ਗੁਰਿਆਈ ਦੀ ਰਸਮ ਕਰਨ ਲੱਗੇ ਪਰ ਸਤਿਗੁਰਾਂ ਫੁਰਮਾਇਆ, "ਹੁਣ ਇਸ ਦੀ ਲੋੜ ਨਹੀਂ ਹੈ। ਹੁਣ ਬੀਰ-ਰਸ ਦੀ ਲੋੜ ਹੈ ਅਤੇ ਪ੍ਰਤੀ ਪੂਰਤੀ ਲਈ ਤਲਵਾਰ ਪਹਿਨਾਉ।" ਮੀਰੀ ਪੀਰੀ ਦੇ ਮਾਲਕ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਤਖ਼ਤ 'ਤੇ ਬਿਰਾਜਮਾਨ ਹੋ ਗਏ। ਉਹਨਾਂ ਨੇ ਸੰਗਤਾਂ ਨੂੰ ਦੋਹਾਂ ਕਿਰਪਾਨਾਂ ਦੀ ਮਹਾਨਤਾ ਬਾਰੇ ਦਸਦੇ ਹੋਏ ਫੁਰਮਾਇਆ, "ਬਿਨਾਂ ਸ਼ਕਤੀ ਤੋਂ ਕਿਸੇ ਧਰਮ ਦੀ ਰੱਖਿਆ ਨਹੀਂ ਹੋ ਸਕਦੀ, ਇਸ ਲਈ ਹੁਣ ਸਿੱਖ ਧਰਮ ਦੀ ਰੱਖਿਆ ਲਈ ਫ਼ੌਜ ਬਣੇਗੀ।"

ਗੁਰੂ ਸਾਹਿਬ ਨੇ ਸਿੱਖ ਜੁਆਨਾਂ ਨੂੰ ਫ਼ੌਜ ਵਿਚ ਸ਼ਾਮਲ ਹੋਣ ਲਈ ਕਿਹਾ ਅਤੇ ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਵਧੀਆ-ਵਧੀਆ ਬਸਤਰ ਭੇਟ ਕਰਨ ਲਈ ਸੁਨੇਹੇ ਭੇਜੇ। ਗੁਰ-ਗੱਦੀ ਪ੍ਰਾਪਤ ਕਰਨ ਉਪਰੰਤ ਆਪ ਨੇ ਅੰਮ੍ਰਿਤਸਰ ਵਿਚ ਲੋਹਗੜ੍ਹ ਦਾ ਕਿਲ੍ਹਾ ਬਣਵਾਇਆ ਅਤੇ ਵੱਖ-ਵੱਖ ਇਲਾਕਿਆਂ ਵਿਚ ਦੌਰਾ ਕਰਕੇ ਸੋਹਣੇ ਗਭਰੂਆਂ ਨੂੰ ਫ਼ੌਜ ਲਈ ਚੁਣਿਆ। ਉਹਨਾਂ ਦਾ ਨਿਸ਼ਾਨਾ ਜ਼ੁਲਮ ਵਿਰੁੱਧ ਟੱਕਰ ਲੈਣ ਨਾਲ ਸੀ। ਜਦੋਂ ਗੁਰੂ ਸਾਹਿਬ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰੀ ਵਿਚ ਜੁੱਟੇ ਹੋਏ ਸਨ ਤਾਂ ਗੁਰੂ ਘਰ ਦੇ ਦੋਖੀ ਆਪਣੀਆਂ ਸਾਜ਼ਿਸ਼ਾਂ ਦੇ ਜਾਲ ਬੁਣਨ ਵਿਚ ਲੱਗੇ ਹੋਏ ਸਨ। ਪ੍ਰਿਥੀ ਚੰਦ ਭਾਵੇਂ ਮਰ ਚੁਕਿਆ ਸੀ ਪਰ ਉਸ ਦਾ ਲੜਕਾ ਮਿਹਰਬਾਨ ਪਿਤਾ ਨਾਲੋਂ ਪਿੱਛੇ ਰਹਿਣ ਵਾਲਾ ਨਹੀਂ ਸੀ। ਉਸ ਨੇ ਚੰਦੂ ਨਾਲ ਮਿਲ ਕੇ ਲਾਹੌਰ ਦੇ ਗਵਰਨਰ ਰਾਹੀਂ ਬਾਦਸ਼ਾਹ ਜਹਾਂਗੀਰ ਕੋਲ ਇਹ ਖ਼ਬਰ ਪਹੁੰਚਾ ਦਿੱਤੀ ਕਿ ਗੁਰੂ ਸਾਹਿਬ ਦਿੱਲੀ ਦਾ ਤਖ਼ਤ ਉਲਟਾਉਣ ਲਈ ਫ਼ੌਜ ਤਿਆਰ ਕਰ ਰਹੇ ਹਨ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਫੈਸਲਾ ਕੀਤਾ। ਗੁਰੂ ਸਾਹਿਬ ਸੁਨੇਹਾ ਮਿਲਣ ਤੋਂ ਪਹਿਲਾਂ ਹੀ ਦਿੱਲੀ ਪਹੁੰਚ ਗਏ। ਬਾਦਸ਼ਾਹ ਜਹਾਂਗੀਰ ਦੀ ਤਸੱਲੀ ਹੋ ਗਈ। ਗੁਰੂ ਘਰ ਦੇ ਦੋਖੀਆਂ ਨੇ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਵਿਰੁੱਧ ਚੁੱਕ ਕੇ ਸਵਾ ਲੱਖ ਰੁਪਏ ਜੁਰਮਾਨੇ ਦੀ ਰਕਮ ਜੋ ਗੁਰੂ ਅਰਜਨ ਦੇਵ ਜੀ ਕੋਲੋਂ ਲੈਣੀ ਸੀ, ਵਸੂਲ

ਕਰਨ ਲਈ ਸਲਾਹ ਦਿੱਤੀ। ਬਾਦਸ਼ਾਹ ਬੁਣੇ ਜਾਲ ਦੀਆਂ ਤੰਦਾਂ ਵਿਚ ਫਸ ਗਿਆ। ਉਸ ਨੇ ਗੁਰੂ ਸਾਹਿਬ ਨੂੰ ਜੁਰਮਾਨਾ ਨਾ ਅਦਾ ਕਰਨ ਦੀ ਸੂਰਤ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਅਤੇ ਬਾਹਰ ਲੋਕਾਂ ਵਿਚ ਮਨ-ਘੜਤ ਕਹਾਣੀਆਂ ਬਣਾਈਆਂ ਗਈਆਂ। ਅਸਲੀਅਤ ਕਦੋਂ ਤਕ ਲੁਕੀ ਰਹਿਣੀ ਸੀ। ਲੋਕਾਂ ਨੂੰ ਖ਼ਬਰ ਹੋ ਗਈ ਕਿ ਬਾਦਸ਼ਾਹ ਨੇ ਗੁਰੂ ਮਹਾਰਾਜ ਨੂੰ ਬਾਰਾਂ ਸਾਲ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਹੈ। ਇਹ ਵੀ ਪਤਾ ਲੱਗ ਗਿਆ ਕਿ ਗੁਰੂ ਸਾਹਿਬ ਦੋ ਲੱਖ ਰੁਪਏ ਜੁਰਮਾਨਾ ਦੇ ਕੇ ਬਾਹਰ ਆ ਸਕਦੇ ਹਨ। ਲੋਕਾਂ ਨੇ ਇਹ ਰਕਮ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਗੁਰੂ ਸਾਹਿਬ ਨੂੰ ਇਸ ਗੱਲ ਦਾ ਪਤਾ ਲਗਿਆ ਤਾਂ ਉਹਨਾਂ ਨੇ ਕਹਿ ਭੇਜਿਆ ਕਿ ਮੁਗ਼ਲ ਹਕੂਮਤ ਨੂੰ ਜੁਰਮਾਨੇ ਦੀ ਬਿਲਕੁਲ ਅਦਾਇਗੀ ਨਾ ਕੀਤੀ ਜਾਵੇ।

ਸਿੱਖਾਂ ਨੇ ਮੀਰੀ ਪੀਰੀ ਦੇ ਮਾਲਕ ਨੂੰ ਛੁਡਵਾਉਣ ਲਈ ਦੂਸਰਾ ਢੰਗ ਚੁਣਿਆ। ਉਹਨਾਂ ਨੇ ਸਾਰੇ ਪੰਜਾਬ ਤੇ ਰਾਜਸਥਾਨ ਵਿਚ ਲੋਕਾਂ ਨੂੰ ਜਾਗ੍ਰਤ ਕਰਕੇ ਇਕੱਠਾ ਕਰ ਲਿਆ। ਲੋਕਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਲੋਕ ਹਕੂਮਤ ਵਿਰੁੱਧ ਉੱਠ ਖੜ੍ਹੇ ਹੋਏ। ਭਾਈ ਜੇਠਾ ਜੀ ਦੀ ਅਗਵਾਈ ਵਿਚ ਸਿੱਖਾਂ ਦੇ ਜਥੇ ਗਵਾਲੀਅਰ ਦੇ ਕਿਲ੍ਹੇ ਵਿਚ ਚਾਰੇ ਪਾਸੇ ਫਿਰਦੇ ਵੇਖੇ ਗਏ। ਮੁਸਲਮਾਨਾਂ ਦੀ ਸਕੀਮ ਬਣੀ ਬਣਾਈ ਰਹਿ ਗਈ। ਸਿੱਖਾਂ ਦੇ ਜਥਿਆਂ ਬਾਰੇ ਸੂਚਨਾ ਦਿੱਲੀ ਦੀ ਹਕੂਮਤ ਕੋਲ ਵੀ ਪਹੁੰਚ ਗਈ। ਨੂਰ ਜਹਾਂ ਅਤੇ ਸਿਆਣੇ ਵਜ਼ੀਰਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਨਜ਼ਰਬੰਦ ਰੱਖਣਾ ਰਾਜ ਲਈ ਮਹਿੰਗਾ ਪੈ ਸਕਦਾ ਹੈ ਸਿੱਖਾਂ ਦੀ ਬਗਾਵਤ ਹੋਣ ਦਾ ਡਰ ਸੀ। ਨੂਰ ਜਹਾਂ ਅਤੇ ਵਜ਼ੀਰਾਂ ਦੀ ਸਲਾਹ ਵਿਚ ਵਜ਼ਨ ਵੇਖਦੇ ਹੋਏ ਬਾਦਸ਼ਾਹ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਰਿਹਾ ਕਰਨ ਦੇ ਹੁਕਮ ਕਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਲ੍ਹੇ ਵਿਚੋਂ ਬਾਹਰ ਆਉਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਦੀ ਘਬਰਾਹਟ ਹੋਰ ਵੀ ਵਧ ਗਈ। ਉਹ ਹਰ ਸ਼ਰਤ 'ਤੇ ਗੁਰੂ ਸਾਹਿਬ ਨੂੰ ਕਿਲ੍ਹੇ ਤੋਂ ਬਾਹਰ ਕੱਢਣਾ ਚਾਹੁੰਦਾ ਸੀ। ਗੁਰੂ ਸਾਹਿਬ ਨੇ ਸ਼ਰਤ ਰੱਖੀ ਕਿ ਕਿਲ੍ਹੇ ਵਿਚ ਕੈਦ ਕੀਤੇ ਸਾਰੇ ਕੈਦੀ ਉਹਨਾਂ ਦੇ ਨਾਲ ਹੀ ਰਿਹਾਅ ਕੀਤੇ ਜਾਣ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਇਹ ਖੁੱਲ੍ਹ ਦੇ ਦਿੱਤੀ ਕਿ ਜਿਹੜੇ ਕੈਦੀ ਨੂੰ ਉਹ ਹੱਥ ਲਾ ਕੇ ਇਕ ਵਾਰ ਲੈ ਆਉਣ ਉਹ ਆਜ਼ਾਦ ਹੋਣਗੇ। ਉਸ ਵੇਲੇ ਕਿਲ੍ਹੇ ਵਿਚ ੫੨ ਰਾਜੇ ਕੈਦ ਕੀਤੇ ਗਏ ਸਨ। ਮਹਾਰਾਜ ਨੇ ੫੨ ਕਲੀਆਂ ਵਾਲਾ ਚੋਲਾ ਸਵਾ ਕੇ ਪਾਇਆ ਅਤੇ ਸਾਰੇ ਰਾਜਿਆਂ ਨੂੰ ਪੱਲਾ ਫੜਾ ਕੇ ਬਾਹਰ ਲੈ ਆਏ। ਇਸੇ ਕਾਰਨ ਆਪ 'ਦਾਤਾ ਬੰਦੀ-ਛੋੜ' ਦੇ ਨਾਂ ਨਾਲ ਪ੍ਰਸਿੱਧ ਹੋ ਗਏ।

ਲੋਕ ਤਾਕਤ ਦੇ ਵਹਾਉ ਨੂੰ ਵੇਖਦੇ ਹੋਏ ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ 'ਤੇ ਲਗਾਈਆਂ ਹਰ ਤਰ੍ਹਾਂ ਦੀਆਂ ਪਾਬੰਦੀਆਂ ਖ਼ਤਮ ਕਰ ਦਿਤੀਆਂ। ਉਸ ਨੇ ਚੰਦੂ ਦੀਵਾਨ ਨੂੰ,

ਜਿਸ ਨੇ ਗੁਰੂ ਅਰਜਨ ਦੇਵ ਮਹਾਰਾਜ ਨੂੰ ਤੱਤੀ ਤਵੀ 'ਤੇ ਬਿਠਾ ਕੇ ਰੇਤ ਪਾਈ ਸੀ ਅਤੇ ਸ਼ਹੀਦ ਕੀਤਾ ਸੀ, ਸਿੱਖਾਂ ਦੇ ਹਵਾਲੇ ਕਰ ਦਿੱਤਾ। ਸਿੱਖਾਂ ਨੇ ਉਸ ਦੇ ਨੱਕ ਵਿਚ ਨਕੇਲ ਪਾ ਕੇ

ਸਾਰੇ ਸ਼ਹਿਰ ਦਾ ਚੱਕਰ ਕਟਾ ਕੇ ਬੁਰੀ ਤਰ੍ਹਾਂ ਮਾਰਿਆ। ਜਿਸ ਭੜਭੁੰਜੇ ਕੋਲੋ ਚੰਦੂ ਨੇ ਗੁਰੂ ਸਾਹਿਬ ਦੇ ਤਨ ਉੱਪਰ ਰੇਤ ਪਵਾਈ ਸੀ ਉਸ ਨੇ ਗਰਮ ਰੇਤ ਚੰਦੂ ਦੇ ਸਿਰ 'ਤੇ ਪਾ ਦਿੱਤੀ ਜਦੋਂ ਉਹ ਉਸ ਰਾਹ 'ਤੇ ਲੰਘਿਆ।

ਜਦੋਂ ਗੁਰੂ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਸਾਹਿਬ ਪੁੱਜੇ ਤਾਂ ਸ਼ਹਿਰ ਨੂੰ ਦੁਲਹਨ ਵਾਂਗ ਸਜਾਇਆ ਗਿਆ। ਉਦੋਂ ਦੀਵਾਲੀ ਦਾ ਸਮਾਂ ਸੀ। ਦੀਵਾਲੀ ਸ਼ਹਿਰ ਨੂੰ ਸਜਾ ਕੇ ਹੁਣ ਤਕ ਗੁਰੂ ਸਾਹਿਬ ਦੀ ਰਿਹਾਈ ਦੀ ਯਾਦ ਵਿਚ ਸਿੱਖਾਂ ਵਲੋਂ ਮਨਾਈ ਜਾਂਦੀ ਹੈ। ਅੰਮ੍ਰਿਤਸਰ ਵਿਚ ਦੀਵਾਲੀ ਦੇ ਮੌਕੇ 'ਤੇ ਇਕ ਵੱਡਾ ਭਾਰੀ ਮੇਲਾ ਲਗਦਾ ਹੈ।

ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਛੱਡਣ ਉਪਰੰਤ ਮੇਲ ਕਰ ਲਿਆ ਅਤੇ ਕਈ ਥਾਵਾਂ 'ਤੇ ਉਹ ਗੁਰੂ ਸਾਹਿਬ ਦੇ ਨਾਲ ਵੀ ਗਿਆ। ਪਰ ਜਹਾਂਗੀਰ ਬਾਦਸ਼ਾਹ ਦੇ ਮਰਨ ਤੋਂ ਬਾਅਦ ਗੁਰੂ ਘਰ ਦਾ ਮੇਲ ਮੁਗ਼ਲਾਂ ਨਾਲ ਪਹਿਲਾਂ ਵਾਂਗ ਨਾ ਰਹਿ ਸਕਿਆ। ਦਿੱਲੀ ਦਾ ਬਾਦਸ਼ਾਹ ਸ਼ਾਹਜਹਾਨ ਧਰਮ ਦੇ ਪੱਖ ਤੋਂ ਬਹੁਤ ਤੰਗ ਦਿਲ ਅਤੇ ਨਾ-ਤਜਰਬੇਕਾਰ ਹੁਕਮਰਾਨ ਸੀ। ਉਹ ਕੰਨਾਂ ਦਾ ਹੱਦ ਦਰਜੇ ਦਾ ਕੱਚਾ ਸੀ। ਮੁਲਾਣੇ ਅਤੇ ਗੁਰੂ ਦੋਖੀ ਫਿਰ ਗਰਮ ਹੋ ਗਏ ਅਤੇ ਬਾਦਸ਼ਾਹ ਕੋਲ ਗੁਰੂ ਘਰ ਵਿਰੁੱਧ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਸਾਹਿਬ ਕੋਲ ਵੀ ਅਜਿਹੀ ਕਾਰਵਾਈ ਬਾਰੇ ਸੂਚਨਾ ਪ੍ਰਾਪਤ ਹੁੰਦੀ ਰਹੀ। ਉਹਨਾਂ ਨੇ ਦੂਰ ਸੋਝੀ ਤੋਂ ਇਹ ਅਨੁਮਾਨ ਲਗਾ ਲਿਆ ਸੀ ਕਿ ਹੁਣ ਅਰਾਮ ਨਾਲ ਬੈਠਣ ਦਾ ਸਮਾਂ ਨਹੀਂ ਆਉਣਾ। ਮੁਗ਼ਲਾਂ ਨਾਲ ਟੱਕਰ ਲੈਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਜਹਾਂਗੀਰ ਨਾਲ ਮੇਲ ਹੋਣ ਕਾਰਨ ਗੁਰੂ ਸਾਹਿਬ ਇਸ ਪੱਖ ਤੋਂ ਕੁਝ ਨਰਮ ਹੋ ਗਏ ਸਨ ਪਰ ਗੁਰੂ ਸਾਹਿਬ ਦੇ ਕੀਤੇ ਆਦੇਸ਼ਾਂ ਮੁਤਾਬਕ ਹਥਿਆਰ ਅਤੇ ਚੰਗੀ ਨਸਲ ਦੇ ਘੋੜੇ ਲਗਾਤਾਰ ਸੰਗਤਾਂ ਵੱਲੋਂ ਪਹੁੰਚਾਏ ਜਾਂਦੇ ਰਹੇ। ਅੰਦਰੋ-ਅੰਦਰ ਟੱਕਰ ਲੈਣ ਲਈ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਗੁਰੂ ਸਾਹਿਬ ਸਿੱਖੀ ਪ੍ਰਚਾਰ ਵੀ ਰੁਕਣ ਨਹੀਂ ਦੇਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਪਹਾੜ ਦੇ ਦਾਮਨ ਵਿਚ ਕੀਰਤਪੁਰ ਸਾਹਿਬ ਨਾਂ ਦਾ ਨਵਾਂ ਨਗਰ ਵਸਾਇਆ। ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ ਨੂੰ ਇਸ ਨਗਰ ਦਾ ਇੰਚਾਰਜ ਬਣਾ ਕੇ ਸਿੱਖੀ ਪ੍ਰਚਾਰ ਦੀ ਡਿਊਟੀ ਲਗਾ ਦਿੱਤੀ। ਗੁਰੂ ਸਾਹਿਬ ਆਪ ਮੁਗ਼ਲਾਂ ਨਾਲ ਟੱਕਰ ਲੈਣ ਲਈ ਅੰਮ੍ਰਿਤਸਰ ਆ ਗਏ। ਉਹਨਾਂ ਦਿਨਾਂ ਵਿਚ ਆਪ ਨੇ ਸ੍ਰੀ ਹਰਿਗੋਬਿੰਦਪੁਰ ਨਗਰ ਵੀ ਆਬਾਦ ਕਰ ਦਿੱਤਾ।

ਗੁਰੂ ਸਾਹਿਬ ਬੀਬੀ ਵੀਰੋ ਦੇ ਵਿਆਹ ਵਿਚ ਰੁੱਝੇ ਹੋਏ ਸਨ ਅਤੇ ਮੁਗ਼ਲਾਂ ਨਾਲ ਬਾਜ ਦੇ ਮਾਮਲੇ ਵਿਚ ਟੱਕਰ ਹੋ ਗਈ। ਗੁਰੂ ਸਾਹਿਬ ਨੇ ਬੀਬੀ ਵੀਰੋ ਤੇ ਗੁਰੂ ਦੇ ਮਹਿਲਾਂ ਦੀਆਂ ਹੋਰ ਔਰਤਾਂ ਨੂੰ ਝਬਾਲ ਭੇਜ ਦਿੱਤਾ। ਮੁਗ਼ਲਾਂ ਨਾਲ ਜ਼ਬਰਦਸਤ ਟੱਕਰ ੧੬੨੮ ਈਸਵੀ ਵਿਚ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਮੁਗ਼ਲਾਂ ਦੀ ਬੁਰੀ ਤਰ੍ਹਾਂ ਨਾਲ ਹਾਰ ਹੋਈ। ਸਿੱਖ ਇਤਿਹਾਸ ਵਿਚ ਇਹ ਅੰਮ੍ਰਿਤਸਰ ਦੀ ਜੰਗ ਨਾਲ ਪ੍ਰਸਿੱਧ ਹੈ।

੧੬੩੨ ਵਿਚ ਮੁਗ਼ਲਾਂ ਨਾਲ ਲੜੀ ਸ੍ਰੀ ਹਰਿਗੋਬਿੰਦਪੁਰੇ ਦੂਜੀ ਜੰਗ ਅਤੇ ਤੀਸਰੀ ਜੰਗ

ਗੁਰੂ ਸਰ ਮਹਿਰਾਜ ਵਿਖੇ ਹੋਈ। ਦੋਵਾਂ ਜੰਗਾਂ ਵਿਚ ਮੁਗ਼ਲਾਂ ਦੀ ਹਾਰ ਹੋਈ। ਤੀਸਰੀ ਜੰਗ ਵਿਚ ਸਿੱਖਾਂ ਦਾ ਵੀ ਕਾਫੀ ਨੁਕਸਾਨ ਹੋਇਆ। ਲੱਗਪਗ ੧੨੭੦ ਸਿੰਘ ਸ਼ਹੀਦ ਹੋਏ ਜਿਨ੍ਹਾਂ ਵਿਚ ਸੂਰਮੇ ਸਰਦਾਰ ਭਾਈ ਜੇਠਾ ਜੀ, ਕਟਰਾ ਜੀ ਤੇ ਭੇਮਾ ਜੀ ਸਨ। ਅੰਤਮ ਜੰਗ ਕਰਤਾਰਪੁਰ ਸਾਹਿਬ ਵਿਖੇ ਹੋਈ। ਜਦੋਂ ਗੁਰੂ ਘਰ ਵਿਚ ਪਲੇ ਪਠਾਣ ਪੈਂਦੇ ਖਾਨ ਨੇ ਮੁਗ਼ਲਾਂ ਦੀ ਫੌਜ ਨਾਲ ਹਮਲਾ ਕਰ ਦਿੱਤਾ। ਬਾਬਾ ਗੁਰਦਿਤਾ ਜੀ ਦੇ ਲੜਕੇ ਧੀਰਮਲ ਨੇ ਵੈਰੀਆਂ ਨਾਲ ਮਿਲਣ ਦਾ ਯਤਨ ਕੀਤਾ ਪਰ ਗੁਰੂ ਸਾਹਿਬ ਨੇ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਕਰ ਦਿੱਤੀਆਂ। ਪੈਂਦੇ ਖਾਨ ਲੜਾਈ ਵਿਚ ਮਾਰਿਆ ਗਿਆ।

ਕਰਤਾਰਪੁਰ ਦੀ ਜੰਗ ਪਿੱਛੋਂ ਗੁਰੂ ਸਾਹਿਬ ਪਰਿਵਾਰ ਸਮੇਤ ਕੀਰਤਪੁਰ ਆ ਗਏ। ਗੁਰੂ ਸਾਹਿਬ ਨੇ ਅੱਠ-ਦਸ ਸਾਲ ਦਾ ਸਮਾਂ ਉੱਥੇ ਗੁਜ਼ਾਰਿਆ ਅਤੇ ਸਿੱਖੀ ਦਾ ਪ੍ਰਚਾਰ ਜ਼ੋਰਾਂ ਸ਼ੋਰਾਂ ਨਾਲ ਚਲਦਾ ਰਿਹਾ। ਚੋਲਾ ਤਿਆਗਣ ਤੋਂ ਪਹਿਲਾਂ ਉਹਨਾਂ ਨੇ ਸ੍ਰੀ ਹਰਿਰਾਇ ਜੀ ਨੂੰ, ਜੋ ਬਾਬਾ ਗੁਰਦਿਤਾ ਜੀ ਦੇ ਲੜਕੇ ਸਨ, ਗੱਦੀ ਦੇ ਯੋਗ ਸਮਝਦੇ ਹੋਏ ੧੬੪੪ ਈਸਵੀ ਵਿਚ ਗੁਰ-ਗੱਦੀ 'ਪਰ ਬਿਠਾਇਆ ਅਤੇ ਆਪ ਕੀਰਤਪੁਰ ਸਾਹਿਬ ਵਿਖੇ ਹੀ ਜੋਤੀ ਜੋਤ ਸਮਾ ਗਏ।

੬/੧੯੭੮

ਮੀਰੀ ਪੀਰੀ ਦੇ ਮਾਲਕ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਜਹਾਂਗੀਰ ਬਾਦਸ਼ਾਹ ਨੇ ਆਪਣੀ ਮਜ਼੍ਹਬੀ ਈਰਖਾ ਦੇ ਸਾੜੇ ਨੂੰ ਮੱਠਾ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਵਿਰੁੱਧ ਮਿਲੀਆਂ ਝੂਠੀਆਂ ਤੇ ਮਨ-ਘੜਤ ਰਿਪੋਟਾਂ ਦੇ ਆਧਾਰ 'ਤੇ ਆਪ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦੇ ਜਾਣ ਦਾ ਹੁਕਮ ਦਿੱਤਾ। ਲਾਹੌਰ ਨੂੰ ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਗੁਰ-ਗੱਦੀ ਲਈ ਆਪਣੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਨੀਯਤ ਕੀਤਾ। ਆਪ ਨੂੰ ਪਤਾ ਜੁ ਲੱਗ ਗਿਆ ਸੀ ਕਿ ਸਾਡੀ ਸੱਚ-ਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ ਅਤੇ ਅਸਾਂ ਲਾਹੌਰੋਂ ਮੁੜ ਕੇ ਨਹੀਂ ਆਉਣਾ। ਗੁਰਿਆਈ ਦੀ ਰਸਮ ਕਰਨ ਦਾ ਮੌਕਿਆ ਮੁਹਲਤ ਨਹੀਂ ਸੀ। ਇਸ ਲਈ ਆਪ ਨੇ ਤੁਰਨ ਸਮੇਂ ਆਗਿਆ ਕੀਤੀ ਕਿ ਗੁਰਿਆਈ ਦੀ ਰਸਮ ਸਾਡੇ ਜਾਣ ਮਗਰੋਂ ਕਰ ਦਿੱਤੀ ਜਾਵੇ। ਨਾਲ ਹੀ ਆਪ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਬਦਲ ਰਹੇ ਸਮਿਆਂ ਵਿਚ ਤਕੜੇ ਹੋ ਕੇ ਰਹਿਣਾ। ਵਾਹਿਗੁਰੂ ਉਤੇ ਭਰੋਸਾ ਰੱਖਣਾ। ਸਿੱਖੀ ਰਹਿਤ ਵਿਚ ਪੱਕਿਆਂ ਰਹਿਣਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਕਮਾਨ ਹੇਠ ਕੌਮ ਦੀ ਉੱਨਤੀ ਤੇ ਰੱਖਿਆ ਲਈ ਤਨ-ਮਨ ਵਾਰਨ ਤੇ ਹਰ ਪ੍ਰਕਾਰ ਦੇ ਕਸ਼ਟ ਸਹਾਰਨ ਤੋਂ ਸੰਕੋਚ ਨਾ ਕਰਨਾ।

ਇਸ ਆਗਿਆ ਮੂਜਬ ਜੇਠ ਵਦੀ ੧੪ (੨੮ ਜੇਠ) ਸੰਮਤ ੧੬੬੩, ਮੁਤਾਬਕ ੨੫ ਮਈ, ੧੬੦੬ ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਸੌਂਪੀ। ਆਪ ਦੀ ਉਮਰ ਉਸ ਵੇਲੇ ਮਸਾਂ ੧੧ ਕੁ ਵਰ੍ਹਿਆਂ ਦੀ ਸੀ। ਆਪ ਨੇ ਦੋ ਤਲਵਾਰਾਂ ਪਹਿਨੀਆਂ- ਇਕ ਮੀਰੀ ਦੀ ਤੇ ਇਕ ਪੀਰੀ ਦੀ, ਇਕ ਆਤਮਿਕ ਮੰਡਲਾਂ ਵਿੱਚ ਅਗਵਾਈ ਦੀ ਨਿਸ਼ਾਨੀ ਅਤੇ ਦੂਜੀ ਸੰਸਾਰਕ ਮਾਮਲਿਆਂ ਸੰਬੰਧੀ ਅਗਵਾਈ ਦੀ।

ਗੁਰਗੱਦੀ 'ਤੇ ਬਿਰਾਜਣ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮਸੰਦਾਂ ਨੂੰ ਅਤੇ ਉਨ੍ਹਾਂ ਰਾਹੀਂ ਥਾਂ-ਥਾਂ ਦੀਆਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਅਗਾਂਹ ਨੂੰ ਹੋਰ ਪਰਕਾਰ ਦੀ ਭੇਂਟਾ ਦੇ ਨਾਲ ਚੰਗੇ ਘੋੜੇ ਤੇ ਸ਼ਸਤਰ ਵੀ ਲਿਆਇਆ ਕਰੋ, ਆਪ ਵੀ ਘੋੜ-ਸਵਾਰੀ ਤੇ ਸ਼ਸਤਰ ਵਰਤਣ ਦੀ ਜਾਚ ਸਿੱਖੋ। ਸਭ ਨੇ ਇਹ ਹੁਕਮ ਬੜੇ ਚਾਅ ਤੇ ਉਤਸ਼ਾਹ ਨਾਲ ਮੰਨੇ।

ਇਸ ਤਰ੍ਹਾਂ ਸਿੱਖ ਕੌਮ ਦੇ ਹਿਰਦਿਆਂ ਵਿੱਚ ਬੀਰ-ਰਸ ਜਾਗ ਉਠਿਆ, ਇਕ ਨਵੀਂ ਜਾਨ ਅਤੇ ਚੜ੍ਹਦੀਆਂ ਕਲਾਂ ਵਾਲੀ ਬਿਰਤੀ ਪੈਦਾ ਹੋ ਪਈ। ਸੰਤਾਂ ਭਗਤਾਂ ਤੇ ਮਹਾਂ-ਪਰਉਪਕਾਰੀ ਨਾਮ ਦੇ ਰਸੀਆਂ ਦੀ ਇਹ ਕੌਮ ਹੁਣ ਸੰਤ-ਸਿਪਾਹੀਆਂ ਤੇ ਧਰਮੀ ਜੋਧਿਆਂ ਦੀ ਕੌਮ ਦਾ ਰੂਪ ਧਾਰਨ ਲੱਗ ਪਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੁਣ ਕੌਮ-ਉਸਾਰੀ ਦੇ ਇਸ ਨਵੇਂ ਮੈਦਾਨ ਵਿੱਚ ਦਿਨ ਰਾਤ ਇਕ ਕਰ ਕੇ ਜੁੱਟ ਪਏ। ਅੰਮ੍ਰਿਤਸਰ ਨੂੰ ਮਜ਼ਬੂਤ ਕਰਨ ਦੀ ਖ਼ਾਤਰ ਆਪ ਨੇ ਓਥੇ ਇਕ ਕਿਲ੍ਹਾ ਬਣਵਾਇਆ। ਇਸ ਦਾ ਨਾਂ ਆਪ ਨੇ ਲੋਹਗੜ੍ਹ ਰੱਖਿਆ। ਫੇਰ ਉਨ੍ਹਾਂ ਨੇ ਦੇਸ਼-ਪਿਆਰ, ਸੂਰਬੀਰਤਾ ਤੇ ਕੌਮੀ ਭਾਵਾਂ ਦੇ ਪਰਚਾਰ ਵਿਕਾਸ ਲਈ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਬਣਾਇਆ। ਸਵੇਰ ਵੇਲੇ ਤਾਂ ਸਦਾ ਵਾਕੁਰ ਸੰਗਤਾਂ ਸ੍ਰੀ ਦਰਬਾਰ ਸਾਹਿਬ ਜੁੜਦੀਆਂ ਜਿੱਥੇ ਗੁਰਬਾਣੀ ਦਾ ਕੀਰਤਨ ਹੁੰਦਾ। ਏਥੇ ਗੁਰੂ ਹਰਿਗੋਬਿੰਦ ਸਾਹਿਬ ਸੰਗਤਾਂ ਨੂੰ ਧਾਰਮਕ ਸਿੱਖਿਆ ਉਪਦੇਸ਼ ਦੇਂਦੇ, ਉਨ੍ਹਾਂ ਦੀਆਂ ਆਤਮਿਕ ਔਕੜਾਂ ਤੇ ਧਾਰਮਿਕ ਮਸਲਿਆਂ ਨੂੰ ਹੱਲ ਕਰਦੇ। ਦੁਪਹਿਰ ਮਗਰੋਂ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕੱਤਰ ਹੁੰਦੀਆਂ। ਏਥੇ ਸਰੀਰਕ ਕਸਰਤਾਂ ਤੇ ਸਰੀਰਕ ਬਲ ਦੇ ਵਿਖਾਵੇ ਹੁੰਦੇ ਅਤੇ ਸੂਰਮਿਆਂ ਦੀਆਂ ਵਾਰਾਂ ਲਗਦੀਆਂ। ਇਨ੍ਹਾਂ ਨਾਲ ਸਿੱਖਾਂ ਦੇ ਮਨਾਂ ਵਿੱਚ ਬੀਰ-ਰਸ ਅਤੇ ਸੂਰਬੀਰਤਾ ਦੇ ਵੇਗ ਵਲਵਲੇ ਪੈਦਾ ਹੁੰਦੇ ਤੇ ਠਾਠਾਂ ਮਾਰਦੇ। ਏਥੇ ਹੀ ਗੁਰੂ ਜੀ ਬਾਹਰ ਤੋਂ ਆਏ ਸਿੱਖਾਂ ਸੇਵਕਾਂ ਨੂੰ ਮਿਲਦੇ, ਉਨ੍ਹਾਂ ਦਾ ਹਾਲ-ਚਾਲ ਪੁੱਛਦੇ, ਸੁਣਦੇ, ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ, ਨਜਿੱਠਦੇ ਅਤੇ ਉਨ੍ਹਾਂ ਦੇ ਝਗੜਿਆਂ ਦਾ ਨਿਬੇੜਾ ਕਰਦੇ। ਸਿੱਖਾਂ ਨੂੰ ਪ੍ਰੇਰਨਾ ਕੀਤੀ ਜਾਂਦੀ ਕਿ ਤੁਸੀਂ ਆਪੋ-ਵਿਚਲੇ ਝਗੜਿਆਂ ਨੂੰ ਸਰਕਾਰੇ-ਦਰਬਾਰੇ ਲਿਜਾਣ ਦੇ ਥਾਂ ਆਪਸ ਵਿੱਚ ਘਰੇ ਹੀ ਨਜਿੱਠ ਲਿਆ ਕਰੋ।

ਗੁਰੂ ਜੀ ਨੇ ਆਪਣੀ ਅਰਦਲ ਵਿੱਚ ਰੱਖਣ ਲਈ ੫੨ ਬਲਵਾਨ ਜਵਾਨਾਂ ਦੀ ਨਿੱਜੀ ਗਾਰਦ ਤਿਆਰ ਕੀਤੀ। ਇਹ ਗਾਰਦ ਆਪ ਜੀ ਦੀ ਫ਼ੌਜ ਦੀ ਨਹੀਂ; ਸਗੋਂ ਭਵਿੱਖਤ ਸਿੱਖ ਫ਼ੌਜ ਦੀ ਨੀਂਹ ਜਾਂ ਮੁੱਢ ਬਣੀ। ਮਾਝੇ, ਮਾਲਵੇ ਤੇ ਦੁਆਬੇ ਵਿਚੋਂ ਪੰਜ ਸੌ ਛੈਲ-ਛਬੀਲੇ ਗੱਭਰੂ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ। ਉਹਨਾਂ ਨੇ ਸਿੱਖ ਧਰਮ ਦੀ ਖ਼ਾਤਰ ਹਰ ਪ੍ਰਕਾਰ ਦੇ ਖ਼ਤਰੇ ਹਿੱਕਾਂ ਤਾਣ ਕੇ ਝੱਲਣ ਅਤੇ ਗੁਰੂ ਜੀ ਦੀ ਆਗਿਆ ਦੀ ਪਾਲਨਾ ਕਰਦਿਆਂ ਮਰ-ਮਿਟਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਅਸਾਂ ਤਨਖ਼ਾਹ ਨਹੀਂ ਲੈਣੀ ਅਸਾਂ ਤਾਂ ਆਪਣੇ ਆਪ ਨੂੰ ਪੂਰਨ ਤੌਰ 'ਤੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਹੈ। ਗੁਰੂ ਜੀ ਨੇ ਉਹਨਾਂ ਨੂੰ ਘੋੜੇ ਅਤੇ ਸ਼ਸਤਰ ਦਿੱਤੇ। ਇਸ ਤਰ੍ਹਾਂ ਇਕ ਛੋਟੀ ਜਿਹੀ ਫ਼ੌਜ ਬਣ ਗਈ। ਗੁਰੂ ਜੀ ਨੇ ਨਗਾਰਾ ਵੀ ਤਿਆਰ ਕਰ ਲਿਆ ਅਤੇ ਨਿਸ਼ਾਨ (ਝੰਡਾ) ਵੀ ਝੁਲਾਇਆ। ਲਹੁਢੇ ਵੇਲੇ ਆਪ ਜਵਾਨਾਂ ਸਮੇਤ ਨਗਾਰਾ ਵਜਾਉਂਦੇ ਸ਼ਿਕਾਰ ਚੜ੍ਹਦੇ, ਸਰੀਰਕ ਬਲ ਵਾਲੀਆਂ ਖੇਡਾਂ ਕਸਰਤਾਂ ਕਰਾਉਂਦੇ ਅਤੇ ਘੋਲਾਂ ਆਦਿ ਦੇ ਅਖਾੜੇ ਲਵਾਉਂਦੇ।

ਇਸ ਸਭ ਕਾਸੇ ਦਾ ਸਦਕਾ ਸਿੱਖਾਂ ਦੇ ਢੱਠੇ ਤੇ ਢਹਿ ਰਹੇ ਦਿਲਾਂ ਵਿਚ ਇਉਂ ਨਵੀਂ ਜਾਨ ਭਰੀ ਗਈ ਜੀਕੁਰ ਬਰਸਾਤ ਵਿਚ ਬਨਸਪਤੀ ਮੌਲਦੀ ਹੈ।

੮/੧੯੯੬

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰੂ ਕਾ ਲੰਗਰ

ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ:

ਕਿਰਤ ਕਰਨਾ , ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਵਿਚੋਂ ਹਨ। ਦਸਾਂ-ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰਨ ਨਾਲ ਜੀਵਨ ਪਵਿੱਤਰ ਹੁੰਦਾ ਹੈ, ਮਨ ਹੁਲਾਸ ਵਿਚ ਰਹਿੰਦਾ ਹੈ ਅਤੇ ਮਨ ਨਾਮ-ਸਿਮਰਨ ਵਿਚ ਵਧੇਰੇ ਜੁੜਦਾ ਹੈ। ਨਾਮ ਜਪਣ ਦਾ ਸੰਬੰਧ ਪ੍ਰਮਾਰਥਕ ਤੌਰ 'ਤੇ ਜੀਵਨ ਸਫਲ ਕਰਨ ਨਾਲ ਹੈ। ਨਾਮ ਸਿਮਰਨ ਵਿਚ ਸ਼ਰਧਾ ਨਾਲ ਲੱਗਿਆਂ, ਆਤਮਕ ਮੰਡਲਾਂ ਦੀਆਂ ਉੱਚੀਆਂ ਉਡਾਰੀਆਂ ਲਾਉਂਦੇ ਹੋਏ ਪਰਮਾਤਮਾ ਵਿਚ ਲੀਨ ਹੋਣਾ ਸਿੱਖੀ ਦਾ ਮੁੱਖ ਲਕਸ਼ ਹੈ।

ਨੇਕ ਕਮਾਈ ਵਿਚੋਂ ਦਸਵੰਧ ਦੇਣਾ, ਵੰਡ ਕੇ ਛਕਣ ਦਾ ਇਕ ਵੱਡਾ ਸਾਧਨ ਹੈ। ਵੰਡ ਛਕਣ ਨਾਲ ਭਾਈਚਾਰਕ ਬਰਾਬਰੀ ਦਾ ਅਨੁਭਵ ਉਜਾਗਰ ਹੁੰਦਾ ਹੈ ਅਤੇ ਸਮਾਜਕ ਏਕਤਾ ਦੀ ਭਾਵਨਾ ਉਤਪੰਨ ਹੁੰਦੀ ਹੈ।

ਗੁਰੂ ਕਾ ਲੰਗਰ:

ਲੰਗਰ ਦੀ ਸੰਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਾਇਮ ਹੋ ਗਈ ਸੀ। ਵੱਖ-ਵੱਖ ਗੁਰੂ ਸਾਹਿਬਾਨ ਨੇ ਇਸ ਨੂੰ ਪ੍ਰਫੁਲਤ ਕਰਨ ਵਿਚ ਯੋਗਦਾਨ ਪਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਦਾ ਪ੍ਰਬੰਧ ਨੇਮ-ਬਧ ਤਰੀਕੇ ਨਾਲ ਅੱਗੇ ਵਧਾਇਆ। ਆਪ ਦੇ ਮਹਿਲ, ਮਾਤਾ ਖੀਵੀ ਜੀ, ਆਪ ਲੰਗਰ ਵਿਚ ਸੇਵਾ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਮਕਲੀ ਕੀ ਵਾਰ (ਰਾਇ ਬਲਵੰਡ ਤਥਾ ਸਤੈ ਡੂਮਿ ਆਖੀ) ਵਿਚ ਮਾਤਾ ਖੀਵੀ ਜੀ ਦਾ ਜ਼ਿਕਰ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।

(ਪੰਨਾ ੯੬੭)

ਗੁਰੂ ਸਾਹਿਬਾਨ ਵੇਲੇ ਸੰਗਤ ਤੇ ਪੰਗਤ ਸਿੱਖ ਧਰਮ ਦੇ ਜ਼ਰੂਰੀ ਅੰਗ ਬਣ ਗਏ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ 'ਪਹਿਲੇ ਪੰਗਤ ਪਾਛੈ ਸੰਗਤ' ਦਾ ਅਸੂਲ ਪੱਕੇ ਤੌਰ 'ਤੇ ਲਾਗੂ ਹੋ ਗਿਆ।

ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਕੇ ਲੰਗਰ ਦਾ ਬਹੁਤ ਵਿਸਥਾਰ ਕੀਤਾ। ਗੁਰੂ ਕਾ ਲੰਗਰ ਜਾਤ-ਪਾਤ ਤੇ ਛੂਤ-ਛਾਤ ਖ਼ਤਮ ਕਰਨ ਅਤੇ ਸਮਾਜਕ ਤੌਰ 'ਤੇ ਸਮਾਨਤਾ ਲਿਆਉਣ ਵਿਚ ਸਹਾਈ ਹੁੰਦਾ ਹੈ। ਇਹ ਹੱਥੀਂ ਸੇਵਾ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।

ਛੇਵੇਂ ਸਤਿਗੁਰੂ ਜੀ ਵੇਲੇ ਗੁਰੂ ਕਾ ਲੰਗਰ:

ਹੁਣ ਅਸੀਂ ਇਹ ਵਿਚਾਰਦੇ ਹਾਂ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗੁਰੂ ਕੇ ਲੰਗਰ ਦੀ ਕੀ ਸਥਿਤੀ ਸੀ। ਇਸ ਮਹੱਤਵਪੂਰਨ ਸੰਸਥਾ ਨਾਲ ਮੀਰੀ-ਪੀਰੀ ਦੇ ਪਾਤਸ਼ਾਹ ਦੇ ਸਮੇਂ ਦੀਆਂ ਜੋ ਸਾਖੀਆਂ ਜੁੜੀਆਂ ਹੋਈਆਂ ਹਨ, ਉਨ੍ਹਾਂ ਦਾ ਜ਼ਿਕਰ ਭੀ ਕਰਦੇ ਹਾਂ। ਛੇਵੇਂ ਸਤਿਗੁਰੂ ਜੀ ਨੇ ਭਗਤੀ ਤੇ ਸ਼ਕਤੀ ਦਾ ਡੂੰਘਾ ਸੁਮੇਲ ਕਰ ਦਿੱਤਾ। ਆਪ ਨੇ ਪ੍ਰਮਾਰਥ ਦੇ ਨਾਲ ਸੰਸਾਰਕ ਸੱਤਾ ਨੂੰ ਜੋੜ ਲਿਆ। ਇੰਜ ਧਰਮ ਤੇ ਰਾਜਨੀਤੀ ਨਾਲ-ਨਾਲ ਹੋ ਤੁਰੇ।

ਅੰਮ੍ਰਿਤਸਰ ਵਿਚ ਆਪ ਨੇ ਬਾਕਾਇਦਾ ਸਿੱਖ ਸੈਨਾ ਕਾਇਮ ਕਰ ਲਈ ਸੀ ਸੋ ਗੁਰੂ ਕਾ ਲੰਗਰ ਆਪ ਦੀਆਂ ਫ਼ੌਜਾਂ ਵਿਚ ਵੀ ਵਰਤੀਣ ਲੱਗ ਪਿਆ। ਸਵੇਰ ਦੇ ਨਿਤਨੇਮ ਅਤੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਆਸਾ ਕੀ ਵਾਰ ਦੀ ਸਮਾਪਤੀ ਮਗਰੋਂ ਸਾਰੇ ਹੀ ਸਵੇਰ ਦਾ ਨਾਸ਼ਤਾ ਕਰਨ ਲਈ ਪੰਗਤਾਂ ਵਿਚ ਆ ਕੇ ਜੁੜ ਬੈਠਦੇ। ਬਗ਼ੈਰ ਕਿਸੇ ਵਿਤਕਰੇ ਜਾਂ ਲਿਹਾਜ਼ ਦੇ ਗੁਰੂ ਦੀਆਂ ਸਿੱਖ ਸੰਗਤਾਂ ਅਤੇ ਸੈਨਾ ਦੇ ਜਵਾਨਾਂ ਨੂੰ ਪ੍ਰਸ਼ਾਦ ਛਕਾਇਆ ਜਾਂਦਾ। (ਮੈਕਾਲਿਫ਼, ਦੀ ਸਿੱਖ ਰਿਲੀਜਨ, ਸੈਂਚੀ ੪, ਪੰਨਾ ੧੮) ਇਸ ਤੋਂ ਇਲਾਵਾ ਦੁਪਹਿਰ ਦੇ ਸਮੇਂ ਅਤੇ ਰਹਰਾਸਿ ਸਾਹਿਬ ਦੇ ਪਾਠ ਮਗਰੋਂ ਦੋ ਵਕਤ ਮੁੜ ਖੁੱਲ੍ਹਾ ਲੰਗਰ ਵਰਤਾਇਆ ਜਾਂਦਾ। ਅੰਮ੍ਰਿਤਸਰ ਤੋਂ ਛੁੱਟ, ਛੇਵੇਂ ਸਤਿਗੁਰੂ ਜੀ ਨੇ ਹੋਰ ਕੁਝ ਥਾਈਂ ਭੀ ਬਾਕਾਇਦਾ ਲੰਗਰ ਜਾਰੀ ਕੀਤੇ। ਹਰਿਗੋਬਿੰਦਪੁਰ ਅਤੇ ਕੀਰਤਪੁਰ ਵਿਚ ਆਪ ਨੇ ਵੱਡੇ ਪੈਮਾਨੇ 'ਤੇ ਲੰਗਰ ਲਗਾਏ।

ਗੁਰੂ ਕੀਆਂ ਫ਼ੌਜਾਂ ਲਈ ਲੰਗਰ:

ਮੀਰੀ-ਪੀਰੀ ਦੇ ਮਾਲਕ ਦੀ ਚੂੰਕਿ ਬਾਕਾਇਦਾ ਫ਼ੌਜ ਸੀ, ਇਸ ਲਈ ਆਪ ਜਿਥੇ ਭੀ ਜਾਂਦੇ ਸਨ, ਫ਼ੌਜ ਉਨ੍ਹਾਂ ਦੇ ਨਾਲ ਹੁੰਦੀ ਸੀ। ਆਪਣੀਆਂ ਫ਼ੌਜਾਂ ਦੇ ਨਾਲ ਉਹ ਤੁਰਦਾ-ਫਿਰਦਾ ਲੰਗਰ ਵੀ ਨਾਲ ਹੀ ਰੱਖਦੇ। ਇਸ ਤੋਂ ਇਲਾਵਾ ਕੁਝ ਥਾਵਾਂ 'ਤੇ, ਜਿਥੇ-ਜਿਥੇ ਵੀ ਆਪ ਨੇ ਆਪਣੀਆਂ ਫ਼ੌਜਾਂ ਤਾਈਨਾਤ ਕਰ ਰੱਖੀਆਂ ਸਨ, ਉਥੇ ਫ਼ੌਜੀਆਂ ਨੂੰ ਗੁਰੂ ਕੇ ਲੰਗਰ ਵਿਚੋਂ ਹੀ ਭੋਜਨ ਮਿਲਦਾ ਸੀ। ਮਿਸਾਲ ਵਜੋਂ ਕੀਰਤਪੁਰ ਵਿਚ ਤਿੰਨ ਸੌ ਘੋੜ ਸਵਾਰ, ਸੱਠ ਤੋਪਚੀ ਅਤੇ ਹੋਰ ਫ਼ੌਜੀ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ ਸਨ। ਉਨ੍ਹਾਂ ਨੂੰ ਤਿੰਨ ਵੇਲੇ ਖਾਣਾ ਗੁਰੂ ਕੇ ਲੰਗਰ ਵਿਚੋਂ ਹੀ ਮਿਲਦਾ ਸੀ। ਗੁਰੂ ਕੀਆਂ ਫ਼ੌਜਾਂ ਜਦ ਕਿਸੇ ਮੁਹਿੰਮ 'ਤੇ ਚੜ੍ਹਦੀਆਂ ਤਾਂ ਨਿਤ ਦਾ ਨੇਮ ਇੰਜ ਹੁੰਦਾ ਸੀ- ਅੰਮ੍ਰਿਤ ਵੇਲੇ ਇਸ਼ਨਾਨ ਅਤੇ ਪੂਜਾ-ਪਾਠ ਮਗਰੋਂ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਜਾਂਦੇ। ਦੁਪਹਿਰ ਦਾ ਖਾਣਾ ਵੀ ਰੱਜਵਾਂ ਗੁਰੂ ਕੇ ਲੰਗਰ ਤੋਂ ਮਿਲਦਾ। ਸ਼ਾਮ ਦਾ ਭੋਜਨ ਵੀ ਫ਼ੌਜਾਂ

ਗੁਰੂ ਕੇ ਲੰਗਰ ਤੋਂ ਹੀ ਪ੍ਰਾਪਤ ਕਰਦੀਆਂ। ਗੁਰੂ ਸਾਹਿਬ ਆਪਣੀਆਂ ਫ਼ੌਜਾਂ ਦੇ ਜੁਆਨਾਂ ਦਾ ਹਰ ਤਰ੍ਹਾਂ ਖ਼ਿਆਲ ਰੱਖਦੇ ਸਨ, ਇਸ ਲਈ ਫ਼ੌਜਾਂ ਦੀ ਗਿਣਤੀ ਦਿਨੋ-ਦਿਨ ਵਧਣ ਲੱਗ ਪਈ। ਆਮ ਲੋਕੀ ਹੈਰਾਨ ਹੁੰਦੇ ਕਿ ਗੁਰੂ ਸਾਹਿਬ ਆਪਣੇ ਸਿੱਖ ਸੇਵਕਾਂ ਤੋਂ ਇਲਾਵਾ, ਇਤਨੀ ਵੱਡੀ ਫ਼ੌਜ ਲਈ ਲੰਗਰ ਆਦਿ ਦਾ ਪ੍ਰਬੰਧ ਕਿਵੇਂ ਕਰਦੇ ਹਨ। ਇਕ ਵਾਰੀ ਕੁਝ ਲੋਕਾਂ ਦੇ ਪੁੱਛਣ 'ਤੇ ਗੁਰੂ ਮਹਾਰਾਜ ਨੇ ਉੱਤਰ ਦੇਂਦੇ ਹੋਏ, ਆਪ ਦੇ ਗੁਰਦੇਵ ਪਿਤਾ ਦੀ ਉਚਾਰੀ ਹੋਈ ਬਾਣੀ ਵਿਚੋਂ ਇਹ ਤੁਕਾਂ ਸੁਣਾਈਆਂ: *(ਮੈਕਾਲਿਫ, ਦੀ ਸਿੱਖ ਰਿਲੀਜਨ, ਸੈਂਚੀ ੪, ਪੰਨਾ ੪)*

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥

(ਪੰਨਾ ੧੦)

ਗੁਰੂ ਸਾਹਿਬ ਇਹੋ ਜਿਹੇ ਸ਼ਬਦ ਸੁਣਾ ਕੇ ਅਕਾਲ ਪੁਰਖ ਉਪਰ ਵਿਸ਼ਵਾਸ ਦ੍ਰਿੜ ਕਰਾਉਂਦੇ, ਸਵੈ-ਭਰੋਸੇ ਅਤੇ ਆਪਣੀ ਵਿਉਂਤਬੰਦੀ ਅਨੁਸਾਰ ਲੋਕਾਂ ਦੇ ਅਜਿਹੇ ਤੌਖਲੇ ਦੂਰ ਕਰ ਦੇਂਦੇ। ਥੋੜ੍ਹੇ ਹੀ ਸਮੇਂ ਵਿਚ ਗੁਰੂ ਜੀ ਪਾਸ ਫ਼ੌਜਾਂ ਦੀ ਗਿਣਤੀ ਬਹੁਤ ਵਧ ਗਈ। ਉਨ੍ਹਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਸਿੱਖ ਸੇਵਕ ਨਾਲ ਜੁੜੇ। ਫ਼ੌਜੀਆਂ ਨੂੰ ਨਿਤ ਦੇ ਭੋਜਨ ਤੋਂ ਇਲਾਵਾ ਹਰ ਛੇ ਮਹੀਨਿਆਂ ਮਗਰੋਂ ਨਵੀਆਂ ਵਰਦੀਆਂ ਵੀ ਦਿੱਤੀਆਂ ਜਾਂਦੀਆਂ ਸਨ।

ਮੁਸਲਮਾਨ ਫ਼ੌਜੀ ਲੰਗਰ ਤੋਂ ਪ੍ਰਸ਼ਾਦ ਛਕਦੇ:

ਗੁਰੂ ਸਾਹਿਬ ਦੀਆਂ ਫ਼ੌਜਾਂ ਵਿਚ ਕੇਵਲ ਸਿੱਖ ਹੀ ਨਹੀਂ ਸਨ, ਸਗੋਂ ਚੋਖੀ ਗਿਣਤੀ ਵਿਚ ਪਠਾਨ ਮੁਸਲਮਾਨ ਵੀ ਭਰਤੀ ਹੋ ਗਏ ਸਨ। ਇਹ ਸਭ ਪਠਾਨ ਗੁਰੂ ਕੇ ਲੰਗਰ ਵਿਚੋਂ ਹੀ ਪ੍ਰਸ਼ਾਦ ਛਕਦੇ ਸਨ। ਪਿੰਡ ਵਡਾ ਮੀਆਂ ਤੋਂ ਪਠਾਨਾਂ ਦਾ ਇਕ ਜਥਾ ਗੁਰੂ ਜੀ ਪਾਸ ਆਇਆ। ਉਹ ਸਾਰੇ ਤਲਵਾਰਾਂ ਤੇ ਢਾਲਾਂ ਆਦਿ ਨਾਲ ਲੈਸ ਸਨ। ਉਨ੍ਹਾਂ ਆਪਣੇ ਆਪ ਨੂੰ ਗੁਰੂ ਜੀ ਦੀਆਂ ਫ਼ੌਜਾਂ ਵਿਚ ਭਰਤੀ ਹੋਣ ਲਈ ਪੇਸ਼ ਕੀਤਾ। ਇਨ੍ਹਾਂ ਨਾਲ ਇਕ ਬੜਾ ਹੀ ਸੁਡੌਲ ਤੇ ਉੱਚਾ ਲੰਮਾ ਪਠਾਨ ਸੀ, ਜਿਸ ਦਾ ਨਾਮ ਪੈਂਦਾ ਖ਼ਾਨ ਸੀ। ਇਸ ਦਾ ਚਾਚਾ ਇਸਮਾਈਲ ਖ਼ਾਨ ਉਸ ਦੇ ਨਾਲ ਆਇਆ ਸੀ। ਗੁਰੂ ਜੀ ਨੇ ਪੁੱਛਿਆ ਕਿ ਕੀ ਪੈਂਦਾ ਖ਼ਾਨ ਭੀ ਉਨ੍ਹਾਂ ਦੀਆਂ ਫ਼ੌਜਾਂ ਵਿਚ ਸ਼ਾਮਲ ਹੋਣਾ ਚਾਹੇਗਾ? ਉਸ ਦੇ ਚਾਚੇ ਨੇ ਉੱਤਰ ਦਿੱਤਾ, ਅਸੀਂ ਕੋਈ ਵਣਜ ਵਪਾਰ ਤਾਂ ਕਰਦੇ ਨਹੀਂ, ਨਾ ਹੀ ਸਾਡੇ ਕੋਲ ਕੋਈ ਵਾਹੀ ਕਰਨ ਲਈ ਜ਼ਮੀਨ ਹੀ ਹੈ। ਅਸੀਂ ਤਾਂ ਫ਼ੌਜ ਦੀ ਨੌਕਰੀ ਹੀ ਲੋਚਦੇ ਹਾਂ। ਜੇ ਮਿਲ ਜਾਏ ਤਾਂ ਧੰਨ ਭਾਗ। 'ਇਸਮਾਈਲ ਖ਼ਾਨ ਨੇ ਸਤਿਗੁਰੂ ਜੀ ਨੂੰ ਆਖਿਆ ਕਿ ਜੇ ਆਪ ਜੀ ਪੈਂਦਾ ਖ਼ਾਨ ਨੂੰ ਇਸ ਕੰਮ ਵਿਚ ਲਾਉਣਾ ਚਾਹੁੰਦੇ ਹੋ ਤਾਂ ਜੀ ਸਦਕੇ, ਇੰਜ ਕਰ ਲਓ। ਗੁਰੂ ਸਾਹਿਬ ਨੇ ਪੈਂਦਾ ਖ਼ਾਨ ਨੂੰ ਫ਼ੌਜ ਵਿਚ ਭਰਤੀ ਹੋ ਕੇ ਨਾਮ ਲਿਖਾਉਣ ਵਜੋਂ ਦਸ ਰੁਪਏ ਦਿੱਤੇ। ਦੋ ਵਾਰੀ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਦੀ ਆਗਿਆ ਕੀਤੀ। ਗੁਰੂ ਜੀ ਨੇ ਉਸ ਨੂੰ ਆਪਣੇ ਨਿੱਜੀ ਤੇ ਉਚੇਚੇ ਫ਼ੌਜੀ ਦਸਤੇ ਵਿਚ ਰੱਖ ਲਿਆ।

ਜੰਞ ਲਈ ਤਿਆਰ ਮਿਠਾਈ ਸੰਗਤਾਂ ਵਿਚ ਵੰਡ ਦਿੱਤੀ:

ਇਕ ਵਾਰੀ ਪੱਛਮ ਵੱਲੋਂ ਚੋਖੀ ਗਿਣਤੀ ਵਿਚ ਸਿੱਖ, ਸੰਗਤ ਰੂਪ ਧਾਰ ਕੇ, ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਸ੍ਰੀ ਅੰਮ੍ਰਿਤਸਰ ਆਏ। ਉਸ ਸਮੇਂ ਆਪ ਦੀ ਬੇਟੀ ਬੀਬੀ ਵੀਰੋ ਦੀ ਸ਼ਾਦੀ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਸਨ। ਬਾਹਰੋਂ ਆਏ ਸਿੱਖ ਰਾਤ ਨੂੰ ਬਹੁਤ ਦੇਰ ਨਾਲ ਪਹੁੰਚੇ ਅਤੇ ਉਹ ਥੱਕੇ ਹੋਏ ਸਨ। ਗੁਰੂ ਜੀ ਨੇ ਆਗਿਆ ਕੀਤੀ ਕਿ ਸੰਗਤ ਨੂੰ ਛੇਤੀ ਖਾਣਾ ਖੁਆ ਦਿਓ ਤੇ ਫਿਰ ਸੁਆ ਦਿਓ। ਉਸ ਸਮੇਂ ਲੰਗਰ ਵਿਚ ਜੋ ਇਕ ਦੋ ਸੇਵਕ ਸਨ, ਉਨ੍ਹਾਂ ਨੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਰਾਤ ਦਾ ਲੰਗਰ ਤਾਂ ਸੰਗਤਾਂ ਛਕ ਚੁਕੀਆਂ ਹਨ। ਹੁਣ ਖਾਣ ਲਈ ਜੋ ਕੁਝ ਹੈ, ਬਹੁਤ ਹੀ ਥੋੜ੍ਹਾ ਹੈ। ਚੁਲ੍ਹੇ ਵੀ ਠੰਡੇ ਪਏ ਹਨ। ਲੋਹਾਂ ਤਪ ਨਹੀਂ ਰਹੀਆਂ। ਸੇਵਾ ਕਰਨ ਵਾਲੇ ਵੀ ਸੌਂ ਗਏ ਹਨ। ਬਾਹਰੋਂ ਆਈ ਸੰਗਤ ਦੀ ਗਿਣਤੀ ਬਹੁਤ ਹੈ । ਜੇ ਹੁਣ ਇਨ੍ਹਾਂ ਵਾਸਤੇ ਪ੍ਰਸ਼ਾਦਾ ਤਿਆਰ ਕੀਤਾ ਗਿਆ ਤਾਂ ਬੜੀ ਦੇਰ ਹੋ ਜਾਏਗੀ। ਜੇ ਆਗਿਆ ਹੋਵੇ ਤਾਂ ਲੋਹਾਂ ਤਪਾ ਦਈਏ ਤੇ ਰੋਟੀਆਂ ਲਾਹ ਲਈਏ ਅਤੇ ਦਾਲ ਭਾਜੀ ਜੋ ਭੀ ਤਿਆਰ ਹੋ ਸਕਦੀ ਹੈ, ਕਰ ਲਈਏ।

ਸਤਿਗੁਰੂ ਜੀ ਨੂੰ ਖਿਆਲ ਆਇਆ ਕਿ ਇਕ ਕਮਰੇ ਵਿਚ ਬੀਬੀ ਵੀਰੋ ਦੇ ਅਨੰਦ ਕਾਰਜ ਲਈ ਢੇਰ ਸਾਰੀ ਮਿਠਾਈ ਪਈ ਹੈ। ਆਪ ਨੇ ਚਾਹਿਆ ਕਿ ਉਹ ਮਿਠਾਈ ਬਾਹਰੋਂ ਆਈ ਸਿੱਖ ਸੰਗਤ ਵਿਚ ਵਰਤਾ ਦਿੱਤੀ ਜਾਏ। ਗੁਰੂ ਕੇ ਮਹਿਲ, ਮਾਤਾ ਦਮੋਦਰੀ ਜੀ ਪਾਸ ਉਸ ਕਮਰੇ ਦੀ ਚਾਬੀ ਸੀ। ਮਾਤਾ ਜੀ ਨੂੰ ਤੌਖਲਾ ਹੋਇਆ ਕਿ ਜੇ ਮਿਠਾਈ ਸਿੱਖ ਸੰਗਤ ਵਿਚ ਵਰਤਾ ਦਿੱਤੀ ਗਈ ਤਾਂ ਸਵੇਰੇ ਜਾਂਞੀਆਂ ਨੂੰ ਕਿਹੜੀ ਮਿਠਾਈ ਖੁਆਵਾਂਗੇ। ਜਦੋਂ ਮਾਤਾ ਜੀ ਨੇ ਇਹ ਚਿੰਤਾ ਪ੍ਰਗਟ ਕੀਤੀ ਤਾਂ ਗੁਰੂ ਸਾਹਿਬ ਨੇ ਆਖਿਆ, "ਸਾਡੇ ਸਿੱਖ ਸਾਨੂੰ ਆਪਣੀ ਜਾਨ ਤੋਂ ਭੀ ਵੱਧ ਪਿਆਰੇ ਹਨ।" ਗੁਰੂ ਸਾਹਿਬ ਨੇ ਮਿਠਾਈ ਵਰਤਾਉਣ ਦੀ ਆਗਿਆ ਕਰਦੇ ਹੋਏ ਫ਼ੁਰਮਾਇਆ, "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਾਡੇ ਗੁਰਦੇਵ ਪਿਤਾ ਤਕ ਇਹ ਪ੍ਰੰਪਰਾ ਚਲੀ ਆ ਰਹੀ ਹੈ ਕਿ ਜੋ ਭੀ ਗੁਰੂ ਦੇ ਦੁਆਰੇ ਆਉਣ ਉਨ੍ਹਾਂ ਦੀ ਪਹਿਲਾਂ ਖਾਣ-ਪਾਨ ਦੀ ਸੇਵਾ ਕੀਤੀ ਜਾਏ।"

ਪੱਛਮ ਤੋਂ ਆਈ ਸੰਗਤ ਨੂੰ ਮਿਠਾਈ ਵਰਤਾਈ ਗਈ। ਅਜੇ ਸੰਗਤ ਪੰਗਤਾਂ ਵਿਚ ਬੈਠ ਕੇ ਛਕ ਹੀ ਰਹੀ ਸੀ ਕਿ ਉਸ ਸਮੇਂ ਇਕ ਸ਼ਰਧਾਲੂ ਜੰਞ ਲਈ ਪੰਜ ਮਣ ਪੱਕੀ ਮਿਠਾਈ ਲੈ ਕੇ ਆ ਹਾਜ਼ਰ ਹੋਇਆ। ਪਹਿਲਾਂ ਬਣੀ ਮਿਠਾਈ ਵਰਤਾਈ ਗਈ ਅਤੇ ਨਵੀਂ ਆਈ ਮਿਠਾਈ ਉਸੇ ਕਮਰੇ ਵਿਚ ਰੱਖੀ ਗਈ। ਸਾਰੇ ਸਿੱਖ ਸੇਵਕ ਅਤੇ ਮਾਤਾ ਦਮੋਦਰੀ ਜੀ ਇਹ ਕੌਤਕ ਦੇਖ ਕੇ ਹੈਰਾਨ ਹੋਏ ਅਤੇ ਨਿਸਚਿੰਤ ਵੀ। ਹੁਣ ਕੋਈ ਅੰਦੇਸ਼ਾ ਨਾ ਰਿਹਾ। ਗੁਰੂ ਸਾਹਿਬ ਤੇ ਸਭ ਸੰਗਤਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਰਹੀਆਂ ਸਨ। *(ਮੈਕਾਲਿਫ, ਦੀ ਸਿੱਖ ਰਿਲੀਜਨ, ਸੈਂਚੀ ੪, ਪੰਨਾ ੫੩,੫੪)*

ਜਦ ਇਕ ਸਿੱਖ ਦੂਜੇ ਸਿੱਖ ਦੀ ਸੇਵਾ ਕਰਦਾ, ਅੰਨ-ਪਾਣੀ ਛਕਾਂਦਾ ਤਾਂ ਗੁਰੂ ਮਹਾਰਾਜ ਇਹੋ ਜਿਹੀ ਸੇਵਾ ਦੀ ਬਹੁਤ ਸ਼ਲਾਘਾ ਕਰਦੇ। ਆਪ ਫ਼ਰਮਾਂਦੇ-ਸਿੱਖਾਂ ਦੀ ਸੇਵਾ ਗੁਰੂ ਦੀ ਹੀ ਸੇਵਾ

ਹੈ। ਕਿਸੇ ਸਿੱਖ ਦੀ ਸੇਵਾ, ਗੁਰੂ ਦੀ ਸੇਵਾ ਜਿਤਨੀ ਹੀ ਫਲਦਾਇਕ ਹੈ।

ਜਦ ਗੁਰੂ ਜੀ ਕਸ਼ਮੀਰ ਗਏ:

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਇਕ ਸਿੱਖ ਸੇਵਾ ਦਾਸ ਅਤੇ ਉਸ ਦੀ ਮਾਤਾ ਭਾਗ ਭਰੀ ਨੂੰ ਮਿਲਣ ਲਈ, ਸ੍ਰੀ ਨਗਰ (ਕਸ਼ਮੀਰ) ਗਏ ਸਨ। ਇਸ ਮਾਈ ਨੇ ਆਪਣੇ ਹੱਥਾਂ ਨਾਲ ਬੜੇ ਪਿਆਰ ਤੇ ਸ਼ਰਧਾ ਨਾਲ ਗੁਰੂ ਮਹਾਰਾਜ ਲਈ ਬਸਤ੍ਰ ਤਿਆਰ ਕਰਕੇ, ਇਹ ਅਰਦਾਸ ਕੀਤੀ ਕਿ ਸਤਿਗੁਰੂ ਜੀ ਆਪ ਆ ਕੇ ਇਹ ਪ੍ਰੇਮ-ਭੇਟ ਸਵੀਕਾਰ ਕਰਨ। ਗੁਰੂ ਸਾਹਿਬ ਪ੍ਰੇਮ ਡੋਰ ਦੇ ਖਿੱਚੇ ਹੋਏ ਪੰਜਾਬ ਤੋਂ ਇਸ ਮਾਈ ਦੇ ਘਰ ਪਹੁੰਚੇ ਅਤੇ ਤਿਆਰ ਕੀਤੇ ਬਸਤ੍ਰ ਮੰਗ ਕੇ ਪਾਏ। ਹਰ ਰੋਜ਼ ਸੈਂਕੜੇ ਕਸ਼ਮੀਰੀ ਸਿੱਖ, ਹਿੰਦੂ ਤੇ ਮੁਸਲਮਾਨ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ। ਕੁਝ ਦਿਨ ਉਥੇ ਰਹਿ ਕੇ ਆਪ ਨੇ ਸ਼ਰਧਾਲੂਆਂ ਨੂੰ ਆਤਮਕ ਗਿਆਨ ਦੇ ਕੇ ਸੰਤੁਸ਼ਟ ਕੀਤਾ। ਜੋ ਸੰਗਤਾਂ ਦੂਰੋਂ-ਨੇੜਿਓਂ ਆ ਕੇ ਨਿਤ ਉਥੇ ਜੁੜਦੀਆਂ, ਉਹ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਦੀਆਂ । ਇਥੇ ਰਹਿ ਕੇ ਗੁਰੂ ਸਾਹਿਬ ਨੇ ਗਰੀਬਾਂ, ਅਨਾਥਾਂ ਦੀਆਂ ਹੋਰ ਭੀ ਕਈ ਲੋੜਾਂ ਪੂਰੀਆਂ ਕੀਤੀਆਂ। ਜਿਸ ਘਰ ਵਿਚ ਗੁਰੂ ਮਹਾਰਾਜ ਨੇ ਮਾਈ ਭਾਗ ਭਰੀ ਨੂੰ ਜਾ ਕੇ ਦਰਸ਼ਨ ਦਿੱਤੇ ਉਥੇ ਹੁਣ ਇਕ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਪ੍ਰਬੰਧ ਮਾਈ ਭਾਗ ਭਰੀ ਦੀ ਸੰਤਾਨ ਵਿਚੋਂ ਪ੍ਰੇਮੀ ਸਿੱਖ ਕਰਦੇ ਹਨ। ਇਥੇ ਗੁਰੂ ਕਾ ਲੰਗਰ ਭੀ ਚਲਦਾ ਹੈ। *(ਮਹਾਨ ਕੋਸ਼, ਪੰਜਵੀਂ ਛਾਪ, ਪੰਨਾ ੬੧੨)*

ਇਕ ਰਈਸ ਭਾਈ ਝੰਡਾ ਦੀ ਸੇਵਾ:

ਗੁਰੂ ਕੇ ਲੰਗਰ ਵਿਚ ਜਿਥੇ ਆਮ ਸਿੱਖ ਸੇਵਾ ਕਰਦੇ ਸਨ, ਉਥੇ ਕਈ ਰਈਸ ਵੀ ਸ਼ਰਧਾ ਨਾਲ ਵੱਖ-ਵੱਖ ਤਰ੍ਹਾਂ ਦੀ ਸੇਵਾ ਵਿਚ ਹੱਥ ਵਟਾਂਦੇ ਸਨ। ਉਹ ਹਰ ਪ੍ਰਕਾਰ ਦੀ ਸੇਵਾ ਕਰਦੇ ਅਤੇ ਗਰੀਬਾਂ ਨੂੰ ਪ੍ਰਸ਼ਾਦਿ ਛਕਾ ਕੇ ਬਹੁਤ ਪ੍ਰਸੰਨ ਹੁੰਦੇ ਸਨ। ਝੰਡਾ ਨਾਮ ਦਾ ਇਕ ਸਿੱਖ ਬੜਾ ਅਮੀਰ ਸੀ। ਉਹ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਸੀ। ਇਕ ਦਿਨ ਸੰਗਤ ਜੁੜੀ ਬੈਠੀ ਸੀ। ਗੁਰੂ ਸਾਹਿਬ ਨੇ ਆਪਣੇ ਸਿੱਖ ਸੇਵਕਾਂ ਨੂੰ ਆਦੇਸ਼ ਦਿੱਤਾ ਕਿ ਉਹ ਲੰਗਰ ਲਈ ਜੰਗਲ ਵਿਚੋਂ ਲੱਕੜਾਂ ਵੱਢ ਕੇ ਲੈ ਆਉਣ। ਦੂਜੇ ਦਿਨ ਭਾਈ ਝੰਡਾ ਲੰਗਰ ਵਾਸਤੇ ਬਾਲਣ ਦੀ ਪੰਡ ਸਿਰ 'ਤੇ ਚੁੱਕੀ ਆ ਗਿਆ। ਗੁਰੂ ਮਹਾਰਾਜ ਨੇ ਆਖਿਆ-ਭਾਈ ਝੰਡਾ, ਤੁਸੀਂ ਇਹ ਕੀ ਕੀਤਾ! ਜਿਸ ਨੇ ਕਦੇ ਜ਼ਰਾ ਜਿੰਨਾ ਭਾਰ ਨਾ ਚੁਕਿਆ ਹੋਵੇ, ਉਹ ਬਾਲਣ ਦੀ ਇਤਨੀ ਵੱਡੀ ਪੰਡ ਚੁੱਕ ਲਿਆਇਆ ਹੈ। ਭਾਈ ਝੰਡਾ ਨੇ ਉੱਤਰ ਦਿੱਤਾ, "ਸੱਚੇ ਪਾਤਸ਼ਾਹ ਆਪ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਸੀ ਕਿ ਉਹ ਲੰਗਰ ਲਈ ਬਾਲਣ ਲਿਆਉਣ। ਮੈਂ ਭੀ ਤਾਂ ਆਪ ਦਾ ਸਿੱਖ ਹਾਂ।"*(ਮੈਕਾਲਿਫ, ਦੀ ਸਿੱਖ ਰਿਲੀਜਨ, ਸੈਂਚੀ ੪, ਪੰਨਾ ੨੧੮)*

ਭਾਈ ਗੜੀਆ ਦੀ ਬੇਮਿਸਾਲ ਸੇਵਾ:

ਜਦੋਂ ਸਿੱਖ ਸੰਗਤਾਂ ਪ੍ਰਭੂ ਦੇ ਨਾਮ 'ਤੇ ਕੁਝ ਵੰਡਦੀਆਂ ਜਾਂ ਗੁਰੂ ਜੀ ਨੂੰ ਗਰੀਬਾਂ, ਅਨਾਥਾਂ ਲਈ ਜਾਂ ਲੰਗਰ ਵਾਸਤੇ ਭੇਟਾ ਦੇਂਦੀਆਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਖ਼ੁਸ਼ ਹੁੰਦੇ। ਇਕ ਵਾਰੀ ਕਸ਼ਮੀਰੀ ਸਿੱਖਾਂ ਦੇ ਇਕ ਪ੍ਰਤੀਨਿਧ-ਮੰਡਲ ਨੇ ਅੰਮ੍ਰਿਤਸਰ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਇਹ ਬੇਨਤੀ ਕੀਤੀ ਕਿ ਕਸ਼ਮੀਰ ਵਿਚ ਧਰਮ ਦੇ ਪ੍ਰਚਾਰ ਲਈ ਭਾਈ ਗੜੀਆ (ਮਹਾਨ ਕੋਸ਼, ਪੰਜਵੀਂ ਛਾਪ, ਪੰਨਾ ੪੦੨) ਨੂੰ ਭੇਜਿਆ ਜਾਵੇ। ਇਹ ਇਕ ਬੜਾ ਨਿਮਰ ਭਾਵ ਵਾਲਾ ਅਤੇ ਉਦਾਰਚਿਤ ਸਿੱਖ ਸੀ। ਹਰ ਵੇਲੇ ਪ੍ਰਭੂ ਸਿਮਰਨ ਵਿਚ ਲੀਨ ਰਹਿੰਦਾ। ਰਸ-ਭਿੰਨਾ ਕੀਰਤਨ ਵੀ ਕਰਦਾ। ਲੋਕਾਂ ਦੀ ਸੇਵਾ ਕਰਕੇ ਪ੍ਰਸੰਨਤਾ ਹਾਸਲ ਕਰਦਾ। ਗੁਰੂ ਸਾਹਿਬ ਨੇ ਇਸ ਅਨੇਕ ਗੁਣਾਂ ਵਾਲੇ ਸਿੱਖ ਨੂੰ ਕਸ਼ਮੀਰ ਭੇਜਿਆ ਤਾਂ ਜੋ ਉਹ ਉਥੇ ਧਰਮ ਦਾ ਪ੍ਰਚਾਰ ਕਰੇ ਅਤੇ ਵੱਧ ਤੋਂ ਵੱਧ ਸੰਗਤਾਂ ਨੂੰ ਗੁਰੂ-ਘਰ ਨਾਲ ਜੋੜੇ ਅਤੇ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਨਾਮ-ਮਾਰਗ ਦਰਸਾਏ।

ਕਸ਼ਮੀਰ ਵਿਚ ਥਾਂ-ਥਾਂ ਵਿਚਰ ਕੇ ਭਾਈ ਗੜੀਆ ਨੇ ਬਹੁਤ ਪ੍ਰਚਾਰ ਕੀਤਾ। ਜੋ ਕੁਝ ਵੀ ਸਿੱਖ ਸੰਗਤਾਂ ਗੁਰੂ ਨਮਿਤ ਦੇਂਦੀਆਂ, ਉਹ ਲੈ ਕੇ, ਸਤਿਗੁਰੂ ਜੀ ਦੇ ਨਾਮ 'ਤੇ ਕਿਸੇ ਨਾ ਕਿਸੇ ਨੇਕ ਕੰਮ ਵਿਚ ਲਾ ਦੇਂਦਾ। ਚੋਖਾ ਸਮਾਂ ਕਸ਼ਮੀਰ ਵਿਚ ਵਿਚਰ ਕੇ ਜਦ ਉਸ ਨੇ ਅੰਮ੍ਰਿਤਸਰ ਵਾਪਸ ਆਉਣ ਦਾ ਸੰਕਲਪ ਕੀਤਾ ਤਾਂ ਉਸ ਨੇ ਆਪਣੇ ਨਾਮ ਦਾਤਾ, ਮੀਰੀ ਪੀਰੀ ਦੇ ਮਾਲਕ ਦੇ ਨਾਮ 'ਤੇ ਇਕ ਬਹੁਤ ਵੱਡਾ ਲੰਗਰ ਲਗਾਇਆ। ਉਸ ਵਿਚ ਦੂਰੋਂ ਨੇੜਿਓਂ ਆ ਕੇ ਸੈਂਕੜੇ ਸਿੱਖ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਕਈ ਹਿੰਦੂਆਂ ਤੇ ਮੁਸਲਮਾਨਾਂ ਨੇ ਭੀ ਉਸ ਮੌਕੇ 'ਤੇ ਗੁਰੂ ਨਮਿਤ ਲੱਗੇ ਲੰਗਰ ਵਿਚੋਂ ਭੋਜਨ ਛਕਿਆ। ਭਾਈ ਗੜੀਆ ਨੂੰ ਸਿੱਖ ਸੰਗਤਾਂ ਨੇ ਹਜ਼ਾਰਾਂ ਰੁਪਏ, ਆਪਣੇ ਦਸਵੰਧ ਵਜੋਂ, ਗੁਰੂ ਕੀ ਗੋਲਕ ਲਈ ਦਿੱਤੇ। ਪਰ ਉਹ ਅੰਮ੍ਰਿਤਸਰ ਵਾਪਸ ਜਾਣ ਵਾਲਾ ਹੀ ਸੀ ਕਿ ਉਥੇ ਕਾਲ ਪੈ ਗਿਆ। ਇਸ ਦੁਰਭਿੱਖ ਸਮੇਂ ਲੋਕਾਂ ਵਿਚ ਹਾਹਾਕਾਰ ਮਚ ਗਈ, ਖਾਸ ਕਰਕੇ ਗਰੀਬਾਂ ਦਾ ਤਾਂ ਬਹੁਤ ਬੁਰਾ ਹਾਲ ਸੀ। ਭਾਈ ਗੜੀਆ ਨੇ ਅਨਾਜ ਖ਼ਰੀਦ ਕੇ, ਕਾਲ ਨਾਲ ਭੁੱਖੇ ਮਰ ਰਹੇ ਗਰੀਬ ਤੇ ਲੋੜਵੰਦ ਲੋਕਾਂ ਵਿਚ ਮੁਫ਼ਤ ਵੰਡਿਆ। ਇਸ ਪਰਉਪਕਾਰੀ ਕੋਲ ਜਿਤਨੀ ਮਾਇਆ ਸੀ, ਉਹ ਸਾਰੀ ਲੋਕਾਂ ਦੀ ਸੇਵਾ ਵਿਚ ਲਾ ਦਿੱਤੀ। ਆਪਣੇ ਕੋਲ ਕੇਵਲ ਸਵਾ ਰੁਪਿਆ ਰਖਿਆ ਜੋ ਕਿ ਸਿੱਖਾਂ ਪਾਸੋਂ ਇਕੱਠੇ ਕੀਤੇ ਦਸਵੰਧ ਦੀ ਨਿਸ਼ਾਨੀ ਦੇ ਤੌਰ 'ਤੇ ਗੁਰੂ ਜੀ ਦੀ ਭੇਟ ਕਰਨਾ ਸੀ। ਜਦ ਭਾਈ ਗੜੀਆ ਵਾਪਸ ਪਰਤਿਆ ਤਾਂ ਉਸ ਨੇ ਉਹ ਸਵਾ ਰੁਪਿਆ ਗੁਰੂ ਜੀ ਦੇ ਚਰਨਾਂ ਵਿਚ ਰੱਖ ਕੇ ਮੱਥਾ ਟੇਕਿਆ ਤੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ! ਖਿਮਾ ਕਰਨੀ, ਦਾਸ ਨੇ ਜੋ ਮਾਇਆ ਆਪ ਜੀ ਦੇ ਸਿੱਖ ਸੇਵਕਾਂ ਪਾਸੋਂ ਦਸਵੰਧ ਦੇ ਤੌਰ 'ਤੇ ਇਕੱਠੀ ਕੀਤੀ ਸੀ, ਉਸ ਨਾਲ ਦਾਸ ਨੇ ਭੁੱਖ ਨਾਲ ਵਿਲਕਦੇ ਲੋਕਾਂ ਵਿਚ ਅੰਨ ਦਾਣੇ ਖ਼ਰੀਦ ਕੇ ਵੰਡ ਦਿੱਤੇ ਹਨ ਜੋ ਕਿ ਕਸ਼ਮੀਰ ਵਿਚ ਕਹਤ ਕਾਰਨ ਅਨਾਜ ਦੇ ਇਕ-ਇਕ ਦਾਣੇ ਨੂੰ ਤਰਸ ਰਹੇ ਸਨ। ਕੇਵਲ ਸਵਾ ਰੁਪਿਆ ਹਾਜ਼ਰ ਹੈ।"

ਗੁਰੂ ਮਹਾਰਾਜ ਮੁਸਕਰਾਏ ਤੇ ਕਹਿਣ ਲੱਗੇ, "ਭਾਈ ਗੜੀਆ! ਤੁਸਾਂ ਜੋ ਕੀਤਾ ਹੈ, ਮੈਂ ਇਸ 'ਤੇ ਬਹੁਤ ਪ੍ਰਸੰਨ ਹਾਂ। ਜਦ ਤੁਸੀਂ ਗਰੀਬਾਂ ਤੇ ਭੁੱਖਿਆਂ ਨੂੰ ਅਨਾਜ ਵੰਡ ਰਹੇ ਸੀ ਤਾਂ ਉਹ ਦਸਵੰਧ ਦੀ ਰਕਮ ਸਿੱਧੇ ਹੀ ਸਾਡੇ ਪਾਸ ਅਪੜ ਰਹੀ ਸੀ।" ਗੁਰੂ ਮਹਾਰਾਜ ਨੇ ਭਾਈ ਗੜੀਆ ਵਲੋਂ ਭੇਟਾ ਕੀਤਾ ਸਵਾ ਰੁਪਿਆ ਚੁੱਕ ਉਸ ਨੂੰ ਵਾਪਸ ਦਿੱਤਾ ਤੇ ਆਖਿਆ ਕਿ ਤੁਸੀਂ ਆਪਣੇ ਪਿੰਡ ਚਲੇ ਜਾਓ ਤੇ ਉਥੇ ਇਕ ਲੰਗਰ ਲਗਾਓ। ਮੇਰਾ ਇਹ ਅਸ਼ੀਰਵਾਦ ਹੈ ਕਿ ਤੁਹਾਨੂੰ ਕਦੇ ਤੋਟ ਨਾ ਆਵੇ। ਭਾਈ ਗੜੀਆ ਨੇ ਇੰਜ ਹੀ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਗਵਾਲੀਅਰ ਦੇ ਕਿਲ੍ਹੇ ਵਿਚ ਰੱਖਿਆ ਗਿਆ। ਕਿਲ੍ਹੇ ਤੋਂ ਨਿਕਲਣ ਸਮੇਂ ਸਤਿਗੁਰਾਂ ਨੇ ਸ਼ਾਹੀ ਕੈਦੀ ਰਿਹਾਅ ਕਰਵਾਏ ਸਨ, ਜਿਸ ਕਾਰਨ ਗੁਰੂ ਸਾਹਿਬ ਦਾ ਨਾਮ 'ਬੰਦੀ ਛੋੜ' ਪ੍ਰਸਿੱਧ ਹੋਇਆ। ਗੁਰੂ ਮਹਾਰਾਜ ਨੇ ਕਿਲ੍ਹੇ ਵਿਚ ਰਹਿੰਦੇ ਹੋਏ 'ਵੰਡ ਕੇ ਛਕਣ' ਨੂੰ ਉਥੇ ਭੀ ਅਮਲੀ ਰੂਪ ਦਿੱਤਾ। ਆਪ ਹੋਰ ਬੰਦੀਆਂ ਨਾਲ ਬੈਠ ਕੇ ਭੋਜਨ ਛਕਦੇ, ਜਿਨ੍ਹਾਂ ਵਿਚ ਕਈ ਰਾਜੇ ਵੀ ਸਨ। ਕਈ ਵਾਰੀ ਆਪ ਆਪਣਾ ਅੰਨ-ਪਾਣੀ ਦੂਜੇ ਬੰਦੀਆਂ ਵਿਚ ਵੰਡ ਦਿੰਦੇ, ਜਿਨ੍ਹਾਂ ਨੂੰ ਉਸ ਦੀ ਵਧੇਰੇ ਲੋੜ ਹੁੰਦੀ।

ਗੁਰੂ ਜੀ ਦੇ ਦਿੱਤੇ ਕੜਛੇ ਨਾਲ ਹੁਣ ਭੀ ਲੰਗਰ ਵਰਤੀਂਦਾ ਹੈ:

ਇਕ ਵਾਰੀ ਗਰਮੀ ਦੀ ਰੁੱਤੇ ਗੁਰੂ ਹਰਿਗੋਬਿੰਦ ਸਾਹਿਬ ਘੋੜੇ 'ਤੇ ਸੁਆਰ ਹੋ ਕੇ ਤੁਕਾਨੀ ਪਿੰਡ ਵੱਲ ਗਏ। ਉਹ ਆਪਣੇ ਅਨਿੰਨ ਸਿੱਖਾਂ, ਭਾਈ ਸਾਧੂ ਤੇ ਉਸ ਦੇ ਸਪੁੱਤਰ ਭਾਈ ਰੂਪ ਚੰਦ, ਨੂੰ ਮਿਲਣਾ ਚਾਹੁੰਦੇ ਸਨ। ਇਹ ਪਿਉ-ਪੁੱਤਰ ਜੰਗਲ ਵਿਚ ਲੱਕੜਾਂ ਕੱਟ ਰਹੇ ਸਨ। ਉਨ੍ਹਾਂ ਨੇ ਪਾਣੀ ਦੀ ਇਕ ਛਾਮਲ, ਇਕ ਦਰੱਖਤ ਨਾਲ, ਲਟਕਾਈ ਹੋਈ ਸੀ। ਪਾਣੀ ਚੋਖਾ ਠੰਡਾ ਹੋ ਗਿਆ ਸੀ। ਭਾਈ ਸਾਧੂ ਅਰਦਾਸ ਕਰ ਰਿਹਾ ਸੀ ਕਿ, "ਹੇ ਸੱਚੇ ਪਾਤਸ਼ਾਹ! ਆਓ, ਪਹਿਲਾਂ ਆਪ ਇਹ ਠੰਡਾ ਤੇ ਨਿਰਮਲ ਜਲ ਛਕੋ, ਫਿਰ ਅਸੀਂ ਆਪਣੀ ਪਿਆਸ ਬੁਝਾਵਾਂਗੇ।" ਥੋੜ੍ਹੇ ਚਿਰ ਵਿਚ ਗੁਰੂ ਜੀ ਉਥੇ ਅਪੜ ਗਏ। ਕਹਿਣ ਲੱਗੇ, "ਬੜੀ ਪਿਆਸ ਲੱਗੀ ਹੈ, ਜਲ ਛਕਾਓ।" ਭਾਈ ਸਾਧੂ ਤੇ ਭਾਈ ਰੂਪ ਚੰਦ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਗਦ-ਗਦ ਹੋਏ। ਪਾਣੀ ਪਿਲਾਇਆ ਅਤੇ ਬਾਰ-ਬਾਰ ਕਹੀ ਜਾਣ 'ਸਾਡੇ ਧੰਨ ਭਾਗ, ਆਪ ਨੇ ਸਾਡੀ ਅਰਦਾਸ ਪ੍ਰਵਾਨ ਕਰਕੇ ਦਰਸ਼ਨ ਬਖ਼ਸ਼ੇ ਹਨ।' ਗੁਰੂ ਸਾਹਿਬ ਨੇ ਦੋਹਾਂ ਨੂੰ ਆਸ਼ੀਰਵਾਦ ਦੇਂਦੇ ਹੋਏ ਆਖਿਆ, "ਤੁਹਾਡੇ ਖਾਨਦਾਨ ਵਿਚ ਧਰਮ ਦੀ ਭਾਵਨਾ ਬਣੀ ਰਹੇ। ਆਏ-ਗਏ ਮੁਸਾਫ਼ਰਾਂ ਤੇ ਹੋਰ ਸਭਨਾਂ ਲਈ ਤੁਸੀਂ ਹਮੇਸ਼ਾਂ ਲੰਗਰ ਜਾਰੀ ਰੱਖਣਾ। ਇੰਜ ਤੁਸੀਂ ਸੋਭਾ ਪਾਓਗੇ।"

ਗੁਰੂ ਮਹਾਰਾਜ ਨੇ ਭਾਈ ਰੂਪ ਚੰਦ ਦੇ ਨਾਮ ਪੁਰ 'ਭਾਈ ਰੂਪਾ' ਪਿੰਡ ਆਬਾਦ ਕਰਵਾਇਆ। ਇਕ ਖੰਡਾ ਤੇ ਲੰਗਰ ਵਰਤਾਉਣ ਲਈ ਕੜਛਾ ਭਾਈ ਰੂਪ ਚੰਦ ਨੂੰ ਪ੍ਰਦਾਨ ਕੀਤਾ। (ਇਹ ਦੋਵੇਂ ਬਾਗੜੀਆਂ ਪਰਿਵਾਰ ਨੇ ਸਨਮਾਨ ਨਾਲ ਰੱਖੇ ਹੋਏ ਹਨ। ਭਾਈ ਰੂਪ ਚੰਦ ਦੀ ਸੰਤਾਨ ਕਈ ਥਾਈਂ ਵਸਦੀ ਹੈ। ਮੁੱਖ ਰੂਪ ਵਿਚ ਲੰਗਰ ਭਾਈ ਰੂਪ ਚੰਦ ਤੇ ਬਾਗੜੀਆਂ ਵਿਚ ਅੱਜ ਵੀ

ਕਾਇਮ ਹਨ। (ਵਿਸਥਾਰ ਲਈ ਦੇਖੋ: ਮਹਾਨ ਕੋਸ਼, ਪੰਜਵੀਂ ਛਾਪ, ਪੰਨਾ ੧੦੪੪) ਜਿਸ ਨਾਲ ਹੁਣ ਤਕ ਲੰਗਰ ਵਰਤਾਇਆ ਜਾਂਦਾ ਹੈ।

ਭਾਈ ਲੰਗਾਹ ਦੀ ਸੇਵਾ:

ਸਿੱਖ ਇਤਿਹਾਸਕਾਰਾਂ ਨੇ ਇਕ ਭਾਈ ਲੰਗਾਹ ਦਾ ਜ਼ਿਕਰ ਕੀਤਾ ਹੈ। ਇਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਉਸ ਧਰਮਸਾਲ ਦਾ ਸੇਵਾਦਾਰ ਥਾਪ ਕੇ ਧਰਮ ਪ੍ਰਚਾਰ ਦੀ ਸੇਵਾ ਸੌਂਪੀ। ਇਸ ਧਰਮਸਾਲ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਹੋਰ ਸੰਵਾਰਿਆ। ਇਥੇ ਸੇਵਾ ਕਰਦੇ ਹੋਏ ਭਾਈ ਲੰਗਾਹ ਇਕ ਵਾਰ ਛੇਵੇਂ ਸਤਿਗੁਰਾਂ ਨੂੰ ਅੰਮ੍ਰਿਤਸਰ ਆ ਕੇ ਮਿਲਿਆ ਅਤੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ! ਲਾਹੌਰ ਦੀ ਧਰਮਸਾਲ ਅਤੇ ਉਥੋਂ ਦੇ ਹੋਰ ਪਵਿੱਤਰ ਅਸਥਾਨਾਂ ਵਿਚ ਨਿਤ ਦੀ ਧਾਰਮਕ ਮਰਯਾਦਾ ਤੇ ਰਹੁ-ਰੀਤਾਂ ਬਾਕਾਇਦਾ ਚੱਲਦੀਆਂ ਹਨ। ਆਏ-ਗਏ ਮੁਸਾਫ਼ਰਾਂ ਅਤੇ ਸਿੱਖ ਸੰਗਤਾਂ ਦੀ ਬੜੇ ਆਦਰ ਨਾਲ ਆਓ-ਭਗਤ ਹੁੰਦੀ ਹੈ। ਉਨ੍ਹਾਂ ਨੂੰ ਦੋਨੋਂ ਵਕਤ ਲੰਗਰ ਵਿਚੋਂ ਪ੍ਰਸ਼ਾਦਾ ਮਿਲਦਾ ਹੈ। ਯਾਤਰੀਆਂ ਦੀ ਮਹਿਮਾਨ ਨਿਵਾਜ਼ੀ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ ਪਰ ਲਾਹੌਰ ਦਾ ਕਾਜ਼ੀ ਆਪ ਜੀ ਦੀ ਉਪਮਾ ਸੁਣ ਕੇ ਬਹੁਤ ਈਰਖਾ ਕਰਦਾ ਹੈ। ਜਦ ਭੀ ਉਸ ਨੂੰ ਕੋਈ ਮੌਕਾ ਬਣਦਾ ਹੈ ਉਹ ਬਾਦਸ਼ਾਹ ਕੋਲ ਕੋਈ ਨਾ ਕੋਈ ਸ਼ਿਕਾਇਤ ਕਰਕੇ ਆਪ ਦੀ ਨਿੰਦਾ ਕਰਦਾ ਹੈ। ਉਹ ਚਾਹੁੰਦਾ ਹੈ ਕਿ ਪਵਿੱਤਰ ਧਰਮਸਾਲ ਅਤੇ ਗੁਰੂ ਸਾਹਿਬਾਂ ਵੱਲੋਂ ਉਸਾਰੀਆਂ ਗਈਆਂ ਹੋਰ ਇਮਾਰਤਾਂ ਢਾਹ ਦਿੱਤੀਆਂ ਜਾਣ। ਸਾਡੇ ਚੰਗੇ ਭਾਗ ਹਨ ਕਿ ਵਜ਼ੀਰ ਖਾਨ ਜੋ ਕਿ ਆਪ ਦਾ ਸ਼ਰਧਾਲੂ ਹੈ, ਕਾਜ਼ੀ ਦੀਆਂ ਕੁਟਲ ਨੀਤੀਆਂ ਨੂੰ ਸਿਰੇ ਨਹੀਂ ਚੜ੍ਹਨ ਦੇਂਦਾ।" ਸਤਿਗੁਰੂ ਜੀ ਨੇ ਉੱਤਰ ਦਿੱਤਾ, "ਧਰਮਸਾਲ ਤਾਂ ਪਰਮਾਤਮਾ ਦਾ ਅਸਥਾਨ ਹੈ। ਗੁਰੂ ਰਾਮਦਾਸ ਜੀ ਦੀ ਧਰਮਸਾਲ ਕਾਇਮ ਰਹੇਗੀ। ਅਕਾਲ ਪੁਰਖ ਉਪਰ ਭਰੋਸਾ ਰੱਖ ਕੇ ਗੁਰੂ ਦੇ ਨਾਮ ਆਏ-ਗਏ ਦੀ ਸੇਵਾ ਕਰਦੇ ਰਹੋ ਤੇ ਲੰਗਰ ਜਾਰੀ ਰੱਖੋ। ਪ੍ਰਭੂ ਆਪ ਤੁਹਾਡੀ ਸਹਾਇਤਾ ਕਰੇਗਾ।"

ਬਾਬਾ ਅਟੱਲ, ਪੱਕੀ ਪਕਾਈ ਘੱਲ:

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦੇ ਬਾਬਾ ਅਟੱਲ ਰਾਇ ਦਾ ਜਨਮ ੧੬੧੯ ਈ. ਨੂੰ ਹੋਇਆ ਅਤੇ ਦੇਹਾਂਤ ੧੬੨੯ ਈ: ਵਿਚ ਹੋਇਆ। ਬਾਬਾ ਅਟੱਲ ਰਾਇ ਦੇ ਸਸਕਾਰ ਸਥਾਨ 'ਤੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ। ਇਹ ਗੁਰਦੁਆਰਾ ਨੌਂ-ਛਤਾ ਹੈ। ਬਾਬਾ ਜੀ ਦੀ ਉਮਰ ਨੌਂ ਵਰ੍ਹੇ ਸੀ, ਇਸ ਲਈ ਨੌਂ ਮੰਜ਼ਿਲਾਂ ਬਣਾਇਆ ਗਿਆ ਹੈ। ਇਸ ਦੀ ਨੀਂਹ ਪ੍ਰੇਮੀ ਸਿੱਖਾਂ ਨੇ ੧੭੭੮ ਈ. ਵਿਚ ਰੱਖੀ। ਸਰਦਾਰ ਜੋਧ ਸਿੰਘ ਰਾਮਗੜ੍ਹੀਏ ਨੇ ੧੭੮੪ ਈ. ਵਿਚ ਕਈ ਮੰਜ਼ਿਲਾਂ ਬਣਵਾਈਆਂ। *(ਮਹਾਨ ਕੋਸ਼, ਪੰਜਵੀਂ ਛਾਪ, ਪੰਨਾ ੪੯)*

ਆਮ ਕਹਾਵਤ ਹੈ: "ਬਾਬਾ ਅਟੱਲ, ਪੱਕੀ ਪਕਾਈ ਘੱਲ।" ਇਥੇ ਲੋਕੀਂ ਤਿਆਰ ਕੀਤਾ ਹੋਇਆ ਭੋਜਨ ਚੜ੍ਹਾਉਂਦੇ ਹਨ ਜੋ ਕਿ ਯਾਤਰੀਆਂ, ਲੋੜਵੰਦਾਂ ਤੇ ਗਰੀਬਾਂ ਵਿਚ ਉਸੇ ਵੇਲੇ ਵਰਤਾ ਦਿੱਤਾ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਦੀ ਯਾਤਰਾ ਲਈ ਆਈਆਂ ਸੰਗਤਾਂ ਹੋਰ ਪਵਿੱਤਰ ਅਸਥਾਨਾਂ ਦੇ ਨਾਲ - ਨਾਲ ਇਸ ਗੁਰਦੁਆਰੇ ਦੇ ਭੀ ਦਰਸ਼ਨ ਕਰਦੀਆਂ ਹਨ ਅਤੇ ਇਥੇ ਪੱਕੇ ਪਕਾਏ ਪ੍ਰਸ਼ਾਦੇ ਚੜ੍ਹਾਉਣ ਦੀ ਤੇ ਹੋਰ ਵੀ ਕਈ ਪ੍ਰਕਾਰ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਲੈਂਦੀਆਂ ਹਨ।

ਮੁਹਸਨ ਫ਼ਾਨੀ ਕੀ ਲਿਖਦਾ ਹੈ?

ਇਕ ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਮੁਹਸਨ ਫ਼ਾਨੀ ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਵਿਚ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ, ਕੋਈ ਭੀ ਗੁਰੂ ਦਾ ਨਾਮ ਲੈ ਕੇ, ਕਿਸੇ ਭੀ ਸਿੱਖ ਦੇ ਘਰ ਵਿਚ ਦਾਖ਼ਲ ਹੋ ਸਕਦਾ ਸੀ। ਉਸ ਨੂੰ ਜੀ ਆਇਆਂ ਆਖਿਆ ਜਾਂਦਾ ਸੀ ਅਤੇ ਉਸ ਦੀ ਪ੍ਰਾਹੁਣਾਚਾਰੀ ਵਿਚ ਕੋਈ ਕਸਰ ਨਾ ਛੱਡੀ ਜਾਂਦੀ। ਸਿੱਖਾਂ ਵਿਚ ਸਾਂਝੇ ਤੌਰ 'ਤੇ ਖਾਣ-ਪੀਣ ਵਿਚ ਕੋਈ ਪਾਬੰਦੀ ਨਹੀਂ ਸੀ।

੬/੧੯੯੫

ਛਠਮੁ ਪੀਰੁ ਬੈਠਾ ਗੁਰੁ ਭਾਰੀ

ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ *'ਦਲਿ ਭੰਜਨ ਗੁਰੁ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ'* ਗੁਰੂ ਹਰਿਗੋਬਿੰਦ ਪਾਤਸ਼ਾਹ ਗੁਰ-ਗੱਦੀ ਉਪਰ ਬਿਰਾਜਮਾਨ ਹੋਏ। ਉਸ ਸਮੇਂ ਗੁਰੂ ਜੀ ਦੀ ਉਮਰ ਕੇਵਲ ਗਿਆਰਾਂ ਸਾਲਾਂ ਦੀ ਸੀ।

ਜਹਾਂਗੀਰ ਨੇ ਆਪਣੀ ਤੋਜ਼ਕਿ ਨਾਂ ਦੀ ਸਵੈ-ਜੀਵਨੀ ਵਿਚ ਸਿੱਖ ਧਰਮ ਬਾਰੇ ਜੋ ਦੁਕਾਨਿ ਬਾਤਲ (ਭਾਵ ਝੂਠ ਦੀ ਦੁਕਾਨ) ਆਦਿ ਜਿਹੇ ਘਿਰਨਾ-ਭਰਪੂਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਉਹ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਿਰਦੈਤਾ-ਭਰਪੂਰ ਵਹਿਸ਼ੀਆਨਾ ਕਤਲ ਦੁਆਰਾ ਸਿੱਖ ਧਰਮ ਦੀ ਉੱਕਾ ਹੀ ਅਲਖ ਬੁਝਾਣ ਦਾ ਚਾਹਵਾਨ ਸੀ। ਸੱਚ ਤਾਂ ਇਹ ਹੈ ਕਿ ਉਸ ਸਮੇਂ ਗੁਰੂ ਘਰ ਵਿਰੁੱਧ ਜਿਹੜੀਆਂ ਦੁਸ਼ਟ ਸ਼ਕਤੀਆਂ ਸਰਗਰਮ ਤੇ ਕਾਰਜ-ਸ਼ੀਲ ਸਨ ਉਹਨਾਂ ਵਿਚੋਂ ਸਭ ਤੋਂ ਅਧਿਕ ਖ਼ਤਰਨਾਕ ਮੁਗ਼ਲ ਹਕੂਮਤ ਦਾ ਸਿੱਖ ਧਰਮ ਵਿਰੋਧੀ ਵਤੀਰਾ ਹੀ ਸੀ। ਦੂਜੇ ਚੰਦੂ ਤੇ ਉਸ ਦੇ ਸਹਾਇਕ ਸਰਕਾਰੀ ਅਹਿਲਕਾਰਾਂ ਦੀਆਂ ਜ਼ਾਤੀ ਰੰਜਸ਼ਾਂ, ਮੀਣਿਆਂ ਦਾ ਸਿਰ-ਵਢਵਾਂ ਵੈਰ ਤੇ ਗੁਰ-ਗੱਦੀ ਪ੍ਰਾਪਤ ਕਰਨ ਲਈ ਕਮੀਨੀਆਂ ਹਰਕਤਾਂ, ਪਾਂਡੇ, ਪ੍ਰੋਹਤਾਂ ਤੇ ਕਾਜ਼ੀ ਮੌਲਾਣਿਆਂ ਦੀਆਂ ਸਿੱਖ ਧਰਮ ਵਿਰੋਧੀ ਮੰਦ-ਭਾਵਨਾਵਾਂ ਇਹਨਾਂ ਸਾਰੀਆਂ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਅਰੰਭ ਤੋਂ ਹੀ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਸਿਝਣਾ ਪਿਆ ਸੀ।

ਆਪਣੇ ਧਾਰਮਿਕ ਅਕੀਦੇ ਦੀ ਰਾਖੀ ਲਈ ਲਾਹੌਰ ਵਿਖੇ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰੀਖਿਆ ਦੇ ਭਿਆਨਕ ਸੰਕਟ ਵਿਚੋਂ ਲੰਘਣਾ ਪਿਆ ਤਾਂ ਉਹਨਾਂ ਨੇ ਅਨੁਭਵ ਕੀਤਾ ਕਿ- 'ਹੁਣ ਗੁਰੂ ਘਰ ਲਈ ਮੁਗ਼ਲ ਹੁਕਮਰਾਨ ਜਹਾਂਗੀਰ ਦੀ ਸੁੰਨ ਹੋ ਚੁੱਕੀ ਮੁਰਦਾ ਜ਼ਮੀਰ ਨੂੰ ਝੰਜੋੜਨ ਲਈ ਸਮਕਾਲੀ ਮੁਗ਼ਲ ਹਕੂਮਤ ਦੇ ਉਸ ਹੱਕ ਸੱਚ ਨਿਆਂ ਇਨਸਾਫ ਤੋਂ ਕੋਰੇ; ਬੇ-ਰਹਿਮ ਤੇ ਵਹਿਸ਼ੀ ਨਿਜ਼ਾਮ ਨੂੰ ਸੂਰਬੀਰਤਾ ਨਾਲ ਵੰਗਾਰਨ ਤੋਂ ਇਲਾਵਾ ਹੋਰ ਕੋਈ ਰਾਹ ਬਾਕੀ ਨਹੀਂ ਰਹਿ ਗਿਆ।'

ਸਤਿਗੁਰਾਂ ਨੇ ਉਸ ਸਮੇਂ ਗੁਰੂ ਘਰ ਲਈ ਜੋ ਭਾਵੀ ਪ੍ਰੋਗਰਾਮ ਸੰਕੇਤਕ ਰੂਪ ਵਿਚ ਆਪਣੇ ਸਿੱਖਾਂ ਪ੍ਰਤੀ ਵਿਅੱਕਤ ਕੀਤਾ ਉਸ ਦਾ ਉਲੇਖ ਭਾਈ ਮਨੀ ਸਿੰਘ ਰਚਿਤ 'ਸਿੱਖਾਂ ਦੀ ਭਗਤ ਮਾਲਾ' ਦੇ ਪੰਨਾ ੨੨੮ ਉਪਰ ਇਸ ਪ੍ਰਕਾਰ ਹੋਇਆ ਮਿਲਦਾ ਹੈ-

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਬਚਨ ਹੋਏ, 'ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਗੁਰ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ, ਸਮਾਂ ਕਲਜੁਗ ਦਾ ਵਰਤਣਾ ਹੈ; ਸ਼ਸਤਰ ਦੀ ਵਿਦਿਆ ਕਰਕੇ ਮੀਰ ਦੀ ਮੀਰੀ ਖਿੱਚ ਲੈਣੀ ਹੈ ਅਤੇ ਸ਼ਬਦ ਦੀ ਪ੍ਰੀਤ ਸਮਝ ਕਰੁ ਪੀਰ ਦੀ ਪੀਰੀ ਖਿੱਚ ਲੈਣੀ ਹੈ।'

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਇਹਨਾਂ ਸ਼ਬਦਾਂ ਤੇ ਸੰਕੇਤਾਂ ਤੋਂ ਇਹ ਗੱਲ ਭਲੀ-ਭਾਂਤ ਸਿੱਧ ਹੋ ਜਾਂਦੀ ਹੈ ਕਿ ਛਠਮ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਗੁਰ-ਗੱਦੀ ਉਤੇ ਬਿਰਾਜਮਾਨ ਹੋਣ ਸਮੇਂ ਜੋ ਪ੍ਰਚੱਲਤ ਰੀਤੀ ਵਿਚ ਸੰਬੋਧਨ ਤੇ ਵਿਸਥਾਰ ਕੀਤਾ ਅਤੇ ਸਿੱਖਾਂ ਨੂੰ ਪ੍ਰਚੱਲਤ ਜੀਵਨ ਮਰਯਾਦਾ ਦੇ ਨਾਲ-ਨਾਲ ਬਦਲੀ ਹੋਈ ਸਥਿਤੀ ਦੇ ਅਨੁਕੂਲ ਜੋ ਜੀਵਨ ਮਰਯਾਦਾ ਅਤੇ ਰਵੱਈਆ ਅਪਨਾਉਣ ਦਾ ਆਦੇਸ਼ ਦਿੱਤਾ, ਉਹ ਆਦੇਸ਼ ਨਾ ਤਾਂ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਹੀ ਵਿਪਰੀਤ ਸਨ ਅਤੇ ਨਾ ਹੀ ਇਹਨਾਂ ਅਮਲਾਂ ਤੇ ਆਦੇਸ਼ਾਂ ਦੁਆਰਾ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੀਆਂ ਮਹਾਨ ਸਿਖਿਆਵਾਂ ਵਿਚ ਕੋਈ ਪਰਿਵਰਤਨ ਹੀ ਲਿਆਂਦਾ ਹੈ। ਕੇਵਲ ਉਹ ਲੋਕ ਹੀ ਜਿਹੜੇ ਗੁਰੂ ਦੀ ਮਹਿਮਾ ਤੇ ਮਹਾਨਤਾ ਤੋਂ ਅਨਜਾਣ ਹਨ ਉਹ ਹੀ ਗੁਰੂ ਹਰਿਗੋਬਿੰਦ ਪਾਤਸ਼ਾਹ ਬਾਰੇ ਸਿੱਖੀ ਸਿਧਾਂਤਾਂ ਵਿਚ ਤਬਦੀਲੀ ਕਰਨ ਦੇ ਨਿਰਾਰਥਕ ਵਿਚਾਰ ਦੀ ਕਲਪਨਾ ਕਰ ਸਕਦੇ ਹਨ।

ਗੁਰੂ ਘਰ ਦੇ ਦੋਖੀਆਂ ਅਤੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਤੋਂ ਅਨਜਾਣ ਤੇ ਨਾਵਾਕਫ ਲੇਖਕਾਂ ਨੇ ਤਾਂ ਅਜਿਹੀਆਂ ਸੋਚਾਂ ਸੋਚਣੀਆਂ ਹੀ ਸਨ। ਇਥੋਂ ਤਕ ਕਿ ਗੁਰੂ ਘਰ ਦੇ ਮਸੰਦ ਵੀ ਜਿਹੜੇ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਹੁਤ ਭੈ-ਭੀਤ ਹੋ ਚੁੱਕੇ ਸਨ ਇਹ ਦੇਖ ਕੇ ਦੰਗ ਰਹਿ ਗਏ ਕਿ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਗੁਰ-ਗੱਦੀ ਉਪਰ ਬਿਰਾਜਮਾਨ ਹੋਣ ਸਮੇਂ ਜੋ ਜ਼ਾਹਰਾ ਤੌਰ 'ਤੇ ਪ੍ਰਚੱਲਤ ਰੀਤੀ ਵਿਚ ਤਬਦੀਲੀ ਕੀਤੀ ਹੈ ਅਤੇ ਦੋ ਤਲਵਾਰਾਂ ਧਾਰਨ ਕਰਕੇ ਗੁਰਗੱਦੀ ਉਪਰ ਬਿਰਾਜਮਾਨ ਹੋਏ ਹਨ ਇਸ ਕਰਕੇ ਉਹ ਨਾ ਕੇਵਲ ਹਕੂਮਤ ਦੀ ਕਰੋਪੀ ਨੂੰ ਹੀ ਬੁਲਾਵਾ ਦੇ ਰਹੇ ਹਨ ਸਗੋਂ ਸਮੁੱਚੇ ਸਿੱਖ ਭਾਈਚਾਰੇ ਲਈ ਹੀ ਮੁਸ਼ਕਲਾਂ ਦੇ ਪਹਾੜ ਖੜ੍ਹੇ ਕਰ ਰਹੇ ਹਨ।

ਗੁਰ-ਗੱਦੀ ਦੀ ਰਸਮ ਅਤੇ ਦੀਵਾਨ ਦੀ ਸਮਾਪਤੀ ਉਪਰੰਤ ਜਦ ਸਿੱਖ ਸੰਗਤਾਂ ਆਪੋ ਆਪਣੇ ਘਰਾਂ ਨੂੰ ਪਰਤ ਜਾਂਦੀਆਂ ਹਨ ਤਾਂ ਇਹ ਮਸੰਦ ਇਕੱਠੇ ਹੋ ਕੇ ਮਾਤਾ ਗੰਗਾ ਜੀ ਪਾਸ ਆਉਂਦੇ ਹਨ ਅਤੇ ਕਹਿੰਦੇ ਹਨ- "ਮਾਤਾ ਸੁਣ! ਦੇਖਿਆ ਹੈ ਤੇਰੇ ਪੁੱਤਰ ਨੇ ਕੀ ਕਾਰਾ ਕੀਤਾ ਹੈ! ਗੁਰੂ ਨਾਨਕ ਦੀ ਬਣਾਈ ਹੋਈ ਰੀਤੀ ਨੂੰ ਨਹੀਂ ਅਪਣਾਇਆ। ਕਹਿੰਦਾ ਹੈ, ਮੈਂ ਸ਼ਸਤਰਧਾਰੀ ਬਣਨਾ ਹੈ। ਆਪਣੇ ਕੋਲ ਨਾ ਕੋਈ ਮੁਲਕ ਹੈ ਨਾ ਫ਼ੌਜ।"

ਮਾਤਾ ਗੰਗਾ ਜੀ ਨੇ ਉਹਨਾਂ ਭੈ-ਭੀਤ ਹੋਏ ਮਸੰਦਾਂ ਨੂੰ ਸਮਝਾਇਆ, ਕਿ ਭੋਲੇ ਲੋਕੋ! ਤੁਸੀਂ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਸਾਧਾਰਨ ਮਨੁੱਖਾਂ ਜਿਹਾ ਮਨੁੱਖ ਹੀ ਨਾ ਸਮਝੋ। ਇਹਨਾਂ ਉਪਰ ਸ਼ਰਧਾ ਧਾਰਨ ਕਰਕੇ ਇਹਨਾਂ ਨੂੰ ਪ੍ਰਮੇਸ਼ਰ ਦਾ ਸਤਿ ਸਰੂਪ ਜਾਣੋ। ਫਿਰ ਤੁਹਾਨੂੰ ਇਹਨਾਂ

ਵਿਚ ਕੋਈ ਉਕਾਈ ਨਜ਼ਰ ਨਹੀਂ ਆਵੇਗੀ।

ਸੋਹਨ ਕਵੀ ਨੇ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਲਿਖਿਆ:

ਦੋਹਿਰਾ

ਰਾਗੀ ਤਬ ਅਨੰਦ ਪੜ੍ਹ ਕੜਾਹ ਦੀਓ ਵਰਤਾਇ।
ਮਨ ਮਸੰਦ ਬਿਸਮੇਂ ਭਏ ਰੀਤ ਗੁਰੂ ਉਲਟਾਇ।

ਚੌਪਈ

ਨਿਜ ਨਿਜ ਧਾਮ ਸਭੀ ਤਬ ਗਏ।
ਮਸੰਦ ਮਾਤ ਗੰਗਾ ਪਹਿ ਆਏ।
ਸੁਨਹੁ ਮਾਤ ਤੁਮ ਸੂਤ ਕਿਆ ਕਰੀ।
ਰੀਤ ਗੁਰੂ ਨਾਨਕ ਨਹਿ ਧਰੀ।
ਭਾਖਤ ਸ਼ਸਤ੍ਰ ਧਰੋਂ ਤਨ ਮਾਹੀ।
ਸੰਗ ਨ ਸੈਨ ਮੁਲਖ ਕੋਊ ਨਾਹੀ।
ਮਾਤ ਕਹਾ ਇਸ ਨਰ ਨਹੀਂ ਜਾਨੋ।
ਸੱਤ ਪ੍ਰਮੇਸ਼ਰ ਨਿਸਚੈ ਮਾਨੋ।

(ਪੰਨਾ ੧੫੦)

ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਬੰਧ ਵਿੱਚ ਆਪਣੇ ਸਮਕਾਲੀ ਸਮਾਜ ਵਿਚ ਪ੍ਰਚੱਲਤ ਕਈ ਦੰਦ-ਕਥਾਵਾਂ ਦਾ ਅਤੇ ਭੋਲੇ ਭਾਲੇ ਸਿਖਾਂ ਦੇ ਉਹਨਾਂ ਪ੍ਰਥਾਇ ਸ਼ੰਕਿਆਂ ਤੇ ਟਿੱਪਣੀਆਂ ਦਾ ਵਰਣਨ ਆਪਣੀ ੨੬ਵੀਂ ਵਾਰ ਦੀ ਚੌਵੀਵੀਂ ਪਉੜੀ ਵਿਚ ਇਸ ਪ੍ਰਕਾਰ ਕੀਤਾ ਹੈ:

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥੨੪॥

ਲੋਕੀ ਕਹਿੰਦੇ ਹਨ ਕਿ ਪਹਿਲੇ ਗੁਰੂ ਧਰਮਸ਼ਾਲਾ ਵਿਚ ਬੈਠ ਕੇ ਸੰਗਤ ਨੂੰ ਦਰਸ਼ਨ ਦਿੰਦੇ ਸਨ ਪਰ (ਗੁਰੂ ਹਰਿਗੋਬਿੰਦ ਪਾਤਸ਼ਾਹ) ਕਿਸੇ ਇਕ ਥਾਂ ਟਿਕ ਕੇ ਹੀ ਨਹੀਂ ਬੈਠੇ। ਪਹਿਲੇ ਗੁਰੂਆਂ ਦੇ ਸਮੇਂ ਬਾਦਸ਼ਾਹ ਉਹਨਾਂ ਦੇ ਘਰ ਚੱਲ ਕੇ ਆਇਆ ਕਰਦੇ ਸਨ ਪਰ ਇਹਨਾਂ ਨੂੰ ਬਾਦਸ਼ਾਹ ਨੇ

ਕਿਲ੍ਹੇ ਵਿੱਚ ਚਾੜ੍ਹ ਦਿੱਤਾ ਹੈ (ਭਾਵ ਬੰਦੀ ਬਣਾ) ਛੱਡਿਆ ਹੈ।

ਸੰਗਤਾਂ ਨੂੰ ਹੁਣ ਗੁਰੂ ਦਾ ਟਿਕਾਣਾ ਹੀ ਨਹੀਂ ਲਭਦਾ ਕਿਉਂਕਿ ਇਹ ਸਾਰਾ ਦਿਨ ਨੱਠਦੇ ਫਿਰਦੇ ਹਨ। ਕਿਸੇ ਦੇ ਡਰਾਏ ਨਹੀਂ ਡਰਦੇ। ਪਹਿਲੇ ਗੁਰੂ ਮੰਜੀ ਉਪਰ ਬੈਠ ਕੇ ਸੰਗਤਾਂ ਨੂੰ ਸੰਤੋਖ ਦੀ ਸਿਖਿਆ ਦਿੰਦੇ ਸਨ। ਇਹ ਸ਼ਿਕਾਰੀ ਕੁੱਤੇ ਰੱਖ ਕੇ ਉਹਨਾਂ ਨਾਲ ਸ਼ਿਕਾਰ ਖੇਡਦੇ ਰਹਿੰਦੇ ਹਨ। ਪਹਿਲੇ ਗੁਰੂ ਬਾਣੀ ਰਚਦੇ ਸੁਣਦੇ ਤੇ ਗਾਉਂਦੇ। ਇਹ ਨਾ ਬਾਣੀ ਉਚਾਰਨ ਕਰਦੇ, ਨਾ ਸੁਣਦੇ ਤੇ ਨਾ ਗਾਉਂਦੇ ਹਨ। ਇਹ ਆਪਣੇ ਨਾਲ ਸਿੱਖ ਸੇਵਕਾਂ ਨੂੰ ਰੱਖਣ ਦੀ ਬਜਾਇ ਦੁਸ਼ਟਾਂ ਤੇ ਦੋਖੀਆਂ ਨੂੰ ਆਗੂ ਬਣਾ ਕੇ ਉਹਨਾਂ ਨੂੰ ਮੂੰਹ ਲਾਉਂਦੇ ਹਨ। ਅੰਤ ਵਿਚ ਭਾਈ ਸਾਹਿਬ ਦੱਸਦੇ ਹਨ ਕਿ ਸੱਚ ਪਾਣੀ ਵਿਚ ਕੰਵਲ ਵਤ ਛੁਪਦਾ ਨਹੀਂ। ਗੁਰਸਿੱਖ ਭੌਰੇ ਗੁਰੂ ਚਰਨਾਂ ਲਈ ਹੀ ਲੁਭਾਇਮਾਨ ਰਹਿੰਦੇ ਹਨ। ਗੁਰੂ ਹਰਿਗੋਬਿੰਦ ਪਾਤਸ਼ਾਹ ਆਪਣਾ ਆਪ ਜਣਾਏ ਬਿਨਾਂ ਹੀ ਅਜਰ ਨੂੰ ਜਰ ਰਹੇ ਹਨ। ਭਾਈ ਸਾਹਿਬ ਨੇ ਅਗੇ ੨੫ਵੀਂ ਪਉੜੀ ਵਿਚ ਗੁਰੂ ਜੀ ਦੇ ਬਦਲੇ ਰੋਲ ਦਾ ਸਪੱਸ਼ਟੀਕਰਨ ਦਿੱਤਾ ਹੈ। ਦਸਦੇ ਹਨ ਕਿ:

ਜਿਵੇਂ ਖੇਤੀ ਦੀ ਰਾਖੀ ਲਈ ਝਾੜੀਆਂ ਦੀ ਵਾੜ ਲਾਈ ਜਾਂਦੀ ਹੈ। ਬਾਗ ਦੀ ਸੁਰੱਖਿਆ ਵਾਸਤੇ ਵੱਟਾਂ ਉਪਰ ਕਿੱਕਰ ਬੀਜੇ ਜਾਂਦੇ ਹਨ। ਚੰਦਨ ਦੀ ਕੀਮਤੀ ਲੱਕੜ ਦੀ ਸੁਰੱਖਿਆ ਵਾਸਤੇ ਕੁਦਰਤ ਨੇ ਉਹਨਾਂ ਦੁਆਲੇ ਸੱਪਾਂ ਦਾ ਪਹਿਰਾ ਲਾਇਆ ਹੈ, ਘਰ ਦੀ ਰਾਖੀ ਲਈ ਬੂਹਾ, ਜੰਦਰਾ, ਕੁੱਤਾ ਤੇ ਪਹਿਰੇਦਾਰ ਰਖੇ ਜਾਂਦੇ ਹਨ। ਇਸ ਤਰ੍ਹਾਂ ਹੀ ਧਰਮ ਦੀ ਰਾਖੀ ਵਾਸਤੇ ਬਾਹੂ-ਬਲ ਤੇ ਰਾਜਸੀ ਸ਼ਕਤੀ ਦੀ ਲੋੜ ਹੈ।

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।
ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।

(ਵਾਰ ੨੬, ਪਉੜੀ ੨੫)

ਭਾਈ ਸਾਹਿਬ ਦਸਦੇ ਹਨ ਕਿ ਗੁਰੂ ਹਰਿਗੋਬਿੰਦ ਪਾਤਸ਼ਾਹ ਅਜਿਹਾ ਕਰਕੇ ਆਪਣੇ ਧਾਰਮਿਕ ਫਰਜ਼ ਦੀ ਪਾਲਣਾ ਹੀ ਕਰਦੇ ਹਨ। ਕੁਛ ਹੋਰ ਉਦਾਹਰਣਾਂ ਦੇ ਕੇ ਆਪ ਸਪੱਸ਼ਟ ਕਰਦੇ ਹਨ ਜਿਵੇਂ ਖੂਹ ਵਿਚੋਂ ਪਾਣੀ ਕੱਢਣ ਵਾਸਤੇ ਡੋਲ ਨੂੰ ਰੱਸੀ ਨਾਲ ਬੰਨ੍ਹਿਆ ਜਾਂਦਾ ਹੈ। ਕਾਲੇ ਸੱਪ ਤੋਂ ਮਨੀ ਪ੍ਰਾਪਤ ਕਰਨ ਵਾਸਤੇ ਉਸ ਨੂੰ ਮਾਰਨਾ ਪੈਂਦਾ ਹੈ, ਹਰਨ ਦੀ ਧੁੰਨੀ ਵਿਚੋਂ ਕਸਤੂਰੀ ਲੱਭਣ ਵਾਸਤੇ ਉਸ ਨੂੰ ਵੀ ਮਾਰਨਾ ਪੈਂਦਾ ਹੈ, ਤੇਲ ਪ੍ਰਾਪਤ ਕਰਨ ਲਈ ਤਿਲਾਂ ਨੂੰ ਕੋਹਲੂ ਵਿਚ ਪਾ ਕੇ ਪੀੜਿਆ ਜਾਂਦਾ ਹੈ, ਨਾਰੀਅਲ ਦੀ ਗਿਰੀ ਹਾਸਲ ਕਰਨ ਵਾਸਤੇ ਉਸ ਨੂੰ ਭੰਨਣਾ ਪੈਂਦਾ ਹੈ, ਇਸ ਤਰ੍ਹਾਂ ਹੀ ਧਰਮ ਨੂੰ ਦੁਸ਼ਟਾਂ ਤੋਂ ਬਚਾਉਣ ਲਈ ਸਰੀਰਕ ਸ਼ਕਤੀ ਦਾ ਸਹਾਰਾ ਲੈਣਾ ਜ਼ਰੂਰੀ ਹੋ ਜਾਂਦਾ ਹੈ। ਭਾਈ ਸਾਹਿਬ ਦਾ ਕਥਨ ਹੈ:

ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।

ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥੧੩॥

(ਵਾਰ ੩੪)

ਉਪ੍ਰੋਕਤ ਉਦਾਹਰਨਾ ਦੁਆਰਾ ਭਾਈ ਸਾਹਿਬ ਨੇ ਇਹ ਸਿੱਧ ਕੀਤਾ ਹੈ ਕਿ ਆਦਰਸ਼ ਦੀ ਪ੍ਰਾਪਤੀ ਲਈ ਸਮੇਂ ਤੇ ਸਥਿਤੀ ਦੇ ਅਨੁਕੂਲ ਅਜਿਹੇ ਸਾਧਨਾਂ ਨੂੰ ਪ੍ਰਯੋਗ ਵਿਚ ਲਿਆਉਣਾ ਜ਼ਰੂਰੀ ਹੋ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਧਰਮ ਲਈ ਪੈਦਾ ਹੋਏ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਸੀ ਜਿਸ ਕਰਕੇ ਉਹਨਾਂ ਨੇ ਸਮੇਂ ਤੇ ਸਥਿਤੀ ਦੇ ਅਨੁਕੂਲ ਸਹਾਇਕ ਸਾਧਨਾਂ ਨੂੰ ਅਪਨਾਇਆ। ਇਹ ਕੋਈ ਸਿੱਖ ਧਰਮ ਦਾ ਪਰਿਵਰਤਨ ਨਹੀਂ ਸੀ ਜਿਵੇਂ ਕਿ:

ਡਾ. ਗੋਕਲ ਚੰਦ ਨਾਰੰਗ ਨੇ ਲਿਖਿਆ ਹੈ "ਸਗੋਂ ਇਹ ਸਿੱਖ ਧਰਮ ਦੀਆਂ ਲੁਕਤ ਸੰਭਾਵਨਾਵਾਂ ਦਾ ਪ੍ਰਗਟਾਵਾ ਜਾਂ ਪ੍ਰਕਾਸ਼ ਸੀ। ਜਿਹੜੇ ਲੋਕ ਬਾਂਦਰਾਂ ਤੇ ਲੰਗੂਰਾਂ ਦੇ ਪੁਜਾਰੀ ਹੋਣ, ਜੜ੍ਹ ਤੇ ਨਿਰਜਿੰਦ ਪੱਥਰਾਂ ਦੀਆਂ ਮੂਰਤੀਆਂ ਤੇ ਲਿੰਗ ਬਣਾ ਕੇ ਉਹਨਾਂ ਤੋਂ ਆਤਮਿਕ ਕਲਿਆਨ ਦੀ ਤਵੱਜੋ ਰੱਖਦੇ ਹੋਣ, ਸਿੱਖ ਧਰਮ ਦੀ ਅਜੇਹੀ ਸਿਧਾਂਤਕ ਗਤੀਸ਼ੀਲਤਾ ਜਾਂ ਧਾਰਮਿਕ ਜੀਵਨ ਦਾ ਇਹ ਪ੍ਰਚੰਡ ਝਲਕਾਰਾ ਉਹਨਾਂ ਦੀ ਸੂਝ ਸਮਝ ਤੋਂ ਉਚੇਰੀ ਗੱਲ ਸੀ।"

ਗੁਜਰਾਤ ਦਾ ਸ਼ਾਹ ਦੌਲਾ ਫਕੀਰ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਮੀਰੀ ਪੀਰੀ ਦਾ ਮਾਲਕ ਅਖਵਾਉਂਦਾ ਸੁਣ ਕੇ ਬਾਲ ਬੱਚੇ ਸਮੇਤ ਸ਼ਾਹੀ ਠਾਠ-ਬਾਠ ਨਾਲ ਸਜੇ ਵੇਖ ਕੇ ਇਹ ਗਿਲਾ ਪ੍ਰਗਟ ਕਰਦਾ ਹੈ:

ਹਿੰਦ ਕੀ ਤੇ ਪੀਰੀ ਕੀ? ਔਰਤ ਕੀ ਤੇ ਫਕੀਰੀ ਕੀ?
ਪੁੱਤਰ ਕੀ ਤੇ ਵੈਰਾਗ ਕੀ? ਦੌਲਤ ਕੀ ਤੇ ਤਿਆਗ ਕੀ?

ਉਸ ਦੇ ਇਹਨਾਂ ਸ਼ੰਕਿਆਂ ਦਾ ਗੁਰੂ ਜੀ ਨੇ ਉੱਤਰ ਦਿੱਤਾ:

'ਔਰਤ ਈਮਾਨ ਹੈ।
ਪੁੱਤਰ ਨਿਸ਼ਾਨ ਹੈ।
ਦੌਲਤ ਗੁਜ਼ਰਾਨ ਹੈ।
ਫਕੀਰ ਨਾ ਹਿੰਦੂ ਨਾ ਮੁਸਲਮਾਨ ਹੈ।'

ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਅਜਿਹਾ ਉੱਤਰ ਹੀ ਸਮਰੱਥ ਰਾਮਦਾਸ ਨਾਂ ਦੇ ਇਕ ਹੋਰ ਹਿੰਦੂ ਸਾਧਕ ਨੂੰ ਦਿੱਤਾ ਜਿਸ ਨਾਲ ਗੁਰੂ ਜੀ ਦਾ ਮੇਲ ਹਰਿਦੁਆਰ ਲਾਗੇ ਸ੍ਰੀ ਨਗਰ ਦੇ ਸਥਾਨ 'ਤੇ ਹੋਇਆ। ਗੁਰੂ ਜੀ ਸ਼ਿਕਾਰ ਖੇਡਣ ਉਪਰੰਤ ਪਰਤੇ ਹੀ ਸਨ। ਸਮਰੱਥ ਰਾਮਦਾਸ ਪੁੱਛਣ ਲੱਗਾ, "ਮੈਂ ਸੁਣਿਆ ਸੀ, ਤੁਸੀਂ ਗੁਰੂ ਨਾਨਕ ਦੀ ਗੱਦੀ ਉਤੇ ਬਿਰਾਜਮਾਨ ਹੋ। ਗੁਰੂ ਨਾਨਕ ਇਕ ਤਿਆਗੀ ਸਾਧੂ ਸੀ। ਤੁਸੀਂ ਸ਼ਸਤਰ ਪਹਿਨੇ ਹੋਏ ਹਨ, ਫ਼ੌਜਾਂ ਘੋੜੇ ਰੱਖੇ ਹੋਏ ਹਨ, ਆਪਣੇ ਆਪ

ਨੂੰ ਸੱਚਾ ਪਾਤਸ਼ਾਹ ਅਖਵਾਉਂਦੇ ਹੋ, ਤੁਸੀਂ ਕਿਸ ਪ੍ਰਕਾਰ ਦੇ ਸਾਧੂ ਹੋ?"

ਗੁਰੂ ਜੀ ਨੇ ਉੱਤਰ ਦਿੱਤਾ-"ਬਾਤਨ ਫਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਦੀ ਰੱਖਿਆ ਔਰ ਜਰਵਾਣੇ ਦੀ ਭੱਖਿਆ ਕੇ ਲੀਏ। ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਥਾ ਕੇਵਲ ਮਾਇਆ (ਮਿਥਿਆ ਦ੍ਰਿਸ਼ਟੀ) ਤਿਆਗੀ ਸੀ।"

ਉੱਤਰ ਸੁਣ ਕੇ ਸਮਰਥ ਰਾਮਦਾਸ ਗਦ-ਗਦ ਹੋ ਉਠਿਆ, ਬੋਲਿਆ-"ਯਹ ਹਮਾਰੇ ਮਨ-ਭਾਵਨੀ ਹੈ।" ਭਾਵ ਇਹ ਗੱਲ ਮੇਰੇ ਮਨ ਨੂੰ ਪਸੰਦ ਆਈ ਹੈ।

ਬੜੀ ਦਿਲਚਸਪ ਵਾਰਤਾ ਹੈ ਕਿ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੀ ਲਿਖਤ ਅਨੁਸਾਰ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਜਨਾ ਉਪਰੰਤ ਧਾਰਨ ਕੀਤੀਆਂ। ਸੋਹਨ ਕਵੀ ਦੇ ਲਿਖਣ ਅਨੁਸਾਰ-

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਜਨਾ ਉਪਰੰਤ ੨੯ ਹਾੜ ਨੂੰ ਦਸਵੀਂ ਵਾਲੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਸੁੰਦਰ ਪੀਲੇ ਪੁਸ਼ਾਕੇ ਪਹਿਨ ਕੇ, ਸੀਸ ਉਪਰ ਕਲਗੀ ਸਜਾ ਕੇ, ਬਾਹਾਂ ਉਤੇ ਬਾਜੂ-ਬੰਦ ਬੰਨ੍ਹ ਕੇ ਪਿੱਠ ਉਤੇ ਢਾਲ ਸਜਾ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਬਿਰਾਜਮਾਨ ਹੋਏ। ਉਸ ਸਮੇਂ ਆਪ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਵਾਈਆਂ ਗਈਆਂ।

ਸਵੈਯਾ

ਪੀਤ ਪੁਸ਼ਾਕ ਧਰੀ ਸੁਖ ਸਾਗਰ ਅਰੁ ਕਲਗੀ ਗੁਰ ਸੀਸ ਸੁਹਾਏ।
ਔ ਭੁਜ ਅੰਗਦ ਸੋਹਤਿ ਹੈ ਫੁਨਿ ਪੀਠ ਪੈ ਚਰਮ ਧਰੀ ਛਬ ਪਾਏ।
ਦੋ ਅਸਿ ਲੈ ਭਗਵੰਤ ਤਬੈ ਗੁਰ ਕੇ ਗਰਿ ਡਾਰ ਦੀਏ ਹਰਖਾਏ।
ਮੀਰੀ ਕੀ ਮੀਰ ਔ ਪੀਰੀ ਕੀ ਪੀਰ ਸੁ ਦੋਊ ਧਰੀ ਭਗਵੰਤ ਅਲਾਏ॥੪੭॥

(ਗੁਰ ਬਿਲਾਸ ਪ. ੬, ਅਧਿਆਇ ਅੱਠਵਾਂ)

ਇਸ ਲੇਖਕ ਨੇ ਇਹ ਵੀ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਗੁਰਿਆਈ ਦੀ ਪੱਗ ਇੱਕ ਹਾੜ ਏਕਮ ਥਿੱਤ ਵਾਲੇ ਦਿਨ ਬੰਧਾਈ ਗਈ।

ਹਾੜ ਪ੍ਰਿਥਮ ਏਕਮ ਥਿਤ ਮਾਹੀ।
ਹਰਿ ਗੋਬਿੰਦ ਗੁਰੁ ਪਾਗ ਬੰਧਾਹੀ।

(ਉਹੀ)

ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਮਾਣ ਦਾ ਕੰਮ ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਹਾੜ ਦੀ ਪੰਜਵੀਂ ਵਾਲੇ ਦਿਨ ਸ਼ੁਰੂ ਕਰਕੇ ਇਸ ਨੂੰ ੨੯ ਹਾੜ ਥਿੱਤ ਦਸਵੀਂ ਦਿਨ ਐਤਵਾਰ ਤੋਂ ਪਹਿਲਾਂ ਮੁਕੰਮਲ ਕਰ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਸਤਿਗੁਰਾਂ ਨੇ ਅਰਦਾਸਾ ਸੋਧ ਕੇ ਖੁਦ ਰੱਖੀ ਸੀ। ਉਪਰੰਤ ੨੯ ਹਾੜ ਨੂੰ ਅਕਾਲ ਪੁਰਖ ਦੀ ਆਗਿਆ ਅਨੁਸਾਰ ਸਤਿਗੁਰੂ ਅਕਾਲ ਤਖ਼ਤ ਉਪਰ ਸੁਭਾਇਮਾਨ ਹੋਏ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਡਾ. ਦਿਲਗੀਰ ਦੇ ਲਿਖਣ ਅਨੁਸਾਰ:

ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਮਹਾਨ, ਅਧਿਆਤਮਿਕ, ਰਾਜਨੀਤਕ, ਸੈਨਿਕ, ਨਿਆਇਕ ਤੇ ਸੰਗਤੀ ਕੇਂਦਰ ਸਥਾਪਤ ਹੋ ਗਿਆ। ਇਕ ਅਜਿਹਾ ਦਰਬਾਰ ਤੇ ਤਖ਼ਤ ਜਿਥੋਂ ਸਿੱਖ ਸੰਗਤਾਂ ਲਈ ਸਤਿਗੁਰਾਂ ਦੇ ਅਜਲੀ ਫ਼ਰਮਾਨ (ਹੁਕਮਨਾਮੇ) ਅਰਸ਼ਾਦ ਹੁੰਦੇ ਰਹੇ ਹਨ।

ਅਸੀਂ ਆਪਣੇ ਇਸ ਲੇਖ ਨੂੰ ਗੁਰੂ ਜੀ ਦੇ ਦਰਬਾਰੀ ਢਾਡੀ ਅਬਦੁਲਾ ਦੀ ਵਾਰ ਦੇ ਇਨ੍ਹਾਂ ਬੰਦਾਂ ਦੁਆਰਾਂ ਬੰਦ ਕਰਦੇ ਹਾਂ:

ਦੋ ਤਲਵਾਰਾਂ ਬੱਧੀਆਂ,
ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਂਹਾ ਕੋਟ ਗੜ੍ਹ,
ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨੱਲ,
ਮਾਰ ਦੁਸ਼ਟਾਂ ਕਰੇ ਤਗੀਰ ਜੀ!
ਪਗ ਤੇਰੀ ਕੀ ਜਹਾਂਗੀਰ ਦੀ?

੮/੧੯੯੦

ਵਡ ਜੋਧਾ ਬਹੁ ਪਰਉਪਕਾਰੀ

ਸਾਡੇ ਦੇਸ਼ ਵਿਚ ਨੇਕੀ, (ਵਿਸ਼ੇਸ਼ ਕਰਕੇ ਹਿੰਦੂ ਸਭਿਆਚਾਰ ਵਿਚ) ਪਵਿੱਤ੍ਰਤਾ, ਸੰਤਤਾਈ, ਫਕੀਰੀ, ਘਰ-ਘਾਟ ਦੇ ਤਿਆਗ, ਜੰਗਲਾਂ ਦੇ ਵਾਸ, ਵੇਹਲੇ ਰਹਿਣ ਜਾਂ ਭਿਖਿਆ ਮੰਗ ਕੇ ਖਾਣ ਤੋਂ ਕਿਸੇ ਭੇਖ ਆਦਿ ਨੂੰ ਧਾਰਨ ਵਿਚ ਮੰਨੀ ਜਾਂਦੀ ਸੀ। ਇਸ ਦੇ ਉਲਟ ਗੁਰੂ ਨਾਨਕ ਸਾਹਿਬ ਦੀ ਸਿੱਖੀ-

ਵਿਚੇ ਗ੍ਰਿਹ ਸਦਾ ਰਹੈ ਉਦਾਸੀ...॥

(ਪੰਨਾ ੧੦੭੦)

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।

(ਵਾਰ ੬, ਪਉੜੀ ੧੨)

ਸਿਖਾਉਂਦੀ ਆ ਰਹੀ ਸੀ। ਗ੍ਰਿਹਸਤੀ ਨੂੰ ਕਮਾਈ ਦੀ ਲੋੜ ਹੈ ਇਹ ਸਿੱਖੀ ਦਾ ਰਾਜ ਯੋਗ ਹੈ। ਗੋਦੜੀ ਪਹਿਨਣ, ਭੇਖ ਧਾਰਨ ਤੇ ਰੂਪ ਬਨਾਉਣ ਅਤੇ ਮੰਗਤਿਆਂ ਤੇ ਭੇਖੀਆਂ, ਵਿਹਲਿਆਂ ਤੇ ਪਾਖੰਡੀਆਂ ਦੀ ਥਾਂ ਸਿੱਖਾਂ ਨੂੰ ਕਮਾਉਣ ਅਤੇ ਚੰਗਾ ਸਵੱਛ ਜੀਵਨ ਬਿਤਾਉਣ ਦੀ ਸਿਖਿਆ ਹੈ ਨਾ ਕਿ ਕੰਗਾਲੀ ਤੇ ਦਲਿੱਦਰੀ ਜੀਵਨ ਦੀ।

ਮੀਰੀ- ਗ੍ਰਿਹਸਤ, ਚੰਗੀ ਕਮਾਈ, ਚੰਗੇ ਸਟੈਂਡਰਡ ਉੱਤੇ ਜੀਉਣ ਦਾ ਚਿੰਨ੍ਹ ਹੈ। ਸਿੱਖਾਂ ਵਿੱਚ ਗੁਰੂ ਸਾਹਿਬਾਨ ਲਈ ਸ਼ਬਦ ਹੀ 'ਪਾਤਸ਼ਾਹੀ' ਦਾ ਵਰਤੀਂਦਾ ਹੈ। ਉਸ ਸ਼ਾਹੀ ਠਾਠ-ਬਾਠ ਨੂੰ ਰਹਿਣੀ-ਬਹਿਣੀ ਤੇ ਸੋਚਣੀ ਨੂੰ ਕਾਇਮ ਰੱਖਣ ਲਈ ਮੀਰੀ (ਅਮੀਰ ਜਾਂ ਬਾਦਸ਼ਾਹੀ) ਦੀ ਜੋ ਕਿਰਤ ਦਾ ਫਲ ਹੋਵੇ (ਨਾ ਕਿ ਜ਼ੁਲਮ, ਲੁੱਟ-ਖਸੁਟ, ਵੱਢੀ ਜਾਂ ਧੋਖੇ ਦਾ ਸਿੱਟਾ) ਦੀ, ਰਾਖੀ, ਆਪਣੀ ਜਾਨ ਤੇ ਮਾਲ ਦੀ ਰਾਖੀ ਦੀ ਜ਼ਿੰਮੇਵਾਰੀ ਭੀ ਗ੍ਰਿਹਸਤੀ ਤੇ ਧਰਮ ਦੇ ਆਗੂ ਦੇ ਸਿਰ ਹੈ। ਸੋ, ਗੁਰੂ ਜੀ ਨੇ 'ਮੀਰੀ' ਦੀ ਤਲਵਾਰ ਭੀ ਪਹਿਨ ਕੇ ਦੱਸਿਆ ਕਿ ਸਾਡੀ ਪੀਰੀ (ਬਜ਼ੁਰਗੀ, ਵਡੱਤਣ, ਗੁਰ-ਪਦਵੀ) ਨਿਰੀ ਪੀਰੀ ਤੇ ਮੱਥੇ ਟਿਕਾਉਣ ਵਿਚ ਨਹੀਂ, ਸਗੋਂ ਮੀਰੀ, ਗ੍ਰਿਹਸਤ, ਜਾਨ-ਮਾਲ, ਇੱਜ਼ਤ ਦੀ ਰੱਖਿਆ ਤੇ ਪਾਲਣਾ ਭੀ ਇਸ ਦਾ ਅਟੁੱਟ ਤੇ ਅਵੱਸ਼ਕ ਅੰਗ ਹੈ।

ਇਹ ਤਾਂ ਇਕ ਚਿੰਨ੍ਹ ਸੀ ਰਾਜ ਯੋਗ ਦਾ, ਗ੍ਰਿਹਸਤ ਵਿਚ ਉਦਾਸੀ ਦਾ, ਕਰਮ ਕਰਦਿਆਂ ਨਿਹਕਰਮ ਬਣਨ ਦਾ। ਦੋ ਤਲਵਾਰਾਂ ਪਹਿਨ ਕੇ ਹੀ ਬਸ ਨਾ ਹੋਈ। ਹੁਣ ਐਲਾਨ ਹੋ ਗਿਆ ਕਿ ਘੋੜਿਆਂ ਤੇ ਸ਼ਸਤਰਾਂ (ਹਥਿਆਰਾਂ) ਦੀ ਭੇਟਾ ਗੁਰੂ ਕੀਆਂ ਖੁਸ਼ੀਆਂ ਦਾ ਵਧੇਰੇ ਕਾਰਨ

ਹੋਵੇਗੀ। ਬਿਨ ਬੋਲਿਆਂ ਭੀ ਬਹੁਤੀਆਂ ਗੁਰੂ ਦੀਆਂ ਸੰਗਤਾਂ ਇਹ ਸਮਝ ਗਈਆਂ ਸਨ।

ਪੰਜਾਬੀਆਂ ਦੇ ਮਨ ਤੇ ਡੌਲੇ ਚਿਰਾਂ ਤੋਂ ਫਰਕ ਰਹੇ ਸਨ। ਪੁਰਾਣੀਆਂ ਰਿਆਸਤਾਂ ਦੀਆਂ ਫੌਜਾਂ ਦੇ ਨਾਮ ਕੱਟੇ ਤੇ ਨਵੇਂ ਯੁਵਕ ਅਕਾਲ ਤਖ਼ਤ ਆ ਹਾਜ਼ਰ ਹੋਏ। ਸ਼ਸਤਰ ਵਰਤਣ ਦੀ ਸਿਖਲਾਈ, ਗਤਕੇ ਦੀਆਂ ਖੇਡਾਂ, ਘੋੜ-ਸਵਾਰੀ ਆਦਿ ਦਾ ਅਭਿਆਸ ਸਿੱਖ ਸੰਗਤਾਂ ਦਾ ਨਿੱਤ ਕਰਮ ਬਣਿਆ। ਇਹ ਬਾਣੀ ਤੇ ਕੀਰਤਨ ਦੇ ਨਿੱਤਨੇਮ ਦੇ ਨਾਲ ਨਾਲ ਹੀ ਨਿਭਣ ਲੱਗਾ। ਇਹ ਸਭ ਕੁਝ ਵੇਲੇ ਦੀ ਹਕੂਮਤ ਦੀਆਂ ਨਜ਼ਰਾਂ ਵਿਚ ਚੁੱਭਣਾ ਤੇ ਰੜਕਣਾ ਜ਼ਰੂਰੀ ਸੀ। ਸ਼ਰੀਕ, ਈਰਖਾਲੂ ਤੇ ਚੁਗਲ ਭੀ ਬਾਦਸ਼ਾਹ ਜਹਾਂਗੀਰ ਦਾ ਝੁਕਾ ਵੇਖਦੇ ਹੋਏ ਮੌਕੇ ਦੀ ਸੰਭਾਲ ਕਰਨ ਲੱਗੇ। ਵਿਸ਼ੇਸ਼ ਕਰਕੇ ਉਸ ਵੇਲੇ ਉਹ ਵਧੇਰੇ ਸਨਧਬੱਧ ਹੋਏ। ਜਦ ਗਵਾਲੀਅਰ ਵਿਚ ਕੈਦ ਤੋਂ ਰਿਹਾਈ ਹੋਣ ਸਮੇਂ ਗੁਰੂ ਜੀ ਨੇ ੫੨ ਰਾਜਿਆਂ ਦੀ ਰਿਹਾਈ ਦਾ ਉਪਕਾਰ ਕਰਕੇ 'ਬੰਦੀ-ਛੋੜ' ਹੋਣ ਦੀ ਪ੍ਰਸਿੱਧਤਾ ਲਈ। ਉਸ ਪਿੱਛੋਂ ਜਹਾਂਗੀਰ ਦੁਸ਼ਮਣ ਤੋਂ ਮਿੱਤਰ ਬਣ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਮਕਲੀ ਰਾਗ' ਵਿੱਚ ਸਤੇ ਬਲਵੰਡ ਦੀ ਵਾਰ ਹੈ। ਉਸ ਬਾਬਤ ਪ੍ਰਸਿੱਧ ਹੈ ਕਿ ਉਸ ਦੀ ਰਚਨਾ ਪਹਿਲੇ ਪੰਜ ਗੁਰੂ ਸਾਹਿਬਾਨ ਗੱਦੀ ਬਹਿਣ ਦੇ ਸਮੇਂ ਹੁੰਦੀ ਰਹੀ। ਇਸੇ ਤਰ੍ਹਾਂ ਹੀ ਸ਼ਾਇਦ ੬ਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ੧੬੦੬ ਵਿਚ ਗੱਦੀ ਬੈਠਣ ਸਮੇਂ ਇਕ ਵਾਰ ਨੱਥਾ ਤੇ ਅਬਦੁਲ ਨਾਂ ਦੇ ਢਾਡੀਆਂ ਨੇ ਸ੍ਰੀ ਅਕਾਲ ਬੁੰਗੇ (ਅਕਾਲ ਤਖ਼ਤ) ਦੇ ਸਾਹਮਣੇ ਖਲੋ ਕੇ ਗਾਈ, ਉਸ ਵਿਚ ਇਕ ਪੰਗਤੀ ਹੈ:

"ਦੋ ਤਲਵਾਰੀ ਬਧੀਆਂ ਇਕ ਮੀਰੀ ਦੀ ਇਕ ਪੀਰੀ ਦੀ।"

ਉਸ ਵੇਲੇ ਆਪ ਦੀ ਸਰੀਰਕ ਅਵਸਥਾ ਕੇਵਲ ੧੧ ਸਾਲ ਸੀ। ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋ ਚੁੱਕੀ ਸੀ ਤੇ ਇਉਂ ਪਿਤਾ ਦਾ ਸਾਇਆ ਸਿਰ ਤੋਂ ਉਠ ਚੁੱਕਾ ਸੀ। ਤਾਇਆ (ਪ੍ਰਿਥੀ ਚੰਦ) ਤੇ ਹੋਰ ਸ਼ਰੀਕਾਂ, ਹਕੂਮਤ ਅਤੇ ਹੋਰ ਵਧਦੀ ਸ਼ਕਤੀ ਤੇ ਸ਼ਖ਼ਸੀਅਤ ਨਾਲ ਈਰਖਾ ਕਰਨ ਤੇ ਵੈਰ ਕਮਾਉਣ ਵਾਲੇ ਲੋਕ ਲੱਕ ਬੰਨ੍ਹੀ ਫਿਰਦੇ ਸਨ। ਤਾਏ ਤੇ ਸ਼ਰੀਕਾਂ ਨੇ ਤਾਂ ਬਚਪਨ ਵਿਚ ਬਾਲਕ ਹਰਿਗੋਬਿੰਦ ਨੂੰ ਜਾਨੋਂ ਹੀ ਖ਼ਤਮ ਕਰਨ ਲਈ ਅਨੇਕਾਂ ਉਪਰਾਲੇ ਕੀਤੇ ਸਨ, ਪਰ-

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥

(ਪੰਨਾ ੨੭੭)

ਵਾਲੀ ਸੱਚਾਈ ਸਿੱਧ ਹੋ ਚੁੱਕੀ ਸੀ।

ਗੁਰਿਆਈ ਦੀ ਰਸਮ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਜੋ ਗੁਰਿਆਈ ਆਦਿ ਦੀ ਰਸਮ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਕਰਦੇ ਆ ਰਹੇ ਸਨ, ਕਿਹਾ: ਹੁਣ ਗੁਰਿਆਈ ਤਲਵਾਰ ਤੇ ਦਸਤਾਰ ਨਾਲ ਹੋਵੇਗੀ।

ਗੁਰੂ ਜੀ ਜਾਣੀ-ਜਾਣ ਸਨ। ਫੇਰ ਉਨ੍ਹਾਂ ਨੂੰ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਰਾਹੀਂ ਗੁਰਬਾਣੀ ਤੇ ਗੁਰੂ ਸਿਧਾਂਤਾਂ ਦਾ ਵੱਧ ਤੋਂ ਵੱਧ ਗਿਆਨ ਦਿੱਤਾ ਸੀ ਅਤੇ ਨਾਲ ਹੀ

ਸ਼ਸਤ੍ਰ ਵਿਦਿਆ ਵਿਚ ਨਿਪੁੰਨ ਸਨ। ਕੁਦਰਤ ਵੱਲੋਂ ਤੇ ਵਿਰਸੇ ਵਿਚ ਇਕ ਪ੍ਰਤਿਭਾਵਾਨ ਤੇਜ਼ ਦਿਮਾਗ ਤੇ ਦੂਰ-ਅੰਦੇਸ਼ੀ ਦੀ ਦਾਤ ਪ੍ਰਾਪਤ ਸੀ। ਇਸ ਤੋਂ ਭੀ ਵੱਧ ਹੁਣ ਉਨ੍ਹਾਂ ਦੇ ਮੋਢਿਆਂ ਉਤੇ ਸਾਰੀਆਂ ਸੰਗਤਾਂ ਦੀ ਅਗਵਾਈ ਦੀ ਜ਼ੁੰਮੇਵਾਰੀ ਦਾ ਭਾਰ ਸੀ ਤੇ ਆਉਣ ਵਾਲੇ ਸਮੇਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੇ ਔਕੜਾਂ ਦਾ ਬਾਨ੍ਹਣੂ ਬੰਨ੍ਹਣ ਲਈ ਸੋਚਣਾ, ਉਨ੍ਹਾਂ ਦੇ ਹੀ ਸਿਰ ਸੀ। ਸਿਆਣੇ ਤੇ ਮਨੋਵਿਗਿਆਨੀ ਮੰਨਦੇ ਹਨ ਕਿ ਜ਼ੁੰਮੇਵਾਰੀ ਤੇ ਗੱਦੀ ਦੇ ਨਾਲ ਲੋੜੀਂਦੀ ਸੋਝੀ, ਸ਼ਕਤੀ ਤੇ ਸਮਰੱਥਾ ਆ ਜਾਂਦੀ ਹੈ।

ਆਪ ਨੂੰ ਇਹ ਵੀ ਦਿਸ ਰਿਹਾ ਸੀ ਕਿ ਹੁਣ ਤਕ ਪੂਰਨ ਸ਼ਾਂਤਮਈ, ਨਿਰੋਲ ਅਧਿਆਤਮਕ (ਰੂਹਾਨੀ) ਤੇ ਉਚੇ ਸਦਾਚਾਰਕ ਜੀਵਨ ਦਾ ਉਪਦੇਸ਼ ਦੇਣ ਵਾਲੀ ਗੁਰਗੱਦੀ ਤੋਂ ਤਿਆਗ ਤੇ ਵੈਰਾਗ ਦੇ ਚਿੰਨ੍ਹ (ਸੇਲੀ) ਛੱਡ ਕੇ ਤਲਵਾਰ ਪਹਿਨਣਾ ਸਿੱਧੇ-ਸਾਦੇ ਤੇ ਸਦੀਆਂ ਤੋਂ ਚਲੇ ਦੱਬੇ ਭਾਰਤੀਆਂ ਨੂੰ ਬੜਾ ਅਨੋਖਾ ਪਰਿਵਰਤਨ ਤੇ ਅਚੰਭੇ ਭਰਿਆ ਕਰਤੱਵ ਜਾਪੇਗਾ। ਇਸ ਸਮੇਂ ਤਕ ਭਾਰਤ, ਮਾਲਾ, ਭੇਖ, ਵੇਹਲ ਆਦਿ ਨੂੰ ਪੂਜਣਾ ਹੀ ਸਿੱਖ ਗਿਆ ਸੀ। ਭਾਰਤੀ ਭੁੱਲ ਚੁੱਕੇ ਸਨ ਕਿ ਭਾਰਤ ਦੇ ਸਭ ਹੀ ਗ੍ਰੰਥਾਂ ਤੇ ਧਰਮਾਂ ਵਿਚ 'ਜੋਧ ਮਹਾਬਲ ਸੂਰੇ' ਤੇ 'ਵੀਰ ਕਰਾਰੇ' ਭੀ ਉਸੇ ਸਤਿਕਾਰ ਨਾਲ ਯਾਦ ਕੀਤੇ ਜਾਂਦੇ ਹਨ, ਜਿਸ ਨਾਲ ਰਿਸ਼ੀ, ਮੁਨੀ, ਵਿਦਵਾਨ ਤੇ ਪੰਡਿਤ। ਇਸ ਨਵੀਂ ਘਟਨਾ ਤੇ ਪਰਿਵਰਤਨ ਦਾ ਫਲਸਰੂਪ ਸਿੱਖ ਸੰਗਤਾਂ ਦੇ ਮਨ ਦੀ ਕੀ ਅਵਸਥਾ ਹੋਈ ਤੇ ਉਹ ਕਿਸ ਤਰ੍ਹਾਂ ਸੋਚਣ ਲੱਗੇ।

ਭਾਈ ਗੁਰਦਾਸ ਜੀ ਨੇ ਇਸ ਦਾ ਵਰਣਨ ਲੋਕਾਂ ਦੀ ਗੱਲ-ਬਾਤ ਦੇ ਰੂਪ ਵਿਚ ਕੀਤਾ ਹੈ। ਹੇਠ ਲਿਖੀਆਂ ਪੰਗਤੀਆਂ ਦੇ ਪਹਿਲੇ ਅੱਧ ਵਿਚ ਪਹਿਲਾਂ ਦੀ ਚੱਲੀ ਆਉਂਦੀ ਰੀਤ ਦਾ ਵਰਣਨ ਹੈ ਤੇ ਬਾਕੀ ਅੱਧੀ ਪੰਗਤੀ ਵਿਚ ਗੁਰੂ ਹਰਿਗੋਬਿੰਦ ਜੀ ਦੇ ਜੀਵਨ-ਢੰਗ ਦਾ ਦ੍ਰਿਸ਼ ਹੈ:

ਗੁਰੂ ਅਰਜਨ ਦੇਵ ਜੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।

(ਵਾਰ ੨੬, ਪਉੜੀ ੨੪)

ਅਤੇ ਇਹ ਦੱਸਣ ਲਈ ਕਿ ਇਹ ਸਾਰਾ ਅੰਤਰ ਕਿਉਂ ਪਾਇਆ ਗਿਆ ਹੈ, ਭਾਈ ਸਾਹਿਬ ਮਿਸਾਲਾਂ ਰਾਹੀਂ ਸਮਝਾਉਂਦੇ ਹਨ ਕਿ ਜਿਵੇਂ ਰਾਖੀ ਲਈ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦ੍ਰਾ ਕੁਤਾ ਜਾਗੈ।

(ਵਾਰ ੨੬, ਪਉੜੀ ੨੫)

ਭਾਵ ਇਹ ਕਿ ਤਿਵੇਂ ਹੀ ਨੇਕੀ ਤੇ ਧਰਮ ਦੀ ਰਾਖੀ ਲਈ ਸਤਿਗੁਰੂ ਜੀ ਨੇ ਬਾਹਰਲਾ

ਜੀਵਨ ਬਦਲ ਦਿੱਤਾ ਹੈ। ਆਪ ਨੇ ਹੋਣ ਵਾਲੀ ਦੰਦ ਕਥਾ ਤੇ ਕਿੰਤੂ ਦਾ ਉੱਤਰ ਉਸੇ ਸਮੇਂ ਹੀ ਦੇ ਦਿੱਤਾ, ਇਕ ਤਲਵਾਰ 'ਪੀਰੀ' ਦਾ ਚਿੰਨ੍ਹ ਹੈ ਤੇ ਇਕ 'ਮੀਰੀ' ਦਾ। ਸੋ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਇਹ 'ਮੀਰੀ ਪੀਰੀ ਦੇ ਮਾਲਕ' ਕਹਿਣਾ ਨਿਰੋਲ ਇਤਿਹਾਸਕ ਗੱਲ ਹੈ ਤੇ ਗੁਰੂ ਜੀ ਦੇ ਸਾਰੇ ਜੀਵਨ ਦਾ ਆਦਰਸ਼, ਮੰਤਵ ਤੇ ਕਰਤੱਵ ਦਾ ਸਾਰੰਸ਼ ਹੈ।

ਇਸ ਨੂੰ ਹੋਰ ਸਪੱਸ਼ਟ ਕਰਨ ਲਈ ਪੀਰੀ ਤੇ ਮੀਰੀ ਦਾ ਅਰਥ ਤੇ ਇਸ ਤੋਂ ਲਏ ਜਾਂਦੇ ਭਾਵ ਜਾਣ ਲੈਣੇ ਜ਼ਰੂਰੀ ਹਨ। ਇਸ ਤਰ੍ਹਾਂ ਹੀ ਅਸੀਂ ਸਹੀ ਤੌਰ 'ਤੇ ਗੁਰੂ ਜੀ ਦੇ ਜੀਵਨ ਆਦਰਸ਼ ਤੇ ਕਰਨੀ ਦੇ ਰਹੱਸਯ (ਰਮਜ਼ ਜਾਂ ਭੇਤ) ਨੂੰ ਸਮਝ ਸਕਾਂਗੇ।

'ਪੀਰੀ' ਫਾਰਸੀ ਦਾ ਲਫਜ਼ ਹੈ ਤੇ ਇਸ ਦੇ ਸ਼ਬਦ ਅਰਥ ਹਨ ਬ੍ਰਿਧ, ਬਜ਼ੁਰਗ ਜਾਂ ਸਤਿਕਾਰ ਯੋਗ, ਜਿਵੇਂ ਸਾਡੀ ਬੋਲੀ ਵਿਚ 'ਬਾਬਾ' ਆਖਦੇ ਹਨ। ਧਾਰਮਕ ਆਗੂ, ਫਕੀਰ ਹੀ ਨਹੀਂ ਬਲਕਿ ਪੈਗੰਬਰਾਂ ਤੇ ਉਸ ਵੇਲੇ ਗੁਰੂ ਸਾਹਿਬਾਨ ਲਈ ਭੀ ਸਤਿਕਾਰ ਵਜੋਂ ਇਹ ਦੋਵੇਂ ਸ਼ਬਦ ਵਰਤੇ ਜਾਂਦੇ ਸਨ। ਭਾਈ ਗੁਰਦਾਸ ਨੇ ਗੁਰੂ, ਪੀਰ ਤੇ ਬਾਬਾ ਇਕੋ ਤੁਕ ਵਿਚ ਗੁਰੂ ਨਾਨਕ ਦੇਵ ਜੀ ਲਈ ਵਰਤੇ ਹਨ:

ਜਾਹਰ ਪੀਰੁ ਜਗਤੁ ਗੁਰ ਬਾਬਾ॥੪॥

(ਵਾਰ ੨੪)

'ਪੀਰ ਨਾਨਕ' ਜਨਮ ਸਾਖੀਆਂ ਵਿਚ ਬਹੁਤ ਥਾਈਂ ਵਰਤਿਆ ਗਿਆ ਹੈ। ਸੋ ਪੀਰੀ ਤੋਂ ਭਾਵ ਉਹ ਧਾਰਮਕ ਦਰਜਾ, ਸਤਿਕਾਰ, ਪਦਵੀ, ਗੁਰੂਤਵ, ਵਡੱਤਣ ਤੇ ਉਸ ਦਾ ਕਰਤਵ ਸੀ ਜੋ ਪਹਿਲੇ ਗੁਰੂ ਸਾਹਿਬ ਦੇ ਵੇਲੇ ਤੋਂ ਗੁਰੂ ਅਰਜਨ ਦੇਵ ਜੀ ਤਕ ਚਲਦਾ ਰਿਹਾ ਸੀ। ਅੱਗੋਂ ਭੀ ਸਦਾ ਲਈ ਇਸ ਦਾ ਪ੍ਰਵਾਹ ਚਲਾਉਣ ਲਈ:

ਗੁਰੁ ਨਾਨਕ ਜਗ ਮਾਹਿ ਪਠਾਇਆ।

ਸੀ। ਇਸ ਬਾਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ:

ਯਾਹੀ ਕਾਜ ਧਰਾ ਹਮ ਜਨਮੰ॥

ਅਰਥਾਤ-

ਧਰਮ ਚਲਾਵਨ ਸੰਤ ਉਬਾਰਨ॥

(ਦਸਮ ਗ੍ਰੰਥ)

ਹੀ ਆਦਰਸ਼ ਪ੍ਰਮਾਤਮਾ ਵੱਲੋਂ ਮੈਨੂੰ ਸੌਂਪਿਆ ਗਿਆ ਹੈ। ਉਹ ਆਦਰਸ਼ ਤੇ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਕਲਤ ਕਰ ਦਿੱਤੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਚਾਰ ਲਈ ਕਸ਼ਮੀਰ ਤਕ ਦੇ ਦੌਰੇ ਕੀਤੇ। ਮਾਲਵੇ ਤੇ ਹੋਰ ਅਨੇਕਾਂ ਇਲਾਕੇ ਘਰ-ਘਰ ਪਹੁੰਚ ਕੇ ਤਾਰੇ, ਗੋਰਖਮਤੇ ਤਕ ਆਪ ਵੱਲੋਂ ਪੁੱਜ ਕੇ ਗੁਰੂ ਨਾਨਕ ਜੀ ਦਾ ਉਪਦੇਸ਼ ਪੁਚਾਇਆ ਗਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਬਾਣੀ ਨਹੀਂ ਰਚੀ, ਜਿਵੇਂ ਕਿ ਸਤਵੇਂ, ਅੱਠਵੇਂ

ਗੁਰੂ ਸਾਹਿਬ ਨੇ ਭੀ ਨਹੀਂ ਰਚੀ; ਪਰ ਉਹਨਾਂ ਦੇ ਉਪਦੇਸ਼ ਉਹੀ ਸਨ, ਜੋ ਗੁਰਬਾਣੀ ਵਿਚ ਆ ਚੁੱਕੇ ਸਨ। ਉਹਨਾਂ ਉਪਦੇਸ਼ਾਂ ਨੂੰ ਸਭ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਵਰਤ ਕੇ ਵਿਖਾਇਆ। ਸੰਗਤ ਤੇ ਪੰਗਤ ਦੀ ਪ੍ਰਥਾ ਓਵੇਂ ਹੀ ਚੱਲੀ। ਕੀਰਤਨ, ਜਾਪ, ਨਾਮ, ਦਾਨ, ਇਸ਼ਨਾਨ, ਵੰਡ ਛਕਣ, ਕਾਮ-ਕਰੋਧ, ਲੋਭ-ਮੋਹ, ਹੰਕਾਰ ਉਤੇ ਕਾਬੂ ਆਦਿ ਸਿਖਿਆ ਗੁਰੂ ਹਰਿਗੋਬਿੰਦ ਜੀ ਨੇ ਭੀ ਦੁਹਰਾਈਆਂ:

ਸਭ ਮਹਿ ਜੋਤਿ ਜੋਤਿ ਹੈ ਸੋਇ॥

(ਪੰਨਾ ੬੬੩)

ਦੇ ਅਸਲ ਨੂੰ ਬਹੁਤ ਦੂਰ ਤਕ ਵਰਤਿਆ ਤੇ 'ਕੁਥਰਿਆਂ' ਨੂੰ ਸੁਥਰੇ ਬਣਾ ਕੇ ਅਪਣਾਇਆ। ਨੇਕੀ ਦੀ ਤੇ ਨੇਕ ਕੰਮ ਕਰਨ ਵਾਲਿਆਂ ਦੀ ਰੱਖਿਆ ਲਈ, ਸੱਚੇ ਤੇ ਸਹੀ ਕੰਮ ਸਿਖਾਉਣ ਵਾਲੀ ਧਾਰਮਕ ਸੁਤੰਤਰਤਾ ਦੀ ਰੱਖਿਆ ਲਈ ਤਲਵਾਰ ਇਕ ਪ੍ਰਤੀਕ, ਸੰਕੇਤ, ਨਿਸ਼ਾਨ, ਚਿੰਨ੍ਹ ਜਾਂ ਝੰਡਾ ਸੀ। ਗੁਰੂ ਅਰਜਨ ਸਾਹਿਬ ਨੇ ਕਿਹਾ ਸੀ:

ਮੈ ਬਧੀ ਸਚੁ ਧਰਮ ਸਾਲ ਹੈ॥
ਗੁਰਸਿਖਾ ਲਹਦਾ ਭਾਲਿ ਕੈ॥

(ਪੰਨਾ ੭੩)

ਆਪ ਨੇ ਐਲਾਨ ਕੀਤਾ ਸੀ ਕਿ:

ਹਉ ਗੋਸਾਈ ਦਾ ਪਹਿਲਵਾਨੜਾ॥

(ਪੰਨਾ ੭੪)

ਜਿਸ ਦੇ ਦੁਆਲੇ ਇਕੱਠੀ ਹੋਈ ਸੰਗਤ:

ਸਭ ਹੋਈ ਛਿੰਝ ਇਕਠੀਆ...॥
ਅਤੇ
ਹੁਣਿ ਹੁਕਮੁ ਹੋਆ ਮਿਹਰਵਾਣ ਦਾ...॥
ਪੈ ਕੋਇ ਨ ਕਿਸੈ ਰਵਾਣਦਾ॥

ਵਾਲਾ

...ਹੋਆ ਹਲੇਮੀ ਰਾਜੁ ਜੀਉ॥

(ਪੰਨਾ ੭੪)

ਦੀ ਆਸ ਬੰਨਾਈ ਸੀ।

ਸੋ ਪੀਰੀ ਦੀ ਤਲਵਾਰ (ਜਾਂ ਕਿਰਪਾਨ) ਇਨ੍ਹਾਂ ਉਦੇਸ਼ਾਂ ਦੀ ਰੱਖਿਆ ਲਈ ਅਤੇ ਰੋਕ ਪਾਉਣ ਵਾਲਿਆਂ ਨੂੰ ਹਟਾਉਣ ਲਈ ਲੋੜੀਂਦੀ ਸੀ। ਇਤਿਹਾਸਕ ਭਾਂਤ ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੋ ਚੁੱਕੀ ਸ਼ਹੀਦੀ ਐਲਾਨੀਆਂ ਕਹਿ ਰਹੀ ਸੀ ਕਿ ਸ਼ਾਂਤੀ, ਸਹਿਨ-ਸ਼ੀਲਤਾ, ਖਿਮਾ, ਗੰਭੀਰਤਾ ਤੇ ਭਾਣੇ ਦਾ, ਸੰਗੀਤਕ ਕਾਵਿ ਵਿਚ ਅਧਿਆਤਮਕ ਉਪਦੇਸ਼ ਦੇਣ ਵਾਲੇ ਤੇ ਸਾਰੇ

ਨਿੱਜੀ ਜੀਵਨ ਵਿਚ ਇਨ੍ਹਾਂ ਦੈਵੀ-ਗੁਣਾਂ ਦੀ ਵਰਤੋਂ ਕਰਨ ਵਾਲੇ ਸੰਤ-ਸਰੂਪ ਨੂੰ ਭੀ ਜੋ ਇੰਨੇ ਤਸੀਹੇ ਦਿੱਤੇ ਜਾ ਸਕਦੇ ਹਨ ਤਾਂ ਹੋਰ ਕੌਣ ਸੁਰੱਖ਼ਿਅਤ ਹੋ ਸਕਦਾ ਹੈ। ਪ੍ਰਤੱਖ ਸੀ ਕਿ ਸਮੇਂ ਦੀ ਹਕੂਮਤ ਇਸ ਆਵਾਜ਼, ਲਹਿਰ ਜਾਂ ਧਰਮ ਨੂੰ ਧਰਤੀ ਤੋਂ ਅਲੋਪ ਕਰ ਦੇਣਾ ਚਾਹੁੰਦੀ ਹੈ।

ਹਕੂਮਤ ਦੀ ਨੀਅਤ ਇਸ ਹੋ ਚੁੱਕੀ ਸ਼ਹੀਦੀ ਤੋਂ ਪ੍ਰਤੱਖ ਦਿਸ ਰਹੀ ਸੀ। ਤਲਵਾਰ ਜਾਂ ਰਾਜ-ਸ਼ਕਤੀ ਦੇ ਬਾਹੂ-ਬਲ ਨਾਲ ਉਹ ਸਿੱਖ ਧਰਮ ਤੇ ਇਸ ਦਾ ਪ੍ਰਚਾਰ ਕਰਨ ਵਾਲਿਆਂ ਤੇ ਮੰਨਣ ਵਾਲਿਆਂ ਦੋਹਾਂ ਨੂੰ ਖ਼ਤਮ ਕਰਨ ਉਤੇ ਤੁਲੀ ਹੋਈ ਸੀ। ਸੋ ਬਜ਼ੁਰਗੀ, ਵਡੱਤਣ, ਗੁਰਤਾ (ਪੀਰੀ) ਤੇ ਸੰਤਤਾਈ (ਫ਼ਕੀਰੀ) ਦੀ ਰੱਖਿਆ ਲਈ ਤਲਵਾਰ ਬਿਨਾਂ ਕੋਈ ਹੀਲਾ ਬਾਕੀ ਨਹੀਂ ਸੀ। ਇਸ ਲਈ 'ਪੀਰੀ ਦੀ ਤਲਵਾਰ' ਉਚੇਚੀ ਪਹਿਨੀ ਗਈ ਤਾਂ ਜੋ ਭੁਲੇਖਾ ਨਾ ਰਹੇ ਕਿ ਧਰਮ, ਨੇਕੀ, ਜ਼ੁਲਮ, ਧੱਕੇ ਤੇ ਲੁੱਟ ਤੇ ਬੇਦੋਸ਼ਿਆਂ ਨੂੰ ਮਾਰਨ ਲਈ ਨਹੀਂ, ਸਗੋਂ ਨੇਕ, ਮਜ਼ਲੂਮਾਂ, ਲੁੱਟੇ ਜਾਂਦੇ ਭਲੇ-ਮਾਣਸਾਂ ਤੇ ਬੇਦੋਸ਼ਿਆਂ ਦੀ ਰੱਖਿਆ ਲਈ ਅਤੇ ਇਉਂ ਧਰਮ ਤੇ ਫਕੀਰੀ ਦੀ ਰੱਖਿਆ ਲਈ ਪੀਰੀ ਦੀ ਤਲਵਾਰ ਚਿੰਨ੍ਹ ਹੈ।

ਮੀਰੀ ਦੇ ਸ਼ਬਦ ਅਰਥ ਭੀ ਫਾਰਸੀ ਵਿਚੋਂ ਮਿਲਦੇ ਹਨ- ਦਸਤਾਰ, ਦੇਗ, ਤੇਗ, ਖ਼ਾਲਸਾ, ਫਤਹਿ, ਹੁਕਮਨਾਮਾ, ਮਸੰਦ ਤੇ ਤਖ਼ਤ ਆਦਿ ਅਨੇਕਾਂ ਹੀ ਫਾਰਸੀ-ਅਰਬੀ ਦੇ ਸ਼ਬਦ ਸਿੱਖ ਧਰਮ ਦੀ ਧਾਰਮਕ ਭਾਸ਼ਾ ਵਿਚ ਏਨੇ ਰਚ-ਮਿਚ ਗਏ ਹਨ ਕਿ ਅੱਜ ਜਦ ਕੋਈ ਸਾਨੂੰ ਇਹ ਦੱਸਦਾ ਹੈ ਤਾਂ ਅਸੀਂ ਭਰੋਸਾ ਨਹੀਂ ਕਰਦੇ। ਠੀਕ ਇਸੇ ਤਰ੍ਹਾਂ ਦੇ ਇਹ ਤਿੰਨੇ ਸ਼ਬਦ- ਮੀਰੀ, ਪੀਰੀ ਤੇ ਮਾਲਕ ਹਨ।

ਮੀਰੀ ਤੇ ਮੀਰ ਸ਼ਬਦ ਦੇ ਅਰਥ ਮਹਾਨ ਕੋਸ਼ ਵਿਚ ਇਉਂ ਦਿਤੇ ਹਨ-

(੧) ਸੰਗਯਾ, ਅਮੀਰ ਦਾ ਸੰਖੇਪ, ਜਿਵੇਂ-

ਮੀਰ ਮਲਕ ਉਮਰੇ ਫਾਨਾਇਆ...॥

(ਪੰਨਾ ੧੦੮੪)

(੨) ਬਾਦਸ਼ਾਹ, ਮੀਰੀ, ਅਮੀਰੀ, ਸਰਦਾਰੀ,

(੩) ਬਾਦਸ਼ਾਹਤ।

ਅੰਮ੍ਰਿਤਸਰ ਵਿਚ 'ਮੀਰੀ' ਜੀਵਨ ਦੀ ਸਿਖਿਆ ਵਾਲੀ 'ਪੀਰੀ' ਜ਼ਿੰਦਗੀ ਜੀਉਂਦੀ ਸੰਤ ਸਿਪਾਹੀ ਸੰਗਤ ਉਤੇ ਸੂਬੇਦਾਰਾਂ ਤੋਂ ਹਮਲਾ ਕਰਾ ਦਿੱਤਾ ਗਿਆ। ਦੂਜੇ ਪਾਸੇ ਗੁਰੂ ਦੇ ਪ੍ਰੇਮੀ ਸਿੱਖ ਜੋ ਇਕ ਅੰਗਰੇਜ਼ ਇਤਿਹਾਸਕਾਰ ਮੈਕਾਲਿਫ ਦੇ ਕਹਿਣ ਅਨੁਸਾਰ:

"ਦੋ ਵੇਲੇ ਦੀ ਰੋਟੀ ਤੇ ਹਾੜੀ ਸਾਉਣੀ (ਹਰ ੬ ਮਹੀਨੇ)

ਤਨ ਕੱਜਣ ਲਈ ਦੋ ਕੱਪੜੇ ਲੈ ਕੇ ਸੰਤੁਸ਼ਟ ਸਨ।"

ਅਜੇਹੀ ਸੰਤੋਖੀ ਗੁਰਸੰਗਤ (ਪੀਰੀ-ਮੁਰੀਦੀ) ਵਿਚੋਂ ਆਪਣੀ ਖੁਸ਼ੀ ਨਾਲ ਸੈਨਿਕ ਭਰਤੀ ਹੋਣ ਵਾਲਿਆਂ ਦੇ ਜਰਨੈਲ ਜਾਂ ਕਮਾਂਡਰ (ਮੀਰ) ਗੁਰੂ ਜੀ ਸਨ। ਉਨ੍ਹਾਂ ਦੇ ਹਥਿਆਰਾਂ, ਗਿਣਤੀ, ਅਸਲੇ ਆਦਿ ਬਾਬਤ ਕੁਝ ਭੀ ਕਹਿਣ ਦੱਸਣ ਨਾਲੋਂ ਕਿਆਸ ਕਰਨਾ ਸੁਖੈਨ ਹੋਵੇਗਾ, ਅਨੁਮਾਨ

ਇਸ ਇਕ ਘਟਨਾ ਤੋਂ ਹੀ ਲੱਗ ਸਕਦਾ ਹੈ ਕਿ ਪਹਿਲੀ ਤੇ ਅੰਮ੍ਰਿਤਸਰ ਦੀ ਲੜਾਈ ਵੇਲੇ ਗੁਰੂ ਜੀ ਦੀ ਫ਼ੌਜ ਨੇ ਐਨ ਔਖੀ ਘਾਟੀ ਵਾਲੇ ਇਕ ਰੁੱਖ ਦੇ ਮੁੱਢ ਤੋਂ ਤੋਪ ਦਾ ਕੰਮ ਲਿਆ ਜੋ ਅੱਜ ਤਕ ਉਸ ਗੜ੍ਹੀ ਵਿਚ ਪਈ ਹੈ, ਜਿਸ ਥਾਂ ਹੁਣ ਲੋਹਗੜ੍ਹ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਇਹ ਪਹਿਲੀ ਲੜਾਈ ਸੰਨ ੧੬੨੯ ਵਿਚ ਬਾਦਸ਼ਾਹ ਸ਼ਾਹਜਹਾਨ (ਜਹਾਂਗੀਰ ਦੇ ਪੁੱਤਰ) ਵੱਲੋਂ ਉਸ ਵੇਲੇ ਛੇੜੀ ਗਈ ਜਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦੀ ਸ਼ਾਦੀ ਦੀ ਤਿਆਰੀ ਹੋ ਰਹੀ ਸੀ ਤੇ ਮਠਿਆਈ ਬਣ ਚੁੱਕੀ ਸੀ। ਇਹ ਮਠਿਆਈ ਵੈਰੀ ਦਲ ਨੇ ਲੁੱਟ ਵਿਚ ਖਾਧੀ ਤੇ ਗੁਰੂ ਜੀ ਨੂੰ ਵਿਆਹ ਝਬਾਲ ਨਾਂ ਦੇ ਨਗਰ ਜਾ ਕੇ ਕਰਨਾ ਪਿਆ ਸੀ। ਭਾਵ ਕਹਿਣ ਤੋਂ ਕੇਵਲ ਇੰਨਾ ਹੈ ਕਿ ਲੜਾਈ ਦਾ ਬਹਾਨਾ, ਸ਼ਾਹੀ ਬਾਜ ਦਾ ਸ਼ਿਕਾਰ ਵਿਚੋਂ ਫੜੇ ਜਾਣ ਉਤੇ ਨਾ ਮੋੜਨਾ, ਬਣਾਇਆ ਗਿਆ। ਹਮਲਾ, ਗੁਲਾਮ ਰਸੂਲ ਖਾਂ ਦੀ ਕਮਾਨ ਹੇਠ, ਵਿਰੋਧੀ ਦਲ ਵਲੋਂ ਹੋਇਆ। ਇਸ ਝਪਟ ਵਿਚ ਗੁਲਾਮ ਰਸੂਲ ਸਿੱਖਾਂ ਹੱਥੋਂ ਭੱਜ ਉਠਿਆ, ਜਿਸ ਕਾਰਨ ਉਸ ਦੀ ਫ਼ੌਜ ਵੀ ਪਿੱਠ ਵਿਖਾ ਗਈ। ਇਹ ਖ਼ਬਰ ਬਾਦਸ਼ਾਹ ਸ਼ਾਹਜਹਾਨ ਤਕ ਪੁੱਜੀ ਤਾਂ ਉਸ ਨੇ ਲਾਹੌਰ ਦੇ ਨਵਾਬ ਤੋਂ ੭੦੦੦ ਫ਼ੌਜ ਮੁਖ਼ਲਿਸ ਖਾਂ ਦੇ ਅਧੀਨ ਭਿਜਵਾਈ। ਗੁਰੂ ਜੀ ਤੇ ਮੁਖ਼ਲਿਸ ਖਾਨ ਦੇ ਆਹਮੋ-ਸਾਹਮਣੇ ਦੋ ਹੱਥ ਹੋ ਗਏ ਤੇ ਅੰਤ ਮੁਖ਼ਲਿਸ ਖਾਂ ਦੀ ਸਰੀਰ, ਜਵਾਨੀ ਤੇ ਜੰਗ ਤੋਂ ਖਲਾਸੀ ਗੁਰੂ ਜੀ ਦੇ ਖੰਡੇ ਦੇ ਵਾਰ ਨਾਲ ਹੋਈ।

ਪ੍ਰੋ. ਸਤਿਬੀਰ ਸਿੰਘ ਜੀ 'ਸਾਡਾ ਇਤਿਹਾਸ' ਪੁਸਤਕ ਦੇ ਪੰਨਾ ਨੰਬਰ ੨੬੦ ਉੱਪਰ ਇਵੇਂ ਲਿਖਦੇ ਹਨ:

"ਉਹ ਖੰਡਾ ਅੱਜ-ਕਲ੍ਹ ਕਰਤਾਰਪੁਰ ਹੈ ਅਤੇ ਇਕ ਹੱਥ ਨਾਲ ਉਠਾਉਣਾ ਅਸੰਭਵ ਹੈ।"

ਇਸ ਪਿੱਛੋਂ ਗੁਰੂ ਜੀ ਸ੍ਰੀ ਹਰਿਗੋਬਿੰਦਪੁਰ ਜਾ ਰਹੇ ਪਰ ਉਥੇ ਦੇ ਜਗੀਰਦਾਰ ਭਗਵਾਨ ਦਾਸ ਘੇਰੜ ਨੇ ਗੁਰੂ ਜੀ 'ਤੇ ਹਮਲਾ ਕਰਕੇ ਆਪਣੀ ਜਾਨ ਗਵਾਈ।

ਉਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਸੂਬੇਦਾਰ ਅਬਦੁਲਾ ਖਾਨ ਦੀ ਸਹਾਇਤਾ ਨਾਲ ਪਿਤਾ ਦਾ ਬਦਲਾ ਲੈਣ ਦੀ ਠਾਣੀ। ਸੰਨ ੧੬੩੦ ਵਿਚ ਇਹ ਦੂਜੀ ਜੰਗ ਹੋਈ। ਹੁਣ ਤਕ ਗੁਰੂ ਜੀ ਦੀ ਸੈਨਾ ਭੀ ਹਰ ਤਰ੍ਹਾਂ ਸਾਜ਼ੋ-ਸਾਮਾਨ ਨਾਲ ਤਿਆਰ ਹੋ ਚੁੱਕੀ ਸੀ। ਇਹ ਲੜਾਈ ਕਰਤਾਰਪੁਰ (ਜਲੰਧਰ) ਵਿਚ ਹੋਈ। ਇਸ ਵਿਚ ਗੁਰੂ ਜੀ ਦੇ ਵੱਡੇ ਸਪੁੱਤਰ ਗੁਰਦਿੱਤਾ ਜੀ ਅਤੇ ਛੋਟੇ ਸੁਪੱਤਰ (ਗੁਰੂ) ਤੇਗ ਬਹਾਦਰ ਜੀ ਨੇ ਭੀ ਬਹਾਦਰੀ ਵਿਖਾਈ। ਸਿੱਖ ਸੈਨਾ ਦੇ ਜੋਸ਼ ਤੇ ਤਲਵਾਰ ਅੱਗੇ ਮਾਂਗਵੀਆਂ ਤੇ ਤਨਖ਼ਾਹਦਾਰ ਫ਼ੌਜਾਂ ਦੀ ਕੋਈ ਪੇਸ਼ ਨਾ ਗਈ ਸਗੋਂ ਰਤਨ ਚੰਦ ਤੇ ਅਬਦੁਲਾ ਖਾਂ ਦੀ ਮੌਤ ਕਰਤਾਰਪੁਰ ਦੇ ਇਸ ਜੰਗ ਵਿਚ ਲੜਦਿਆਂ ਹੋਈ ਜੋ ਸੰਨ ੧੬੩੦ ਵਿਚ ਮੁੱਕਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਸਿੱਖੀ ਉਦੇਸ਼ਾਂ ਦੇ ਪ੍ਰਚਾਰ ਲਈ ਦੇਸ਼ ਰਟਨ ਜਾਂ ਯਾਤਰਾ ਕਰਨ ਜਾਂਦੇ ਸਨ। ਅੰਮ੍ਰਿਤਸਰ ਤੋਂ ਝਬਾਲ, ਕਰਤਾਰਪੁਰ ਤੇ ਸ੍ਰੀ ਹਰਿਗੋਬਿੰਦਪੁਰ ਦਾ ਵਰਣਨ ਤਾਂ ਉਪਰ ਆ ਹੀ ਚੁੱਕਾ ਹੈ। ਪੂਰਬ ਵਿਚ ਆਪ ਦਾ ਗੋਰਖਮਤੇ (ਬਰੇਲੀ ਤੋਂ ਅੱਗੇ ਪਹਾੜੀਆਂ ਵਿਚ ਉਹ ਸਥਾਨ ਹੈ, ਜਿਥੋਂ

ਦਾ ਮਿਠੇ ਰੇਠਿਆਂ ਦਾ ਪ੍ਰਸ਼ਾਦ ਕਈ ਯਾਤਰੀ ਪੰਜਾਬ ਲੈ ਕੇ ਆਉਂਦੇ ਹਨ) ਤਕ ਜਾਣ ਦਾ ਪਤਾ ਲਗਦਾ ਹੈ। ਇਹ ਯਾਤਰਾਵਾਂ ਨਿਰੀਆਂ ਪੀਰੀ ਜਾਂ ਸਿੱਖੀ ਸੇਵਕੀ ਦੀਆਂ ਹੀ ਨਹੀਂ ਸਨ, ਇਨ੍ਹਾਂ ਦੇ ਨਾਲ-ਨਾਲ ਹੀ ਮੀਰੀ ਚਲਦੀ ਸੀ। ਆਪ ਦੀ ਯਾਤਰਾ ਫਕੀਰਾਂ ਵਾਲੀ ਨਹੀਂ ਬਲਕਿ ਇੰਨੀ ਠਾਠ-ਬਾਠ ਵਾਲੀ ਹੁੰਦੀ ਸੀ ਕਿ ਸ਼ਾਹੀ ਤੰਬੂਆਂ ਦੇ ਟਾਕਰੇ 'ਤੇ ਇਨ੍ਹਾਂ ਦੇ ਵੀ ਤੰਬੂ ਹੁੰਦੇ ਸਨ।

ਆਪ ਕਸ਼ਮੀਰ ਜਾਂਦੇ ਗੁਜਰਾਤ ਪੁੱਜੇ। ਉਥੇ ਇਕ ਬਹੁਤ ਪ੍ਰਸਿੱਧ ਫ਼ਕੀਰ ਸ਼ਾਹ ਦੌਲਾ ਸੀ ਉਹ ਆਪ ਦੇ ਦਰਸ਼ਨਾਂ ਨੂੰ ਆਇਆ। ਉਸ ਦੇ ਮਨ ਵਿਚ ਉਸ ਧਾਰਮਕ ਆਗੂ (ਗੁਰੂ) ਦੀ ਸ਼ਾਇਦ ਆਪਣੇ ਵਰਗੀ ਹੀ ਤਸਵੀਰ ਸੀ। ਉਹ ਸ਼ਾਹੀ ਠਾਠ-ਬਾਠ (ਘੋੜੇ, ਫ਼ੌਜਾਂ, ਕਲਗੀ ਤੇ ਤਲਵਾਰਾਂ) ਵੇਖ ਕੇ ਅਚੰਭਿਤ ਹੋਇਆ। ਉਸ ਦੇ ਕਈ ਇਕ ਰਮਜ਼-ਭਰੇ ਪ੍ਰਸ਼ਨਾਂ ਦੇ ਉੱਤਰ ਖੜਗਧਾਰੀ ਗੁਰੂ ਨੇ ਦਿੱਤੇ-

ਔਰਤ ਈਮਾਨ,
ਦੌਲਤ ਗੁਜ਼ਰਾਨ,
ਪੁਤਰ ਨਿਸ਼ਾਨ।

ਕਰਤਾਰਪੁਰ ਦੀ ੧੬੩੪ ਈ. ਵਿਚ ਹੋਈ ਲੜਾਈ ਪਿੱਛੋਂ ਬਾਬਾ ਬੁੱਢਾ ਜੀ ਦਾ ਸਰੀਰ ਢਿੱਲਾ ਹੋਣ 'ਤੇ ਉਹਨਾਂ ਵੱਲੋਂ ਵੀ ਦਰਸ਼ਨਾਂ ਦੀ ਤਾਂਘ ਕਾਰਨ ਆਪ ਰਮਦਾਸ (ਅੰਮ੍ਰਿਤਸਰ-ਡੇਰਾ ਬਾਬਾ ਨਾਨਕ ਰੇਲਵੇ ਲਾਈਨ ਦਾ ਸਟੇਸ਼ਨ ਜਾਂ ਬਾਬਾ ਬੁੱਢਾ ਜੀ ਦਾ ਨਿਵਾਸ ਅਸਥਾਨ ਸੀ) ਗਏ ਤੇ ਬਾਬਾ ਬੁੱਢਾ ਜੀ ਦੀ ਮ੍ਰਿਤੂ ਹੋਣ ਉਤੇ ਆਪਣੇ ਹੱਥੀਂ ਉਨ੍ਹਾਂ ਦਾ ਸਸਕਾਰ ਕੀਤਾ।

ਭਾਈ ਬਿਧੀ ਚੰਦ ਨੇ ਲਾਹੌਰ ਤੋਂ ਉਹ ਘੋੜੇ ਭੇਸ ਬਦਲ ਕੇ ਲੈ ਆਂਦੇ ਜੋ ਲਾਹੌਰ ਦੇ ਲਲਾ ਬੇਗ ਫ਼ੌਜਦਾਰ ਨੇ ਕਾਬਲ ਤੋਂ ਇਕ ਮਸੰਦ ਰਾਹੀਂ ਗੁਰੂ ਜੀ ਲਈ ਆਉਂਦੇ ਖੋਹ ਲਏ ਸਨ।

ਬਾਜ਼ ਦੀ ਥਾਂ ੧੬੩੧ ਈ. ਵਿਚ ਘੋੜਿਆਂ ਪਿੱਛੇ ਲੜਾਈ ਹੋਈ। ਉਸ ਵੇਲੇ ਤਕ ਗੁਰੂ ਜੀ ਮਾਲਵੇ ਵਿਚ ਪੁੱਜ ਚੁੱਕੇ ਸਨ। ਇਸ ਵਿਚ ਗੁਰੂ ਕੀ ਸੈਨਾ ਉਤੇ ਹਮਲਾ ਲਲਾ ਬੇਗ ਤੇ ਜਲੰਧਰ ਦੇ ਫ਼ੌਜਦਾਰ ਕਮਰ ਬੇਗ ਦੀਆਂ ਫ਼ੌਜਾਂ ਵੱਲੋਂ ਹੋਇਆ। ਨਤੀਜਾ ਅੱਗੇ ਵਾਲਾ ਹੀ ਸੀ। ਇਹ ਲੜਾਈ ਨਿਥਾਣਾ ਦੇ ਮਿਹਰਾਜ ਦੇ ਲਾਗੇ ਇਕ ਢਾਬ ਉੱਤੇ ਹੋਈ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਦੋਹਾਂ ਪਾਸਿਆਂ ਤੋਂ ੧੨੦੦ ਜਵਾਨ ਮਾਰੇ ਜਾਣ ਦਾ ਅਨੁਮਾਨ ਲਿਖਿਆ ਹੈ। ਲਲਾ ਬੇਗ ਤੇ ਕਮਰ ਬੇਗ ਦੋਵੇਂ ਤਲਵਾਰ ਦੇ ਘਾਟ ਉਤਾਰੇ ਗਏ। ਇਥੇ ਹੀ ਗੁਰੂ ਸਾਹਿਬ ਨੇ ਇਕ ਤਲਾਬ 'ਗੁਰੂ ਸਰ' ਨਾਂ ਦਾ ਬਣਾਇਆ। ਗੁਰੂ ਜੀ ਦੀ ਆਗਿਆ ਨਾਲ 'ਮਿਹਰਾਜ' ਦਾ ਨਗਰ ਮੋਹਨ ਨੇ ਵਸਾਇਆ ਜੋ ਫਿਰੋਜ਼ਪੁਰ ਜ਼ਿਲ੍ਹੇ ਵਿਚ ਬਾਹੀਏ ਦਾ ਪ੍ਰਧਾਨ ਨਗਰ ਹੈ ਤੇ ਗੁਰਦੁਆਰੇ ਹਨ।

ਲੜਾਈ ਤੋਂ ਪਿੱਛੋਂ ਗੁਰੂ ਜੀ ਕੁਝ ਚਿਰ ਹੋਰ ਮਾਲਵੇ ਵਿਚ ਰਹਿ ਕੇ ਮੁੜ ੧੬੩੨ ਈ. ਵਿਚ ਕਰਤਾਰਪੁਰ ਆ ਟਿਕੇ। ਇਥੇ ਹੀ ਗੁਰੂ ਜੀ ਦੇ ਆਪਣੇ ਪਾਲੇ ਹੋਏ ਯਤੀਮ ਪੈਂਦੇ ਖਾਂ ਪਠਾਨ ਦੀ ਗਦਾਰੀ ਨੇ ਜੋ ਹੁਣ ਗੁਰੂ ਜੀ ਦੀ ਸੈਨਾ ਵਿਚ ਹੀ ਸੀ, ਕਾਲੇ ਖਾਂ (ਮੁਖਲਿਸ ਦੇ ਭਰਾ) ਤੇ ਜਲੰਧਰ ਦੇ ਕੁਤਬਦੀਨ ਨੂੰ ਨਾਲ ਰਲਾ ਕੇ ੧੬੩੪ ਈ. ਵਿਚ ਕਰਤਾਰਪੁਰ ਉਤੇ ਚੜ੍ਹਾਈ ਕਰ ਦਿੱਤੀ।

ਇਸ ਚੌਥੀ ਲੜਾਈ ਵਿਚ ਗੁਰੂ ਜੀ ਦੇ ਸਪੁੱਤਰਾਂ ਬਾਬਾ ਗੁਰਦਿੱਤਾ ਜੀ ਤੇ (ਗੁਰੂ) ਤੇਗ ਬਹਾਦਰ ਜੀ ਜੋ ਉਸ ਵੇਲੇ ਕੇਵਲ ੧੨ ਸਾਲ ਦੀ ਅਵੱਸਥਾ ਦੇ ਸਨ ਤੇ ਭਾਈ ਬਿਧੀ ਚੰਦ ਜੀ ਨੇ ਵਿਰੋਧੀਆਂ ਨੂੰ ਕਰਾਰੇ ਹੱਥ ਦਿਖਾਏ। ਏਥੇ ਪੈਂਦੇ ਖਾਂ ਗੁਰੂ ਜੀ ਦੇ ਵਾਰ ਨਾਲ ਘਾਇਲ ਹੋ ਕੇ 'ਹਾਇ' ਕਰਦਾ ਡਿੱਗਾ ਤਾਂ ਮੀਰ ਗੁਰੂ ਦੀ ਪੀਰੀ ਨੇ ਆਵਾਜ਼ ਦਿੱਤੀ: "ਪੈਂਦੇ ਖਾਂ! ਆਖਰੀ ਵਕਤ ਹੈ, ਕਲਮਾ (ਮੁਸਲਮਾਨੀ ਮੂਲ ਮੰਤ੍ਰ- ਲਾ ਇੱਲਾ ਇਲ ਇਲਾ, ਮੁਹੰਮਦ ਰਸੂਲ ਇਲਾ) ਪੜ੍ਹ।"

ਕਹਿੰਦੇ ਹਨ, ਉਸ ਕਿਹਾ- "ਤੁਹਾਡੀ ਤਲਵਾਰ ਹੀ ਮੇਰਾ ਕਲਮਾ ਹੈ।" ਗੁਰੂ ਜੀ ਨੇ ਮਰ ਰਹੇ ਪੈਂਦੇ ਖਾਂ ਉੱਤੇ ਆਪਣੀ ਢਾਲ ਨਾਲ ਛਾਂ ਕੀਤੀ। ਸੋ ਪੈਂਦੇ ਖਾਂ ਤੇ ਕਾਲੇ ਖਾਂ, ਦੋਵੇਂ ਖਾਨ (ਪਠਾਣ) ਇਸ ਜੰਗ ਦੀ ਭੇਂਟ ਹੋਏ।

ਇਸ ਪਿੱਛੋਂ ਗੁਰੂ ਜੀ ਨੇ ਪੱਕੀ ਤਰ੍ਹਾਂ ਕੀਰਤਪੁਰ (ਅਨੰਦਪੁਰ ਸਾਹਿਬ ਦੇ ਲਾਗੇ) ਜਾ ਡੇਰੇ ਲਾਏ। ਇਥੇ ਹੁੰਦਿਆਂ ਹੀ ਆਪ ਯਾਤਰਾ ਲਈ ਉੱਤਰ (ਪਹਾੜੀ ਇਲਾਕੇ) ਵੱਲ ਗਏ। ਨਾਹਨ (ਸ੍ਰੀਨਗਰ) ਤੋਂ ਆਪ ਪਾਸ ਇਕ ਸਾਧੂ ਸਮਰਥ ਰਾਮਦਾਸ ਗਿਆਨ ਗੋਸ਼ਟ ਲਈ ਆਇਆ। ਸ਼ੰਕੇ ਉਸ ਦੇ ਭੀ ਸ਼ਾਹ ਦੌਲਾ ਪੀਰ ਵਰਗੇ ਹੀ ਸਨ। ਗੁਰੂ ਜੀ ਦੇ ਉੱਤਰ ਭੀ ਉਸੇ ਭਾਵ ਵਾਲੇ ਸਨ:

ਬਾਤਨ (ਭੇਤ ਵਿਚ, ਅੰਦਰ, ਲੁਕਵੀਂ) ਫਕੀਰੀ।
ਜ਼ਾਹਰ (ਪ੍ਰਗਟ, ਦਿਸਦੀ) ਅਮੀਰੀ।
ਸ਼ਸਤ੍ਰ ਗਰੀਬ ਦੀ ਰੱਖਿਆ।
ਜਰਵਾਣੇ ਕੀ ਭਖਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਨਵੀਆਂ ਥਾਵਾਂ ਵਸਾਉਣ ਤੇ ਨਵੇਂ ਸਥਾਨ ਬਨਾਉਣ ਵੱਲ ਉਵੇਂ ਹੀ ਧਿਆਨ ਦਿੰਦੇ ਰਹੇ, ਜਿਵੇਂ ਆਪ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਪ੍ਰਯੰਤ ਗੁਰੂ ਸਾਹਿਬਾਨ ਕਰਦੇ ਰਹੇ। ਅਕਾਲ ਬੁੰਗਾ, ਕੌਲਸਰ, ਬਿਬੇਕਸਰ, ਅੰਮ੍ਰਿਤਸਰ ਵਿਚ ਤੇ ਡੇਰਾ ਸਾਹਿਬ ਲਾਹੌਰ ਵਿਚ ਆਪ ਜੀ ਦੀ ਕ੍ਰਿਪਾ ਦੇ ਫਲ ਹਨ।

ਇਉਂ ਮੀਰੀ-ਪੀਰੀ ਦੇ ਮਾਲਕ, ਤੁਲਨਾਤਮਕ ਜੀਵਨ ਦੇ ਸੁੰਦਰ ਦ੍ਰਿਸ਼ਟਾਂਤ, ਖੜਗਧਾਰੀ ਤੋਂ ਬੰਦੀ-ਛੋੜ ਗੁਰੂ ਨੇ ਪ੍ਰਚਾਰ ਤੇ ਜੰਗ ਦੋਵੇਂ ਕਰਦਿਆਂ ਸੰਤਾਂ ਨੂੰ ਉਭਾਰਦਿਆਂ ਤੇ ਉਸਾਰਦਿਆਂ, ਦੁਸ਼ਟਾਂ ਨੂੰ ਸੰਘਾਰਦਿਆਂ, ਅਨੇਕਾਂ ਹਿੰਦੂ ਮੁਸਲਮਾਨਾਂ ਨੂੰ ਸਿੱਖੀ ਵੱਲ ਲਿਆਉਂਦਿਆਂ, ਕੀਰਤਪੁਰ ਵਿਚ ਹੀ ੧੬੪੪ ਈ. ਵਿਚ ਆਪਣੀ ਸੰਸਾਰ ਯਾਤਰਾ ਖ਼ਤਮ ਕੀਤੀ।

ਭਾਈ ਗੁਰਦਾਸ ਜੀ ਦਾ ਅੱਖੀਂ ਡਿੱਠਾ ਨਿਰਣਾ ਕਿੰਨਾ ਵੱਡਾ ਸੱਚ ਹੈ:

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

ਇਸ ਸੰਪੂਰਨ ਜੀਵਨ ਦੇ ਚਾਨਣ ਵਿਚ ਭਾਈ ਗੁਰਦਾਸ ਜੀ ਦਾ ਇਸੇ ਪਉੜੀ ਵਿਚ ਕੱਢਿਆ ਨਤੀਜਾ ਹੋਰ ਚਮਕਦਾ ਹੈ:

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

ਵਡ ਜੋਧਾ ਬਹੁ ਪਰਉਪਕਾਰੀ

ਜ਼ਿੰਦਗੀ ਇਕ ਹੁਨਰ ਹੈ, ਕਲਾ ਹੈ, ਜਿਸ ਦਾ ਕਮਾਲ ਕਿਸੇ-ਕਿਸੇ ਨੂੰ ਹਾਸਲ ਹੈ। ਜਿਨ੍ਹਾਂ ਪਾਸ ਜੀਵਨ-ਜਾਚ ਦੀ ਇਹ ਕਲਾ ਨਹੀਂ, ਉਨ੍ਹਾਂ ਦੀ ਇਥੇ ਬਹਿਸ ਨਹੀਂ, ਵਿਚਾਰ-ਚਰਚਾ ਉਨ੍ਹਾਂ ਜੀਵਨ-ਸੰਗ੍ਰਾਮੀਆਂ ਦੀ ਹੈ, ਜਿਨ੍ਹਾਂ ਸੰਸਾਰਕ ਰਣ-ਭੂਮੀ ਵਿਚ ਬਿਖੜੇ ਹਾਲਾਤ ਦੇ ਬਾਵਜੂਦ ਬੇਖੌਫ਼ ਹੋ ਕੇ ਲੜਨਾ ਪ੍ਰਵਾਨ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਜਿਹੇ ਹੀ ਬੀਰ ਮਹਾਂਪੁਰਖ ਸਨ, ਜਿਨ੍ਹਾਂ ਧਰਮ ਦੀ ਸ਼ਕਤੀ ਅਤੇ ਸੰਸਾਰਕ ਸ਼ਕਤੀ ਦਾ ਸੰਗਮ ਰਚ ਕੇ ਸੰਤ ਸਿਪਾਹੀ ਵਾਦ ਦੀ ਇਕ ਨਵੀਂ ਲਹਿਰ ਚਲਾਈ। ਤਲਵਾਰ ਜਿਹੀ ਮਾਰੂ ਚੀਜ਼ ਨੂੰ ਉਸਾਰੂ ਮਨੋਰਥਾਂ ਲਈ ਵਰਤਣਾ ਇਸੇ ਕਲਾ ਦਾ ਕ੍ਰਿਸ਼ਮਾ ਸੀ। ਆਮ ਤੌਰ 'ਤੇ ਜੋਧੇ ਤਲਵਾਰੀਏ ਅਹੰਕਾਰੀ ਤੇ ਸਵਾਰਥੀ ਹੋ ਕੇ ਵਿਕਾਰੀ ਹੋ ਜਾਂਦੇ ਤੇ ਪਰਉਪਕਾਰੀ ਹੋਣ ਦਾ ਸੁਭਾਅ ਹਾਸਲ ਨਹੀਂ ਕਰ ਸਕਦੇ ਸਨ ਤੇ ਮਾਰੋਮਾਰੀ ਨੂੰ ਹੀ ਸਾਰੀ ਕਲਾਕਾਰੀ ਮੰਨ ਬਹਿੰਦੇ ਸਨ। ਇਸੇ ਦਾ ਮੰਦਾ ਨਤੀਜਾ ਇਹ ਸੀ ਕਿ ਹਿੰਦ ਵਿਚ ਜਾਂ ਮਾਰ ਖਾਣ ਵਾਲੇ ਸਨ ਜਾਂ ਮਾਰਨ ਵਾਲੇ, ਜੀਉਣ ਜੋਗਾ ਕੋਈ ਵੀ ਨਹੀਂ ਸੀ। ਗੁਰੂ ਸਾਹਿਬਾਨ ਨੇ ਪਹਿਲੇ ਸੌ ਸਾਲ ਲਾ ਕੇ ਐਸੇ ਸ੍ਰੇਸ਼ਟਾਚਾਰੀ ਪੁਰਸ਼ ਤਿਆਰ ਕੀਤੇ ਜੋ ਤਲਵਾਰ ਧਾਰਨ ਦੇ ਯੋਗ ਅਧਿਕਾਰੀ ਬਣ ਸਕਦੇ ਸਨ। ਪ੍ਰਭੂ ਭਗਤੀ ਤੇ ਸਦਾਚਾਰ ਦੀ ਬਰਕਤ ਨਾਲ ਐਸੀਆਂ ਨਿਰਭਉ ਤੇ ਨਿਰਵੈਰ ਆਤਮਾਵਾਂ ਤਿਆਰ ਕੀਤੀਆਂ ਗਈਆਂ ਜੋ ਖ਼ੂੰਖਾਰ ਹੋ ਕੇ ਬਦਅਮਨੀ ਤੇ ਤਬਾਹੀ ਦਾ ਕਾਰਨ ਨਾ ਬਣਨ ਸਗੋਂ ਪਰਉਪਕਾਰੀ ਹੋ ਕੇ ਲੋਕ-ਭਲਾਈ ਦਾ ਬਾਨ੍ਹਣੂ ਬੰਨ੍ਹਣ।

ਜਹਾਂਗੀਰ ਦੀ ਜਾਬਰ ਹਕੂਮਤ ਨੇ ਸ਼ਾਂਤੀ ਦੇ ਪੁੰਜ ਮਹਾਨ ਧਰਮਾਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਤਿ ਘਿਨਾਉਣੀ ਜ਼ਿਆਦਤੀ ਕਰਕੇ ਰੰਗ ਵਿਚ ਭੰਗ ਪਾ ਦਿੱਤਾ ਜਿਸ ਕਰਕੇ ਕੇਵਲ ਸਿੱਖਾਂ ਵਿਚ ਹੀ ਨਹੀਂ ਬਲਕਿ ਦੇਸ਼ ਭਰ ਵਿਚ ਜਬਰ ਵਿਰੁੱਧ ਰੋਸ ਤੇ ਜੋਸ਼ ਪੈਦਾ ਹੁੰਦਾ ਗਿਆ। ਇਸ ਜਬਰ ਵਿਰੋਧੀ ਜਨਤਕ ਅੰਦੋਲਨ ਦੀਆਂ ਭਖਦੀਆਂ ਚੰਗਿਆੜੀਆਂ ਨੂੰ ਸੰਗਠਿਤ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਨਵਾਂ ਮੋੜ ਦਿੱਤਾ। ਉਨ੍ਹਾਂ ਕਿਹਾ, "ਅਸਾਂ ਧਾਰਮਿਕ ਸਹਿਨਸ਼ੀਲਤਾ ਤੇ ਸੰਜਮ ਨੂੰ ਤਿਆਗਣਾ ਨਹੀਂ ਬਲਕਿ ਇਸ ਦੇ ਨਾਲ ਸੰਸਾਰਕ ਸਮਰੱਥਾ ਨੂੰ ਵਿਕਸਤ ਕਰਕੇ ਧਰਮ ਦੀ ਸ਼ਕਤੀ ਨੂੰ ਹੋਰ ਵਧੇਰੇ ਬਲਵਾਨ ਬਣਾਉਣਾ ਹੈ।" ਇਸੇ ਕਰਕੇ ਉਨ੍ਹਾਂ ਖ਼ੁਦ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਗੁਰਿਆਈ ਦੀ ਰਸਮ ਭੁਗਤਾਈ।

ਸਿੱਖਾਂ ਨੂੰ ਹਿਦਾਇਤ ਕੀਤੀ ਗਈ ਕਿ ਗੁਰੂ-ਦਰਬਾਰ ਲਈ ਜੇ ਕੋਈ ਭੇਟਾ ਸੁਗਾਤਾਂ ਲਿਆਵੇ ਤਾਂ ਵਧੀਆ ਸ਼ਸਤਰ ਤੇ ਵਧੀਆ ਨਸਲ ਦੇ ਘੋੜੇ ਪੇਸ਼ ਕੀਤੇ ਜਾਣ ਤਾਂ ਕਿ ਇਸ ਨੇਕੀ ਦੇ

ਸਮੇਂ ਨੂੰ ਸਭ ਤਰ੍ਹਾਂ ਸੁਰੱਖ਼ਿਅਤ ਕੀਤਾ ਜਾ ਸਕੇ। ਸ੍ਰੀ ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਸੀ ਕਿ ਜੇਕਰ ਤਾਕਤਵਰ ਦਾ ਤਾਕਤ ਵਾਲੇ ਨਾਲ ਮੁਕਾਬਲਾ ਪੈ ਜਾਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖਿਰ ਜ਼ਿੰਦਗੀ ਇਕ ਸੰਗਮ ਹੈ ਤੇ ਨੇਕੀ ਲਈ ਸੰਗ੍ਰਾਮ ਰਚਣਾ ਇਕ ਵਧੀਆ ਕਲਾ ਹੈ। ਪਰ ਜਦ ਕਿਸੇ ਨਿਰਬਲ-ਨਿਤਾਣੇ ਤੇ ਬਲਵਾਨ ਨੂੰ ਇਕੋ ਅਖਾੜੇ ਵਿਚ ਆਹਮੋ-ਸਾਹਮਣੇ ਦੰਗਲ ਲਈ ਖੜ੍ਹਾ ਕਰ ਦਿੱਤਾ ਜਾਂਦਾ ਹੈ ਤਾਂ ਇਹ ਨਿਆਇ-ਸੰਗਤ ਨਹੀਂ ਹੁੰਦਾ, ਜਿੱਤ-ਹਾਰ ਦੀ ਜ਼ਿੰਮੇਵਾਰੀ ਮਾਲਕ ਦੇ ਸਿਰ ਪੈਂਦੀ ਹੈ।

ਇਸੇ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਭਗਤੀ ਅਤੇ ਸ਼ਕਤੀ ਦਾ ਸੰਗਮ ਰਚ ਕੇ ਜ਼ਿੰਦਗੀ ਨੂੰ ਹਰ ਤਰ੍ਹਾਂ ਤਿਆਰ-ਬਰ-ਤਿਆਰ ਕੀਤਾ। ਜੰਗ ਜਿੱਤਣ ਦੀ ਥਾਂ ਮਨ ਜਿੱਤਣ ਨੂੰ ਤਰਜੀਹ ਦਿੱਤੀ:

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥੧॥

(ਪੰਨਾ ੬੭੯)

ਇਸ ਤਰ੍ਹਾਂ ਦੇ ਆਤਮਿਕ ਤੌਰ 'ਤੇ ਵਿਜਈ ਸਿੱਖਾਂ ਨੂੰ ਤਲਵਾਰਾਂ ਪਹਿਨਾਈਆਂ ਗਈਆਂ, ਸਾਧਾਰਣ ਸੰਗਤਾਂ ਫ਼ੌਜਾਂ ਸਜਾਈਆਂ ਗਈਆਂ, ਛਪਰੀਆਂ ਨੇ ਛਾਉਣੀਆਂ ਦਾ ਰੂਪ ਧਾਰਿਆ ਤੇ ਮਾਲਾ ਫੇਰਨ ਵਾਲੇ ਹੱਥ ਗੁਰਜਾਂ ਫੇਰਨ ਲੱਗੇ ਅਤੇ ਹਰਿ-ਕੀਰਤਨ ਦੀਆਂ ਝੁਨਕਾਰਾਂ ਨਾਲ ਬੀਰ-ਰਸੀ ਵਾਰਾਂ ਦੀਆਂ ਗੁੰਜਾਰਾਂ ਪੈਣ ਲੱਗੀਆਂ। ਇਹ ਸਭ ਕੁਝ ਇਸ ਲਈ ਕਰਨਾ ਪਿਆ ਕਿਉਂਕਿ ਜਾਬਰ ਇਸ ਗ਼ਲਤ-ਫਹਿਮੀ ਦਾ ਸ਼ਿਕਾਰ ਸੀ ਕਿ ਸ਼ਾਇਦ ਘੱਟ ਤਾਕਤ ਦਾ ਇਸਤੇਮਾਲ ਹੋਣ ਕਰਕੇ ਸਿੱਖ ਲਹਿਰ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ। ਸ੍ਰੀ ਗੁਰੂ ਅਮਰਦਾਸ ਜੀ ਦੇ ਜ਼ਮਾਨੇ ਸਿੱਖ, ਲੰਗਰ ਲਈ ਬਿਆਸ ਦਰਿਆ ਤੋਂ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ ਤੇ ਆਏ-ਗਏ ਯਾਤਰੂ ਦੀ ਪਿਆਸ ਬੁਝਾਉਂਦੇ ਸਨ ਲੇਕਿਨ ਮੱਛਰੀ ਹੋਈ ਮੁਗ਼ਲ ਮੁੰਡੀਹਰ ਤੀਰਾਂ ਦੇ ਨਿਸ਼ਾਨੇ ਲਾ-ਲਾ ਮਸ਼ਕਾਂ ਪਾੜ ਛੱਡਦੀ ਸੀ। ਗੁਰੂ ਸਾਹਿਬ ਨੇ ਘੜੇ ਲੈ ਕੇ ਦਿੱਤੇ ਪਰ ਸ਼ਰਾਰਤੀ ਲੋਕਾਂ ਗੁਲੇਲੇ ਮਾਰ ਘੜੇ ਵੀ ਭੰਨ ਦਿੱਤੇ। ਫਿਰ ਗਾਗਰਾਂ ਦਾ ਇੰਤਜ਼ਾਮ ਕੀਤਾ ਗਿਆ। ਪਰੰਤੂ ਬਿਖੇੜਾ ਕਰਨ ਵਾਲੇ ਲੋਕ ਫਿਰ ਵੀ ਬਾਜ ਨਾ ਆਏ। ਅੰਤ ਸ਼ਾਂਤੀ ਦੇ ਪੁੰਜ, ਕੋਮਲ ਕਲਾਕਾਰ ਧਰਮਾਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦੇ ਰੇਤਲੇ ਥਲਾਂ ਵਿਚ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ, ਉਸ ਲੋਕ-ਪ੍ਰਿਯ ਗੁਰੂ ਜੀ ਨੂੰ ਜਿਨ੍ਹਾਂ ਦੇ ਦਰਬਾਰ ਵਿਚ ਕੱਲ ਬਾਦਸ਼ਾਹ ਅਕਬਰ ਖ਼ੁਦ ਹਾਜ਼ਰੀ ਭਰਨ ਆਇਆ ਸੀ। ਇਸ ਬਦੀ ਦੀ ਕੋਝੀ ਕਰੂਰ ਹਿੰਸਾ ਤੇ ਨੇਕੀ ਦੀ ਨਫੀਸ ਅਹਿੰਸਾ-ਦੋਹਾਂ ਦੀ ਹੱਦ ਸੀ। ਅਜੇਹੀ ਅਵਸਥਾ ਦੇਖ ਕੇ ਹੀ ਛਠਮ ਗੁਰੂ ਜੀ ਨੇ ਸੰਤ-ਸਿਪਾਹੀ ਵੇਸ ਧਾਰਨਾ ਪਸੰਦ ਕੀਤਾ। ਇਹ ਤਬਦੀਲੀ ਕੋਈ ਸਾਧਾਰਣ ਗੱਲ ਨਹੀਂ ਸੀ ਤੇ ਹਰ ਕੋਈ ਇਸ ਨੂੰ ਸਮਝ ਵੀ ਨਹੀਂ ਸੀ ਸਕਦਾ। ਕਈ ਸਿੱਖ ਵੀ ਭੁਲੇਖਿਆਂ ਦਾ ਸ਼ਿਕਾਰ ਹੋਏ ਕਿ ਸੁਲਹਕੁਲ ਗੁਰੂ ਨਾਨਕ ਸਾਹਿਬ ਦੇ ਗੱਦੀ-ਨਸ਼ੀਨਾਂ ਨੂੰ ਦੋ-ਦੋ ਤਲਵਾਰਾਂ ਧਾਰਨ ਦੀ ਕੀ ਲੋੜ ਹੈ ਪਰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਸਿਆਣੇ ਸਿੱਖਾਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਜਿਵੇਂ ਬਾਗ ਜਾਂ ਖੇਤੀ ਦੀ ਰਾਖੀ

ਲਈ ਕੰਡਿਆਲੀ ਵਾੜ ਕਰਨੀ ਹੀ ਪੈਂਦੀ ਹੈ, ਚੋਰਾਂ-ਡਾਕੂਆਂ ਤੋਂ ਘਰ ਬਚਾਉਣ ਲਈ ਮਜ਼ਬੂਤ ਜੰਦਰਾ-ਕੁੰਡਾ ਲਾਉਣਾ ਹੀ ਪੈਂਦਾ ਹੈ ਤੇ ਹੁਸ਼ਿਆਰ ਕੂਕਰ ਨੂੰ ਪਹਿਰੇਦਾਰ ਬਿਠਾਉਣਾ ਹੀ ਪੈਂਦਾ ਹੈ ਤਿਵੇਂ ਸਿੱਖ ਲਹਿਰ ਨੇ ਸ਼ਸਤਰਧਾਰੀ ਹੋ ਕੇ ਨੇਕੀ ਤੇ ਧਰਮ ਨੂੰ ਸੁਰੱਖਿਅਤ ਕਰਨ ਦਾ ਉਪਰਾਲਾ ਕੀਤਾ ਹੈ।

ਉਸ ਸਮੇਂ ਹਿੰਦੂ ਪਰਜਾ ਦਾ ਪ੍ਰਧਾਨ ਮਾਰਗ 'ਅਹਿੰਸਾ' ਸੀ-ਸਭ ਕੁਝ ਚੁੱਪ ਕਰਕੇ ਬਰਦਾਸ਼ਤ ਕਰੀ ਜਾਣਾ। ਮੁਸਲਮਾਨ ਹਮਲਾਵਰ 'ਜਹਾਦ' ਦੇ ਨਾਂ 'ਤੇ ਹਿੰਸਾ ਦੀ ਨਿਝਕ ਵਰਤੋਂ ਕਰਦੇ ਨਹੀਂ ਸੀ ਸ਼ਰਮਾਉਂਦੇ। ਲੇਕਿਨ ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਤੋਂ ਵਿਲੱਖਣ ਰਸਤਾ ਅਖਤਿਆਰ ਕੀਤਾ। ਉਨ੍ਹਾਂ ਨੇ ਆਖਿਆ ਕਿ ਸ਼ਾਂਤਮਈ ਰਹਿ ਕੇ ਚੰਗੇ ਧਰਮਾਤਮਾ ਬਣੋ ਤੇ ਜੇ ਕੋਈ ਫਿਰ ਵੀ ਨਹੀਂ ਜੀਣ ਦਿੰਦਾ ਤਾਂ ਹੱਥ 'ਤੇ ਹੱਥ ਧਰ ਕੇ ਨਹੀਂ ਬਹਿਣਾ ਸਗੋਂ ਦੋਹਾਂ ਹੱਥਾਂ ਵਿਚ ਤੇਗਾਂ ਫੜ ਕੇ ਬਦੀ ਨਾਲ ਨਿਧੜਕ ਹੋ ਕੇ ਜੂਝਣਾ ਹੀ ਧਰਮ ਹੈ। ਤਲਵਾਰ ਦੀ ਵਰਤੋਂ ਸਦਾ ਜ਼ਰੂਰੀ ਨਹੀਂ, ਇਹ ਤਾਂ ਮਜਬੂਰੀ ਦਾ ਅਮਲ ਹੈ ਪਰ ਜੇ ਤੇਗ ਉਠਾਉਣੀ ਹੀ ਪੈ ਜਾਵੇ ਤਾਂ ਆਪਣੇ ਸਵੈਮਾਨ ਤੇ ਸੁਤੰਤਰਤਾ ਲਈ ਡੱਟ ਜਾਣਾ ਧਰਮੀ ਪੁਰਸ਼ ਦਾ ਪਰਮ ਕਰਤੱਵ ਹੈ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਥੋੜ੍ਹੇ ਅਰਸੇ ਵਿਚ ਹੀ ਸਿੱਖ ਲਹਿਰ ਨੂੰ ਕ੍ਰਾਂਤੀਕਾਰੀ ਮੋੜਾ ਦੇ ਕੇ ਨਵੀਆਂ ਮੰਜ਼ਲਾਂ ਸੁਝਾਈਆਂ ਤੇ ਇਨਕਲਾਬ ਨੂੰ ਪੌੜੀਆਂ ਲਾਈਆਂ। ਢਾਡੀ ਨੱਥ ਮਲ ਦਾ ਬਿਆਨ ਹੈ:

ਤੇਰਾ ਨਾਮ ਲਿਆਂ ਗੁਰੂ ਹਰਿਗੋਬਿੰਦ, ਅਮਰਾਵਤਿ ਪਉੜੀ ਚੜ੍ਹੀਦਾ।
ਤੁਧ ਗੋਪ ਉਠਾਲੀ ਪ੍ਰਿਥਮੀ, ਕ੍ਰਿਸਾਣ ਜਿਵਾਵੇਂ ਰੜੀ ਦਾ।
ਕਉਣ ਬੰਦਾ ਤੁਧ ਨਾਲਿ ਅੜੀ ਦਾ।

ਭਾਈ ਗੁਰਦਾਸ ਜੀ ਨੇ ਵੀ ਇਸੇ ਵਿਸ਼ੇਸ਼ਤਾ ਨੂੰ ਉਜਾਗਰ ਕਰਦਿਆਂ ਕਿਹਾ ਹੈ ਕਿ ਜੋਧੇ ਤਾਂ ਹੋਰ ਵੀ ਬਥੇਰੇ ਹੋਏ ਜੋ ਨਿਜੀ ਸਵਾਰਥਾਂ ਲਈ ਲੜਦੇ-ਭਿੜਦੇ ਰਹੇ ਪਰ ਛੱਠਮ ਗੁਰੂ ਦੀ ਖੂਬੀ ਇਹ ਹੈ ਕਿ ਉਨ੍ਹਾਂ ਪਰਉਪਕਾਰ ਖ਼ਾਤਰ ਸ਼ਸਤਰ ਉਠਾਏ ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਦਾ ਹੀ ਦੂਜਾ ਰੂਪ ਸਨ:

ਪੰਜਿ ਪਿਆਲੇ ਪੰਜਿ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ, ਮੂਰਤਿ ਹਰਿਗੋਬਿੰਦ ਸਵਾਰੀ।...
ਦਲਿ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਸੋ ਮੀਰੀ-ਪੀਰੀ ਦੇ ਸੰਗਮ ਦਾ ਸਿਧਾਂਤ, ਧਰਮ ਦੀ ਸ਼ਕਤੀ ਨੂੰ ਹੋਰ ਸਮਰੱਥਾਵਾਨ ਕਰਨਾ ਸੀ ਜਿਸ ਨੇ ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਵਰਗੇ ਮਿਸ਼ਨ ਲਈ ਨਵੇਂ ਰਸਤੇ ਖੋਲ੍ਹ ਦਿੱਤੇ। ਇਹ ਛਠਮ ਗੁਰੂ ਦੀ ਹੀ ਦਾਤ ਸੀ ਜਿਸ ਨੇ ਜਾਬਰਾਨਾ ਅੰਧੇਰੀ ਰਾਤ ਨੂੰ ਉਜਲੇ ਦਿਨ ਵਿਚ ਬਦਲਿਆ।

ਦੋ ਤਲਵਾਰੀ ਬੱਧੀਆਂ

ਪੁਰਾਣਾਂ ਅਥਵਾ ਹਿੰਦੂ ਮਿਥਿਹਾਸ ਵਿਚ ਪੂਜੇ ਜਾਂਦੇ ਕਲਪਤ ਦੇਵਤਿਆਂ ਦੀ ਗਿਣਤੀ ਤੇਤੀ ਕਰੋੜ ਤਕ ਮੰਨੀ ਗਈ ਹੈ। ਐਸੀ ਬਹੁਪ੍ਰਕਾਰੀ ਤੇ ਭਿੰਨ-ਭਿੰਨ ਪੂਜਾ ਦੀ ਵਿਵਸਥਾ ਨੂੰ ਇੱਕ ਸੁਘੜ ਸ਼ਾਇਰ ਤਨਜ਼ਨ, ਹੋਰਵੇਂ ਪ੍ਰਸੰਗ ਵਿਚ ਇਉਂ ਕਲਮਬੰਦ ਕਰਦਾ ਹੈ:

ਬੰਦੇ ਨਹੀਂ ਹੈਂ, ਜਿਤਨੇ ਖ਼ੁਦਾ ਹੈਂ ਜਹਾਨ ਮੇਂ,
ਕਿਸ ਕਿਸ ਖ਼ੁਦਾ ਕੇ ਸਾਹਮਨੇ ਸਿਜਦਾ ਕਰੇ ਕੋਈ?

(ਸੁਖ਼ਨਹਾਏ ਦਾਨਸ਼ਮੰਦਾਂ, 'ਚੋਂ)

ਜਿਵੇਂ-ਜਿਵੇਂ ਭਾਰਤੀ ਸਮਾਜ ਦੀ ਸੂਝ-ਬੂਝ ਵਿਚ ਵਿਕਾਸ ਹੁੰਦਾ ਗਿਆ, ਤਿਵੇਂ-ਤਿਵੇਂ ਇਨ੍ਹਾਂ ਦੇਵਤਿਆਂ ਦੀ ਗਿਣਤੀ ਘਟਦੀ ਗਈ ਅਤੇ ਹਿੰਦੂ ਮਿਥਿਹਾਸ ਕੋਸ਼ ਅਨੁਸਾਰ, ਪ੍ਰਥਮ ਅਸਥਾਨ, 'ਤ੍ਰਿਮੂਰਤੀ' ਕਰਕੇ ਪ੍ਰਵਾਨੇ ਗਏ ਅਗਨੀ, ਸੂਰਜ ਤੇ ਵਾਯੂ (ਜਾਂ ਇੰਦਰ) ਨੂੰ ਦਿੱਤਾ ਗਿਆ। ਉਪਰੰਤ, ਵਿਸ਼ਵ-ਸਾਗਰ 'ਚੋਂ ਨਿਕਲੇ ਸੋਨੇ ਦੇ ਆਂਡੇ ਵਿਚੋਂ ਬ੍ਰਹਮਾ (ਪਰਜਾਪਤੀ) ਦੀ ਉਤਪਤੀ ਅਤੇ ਇਸ ਤੋਂ ਅੱਗੇ ਸ੍ਰਿਸ਼ਟੀ ਰਚਨਾ ਦੀ ਸਾਖੀ ਕਲਪ ਲਈ ਗਈ। ਏਥੇ ਨੋਟ ਕਰਨ ਵਾਲਾ ਬ੍ਰਿਤਾਂਤ ਇਹ ਹੈ ਕਿ ਜਿਥੇ ਮਨੂੰ ਨੇ ਮਨੁੱਖ-ਜਾਤੀ ਨੂੰ ਚਹੁੰ ਕਿੱਤਿਆਂ, ਵਰਣਾਂ, ਜਾਤੀਆਂ, ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ (ਇਸਤ੍ਰੀ ਸਮੇਤ) ਵਿਚ ਵੰਡਿਆ ਹੈ, ਉਥੇ ਰਿਗਵੇਦ ਦੀ ਪੁਰਸ਼ ਸੂਕਤ ਰਿਚਾ ਅਨੁਸਾਰ ਇਹ ਵੰਡ-ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਤਕ ਸੀਮਤ ਹੈ। ਦੂਜੇ, ਇਸ ਵੰਡ ਵਿੱਚ ਸ਼ੂਦਰਾਂ ਤੇ ਸ਼ੰਕਰਾਂ ਦਾ ਕੋਈ ਜ਼ਿਕਰ ਨਹੀਂ ਅਤੇ ਨਾ ਹੀ ਇਹ ਵਰਣਨ 'ਮਨੂੰ ਸਿਮ੍ਰਿਤੀ' ਤੋਂ ਪਹਿਲਾਂ ਹੋਰ ਕਿਧਰੇ ਅੰਕਿਤ ਮਿਲਦਾ ਹੈ। ਹਾਂ, ਸੋਨੇ ਦੇ ਆਂਡੇ ਤੋਂ ਸ੍ਰਿਸ਼ਟੀ ਉਤਪਤੀ ਦਾ ਹਵਾਲਾ 'ਮਨੂੰ' ਨੇ ਵੀ ਦਿੱਤਾ ਹੈ। ਬਹੁਦੇਵ ਦੀ ਇਸ ਲੰਮੀ-ਚੌੜੀ ਪੌਰਾਣਿਕ ਕਥਾ ਦਾ ਅੰਤ, ਆਖਰ ਬ੍ਰਹਮਾ, ਬਿਸ਼ਨ, ਮਹੇਸ਼ ਦੀ ਮਨੌਤ ਤੇ ਪ੍ਰਤਿਭਾ ਉਤੇ ਆ ਨਿੱਬੜਿਆ। ਸ੍ਰਿਸ਼ਟੀ ਰਚਨਾ ਹੋ ਜਾਣ ਉਪਰੰਤ ਬ੍ਰਹਮਾ ਦੀ ਤਾਂ ਮਹੱਤਤਾ ਘਟ ਗਈ ਪਰ ਭਾਰਤੀਆਂ ਨੇ ਅਨੇਕਤਾ, ਇੰਤਸਾਰ, ਤੇ ਖਿੰਡਾਊ-ਬਿਰਤੀ ਅਧੀਨ ਵਿਸ਼ਨੂੰ ਦੇ ਹੋਰ ੨੪ ਅਵਤਾਰ ਕਲਪ ਲਏ, ਜਿਨ੍ਹਾਂ ਵਿਚ ਮੱਛ, ਕੱਛ ਤੇ ਵਰਾਹ (ਸੂਅਰ) ਆਦਿ ਜਾਨਵਰਾਂ ਦੇ ਅਵਤਾਰ ਆਦਿ ਵੀ ਸ਼ਾਮਲ ਹਨ। ਕਲਕੀ ਅਵਤਾਰ ਦਾ ਪ੍ਰਗਟ ਹੋਣਾ ਅਜੇ ਵੀ ਬਾਕੀ ਸਮਝਿਆ ਜਾਂਦਾ ਹੈ। ਸਾਰੇ ਵਿਸ਼ਵ ਵਿਚ ਨਾ ਕੇਵਲ 'ਸ਼ਿਵ' ਦੇ ਲਿੰਗ

(ਲਿੰਗਮ) ਦੀ, ਜਿਸ ਦਾ ਵੇਦਾਂ ਵਿਚ ਕੋਈ ਵਰਣਨ ਨਹੀਂ ਮਿਲਦਾ, ੧੨ ਰੂਪਾਂ ਵਿਚ ਵਿਸ਼ੇਸ਼ ਅਸਥਾਨਾਂ ਉਤੇ ਪੂਜਾ ਹੁੰਦੀ ਹੈ ਸਗੋਂ ਸ਼ਿਵ-ਪਤਨੀ ਪਾਰਬਤੀ ਨੂੰ ਵੀ ੧੬ ਦੇਵੀਆਂ: ਦੁਰਗਾ, ਭਗਉਤੀ, ਕਾਲਕਾ, ਚੰਡਿਕਾ, ਹਿੰਗਲਾ, ਪਿੰਗਲਾ, ਜੱਗ ਮਾਤਾ, ਜਗਦੰਬੇ, ਸੀਤਲਾ ਤੇ ਸ਼ਿਵਾ ਆਦਿ ਦਾ ਹੇਤੂ ਮੰਨ ਕੇ ਪੂਜਿਆ ਜਾਂਦਾ ਹੈ।

ਉਪਰੋਕਤ ਸੰਖੇਪ ਜਿਹੇ ਪੌਰਾਣਿਕ ਬਿਊਰੇ ਤੋਂ ਸਾਡਾ ਭਾਵ ਇਹ ਦਰਸਾਉਣਾ ਹੈ ਕਿ ਹਿੰਦੂ ਸਮਾਜ ਵਿਚ ਕਿਵੇਂ ਪ੍ਰਭੂ ਦੀ ਏਕਤਵਤਾ ਤੇ ਇੱਕ ਇਸ਼ਟ ਉਪਾਸ਼ਨਾ ਅਤੇ ਯੱਕਜਹਿਤੀ, ਦਾ ਸਦਾ ਅਭਾਵ ਰਿਹਾ ਅਤੇ '੨੦ ਪੂਰਬੀਏ ਤੇ ੨੧ ਚੁੱਲ੍ਹੇ' ਵਾਲੀ ਬਿਰਤੀ ਦੀ ਪ੍ਰਬਲਤਾ ਰਹੀ ਹੈ। ਗੋਸਾਈਂ ਤੁਲਸੀ ਦਾਸ ਨੇ ਵੀ ਮਨ ਤੇ ਤਨ ਦੇ ਡੂੰਘੇ ਮੇਲ-ਮਿਲਾਪ ਲਈ ਜੋ ਛੇ ਗੁਣ-ਲੱਛਣ ਮਿੱਥੇ ਹਨ, ਉਨ੍ਹਾਂ ਉਤੇ ਵੀ ਹਿੰਦੂ ਸਮਾਜ ਨੇ ਕਦੀ ਪੂਰਨ ਤੌਰ ਉੱਤੇ ਅਮਲ-ਪੈਰਾ ਹੋਣ ਲਈ ਹੰਭਲਾ ਨਹੀਂ ਮਾਰਿਆ। 'ਗੋਸਾਂਈਂ ਜੀ' ਲਿਖਦੇ ਹਨ:

ਆਸ਼ਾ ਇਸ਼ਟ ਉਪਾਸ਼ਨਾ, ਖਾਣ ਪਾਣ ਪਹਿਰਾਣ।
ਤੁਲਸੀ ਜਾ ਮਹਿ ਖਟ ਮਿਲਹਿ ਸੋਈ ਮਿਲਿਆ ਜਾਣ।

ਸੋ ਹਿੰਦੀਆਂ ਦੀ ਸਭ ਤੋਂ ਵੱਡੀ ਤੇ ਮਾਰੂ ਕਮਜ਼ੋਰੀ ਰਹੀ ਹੈ: ਉਨ੍ਹਾਂ ਅੰਦਰ ਅਕਾਲ ਪੁਰਖ, ਪਰਮਾਤਮਾ ਦੀ ਇਕਾਈ ਤੇ ਉਪਾਸ਼ਨਾ ਉਤੇ ਮੁਹਕਮ ਯਕੀਨ ਅਥਵਾ ਪਰਪੱਕ ਵਿਸ਼ਵਾਸ ਦੀ ਅਣਹੋਂਦ, ਉਸ ਨੂੰ ਕੁੱਲ ਦਿੱਸਦੀ ਤੇ ਅਣਦਿੱਸਦੀ ਰਚਨਾ ਦਾ ਵਾਹਿਦ ਕਰਤਾ, ਧਰਤਾ ਤੇ ਹਰਤਾ ਨਾ ਮੰਨਣ ਦੀ ਭਾਰੀ ਭੁੱਲ। ਜਦ '*ਏਕੁ ਪਿਤਾ ਏਕਸ ਕੇ ਹਮ ਬਾਰਿਕ*' ਦੀ ਸਾਂਝੀ ਤੇ ਪਵਿੱਤਰ ਭਾਵਨਾ ਹੀ ਨਾ ਰਹੀ ਤਾਂ ਸੰਸਾਰ ਉਤਪਤੀ ਬਾਰੇ ਕਲਪੀਆਂ ਤੇ ਇਸ਼ਟ-ਦੇਵਤਿਆਂ ਦੀ ਭਿੰਨਤਾ ਅਨੁਸਾਰ ਪੌਰਾਣਿਕ (ਮਿਥਿਹਾਸਕ) ਕਥਾ-ਕਹਾਣੀਆਂ ਦੀ ਬਿਨਾਅ ਉਤੇ ਮਨੁੱਖ ਦਾ ਜਾਤਾਂ-ਪਾਤਾਂ, ਨਸਲਾਂ ਤੇ ਰੰਗ-ਰੂਪਾਂ ਵਿਚ ਵੰਡਿਆ ਜਾ ਕੇ ਨਿਤਾਣਾ ਤੇ ਬੇਹਿਸ ਹੋ ਜਾਣਾ ਕੁਦਰਤੀ ਸੀ। ਵਰਣ-ਵੰਡ ਅਨੁਸਾਰ ਕੁਝ ਪਾਸ, ਕੇਵਲ ਪਾਠ-ਪੂਜਾ ਤੇ ਭਗਤੀ ਰਹਿ ਗਈ, ਕੁਝ ਪਾਸ ਸ਼ਕਤੀ, ਕੁਝ ਪਾਸ ਬਿਉਪਾਰ ਅਤੇ ਕੁਝ ਪਾਸ ਹੋਰ ਰਹਿੰਦੇ-ਖੂੰਹਦੇ ਕੰਮੀਆਂ ਵਾਲੇ ਕੰਮ-ਕਾਜ। ਸਭ ਤੋਂ ਹੇਠਲੀ ਸ਼੍ਰੇਣੀ ਸ਼ੂਦਰਾਂ (ਅਛੂਤਾਂ) ਨੂੰ ਤਾਂ ਮਨੁੱਖ ਮੰਨਣੋਂ ਵੀ ਇਨਕਾਰ ਕਰ ਦਿੱਤਾ ਗਿਆ। ਰਾਜਨੀਤਕ ਫੁੱਟ ਦੇ ਨਾਲ-ਨਾਲ ਨਸਲ, ਵਰਣ, ਪੂਜਾ-ਪਾਠ ਤੇ ਰੂਪ-ਰੰਗ ਆਦਿ ਤੋਂ ਪੈਦਾ ਹੋਈ ਫੁੱਟ ਤੇ ਨਫ਼ਰਤ ਨੇ ਹਿੰਦੂਆਂ ਨੂੰ ਇਤਨਾ ਨਿਤਾਣਾ, ਸਵਾਰਥੀ ਤੇ ਕਠੋਰ ਕਰ ਦਿੱਤਾ ਕਿ ਜਦ ਵੀ ਕੋਈ 'ਰੁੱਪੇ ਕਾਮੇ' ਦਾ ਭੁੱਖਾ ਜਰਵਾਣਾ, 'ਸੋਨੇ ਦੀ ਚਿੜੀਆਂ' ਮੰਨੇ ਜਾਂਦੇ ਇਸ ਦੇਸ਼ ਉਤੇ ਪੱਛਮ ਵੱਲੋਂ ਹਮਲਾਵਰ ਹੋਇਆ, ਉਹ ਇਸ ਨੂੰ ਲਿਤਾੜਦਾ, ਕੁਚਲਦਾ, ਲੁੱਟਦਾ ਤੇ ਇਸ ਦੀ ਪੱਤ-ਆਬਰੂ ਨਾਲ ਖਲਵਾੜ ਕਰਦਾ ਅੱਗੇ ਵਧਦਾ ਗਿਆ। ਬੁੱਤ-ਸ਼ਿਕਨ ਮਹਿਮੂਦ ਗਜ਼ਨਵੀ ਤਾਂ ਇਕੱਲਾ ਹੀ ਐਸੇ ੧੭ ਹਮਲਿਆਂ ਲਈ ਪ੍ਰਸਿੱਧ ਹੈ। ਇਥੇ ਵਹਿਮਾਂ-ਭਰਮਾਂ ਦੀ ਇਤਨੀ ਭਰਮਾਰ ਸੀ ਕਿ ਜਾਬਰਾਂ ਦਾ ਮਿਲ ਕੇ ਟਾਕਰਾ ਕਰਨ ਦੀ ਥਾਂ ਇਹ ਲੋਕ ਕਲਪੇ ਦੇਵੀ-ਦੇਵਤਿਆਂ ਦੀਆਂ ਪੱਥਰਾਂ

ਦੀਆਂ ਮੂਰਤੀਆਂ ਅੱਗੇ ਸਹਾਇਤਾ ਲਈ ਮੰਤਰ ਪੜ੍ਹਨੇ ਆਰੰਭ ਦਿੰਦੇ ਸਨ। ਅਗਿਆਨਤਾ ਦੇ ਅੰਧਕਾਰ ਵਿਚ ਇਹ ਇਸ ਸੱਚ ਨੂੰ ਭੁੱਲ ਜਾਂਦੇ ਸਨ ਕਿ *'ਪੱਥਰ ਭੀ ਸੁਨਤੇ ਹੈ, ਕਬੀ ਫਰਯਾਦ ਕਿਸੀ ਕੀ?'* ਕਾਸ਼: ਕਦੀ ਇਨ੍ਹਾਂ ਦੇ ਕੰਨਾਂ ਵਿਚ ਕਿਸੇ ਬੁੱਤ-ਘਾੜੇ ਦਾ ਇਹ ਤਾਅਨਾ ਪੈਂਦਾ ਤੇ ਝੰਜੋੜਦਾ:

ਮੇਰੇ ਹਾਥੋਂ ਕੇ ਤਰਾਸ਼ੇ ਹੁਏ ਪੱਥਰ ਕੇ ਸਨਮ,
ਅਬ ਤੂੰ ਬੁੱਤਖਾਨੇ ਮੇਂ ਭਗਵਾਨ ਬਨਾ ਬੈਠਾ ਹੈ?

ਭਾਰਤ-ਵਾਸੀਆਂ ਦੀ ਬਦ-ਬਖਤੀ ਦੀ ਹਿਰਦੇਵੇਧਕ ਵਿਥਿਆ ਇਥੇ ਹੀ ਨਹੀਂ ਮੁਕਦੀ ਸਗੋਂ, ਇਸ ਵਿਚ ਆ ਰਲੇ ਅਸੁਭਾਵਕ 'ਅਹਿੰਸਾਵਾਦ' ਤੇ ਸੰਨਿਆਸ (ਨਿਵਰਤੀ ਮਾਰਗ) ਨੇ ਇਨਾਂ ਨੂੰ ਹੋਰ ਵੀ ਬਲ-ਹੀਣਤਾ ਤੇ ਫੁੱਟ ਦੇ ਰਸਾਤਲ ਵਿਚ ਪਹੁੰਚਾ ਛੱਡਿਆ ਸੀ। ਇਨ੍ਹਾਂ ਦੀ ਹੀਣਤਾ ਦੇ ਗਲ ਦਾ ਕੱਪੜਾ ਇਵੇਂ ਧਾਗਾ-ਧਾਗਾ ਹੋ ਚੁੱਕਾ ਸੀ ਕਿ ਉਸ ਨੂੰ ਸੀਉਣਾ ਅਤਿ ਬਿਖਮ ਸੀ। ਸ਼ਾਇਰ ਇਸ ਬੇਬਸੀ ਦਾ ਪ੍ਰਗਟਾ ਇਉਂ ਕਰਦਾ ਹੈ:

ਇਕ ਚਾਕ ਹੋ ਤੋ ਸੀ ਲੂੰ ਹਮਦਮ ਗ੍ਰੇਬਾਂ ਅਪਨਾ,
ਜ਼ਾਲਮ ਨੇ ਫਾੜ ਡਾਲਾ ਹੈ ਯਹ ਤਾਰ ਤਾਰ ਕਰਕੇ।

ਵਾਹਿਦ ਅੱਲਾਹ ਦੇ ਪੁਜਾਰੀ ਤੇ ਉਸ ਦੇ ਨੂਰ ਨੂੰ ਕੱਟੜ ਮਜ਼ਹਬੀ, ਸ਼ਰ੍ਹਾ ਦੀ ਪਾਬੰਦੀ ਦੁਆਰਾ, ਸਮੱਸਤ ਸੰਸਾਰ ਵਿਚ ਫੈਲਾਉਣ ਦਾ ਦਾਅਵਾ ਕਰਨ ਵਾਲੇ ਇਸਲਾਮ ਦੀ ਭਾਰਤ ਵਿਚ ਪੱਕੀ ਆਮਦ ਨਾਲ, ਇਕ ਅੱਲਾਹ ਦੀ ਇਬਾਦਤ, ਪਰਸਪਰ ਰਵਾਦਾਰੀ, ਸਹਿਵਾਸ ਤੇ ਭਾਵਕ ਏਕਤਾ ਦੁਆਰਾ ਹਾਲਾਤ ਮੁਆਫਿਕ ਤੇ ਖੁਸ਼ਗਵਾਰ ਹੋਣ ਦੀ ਥਾਂ, ਹੋਰ ਵਿਗੜੇ ਤੇ ਹਰ ਪਾਸੇ ਵਧੇਰੇ ਹਾ-ਹਾ-ਕਾਰ ਮੱਚੀ, ਜਿਸ ਦਾ ਸੰਖੇਪ ਜਿਹਾ ਭਾਵ-ਪੂਰਤ ਵਰਨਣ ਭਾਈ ਗੁਰਦਾਸ ਜੀ ਇਉਂ ਕਰਦੇ ਹਨ:

ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥੨੧॥

(ਵਾਰ ੧)

ਹਾਂ 'ਭਗਤੀ ਲਹਿਰ' ਦੇ ਰੂਪ ਵਿਚ ਪ੍ਰਗਟ ਹੋਏ ਕੁਝ ਭਗਤਾਂ ਤੇ ਸੂਫੀ ਸੰਤਾਂ ਨੇ ਮਨੁੱਖ ਨੂੰ

ਬੁੱਤ-ਪ੍ਰਸਤੀ, ਸੰਸਾਰ ਦੀ ਅਸਾਰਤਾ ਤੇ ਪ੍ਰੇਮਾ-ਭਗਤੀ ਆਦਿ ਦੇ ਪਹਿਲੂ ਦਰਸਾਅ ਕੇ ਕੁਝ ਢਾਰਸ ਬੰਨ੍ਹਾਈ, ਪਰ ਜਾਤ-ਪਾਤ, ਊਚ-ਨੀਚ, ਜੋਰ-ਜ਼ੁਲਮ, ਈਰਖਾ-ਦਵੈਖ, ਲੁੱਟ-ਖਸੁੱਟ ਤੇ ਮਜ਼ਹਬੀ ਤੁਅੱਸਬ ਆਦਿ ਦੀ ਚੱਕੀ ਵਿਚ ਪਿਸ ਰਹੀ ਜਨਤਾ ਨੂੰ, ਇੱਕ ਲਹਿਰ ਦੇ ਰੂਪ ਵਿਚ ਉਭਾਰਨਾ ਤੇ ਸਾਹਸ ਪਰਦਾਨ ਕਰਨਾ ਅਜੇ ਬਾਕੀ ਸੀ।

ਆਖਰ ਪੀੜਤ ਲੋਕਾਈ ਦੀ ਐਸੀ ਦੁਰਦਸ਼ਾ 'ਚੋਂ ਨਿਕਲੀ ਪੁਕਾਰ ਧੁਰ ਦਰਗਾਹ ਪੁੱਜੀ ਤੇ ਕਰਤਾਰ ਪ੍ਰਭੂ ਵੱਲੋਂ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੱਗ ਵਿਚ ਪਠਾਵਣ ਦੀ ਭੇਤ-ਭਰੀ ਗੱਲ ਭਾਈ ਗੁਰਦਾਸ ਜੀ ਨੇ ਇਉਂ ਉਜਾਗਰ ਕੀਤੀ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।...
ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕੁ ਆਇਆ॥੨੩॥

(ਵਾਰ ੧)

ਢੇਰ ਚਿਰ ਪਹਿਲਾਂ, ਬਾਬੇ ਸਤਿਗੁਰੂ ਜੀ ਵੱਲੋਂ ਉਚਾਰੇ ਨੇ, ਆਪਣੇ ਹੀ ਇਨ੍ਹਾਂ ਅੰਮ੍ਰਿਤ ਬਚਨਾਂ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥

(ਪੰਨਾ ੧੨੭੯)

ਅਨੁਸਾਰ ਆਪ ਜੀ ਦਾ ਪਹਿਲਾ ਕੰਮ ਸੀ- ਮਨੁੱਖ, ਮਨੁੱਖ ਵਿਚ, ਇਕ ਦੋ, ਤਿੰਨ, ਦੀਆਂ ਬਣਾਉਟੀ ਵੰਡਾਂ ਦੇ ਸਭ ਆਈਨ ਮਨਸੂਖ ਕਰਨਾ, ਇਸ ਲਈ ਗੁਰੂ ਜੀ ਦਾ ਪਹਿਲਾ ਤੇ ਬੁਨਿਆਦੀ ਐਲਾਨ-ਬਰਹਕ ਸੀ ਕਿ ਅਕਾਲ ਪੁਰਖ ਵਾਹਿਗੁਰੂ, ਇੱਕ ਓਅੰਕਾਰ ਸਤਿਨਾਮੁ ਤੇ ਵਾਹਿਗੁਰੂ ਹੀ ਸਭ ਦਾ ਕਰਤਾ-ਧਰਤਾ, ਤੇ ਹਰਤਾ ਹੈ। ਦੂਜਾ, ਉਹ ਆਪ ਪੂਰਾ ਹੈ ਅਤੇ ਉਸ ਦਾ ਕੀਤਾ ਹਰੇਕ ਕਾਰਜ ਵੀ ਹਰ ਤਰ੍ਹਾਂ ਨਾਲ ਸੰਪੂਰਨ ਹੈ। ਆਪ ਦੇ ਅੰਮ੍ਰਿਤ ਬਚਨ ਹਨ:

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥

(ਪੰਨਾ ੧੪੧੨)

ਧੁਰੋਂ ਪਠਾਇਆ ਗੁਰੂ ਬਾਬਾ, 'ਦੋ ਤੇ ਦੋ ਚਾਰ' ਵਾਂਗ, ਖੂਬ ਜਾਣਦਾ ਸੀ ਕਿ ਹਉਮੈਂ,

ਅਭਿਮਾਨ ਤੇ ਅਗਿਆਨਤਾ ਵੱਸ ਸਦੀਆਂ ਤੋਂ ਬਣੇ ਮਨੁੱਖੀ ਸੁਭਾਵ ਨੂੰ ਬਦਲਣਾ ਤੇ ਉਸ ਨੂੰ ਹਰ ਪੱਖੋਂ 'ਸਚਿਆਰ' ਬਣਾਉਣਾ, ਕੋਈ ਖਾਲਾ ਜੀ ਦਾ ਘਰ ਨਹੀਂ ਸੀ ਪ੍ਰੰਤੂ, ਕਰਤਾਰ ਵੱਲੋਂ ਵਰੋਸਾਏ ਤੇ ਪਠਾਏ 'ਬਾਬੇ' ਦਾ ਦਮ ਗਾੜ੍ਹਾ ਤੇ ਵਿਉਂਤ ਡਾਢੀ ਦ੍ਰਿੜ੍ਹਤਾ-ਭਰਪੂਰ ਤੇ ਲੰਮੇਰੀ ਸੀ, ਜਿਸ ਦੀ ਸੰਪੂਰਨਤਾ ਲਈ ਉਸ ਨੂੰ ਇੱਕ ਜੋਤਿ ਤੇ ਜੁਗਤ ਅਧੀਨ ਦਸਾਂ ਜਾਮਿਆਂ ਵਿਚ ੨੩੯ ਕੁ ਸਾਲ ਦਾ ਸਮਾਂ ਲਾਉਣਾ ਪਿਆ। ਕਥਨੀ ਤੇ ਕਰਣੀ ਦੇ ਸੂਰੇ ਸੁਵੈਦ ਅਤੇ ਪੂਰੇ ਪ੍ਰਭੂ ਦੇ ਸਿਰਜੇ ਪੂਰੇ ਸਤਿਗੁਰੂ ਨੇ ਸਗਲੀ ਧਰਤੀ ਦੀ ਕੁੱਲ ਲੁਕਾਈ ਨੂੰ ਸੋਧਣ ਲਈ ਕੁਝ ਇਵੇਂ ਵਿਉਂਤਬੰਦੀ ਕੀਤੀ ਤੇ ਇਸ ਪਰਬਤ ਜੇਡੇ ਮਹਾਨ ਕਾਰਜ ਨੂੰ ਸੰਪੂਰਨ ਕਰਨ ਹਿੱਤ ਆਪਣੇ ਸਤਿਵਾਦੀ ਹੋਣ ਬਾਰੇ ਕੁੱਲ ਮਖਲੂਕ ਨੂੰ ਇਉਂ ਵਿਸ਼ਵਾਸ ਦਿਵਾਇਆ:

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥

(ਪੰਨਾ ੭੨੩)

ਕੁਦਰਤੀ ਸੀ ਕਿ ਸੱਚ ਦੀ ਇਸ ਸਿੰਘ-ਗਰਜਨਾ ਨਾਲ ਅਨਿਆਈ, ਲਾਲਚੀ ਅਹਿਲਕਾਰਾਂ, ਕੂੜ ਬੋਲਣ ਵਾਲੇ ਮੈਲ-ਖਾਣੇ ਕਾਜ਼ੀਆਂ, ਫੋਕਟ ਧਰਮੀ ਬ੍ਰਾਹਮਣਾਂ ਤੇ ਜੁਗਤਹੀਨ ਜੋਗੀਆਂ ਦੇ ਆਸਣ ਡੋਲ ਜਾਂਦੇ ਤੇ ਗਿਆਨ-ਹੀਣਤਾ ਦੇ ਹਨੇਰੇ ਵਿਚ ਠੋਕਰਾਂ ਖਾ ਰਹੀ ਪਰਜਾ, ਗੁਰੂ ਜੀ ਦੀ ਪ੍ਰਕਾਸ਼ਮਈ ਆਮਦ ਨਾਲ ਚੁੰਧਿਆ ਉਠਦੀ। ਗੁਰੂ ਜੀ ਦੀ ਤਸ਼ਖੀਸ ਨੇ ਸਮਾਜ ਦੀ ਜੋ ਦੂਜੀ ਦੇਰੀਨਾ ਉਕਾਈ ਵੇਖੀ, ਉਹ ਸੀ ਧਰਮ ਦੇ ਬੁਨਿਆਦੀ ਤੇ ਅਬਦੀ ਸੱਚ ਨੂੰ ਮਜ਼ਹਬ, ਮੱਤ ਜਾਂ ਸੰਪ੍ਰਦਾਵਾਂ ਦੀ ਸੰਕੀਰਨਤਾ ਨਾਲ ਖਲਤ-ਮਲਤ ਕਰਨਾ। ਜਦ ਗੁਰੂ ਜੀ ਨੇ ਸੰਸਾਰ 'ਚੋਂ 'ਧਰਮ' ਦੇ, ਪਰ ਲਾ ਕੇ ਉਡ ਜਾਣ ਦੀ ਗੱਲ ਆਖੀ ਸੀ ਤਾਂ ਉਦੋਂ ਆਪ ਜੀ ਦੀ ਮੁਰਾਦ ਉਸ 'ਧਰਮ' ਤੋਂ ਸੀ ਜੋ ਰੱਬ ਵਾਂਗ ਇਕ ਹੈ, ਸੱਚ ਹੈ। ਲੋਕਾਂ ਨੇ ਅਗਿਆਨਤਾ ਵਿਚ ਫੋਕਟ ਧਰਮ ਦਾ ਲਬਾਦਾ (ਬੁਰਕਾ) ਤਾਂ ਪਾ ਰੱਖਿਆ ਸੀ, ਪਰ ਧਰਮ ਦੀ ਏਕਤਵਤਾ ਤੇ ਪਿਆਰ ਦੀ ਸਾਂਝ ਤੋਂ ਸਭ ਕੋਰੇ ਸਨ। ਆਪ ਜੀ ਨੇ ਬਰਮਿਲਾਅ ਐਲਾਨਿਆ ਕਿ ਜਿਵੇਂ ਪ੍ਰਮਾਤਮਾ ਇਕ ਤੇ ਕੇਵਲ ਇਕ ਹੈ, ਏਵੇਂ ਹੀ, ਉਸ ਵੱਲੋਂ ਤੋਰਿਆ ਧਰਮ ਵੀ ਇਕ ਹੈ। ਮਜ਼ਹਬ, ਮੱਤ ਤੇ ਸੰਪ੍ਰਦਾਵਾਂ ਤਾਂ ਹਜ਼ਾਰਾਂ ਹੋ ਸਕਦੀਆਂ ਹਨ। ਪ੍ਰੰਤੂ ਧਰਮ, ਹਵਾ, ਪਾਣੀ ਤੇ ਅਗਨੀ ਦੇ ਤੱਤਾਂ ਦੇ ਆਪਣੇ-ਆਪਣੇ ਸੁਭਾਵ ਸਮਾਨ ਇਕ ਹੈ। ਸੰਸਕ੍ਰਿਤ ਦੇ 'ਧ੍ਰੀ' ਧਾਤੂ ਤੋਂ ਬਣਿਆ ਇਹ ਸਬਦ Cosmic law ਸਮਾਨ ਹਰ ਥਾਂ ਪਸਰੀ ਪਰਮਸੱਤਾ ਦਾ ਲਖਾਇਕ ਹੈ ਜੋ ਸਾਰੀ ਰਚਨਾ ਨੂੰ ਧਾਰ ਰਹੀ ਹੈ। ਆਪ ਦੇ ਆਪਣੇ ਅੰਮ੍ਰਿਤਮਈ ਬਚਨ ਹਨ:

ਏਕੋ ਧਰਮੁ ਦ੍ਰਿੜੈ ਸਚੁ ਕੋਈ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

(ਪੰਨਾ ੧੧੮੮)

ਫੇਰ ਪੰਜਵੇਂ ਸਰੂਪ ਵਿਚ ਏਸੇ ਸੱਚ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਉਂ ਪਰਪੱਕ ਕਰਵਾਇਆ:

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥

(ਪੰਨਾ ੧੩੮੭)

ਗੁਰਬਾਣੀ ਵਿਚ ਓਅੰਕਾਰ, ਸਚੁ ਨਾਮ, ਤੇ ਧਰਮੁ ਆਮ ਕਰਕੇ ਸਮ-ਅਰਥਕ ਵਰਤੇ ਗਏ ਹਨ।

ਗੁਰੂ-ਬਾਬੇ ਦਾ ਮਾਰਗ (ਪੰਥ) 'ਕਰਣੀ ਪ੍ਰਧਾਨ' ਮੱਤ ਹੈ। ਧਰਮ ਨੂੰ ਜੀਵਨ ਵਿਚ ਵਰਤਾਉਣ ਲਈ ਗੁਰੂ ਜੀ ਦਾ ਤਿੰਨ-ਪੱਖਾ ਉਪਦੇਸ਼ ਹੈ-ਧਰਮ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ। ਧਰਮ ਦੀ ਕਿਰਤ: ਧਰਮ ਦਾ ਅਮਲੀ ਪੱਖ ਹੈ। ਜੋ ਇਸ ਅਮਲ ਤੋਂ ਸੱਖਣਾ ਹੈ, ਉਸ ਦਾ ਨਾਮ ਜਪਣਾ ਅਸਫਲ ਹੈ। ਇਸੇ ਲਈ ਗੁਰੂ ਜੀ ਦੀਆਂ ਉਦਾਸੀਆਂ ਵਿਚ ਜ਼ਿਕਰ ਹੈ ਕਿ ਜਿਸ ਨੇ ਜਦ ਤਕ ਧਰਮ ਦੀ ਕਿਰਤ ਕਰਨੀ ਪ੍ਰਵਾਨ ਨਾ ਕੀਤੀ, ਗੁਰੂ ਜੀ ਨੇ ਉਸ ਦੇ ਘਰੋਂ ਪ੍ਰਸ਼ਾਦ ਛਕਣਾ ਪ੍ਰਵਾਨ ਨਹੀਂ ਕੀਤਾ। 'ਜੈਸਾ ਅੰਨ ਤੈਸਾ ਮੰਨ' ਦਾ ਅਖਾਣ ਬਹੁਤ ਮੁੱਲਵਾਨ ਹੈ। ਸ਼ੇਖ ਸ਼ਾਅਦੀ ਨੇ ਇਸ ਸੱਚ ਨੂੰ ਫ਼ਾਰਸੀ ਵਿਚ 'ਪ੍ਰਾਗੰਦਾ ਰੋਜ਼ੀ', 'ਪ੍ਰਗੰਦਾ ਦਿਲ' ਕਰਕੇ ਪ੍ਰਗਟਾਇਆ ਹੈ। ਗੁਰੂ ਜੀ ਦੀ ਇਸ ਤਰਤੀਬ ਦੇ ਰਹੱਸ ਨੂੰ ਕਿਸੇ ਦਾ ਆਪਣੀ ਚਤੁਰਾਈ ਨਾਲ ਬਦਲਣਾ, ਨਾ-ਸਮਝੀ ਹੈ।

ਜਦ ਸੰਤੁਲਿਤ, ਸੰਪੂਰਨ ਤੋਂ ਮੁਕੰਮਲ-ਇਨਸਾਨ ਦੀ ਘਾੜਤ ਲਈ ਗੁਰੂ-ਬਾਬੇ ਜੀ ਦੀ ਜੋਤਿ ਤੇ ਜੁਗਤੀ ਨੂੰ ਰਬਾਬੀ ਬਲਵੰਡ ਨੇ ਸ਼ਬਦ ਤੇ ਲੰਗਰ ਦਉਲਤ ਦੀ ਸੂਰਤ ਵਿਚ ਦੂਜੇ ਸਤਿਗੁਰੂ ਦੀ ਕਾਇਆਂ ਦੁਆਰਾ ਬਦਸਤੂਰ ਵਰਤਾਉਂਦੇ ਵੇਖਿਆ ਤਾਂ ਕੁਲ ਲੋਕਾਈ ਨੂੰ ਰਾਮਕਲੀ ਦੀ ਵਾਰ ਵਿਚ ਇਉਂ ਕੂਕ ਸੁਣਾਇਆ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥

(ਪੰਨਾ ੯੬੬)

ਗੁਰਗੱਦੀ ਦੇ ਤਖ਼ਤ ਉਤੇ ਬੈਠ ਕੇ ਸਤਿਗੁਰੂ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਲੀਹਾਂ ਨੂੰ ਪੱਕਿਆਂ ਕੀਤਾ ਜੋ ਪਹਿਲੇ ਗੁਰਦੇਵ ਜੀ ਪਾ ਗਏ ਸਨ। ਉਦਾਹਰਣ ਵਜੋਂ ਊਚ-ਨੀਚ ਦੇ ਭੇਦ-ਭਾਵ ਮਿਟਾਉਣ ਵਾਲੀ ਪੰਗਤ (ਲੰਗਰ) ਨੂੰ ਆਪਣੇ ਮਹਿਲ ਮਾਤਾ ਖੀਵੀ ਜੀ ਦੇ ਸੁਪਰਦ ਕੀਤਾ ਸ਼ਬਦ-ਲੰਗਰ ਦੇ ਨਾਲ ਇਸ ਲੰਗਰ ਦੀ ਮਹਿਮਾ ਵੀ ਰਬਾਬੀਆਂ ਨੇ ਫੇਰ ਇਉਂ ਗਾਈ:

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥...
ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਸ਼ਬਦ (ਨਾਮ) ਅਥਵਾ ਸੱਚ-ਧਰਮ ਦੀ ਵਰਖਾ ਅਤੇ ਸੰਗਤਾਂ ਵਿਚ ਧਰਮ ਦੀ ਕਿਰਤ ਨੂੰ ਵੰਡ ਕੇ ਛਕਣ ਤੇ ਵੱਡੇ-ਛੋਟੇ ਅਥਵਾ ਊਚ-ਨੀਚ ਦਾ ਭੇਦ-ਭਾਵ ਮਿਟਾਉਣ ਲਈ ਇਹ ਸੇਵਾ ਨੇਕ-ਸੀਰਤ ਮਾਤਾ ਖੀਵੀ ਜੀ ਦੇ ਹਿੱਸੇ ਆਈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਸਲੋਕ ਗੁਰਬਾਣੀ ਵਿਚ ਸ਼ਾਮਿਲ ਕੀਤੇ, ਉਨ੍ਹਾਂ ਵਿਚੋਂ ਕੇਵਲ ਇਹ ਇਕ ਉਦਾਹਰਣ ਹੀ ਇਸ ਤੱਥ ਨੂੰ ਸਪਸ਼ਟ ਕਰਨ ਹਿਤ ਕਾਫ਼ੀ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਾਇਆ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕਿਵੇਂ ਆਪਣੀ ਪਹਿਲੇ ਜਾਮੇ ਆਖੇ 'ਸੱਚ' ਦੀ ਵਜ਼ਾਹਤ (ਵਿਆਖਿਆ) ਕਰ ਰਹੇ ਹਨ:

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

(ਜਪੁ ਜੀ)

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ਪੰਨਾ ੧੪੭)

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਖਡੂਰ ਸਾਹਿਬ ਵਿਖੇ ਸਰੀਰਕ ਕਸਰਤ ਆਦਿ ਲਈ ਮਲ-ਅਖਾੜੇ ਦੀ ਅਸਥਾਪਨਾ ਕਰਨੀ ਵੀ ਇਸ ਗੱਲ ਦਾ ਸਬੂਤ ਹੈ, ਕਿ ਸਤਿਗੁਰੂ ਜੀ ਪਹਿਲੇ ਗੁਰਦੇਵ ਦੇ ਆਸ਼ੇ ਅਨੁਸਾਰ ਮਨ ਅਤੇ ਤਨ ਵਿਚ ਸੁਮੇਲ ਪੈਦਾ ਕਰਕੇ ਭਗਤੀ ਤੇ ਸ਼ਕਤੀ ਅਥਵਾ ਪੀਰੀ ਤੇ ਮੀਰੀ ਦੇ ਬੁਨਿਆਦੀ ਸੁਮੇਲ ਅਥਵਾ ਪੂਰਨਤਾ ਵੱਲ ਵਧ ਰਹੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਦੀ ਪਲਟੀ ਕਾਇਆਂ ਵਿਚ ਪੰਗਤ ਵਿਚ ਪ੍ਰਸ਼ਾਦਿ ਛਕਣ ਉਪਰੰਤ ਦਰਸ਼ਨ ਦੇਣ ਦੀ ਸ਼ਰਤ ਆਇਦ ਕਰਕੇ, ਜਾਤਪਾਤ ਤੇ ਊਚ-ਨੀਚ ਦੀ ਵੰਡ ਨੂੰ ਜੜ੍ਹੋ ਪੁੱਟ, ਵਗਾਹ ਮਾਰਿਆ ਅਤੇ ਦਰਸ਼ਨਾਂ ਨੂੰ ਆਏ ਮਹਾਨ ਅਕਬਰ ਨੂੰ ਵੀ ਛੋਟ ਨਾ ਦਿੱਤੀ। ਦੇਸ਼ ਦੇ ੨੨ ਪਰਗਣਿਆਂ ਦੀ ਗਿਣਤੀ ਅਨੁਸਾਰ, ੨੨ ਮੰਜੀਆਂ (ਪ੍ਰਚਾਰ ਪਰਗਨੇ) ਕਾਇਮ ਕੀਤੇ ਤੇ ਸਤੀ ਦੀ ਅੱਤਿਆਚਾਰੀ ਰਸਮ ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਰਵਾਇਆ।

ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨ ਦੇਣ ਹੈ ਸ੍ਰੀ ਅੰਮ੍ਰਿਤਸਰ ਨੂੰ ਸਿੱਖੀ ਦਾ ਕੇਂਦਰ ਸਥਾਪਤ ਕਰਨਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਵਿਚ ਮੀਰੀ ਤੇ ਪੀਰੀ ਦੀ ਸੁਮੇਲਤਾ ਵਿਚ ਅਹਿਮ ਭੂਮਿਕਾ ਹੈ। ਸ੍ਰੀ ਗੁਰੂ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ (ਸੰਪਾਦਨਾ) ਨਵੇਂ ਮਾਰਗ-ਦਰਸ਼ਨ ਵਿਚ ਉਨ੍ਹਾਂ ਦਾ ਬਹੁਤ ਵੱਡਾ ਤੇ ਦਾਇਮੀ ਰੋਲ ਸੀ। ਨਾਲ ਹੀ ਐਸੇ ਸਰਬ-ਸਾਂਝੇ ਧਰਮ-ਗ੍ਰੰਥ ਨੂੰ ਪ੍ਰਕਾਸ਼ ਕਰਨ ਹਿੱਤ ਸ੍ਰੀ ਹਰਿਮੰਦਰ ਸਾਹਿਬ ਜੈਸੇ 'ਸਰਬ-ਸਾਂਝੇ' 'ਹਰਿਮੰਦਰ' ਦੀ ਸਿਰਜਣਾ ਸੰਸਾਰ ਦੇ ਸੰਕੀਰਣ ਮਜ਼ਹਬੀ ਧਰਮ-ਸਿਧਾਂਤ ਤੇ ਨਜ਼ਰੀਏ ਵਿਚ ਵੱਡਾ ਤੇ ਅਦੁੱਤੀ ਇਨਕਲਾਬ ਸੀ। ਸਮਕਾਲੀ ਇਤਿਹਾਸਕਾਰਾਂ ਅਨੁਸਾਰ ਸਿੱਖਾਂ ਵੱਲੋਂ ਆਪ ਜੀ ਨੂੰ ਪੀਰੀ ਤੇ ਮੀਰੀ

ਦਾ ਸੱਚਾ ਪਾਤਸ਼ਾਹ ਕਰਕੇ ਪੁਕਾਰਿਆ ਜਾਂਦਾ ਸੀ ਅਤੇ ਸਿੱਖਾਂ ਅੰਦਰ ਹੁਣ ਤਕ ਹੋਈ ਅਲਹਿਦਗੀ ਦੀ ਭਾਵਨਾ ਅਧੀਨ 'ਰਾਜ ਵਿਚ ਵੱਖਰਾ ਰਾਜ' ਮੰਨਿਆ ਜਾਣ ਲੱਗਾ ਸੀ। ਗੁਰੂ ਜੀ ਦਾ ਸਿੱਖਾਂ ਤੋਂ ਦਸਵੰਧ ਲੈਣ ਦੇ ਸਿਸਟਮ ਨੂੰ ਪਹਿਲੀ ਵਾਰ ਚਾਲੂ ਕਰਨਾ ਵੀ 'ਮੀਰੀ' ਵੱਲ ਅਪਣਾਈ ਦ੍ਰਿੜ ਤੇ ਸੋਚੀ-ਸਮਝੀ ਦੂਰ-ਅੰਦੇਸ਼ੀ ਸੀ। ਮੰਜੀਆਂ ਤੇ ਮਸੰਦ-ਪ੍ਰਬੰਧ ਨੂੰ ਨਵੇਂ ਸਿਰੇ ਤਨਜ਼ੀਮ ਦੇਣੀ ਇੱਕ ਦੂਰ-ਰਸ ਵਿਉਂਤ ਸੀ। ਮਸੰਦ ਕੇਵਲ ਦਸਵੰਧ ਹੀ ਇਕੱਠਾ ਨਹੀਂ ਕਰਦੇ ਸਨ, ਸਗੋਂ ਸਿੱਖਾਂ ਦੀ ਗੁਰਮਤਿ ਅਨੁਸਾਰ ਦੀਨੀ ਤੇ ਦੁਨਿਆਵੀ ਅਗਵਾਈ ਵੀ ਕਰਦੇ ਸਨ। ਗੁਰੂ ਜੀ ਦਾ ਲੋਕ-ਭਲਾਈ ਹਿੱਤ ਮਾਝੇ ਦੀ ਧੁੰਨੀ-ਤਰਨ ਤਾਰਨ ਵਿਖੇ ਧਰਮ-ਅਸਥਾਨ ਦੇ ਨਾਲ-ਨਾਲ, ਇਕ ਵੱਡਾ ਸਰੋਵਰ ਤੇ ਛੇਹਰਟਾ ਸਾਹਿਬ ਵਿਖੇ ਛੇ ਮਾਲ੍ਹਾਂ ਵਾਲਾ ਖੂਹ ਲਾਉਣਾ ਵੀ ਆਪ ਜੀ ਦੀ ਹਰ-ਦਿਲ-ਅਜ਼ੀਜ਼ੀ ਦਾ ਕਾਰਨ ਤੇ ਲੋਕ ਸੇਵਾ ਰੁਚੀ ਦਾ ਸੂਚਕ ਹੈ। ਬਾਦਸ਼ਾਹ ਅਕਬਰ ਪਾਸੋਂ ਕਾਲ-ਪੀੜਤ ਲੋਕਾਂ ਦਾ ਮਾਲੀਆ ਮੁਆਫ਼ ਕਰਵਾਉਣਾ ਬਹੁਤ ਵੱਡਾ ਲੋਕ ਭਲਾਈ ਦਾ ਕਾਰਜ ਸੀ। ਗੁਰੂ ਜੀ ਦਾ ਸਮਕਾਲੀ ਇਤਿਹਾਸਕਾਰ ਮੁਹਿਸਨ ਫਾਨੀ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਗੁਰੂ-ਕਾਲ ਵਿਚ ਸਿੱਖਾਂ ਦੀ ਗਿਣਤੀ ਵਿਚ ਨੇੜੇ ਤੇ ਦੂਰ-ਦਰਾਜ਼ ਵੱਡਾ ਵਾਧਾ ਹੋਇਆ ਅਤੇ ਇਸ ਗੱਲ ਦੀ ਸ਼ਾਹਦੀ ਇਤਿਹਾਸਕਾਰ ਹਰੀ ਰਾਮ ਗੁਪਤ ਵੀ ਭਰਦਾ ਹੈ। ਸਤਿਗੁਰਾਂ ਨੇ ਪਹਿਲੇ ਚੌਂਹ ਸਤਿਗੁਰਾਂ ਵੱਲੋਂ ਪ੍ਰਚਾਰੇ ਜਾਂਦੇ ਰਹੇ ਇਸ ਵਿਚਾਰ ਦੀ ਵੀ ਰੱਜ ਕੇ ਪ੍ਰੋੜ੍ਹਤਾ ਕੀਤੀ ਕਿ ਸੰਸਾਰ ਮਹਜ਼ ਮਾਇਆ ਤੇ ਮਿਥਿਆ ਨਹੀਂ, ਸਗੋਂ ਧਰਮ ਕਮਾਉਣ ਲਈ ਕਰਮ-ਭੂਮੀ ਅਤੇ ਸਫਲ ਤੇ ਉਪਕਾਰੀ ਸੰਘਰਸ਼-ਖੇਤਰ ਹੈ। ਗੁਰੂ ਜੀ ਦਾ ਹਾਥੀਆਂ ਤੇ ਘੋੜਿਆਂ ਲਈ ਸ੍ਰੀ ਅੰਮ੍ਰਿਤਸਰ ਵਿਚ ਵੱਡੀ ਬਿਲਡਿੰਗ ਬਨਾਉਣਾ ਅਤੇ ਸਿੱਖਾਂ ਨੂੰ ਇਸ ਬਿਉਪਾਰ ਲਈ ਉਤਸ਼ਾਹਤ ਕਰ ਕੇ ਦੁਨਿਆਵੀ ਸ਼ਕਤੀ ਨੂੰ ਮਜ਼ਬੂਤ ਕਰਨਾ ਵੀ ਬੇਮਾਅਨੀ ਨਹੀਂ ਸੀ। ਇਤਿਹਾਸਕਾਰ ਬੇਨੀ ਪ੍ਰਸ਼ਾਦ ਬਾਦਸ਼ਾਹ ਜਹਾਂਗੀਰ ਦੀ ਜੀਵਨੀ ਵਿਚ ਲਿਖਦਾ ਹੈ ਕਿ ਗੁਰੂ ਜੀ ਨੇ ਜਹਾਂਗੀਰ ਹੱਥੋਂ ਹਾਰ ਖਾ ਕੇ ਭੱਜੇ ਜਾਂਦੇ ਨੇਕਸੀਰਤ ਸ਼ਾਹਜ਼ਾਦਾ ਖੁਸਰੋ ਦੀ ਸਫਰ ਲਈ ਸਹਾਇਤਾ ਕੀਤੀ ਅਤੇ ਨਾਲ ਭਲੇ ਲਈ ਅਸੀਸ ਵੀ ਦਿੱਤੀ। ਜਦ ਜਹਾਂਗੀਰ ਨੇ ਜੋ ਪਹਿਲਾਂ ਹੀ ਮੁਤਅੱਸਬੀ ਸ਼ੇਖ ਅਹਿਮਦ (ਨਕਸ਼ਬੰਦੀ ਫਿਰਕੇ) ਵੱਲੋਂ ਪ੍ਰੇਰਤ ਕੀਤਾ ਜਾ ਚੁੱਕਾ ਸੀ ਗੁਰੂ ਜੀ ਨੂੰ ਖੁਸਰੋ ਦੀ ਸਹਾਇਤਾ ਕਾਰਨ ਜੋ ਭਾਰੀ ਰਕਮ ਜੁਰਮਾਨੇ ਵਜੋਂ ਤਾਰਨ ਲਈ ਹੁਕਮ ਜਾਰੀ ਕੀਤਾ, ਤਾਂ ਉਸ ਨੂੰ ਗੁਰੂ ਜੀ ਨੇ ਅਯੋਗ ਜਾਣਦਿਆਂ ਹੋਇਆਂ ਸੰਗਤ ਦੇ ਸਾਂਝੇ ਧਰਮ-ਫੰਡ ਵਿਚੋਂ ਅਦਾਅ ਕਰਨੋਂ ਇਨਕਾਰ ਕਰ ਦਿੱਤਾ, ਜਿਸ ਦਾ ਫਲ ਸੀ- ਅਕਹਿ ਤੇ ਅਸਹਿ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰਨਾ ਅਤੇ ਅਹਿਮਦ ਸ਼ਾਹ ਸਰਹਿੰਦੀ ਦੇ ਮਜ਼ਹਬੀ ਤੁਅੱਸਬ ਦੀ ਪੂਰਤੀ ਕਰਕੇ ਉਸ ਦਾ ਸਹਿਯੋਗ ਤੇ ਖੁਸ਼ਨੂਦੀ ਹਾਸਲ ਕਰਨਾ। 'ਦਬਿਸਤਾਨਿ ਮਜ਼ਾਹਿਬ' ਦਾ ਸਮਕਾਲੀ ਲਿਖਾਰੀ, ਮੁਹਸਨ ਫਾਨੀ ਗੁਰੂ ਜੀ ਦੀ ਸ਼ਹਾਦਤ ਤੇ ਇਸ ਦੇ ਕਾਰਨਾਂ ਦਾ ਸਪਸ਼ਟ ਜ਼ਿਕਰ ਕਰਦਾ ਹੈ। ਐਸੀ ਸਥਿਤੀ ਵਿਚ ਸ੍ਰੀ ਗੁਰੂ ਜੀ ਵੱਲੋਂ ਆਪਣੀ ਸ਼ਹਾਦਤ ਸਮੇਂ, ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਇਹ ਆਗਿਆ ਕਰਨੀ ਕਿ ਜ਼ਬਰ-ਜ਼ੁਲਮ ਦੇ ਟਾਕਰੇ ਲਈ

ਹਥਿਆਰਬੰਦ ਹੋਣਾ ਲਾਜ਼ਮੀ ਸੀ। ਇਥੇ ਇਹ ਗੱਲ ਵੀ ਨੋਟ ਕਰਨਯੋਗ ਹੈ ਕਿ ਪੰਜਵੇਂ ਗੁਰਦੇਵ ਜੀ ਦੀ ਹਾਯਾਤੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਲਕ ਆਯੂ ਵਿਚ ਹੀ ਸ਼ਸਤਰ-ਵਿਦਿਆ ਸਿੱਖਦੇ ਅਤੇ ਸ਼ਿਕਾਰ ਆਦਿ ਖੇਡਦੇ ਸਨ।

ਸੋ ਗੁਰਗੱਦੀ ਉਤੇ ਬੈਠਦਿਆਂ ਪਹਿਲੇ ਦਿਨ ਹੀ ਛਠਮ ਗੁਰੂ ਜੀ ਨੇ ਦੋ ਤਲਵਾਰਾਂ ਪਹਿਨੀਆਂ ਤੇ ਸਿੱਖ ਸੰਗਤ ਨੂੰ ਮੀਰੀ-ਪੀਰੀ (ਭਗਤੀ ਤੇ ਸ਼ਕਤੀ) ਦੇ ਸੁਮੇਲ ਦਾ ਸੱਪਸ਼ਟ ਸੰਕੇਤ ਸੀ। ਇਉਂ ਕਰਕੇ ਗੁਰੂ ਜੀ ਵੱਲੋਂ ਮੀਰੀ ਦੀ ਤਲਵਾਰ ਨੂੰ ਅੱਗੇ ਲਈ ਸਿੱਖ-ਸਿਧਾਂਤ ਅਨੁਸਾਰ ਪੀਰੀ ਦਾ ਇਕ ਅਨਿਖੜਵਾਂ ਅੰਗ ਕਰਾਰ ਦੇਣਾ ਗੁਰੂ ਜੀ ਦਾ ਇਕ ਦੂਰ-ਰਸ ਇਨਕਲਾਬੀ ਪਰ ਸੁਭਾਵਕ ਫੈਸਲਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਵੱਖਰੇ ਝੰਡੇ (ਨਿਸ਼ਾਨ ਸਾਹਿਬ) ਸਹਿਤ ਸ੍ਰੀ ਅਕਾਲ ਤਖ਼ਤ ਦੀ ਰਚਨਾ ਕਰਕੇ ਇਹ ਪ੍ਰਗਟ ਕਰਨਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਤੋਂ ਵੱਖਰੇ ਵੀ ਹਨ ਅਤੇ ਮਕਸਦ ਇਕ ਤੇ ਸਾਂਝਾ ਹੋਣ ਕਰਕੇ ਅਨਿਖੜਵੇਂ-ਓਤ-ਪੋਤ ਤੇ ਘੁਲੇ-ਮਿਲੇ ਵੀ। ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ 'ਲੋਹਗੜ੍ਹ' ਨਾਮੀ ਇਕ ਕਿਲ੍ਹਾ (ਕੋਟ) ਵੀ ਉਸਾਰਿਆ।

ਪੀਰੀ ਤੇ ਮੀਰੀ ਦੀ ਗੱਲ ਤੋਰਨ ਵੇਲੇ ਇਹ ਨਹੀਂ ਭੁੱਲਣਾ ਕਿ ਪੀਰੀ ਮੁੱਖ ਹੈ ਅਤੇ ਮੀਰੀ ਅਥਵਾ ਜੀਵਨ ਦੇ ਹਰ ਦੁਨਿਆਵੀ ਪਹਿਲੂ ਦੀ ਚੂਲ ਹੈ। ਅਲਾਮਾ ਇਕਬਾਲ ਦਾ ਇਹ ਕਥਨ ਏਥੇ ਬੜਾ ਸੰਬੰਧਤ ਤੇ ਸਾਰਥਕ ਹੈ:

ਜਲਾਲਿ ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ।
ਜੁਦਾ ਹੋ, ਦੀ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ।

'ਦੀ' (ਦੀਨ) ਤੋਂ ਭਾਵ 'ਧਰਮ' ਹੈ, ਮਜ਼ਹਬੀ ਤੁਅੱਸਬ ਤੇ ਸੰਕੀਰਣਤਾ ਵਾਲੀ ਸ਼ਰ੍ਹਾ-ਸ਼ਰੀਅਤ ਨਹੀਂ।

ਸੋ, ਪੀਰੀ ਤੇ ਮੀਰੀ ਦਾ ਸੁਮੇਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਕੋਈ ਫੌਰੀ ਤੌਰ ਉਤੇ ਚੁੱਕਿਆ ਕਦਮ ਨਹੀਂ ਸੀ। ਇਹ ਸੁਮੇਲ ਕਾਦਰ ਦੀ ਕੁਦਰਤ ਅਤੇ ਮਨੁੱਖੀ ਸੁਭਾਅ ਅੰਦਰ ਆਰੰਭ ਕਾਲ ਤੋਂ ਹੀ ਮਨੁੱਖੀ ਪੂਰਨਤਾ ਹਿੱਤ ਚਲਿਆ ਆ ਰਿਹਾ ਹੈ। ਗੁਰੂ ਜੀ ਬਜ਼ਾਹਰ ਵਿਰੋਧੀ ਕੁਦਰਤੀ ਤੱਤਾਂ ਦੇ ਸੁਮੇਲ ਦੇ ਇਸ ਸੱਚ ਨੂੰ ਇਉਂ ਸਮਝਾਉਂਦੇ ਹਨ:

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥

(ਪੰਨਾ ੩੫੦)

ਗਿਆਨੀ ਜੋਗਿੰਦਰ ਸਿੰਘ ਜੀ ਤਲਵਾੜਾ 'ਸੂਰਾ' ਮਾਸਿਕ ਪੱਤਰ ਮਾਰਚ ੧੯੯੨ ਵਿਚ ਇਸ ਮੁੱਢ-ਕਦੀਮੀ ਸਿਧਾਂਤ ਨੂੰ ਇਉਂ ਤਸਲੀਮ ਕਰਦੇ ਹਨ: 'ਸਿੱਖ ਧਰਮ ਵਿਚ "ਪੀਰੀ" ਤੇ "ਮੀਰੀ" ਦਾ ਓਤਪੋਤੀ ਸੁਮੇਲ ਇਕ ਸਿਧਾਂਤਕ ਅਤੇ ਇਤਿਹਾਸਕ ਸੱਚ ਹੈ। ਇਹ ਸੁਮੇਲ ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੇ ਆਰੰਭ-ਕਾਲ ਤੋਂ ਹੀ ਸਥਾਪਤ ਕਰ ਦਿੱਤਾ

ਸੀ। ਆਪ ਜੀ ਨੇ ਆਪ ਦੇ ਉਤਰ-ਅਧਿਕਾਰੀ ਗੁਰੂ-ਪੀਰਾਂ ਨੇ ਇਹ ਸੁਮੇਲ ਪੂਰਨ ਨਿਪੁੰਨਤਾ ਨਾਲ ਨਿਭਾਇਆ। "ਪੀਰੀ" "ਮੀਰੀ" ਦੇ ਸੁਮੇਲ ਦਾ ਇਨਕਲਾਬੀ ਸੰਘਰਸ਼ ਪਹਿਲੇ ਪੰਜ ਜਾਮਿਆਂ ਤੱਕ ਸ਼ਾਂਤਮਈ ਰਿਹਾ। ਪੰਜਵੇਂ ਗੁਰੂ ਪੀਰ ਦੀ ਸ਼ਹਾਦਤ ਮਗਰੋਂ ਇਸ ਸੰਘਰਸ਼ ਨੇ ਸ਼ਸਤਰ-ਬੱਧ ਰੂਪ ਧਾਰ ਲਿਆ। ਛੇਵੇਂ 'ਗੁਰੂ ਪੀਰ' ਨੇ ਮੀਰੀ ਦੀਆਂ ਦੋ ਤਲਵਾਰਾਂ ਧਾਰ ਲਈਆਂ"

ਇਕ ਨਿਖੇੜਵੇਂ ਵਿਦਵਾਨ, ਸਰੀਰਕ ਰੂਪ ਵਿਚ ਸਾਥੋਂ ਵਿਛੜ ਚੁੱਕੇ ਸ੍ਰ. ਦਲਜੀਤ ਸਿੰਘ ਪੁਸਤਕ ਰੂਪ ਵਿਚ ਛਪੇ ਆਪਣੇ ਪਰਚੇ 'ਤੇ ਹੇਠ ਲਿਖੇ ਅਨੁਸਾਰ ਲਿਖਦੇ ਹਨ:

There is little doubt that Miri Piri doctrine is an essential part of the Sikh religion. But a misunderstanding that often exists, especially among scholars from pacificist religions, is that the doctrine was introduced or created by the sixth Master (Guru Hargobind Sahib). Because of that misunderstanding any extraneous or environmental interpretations have been devised to explain the seeming change in ideolgy. It is also significant that it is Guru Nanak who eliminated the hurdle of 'Ahimsa' that stood in the way of a religious seeker from joining righteous struggle against tyranny in most of the socio-political systems, organization or socities the greatest instrument of injustice or oppression is, many a time, the political establishment. Since Guru Nanak wanted a high sense of social responsibility in his society, he very seriously took the far-sighted step of removing the handicap of 'Ahimsa' from the path of religious men and described his God to be the slayer of villains and destroyer of tyrants. It is, thus, plain that Guru Nanak clearly envisages for his society, a role, if necessary of confrontation with an unjust establishment, whether social or political (P: 42)

ਏਸ ਤਰ੍ਹਾਂ 'ਪੂਰਨ ਮਨੁੱਖ-ਖ਼ਾਲਸਾ' ਜਿਸ ਨੇ 'ਪੀਰੀ-ਮੀਰੀ, 'ਸੰਤ-ਸਿਪਾਹੀ' ਅਥਵਾ 'ਭਗਤੀ ਤੇ ਸ਼ਕਤੀ' ਦੇ ਪਾਵਨ ਪਵਿੱਤਰ ਸਿਧਾਂਤ ਨੂੰ ਰੱਜ ਕੇ ਕਮਾਇਆ ਅਤੇ ਅੱਗੇ ਨੂੰ ਸਦੀਵ ਕਾਲ ਲਈ 'ਧਰਮ' ਮੰਨ ਕੇ ਕਮਾਉਣਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸੰਕਲਪੇ ਤੇ ਹਾਲਾਤ ਵੱਸ, ਚਿੰਨ੍ਹਾਤਮਕ ਤੌਰ ਉਤੇ ਕਮਾਏ 'ਸਚਿਆਰ' ਮਨੁੱਖ ਦੇ ਗੁਣਾਂ ਦੀ ੨੩੯ ਸਾਲਾਂ ਦੀ ਸੰਪੂਰਨਤਾ ਦਾ ਸਰੂਪ ਤੇ ਸਿਖਰ ਹੈ। ਆਦਿ ਸਤਿਗੁਰੂ ਜੀ ਪੂਰੇ ਪ੍ਰਭੂ ਦੀ ਜੋਤਿ ਸਨ। ਇਸ ਲਈ 'ਆਪਾ'

ਉਸ ਪੂਰੇ ਪ੍ਰਭੂ ਨੂੰ ਸਮਰਪਤ ਕਰਕੇ ਆਪ ਵੀ ਸੰਪੂਰਨ ਥੀਏ। ਉਨ੍ਹਾਂ ਨੂੰ ਅਧੂਰੇਪਨ ਨਾਲ ਨਫ਼ਰਤ ਸੀ। ਉਹ ਮਨੁੱਖੀ ਬੇਦਿਲੀ ਤੇ ਅਵੇਸਲੇਪਨ ਦੀ ਕਮਜ਼ੋਰੀ ਤੋਂ ਬਾਖ਼ੂਬੀ ਜਾਣੂ ਸਨ। ਇੰਤਸ਼ਾਰੀ ਰੁਚੀਆਂ ਤੇ ਜੀਵਨ ਨੂੰ ਹਰ ਪੱਧਰ 'ਤੇ ਵੰਡਾਂ ਨਾਲ ਕਮਜ਼ੋਰ ਕਰਨ ਵਾਲੇ ਧਾਰਮਿਕ, ਸਮਾਜਕ, ਆਰਥਿਕ ਤੇ ਰਾਜਸੀ ਪਾੜਿਆਂ ਨੂੰ ਉਨ੍ਹਾਂ ਸਦਾ ਲਈ ਚਲਦਾ ਕੀਤਾ। ਉਹ ਇਕ 'ਕਰਣੀ ਪਰਧਾਨ ਮਤਿ' ਦੇ ਅਲਮ-ਬਰਦਾਰ ਸਨ। ਉਨ੍ਹਾਂ ਦਾ ਇਸ ਦਸ-ਅੱਖਰੀ ਉਪਦੇਸ਼ "ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ" ਵਿਚ ਦਾਅਵਾ ਸੀ।

ਬ੍ਰਿਤਾਂਤ ਨੂੰ ਸੰਪੂਰਨ ਤੌਰ ਉਤੇ ਸਮਝਣ, ਰੂਪਮਾਨ ਕਰਨ ਹਿਤ ਹੁਣ ਵਾਚੋ, ਵਿਸ਼ੇਸ਼ ਕਰਕੇ ਅੰਦਰਲੀ ਤੇ ਬਾਹਰਲੀ (ਪ੍ਰਗਟ, ਅਪਰਗਟ) ਪੀਰੀ ਤੇ ਮੀਰੀ ਦੇ ਅਟੁੱਟ ਸੰਗਮ ਬਾਰੇ, ਵਿਸ਼ੇਸ਼ ਕਰਕੇ, ਆਦਿ ਗੁਰੂ ਜੀ ਦੇ ਗੁਰਬਾਣੀ ਦੇ ਪ੍ਰਮਾਣ:

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥

(ਪੰਨਾ ੧੦੩੯)

ਤਖਤਿ ਸਲਾਮੁ ਹੋਵੈ ਦਿਨੁ ਰਾਤੀ॥
ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ॥

(ਉਹੀ)

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥

(ਪੰਨਾ ੧੦੮੮)

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥

(ਪੰਨਾ ੯੯੨)

ਤਖਤਿ ਬਹੈ ਅਦਲੀ ਪ੍ਰਭੁ ਆਪੇ
ਭਰਮੁ ਭੇਦੁ ਭਉ ਜਾਈ ਹੇ॥

(ਪੰਨਾ ੧੦੨੨)

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥

(ਪੰਨਾ ੯੬੮)

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।

(ਵਾਰ ੧, ਪਉੜੀ ੪੭)

ਸੋ ਇਹ ਹੈ ਸੰਖੇਪ ਜਿਹਾ ਵੇਰਵਾ 'ਪੀਰੀ ਤੇ ਮੀਰੀ' ਦੇ ਅਟੁੱਟ ਸੁਮੇਲ, 'ਸੱਚੇ ਤਖ਼ਤ ਅਕਾਲ' ਦੇ ਅਦੁੱਤੀ ਤੇ ਦਾਇਮੀ ਰੋਲ ਦਾ, ਜਿਸ ਦੀ ਪ੍ਰਮਾਣਿਤ ਗਵਾਹੀ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਜੀ ਦੇ ਦਰਬਾਰੀ ਕਵੀ, ਮੀਰ ਅਬਦੁਲ ਤੇ ਨੱਥਾ ਨੇ ਅਨਿੰਨ ਗੁਰ-ਸ਼ਰਧਾ ਸਹਿਤ, ਤਖ਼ਤ-ਨਸ਼ੀਨੀ ਵੇਲੇ ਗੁਰੂ-ਦਰਬਾਰ ਵਿਚ ਇਉਂ ਗਾਈ ਸੀ:

ਸੱਚਾ ਤਖਤ ਸੁਹਾਯੋ ਸ੍ਰੀ ਗੁਰ ਪਾਇ ਕੈ।
ਛਬ ਬਰਨੀ ਨਹਿ ਜਾਇ ਕਹੋ ਕਿਆ ਗਾਇ ਕੈ।
ਰਵਿ ਸਸ ਗਏ ਮਲੀਨ ਸੁ ਦਰਸ ਦਿਖਾਇ ਕੈ।
ਸ੍ਰੀ ਗੁਰ ਤਖ਼ਤ ਬਿਰਾਜੇ ਪ੍ਰਭੂ ਧਿਆਇ ਕੈ।
ਮੀਰੀ ਅਬਦੁਲ ਔ ਨਥਾ ਜਸ ਕਹੈ ਬਨਾਇ ਕੈ।

ਦੋ ਤਲਵਾਰੀ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪਗ ਤੇਰੀ ਕੀ ਜਹਾਂਗੀਰ ਦੀ?

(ਵਾਰ ਤਖ਼ਤ-ਨਸ਼ੀਨੀ 'ਚੋਂ)

ਸਾਰ:

ਚੇਤੇ ਰਹੇ: ਗੁਰੂ ਪਾਤਸ਼ਾਹ ਨੇ ਨਾ ਕੇਵਲ 'ਪੀਰੀ ਤੇ ਮੀਰੀ' ਦੇ ਮੁੱਢ-ਕਦੀਮੀ ਸੁਮੇਲ ਦੀ ਪ੍ਰਕਿਰਿਆ ਪ੍ਰਗਟ ਕਰਨ ਹਿੱਤ ਹੀ ਚਿੰਨ੍ਹਾਤਮਕ ਤੌਰ (Symbolically) ਦੋ ਤਲਵਾਰਾਂ ਸਜਾਈਆਂ, ਸਗੋਂ, ਸੀਸ ਉੱਤੇ ਸ਼ਾਹੀ ਕਲਗੀ ਵੀ ਸਜਾਈ ਅਤੇ ਸੱਚੇ ਤਖ਼ਤ ਉੱਤੇ ਵੀ ਸੁਭਾਇਮਾਨ ਹੋਏ। ਹਾਂ, ਪਾਵਨ ਪੀਰੀ ਤੇ ਧਰਮੀ ਮੀਰੀ ਦੇ ਸੰਗਮ ਤੋਂ ਜੋ ਦੈਵੀ-ਸ਼ਕਤੀ ਦਾ ਭੰਡਾਰ ਪ੍ਰਾਪਤ ਹੋਇਆ, ਉਹ ਸੰਸਾਰੀਆਂ ਦੀ ਤਰ੍ਹਾਂ ਪਦਾਰਥਕ ਮੁੱਲਾਂ ਤੇ ਹਾਕਿਮਾਨਾ ਜਲ-ਜਲੌ ਦੇ ਵਿਖਾਵੇ ਵਾਸਤੇ ਨਹੀਂ ਸੀ। ਵੇਖੋ ਗੁਰੂ ਜੀ ਨੇ ਹਮਾਲਾਵਰ ਸ਼ਾਹੀ ਫ਼ੌਜਾਂ ਵਿਰੁੱਧ ਚਾਰ ਯੁੱਧ ਕੀਤੇ ਅਤੇ ਜਿੱਤੇ ਪ੍ਰੰਤੂ ਫ਼ਤਹਯਾਬ ਹੋਣ ਦੇ ਬਾਵਜੂਦ ਕਿਤੇ ਇੰਚ ਭਰ ਭੌਂ ਉਤੇ ਵੀ ਕਬਜ਼ਾ ਨਹੀਂ ਕੀਤਾ। ਮਾਇਆ-ਧਾਰੀ ਲੋਕਾਂ ਦੀ ਤਰ੍ਹਾਂ ਏਥੇ ਝਗੜਾ ਜ਼ਮੀਨ, ਜੋਰੂ ਤੇ ਜ਼ਰ ਦਾ ਨਹੀਂ ਸੀ, ਧਰਮੀ ਆਦਰਸ਼ ਦਾ ਸੀ, ਜਾਬਰ ਦੇ ਜਬਰ ਦੇ ਵਿਰੋਧ ਦਾ ਸੀ। ਹਥਿਆਰ ਚੁੱਕਣ ਦੀ ਲਾਚਾਰਗੀ ਦਾ ਇਜ਼ਹਾਰ ਦਸਵੇਂ ਜਾਮੇ ਵਿਚ ਔਰੰਗਜ਼ੇਬ ਨੂੰ ਸੰਮਤ ੧੭੬੨ ਵਿਚ ਲਿਖੇ ਜ਼ਫ਼ਰਨਾਮੇ ਵਿਚ ਬਰ-ਹੱਕ ਇਉਂ ਸੰਬੋਧਨ ਕੀਤਾ ਗਿਆ ਸੀ:

ਚੁ ਕਾਰ ਅਜ਼ ਹਮ: ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸੀਰ ਦਸਤ॥

(ਜ਼ਫ਼ਰਨਾਮਾ)

(ਜਦ ਮਾਮਲਾ, ਸੁਲਹ-ਸਫਾਈ) ਦੇ ਸਾਰਿਆਂ ਯਤਨਾਂ ਦੇ ਬਾਵਜੂਦ ਨਿਆਂ-ਪੂਰਬਕ ਹੱਲ

ਨ ਹੋਵੇ ਤਾਂ ਤਲਵਾਰ ਉਠਾਉਣੀ (ਸ਼ਕਤੀ ਦਾ ਪ੍ਰਯੋਗ ਕਰਨਾ) ਹੱਕ-ਬਜਾਨਬ ਹੈ।

ਸਤਿਗੁਰੂਆਂ ਅਥਵਾ ਉਨ੍ਹਾਂ ਦੇ ਸਾਦਕ ਸਿੱਖਾਂ ਦਾ ਨਿਸ਼ਾਨਾ ਤਾਂ ਸਮਸਤ ਸੰਸਾਰ ਉੱਤੇ ਇਕ ਐਸਾ ਧਾਰਮਿਕ ਸਮਾਜਿਕ, ਆਰਥਿਕ ਤੇ ਰਾਜਨੀਤਕ ਧਰਮੀ ਪ੍ਰਬੰਧ ਕਾਇਮ ਕਰਨਾ ਸੀ, ਜਿਸ ਦੁਆਰਾ ਸੀ ਭਗਤ ਰਵਿਦਾਸ ਜੀ ਦਾ ਬੇਗਮਪੁਰੇ ਸ਼ਹਿਰ ਅਤੇ ਪੰਜਵੇਂ ਸਤਿਗੁਰਾਂ ਦੇ ਹਲੇਮੀ ਰਾਜ ਦਾ ਸੁਪਨਾ ਸਾਕਾਰ ਹੋ ਸਕੇ।

ਕੀ ਇਹ ਵੰਗਾਰ ਅੱਜ ਵੀ 'ਖ਼ਾਲਸਾ' ਜੀ ਨੂੰ ਦਰਪੇਸ਼ ਨਹੀਂ? ਹਾਂ, ਹੈ। ਕੀ ਗੁਰੂ ਜੀ ਦਾ 'ਖਾਸ ਰੂਪ ਖ਼ਾਲਸਾ' ਨੂੰ ਸ਼ਾਇਰ ਦੇ ਇਹ ਸ਼ਬਦ ਹਲੂਣ ਸਕਣਗੇ:

ਜ਼ਿਮੀਂ ਕੋ ਕਬ ਹੈ ਯਹ ਦਸਤਿ ਕੁਦਰਤ, ਫ਼ਲਕ ਕੋ ਕਬ ਹੈ ਯਹ ਤਾਬੋ ਤਾਕਤ?
ਤੂਹੀ (ਖ਼ਾਲਸਾ) ਬਤਾਏਗਾ ਕਬ ਯਿਹ ਹੋਗਾ, ਸਾਕਾਰ ਸੰਗਮ ਮੀਰੀ ਪੀਰੀ?

ਸਫਲਤਾ ਦੀ ਮੰਜ਼ਲ ਉੱਤੇ ਪਹੁੰਚਣ ਲਈ ਭਾਈ ਨੰਦ ਲਾਲ, ਗੋਇਆ ਦਾ ਇਹ ਮਸ਼ਵਰਾ ਵੀ ਕਾਬਲਿ-ਗੌਰ ਹੈ:

ਮੰਜ਼ਲਿ ਇਸ਼ਕ ਦਰਾਜ ਅਸਤ, ਬ-ਪਾ ਨ-ਤਵਾਂ ਰਫਤ
ਸਰ ਕਦਮ ਸਾਜ ਕਿ ਤਾ ਦਰ ਰਾਹਿਆਂ ਯਾਰ ਸ਼ਵੀ।

(ਗਜ਼ਲ-੬੩)

੬/੧੯੯੫

ਦੋ ਤਲਵਾਰੀਂ ਬੱਧੀਆਂ...

ਸਿਆਸਤ ਧਰਮ ਦਾ ਅਟੁਟਵਾਂ ਅੰਗ ਹੈ, ਪਰ ਇਨ੍ਹਾਂ ਨੂੰ ਨਿਖੇੜਨ ਦਾ ਯਤਨ ਚਿਰਾਂ ਤੋਂ ਹੁੰਦਾ ਰਿਹਾ ਹੈ। ਕੇਲੋਂ ਗਲ ਲੱਗੀ ਵੇਲ ਵਾਲੀ ਗੱਲ ਹੈ ਪਰ ਇਨ੍ਹਾਂ ਨੂੰ ਵੱਖ-ਵੱਖ ਕਰਨ ਦੇ ਮਨਸੂਬੇ ਸਵਾਰਥੀ ਸਦਾ ਕਰਦੇ ਰਹੇ ਹਨ। ਹੁਣ ਦੇ ਸਮੇਂ ਤਾਂ ਇਹ ਯਤਨ ਬਹੁਤ ਜ਼ਿਆਦਾ ਹੋ ਗਏ ਹਨ। ਕਿਸੇ ਹਦ ਤਕ ਤਾਂ 'ਸੈਕੂਲਰਇਜ਼ਮ' ਦੇ ਪਰਦੇ ਹੇਠਾਂ ਇਨ੍ਹਾਂ ਨੂੰ ਵੱਖ-ਵੱਖ ਕਰ ਦਿੱਤਾ ਗਿਆ ਕਿਹਾ ਜਾਂਦਾ ਹੈ। ਪਰ ਇਹ ਤਾਂ ਧੂਏਂ ਦਾ ਪਰਦਾ ਸੀ ਜਿਸ ਵਿਚ ਸਾਰਾ ਨੁਕਸਾਨ ਇਕ ਪਾਸੇ ਨੂੰ ਹੀ ਹੋਇਆ ਹੈ ਤੇ ਹੋਰ ਵੀ ਹੋਣ ਦੀ ਸੰਭਾਵਨਾ ਹੈ। ਇਹੋ ਜਿਹੀਆਂ ਗੱਲਾਂ ਹੁਣ ਆਮ ਸੁਣਨ ਵਿਚ ਆਉਂਦੀਆਂ ਹਨ ਕਿ ਧਰਮ ਦਾ ਸਿਆਸਤ ਨਾਲ ਕੀ ਸਬੰਧ ਹੈ? ਧਰਮ ਇਕ ਸੁੱਚੀ ਚੀਜ਼ ਹੈ ਤੇ ਸਿਆਸਤ ਹੈ ਗੰਦ। ਸੱਚ ਨਾਲ ਗੰਦ ਦਾ ਮੇਲ ਕਿਵੇਂ? ਇਹ ਅਜਿਹਾ ਟਪਲਾ ਹੈ ਜਿਸ ਵਿਚ ਲੋਕਾਂ ਤੇ ਖਾਸ ਕਰ ਸਿੱਖ ਕੌਮ ਨੂੰ ਰਹਿਣ ਦੇਣਾ ਇਕ ਹਾਨੀਕਾਰਕ ਗੱਲ ਹੋਵੇਗੀ ਜਿਸ ਦਾ ਅਸਰ ਦੂਰ-ਰਸ ਹੋਣ ਦੀ ਸੰਭਾਵਨਾ ਹੈ। ਇਸ ਲਈ ਧਰਮ ਤੇ ਸਿਆਸਤ ਦੇ ਸਬੰਧ ਨੂੰ ਸਮਝਣਾ ਹਰ ਇਕ ਲਈ ਤੇ ਖਾਸ ਕਰ ਹਰ ਸਿੱਖ ਪ੍ਰਾਣੀ ਲਈ ਜ਼ਰੂਰੀ ਬਣ ਜਾਂਦਾ ਹੈ। ਧਰਮ ਕਿਸ ਨੂੰ ਕਹਿੰਦੇ ਹਨ? ਸਿਆਸਤ ਦੇ ਕੀ ਅਰਥ ਹਨ? ਧਰਮ ਤੇ ਸਿਆਸਤ ਕਦੀ ਸਿੱਖ ਧਰਮ ਵਿਚ ਇਕੱਠੇ ਆਏ ਹਨ? ਕੀ ਦੁਨੀਆਂ ਦੀ ਤਵਾਰੀਖ਼ ਵਿਚ ਕਦੀ ਇਕੱਠੇ ਰਹੇ ਹਨ? ਦੋਨਾਂ ਦਾ ਪ੍ਰਸਪਰ ਮੇਲ ਹੈ ਜਾਂ ਵਿਰੋਧ? ਸਿਆਸਤ ਹੱਥ ਨ ਰਹੇ ਤਾਂ ਕੀ ਧਰਮ ਬਚ ਸਕਦਾ ਹੈ? ਕੀ ਸਿਆਸਤ ਨੇ ਕਿਸੇ ਤਹਿਜ਼ੀਬ ਨੂੰ ਖ਼ਤਮ ਕਰਨ ਵਿਚ ਹੱਥ ਵਟਾਇਆ ਹੈ? ਕੀ ਧਰਮ ਸੱਚ-ਮੁੱਚ ਨਹੀਂ ਬਚਦਾ ਜੇ ਸਿਆਸੀ ਤਾਕਤ ਹੱਥ ਵਿਚ ਨ ਰਹੇ? ਆਦਿ ਇਨ੍ਹਾਂ ਸਾਰਿਆਂ ਸੁਆਲਾਂ ਦਾ ਜੁਆਬ ਸਿੱਖ ਇਤਿਹਾਸ ਵਿਚੋਂ ਹੀ ਲੱਭਣਾ ਹੈ।

ਧਰਮ ਕੀ ਹੈ? ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ ਧਰਮ ਸੱਚ ਹੈ । ਧਰਮ ਹੈ ਸੱਚ ਨੂੰ ਦ੍ਰਿੜ ਕਰਨਾ। *'ਏਕੋ ਧਰਮੁ ਦ੍ਰਿੜੈ ਸਚੁ ਕੋਇ॥'* ਧਰਮ ਸੱਚ ਨੂੰ ਹਿਰਦੇ ਤੇ ਸੰਸਾਰੀ ਤੌਰ 'ਤੇ ਅਮਲ ਵਿਚ ਧਾਰਨ ਕਰਨ ਨੂੰ ਕਿਹਾ ਜਾਂਦਾ ਹੈ। ਸੱਚ ਲਈ ਮਰਨਾ, ਸੱਚ ਲਈ ਬੋਲਣਾ, ਝੂਠ ਨੂੰ ਨਿੰਦਣਾ, ਧੱਕੇ ਖਿਲਾਫ਼ ਆਵਾਜ਼ ਉਠਾਣੀ, ਧੱਕਾ ਭਾਵੇਂ ਧਰਮ ਦੇ ਠੇਕੇਦਾਰਾਂ ਵਲੋਂ ਹੋਵੇ, ਭਾਵੇਂ ਅਮੀਰ ਦਾ ਗਰੀਬ ਉਤੇ ਤੇ ਭਾਵੇਂ ਇਕ ਜਾਤੀ ਦਾ ਦੂਜੀ ਉਤੇ। ਇਹ ਸਭ ਸਿੱਖੀ ਅਨੁਸਾਰ ਧਰਮ ਹੈ। ਸਿਆਸਤ ਕੀ ਹੈ? ਨੇਤਕਵੇਤਾਵਾਂ ਦੇ ਕਥਨ ਅਨੁਸਾਰ ਮੋਟੇ ਅੱਖਰਾਂ ਵਿਚ ਰਾਜ ਸੰਭਾਲਣ ਨੂੰ ਕਹਿੰਦੇ ਹਨ ਜਾਂ ਰਾਜ ਕਿਹੋ ਜਿਹਾ ਸੀ, ਕਿਹੋ ਜਿਹਾ ਹੈ ਤੇ ਕਿਹੋ ਜਿਹਾ ਚਾਹੀਦਾ ਹੈ। ਦੂਜੇ ਅਰਥਾਂ ਵਿਚ ਮਾੜੇ ਰਾਜ ਦੇ ਵਿਰੁੱਧ ਆਵਾਜ਼ ਉਠਾਣੀ ਤਾਂ ਕਿ ਚੰਗਾ ਰਾਜ ਆ ਜਾਏ। ਵਧੀਕੀਆਂ ਤੋਂ ਬਚਣਾਂ ਤੇ ਲੋਕਾਂ ਨੂੰ ਬਚਣ

ਲਈ ਪ੍ਰੇਰਨਾ ਕਰਨੀ, ਧੱਕੇ ਦੇ ਖ਼ਿਲਾਫ਼ ਆਵਾਜ਼ ਉਠਾਉਣੀ, ਸੱਚ ਲਈ ਬੋਲਣਾ ਤੇ ਸੱਚੀ ਗੱਲ ਕਹਿੰਦਿਆਂ ਕਦੀ ਵੀ ਨ ਰੁਕਣਾ, ਭਾਵੇਂ ਲੱਖ ਤਸੀਹੇ ਸਹਿਣੇ ਪੈਣ।

ਅਸੀਂ ਦੇਖਿਆ ਹੈ ਧਰਮ ਹੈ ਸਚ ਨੂੰ ਦ੍ਰਿੜ੍ਹ ਕਰਕੇ ਸੱਚ ਪ੍ਰਚਾਰਨਾ। ਸਿਆਸਤ ਹੈ ਝੂਠ ਤੇ ਬੇਇਨਸਾਫ਼ੀ ਦੂਰ ਕਰਕੇ ਸੱਚ ਤੇ ਇਨਸਾਫ਼ ਲਿਆਣਾ ਤੇ ਧੱਕੇ ਖ਼ਿਲਾਫ਼ ਅੰਦੋਲਣ ਕਰਨਾ। ਧਰਮ ਦਾ ਉਦੇਸ਼ ਹੈ ਪ੍ਰਸਪਰ ਪਿਆਰ ਪੈਦਾ ਕਰਨਾ। ਸਿਆਸਤ ਹੈ ਚੰਗੇ ਖ਼ਿਆਲਾਂ ਵਾਲੇ ਲੋਕ ਪੈਦਾ ਕਰਨਾ ਤੇ ਉਨ੍ਹਾਂ ਹੱਥ ਰਾਜ-ਪ੍ਰਬੰਧ ਦੇਣਾ। ਗੱਲ ਕੀ ਧਰਮ ਵੀ ਹੈ ਝੂਠ ਖ਼ਿਲਾਫ਼ ਬੋਲਣਾ ਤੇ ਸਿਆਸਤ ਵੀ ਹੈ ਜਬਰ ਦੇ ਵਿਰੁੱਧ ਉਠਣਾ ਸੋ ਦੋਹਾਂ ਦਾ ਪਰਸਪਰ ਮੇਲ ਹੈ, ਵਿਰੋਧ ਨਹੀਂ। ਇਹ ਵੱਖ-ਵੱਖ ਨਹੀਂ ਕੀਤੇ ਜਾ ਸਕਦੇ।

ਇਹ ਸੀ ਆਸ਼ਾ ਜੋ ਗੁਰੂ ਨਾਨਕ ਜੀ ਨੇ 'ਧਰਮ ਅਤੇ ਸਿਆਸਤ' ਬਾਰੇ ਦੁਨੀਆਂ ਨੂੰ ਦਿੱਤਾ। ਇਹ ਸੱਚ ਹੈ ਕਿ ਇਹ ਵਿਚਾਰਧਾਰਾ ਪਰਚੱਲਤ ਪ੍ਰਣਾਲੀ ਵਿਚ ਇਕ ਇਨਕਲਾਬ ਸੀ। ਪਹਿਲਾਂ ਲੋਕੀਂ ਇਸ ਖਿਆਲ ਵਲੋਂ ਅਵੇਸਲੇ ਸਨ। ਓਦੋਂ ਲੋਕੀਂ ਇਹ ਨਾ ਜਾਣ ਸਕੇ ਕਿ ਬੁੱਧ ਧਰਮ ਕਿਵੇਂ ਖ਼ਤਮ ਹੋਇਆ। ਉਹ ਇਹ ਨਾ ਜਾਣ ਸਕੇ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਤਹਿਜ਼ੀਬ ਕੋਈ ਦੂਜਾ ਧਰਮ ਹੱਥ ਵਿਚਲੀ ਸਿਆਸੀ ਤਾਕਤ ਦੁਆਰਾ ਕੁਚਲ ਰਿਹਾ ਸੀ। ਇਹ ਦੂਰ-ਦ੍ਰਿਸ਼ਟੀ ਕੇਵਲ ਗੁਰੂ ਨਾਨਕ ਸਾਹਿਬ ਦੀ ਹੀ ਹੈ, ਜਿਨ੍ਹਾਂ ਸਭ ਕੁਝ ਸਮਝਿਆ ਤੇ ਸਾਨੂੰ-ਸਮਝਾਇਆ। ਆਪ ਨੇ ਦਸਿਆ ਕਿ ਚੋਣਾਂ ਸਦਾ 'ਗੁਲਾਮ' ਧਰਮ ਉੱਤੇ ਪੈਂਦੀਆਂ ਰਹਿੰਦੀਆਂ ਹਨ। ਇਸ ਭਾਵ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਆਸਾ ਦੀ ਵਾਰ ਵਿਚ ਸਪੱਸ਼ਟ ਕੀਤਾ ਹੈ। ਗੁਰੂ ਜੀ ਨੇ ਫ਼ੁਰਮਾਇਆ ਹੈ ਕਿ ਜੇ ਰਾਜਸੀ ਤਾਕਤ (ਸਿਆਸਤ) ਕਿਸੇ ਧਰਮ ਤੇ ਤਹਿਜ਼ੀਬ ਦੇ ਵਿਰੁੱਧ ਹੋਵੇ ਤਾਂ ਬਹੁਤ ਭਾਰੀ ਨੁਕਸਾਨ 'ਗੁਲਾਮ' ਤਹਿਜ਼ੀਬ ਤੇ ਧਰਮ ਨੂੰ ਹੁੰਦਾ ਹੈ। ਇਸ ਗੱਲ ਦੀ ਪੁਸ਼ਟੀ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਮਿਸਾਲ ਦਿੱਤੀ ਕਿ 'ਇਕ ਬ੍ਰਾਹਮਣ ਆਪਣੀ ਗਊ ਨੂੰ ਨਾਲ ਲੈ ਕੇ ਨਦੀ ਪਾਰ ਕਰਾਉਣਾ ਚਾਹੁੰਦਾ ਹੈ, ਉਸ ਨਦੀ ਉਤੇ ਮਹਿਸੂਲੀਆ ਹਿੰਦੂ ਹੈ; ਉਹ ਹਿੰਦੂ ਮਹਿਸੂਲੀਆ ਉਸ ਬ੍ਰਾਹਮਣ ਦੀ ਗਊ ਨੂੰ ਪਾਰ ਨਹੀਂ ਲੰਘਣ ਦਿੰਦਾ ਜਦ ਤਕ ਉਹ ਹਕੂਮਤ ਵੱਲੋਂ ਲਗਾਇਆ ਹੋਇਆ ਮਸੂਲ ਨਾ ਦੇਵੇ।' ਬ੍ਰਾਹਮਣ ਝਗੜਾ ਕਰਦਾ ਹੈ ਅਤੇ ਕਹਿੰਦਾ ਹੈ ਇਸੇ ਗਊ ਨੂੰ ਤੂੰ ਮਾਤਾ ਕਹਿੰਦਾ ਹੈਂ, ਇਸੇ ਗਊ ਦੇ ਗੋਬਰ ਨਾਲ ਚੌਂਕਾ ਆਦਿ ਸੁੱਚਾ ਕਰਦਾ ਹੈਂ, ਇਸੇ ਦੁਆਰਾ ਪਾਰ ਉਤਰਨ ਦੀ ਕੋਸ਼ਿਸ਼ ਕਰਦਾ ਹੈਂ ਤੇ ਫਿਰ ਇਸੇ ਗਊ ਕੋਲੋਂ ਇਕ ਰੁਪਿਆ ਟੈਕਸ (ਕਰ)! ਤਾਂ ਹਿੰਦੂ ਮਸੂਲੀਆ ਆਪਣੀ ਮਜਬੂਰੀ ਦੱਸਦਾ ਹੈ ਕਿ ਇਹ ਵਕਤ ਦੀ ਹਕੂਮਤ ਦਾ ਹੁਕਮ ਹੈ। ਗੁਰੂ ਨਾਨਕ ਦੇਵ ਜੀ ਉਸ ਦੀ ਮਜਬੂਰੀ ਉਤੇ ਹੱਸਦੇ ਹਨ ਤੇ ਕਹਿੰਦੇ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ, ਤੁਰਕਾ ਭਾਈ॥
ਛੋਡੀਲੇ ਪਾਖੰਡਾ॥...

(ਪੰਨਾ ੪੭੬)

ਇਹ ਗਿਰਾਵਟ ਹੈ ਪਰਾਈ ਸਿਆਸਤ ਦੇ ਕਾਰਣ ਜੋ ਆਪਣੇ ਹੱਥ ਵਿਚ ਨਹੀਂ। ਗੁਰੂ ਜੀ ਫ਼ਰਮਾਉਂਦੇ ਹਨ ਕਿ ਅੰਦਰ ਵੜ ਕੇ ਤਾਂ ਠਾਕਰ ਪੂਜਦੇ ਹੋ ਤੇ ਬਾਹਰ ਮੁਸਲਮਾਨਾਂ ਦੀਆਂ ਕਿਤਾਬਾਂ ਵਾਲੇ ਤਰੀਕੇ ਅਪਣਾਉਂਦੇ ਹੋ। 'ਮਲੇਛ' ਕਹਿਣ ਵਾਲਿਆਂ ਦੀ ਰਹੁ-ਰੀਤੀ ਅਪਣਾ ਰਹੇ ਹੋ। ਤੁਹਾਡੀ ਸਭਿਅਤਾ ਖ਼ਤਮ ਹੋ ਰਹੀ ਹੈ। ਇਹ ਹਾਸੋ-ਹੀਣੀ ਹਾਲਤ ਹਿੰਦੂ ਸਮਾਜ ਦੀ ਕਿਸ ਨੇ ਕੀਤੀ? ਉੱਤਰ ਮਿਲੇਗਾ, ਸਮੇਂ ਦੀ ਹਕੂਮਤ ਨੇ। ਦੂਜੇ ਅੱਖਰਾਂ ਵਿਚ ਪਰਾਈ ਸਿਆਸਤ ਨੇ। ਇਸ ਪਰਾਈ ਸਿਆਸਤ ਨੇ ਹਿੰਦੂਆਂ ਦੀ ਸਭਿਅਤਾ ਉਤੇ ਇਤਨੀ ਭਾਰੀ ਸੱਟ ਮਾਰੀ ਕਿ ਉਹ ਨਿਰਬਲ ਤੇ ਬੇ-ਆਸਰੇ ਬਣਾ ਦਿੱਤੇ ਗਏ। ਜੇ ਗਹੁ ਨਾਲ ਤਕਿਆ ਜਾਏ ਤਾਂ ਅਸਲ ਵਿਚ ਇਤਨਾ ਕਸੂਰ ਹਿੰਦੂਆਂ ਦਾ ਨਹੀਂ ਕਿਉਂ ਜੋ ਗੁਲਾਮ ਦੀ ਤਹਿਜ਼ੀਬ ਕਦੀ ਬਚ ਨਹੀਂ ਸਕਦੀ ਕਿਉਂਕਿ ਅਧੀਨ ਦੀ ਸਭਿਅਤਾ ਰਾਜਸੀ ਤਾਕਤ ਵਾਲੇ ਦੀ ਸਭਿਅਤਾ ਨਾਲੋਂ ਵੱਖਰੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ਼ਾਰਾ ਦਿੱਤਾ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ *'ਪਰ ਅਧੀਨ ਸੁਪਨੈ ਸੁਖ ਨਾਹੀ'* ਦੇ ਖਿਆਲ ਨੂੰ ਸੰਗਤਾਂ ਵਿਚ ਦ੍ਰਿੜ੍ਹ ਕਰਾਇਆ। ਗੁਰੂ ਅਰਜਨ ਦੇਵ ਜੀ ਨੇ ਉਸੇ ਆਸ਼ੇ ਲਈ ਸ਼ਹੀਦੀ ਦਿੱਤੀ ਅਤੇ ਉਸੇ ਆਸ਼ੇ ਦੀ ਪੂਰਤੀ ਲਈ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਪਹਿਨੀਆਂ।

ਸਿੱਖ ਗੁਰੂਆਂ ਵੱਲੋਂ ਰਾਜ ਜਾਂ ਰਾਜ-ਪ੍ਰਬੰਧ 'ਪੁਰ ਨੁਕਤਾਚੀਨੀ ਕਰਨੀ ਕੁਦਰਤੀ ਗੱਲ ਸੀ। ਸਤਿਗੁਰੂ ਸਿਆਸਤ ਨੂੰ ਧਰਮ ਦਾ ਅਟੁੱਟਵਾਂ ਅੰਗ ਸਮਝਦੇ ਤੇ ਪਰਚਾਰਦੇ ਸਨ। ਨਾਲ ਹੀ ਉਹ ਆਪਣੇ ਸਿੱਖਾਂ ਨੂੰ ਘਰਾਂ ਵਿਚ ਰਹਿ ਕੇ ਆਪਣੇ ਕੰਮ ਕਾਜ ਕਰਦੇ ਹੋਏ ਗ੍ਰਹਿਸਤ ਵਿਚ ਰਹਿੰਦੇ, ਧਰਮ 'ਪੁਰ ਚੱਲਣ ਦੀ ਪ੍ਰੇਰਨਾ ਕਰ ਰਹੇ ਸਨ। ਕਿਰਤੀ ਲੋਕਾਂ ਦਾ ਵਾਸਤਾ ਸਦਾ ਰਾਜ ਤੇ ਰਾਜ ਦੇ ਕਰਮਚਾਰੀਆਂ ਨਾਲ ਪੈਣਾ ਹੋਇਆ। ਜੋ-ਜੋ ਦੁੱਖ ਤਕਲੀਫ਼ ਅਨੁਭਵ ਕੀਤੀ ਗੁਰੂ ਆਗੂਆਂ ਨੇ ਬਾਣੀ ਰਾਹੀਂ ਜਾਂ ਉਵ ਪ੍ਰਗਟ ਕੀਤੀ। ਹਕੂਮਤ ਵਿਰੁੱਧ ਸਭ ਖ਼ਿਆਲ ਬਿਨਾਂ ਡਰ ਪ੍ਰਗਟ ਕੀਤੇ। ਇਸ ਲਈ ਗੁਰੂ ਘਰ ਦੇ ਰਬਾਬੀਆਂ 'ਸੱਤਾ ਤੇ ਬਲਵੰਡ' ਜੀ ਨੇ ਗੁਰੂ ਸਾਹਿਬਾਨ ਨੂੰ *'ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ'* ਆਖਿਆ ਹੈ। ਸੱਚੇ ਖਿਆਲ ਕਿਸੇ ਡਰ ਬਿਨਾਂ ਪ੍ਰਗਟ ਕਰਨੇ ਸੱਚੀ ਸਿਆਸਤ ਹੈ ਤੇ ਸਿੱਖ ਧਰਮ ਦੀ ਮੁੱਢਲੀ ਸਿਆਸਤ ਇਹੋ ਹੈ।

ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਤਖ਼ਤ ਉਤੇ ਬੈਠੇ ਤਾਂ ਉਨ੍ਹਾਂ ਦੀ ਆਯੂ ਉਸ ਸਮੇਂ ਗਿਆਰਾਂ ਸਾਲਾਂ ਦੀ ਸੀ। ਲੋਕੀ ਕੁਝ ਝੇਂਪ ਗਏ ਕਿਉਂ ਜੋ ਉਨ੍ਹਾਂ ਦੇਖਿਆ ਕਿ ਸੱਚ ਨੂੰ ਦਬਾਇਆ ਜਾ ਰਿਹਾ ਹੈ। ਹੁਣ ਇਹ ਗੁਰੂ ਹਰਿਗੋਬਿੰਦ ਜੀ ਦੇ ਜ਼ਿਮੇ ਸੀ ਕਿ ਉਹ ਹਾਲਾਤ ਨੂੰ ਸਾਂਭਣ ਤੇ ਜਨਤਾ ਨੂੰ ਸੰਗਠਤ ਕਰਕੇ ਵਕਤ ਦੀ ਹਕੂਮਤ ਨਾਲ ਟੱਕਰ ਲੈਣ। ਟਰੰਪ ਦੇ ਕਹਿਣ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਹ ਤਬਦੀਲੀ ਆਂਦੀ ਜਿਸ ਨੂੰ ਉਹ ਇਕ ਮੋੜ ਨਾਲ ਤੁਲਣਾ ਦੇਂਦਾ ਹੈ। ਪਰ ਇਹ ਕੋਈ ਤਬਦੀਲੀ ਜਾਂ ਮੋੜ ਨਹੀਂ ਸੀ, ਸਿਰਫ਼ ਉਸੇ ਪੰਧ ਉਤੇ ਚਲਦਿਆਂ ਚਾਲ ਨੂੰ ਤੇਜ਼ ਕਰਨਾ ਸੀ। ਇਸ ਨੂੰ ਟਰੰਪ, ਲਤੀਫ਼ ਤੇ ਕਈ ਹੋਰ ਲਿਖਾਰੀਆਂ ਨੇ ਤਬਦੀਲੀ ਜਾਂ ਮੋੜ ਸਮਝਿਆ। 'ਮੀਰੀ-ਪੀਰੀ' ਦੀਆਂ ਦੋ ਤਲਵਾਰਾਂ ਪਹਿਨਣ ਨੂੰ ਕਈ ਓਪਰੀ ਸਮਝ ਵਾਲਿਆਂ ਨੇ ਗੁਰੂ ਨਾਨਕ ਜੀ ਦੇ ਆਸ਼ੇ ਦੇ ਉਲਟ ਸਮਝਿਆ ਪਰ ਇਤਿਹਾਸ ਇਹ ਦਸਦਾ ਹੈ ਕਿ ਗੁਰੂ ਹਰਿਗੋਬਿੰਦ ਜੀ

ਵੀ ਉਸੇ ਬੂਟੇ ਨੂੰ ਸਿੰਜ ਰਹੇ ਸਨ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ।

ਭਾਈ ਗੁਰਦਾਸ ਜੀ ਨੇ ਸ਼੍ਰੋਮਣੀ ਸਿੱਖ ਭਗਤਾਂ ਦੇ ਨਾਵਾਂ ਸਬੰਧੀ ਇਕ ਵਾਰ ਲਿਖੀ ਹੈ। ਇਹ ਹੈ ਗਿਆਰਵੀਂ ਵਾਰ ਜਿਸ ਦਾ ਭਾਵ-ਪ੍ਰਕਾਸ਼ਨੀ ਟੀਕਾ ਸਿੱਖਾਂ ਦੇ ਵਿਦਵਾਨ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਕੀਤਾ ਹੈ। ਉਸ ਟੀਕੇ ਵਿਚ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀਆਂ ਹੋਈਆਂ ਇਕ ਦੋ ਘਟਨਾਵਾਂ ਦਾ ਜ਼ਿਕਰ ਹੈ ਜੋ ਇਸ ਗੱਲ ਉਤੇ ਰੋਸ਼ਨੀ ਪਾਂਦੀਆਂ ਹਨ। ਉਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਪ੍ਰੋਗਰਾਮ ਪਹਿਲਾਂ ਹੀ ਸੀ, ਸਿਰਫ ਵਕਤ ਦੀ ਉਡੀਕ ਸੀ। ਇਕ ਘਟਨਾ ਇਸ ਤਰ੍ਹਾਂ ਹੈ: ਇਕ ਵਾਰ ਭਾਈ ਚੂਹੜ ਜੀ ਜੋ ਚੰਗੇ ਸੂਰਮੇ ਸਨ, ਗੁਰੂ ਅਰਜਨ ਦੇਵ ਜੀ ਕੋਲ ਆਏ ਤੇ ਉਪਦੇਸ਼ ਮੰਗਿਆ। ਗੁਰੂ ਜੀ ਨੇ ਫੁਰਮਾਇਆ-*'ਧਰਮ ਕਾ ਜੁਧ ਕਰਨਾ ਧਰਮ ਹੈ, ਜੋ ਗਰੀਬਾਂ ਨੂੰ ਰੰਞਾਨੇ ਉਸ ਨਾਲ ਜੁਧ ਕਰਨਾ, ਕਲਿਆਨ ਹੋਵੇਗੀ।'* ਭਾਵ ਇਹ ਹੈ ਕਿ ਤਿਆਰੀ ਪਹਿਲਾਂ ਹੀ ਹੋ ਰਹੀ ਸੀ। *'ਧਰਮ ਜੁਧ ਕੋ ਚਾਇ'* ਪੈਦਾ ਕੀਤਾ ਜਾ ਰਿਹਾ ਸੀ। ਇਸੇ ਤਰ੍ਹਾਂ ਉਸੇ ਵਾਰ ਦੀ ਅਠਾਈਵੀਂ ਪਉੜੀ ਦੀ ਵਿਆਖਿਆ ਕਰਦੇ ਹੋਏ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਭਾਈ ਸੀਗਾਰੂ ਤੇ ਭਾਈ ਜੈਤਾ ਜੀ ਬੜੇ ਸੂਰਬੀਰ ਤੇ ਪਰਉਪਕਾਰੀ ਪ੍ਰਸਿੱਧ ਸਨ। ਉਹ ਦੋਵੇਂ ਗੁਰੂ ਅਰਜਨ ਜੀ ਕੋਲ ਆਏ। ਗੁਰੂ ਅਰਜਨ ਦੇਵ ਜੀ ਨੇ ਓਹਨਾਂ ਦੋਵਾਂ ਸੂਰਬੀਰਾਂ ਦੀ ਸੌਂਪਣੀ ਗੁਰੂ ਹਰਿਗੋਬਿੰਦ ਜੀ ਨੂੰ ਕਰਦੇ ਹੋਏ ਬਚਨ ਕੀਤਾ:

"ਅਸਾਂ ਜੋ ਸ਼ਸਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕਰੁ ਪਕੜਨੇ ਹੈਨਿ। ਸਮਾਂ ਕਲਿਜੁਗ ਦਾ ਵਰਤਣਾ ਹੈ, ਸ਼ਸਤ੍ਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤੀ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ।"

ਹੁਣ ਇਹ ਕਹਿਣ ਦੀ ਲੋੜ ਨਹੀਂ ਭਾਸਦੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਹ ਸਿਖਿਆ, ਜੋ ਓਹਨਾਂ ਲਾਹੌਰ ਜਾਂਦੇ ਹੋਏ ਆਪਣੇ ਬੇਟੇ (ਗੁਰੂ) ਹਰਿਗੋਬਿੰਦ ਜੀ ਨੂੰ ਦਿੱਤੀ, ਉਹ ਗੁਰੂ ਸਾਹਿਬ ਦੀ ਰੁਚੀ ਤੇ ਆਸ਼ੇ ਦੇ ਐਨ ਮੁਤਾਬਕ ਸੀ।

'ਛਠਮ ਪੀਰ' 'ਗੁਰ ਭਾਰੀ', 'ਦਲਿ ਭੰਜਨ ਗੁਰੁ ਸੂਰੇ' ਨੇ ਡਿੱਠਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਜ਼ਾਲਮ ਦੇ ਪਥਰ ਹਿਰਦਿਆਂ ਨੂੰ ਨਰਮ ਤਾਂ ਨਹੀਂ ਕਰ ਸਕੀ ਪਰ ਸਿੱਖਾਂ ਦੇ ਹਿਰਦਿਆਂ ਨੂੰ ਗਰਮ ਜ਼ਰੂਰ ਕਰ ਗਈ ਹੈ। ਸਿਖਾਂ ਵਿਚ ਇਕ ਨਵਾਂ ਜੋਸ਼ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦੇਖਿਆ ਜਿਸ ਨੂੰ ਛੇਤੀ ਵਰਤੋਂ ਵਿਚ ਲਿਆਉਣ ਦੀ ਲੋੜ ਸੀ। 'ਦੀ ਸਿੱਖ ਰੀਲੀਜਨ' ਦੇ ਲੇਖਕ ਮੈਕਾਲਫ਼ ਦੇ ਕਹਿਣ ਅਨੁਸਾਰ ਇਸ ਸਮੇਂ ਨੂੰ ਸਾਂਭਣਾ ਸਭ ਤੋਂ ਵੱਡਾ ਕੰਮ ਸੀ ਅਤੇ ਇਤਿਹਾਸ ਇਹ ਗਵਾਹੀ ਭਰਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬੜੀ ਯੋਗਤਾ ਨਾਲ ਵਕਤ ਨੂੰ ਸੰਭਾਲਿਆ ਤੇ ਸਿੱਖ ਜਨਤਾ ਵਿਚ ਵਿਸ਼ਵਾਸ ਦੀ ਲਹਿਰ ਦੌੜ ਗਈ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਲੋਕਾਂ ਨੂੰ ਦ੍ਰਿੜ੍ਹ ਕਰਾਇਆ ਕਿ ਸਫਲਤਾ ਇਸੇ ਵਿਚ ਹੈ ਕਿ ਗੁਰੂ ਨਾਨਕ-ਗੁਰੂ ਅਰਜਨ ਜੀ ਦੇ ਪਾਏ ਹੋਏ ਪੂਰਨਿਆਂ ਉਤੇ ਚਲੀਏ। ਇਕ ਫ਼ੌਜ ਬਣਾਈ ਜਾਵੇ ਜਿਹੜੀ ਕਿਸੇ ਖ਼ਤਰੇ ਤੋਂ ਵੀ ਨਾ ਡਰੇ। ਨਵੀਂ ਕਿਸਮ ਦੇ ਯੋਧੇ ਤਿਆਰ ਕੀਤੇ ਜਾਣ ਜੋ ਇਕ ਅਕਾਲ ਪੁਰਖ ਨੂੰ ਹੀ ਸਾਹਮਣੇ ਰੱਖਣ। ਓਹਨਾਂ ਸੂਰਬੀਰਾਂ ਦੀ ਤੇਗ ਗੁੱਸੇ ਵਿਚ ਨਾ ਚਲੇ, ਨਫਰਤ

ਅਤੇ ਬਦਲੇ ਦੀ ਤਾਂਘ ਵਿਚ ਨਾ ਚਲਾਈ ਜਾਏ। ਉਹ ਤੇਗ ਅਨਾਥਾਂ, ਗਰੀਬਾਂ ਤੇ ਮਜ਼ਲੂਮਾਂ ਦੀ ਰਾਖੀ ਲਈ ਵਾਹੀ ਜਾਏ। ਇਸ ਤਰ੍ਹਾਂ ਉਹ ਤੇਗ ਗਰੀਬਾਂ ਦੀ ਢਾਲ ਦਾ ਕੰਮ ਕਰੇ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਤਖ਼ਤ-ਨਸ਼ੀਨੀ ਵੇਲੇ ਤਲਵਾਰਾਂ ਪਹਿਨੀਆਂ, ਇਕ ਨਹੀਂ, ਦੋ। ਇਕ ਮੀਰੀ ਦੀ, ਇਕ ਪੀਰੀ ਦੀ। ਇਕ ਧਰਮ ਦੀ, ਇਕ ਸਿਆਸਤ ਦੀ। ਇਕ ਸੱਚ ਪ੍ਰਚਾਰਨ ਦੀ, ਦੂਜੀ ਝੂਠ ਰੋਕਣ ਦੀ। ਇਸ ਤਰ੍ਹਾਂ ਆਪ ਨੇ ਅਮਲੀ ਰੂਪ ਵਿਚ ਸਿਆਸਤ ਨੂੰ ਧਰਮ ਨਾਲ ਜੋੜ ਦਿੱਤਾ।

ਗੁਰੂ ਘਰ ਦੇ ਦੋ ਢਾਡੀ ਹੋਏ ਹਨ। ਇਕ ਦਾ ਨਾਮ ਅਬਦੁਲਾ ਤੇ ਦੂਜੇ ਦਾ ਮੀਰ ਨੱਥ ਮੱਲ। ਅਬਦੁੱਲਾ 'ਸਰੰਗੀ' ਵਜਾਉਂਦਾ ਸੀ ਤੇ ਨੱਥ ਮੱਲ ਢੱਡ ਵਜਾਉਂਦਾ ਸੀ। ਇਹ ਦੋਵੇਂ ਸ਼ਾਮ ਨੂੰ ਰਹਰਾਸਿ ਦੇ ਪਾਠ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਜੋਧਿਆਂ ਦੀਆਂ ਵਾਰਾਂ ਗਾਇਨ ਕੀਤਾ ਕਰਦੇ ਸਨ। ਗੁਰੂ ਘਰ ਦੇ ਸੰਬੰਧ ਵਿਚ ਇਨ੍ਹਾਂ ਕਈ ਵਾਰਾਂ ਆਖੀਆਂ ਹਨ। ਇਨ੍ਹਾਂ 'ਤਖ਼ਤ ਨਸ਼ੀਨੀ' ਵੇਲੇ ਇਕ ਵਾਰ ਆਖੀ ਹੈ। ਇਹ ਤਖ਼ਤ ਨਸ਼ੀਨੀ ਦੀ ਵਾਰ ਪ੍ਰਗਟਾਉਂਦੀ ਹੈ ਕਿ ਸਿੱਖਾਂ ਦਾ ਹੌਸਲਾ ਜੋ ਡਿੱਗਣ ਲੱਗਾ ਸੀ ਉੱਚਾ ਹੋ ਗਿਆ। ਵਾਰ ਦੱਸਦੀ ਹੈ ਕਿ ਤਲਵਾਰਾਂ ਪਹਿਨਣ ਨਾਲ ਲੋਕਾਂ ਵਿਚ ਵਿਸ਼ਵਾਸ ਦੀ ਲਹਿਰ ਦੌੜ ਗਈ। ਸਿੱਖਾਂ ਜਹਾਂਗੀਰ ਨੂੰ ਜਿਚ ਕਰਨਾ ਸ਼ੁਰੂ ਕਰ ਦਿੱਤਾ। ਇਸ ਪਉੜੀ ਵਿਚ ਢਾਡੀਆਂ ਨੇ 'ਮੀਰੀ' ਨੂੰ ਰਾਜ ਆਖਿਆ ਹੈ ਤੇ ਮੀਰੀ ਦੀ ਤਲਵਾਰ ਪਹਿਨਣ ਵਾਲੇ ਦਾ ਟਾਕਰਾ ਕਿਸੇ ਜਨਕ, ਰਾਮ, ਕ੍ਰਿਸ਼ਨ, ਪੰਡਤ ਨਾਲ ਨਾ ਕੀਤਾ ਸਗੋਂ ਜਹਾਂਗੀਰ ਨਾਲ ਕੀਤਾ ਹੈ। ਜਹਾਂਗੀਰ ਰਾਜ ਦਾ ਚਿੰਨ੍ਹ ਹੈ ਤੇ ਮੀਰੀ ਦੀ ਤਲਵਾਰ ਵੀ ਰਾਜ ਦਾ ਚਿੰਨ੍ਹ ਕਰ ਕੇ ਦੱਸੀ ਹੈ। ਢਾਡੀ ਗੁਰੂ ਜੀ ਦੀ ਅਜ਼ਮਤ ਦਸਦੇ ਹੋਏ ਜਹਾਂਗੀਰ ਨੂੰ ਤੁਛ ਕਹਿੰਦੇ ਹਨ:

ਦੋ ਤਲਵਾਰੀ ਬਧੀਆਂ, ਇਕ ਮੀਰੀ ਦੀ, ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਜੀ।
ਨਾਲ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪਗ ਤੇਰੀ ਕੀ, ਜਹਾਂਗੀਰ ਦੀ?

ਢਾਡੀਆਂ ਨੇ ਪੱਗ ਤੇਰੀ (ਗੁਰੂ ਹਰਿਗੋਬਿੰਦ ਜੀ ਦੀ) ਕੀ, ਜਹਾਂਗੀਰ ਦੀ ਆਖ ਕੇ ਸੰਗਤਾਂ ਦੀ ਚੜ੍ਹਦੀ ਕਲਾ ਦੱਸ ਦਿੱਤੀ। ਇਹ ਮੀਰੀ ਦੀ ਤਲਵਾਰ ਦੁਸ਼ਟਾਂ ਨੂੰ ਮਾਰੇਗੀ ਤੇ ਪੀਰੀ ਦੀ ਰਾਖੀ ਕਰੇਗੀ। ਜ਼ਾਲਮਾਂ ਦੇ ਹੱਥੋਂ ਕੁਚਲੇ ਜਾ ਰਹੇ ਧਰਮ ਨੂੰ ਬਚਾਏਗੀ। ਪੀਰੀ ਢਾਲ ਹੋਵੇਗੀ ਕਿਸੇ ਦਾ ਵਾਰ ਰੋਕਣ ਵੇਲੇ ਤੇ ਮੀਰੀ ਤਲਵਾਰ ਬਣੇਗੀ ਜਾਬਰਾਂ ਨੂੰ ਖ਼ਤਮ ਕਰਨ ਵੇਲੇ। ਇਸ ਕਾਰਨ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਬੱਧੀਆਂ ਤੇ ਸਿੱਖਾਂ ਨੂੰ ਆਖਿਆ: 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤ੍ਰ ਤੇ ਚੰਗੀ ਜਵਾਨੀ ਹਨ।'

ਦਲਿ ਭੰਜਨ ਗੁਰੂ ਸੂਰਮਾ...

ਕਲਿ ਤਾਰਨ ਵਾਸਤੇ ਗੁਰੂ ਨਾਨਕ ਜੋਤਿ ਦਾ ਪ੍ਰਕਾਸ਼ ਧਰਤ ਸੁਹਾਵੀ 'ਤੇ ਹੋਇਆ। ਸੰਸਾਰ ਦੇ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਚੋਂ ਕੱਢਣ ਤੇ ਸਤਿ ਮਾਰਗ ਦੇ ਪਾਂਧੀ ਬਨਾਉਣ ਲਈ ਗੁਰੂ ਜੀ ਨੇ 'ਨਿਰਮਲ-ਪੰਥ' ਦੀ ਨੀਂਹ ਰੱਖੀ। ਗੁਰੂ ਨਾਨਕ ਜੋਤਿ ਦੇ ਆਗਮਨ ਸਮੇਂ ਭਾਰਤੀ ਲੋਕ ਬੁਜ਼ਦਿਲ, ਸਾਹਸਹੀਣ, ਪਤਹੀਣ ਤੇ ਗੁਲਾਮੀ ਦਾ ਜੀਵਨ ਜੀਉਣ ਦੇ ਆਦੀ ਹੋ ਚੁੱਕੇ ਸਨ। ਗੁਰੂ ਜੀ ਨੇ ਧਾਰਮਿਕ; ਰਾਜਸੀ ਤੇ ਸਮਾਜਿਕ ਤੇ ਸਭਿਆਚਾਰਕ ਚੇਤਨਾ ਲੋਕਾਂ ਨੂੰ ਪ੍ਰਦਾਨ ਕਰਨ ਲਈ ਬਲਵਾਨ ਧਾਰਮਿਕ ਵਿਚਾਰਧਾਰਾ ਨੂੰ ਜਨਮ ਦਿੱਤਾ ਤਾਂ ਜੋ ਉਹ ਸਵੈ-ਮਾਣ ਤੇ ਅਣਖ ਵਾਲਾ ਜੀਵਨ ਜੀਉਣ ਯੋਗ ਹੋ ਸਕਣ। ਭਾਵੇਂ ਕਿ ਇਸ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਹਿਤ ਗੁਰੂ ਜੀ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਫਿਰ ਵੀ ਨਿਰਦਈ ਜ਼ਾਲਮ ਤੇ ਜ਼ਾਬਰ ਹੁਕਮਰਾਨਾ, ਕਾਜ਼ੀਆਂ, ਬ੍ਰਾਹਮਣਾਂ, ਮੁੱਲਾਂ-ਮੁਲਾਣਿਆਂ ਨੂੰ ਆਪੋ-ਆਪਣਾ ਵਿਅਕਤੀਤਵ ਪਹਿਚਾਨਣ ਲਈ 'ਖਸਮ ਦੀ ਬਾਣੀ' ਰਾਹੀਂ ਸੁਚੇਤ ਕੀਤਾ।

'ਨਾਨਕ ਨਿਰਮਲ ਪੰਥ' ਨੂੰ ਸੰਸਥਾਗਤ ਰੂਪ ਪ੍ਰਦਾਨ ਕਰਨ ਲਈ ਆਤਮਿਕ ਤੇ ਸਮਾਜਿਕ ਮੁਕਤੀ ਵਾਲੇ 'ਦਰਸ਼ਨ' ਨੂੰ ਗੁਰੂ ਅਰਜਨ ਸਾਹਿਬ ਜੀ ਨੇ 'ਆਦਿ ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਨ ਕਰਕੇ 'ਮੁੰਦਾਵਣੀ' ਲਾ ਦਿੱਤੀ ਤਾਂ ਜੋ 'ਸੱਚੀ ਬਾਣੀ' ਵਿਚ 'ਕੱਚੀ ਬਾਣੀ' ਦਾ ਰਲਾ ਨ ਹੋ ਸਕੇ। ਖਸਮ ਦੀ ਬਾਣੀ ਦੀ ਸਰਵਉੱਚਤਾ ਨੂੰ ਪਰਮਾਣੀਕ ਮੰਨਦਿਆਂ ਹੋਇਆਂ ਗੁਰੂ ਜੀ ਨੂੰ ਸ਼ਹਾਦਤ ਦਾ ਜਾਮ ਵੀ ਪੀਣਾ ਪਿਆ ਤਾਂ ਜੋ ਇਸ ਵਿਚ ਕੋਈ ਵਾਧ-ਘਾਟ ਨ ਕਰ ਸਕੇ। ਇਕ ਪਾਸੇ 'ਸਚੁ ਕੀ ਬਾਣੀ' ਦਾ ਪ੍ਰਕਾਸ਼ ਹੋਇਆ ਤੇ ਦੂਸਰੇ ਪਾਸੇ ਕੁਕਰਮੀਆਂ ਦੀਆਂ ਭੈੜੀਆਂ ਚਾਲਾਂ ਇਸ ਨੂੰ ਸਮੇਟਣ ਦਾ ਯਤਨ ਕਰਨ ਲਗੀਆਂ।

ਹੁਣ ਲੋੜ ਸੀ 'ਨਿਰਮਲ ਪੰਥ' ਦੀ ਪ੍ਰਭੁਸਤਾ ਨੂੰ ਕਾਇਮ ਰੱਖਣ ਲਈ ਕਿਸੇ ''ਸੂਰਮੇ' ਦੀ ਜੋ ਆਤਮਿਕ ਸ਼ਕਤੀ ਦੀ ਅਗਵਾਈ ਵਿਚ ਬਾਹੂ ਬਲ ਦਾ ਵੀ ਪ੍ਰਯੋਗ ਕਰ ਸਕੇ।

ਇਸ ਲੋੜ ਦੀ ਪੂਰਤੀ ਲਈ, *ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ* ਦੇ ਰੂਪ ਵਿਚ ੧੯ ਜੂਨ, ੧੫੯੫ ਈ: ਨੂੰ ਇਸ ਧਰਤ 'ਤੇ ਪ੍ਰਗਟ ਹੋਈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਨਾਲ ਗੁਰੂ ਘਰ ਦੇ ਵਿਰੋਧੀਆਂ ਦੀਆਂ ਇਛਾਵਾਂ 'ਤੇ ਪਾਣੀ ਫਿਰ ਗਿਆ। ਗੁਰੂ ਘਰ ਦੇ ਕੱਟੜ ਵਿਰੋਧੀ ਤੇ ਲਾਲਚੀ ਪ੍ਰਿਥੀ ਚੰਦ ਨੇ ਬਾਲ ਹਰਿਗੋਬਿੰਦ ਨੂੰ ਬਾਲਪਨ ਵਿਚ

ਖ਼ਤਮ ਕਰਨ ਦਾ ਹਰ ਸੰਭਵ ਯਤਨ ਕੀਤਾ ਪਰ *ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨੇ ਸਾਕੈ ਕੋਇ॥* ਦੇ ਮਹਾਂਵਾਕ ਅਨੁਸਾਰ ਬਾਲਕ ਨੂੰ *ਲੇਪੁ ਨ ਲਾਗੋ ਤਿਲ ਕਾ ਮੂਲਿ॥* ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਗੁਰੂ ਜੀ ਨੇ *ਮੇਰਾ ਸਤਿਗੁਰੁ ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥* ਸਬਦ ਉਚਾਰਨ ਕੀਤਾ।

ਬਾਲ ਹਰਿਗੋਬਿੰਦ ਜੀ ਦੀ ਸ਼ਖ਼ਸੀਅਤ ਨੂੰ ਸਮੇਂ ਅਨੁਸਾਰੀ ਪ੍ਰਬੀਨ ਬਨਾਉਣ ਲਈ ਅਰੰਭਕ ਸਿਖਿਆ ਦਾ ਪ੍ਰਬੰਧ ਬਾਬਾ ਬੁੱਢਾ ਜੀ ਨੂੰ ਸੌਂਪਿਆ ਗਿਆ। ਬਾਬਾ ਬੁੱਢਾ ਜੀ ਨੇ ਜਿਥੇ ਬਾਲ ਹਰਿਗੋਬਿੰਦ ਜੀ ਨੂੰ ਗੁਰਮੁਖੀ ਵਿਦਿਆ ਦੀ ਪੜ੍ਹਾਈ, ਲਿਖਾਈ ਸਿਖਾਈ ਉਥੇ ਬਾਲਕ ਨੂੰ ਘੋੜ-ਸਵਾਰੀ, ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ, ਬੰਦੂਕ- ਚਲਾਉਣੀ ਆਦਿ ਜੰਗੀ ਕਰਤਵਾਂ ਦਾ ਵੀ ਚੋਖਾ ਅਭਿਆਸ ਕਰਵਾਇਆ। ਬਾਲ ਹਰਿਗੋਬਿੰਦ ਨੇ ਜਲਦੀ ਹੀ ਪ੍ਰਬੀਨਤਾ ਹਾਸਲ ਕਰ ਲਈ। ਭਾਈ ਗੁਰਦਾਸ ਜੀ ਨੇ ਅਜੇਹੀ ਸ਼ਖ਼ਸੀਅਤ ਨੂੰ *ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥* ਕਹਿ ਨਿਰੂਪਣ ਕੀਤਾ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਮਹਾਨ ਸ਼ਹਾਦਤ ਤੋਂ ਪਿੱਛੋਂ ਕੇਵਲ ੧੧ ਸਾਲ ਦੀ ਉਮਰ ਵਿਚ ਗੁਰਤਾ-ਗੱਦੀ 'ਤੇ ਬਿਰਾਜਮਾਨ ਹੋਣਾ ਜਿਥੇ ਮਾਣ ਵਾਲੀ ਗੱਲ ਸੀ ਉਥੇ ਘਰੋਗੀ ਲਾਲਚੀਆਂ ਤੇ ਬਾਹਰੀ ਜਾਬਰਾਂ ਦੇ ਖ਼ਤਰਿਆਂ ਤੋਂ ਵੀ ਖਾਲੀ ਨਹੀਂ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਮਾਨਯੋਗ ਸ਼ਹੀਦ ਪਿਤਾ ਦੀ ਆਖਰੀ ਨਸੀਹਤ ਅਨੁਸਾਰ ਹੁਣ ਇਨ੍ਹਾਂ ਖ਼ਤਰਿਆਂ ਦਾ ਮੁਕਾਬਲਾ ਸ਼ਾਂਤੀ ਪੂਰਵਕ ਕਰਨ ਨਾਲੋਂ ਬਾਹੂ-ਬਲ ਨੂੰ ਪਹਿਲ ਦਿੱਤੀ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਾਂਤੀ ਪੂਰਨ ਸ਼ਹਾਦਤ ਤੋਂ ਸਿੱਖਾਂ ਨੂੰ ਇਹ ਨਿਸਚਾ ਹੋ ਗਿਆ ਕਿ ਜੇ ਉਹ ਜੀਉਣਾ ਚਾਹੁੰਦੇ ਹਨ ਤਾਂ ਉਹ ਆਪਣੇ ਆਪ ਨੂੰ ਹਥਿਆਰਬੰਦ ਕਰਨ ਅਤੇ ਲੜਾਈ ਲਈ ਤਿਆਰ ਰਹਿਣ।

ਗੁਰਤਾ-ਗੱਦੀ 'ਤੇ ਬੈਠਣ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਕਿਰਪਾਨਾਂ ਮੀਰੀ-ਪੀਰੀ ਦੀਆਂ ਧਾਰਨ ਕੀਤੀਆਂ ਤੇ ਸੰਗਤਾਂ ਨੂੰ ਵੀ ਇਕ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਦਰਸ਼ਨੀ ਭੇਟਾ ਵਜੋਂ ਹਥਿਆਰ ਤੇ ਵਧੀਆ ਘੋੜੇ ਲਿਆਉਣ।

ਸਮਕਾਲੀ ਮੁਗਲ ਹਕੂਮਤ ਸਮੇਂ ਘੋੜੇ ਦੀ ਸਵਾਰੀ, ਸ਼ਸਤਰ ਰੱਖਣੇ, ਤਾਜ ਪਹਿਨਣਾ, ਤਖ਼ਤ ਬਨਾਉਣਾ ਤੇ ਬਾਜ ਆਦਿ ਬਾਦਸ਼ਾਹੀ ਚਿੰਨ੍ਹ ਧਾਰਨ ਕਰਨ ਦੀ ਸਖ਼ਤ ਮਨਾਹੀ ਸੀ- ਇਥੋਂ ਤੱਕ ਕਿ ਕੋਈ ਢਾਈ ਫੁੱਟ ਤੋਂ ਵੱਧ ਉੱਚਾ ਥੜਾ ਨਹੀਂ ਸੀ ਬਣਾ ਸਕਦਾ। ਪਰ ਗੁਰੂ ਜੀ ਨੇ 'ਨਿਰਮਲ ਪੰਥ' ਦੀ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰਨ ਲਈ ੧੨ ਫੁੱਟ ਉੱਚਾ ਥੜ੍ਹਾ ਬਣਾਇਆ ਜੋ ਪਿਛੋਂ ਅਕਾਲ-ਤਖ਼ਤ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਸ਼ਾਹੀ ਪਗੜੀ ਸਜਾਈ, ਘੋੜੇ ਦੀ ਸਵਾਰੀ ਅਰੰਭ ਕੀਤੀ, ਦੋ ਕ੍ਰਿਪਾਨਾਂ ਪਹਿਨੀਆਂ ਅਤੇ ਨਾਨਕ ਨਾਮ-ਲੇਵਾ ਸੰਗਤਾਂ ਨੂੰ ਵੀ ਸ਼ਸਤਰਧਾਰੀ ਹੋਣ ਦਾ ਹੁਕਮਨਾਮਾ ਜਾਰੀ ਕੀਤਾ। ਸ੍ਰੀ ਅਕਾਲ

ਤਖ਼ਤ ਸਾਹਿਬ ਤੋਂ ਬਾਅਦ ਦੁਪਹਿਰ ਗੁਰੂ ਘਰ ਦੇ ਢਾਡੀਆਂ ਨੂੰ ਬੀਰ-ਰਸੀ ਵਾਰਾਂ ਗਾਉਣ ਦਾ ਹੁਕਮ ਕੀਤਾ ਤਾਂ ਜੋ ਲਿਤਾੜੇ ਤੇ ਨਿਰਬਲ ਹੋ ਚੁੱਕੇ ਲੋਕਾਂ ਵਿਚ ਅਣਖ ਦਾ ਖ਼ੂਨ ਗਰਮ ਹੋ ਸਕੇ।

ਗੁਰੂ ਜੀ ਦੇ ਹੁਕਮ ਦੀ ਦੇਰ ਸੀ ਸਿੱਖ ਨੌਜਵਾਨਾਂ ਨੇ ਆਪਣੀਆਂ ਜਵਾਨੀਆਂ ਗੁਰ-ਲੇਖੇ ਲਾਉਣ ਦੇ ਪ੍ਰਣ ਲਏ। ਉਹਨਾਂ ਗੁਰੂ ਜੀ ਤੋਂ ਸਿਰਫ ਦੋ ਵਕਤ ਪਰਸ਼ਾਦ ਤੇ ਛਿਮਾਹੀ ਪਿਛੋਂ ਇਕ ਵਰਦੀ ਦੀ ਹੀ ਮੰਗ ਕੀਤੀ । ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ:

ਸੁਨ ਸਿਖਨ ਜੋ ਗੁਰ ਕੀ ਕਾਰ, ਖਰਚਯੋ ਦਰਬ ਲੀਨ ਹਥਿਆਰ।
ਚੰਚਲ ਤੁਰੰਗ ਮੋਲ ਕਰ ਲਿਏ, ਗੁਰ ਪ੍ਰਸੰਨਤਾ ਚਾਹਿ ਤਿ ਕਿਏ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਮੇਂ ਦੀ ਜਾਬਰ ਸਰਕਾਰ ਨਾਲ ਚਾਰ ਲੜਾਈਆਂ ਵੀ ਲੜਨੀਆਂ ਪਈਆਂ ਜਿਨ੍ਹਾਂ ਵਿਚ ਆਪ ਜੀ ਨੂੰ ਫ਼ਤਹਿ ਪ੍ਰਾਪਤ ਹੋਈ। ਜਦੋਂ ਵੀ ਜਾਬਰ ਹਕੂਮਤ ਦਾ ਜ਼ੋਰ ਪੈਂਦਾ ਸਭ ਤੋਂ ਪਹਿਲਾਂ ਅਕਾਲ ਤਖ਼ਤ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ।

ਇਕ ਸਮਾਂ ਅਜਿਹਾ ਵੀ ਆਇਆ ਜਦੋਂ ਜਹਾਂਗੀਰ ਬਾਦਸ਼ਾਹ ਨੇ ਆਪਣੀਆਂ ਭੁੱਲਾਂ ਦੇ ਪਸ਼ਚਾਤਾਪ ਵਜੋਂ ਅੰਮ੍ਰਿਤਸਰ ਦੀ ਯਾਤਰਾ ਕਰਦਿਆਂ ਹੋਇਆਂ ਆਪਣੇ ਖ਼ਰਚੇ 'ਤੇ ਅਕਾਲ ਤਖ਼ਤ ਦੀ ਇਮਾਰਤ ਨੂੰ ਮੁਕੰਮਲ ਕਰਨ ਦੀ ਪੇਸ਼ਕਸ਼ ਕੀਤੀ । ਗੁਰੂ ਜੀ ਨੇ ਇਹ ਕਹਿ ਕੇ ਪੇਸ਼ਕਸ਼ ਅਪਰਵਾਨ ਕਰ ਦਿੱਤੀ ਕਿ

"ਮੈਨੂੰ ਅਤੇ ਮੇਰੇ ਸਿੱਖਾਂ ਨੂੰ ਆਪਣੇ ਸਰੀਰਾਂ ਦੀ ਮਿਹਨਤ ਸਦਕਾ ਅਤੇ ਤੰਗ ਸਾਧਨਾਂ ਵਿਚੋਂ ਹਿੱਸਾ ਪਾ ਕੇ ਅਕਾਲ-ਤਖਤ ਬਨਾਉਣ ਦਿਓ । ਮੈਂ ਇਸ ਨੂੰ ਆਪਣੇ ਸਿੱਖਾਂ ਦੀ ਸੇਵਾ ਅਤੇ ਕੁਰਬਾਨੀ ਦਾ ਹਿੱਸਾ ਬਨਾਉਣਾ ਚਾਹੁੰਦਾ ਹਾਂ ਨਾ ਕਿ ਬਾਦਸ਼ਾਹ ਦੀ ਖੁਲ੍ਹਦਿਲੀ ਦੀ ਨਿਸ਼ਾਨੀ।"

ਹਾਕਮ ਸ਼੍ਰੇਣੀਆਂ ਹਮੇਸ਼ਾਂ ਹੀ ਹਰੇਕ ਉਸ ਧਰਮ ਨੂੰ ਦਬਾਉਣ ਚਾਹੁੰਦੀਆਂ ਹਨ, ਜਿਸ ਦੇ ਪੈਰੋਕਾਰਾਂ ਵਿਚ ਉਤਸ਼ਾਹ ਹੋਵੇ ਤੇ ਸਿੱਖ ਧਰਮ ਜਿਸ ਦੇ ਅਨੁਯਾਈਆਂ ਵਿਚ ਅਥਾਹ ਉਤਸ਼ਾਹ ਦੇ ਨਾਲ-ਨਾਲ ਕੁਰਬਾਨੀ ਦਾ ਜਜ਼ਬਾ ਵੀ ਭਰਪੂਰ ਹੈ ਪ੍ਰਤੀ ਹਾਕਮ ਸ਼੍ਰੇਣੀ ਦਾ ਅਜਿਹਾ ਵਤੀਰਾ ਹੋਣਾ ਕੋਈ ਹੈਰਾਨੀ-ਜਨਕ ਨਹੀਂ ਸਗੋਂ ਸੁਭਾਵਿਕ ਹੈ। ਸਮੇਂ ਦੇ ਵੇਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਅਜਿਹੀ ਸੰਸਥਾ ਦੇ ਰੂਪ ਵਿਚ ਪ੍ਰਗਟ ਹੋਇਆ ਜਿਸ ਨੇ ਸਿੱਖਾਂ ਅੰਦਰ ਸੰਸਾਰਿਕ ਤਖ਼ਤਾਂ ਦੇ ਤਾਜਦਾਰਾਂ ਵਿਰੁੱਧ ਇਕ ਰਾਜਨੀਤਕ ਕੇਂਦਰ ਦਾ ਅਹਿਸਾਸ ਪੈਦਾ ਕੀਤਾ। ਇਹੀ ਕਾਰਨ ਹੈ ਕਿ ਦਿੱਲੀ-ਤਖ਼ਤ ਦੇ ਮਾਲਕ ਹਮੇਸ਼ਾਂ ਹੀ 'ਅਕਾਲ-ਤਖ਼ਤ' ਦੀ ਪ੍ਰਭੁਸਤਾ ਨੂੰ ਖਿੰਡਾਉਣ ਦਾ ਯਤਨ ਕਰਦੇ ਰਹੇ ਪਰ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਪ੍ਰਭੁਸਤਾ-ਸੰਪਨ ਸੰਸਥਾ ਪਹਿਲਾਂ ਨਾਲੋਂ, ਵਧੇਰੇ ਮਜ਼ਬੂਤ ਹੋ ਕੇ ਪ੍ਰਗਟ ਹੋਈ।

ਜੂਨ ੧੯੮੪ ਵਿਚ ਦਿੱਲੀ-ਸਰਕਾਰ ਨੇ ਇਕ ਵਾਰ ਫਿਰ ਅਕਾਲ-ਤਖ਼ਤ ਦੀ ਪ੍ਰਭੁਸਤਾ ਨਾਲ ਟੱਕਰ ਲਈ ਭਾਵੇਂ ਕਿ ਅਕਾਲ ਤਖ਼ਤ ਦੀ ਪਵਿੱਤਰ ਇਮਾਰਤ ਨੂੰ ਟੈਂਕਾਂ ਤੇ ਬੰਬਾਂ ਨਾਲ ਪੂਰੀ ਤਰਾਂ ਤਬਾਹ ਕਰ ਦਿੱਤਾ ਪਰ ਪ੍ਰਭੁਸਤਾ-ਸੰਪਨ ਸੰਸਥਾ ਦੀ ਸ਼ਕਤੀ ਅਕਾਲ ਦੇ ਪੁਜਾਰੀਆਂ ਤੋਂ ਡਰਦਿਆਂ ਹੋਇਆਂ ਤੇ ਆਪਣੇ ਕੀਤੇ 'ਤੇ ਪਸਚਾਤਾਪ ਕਰਨ ਲਈ ਸਰਕਾਰੀ ਹੱਥ ਠੋਕਿਆਂ ਰਾਹੀਂ

ਇਮਾਰਤ ਨੂੰ ਤਿਆਰ ਕਰ ਦਿੱਤਾ। ਪਰ ਸਿੱਖ ਕੌਮ ਨੇ ਇਸ ਨੂੰ ਪਰਵਾਨ ਨ ਕਰਦਿਆਂ ਹੋਇਆਂ, ਸਰਕਾਰ ਦੁਆਰਾ ਤਿਆਰ ਇਮਾਰਤ ਨੂੰ ਗਿਰਾ ਦਿੱਤਾ। ਆਪਣੀ ਕਿਰਤ ਕਮਾਈ ਤੇ ਸਰੀਰਕ ਮਿਹਨਤ ਸਦਕਾ ਨਵੇਂ ਸਿਰਿਓਂ ਪਵਿੱਤਰ ਇਮਾਰਤ ਨੂੰ ਸਿਰਜਣਾ ਸ਼ੁਰੂ ਕੀਤਾ।

ਅੱਜ ਲੋੜ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਪਰਵਾਨ ਕਰਦਿਆਂ ਹੋਇਆਂ ਬਸੰਤ/ਸੁਰਮਈ ਪੰਥਕ ਪਰਚਮ ਹੇਠਾਂ ਦੇ ਇਕੱਠੇ ਹੋਣ ਦੀ ਤਾਂ ਜੋ ਆਉਣ ਵਾਲੇ ਸਮੇਂ ਵਿਚ ਵੀ ਇਸ ਦੀ ਪ੍ਰਭੁਸਤਾ ਨੂੰ ਕੋਈ ਚੈਲੰਜ ਨ ਕਰ ਸਕੇ।

ਦਲਿ ਭੰਜਨ ਗੁਰ ਸੂਰਮਾ

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੱਦੀ-ਨਸ਼ੀਨ ਆਪਣੇ ਆਪ ਵਿੱਚ ਇਕ ਵਿਲੱਖਣ ਇਤਿਹਾਸਕ ਘਟਨਾ ਸੀ। ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਹ ਸਿੱਧਾ ਪ੍ਰਭਾਵ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੇ ਰਸਤੇ ਨੂੰ ਅਪਣਾਇਆ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿੱਚ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ:

'ਮਸਨਦਨਸ਼ੀਨੀ ਸਮੇਂ ਸੇਲੀ ਟੋਪੀ ਪਹਿਰਣ ਦੀ ਪੁਰਾਣੀ ਰੀਤ ਹਟਾ ਕੇ, ਜਿਗ੍ਹਾ ਕਲਗੀ ਸੀਸ 'ਤੇ ਅਤੇ ਮੀਰੀ-ਪੀਰੀ ਦੇ ਦੋ ਖੜਗ ਗਾਤ੍ਰੇ ਸਜਾਏ, ਕਿਉਂਕਿ ਭਾਰਤ ਦੀ ਅਧੋਗਤਿ ਵੇਖ ਕੇ ਆਪ ਨੇ ਦੇਸ਼ ਉੱਧਾਰ ਲਈ ਭਗਤਿ ਗਯਾਨ ਦੇ ਨਾਲ-ਨਾਲ ਸੂਰਵੀਰਤਾ ਦਾ ਪ੍ਰਚਾਰ ਭੀ ਜ਼ਰੂਰੀ ਜਾਣਿਆ।'

ਭਾਈ ਕਾਨ੍ਹ ਸਿੰਘ ਨਾਭਾ ਜਿਸ 'ਅਧੋਗਤਿ' ਦਾ ਜ਼ਿਕਰ ਕਰਦੇ ਹਨ, ਉਹ ਇਹ ਸੀ ਕਿ ਭਾਰਤੀ ਲੋਕਾਂ ਦੇ ਮਨਾਂ 'ਤੇ ਗੁਲਾਮੀ ਦਾ ਅਸਰ ਭਾਰੂ ਹੋ ਰਿਹਾ ਸੀ। ਅਣਖ ਦਾ ਜੀਵਨ ਜੀਣ ਲਈ ਉਹ ਤਿਆਰ ਨਹੀਂ ਸਨ। ਜ਼ੁਲਮ ਦੇ ਅੱਗੇ ਝੁਕ ਜਾਣਾ ਉਨ੍ਹਾਂ ਦਾ ਸੁਭਾਅ ਬਣ ਚੁੱਕਿਆ ਸੀ। ਉਹ ਇੰਨੇ ਕਮਜ਼ੋਰ ਅਤੇ ਡਰਾਕਲ ਸਨ ਕਿ ਜ਼ੁਲਮ ਦਾ ਟਾਕਰਾ ਤਾਂ ਕੀ ਕਰਨਾ, ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਲਈ ਵੀ ਤਿਆਰ ਨਹੀਂ ਸਨ। ਉਹ ਆਪਣੇ ਧਰਮ ਦੀ, ਆਪਣੀ ਬੋਲੀ ਦੀ, ਆਪਣੇ ਸਭਿਆਚਾਰ ਦੀ ਅਤੇ ਆਪਣੀ ਇਜ਼ਤ ਦੀ ਰਾਖੀ ਕਰਨ ਤੋਂ ਅਸਮਰਥ ਹੋ ਗਏ ਸਨ। ਮੁਗ਼ਲ-ਹਾਕਮ ਉਨ੍ਹਾਂ ਲਈ ਹਊਆ ਬਣ ਗਏ ਸਨ। ਇਸੇ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਪ੍ਰਚਾਰ ਦੇ ਨਾਲ-ਨਾਲ ਸੂਰਬੀਰਤਾ ਦੇ ਪ੍ਰਚਾਰ ਨੂੰ ਜ਼ਰੂਰੀ ਮੰਨਿਆ।

ਸੂਰਬੀਰਤਾ ਦੀ ਭਾਵਨਾ ਭਾਰਤੀ ਲੋਕਾਂ ਵਿੱਚ ਪੈਦਾ ਕਰਨ ਲਈ ਗੁਰੂ ਸਾਹਿਬ ਨੇ ਸ਼ਸ਼ਤ੍ਰ-ਵਿਦਿਆ, ਘੋੜ-ਸਵਾਰੀ ਅਤੇ ਹੋਰ ਸਰੀਰਕ ਖੇਡਾਂ ਨੂੰ ਉਤਸ਼ਾਹਤ ਕੀਤਾ। ਬਹੁਤ ਸਾਰੇ ਭੋਲੇ-ਭਾਲੇ ਸਿੱਖ ਗੁਰੂ ਸਾਹਿਬ ਦੀਆਂ ਇਨ੍ਹਾਂ ਰੁਚੀਆਂ ਬਾਰੇ ਕਿੰਤੂ-ਪ੍ਰੰਤੂ ਵੀ ਕਰਨ ਲੱਗੇ। ਉਨ੍ਹਾਂ ਨੂੰ ਇਹ ਬੜਾ ਅਜੀਬ ਲੱਗਿਆ ਕਿ ਪਹਿਲੇ ਗੁਰੂ ਸਾਹਿਬਾਨ ਵਾਂਗ ਗੁਰੂ ਜੀ ਬਾਣੀ ਨਹੀਂ ਰਚਦੇ ਸਨ। ਗੁਰੂ ਜੀ ਸ਼ਿਕਾਰ ਖੇਡਦੇ ਸਨ ਅਤੇ ਬਾਦਸ਼ਾਹਾਂ ਨਾਲ ਟੱਕਰ ਲੈ ਰਹੇ ਸਨ। ਸਿੱਖਾਂ ਦੇ ਇਨ੍ਹਾਂ ਸ਼ੰਕਿਆਂ ਦਾ ਵਰਣਨ ਭਾਈ ਗੁਰਦਾਸ ਜੀ ਨੇ ਇਉਂ ਕੀਤਾ ਹੈ:

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥੨੪॥

(ਵਾਰ ੨੬)

ਭਾਈ ਗੁਰਦਾਸ ਜੀ ਆਪਣੀ ਇਸ ਪਉੜੀ ਦੀਆਂ ਅੰਤਲੀਆਂ ਦੋ ਲਾਈਨਾਂ ਵਿੱਚ ਦੱਸਦੇ ਹਨ ਕਿ ਸੱਚ ਲੁਕਾਇਆਂ ਤੇ ਲੁੱਕ ਨਹੀਂ ਸਕਦਾ। ਭੌਰੇ ਰੂਪੀ ਸਿੱਖ ਕੰਵਲ ਰੂਪੀ ਚਰਨਾਂ ਦੀ ਪਛਾਣ ਕਰ ਲੈਂਦੇ ਹਨ। ਭਾਵੇਂ ਗੁਰੂ ਸਾਹਿਬ ਆਪਣੀ ਵਡਿਆਈ ਨੂੰ ਜਣਾਉਂਦੇ ਨਹੀਂ ਹਨ ਪਰ ਫਿਰ ਵੀ ਇਹ ਵਡਿਆਈ ਲੁਕੀ ਨਹੀਂ ਰਹਿ ਸਕਦੀ। ਪਹਿਲੀਆਂ ਪੰਕਤੀਆਂ ਵਿੱਚ ਵੀ ਗੁਰੂ ਜੀ ਦੀ ਨਿਡਰਤਾ ਅਤੇ ਪਾਤਸ਼ਾਹੀ ਠਾਠ-ਬਾਠ ਨੂੰ ਪ੍ਰਵਾਨ ਕੀਤਾ ਗਿਆ ਹੈ।

ਨਿਡਰਤਾ ਇੱਕ ਸੱਚੇ-ਸੁੱਚੇ ਆਚਰਣ ਦਾ ਜ਼ਰੂਰੀ ਗੁਣ ਹੈ। ਡਰ ਜਾਂ ਕਾਇਰਤਾ ਨੂੰ ਮਨੁੱਖੀ ਔਗੁਣ ਹੀ ਮੰਨਿਆ ਗਿਆ ਹੈ। ਇਸੇ ਤਰ੍ਹਾਂ ਡਰਾਉਣਾ ਵੀ ਇੱਕ ਮਨੁੱਖੀ ਔਗੁਣ ਹੈ। ਨਾ ਡਰਣ ਅਤੇ ਨਾ ਹੀ ਡਰਾਉਣ ਵਾਲੀ ਨਿਡਰਤਾ ਹੀ ਸਹੀ ਅਰਥਾਂ ਵਿੱਚ ਸੂਰਬੀਰਤਾ ਹੈ।

ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

(ਪੰਨਾ ੧੪੨੭)

ਮਹਾਨ ਕਵੀ ਰਾਬਿੰਦਰ ਨਾਥ ਟੈਗੋਰ ਦੀ ਇੱਕ ਪ੍ਰਸਿੱਧ ਕਵਿਤਾ ਹੈ 'ਪ੍ਰਾਰਥਨਾ'! ਇਸ ਕਵਿਤਾ ਵਿੱਚ ਉਹ ਪਰਮਾਤਮਾ ਪਾਸ ਬੇਨਤੀ ਕਰਦੇ ਹਨ ਕਿ ਹੇ ਪਰਮਾਤਮਾ! ਮੈਨੂੰ ਇੰਨਾ ਕਮਜ਼ੋਰ ਨਾ ਬਣਾਈ ਕਿ ਮੈਂ ਤਾਕਤਵਰਾਂ ਦੇ ਜ਼ੁਲਮ ਅੱਗੇ ਝੁਕ ਜਾਵਾਂ ਅਤੇ ਇੰਨਾ ਵੀ ਤਾਕਤਵਾਰ ਨਾ ਬਣਾਈ ਕਿ ਮੈਂ ਹੰਕਾਰ ਵਿੱਚ ਆ ਕੇ ਕਮਜ਼ੋਰਾਂ 'ਤੇ ਜ਼ੁਲਮ ਕਰਾਂ!

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੱਦੀ-ਨਸ਼ੀਨੀ ਵੇਲੇ ਜਦੋਂ ਮੀਰੀ-ਪੀਰੀ ਦੇ ਧਾਰਨੀ ਹੁੰਦੇ ਹਨ ਤਾਂ ਉਹ ਗੁਰਮਤ ਦੇ ਇਸੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹਨ। ਇਸ ਦ੍ਰਿਸ਼ਟੀਕੋਣ ਦਾ ਬੀਜ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਹਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿਣ ਵਿੱਚ ਮਿਲਦਾ ਹੈ। ਗੁਰੂ ਜੀ ਬਾਬਰ ਦੇ ਜ਼ੁਲਮਾਂ ਦਾ ਵਿਰੋਧ ਕਰਦੇ ਹੋਏ ਬਾਬਰ ਦੀ ਜੇਲ੍ਹ ਤੱਕ ਜਾ ਪਹੁੰਚੇ। ਅਕਬਰ ਬਾਦਸ਼ਾਹ ਸ਼ਹਿਨਸ਼ੀਲ ਸੀ। ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਨਿਵ ਕੇ ਹਾਜ਼ਰੀ ਭਰਨ ਲਈ ਪਹੁੰਚਿਆ। ਪੰਗਤ ਵਿੱਚ ਬੈਠ ਕੇ ਉਸ ਨੇ ਲੰਗਰ ਛਕਿਆ। ਲੰਗਰ

ਲਈ ਜਾਗੀਰ ਦੀ ਪੇਸ਼ਕਸ਼ ਕੀਤੀ ਪਰ ਗੁਰੂ ਜੀ ਨੇ ਇਹ ਪੇਸ਼ਕਸ਼ ਸਵੀਕਾਰ ਨਹੀਂ ਕੀਤੀ। ਇਹ ਆਪਣੀ ਕਿਸਮ ਦੀ ਇੱਕ ਸੂਰਬੀਰਤਾ ਸੀ। ਗੁਰੂ ਜੀ ਗੁਰੂ ਦੇ ਲੰਗਰ ਨੂੰ ਬਾਦਸ਼ਾਹੀ ਪ੍ਰਭਾਵ ਅਧੀਨ ਨਹੀਂ ਦੇਖਣਾ ਚਾਹੁੰਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨਿਡਰਤਾ ਨਾਲ ਭਰਪੂਰ ਸਨ। ਉਨ੍ਹਾਂ ਨੇ ਸ਼ਹਾਦਤ ਪ੍ਰਵਾਨ ਕਰ ਲਈ ਪਰ ਜ਼ੁਲਮ ਜਾਂ ਜ਼ਾਲਮ ਦੀ ਅਧੀਨਗੀ ਨੂੰ ਪ੍ਰਵਾਨ ਨਹੀਂ ਕੀਤਾ।

ਇਸ ਲਈ ਨਿਡਰਤਾ ਦਾ ਬੀਜ ਭਾਵ ਨਾ ਡਰਨ ਅਤੇ ਨਾ ਹੀ ਡਰਾਉਣ ਦੇ ਆਦਰਸ਼ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੀ ਬੀਜਿਆ ਜਾ ਚੁੱਕਾ ਸੀ। ਇਹ ਤਾਂ ਇੱਕ ਵਿਕਾਸ ਸੀ, ਬੀਜ ਤੋਂ ਪੌਦਾ ਅਤੇ ਪੌਦੇ ਤੋਂ ਰੁੱਖ ਬਣਨ ਦਾ। ਪੌਦੇ ਜਾਂ ਰੁੱਖ ਨੂੰ ਬੀਜ ਤੋਂ ਅਲੱਗ ਕਰਕੇ ਕਦੇ ਵੀ ਨਹੀਂ ਦੇਖਿਆ ਜਾ ਸਕਦਾ। ਫਿਰ ਭਾਈ ਗੁਰਦਾਸ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਸ੍ਰੀ ਗੁਰੂ ਹਰਿਗਬਿੰਦ ਸਾਹਿਬ ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੀ ਰੂਪ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਉਨ੍ਹਾਂ ਵਿੱਚ ਪ੍ਰਕਾਸ਼ਮਾਨ ਹੈ। ਆਪ ਲਿਖਦੇ ਹਨ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

(ਵਾਰ ੧, ਪਉੜੀ ੪੮)

ਨਿਡਰਤਾ ਜਾਂ ਸੂਰਬੀਰਤਾ ਸਾਰਥਿਕ ਜ਼ਿੰਦਗੀ ਦਾ ਇਕ ਅਟੁੱਟ ਅੰਗ ਹੈ। ਭਾਈ ਗੁਰਦਾਸ ਜੀ ਦ੍ਰਿੜ੍ਹਤਾ-ਪੂਰਵਕ ਇਸ ਨੂੰ ਜ਼ਰੂਰੀ ਦੱਸਦੇ ਹਨ। ਆਪ ਕਹਿੰਦੇ ਹਨ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।

(ਵਾਰ ੨੯, ਪਉੜੀ ੨੫)

ਖੇਤੀ ਦੀ ਰੱਖਿਆ ਲਈ ਵਾੜ ਜ਼ਰੂਰੀ ਹੈ। ਬਾਗ ਦੀ ਰੱਖਿਆ ਲਈ ਕੰਡਿਆਂ ਵਾਲੇ ਕਿੱਕਰ ਜ਼ਰੂਰੀ ਹਨ। ਚੰਦਨ ਦੇ ਬੂਟੇ ਨੂੰ ਸੱਪ ਦਾ ਵਲੇਵਾਂ ਉਸ ਦੀ ਰੱਖਿਆ ਦਾ ਸਾਧਨ ਹੈ। ਘਰ ਦੇ ਬੂਹੇ ਨੂੰ ਜਿੰਦਰਾ ਅਤੇ ਬੂਹੇ ਅੱਗੇ ਕੁੱਤਾ ਘਰ ਦੀ ਰਾਖੀ ਲਈ ਸਹਾਈ ਹਨ। ਰੱਖਿਆ ਦੇ ਮਹੱਤਵ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਅਤੇ ਰੱਖਿਆ ਲਈ ਨਿਡਰਤਾ ਜ਼ਰੂਰੀ ਹੈ ਕਿਉਂਕਿ ਇਹ ਨਿਡਰਤਾ ਭਗਤੀ-ਭਾਵ ਨਾਲ ਭਰਪੂਰ ਹੈ, ਇਸ ਲਈ ਇਹ ਕਦੇ ਵੀ ਜ਼ੁਲਮ ਦਾ ਰੂਪ ਧਾਰਨ ਨਹੀਂ ਕਰਦੀ। ਸਗੋਂ ਇਹ ਤਾਂ ਜ਼ੁਲਮ ਦੇ ਵਿਰੋਧ ਲਈ ਹੀ ਵਰਤੀ ਜਾਂਦੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਨਿਡਰਤਾ ਭਰਪੂਰ ਸੀ। ਆਪ ਨੇ ਜ਼ਾਲਮਾਂ ਦੇ ਵੱਡੇ-ਵੱਡੇ ਦਲਾਂ ਨੂੰ ਨਸਾ ਦਿੱਤਾ। ਆਪ ਜੀ ਨੇ ਬਾਦਸ਼ਾਹ ਸ਼ਾਹਜਹਾਨ ਦੇ ਸਮੇਂ ਚਾਰ ਵੱਡੀਆਂ ਜੰਗਾਂ ਵਿੱਚ ਬਹਾਦਰੀ ਦੇ ਜੌਹਰ ਦਿਖਾਏ। ਆਪ ਨੇ ਕੇਵਲ ਜੰਗਾਂ ਹੀ ਨਹੀਂ ਲੜੀਆਂ, ਧਰਮ-ਪ੍ਰਚਾਰ ਵੀ ਕੀਤਾ। ਕਸ਼ਮੀਰ, ਪੀਲੀਭੀਤ, ਬਾਰ ਅਤੇ ਮਾਲਵਾ ਦੇ ਇਲਾਕਿਆਂ ਵਿੱਚ ਲੱਖਾਂ ਪ੍ਰਾਣੀਆਂ ਨੂੰ ਆਪ ਨੇ ਜੀਵਨ-ਮੁਕਤੀ ਦਾ ਰਾਹ ਦੱਸਿਆ। ਕੀਰਤਪੁਰ ਰਹਿ ਕੇ ਆਪ ਨੇ ਗੁਰਮਤਿ ਦਾ ਪ੍ਰਚਾਰ

ਕੀਤਾ। ਗੁਰੂ ਜੀ ਕੇਵਲ ਸੂਰਮੇ ਜਾਂ ਯੋਧੇ ਹੀ ਨਹੀਂ ਸਨ, ਉਹ ਬਹੁਤ ਵੱਡੇ ਪਰ-ਉਪਕਾਰੀ ਵੀ ਸਨ।

ਜੰਗਾਂ ਗੁਰੂ ਜੀ ਦੇ ਜੀਵਨ ਦਾ ਮਨੋਰਥ ਨਹੀਂ ਸਨ ਉਨ੍ਹਾਂ ਦੇ ਜੀਵਨ ਦਾ ਮਨੋਰਥ ਪਰ-ਉਪਕਾਰ ਅਤੇ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਸੀ। ਉਨ੍ਹਾਂ ਨੇ ਜ਼ਾਲਮਾਂ ਦੇ ਸਿਰ ਭੰਨੇ ਤਾਂ ਕਿ ਜ਼ੁਲਮ ਦਾ ਖਾਤਮਾ ਹੋਵੇ ਅਤੇ ਧਰਮ ਦਾ ਵਿਕਾਸ ਹੋਵੇ। ਆਪ ਭਗਤੀ ਅਤੇ ਸ਼ਕਤੀ ਦਾ ਸੁੰਦਰ ਸੁਮੇਲ ਸਨ। ਭਾਈ ਗੁਰਦਾਸ ਜੀ ਦੀ ਹੇਠ ਲਿਖੀ ਪੰਕਤੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ-ਪੀਰੀ ਵਾਲੀ ਸਖ਼ਸ਼ੀਅਤ ਦਾ ਹੀ ਪ੍ਰਗਟਾਅ ਕਰਦੀ ਹੈ:

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧/੪੮)

੬/੧੯੯੪

ਪੀਰੀ ਦੀ ਤਲਵਾਰ

ਗੁਰੂ ਅਰਜਨ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਨੇ ਲਾਹੌਰ ਬੁਲਾ ਭੇਜਿਆ। ਆਪ ਉਥੇ ਜਾਣ ਲਈ ਤਿਆਰ ਹੋ ਗਏ। ਆਪ ਨੂੰ ਹੋਣ ਵਾਲੇ ਸਾਕੇ ਦੀ ਸੂਝ ਸੀ। ਆਪ ਸ਼ਹਾਦਤ ਲਈ ਹੀ ਤਾਂ ਉਠ ਤੁਰੇ ਸਨ। (ਗੁਰੂ) ਹਰਿਗੋਬਿੰਦ ਜੀ ਨੂੰ ਆਪ ਨੇ ਗੱਦੀ 'ਤੇ ਬਿਠਾ ਦਿੱਤਾ:

ਭਏ ਪੰਚ ਗੁਰ ਸ਼ਾਂਤਿ ਸਰੂਪ।
ਕਰਿ ਗੁਰੁ ਸਿੱਖੀ ਰੀਤ ਅਨੂਪ॥੨੧॥
ਦੇਤਿ ਰਹੇ ਸ਼ਾਂਤੀ ਉਪਦੇਸ਼।
ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬ ਸਾਯੁਧ ਗੁਰ ਹੋਵਹਿ ਆਪ।
ਸਿਖ ਸਾਯੁਧ ਕਰਿ ਬਧਹਿ ਪ੍ਰਤਾਪ॥੨੨॥
ਅਪਰ ਕੌਨ ਸਮਰਥ ਇਸ ਕਾਲ।
ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰ ਤੇ ਹੋਵੈ ਬਿਧਿ ਸਾਰੀ।
ਹਿੰਦੂ ਧਰਮ ਕੋ ਲੇਹੁ ਉਬਾਰੀ॥੨੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਸਿ ੪, ਅੰਸੂ ੩੦)

ਗੁਰੂ ਅਰਜਨ ਸਾਹਿਬ ਨੇ ਗੱਦੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਦਿਤੀ:

ਇਮ ਸੁਣਿ ਕਰਿ ਸੁ ਅਰਜਨ ਨਾਥ।
ਉਠੇ ਹਰਖ ਲੇ ਸ੍ਰੀ ਫਲ ਹਾਥ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ।
ਜਗਤ ਰੀਤਿ ਸਤ ਲਖਯੋ ਪ੍ਰਬੀਨ॥੨੪॥
ਪੈਸੇ ਪੰਚ ਸਹਿਤ ਨਲੀਏਰ।
ਧਰਿ ਆਗੈ ਨੰਮ੍ਰੇ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ।
ਸਭਿ ਗੁਰੁ ਕੇ ਆਈ ਜਿਮ ਹੋਤਿ॥੨੪॥

(ਉਹੀ)

ਫਿਰ ਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ (ਗੁਰੂ) ਹਰਿਗੋਰਿਬੰਦ ਜੀ ਨੂੰ ਗੁਰਗੱਦੀ ਤੇ ਤੁਸੀਂ ਬਿਠਾਵੋ, ਜਿਵੇਂ ਆਪ ਪਹਿਲੇ ਇਹ ਕਰਤਵ ਕਰਦੇ ਰਹੇ ਹੋ। ਬਾਬਾ ਬੁੱਢਾ ਜੀ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ ਕਿ:

ਜਬਿ ਹੂੰ ਹੋਤਿ ਦੇਹ ਕੋ ਅੰਤ।
ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ।

(ਉਹੀ)

ਸਾਰੀ ਸੰਗਤ ਨੇ ਭਾਣਾ ਮੰਨਿਆ ਅਤੇ ਕਿਹਾ ਕਿ ਗੁਰੂ ਜੀ ਆਪ ਹੀ ਆਪਣੇ ਕਰਤਵ ਜਾਣਦੇ ਹਨ, ਹੋਰ ਕਿਸੇ ਨੂੰ ਪਤਾ ਨਹੀਂ।

ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਬੁੰਗਾ (ਸ੍ਰੀ ਅਕਾਲ ਤਖਤ ਸਾਹਿਬ) ਬਣਵਾਇਆ ਅਤੇ:

ਬੈਠੇ ਆਨਿ ਸਿੰਘਾਸਨ ਚਾਰੂ।
ਸ੍ਰੀ ਮੁਖ ਆਇਸੁ ਕੀਨਿ ਉਚਾਰੂ॥੧੬॥
ਆਨਹੁ ਸ਼ਸਤ੍ਰ ਜੁ ਹਮ ਬਨਵਾਏ।
ਜਿਨ ਕੈ ਹਾਟਿਕ (ਸੋਨਾ) ਅਧਿਕ ਲਗਾਏ।
ਦੌਰਤਿ ਦਾਸ ਉਤਾਇਲ ਲਜਾਏ।
ਧਰੇ ਅਗਾਰੀ ਸਭਿ ਸਮੁਦਾਏ॥੧੭॥
ਪੰਚਹੁੰ ਸਤਿਗੁਰ ਕੋ ਲੈ ਨਾਮ।
ਗਹੇ ਖੜਗ ਦ੍ਵੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰੁ ਲੀਨੇ।
ਪੁਨ ਨਿਖੰਗ (ਭਥਾ) ਕਰ ਧਾਰਨਿ ਕੀਨੇ॥੧੮॥
ਗਰ ਮਹਿੰ ਪਾਇ ਸੁ ਕਟ ਸੰਗ ਬਾਂਧਾ।
ਜਿਸ ਮਹਿੰ ਸਰ ਖਰ ਕਰਿ ਅਰਿ ਬਾਧਾ।
ਧਨੁਖ ਕਠੋਰ ਗਹ੍ਯੋ ਤਬਿ ਹਾਥ॥੧੯॥
ਉਪਮਾ ਬਨੀ ਜਥਾ ਰਘੁਨਾਥ।
ਰਚ੍ਯੋ ਤਖਤ ਤਿਸ ਬੰਦਨ ਕੀਨਿ।
ਚਢਿ ਗੁਰੁ ਬੀਰਾਸਨ ਆਸੀਨ।
ਬ੍ਰਿਧ ਆਦਿਕ ਗੁਰਦਾਸ ਮਸੰਦ।
ਅਵਿਲੋਕਤਿ ਬਿਸਮਾਇ ਬਿਲੰਦ॥੨੦॥
ਹਾਥ ਜੋਰਿ ਕਰਿ ਬੂਝਨ ਲਾਗੇ।
ਧਰਹਿੰ ਖੜਗ ਇਕ ਜੇ ਭਟ (ਸੂਰਮੇ) ਆਗੇ।

ਦੋਇ ਆਪ ਲੇ ਨਿਜ ਗਰ ਪਾਏ।
ਇਹ ਕਜਾ ਕਾਰਨ ਦੇਹੁ ਸੁਨਾਏ॥੨੧॥
ਧਰੇ ਤੇਜ ਸਤਿਗੁਰੁ ਬਚ ਕਹੇ।
ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ।
ਦੂਸਰ ਤੇ ਪੀਰਨਿ ਕੀ ਪੀਰੀ॥੨੨॥
ਮੀਰੀ ਪੀਰੀ ਦੋਨੋਂ ਧਰੈਂ।
ਬਚਹਿ ਸ਼ਰਨਿ ਨਤੁ ਜੁਗ ਪਰਹਰੈਂ।

(ਉਹੀ)

ਇਥੇ ਵਿਚਾਰ ਗੋਚਰੀ ਗੱਲ ਇਹ ਹੈ ਕਿ ਇਹ ਤੇ ਸਾਰਾ ਸੰਸਾਰ ਜਾਣਦਾ ਹੈ ਕਿ ਤਲਵਾਰ ਮੀਰੀ ਜਾਂ ਬਾਦਸ਼ਾਹਾਂ ਦਾ ਚਿੰਨ੍ਹ ਤਾਂ ਹੈ ਪਰ ਇਹ ਪੀਰੀ ਜਾਂ ਫ਼ਕੀਰੀ ਦਾ ਚਿੰਨ੍ਹ ਕਿਵੇਂ ਹੈ? ਮੀਰੀ ਤੇ ਪੀਰੀ ਦਾ ਇਹ ਸਾਂਝਾ ਚਿੰਨ ਤਲਵਾਰ ਕਿਵੇਂ ਹੋ ਸਕਦਾ ਹੈ? ਕੀ ਮੀਰੀ ਤੇ ਪੀਰੀ ਵਿਚ ਕੋਈ ਫਰਕ ਹੀ ਨਹੀਂ, ਜੋ ਦੋਹਾਂ ਦਾ ਚਿੰਨ੍ਹ ਤਲਵਾਰ ਹੋ ਸਕਦਾ ਹੈ? ਕੀ ਮੀਰੀ ਤੇ ਪੀਰੀ ਇਕੋ ਕੁਝ ਹਨ? ਕੀ ਮੀਰੀ ਤੇ ਪੀਰੀ ਇਕੱਠੇ ਰਹਿ ਸਕਦੇ ਹਨ? ਆਦਿ।

ਸਿਖ ਸਿਧਾਂਤ ਅਨੁਸਾਰ ਮੀਰੀ ਤੇ ਪੀਰੀ ਇਕੱਠੇ ਰਹਿ ਸਕਦੇ ਹਨ। ਪੂਰਨ 'ਤਖ਼ਤ ਲਾਇਕ' ਮੀਰ ਹੋਵੇ ਤਾਂ ਪੀਰ ਹੀ ਹੈ ਅਤੇ ਜੇ ਪੂਰਨ ਪੀਰ ਫ਼ਕੀਰ ਹੋਵੇ ਤਾਂ ਉਹ ਮੀਰ ਹੀ ਹੈ। ਜਿਥੇ ਪੂਰਣਤਾ ਹੈ, ਉਥੇ ਮੀਰੀ ਤੇ ਪੀਰੀ ਵਿਚ ਭੇਦ ਕੋਈ ਨਹੀਂ ਹੈ। ਸਿੱਖ ਆਦਰਸ਼ ਹੀ 'ਰਾਜ-ਜੋਗ ਦਾ ਹੈ। 'ਸੰਤ-ਸਿਪਾਹੀ' ਦਾ ਹੈ। ਗੁਰੂ ਨਾਨਕ ਸਾਹਿਬ ਨੂੰ ਰਾਜ-ਜੋਗੀ ਮੰਨਿਆ ਗਿਆ ਹੈ:

ਸਵਈਏ ਮਹਲੇ ਪਹਿਲੇ ਕੇ
ਗਾਵਉ ਗੁਨ ਪਰਮ ਗੁਰੂ ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ॥
ਗਾਵਹਿ ਗੰਭੀਰ ਧੀਰ ਮਤਿ ਸਾਗਰ
ਜੋਗੀ ਜੰਗਮ ਧਿਆਨੁ ਧਰੇ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ
ਆਤਮ ਰਸੁ ਜਿਨਿ ਜਾਣਿਓ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ।੨॥...
ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ॥
ਸ੍ਰਿਸਟਿ ਸਗਲ ਉਧਰੀ ਨਾਮ ਲੇ ਤਰਿਓ ਨਿਰੰਤਰਿ॥
ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ॥

ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ॥
ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ॥
ਹਰਿ ਨਾਮ ਰਸਿਕ ਨਾਨਕ ਗੁਰ
ਰਾਜੁ ਜੋਗੁ ਤੈ ਮਾਣਿਓ॥੬॥

ਗੁਰੂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਮਾ ਵੀ ਸਭ ਨੇ ਮੰਨਿਆ ਹੈ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥

(ਪੰਨਾ ੧੩੬੪)

ਸਿੱਖ ਵੀ ਸੂਰਮਾ ਹੈ:

ਸੇਈ ਸੁੰਦਰ ਸੋਹਣੇ॥
ਸਾਧਸੰਗਿ ਜਿਨ ਬੈਹਣੇ॥
ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ॥੩॥
ਹਰਿ ਅਮਿਉ ਰਸਾਇਣੁ ਪੀਵੀਐ॥
ਮੁਹਿ ਡਿਠੈ ਜਨ ਕੈ ਜੀਵੀਐ॥
ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ॥੪॥
ਜੋ ਹਰਿ ਕੀਤਾ ਆਪਣਾ॥
ਤਿਨਹਿ ਗੁਸਾਈ ਜਾਪਣਾ॥
ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ॥੫॥

(ਪੰਨਾ ੧੩੨)

ਗੁਰ ਸੂਰਮਾ ਹੈ ਅਤੇ ਸਿੱਖ ਨੂੰ ਸੂਰਮਾ ਬਣਾ ਦੇਂਦਾ ਹੈ:

ਆਪੇ ਸਤਿਗੁਰੁ ਮੇਲੇ ਪੂਰਾ॥
ਸਚੈ ਸਬਦਿ ਮਹਾਬਲ ਸੂਰਾ॥
ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ॥੯॥

(ਪੰਨਾ ੧੦੫੯)

ਸਿੱਖ ਦੀ ਸੂਰਬੀਰਤਾ ਇਹ ਹੈ:

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਹੈ॥੧॥ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥

ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ॥

(ਪੰਨਾ ੪੦੪)

ਭਗਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਭਗਤਾਂ ਤੇ ਗੁਰੂਆਂ ਨੇ ਤਲਵਾਰ ਦਾ ਮਾਰਗ ਹੀ ਮੰਨਿਆ ਹੈ। ਇਹ ਮਾਰਗ ਖੰਡੇਧਾਰ ਹੈ, ਤਿਸ 'ਤੇ ਤੁਰਨਾ ਕਠਿਨ ਹੈ। ਤਲਵਾਰ ਜਿੱਤ ਦੀ ਨਿਸ਼ਾਨੀ ਹੈ। ਜੋ ਭਗਤ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਿਤ ਸਕੇ, ਉਸ ਨੂੰ ਤਲਵਾਰ ਦਾ ਚਿੰਨ੍ਹ ਦਿੱਤਾ ਜਾਂਦਾ ਹੈ। ਭਗਤ ਸੂਰਮਾ ਹੈ ਜੋ ਆਪਣੇ ਆਪ ਨਾਲ ਹੀ ਜੁੱਧ ਕਰਦਾ ਹੈ। ਭਗਤੀ ਦਾ ਮਾਰਗ ਤਲਵਾਰ ਵਰਗਾ ਤੇਜ਼ ਹੈ। ਪ੍ਰੇਮ ਦਾ ਮਾਰਗ ਖੰਡੇਧਾਰ ਮਾਰਗ ਹੈ।

ਬਾਬਾ ਫਰੀਦ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਿਥਮ ਰਚਨਾਕਾਰ ਹਨ। ਆਪ ਦਾ ਇਹ ਸ਼ਬਦ (ਗੁਰੂ ਹਰਿ ਗੋਬਿੰਦ ਸਾਹਿਬ ਦੇ ਤਲਵਾਰ ਮੀਰੀ ਦਾ ਚਿੰਨ ਰੱਖਣ ਤੋਂ ੪੦੦ ਸਾਲ ਪਹਿਲਾਂ) ਭਗਤੀ ਮਾਰਗ ਨੂੰ ਤਲਵਾਰ ਦਾ ਮਾਰਗ ਮੰਨਦਾ ਹੈ:

ਸੂਹੀ ਸੇਖ ਫਰੀਦ ਜੀ
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ॥
ਮੁਝੁ ਅਵਗਨ ਸਹ ਨਾਹੀ ਦੋਸੁ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ॥੧॥ ਰਹਾਉ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ॥
ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥੩॥
ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥੪॥੧॥

(ਪੰਨਾ ੭੯੪)

ਬਾਬਾ ਫਰੀਦ ਜੀ ਦਾ ਮਾਰਗ ਬੰਦਗੀ 'ਤੇ ਪ੍ਰੇਮ ਦਾ ਹੈ। ਇਸ ਮਾਰਗ ਨੂੰ ਉਹ 'ਖੰਨਿਅਹੁ ਤਿਖਾ' ਮੰਨਦੇ ਹਨ।

ਗੁਰੂ ਨਾਨਕ ਸਾਹਿਬ ਨੇ ਪ੍ਰੇਮ ਮਾਰਗ ਨੂੰ ਸਿਰ ਤਲੀ ਤੇ ਧਰਮ ਦਾ ਮਾਰਗ ਦਸਿਆ ਹੈ। ਇਹ ਸਿਰ ਦੇਣ ਦਾ ਮਾਰਗ ਹੈ। ਸੋ ਤਲਵਾਰ ਹੀ ਇਸ ਦਾ ਚਿੰਨ੍ਹ ਚਾਹੀਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਪੰਨਾ ੧੪੧੨)

ਗੁਰੂ ਅਮਰਦਾਸ ਜੀ ਨੇ ਇਸੇ ਪ੍ਰੇਮ ਮਾਰਗ ਨੂੰ ਤੇ ਭਗਤੀ ਨੂੰ ਫਿਰ ਤਲਵਾਰ ਦਾ ਮਾਰਗ ਹੀ ਕਹਿਆ। ਇਹ ਅਨੰਦ ਹੀ ਤਦ ਪੈਦਾ ਕਰਦਾ ਹੈ ਜੇ ਕੋਈ ਖੰਨਿਅਹੁ ਤਿਖੇ ਮਾਰਗ ਤੇ ਤੁਰ ਪਏ। ਭਗਤ ਸਦਾ ਹੀ ਖੰਡੇਧਾਰ ਮਾਰਗ 'ਤੇ ਤੁਰਦੇ ਰਹੇ ਹਨ; ਕਠਿਨ ਮਾਰਗ ਹੈ।

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥

(ਪੰਨਾ ੯੧੮)

ਸਾਰਾ ਅਨੰਦੁ ਸਾਹਿਬ ਇਸ ਖੰਡੇਧਾਰ ਮਾਰਗ ਦੀ ਵਿਆਖਿਆ ਹੈ। ਇਸ ਪ੍ਰੇਮ ਮਾਰਗ ਦੀ ਮੁਖ ਜਿੱਤ ਲਬੁ, ਲੋਭੁ, ਅਹੰਕਾਰ ਤੇ ਜਿੱਤ ਹੈ। ਇਹ ਆਪਣੇ ਆਪ ਦੀ ਜਿੱਤ ਹੈ। ਇਸ ਜਿੱਤ ਦਾ ਚਿੰਨ੍ਹ ਹੀ ਤਲਵਾਰ ਹੈ, ਖੰਡਾ ਹੈ ਸਗੋਂ ਦੋਧਾਰਾ। ਖੰਡਾ ਹੈ ਹੀ ਮੀਰੀ ਤੇ ਪੀਰੀ ਦਾ ਮੇਲ, ਉਸ ਵਿਚ ਦੋ ਤਲਵਾਰਾਂ ਹਨ - ਇਕ ਮੀਰੀ ਦੀ ਤੇ ਇਕ ਪੀਰੀ ਦੀ, ਗਿਆਨ ਦੀ ਤੇ ਇਕ ਜੁਧ ਦੀ। ਗੁਰੂ ਅਮਰਦਾਸ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਉਤਮ ਵਿਆਖਿਆ ਕੀਤੀ ਹੈ ਕਿ ਪ੍ਰੇਮ ਮਾਰਗ ਜਾਂ ਭਗਤੀ ਮਾਰਗ ਕਿਵੇਂ ਖੰਡੇਧਾਰ ਮਾਰਗ ਹੈ। ਭਗਤੀ ਤਾਂ ਜੁੱਧ ਵਿਚ ਲੜਨ ਵਾਲੇ ਸੂਰਮੇ ਨਾਲੋਂ ਕਿਤੇ ਕਠਿਨ ਹੈ।

ਗੁਰੂ ਅਰਜਨ ਸਾਹਿਬ ਦਾ ਨਾਅਰਾ ਵੀ ਇਹ ਸੀ ਕਿ ਜੇ ਤੂੰ ਭਗਤੀ ਕਰਨੀ ਹੈ ਤਾਂ ਪਹਿਲਾਂ ਤਲਵਾਰ ਦੀ ਧਾਰ ਸਹਾਰਨੀ ਪਏਗੀ। ਪਹਿਲਾਂ ਮੌਤ ਕਬੂਲਣੀ ਪਏਗੀ:

ਮਹਲਾ ੫॥
ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

(ਪੰਨਾ ੧੧੦੨)

ਮਹਲਾ ੫॥
ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ॥
ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥੨॥

(ਪੰਨਾ ੧੧੦੨)

ਪ੍ਰੇਮ ਮਾਰਗ ਦਾ ਪਾਂਧੀ ਸੂਰਮਾ ਹੈ, ਪਰ ਉਸ ਦੇ ਸ਼ਸਤ੍ਰ ਕੈਸੇ ਹਨ:

ਸੋਰਠਿ ਮਹਲਾ ੫॥
ਗਰੀਬੀ ਗਦਾ ਹਮਾਰੀ॥
ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥
ਗੁਰ ਪੂਰੇ ਏਹ ਗਲ ਸਾਰੀ॥੧॥
ਹਰਿ ਹਰਿ ਨਾਮੁ ਸੰਤਨ ਕੀ ਓਟਾ॥
ਜੋ ਸਿਮਰੈ ਤਿਸ ਕੀ ਗਤਿ ਹੋਵੈ
ਉਧਰਹਿ ਸਗਲੇ ਕੋਟਾ॥੧॥ਰਹਾਉ॥
ਸੰਤ ਸੰਗਿ ਜਸੁ ਗਾਇਆ॥
ਇਹੁ ਪੂਰਨ ਹਰਿ ਧਨੁ ਪਾਇਆ॥
ਕਹੁ ਨਾਨਕ ਆਪੁ ਮਿਟਾਇਆ॥
ਸਭੁ ਪਾਰਬ੍ਰਹਮੁ ਨਦਰੀ ਆਇਆ॥੨॥੧੯॥੮੦॥

(ਪੰਨਾ ੬੨੮)

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੂਰਮਤਾ ਹੀ ਪ੍ਰੇਮ-ਮਾਰਗ ਤੇ ਬ੍ਰਹਮਗਿਆਨੀ ਹੋਣ ਦਾ ਪਰਮਾਣ ਮੰਨਿਆ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥

(ਪੰਨਾ ੧੪੨੬)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਯੁੱਧ ਨੂੰ ਪ੍ਰੇਮ-ਮਾਰਗ ਦਾ ਉੱਤਮ ਸਰੂਪ ਮੰਨਿਆ ਹੈ। ਤਲਵਾਰ ਜੁੱਧ ਦਾ ਚਿੰਨ੍ਹ ਹੈ। ਇਸੇ ਰਾਹੀਂ ਸ਼ੁੱਭ ਕਰਮ ਸੰਭਵ ਹੈ:

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ॥

ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੯॥

(ਦਸਮ ਗ੍ਰੰਥ)

ਦਸਮ ਪਿਤਾ ਨੇ ਪਰਮਾਤਮਾ ਦਾ ਆਪਣਾ ਸਰੂਪ ਹੀ ਖੜਗ ਦਾ ਮੰਨਿਆ ਹੈ, ਤਲਵਾਰ ਦਾ ਤੇ ਉਸੇ ਅੱਗੇ ਬੇਨਤੀ ਕੀਤੀ ਹੈ। ਪ੍ਰਭੂ ਯੁੱਧ ਵਿਚ ਰਹਿੰਦਾ ਹੈ:

ਦੋਹਰਾ॥
ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥
ਪੂਰਨ ਕਰੋ ਗ੍ਰਿੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥
ਤ੍ਰਿਭੰਗੀ ਛੰਦ॥
ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸ ਸਰਣੰ॥ ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ॥੨॥

(ਬਚਿਤ੍ਰ ਨਾਟਕ)

ਪੰਜ ਪਿਆਰਿਆਂ ਦੀ ਸਿਰਜਣਾ ਤਲਵਾਰ ਵਿਚੋਂ ਹੋਈ। ਤਲਵਾਰ ਹੀ ਉਹਨਾਂ ਦੀ ਮਹਾਨਤਾ ਦੀ ਪ੍ਰੀਖਿਆਕਾਰ ਸੀ। ਤਲਵਾਰ ਹੀ ਪ੍ਰੇਮ ਪਰਖ ਸਕਦੀ ਹੈ। ਤਲਵਾਰ ਹੀ ਗਿਆਨ ਪਰਖ ਸਕਦੀ ਹੈ। ਗਿਆਨੀ ਰਣ ਵਿਚ ਜੂਝ ਜਾਂਦਾ ਹੈ, ਦੂਜੇ ਭਜ ਜਾਂਦੇ ਹਨ। ਗਿਆਨੀ ਨੂੰ ਜੀਵਨ ਤੇ ਮੌਤ ਇਕ ਸਮਾਨ ਹਨ। ਤਾਂ ਤੇ ਤਲਵਾਰ ਪੀਰੀ ਦਾ ਮਿਆਰ ਹੈ। ਪੀਰੀ ਅਧਿਆਤਮਕ ਉਚਤਾ ਹੈ।

ਭਗਤੀ ਦੇ ਮਾਰਗ 'ਤੇ ਤੁਰਨ ਦੀ ਕਠਨਾਈ ਨੂੰ ਹੀ ਤਲਵਾਰ ਦੀ ਧਾਰ ਜਾਂ ਖੰਡੇਧਾਰ ਨਾਲ ਉਪਮਾ ਦਿੱਤੀ ਗਈ ਹੈ। ਸੁੱਚ ਤੇ ਸਚਾਈ ਦਾ ਮਾਰਗ ਤਲਵਾਰ ਦੀ ਧਾਰਾ 'ਤੇ ਚਲਣ ਤੁਲ ਹੈ। ਆਪਣੇ ਆਪ ਨਾਲ ਹਰ ਸਮੇਂ ਯੁੱਧ ਕਰਨਾ ਪੈਂਦਾ ਹੈ-ਆਪਣੇ ਅੰਦਰ ਵਸਦੇ ਕਾਮਾਦਿਕ ਤੇ ਹੰਕਾਰ ਨਾਲ। ਇਹ ਐਸੇ ਵੈਰੀ ਹਨ ਜੋ ਤਲਵਾਰ ਨਾਲ ਵੀ ਕਾਬੂ ਨਹੀਂ ਆ ਸਕਦੇ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦਾ ਚਿੰਨ੍ਹ ਵੀ ਤਲਵਾਰ ਹੀ ਮੰਨਿਆ। ਮੀਰੀ ਦਾ ਚਿੰਨ ਤੇ ਤਲਵਾਰ ਸੰਸਾਰਕ ਤੌਰ 'ਤੇ ਵੀ ਮੰਨਿਆ ਹੋਇਆ ਹੈ ਪਰ ਜਦੋਂ ਗੁਰੂ ਸਾਹਿਬ ਨੇ ਮੀਰੀ ਦਾ ਚਿੰਨ੍ਹ

ਤਲਵਾਰ ਕਿਹਾ ਹੈ ਤਾਂ ਉਹਨਾਂ ਦਾ ਭਾਵ ਇਹੀ ਸੀ ਕਿ ਸਚਾ ਮੀਰ ਬਣਨਾ ਵੀ ਉਤਨਾ ਹੀ ਕਠਿਨ ਹੈ ਜਿਤਨਾ ਸਚਾ ਪੀਰ ਬਣਨਾ। ਇਹ ਦੋਵੇਂ ਮਾਰਗ ਆਪਣੇ ਆਪ ਨਾਲ ਯੁੱਧ ਕਰਨ ਦੇ ਹਨ। ਰਾਜੇ ਨੂੰ ਵੀ ਸੱਚ, ਨਿਆਂ ਤੇ ਲੋਕ ਭਲਾਈ ਲਈ ਆਪਣਾ ਆਪ ਕੁਰਬਾਨ ਕਰਨਾ ਪੈਂਦਾ ਹੈ। ਸੱਚਾ ਰਾਜਾ ਆਪਣੇ ਸੁੱਖ ਆਰਾਮ ਦਾ ਤਿਆਗ ਕਰਕੇ ਹੀ ਬਣ ਸਕਦਾ ਹੈ ਇਹ ਵੀ ਸੂਲਾਂ ਦੀ ਸੇਜ 'ਤੇ ਸੌਣਾ ਹੈ।

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ॥
ਨਿਹਚਲੁ ਸਚਾ ਏਕੁ ਹੈ, ਗੁਰਮੁਖਿ ਬੂਝੈ ਸੁ ਨਿਹਚਲ ਹੋਈ॥੬॥

(ਪੰਨਾ ੧੦੮੮)

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ, ਸਹਸਾ ਭਰਮੁ ਚੁਕਾਇਆ॥੧੪॥

ਪ੍ਰਮਾਤਮਾ ਆਪ ਤਖਤ ਦਾ ਮਾਲਕ ਹੈ:

ਤਖਤਿ ਸਲਾਮੁ ਹੋਵੈ ਦਿਨੁ ਰਾਤੀ॥
ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ॥
ਨਾਨਕ ਰਾਮੁ ਜਪਹੁ ਤਰੁ ਤਾਰੀ
ਹਰਿ ਅੰਤਿ ਸਖਾਈ ਪਾਇਆ॥੧੫॥

(ਪੰਨਾ ੧੦੩੮)

ਮੀਰ ਤੇ ਉਤਨਾ ਹੀ ਉੱਚਾ ਹੋਣਾ ਚਾਹੀਦਾ ਹੈ, ਜਿਤਨਾਂ ਪਰਮਾਤਮਾ। ਮੀਰ ਪਰਮਾਤਮਾ ਹੀ ਹੁੰਦਾ ਹੈ ਜੋ ਉਹ ਸਚਮੁਚ ਪੂਰਨ ਮੀਰ ਹੋਵੇ। ਮੱਲਾਂ ਮਾਰਨ ਵਾਲੇ ਅਤੇ ਐਸ਼ਵਰਜ ਵਿਚ ਲੀਨ ਰਹਿਣ ਵਾਲੇ ਲੋਕ ਮੀਰ ਨਹੀਂ ਹਨ। ਹਰ ਇਕ ਰੂਪ ਵਿਚ ਮੀਰ ਤੇ ਪੀਰ ਵਿਚ ਸਿਖਰ ਹੈ ਉਹ ਸਿਖਰ ਪੂਰਨਤਾ ਹੈ, ਉਹ ਸਿਖਰ ਪਰਮਾਤਮਾ ਨਾਲ ਇਕਮਿਕ ਹੋਣਾ ਤੇ ਇਕ ਸੁਰ ਹੋਣਾ ਹੈ, ਉਹ ਸਿਖਰ ਪਰਾਪਤ ਕਰਨੀ ਤਲਵਾਰ ਦੀ ਧਾਰ 'ਤੇ ਤੁਰਨਾ ਹੈ। ਉਹਨਾਂ ਸਿਖਾਂ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰਾਂ ਦਾ ਚਿੰਨ੍ਹ ਦਿੱਤਾ ਹੈ।

ਸੋ ਗੁਰੂ ਹਰਿਗੋਬਿੰਦ ਸਾਹਿਬ ਦਾ ਕਰਤਵ ਕੋਈ ਨਵਾਂ ਤੇ ਵਿਲਖਣ ਨਹੀਂ ਸੀ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਮੀਰੀ ਤੇ ਪੀਰੀ ਦੋਹਾਂ ਦਾ ਇਕੋ ਦਰਜਾ ਨਿਸਚਿਤ ਸੀ। ਉਸ ਦਰਜੇ ਦੀ ਪਰਾਪਤੀ ਲਈ ਘੋਲ ਦਾ ਚਿੰਨ ਹੈ ਤਲਵਾਰ।

ਗੁਰੂ ਸਾਹਿਬ ਨੇ ਪਖੰਡੀ ਪੀਰਾਂ ਨਾਲ ਵੀ ਟੱਕਰ ਲਈ ਅਤੇ ਅਨਿਆਈ ਜਾਬਰ ਮੀਰਾਂ

ਨਾਲ ਵੀ, ਇਸ ਟੱਕਰ ਦੀਆਂ ਸੂਚਕ ਵੀ ਤਲਵਾਰਾਂ ਹੀ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿਧੇ ਤੌਰ 'ਤੇ ਹਕੂਮਤ ਨਾਲ ਉਸ ਦੇ ਅਨਿਆਈ ਕਾਨੂੰਨ ਤੋੜ ਕੇ ਕਰ ਲਈ। ਹਕੂਮਤ ਵੱਲੋਂ ਹਿੰਦੂ ਪਰਾਧੀਨ ਜਨਤਾ ਲਈ ਘੋੜ ਸਵਾਰ ਹੋਣਾ, ਸ਼ਸਤ੍ਰ-ਬਧ ਹੋਣਾ, ਦਸਤਾਰ ਤੇ ਹੋਰ ਵਰਦੀ ਸਜਾਣਾ ਮਨ੍ਹਾਂ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਬਣਵਾਇਆ, ਫ਼ੌਜ ਰੱਖੀ, ਘੋੜ ਸਵਾਰੀ ਕੀਤੀ, ਸ਼ਸਤਰ ਰੱਖੇ। ਸ਼ਿਕਾਰ ਲਈ ਜਾਂਦੇ, ਆਪਣੇ ਸਿਖਾਂ ਦੇ ਝਗੜਿਆਂ ਦੇ ਫੈਸਲੇ ਆਪ ਕਰਦੇ। ਇਹ ਸਾਰੇ ਮੀਰ ਦੇ ਕੰਮ ਹਨ। ਆਪ ਨੇ ਇਹ ਸਾਰੇ ਕੀਤੇ। ਪਰ ਉੱਚੇ ਆਦਰਸ਼ਕ ਧਰਤੀ 'ਤੇ ਰਹਿ ਕੇ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਅਨਿਆ ਵਿਰੁੱਧ ਰੋਸ ਪ੍ਰਗਟ ਕਰਨ ਦੇ ਚੌਕੀ ਦੇ ਤਰੀਕੇ ਨਾਲ ਸੰਮਤੀ ਪ੍ਰਗਟ ਕੀਤੀ ਅਤੇ ਕਿਹਾ ਕਿ ਮੈਂ ਸਦਾ ਇਸ ਚੌਕੀ ਵਿਚ ਸ਼ਾਮਲ ਹੋਇਆ ਕਰਾਂਗਾ। ਚੌਕੀ ਸਾਹਿਬ ਦਾ ਤਰੀਕਾ ਉਦੋਂ ਜਾਰੀ ਕੀਤਾ ਗਇਆ ਸੀ ਜਦੋਂ ਗੁਰੂ ਸਾਹਿਬ ਹਕੂਮਤ ਦੇ ਅਨਿਆ ਦਾ ਸ਼ਿਕਾਰ ਹੋ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤੇ ਗਏ ਸਨ। ਸਿਖਾਂ ਨੇ ਹਕੂਮਤ ਦੇ ਜਬਰ ਵਿਰੁੱਧ ਚੌਕੀ ਸਾਹਿਬ ਦੁਆਰਾ ਰੋਸ ਪ੍ਰਗਟ ਕੀਤਾ। ਹੁਣ ਤੀਕ ਇਹ ਤਰੀਕਾ ਦਰਬਾਰ ਸਾਹਿਬ ਵਿਖੇ ਜਾਰੀ ਹੈ। ਗੁਰੂ ਹਰਿਗੋਬਿੰਦ ਸਾਹਿਬ ਇਸ ਚੌਕੀ ਵਿਚ ਸ਼ਾਮਲ ਹੁੰਦੇ ਹਨ।

ਇਹ ਚੌਕੀ ਸਾਹਿਬ ਸਿੱਖ ਆਚਰਨ ਦੀ ਬੁਨਿਆਦ ਹੈ। ਸਿੱਖ ਸਦਾ ਅਨਿਆ, ਜਬਰ ਤੇ ਧਕੇ ਵਿਰੁੱਧ ਆਵਾਜ਼ ਉਠਾਂਦਾ ਹੈ, ਰੋਸ ਪ੍ਰਗਟ ਕਰਦਾ ਹੈ। ਇਹ ਗੱਲ ਖ਼ਤਰੇ ਵਾਲੀ ਹੈ। ਪਰ ਇਹ ਹਰ ਪਰਕਾਰ ਦਾ ਖ਼ਤਰਾ ਮੁੱਲ ਲੈ ਕੇ ਇਹ ਕੁਝ ਕਰਦਾ ਹੈ। ਇਹੋ ਤਲਵਾਰ ਦਾ ਮਾਰਗ ਹੈ।

ਸੋ ਦੋਵੇਂ ਤਲਵਾਰਾਂ ਦਾ ਰਹਿਸ ਹੈ, ਦੋਵੇਂ ਆਦਰਸ਼ਾਂ ਦੀਆਂ ਸੂਚਕ ਹਨ, ਸਿੱਖ ਨੇ ਦੋਵੇਂ ਆਦਰਸ਼ ਨਿਭਾਣੇ ਹਨ। ਪਹਿਲਾ ਆਦਰਸ਼ ਪੀਰੀ ਹੈ ਤੇ ਦੂਜਾ ਆਦਰਸ਼ ਮੀਰੀ ਹੈ।

੪/੧੯੬੪

ਮੀਰੀ-ਪੀਰੀ ਦੀਆਂ ਤਲਵਾਰਾਂ ਦਾ ਰਾਜ਼

ਗੁਰੂ ਹਰਿਗੋਬਿੰਦ ਸਾਹਿਬ, ਸਿੱਖਾਂ ਦੇ ਛੇਵੇਂ ਸੱਚੇ ਪਾਤਸ਼ਾਹ, ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਅਕਾਲ ਤਖ਼ਤ ਉੱਤੇ ਸ਼ੋਭਨੀਕ ਹੋਏ। ਦੁਨੀਆਂ ਦੀ ਨਜ਼ਰ ਵਿਚ ਗਿਆਰਾਂ ਸਾਲ ਦੇ ਸਨ ਪਰ ਰਾਜ਼ਦਾਨ ਲੋਕ ਵਾਕਿਫ਼ ਸਨ ਕਿ ਉਹਨਾਂ ਦੀ ਨਦਰ ਦਾ ਪਿਆਲਾ ਪਹਿਲੇ ਪੰਜ ਗੁਰਾਂ ਦੇ ਸਿਦਕ-ਜਲਾਲ ਨਾਲ ਭਰਪੂਰ ਸੀ। ਪਹਿਲੇ ਪੰਜ ਪੀਰਾਂ ਦੇ ਪੰਜ ਪਿਆਲਿਆਂ ਵਿਚ ਖ਼ਾਲਸ ਕੁਦਰਤ ਦੀਆਂ ਸਾਰੀਆਂ ਰੰਗੀਨੀਆਂ ਸਨ। ਇਹਨਾਂ ਵਿਚ ਇਕ ਐਸਾ ਨੈਤਿਕ ਸਹਿਜ, ਸੁਹਜਮਈ ਜ਼ਬਤ, ਪਾਕ ਲੁਤਫ਼, ਇਖ਼ਲਾਕੀ ਯਕੀਨ, ਸੁੱਚਾ ਸਿਮਰਨ ਅਤੇ ਸੰਪੂਰਨ ਵਜਦ ਸੀ, ਜਿਸ ਦਾ ਰਿਸ਼ਤਾ ਅਗਮ ਅਗੋਚਰ ਬਿਬੇਕ ਨਾਲ ਸੀ ਅਤੇ ਛੇਵੇਂ ਪਿਆਲੇ ਵਿਚ ਪਾਰ ਦੀ ਬੁੱਧੀ ਦੇ ਇਹ ਨਜ਼ਾਰੇ ਇਕ ਜ਼ੋਰਦਾਰ ਸਿੰਧ ਵਾਂਗ ਛਲਕ ਪਏ। ਛੇਵੇਂ ਸਤਿਗੁਰਾਂ ਦਾ ਕੁੱਲ ਅਮਲ ਇਕ ਨਿਰਵਿਘਨ ਅਤੇ ਤਾਕਤਵਰ ਪਰਵਾਜ਼ ਹੈ, ਜੋ ਬੇਰਹਿਮ ਹਾਦਸਿਆਂ ਅੰਦਰ ਵੀ ਅਡੋਲ ਹੈ ਅਤੇ ਜਦੋਂ ਜ਼ਿੰਦਗੀ ਵਿਚ ਬੇਯਕੀਨੀ ਦੇ ਮੋੜ ਆਉਂਦੇ ਹਨ, ਇਹ ਹੋਰ ਪ੍ਰਤੱਖ ਅਤੇ ਸੰਪੂਰਨਤਾ ਵਿਚ ਹੋਰ ਬਲਵਾਨ ਨਜ਼ਰ ਆਉਂਦਾ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।

ਸੋ ਗਿਆਨ ਦੀਆਂ ਉਹ ਕੁੰਟਾਂ ਜਿਹਨਾਂ ਵੱਲ ਕਿ ਪਹਿਲੇ ਪੰਜ ਗੁਰੂ ਜੀ ਰਮਦੇ ਰਹੇ ਸਨ, ਉਹਨਾਂ ਦਾ ਅਗਮ-ਅਗੋਚਰ ਵਿਸਮਾਦ ਉਹਨਾਂ ਦੀ ਸ਼ਮਸ਼ੀਰ ਵਿਚ ਉੱਤਰ ਪਿਆ। ਅਚਿਹਨ ਖ਼ੂਬਸੂਰਤੀ, ਹਰਖ-ਸੋਗ ਤੋਂ ਅਗਲੀ ਅਵਸਥਾ ਅਤੇ ਤੀਸਰੇ ਰਾਹ ਦੇ ਅਸਚਰਜ ਰਹੱਸ ਉਹਨਾਂ ਦੀਆਂ ਮੀਰੀ-ਪੀਰੀ ਦੀਆਂ ਤਲਵਾਰਾਂ ਵਿਚ ਸਮਾ ਗਏ। ਜਦੋਂ ਉਹਨਾਂ ਸ਼ਮਸ਼ੀਰ ਵੱਲ ਤੱਕਿਆ ਤਾਂ ਇਹ ਗੁਰਮੁਖ-ਮਾਰਗ ਦਾ ਹੀ ਚਿਹਨ ਬਣ ਗਈ ਅਤੇ ਇਸ ਨੇ ਕਾਲ ਨੂੰ ਸੱਚ ਦੀ ਸਿਖਰ ਉੱਤੇ ਪਹੁੰਚਾ ਦਿੱਤਾ। ਜਦੋਂ ਅਚਿਹਨ ਗੁਰੂ-ਵਿਗਾਸ ਨੇ, ਸੰਸਾਰ ਦੀ ਚਾਲ ਵਿਚ ਆਪਣੀ ਇਖ਼ਲਾਕੀ ਜ਼ੀਨਤ ਦਾ ਕ੍ਰਿਸ਼ਮਾ ਵਿਖਾਉਣ ਦੀ ਚਾਹਨਾ ਕੀਤੀ ਤਾਂ ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਬਣ ਗਈ। ਉਹਨਾਂ ਦੀ ਸਾਰੀ ਜ਼ਿੰਦਗੀ ਇਕ ਕਾਮਲ ਰੂਹਾਨੀ ਜਸ਼ਨ ਹੈ, ਯਾਅਨੀ ਰੂਪ-ਰੇਖਾ ਅਤੇ ਰਾਗ-ਰੰਗ ਤੋਂ ਪਾਰ ਦੀ ਹੋਂਦ ਆਪਣੇ ਪਾਕ ਨਿਆਰੇਪਣ ਨੂੰ ਕਾਇਮ ਰੱਖਦੀ ਹੋਈ ਇਨਸਾਨੀ ਅਮਲ ਦਾ ਪਾਕ ਲੁਤਫ਼ ਬਣ ਗਈ ਹੈ ਅਤੇ ਤਲਵਾਰ ਉਹਨਾਂ ਦੇ ਕਾਮਲ ਰੂਹਾਨੀ ਜਸ਼ਨ ਦਾ ਦਿਲਕਸ਼ ਨਕਸ਼ ਹੈ ਅਤੇ ਉਹਨਾਂ ਦੇ ਪਾਕ ਲੁਤਫ਼ ਦੀ ਅਮੋੜ ਸੰਗੀਤਕ ਤਰਬ ਹੈ। ਭਾਈ

ਗੁਰਦਾਸ ਜੀ ਦੇ ਇਹਨਾਂ ਸ਼ਬਦਾਂ ਨਾਲ ਇਹ ਗੱਲ ਵਧੇਰੇ ਸਪਸ਼ਟ ਹੁੰਦੀ ਹੈ:

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ ਖੰਡੇਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰਸਿਖੁ ਚਲੰਦਾ॥੨੧॥

(ਵਾਰ ੨੪)

ਗੁਰੂ ਨਾਨਕ-ਸੱਚ ਦੇ ਅਚਿਹਨ ਪੈਂਡਿਆਂ ਦੀ ਦਾਸਤਾਨ, ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਫ਼ਤਹ-ਨਿਸ਼ਾਨ ਅਤੇ ਮੌਤ ਦੀ ਗੁਮਨਾਮੀ ਵਿਚ ਅਛੋਹ ਫਜ਼ਰ ਵਾਂਗ ਵਿਚਰਦਾ ਸਿਮਰਨ-ਵਿਸਮਾਦ ਅਜਿਹੀ ਉੱਚਤਾ ਵਿਚ ਮੀਰੀ ਦੀ ਤੇਗ ਦਿਸਦੀ ਹੈ। ਦੁਨੀਆਂ ਦੇ ਰਿਸ਼ਤਿਆਂ ਵਿਚ ਪੀਰੀ ਦੇ ਜਲਵੇ ਨੇ ਆਪਣੇ ਜਸ਼ਨ ਦੀ ਗਰਮੀ ਕਿਵੇਂ ਪੈਦਾ ਕਰਨੀ ਹੈ?-ਮੀਰੀ ਦੀ ਤੇਗ ਇਸ ਪ੍ਰਸ਼ਨ ਦਾ ਉੱਤਰ ਦਿੰਦੀ ਹੈ।

ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਦਾ ਰਾਜ਼ ਜੰਗਾਂ ਦੀ ਦਾਸਤਾਨ ਵਿਚ ਵੀ ਜਲਵਾ-ਨੁਮਾ ਹੋਇਆ। ਇਥੇ ਅਸੀਂ ਆਪਣੀ ਕਹਾਣੀ ਤਿੱਥਾਂ-ਮਿਤੀਆਂ ਦੇ ਕ੍ਰਮ ਅਨੁਸਾਰ ਨਹੀਂ ਲਿਖ ਰਹੇ, ਬਾਹਰਲੀਆਂ ਤਿੱਥਾਂ-ਮਿਤੀਆਂ ਤੋਂ ਪਾਰਲੀ ਰਹੱਸ ਅਵਸਥਾ ਦੀ ਸੰਯੁਕਤ ਰਵਾਨੀ ਦਾ ਬਿਆਨ ਕਰ ਰਹੇ ਹਾਂ। ਜਦੋਂ ਵੀ ਗੁਰੂ ਨਾਨਕ ਸੱਚ ਦੀ ਸੂਖਮ ਧੁਨੀ ਨੂੰ ਤਾਮਸ-ਰਸ ਵਿਚ ਮਾਤੇ ਅੰਧ ਸੰਸਾਰੀਆਂ ਨੇ ਆਪਣੇ ਸੁਆਰਥ ਅਧੀਨ ਕਰਨਾ ਚਾਹਿਆ, ਉਦੋਂ ਹੀ ਗੁਰੂ ਨਾਨਕ-ਅਮਲ ਵਿਚ ਜੰਗਾਂ ਦੇ ਸੂਹੇ ਨਜ਼ਾਰੇ ਉਪਜੇ। ਇਹਨਾਂ ਜੰਗਾਂ ਦੀ ਉਤਪਤੀ ਐਨੀ ਹੀ ਕੁਦਰਤੀ, ਸਹਿਜਮਈ ਅਤੇ ਯਕੀਨੀ ਸੀ, ਜਿਵੇਂ ਬਸੰਤ ਵਿਚ ਬ੍ਰਿਛਾਂ ਨੂੰ ਫਲ ਪੈਂਦੇ ਹਨ ਅਤੇ ਸੰਝ ਪਿੱਛੋਂ ਤਾਰੇ ਦਿਸਦੇ ਹਨ। ਗੁਰੂ ਨਾਨਕ-ਸੱਚ ਵਿਚ ਸਮੇਂ ਨਾਲ ਇਸ ਦੀ ਨਿਰੰਤਰ ਗਤੀ ਦੇ ਅੰਤਰੀਵ, ਅਦ੍ਰਿਸ਼ਟ ਅਤੇ ਅਪਹੁੰਚ ਨਿਯਮ ਇਕ ਖ਼ਾਸ ਰੌਅ ਉਭਾਰਦੇ ਹਨ; ਜੰਗ ਇਸ ਖਾਸ ਰੌਅ ਦੀ ਇਕੋ-ਇਕ ਅਤੇ ਅੰਤਮ ਮੰਗ ਹੁੰਦੀ ਹੈ ਅਤੇ ਇਸ ਮੰਗ ਨੂੰ ਕਿਸੇ ਰਾਜਸੀ ਜਾਂ ਸਮਾਜਿਕ ਜੁਗਤੀ ਦੀ ਨਿਪੁੰਨਤਾ ਨਾਲ ਨਹੀਂ ਸਮਝਾਇਆ ਜਾ ਸਕਦਾ। ਉਸ ਵੇਲੇ ਤਾਂ ਗੁਰੂ ਨਾਨਕ-ਅਮਲ ਵਿਚ ਜੰਗਾਂ ਦਾ ਵਿਸਮਾਦ-ਨਕਸ਼ ਉਭਰਦਾ ਹੈ। ਇਹ ਜੰਗਾਂ ਉਸ ਮਿਥਿਹਾਸਕ ਬਾਜ਼ ਵਾਂਗ ਹਨ, ਜਿਹੜਾ ਉੱਡਦਾ ਹੋਇਆ ਆਪਣੇ ਨਾਲ ਇਹ ਵੀ ਯਕੀਨ ਲਿਆਵੇ ਕਿ ਉਸ ਦੇ ਬਲਵਾਨ ਖੰਭ ਅਤੇ ਜਾਂਗਲੀ ਉਡਾਰੀ ਆਪਣਾ ਆਸਮਾਨ ਆਪਣੇ ਨਾਲ ਲਿਆਏ ਹਨ। ਅਣਜਾਣ ਇਤਿਹਾਸਕਾਰਾਂ ਨੇ ਗੁਰੂ ਨਾਨਕ-ਸੱਚ ਦੀ ਉਚੇਰੀ ਪ੍ਰਤੀਤੀ ਨੂੰ ਜਾਣੇ ਬਿਨਾਂ, ਇਹਨਾਂ ਜੰਗਾਂ ਦੇ ਕਾਰਨਾਂ ਨੂੰ ਇਕਹਿਰੇ ਮਾਨਸਿਕ ਹਾਦਸਿਆਂ ਵਿਚੋਂ ਢੂੰਡਣ ਦੀ ਕੋਸ਼ਿਸ਼ ਕੀਤੀ ਹੈ। ਠੀਕ! ਗੁਰੂ ਹਰਿਗੋਬਿੰਦ ਸਾਹਿਬ ਦੇ ਪਿਆਰਿਆਂ

ਨੇ ਅੰਮ੍ਰਿਤਸਰ ਦੇ ਨੇੜੇ ਕਿਸੇ ਜੰਗਲ ਵਿਚ ਸ਼ਾਹੀ ਬਾਜ਼ ਨੂੰ ਗਿਰਾ ਕੇ ਗਵਰਨਰ ਲਾਹੌਰ ਦੇ ਕ੍ਰੋਧ ਨੂੰ ਜਗਾਇਆ; ਜਲੰਧਰ ਦੇ ਹਾਕਮ ਅਬਦੁੱਲਾ ਕੋਲ ਗੁਰੂ ਜੀ ਦੇ ਖਿਲਾਫ ਸ਼ਿਕਾਇਤਾਂ ਹੋਈਆਂ, ਭਾਈ ਬਿਧੀ ਚੰਦ ਨੇ ਲਾਹੌਰ ਦੇ ਅਨਾਇਤ-ਉੱਲਾ ਦੇ ਅਸਤਬਲ ਤੋਂ ਜੁਗਤੀ ਨਾਲ ਗੁਰੂ ਜੀ ਦੇ ਖੋਏ-ਹੋਏ, ਦੋ ਘੋੜੇ ਵਾਪਸ ਲਿਆਂਦੇ ਅਤੇ ਅੰਤ ਵਿਚ ਉਹਨਾਂ ਦੇ ਨਾਰਾਜ਼ ਹੋਏ ਮੁਰੀਦ ਪੈਂਦੇ ਖਾਂ ਨੇ ਵੀ ਹਾਕਮਾਂ ਨਾਲ ਸਾਜ਼ਸ਼ਾਂ ਕੀਤੀਆਂ ਪਰ ਕੇਵਲ ਇਹੋ ਘਟਨਾਵਾਂ ਗੁਰੂ ਜੀ ਨਾਲ ਹੋਈਆਂ ਜੰਗਾਂ ਦਾ ਮੂਲ ਕਾਰਨ ਨਹੀਂ। ਸਾਡੇ ਖਿਆਲ ਵਿਚ ਪਹਿਲ ਗੁਰੂ ਨਾਨਕ-ਸੱਚ ਦੇ ਅੰਤਰੀਵ-ਨਿਯਮ ਨੂੰ ਹੀ ਦੇਣੀ ਚਾਹੀਦੀ ਹੈ ਜਿਵੇਂ ਸੁੰਦਰ ਸ਼ਬਦ ਮੁਨਾਸਬ ਥਾਂ ਉੱਤੇ ਹੀ ਸ਼ੋਭਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਸੱਚ ਗੁਰੂ ਨਾਨਕ-ਅਮਲ ਦੇ ਇਕ ਮੁਨਾਸਬ ਥਾਂ ਉੱਤੇ ਜੰਗਾਂ ਦਾ ਠਾਠ ਬੰਨ੍ਹਦਾ ਹੈ। ਉਂਝ ਗੁਰੂ ਨਾਨਕ-ਸੱਚ ਬੇਪਰਵਾਹ ਵਿਗਾਸ ਵਿਚ ਚਲਦਾ ਹੈ ਅਤੇ ਲਗਾਤਾਰ ਆਪਣੀ ਸਿਰਜਣਾ ਦੇ ਖ਼ਾਲਸ ਰੂਪ ਅੰਦਾਜ਼ ਬਦਲ-ਬਦਲ ਕੇ ਘੜਦਾ ਹੈ ਅਤੇ ਕਿਸੇ ਵਿਸ਼ਾਲ ਸੁਹਜ-ਅਨੁਪਾਤ ਵਿਚ ਗਤੀਸ਼ੀਲ ਰਹਿੰਦਾ ਹੈ ਪਰ ਆਖਿਰ ਇਕ ਅੰਦਾਜ਼ ਐਸਾ ਆ ਜਾਂਦਾ ਹੈ, ਜਿਸ ਦਾ ਉੱਚਾ ਤਰਕ ਜੰਗ ਵਿਚ ਢਲ ਜਾਂਦਾ ਹੈ। ਇੰਵ ਜੰਗ ਜ਼ਰੂਰਤ ਦਾ ਹਿੱਸਾ ਨਹੀਂ ਰਹਿੰਦੀ, ਸਗੋਂ ਸਤਿਗੁਰਾਂ ਦੀ ਵਿਸ਼ਾਲ ਸਿਰਜਣਾ ਦਾ ਅਣਤੁੱਟ ਖ਼ਾਲਸ ਅੰਗ ਬਣ ਜਾਂਦੀ ਹੈ। ਦ੍ਰਿਸ਼ਟਮਾਨ ਨਿੱਕੇ ਕਾਰਨਾਂ ਪਿੱਛੇ ਸੂਖਮ ਕਾਲ ਵਿਚ ਚਿਰਾਂ ਤੋਂ ਚਲਿਆ ਇਕ ਹੜ੍ਹ ਹੁੰਦਾ ਹੈ, ਜਿਸ ਦੀ ਢੂੰਡ ਆਪਣੀ ਮੰਜ਼ਿਲ ਦਾ ਨਿਸ਼ਾਨ ਜੰਗਾਂ ਦੇ ਨਜ਼ਾਰੇ ਵਿਚ ਮਿਥਦੀ ਹੈ। ਗੁਰੂ ਨਾਨਕ-ਸੱਚ ਦੇ ਅੰਤਰੀਵ ਨਿਯਮ ਵਿਚ ਜੰਗਾਂ ਦੀ ਨੁਹਾਰ ਛਿਪੀ ਹੋਈ ਹੈ ਅਤੇ ਹੋ ਸਕਦਾ ਹੈ, ਇਹਨਾਂ ਦੇ ਨਜ਼ਾਰੇ ਵਿਚ ਹੀ ਉਸ ਦਾ ਦਿਹੁੰ ਚੜ੍ਹੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹ ਜਹਾਨ ਦੇ ਜ਼ਮਾਨੇ ਵਿਚ ਸ਼ਾਹੀ ਲਸ਼ਕਰਾਂ ਨਾਲ ਚਾਰ ਤਗੜੀਆਂ ਜੰਗਾਂ ਕੀਤੀਆਂ ਅਤੇ ਇਹਨਾਂ ਰਾਹੀਂ ਆਪਣੇ ਸਿੱਖਾਂ ਨੂੰ ਮਹਾਨ ਸਬਕ ਸਿਖਾਏ। ਪਹਿਲੀ ਜੰਗ ਉਦੋਂ ਹੋਈ ਜਦੋਂ ਗੁਰੂ ਜੀ ਆਪਣੀ ਬੇਟੀ ਬੀਬੀ ਵੀਰੋ ਜੀ ਦੀ ਜੰਞ ਉਡੀਕ ਰਹੇ ਸਨ। ਸੂਬੇ ਲਾਹੌਰ ਦਾ ਫ਼ੌਜਦਾਰ ਮੁਖ਼ਲਿਸ ਖਾਨ ਆਪਣੀਆਂ ਲਸ਼ਕਰਾਂ ਸਮੇਤ ਰਾਮਦਾਸਪੁਰ ਦੀਆਂ ਜੂਹਾਂ ਵਿਚ ਆ ਉਤਰਿਆ। ਘੋਰ ਸੰਗਰਾਮ ਹੋਇਆ। ਅੰਤ ਨੂੰ ਮੁਖ਼ਲਿਸ ਖਾਨ ਨੇ ਤੇਗ ਲਿਸ਼ਕਾਉਂਦੇ ਹੋਏ ਗੁਰੂ ਜੀ ਨੂੰ ਸਾਹਮਣੇ ਆਣ ਕੇ ਵੰਗਾਰਿਆ। ਤੀਰਾਂ ਦੀ ਜੰਗ ਪਿੱਛੋਂ ਤੇਗਾਂ ਦੀ ਜੰਗ ਸਮੇਂ ਗੁਰੂ ਜੀ ਨੇ ਮੁਖ਼ਲਿਸ ਖਾਨ ਨੂੰ ਆਖਿਆ: 'ਪਹਿਲਾ ਵਾਰ ਤੁਸੀਂ ਕਰਨਾ ਹੈ।' ਜਦ ਵਾਰ ਖਾਲੀ ਗਿਆ ਤਾਂ ਗੁਰੂ ਜੀ ਨੇ ਆਪਣੇ ਸਿਦਕ-ਜਲਾਲ ਦੇ ਪੂਰੇ ਹੁਸਨ ਵਿਚ ਜ਼ਾਹਿਰ ਹੁੰਦਿਆਂ ਹੋਇਆਂ ਆਖਿਆ, 'ਅਜੇ ਤੁਹਾਡਾ ਇਕ ਵਾਰ ਬਾਕੀ ਹੈ।' ਫੇਰ ਉਹਨਾਂ ਖਾਨ ਉੱਤੇ ਵਾਰ ਕੀਤਾ ਅਤੇ ਉਸ ਨੂੰ ਖ਼ਤਮ ਕਰ ਦਿੱਤਾ। ਜੰਗ ਜਿੱਤਣ ਪਿੱਛੋਂ ਉਹਨਾਂ ਮੈਦਾਨਿ-ਜੰਗ ਵਿਚ ਜਾ ਕੇ ਸ਼ਹੀਦਾਂ ਦੀ ਸੰਭਾਲ ਕੀਤੀ। ਉਹਨਾਂ ਦੇ ਦੋ ਸਿੱਖ ਮੋਹਨ ਅਤੇ ਗੋਪਾਲਾ ਲਹੂ-ਲੁਹਾਣ ਮੈਦਾਨਿ ਜੰਗ ਵਿਚ ਲੇਟੇ ਹੋਏ ਕੋਈ-ਕੋਈ ਸਾਹ ਲੈ ਰਹੇ ਸਨ। ਹਜ਼ੂਰ ਨੇ ਆਪਣੀ ਅਜ਼ੀਮ ਬਖ਼ਸ਼ਿਸ਼ ਦਾ ਦਰਵਾਜ਼ਾ ਖੋਲ੍ਹਿਆ ਅਤੇ ਸਿਦਕੀ ਸਿੱਖਾਂ ਦੇ ਚਿਹਰਿਆਂ ਦਾ ਲਹੂ ਰੁਮਾਲ ਨਾਲ ਪੂੰਝ ਕੇ ਮਿਹਰਬਾਨ ਆਵਾਜ਼ ਦਿੱਤੀ: 'ਕੁਝ ਮੰਗ ਲਵੋ।' ਸਿੱਖਾਂ ਨੇ ਪੂਰੀ ਹੋਸ਼ ਵਿਚ ਆਖਿਆ, 'ਦੁਨੀਆਂ ਦੇ ਆਖਿਰ ਵਿਚ

ਤੁਹਾਡੇ ਦੀਦਾਰ ਤੋਂ ਸਿਵਾ ਅਸੀਂ ਕੁੱਝ ਨਹੀਂ ਮੰਗਦੇ।' ਜੰਗ ਖ਼ਤਮ ਹੋਣ ਤੋਂ ਪਿੱਛੋਂ ਸੂਫ਼ੀ ਫ਼ਕੀਰਾਂ ਨੇ ਸ਼ਾਹ ਜਹਾਨ ਨੂੰ ਜਾ ਦੱਸਿਆ ਕਿ ਗੁਰੂ ਜੀ ਨਾਲ ਹਾਕਮਾਂ ਨਾਜਾਇਜ਼ ਲੜਾਈ ਲੜੀ।

ਦੂਸਰੀ ਜੰਗ ਜਲੰਧਰ ਦੇ ਹਾਕਮ ਅਬਦੁੱਲਾ ਨਾਲ ਹਰਿਗੋਬਿੰਦਪੁਰ ਦੇ ਨੇੜੇ ਹੋਈ ਭਗਵਾਨ ਦਾਸ ਘੇਰੜ ਖ਼ਤਰੀ ਦੀ ਚੁੱਕ ਉੱਤੇ ਚੰਦੂ ਦਾ ਪੁੱਤਰ ਕਰਮ ਚੰਦ ਅਤੇ ਭਰਾ ਲਾਲ ਚੰਦ ਜਲੰਧਰ ਅਬਦੁੱਲਾ ਦੀ ਕਚਹਿਰੀ ਵਿਚ ਆ ਫ਼ਰਿਆਦੀ ਹੋਏ। ਜੰਗ ਹੋਈ। ਕਰਮ ਚੰਦ ਜੰਗ ਸਮੇਂ ਫੜਿਆ ਗਿਆ ਪਰ ਗੁਰੂ ਜੀ ਨੇ ਆਜ਼ਾਦ ਕਰ ਦਿੱਤਾ ਪਰ ਇਸ ਮਿਹਰਬਾਨੀ ਦਾ ਉਸ ਉੱਤੇ ਕੋਈ ਅਸਰ ਨਾ ਹੋਇਆ। ਗੁਰੂ ਜੀ ਦੇ ਖ਼ਿਲਾਫ ਖੁਣਸ ਖਾ ਕੇ ਅਬਦੁੱਲਾ ਨੂੰ ਹੋਰ ਚੁੱਕਿਆ। ਅੰਤ ਨੂੰ ਗੁਰੂ ਜੀ ਨੇ ਮੈਦਾਨਿ-ਜੰਗ ਵਿਚ ਕਰਮ ਚੰਦ ਨੂੰ ਵੰਗਾਰ ਕੇ ਮਾਰਿਆ। ਅਬਦੁੱਲਾ ਅਤੇ ਉਸ ਦੇ ਦੋ ਪੁੱਤਰ ਖ਼ਤਮ ਹੋ ਗਏ। ਨਬੀ ਬਖ਼ਸ਼ ਅਤੇ ਕਰੀਮ ਬਖ਼ਸ਼ ਨੂੰ ਸਿੱਖਾਂ ਨੇ ਮਾਰਿਆ ਅਤੇ ਅਬਦੁੱਲਾ ਗੁਰੂ ਜੀ ਦੀ ਤਲਵਾਰ ਨਾਲ ਸ਼ਹੀਦ ਹੋਇਆ।

ਤੀਸਰੀ ਜੰਗ ਨਥਾਣੇ ਦੀ ਢਾਬ ਨੇੜੇ ਹੋਈ। ਜੰਗ ਦੀ ਮੁੱਢਲੀ ਕਮਾਨ ਸਰਵਰੀਆਂ ਦੇ ਸਰਦਾਰ ਰਾਇ ਜੋਧ ਅਤੇ ਉਸ ਦੇ ਭਰਾ ਸਲੇਮ ਸ਼ਾਹ ਨੇ ਸੰਭਾਲੀ। ਵੀਹ ਹਜ਼ਾਰ ਸ਼ਾਹੀ ਫ਼ੌਜਾਂ ਦਾ ਬੁਰਾ ਹਾਲ ਹੋਇਆ। ਜੰਗ ਸਮੇਂ ਹਸਨ ਖਾਨ ਨਾਂ ਦਾ ਸੂਹੀਆ ਭੇਤ ਲੈਂਦਾ ਫੜਿਆ ਗਿਆ ਪਰ ਗੁਰੂ ਜੀ ਨੇ ਉਸ ਨੂੰ ਉਸੇ ਤਰ੍ਹਾਂ ਛੱਡ ਦਿੱਤਾ, ਜਿਵੇਂ ਦੂਜੀ ਜੰਗ ਵਿਚ ਕਰਮ ਚੰਦ ਨੂੰ ਛੱਡ ਦਿੱਤਾ ਸੀ। ਹਸਨ ਖਾਨ ਗੁਰੂ ਜੀ ਦਾ ਮੁਰੀਦ ਬਣ ਗਿਆ। ਸ਼ਾਹੀ ਫ਼ੌਜਾਂ ਦੇ ਜਰਨੈਲ ਲਲਾ ਬੇਗ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਵੰਗਾਰ ਦਿੱਤੀ, 'ਪੀਰ ਜੀ! ਤੀਰਾਂ ਨੂੰ ਛੱਡੋ, ਆਓ ਤੇਗਾਂ ਦੀ ਜੰਗ ਕਰੀਏ' ਲਲਾ ਬੇਗ ਨੇ ਵੀ ਭੱਖਦੇ ਰਣ ਵਿਚ ਗੁਰੂ ਜੀ ਦੀ ਤਲਵਾਰ ਦਾ ਪਾਣੀ ਪੀਤਾ ਅਤੇ ਸੰਸਾਰ ਨੂੰ ਅਲਵਿਦਾ ਆਖੀ। ਜੰਗ ਸਮੇਂ ਗੁਰੂ ਜੀ ਨੇ ਬਿਧੀ ਚੰਦ ਨੂੰ ਸੱਤ ਕਿਸਮ ਦੇ ਲੋਕਾਂ ਉੱਤੇ ਵਾਰ ਕਰਨ ਤੋਂ ਵਰਜਿਆ ਸੀ ਯਅਨੀ— ਜ਼ਮੀਨ 'ਤੇ ਅਣਭੋਲ ਹੀ ਲੇਟਿਆਂ ਉੱਤੇ, ਰੋਗੀਆਂ ਉੱਤੇ, ਇਸਤਰੀਆਂ ਉੱਤੇ, ਬੱਚਿਆਂ ਉੱਤੇ, ਬੇ-ਹਥਿਆਰ ਦੁਸ਼ਮਣ ਉੱਤੇ, ਬੁੱਢਿਆਂ ਉੱਤੇ ਅਤੇ ਜੋ ਪਨਾਹ ਵਿਚ ਆਏ ਹੋਣ। ਜੰਗ ਪਿੱਛੋਂ ਗੁਰੂ ਜੀ ਨੇ ਜ਼ਖ਼ਮੀਆਂ ਦੀ ਮੱਲ੍ਹਮ ਪੱਟੀ ਕੀਤੀ।

ਚੌਥੀ ਜੰਗ ਕਰਤਾਰਪੁਰ (ਜਲੰਧਰ) ਦੇ ਨੇੜੇ ਹੋਈ। ਗੁਰੂ ਜੀ ਦੇ ਗੁਮਰਾਹ ਮੁਰੀਦ ਪੈਂਦੇ ਖ਼ਾਨ ਨੇ ਇਸ ਜੰਗ ਦਾ ਬੀੜਾ ਉਠਾਇਆ। ਸਿਖਰ ਦੁਪਹਿਰਾਂ ਵੇਲੇ ਰੋਹ-ਰਹਾਣੇ ਮੁਰੀਦ ਨੇ ਗੁਰੂ ਜੀ ਨੂੰ ਆ ਵੰਗਾਰਿਆ, "ਤੀਰਾਂ ਨੂੰ ਛੱਡ ਕੇ ਜ਼ਰਾ ਤੇਗ ਦੇ ਜੌਹਰ ਵਖਾਓ।" ਗੁਰੂ ਜੀ ਨੇ ਤਲਵਾਰ ਦਾ ਵਾਰ ਕੀਤਾ ਅਤੇ ਪੈਂਦੇ ਖਾਂ ਦੀ ਤਲਵਾਰ ਟੁੱਟ ਗਈ। ਗੁਰੂ ਜੀ ਨੇ ਆਪਣੇ ਮੁਰੀਦ ਨੂੰ ਗੋਦ ਵਿਚ ਲੈ ਲਿਆ ਅਤੇ ਉਸ ਦੇ ਚਿਹਰੇ ਉੱਤੇ ਢਾਲ ਦੀ ਛਾਂ ਕੀਤੀ ਅਤੇ ਆਖਿਓ ਸੁ: "ਪੈਂਦੇ ਖਾਨ! ਤੂੰ ਮੁਸਲਮਾਨ ਹੈਂ। ਸੱਚੇ ਰੱਬ ਨੂੰ ਯਾਦ ਕਰਕੇ ਆਖ਼ਰੀ ਕਲਮਾ ਪੜ੍ਹ ਲੈ।" ਪੈਂਦੇ ਖਾਂ ਦੀਆਂ ਅੱਖਾਂ ਭਰ ਆਈਆਂ ਅਤੇ ਆਪਣੇ ਮੁਰਸ਼ਿਦ ਨੂੰ ਜੁਆਬ ਦਿੱਤਾ, "ਤੇਰਾ ਦੀਦਾਰ ਹੀ ਮੇਰੀ ਨਮਾਜ਼ ਹੈ। ਤੇਰੀ ਮਿਹਰ ਹੀ ਮੇਰਾ ਕਲਮਾ ਹੈ।"

ਏਸੇ ਜੰਗ ਵਿਚ ਕਾਲੇ ਖਾਂ ਨਾਲ ਸਾਹਮਣਾ ਹੋਇਆ ਕਾਲੇ ਖਾਂ ਨੇ ਤਿੰਨ ਵਾਰ ਕੀਤੇ। ਗੁਰੂ

ਜੀ ਨੇ ਤਿੰਨੇ ਵਾਰ ਹੀ ਰੋਕੇ ਅਤੇ ਜਦ ਉਹਨਾਂ ਫੈਸਲਾਕੁਨ ਵਾਰ ਕੀਤਾ ਤਾਂ ਫਰਮਾਇਆ "ਖਾਨ! ਇੰਞ ਨਹੀਂ ਇੰਝ।"

ਮੁਹਸਨ ਫਾਨੀ ਨੇ 'ਦਬਿਸਤਾਨੇ ਮਜ਼ਾਹਿਬ' ਵਿਚ ਲਿਖਿਆ ਹੈ ਕਿ "ਇਸ ਤੋਂ ਪਹਿਲਾਂ ਅਤੇ ਪਿੱਛੋਂ ਸ਼ਾਹੀ ਲਸ਼ਕਰ ਬੜੀ ਵਾਰ ਉਹਨਾਂ ਉੱਤੇ ਚੜ੍ਹ-ਚੜ੍ਹ ਆਏ, ਪਰ ਰੱਬ ਦੀ ਮਿਹਰ ਨਾਲ ਉਹ ਸਹੀ ਸਲਾਮਤ ਨਿਕਲ ਜਾਂਦੇ ਸਨ।

ਇਹਨਾਂ ਜੰਗਾਂ ਨੇ ਕਿਹੜੇ ਮਹਾਨ ਸਬਕ ਦਿੱਤੇ? ਸਿੱਖਾਂ ਨੂੰ ਕਿਹੜੀ ਉੱਚੀ ਰੂਹਾਨੀ ਪ੍ਰਤੀਤੀ ਬਖ਼ਸ਼ੀ? ਇਹਨਾਂ ਜੰਗਾਂ ਨੇ ਸਿੱਖਾਂ ਅੰਦਰ ਸ਼ਮਸ਼ੀਰਾਂ ਦਾ ਵਜਦ ਜਗਾਇਆ। ਜਿਵੇਂ ਮਨਸੂਰ ਨੇ ਅਨਲਹੱਕ ਆਖ ਕੇ ਸੂਲੀ ਨੂੰ ਚੁੰਮ ਕੇ ਮੌਤ ਨੂੰ ਵਜਦ ਦਾ ਨਾਮ ਦੇ ਦਿੱਤਾ ਉਸੇ ਤਰ੍ਹਾਂ ਇਹ ਜੰਗਾਂ ਸ਼ਮਸ਼ੀਰਾਂ ਅੰਦਰ ਇਕ ਉੱਚੀ ਲਿਵ ਜਗਾਉਂਦੀਆਂ ਹਨ। ਗੁਰੂ ਜੀ ਵੱਲੋਂ ਕੀਤੀਆਂ ਜੰਗਾਂ ਸ਼ਮਸ਼ੀਰਾਂ ਦੇ ਵਜੂਦ ਨੂੰ ਪੇਸ਼ ਕਰਦੀਆਂ ਹਨ। ਮਨੋਰਥ ਤੋਂ ਅੱਗੇ, ਫਰਜ਼ ਤੋਂ ਅੱਗੇ ਅਤੇ ਸੁਆਰਥ ਤੋਂ ਅੱਗੇ ਇਕ ਨੂਰਾਨੀ ਖੇਡ ਖੇਡੀ ਜਾ ਰਹੀ ਹੈ। ਇਹ ਨੂਰਾਨੀ ਖੇਡ ਚਾਅ ਨਾਲ ਭਰੀ ਹੈ ਅਤੇ ਇਸ ਵਿਚੋਂ ਦੁਨੀਆਦਾਰ ਅਮਲ ਦੀਆਂ ਜਿੰਨੀਆਂ ਸ਼ਾਖ਼ਾਂ ਨਿਕਲਦੀਆਂ ਹਨ, ਉਹ ਸਾਰੀਆਂ ਹੀ ਇਸ ਨੂਰਾਨੀ ਖੇਡ ਦਾ ਸਹਿਜ ਵਿਕਾਸ ਹਨ।

ਗੁਰੂ ਸਾਹਿਬ ਵੱਲੋਂ ਕੀਤੀਆਂ ਗਈਆਂ ਜੰਗਾਂ, ਉਹਨਾਂ ਦੇ ਸਿਮਰਨ ਦਾ ਇਕ ਹਿੱਸਾ ਹਨ, ਕਿਸੇ ਫਰਜ਼ ਦੀ ਪੂਰਤੀ ਨਹੀਂ। ਇਹ ਜੰਗਾਂ ਅਕਾਲ ਫ਼ਤਹ ਦਾ ਸਿਦਕ-ਜਲਾਲ ਹਨ ਅਤੇ ਇਹਨਾਂ ਦੇ ਮੈਦਾਨ ਵਿਚ ਲਿਸ਼ਕਦੀਆਂ ਸ਼ਮਸ਼ੀਰਾਂ ਵਿਚ 'ਜੋ ਹੈ ਸੋ ਹੈ' ਦਾ ਦੀਰਘ ਰਹੱਸ ਪ੍ਰਧਾਨ ਹੈ। ਅਹਿੰਸਾ ਅਤੇ ਇਖ਼ਲਾਕੀ ਕੀਮਤਾਂ ਜ਼ਿੰਦਗੀ ਦੇ ਆਮ ਵਰਤਾਰੇ ਵਿਚ ਕਦਰ ਤਾਂ ਰਖਦੀਆਂ ਹਨ, ਪਰ ਜ਼ਿੰਦਗੀ ਦੀ ਖ਼ੂਬਸੂਰਤੀ ਕੇਵਲ ਇਹਨਾਂ ਨੂੰ ਹੀ ਆਪਣਾ ਲਕਸ਼ ਨਹੀਂ ਮਿੱਥ ਸਕਦੀ। ਗੁਰੂ-ਜੰਗਾਂ ਕੇਵਲ ਨੈਤਿਕ ਜਾਚਾਂ, ਉਪਦੇਸ਼ਾਂ ਅਤੇ ਨੀਤੀਆਂ ਤੱਕ ਹੀ ਮਹਿਦੂਦ ਨਹੀਂ ਹਨ, ਸਗੋਂ ਉਹ ਤਾਂ ਸਿਦਕ-ਜਲਾਲ ਦੀ ਮੂਰਤ ਬਣਾਉਂਦੀਆਂ ਹਨ। ਗੁਰੂ-ਜੰਗਾਂ ਵਕਤੀ ਹਾਦਸਿਆਂ ਦਾ ਸਿੱਟਾ ਨਹੀਂ, ਇਹਨਾਂ ਨੂੰ ਸੀਮਤ ਕਾਲ ਦੀਆਂ ਤੰਗ ਹੱਦਾਂ ਵਿਚ ਵੇਖਣਾ ਗਲਤੀ ਹੈ ਅਤੇ ਇਹਨਾਂ ਦਾ ਮੂਲ ਕਾਰਨ ਕੇਵਲ ਕੁਝ ਇਖ਼ਲਾਕੀ ਕੀਮਤਾਂ ਦੀ ਰਾਖੀ ਕਰਨਾ ਹੀ ਨਹੀਂ, ਸਗੋਂ ਇਹ ਜੰਗਾਂ ਤਾਂ ਸਿੱਖ ਦੀ ਅਰਦਾਸ ਦਾ ਇਕ ਪੜਾਅ ਹਨ। ਇਹ ਜੰਗਾਂ ਇਖ਼ਲਾਕ, ਅਹਿੰਸਾ, ਸਿਮਰਨ ਅਤੇ ਮੁਹੱਬਤ ਦਾ ਵਜੂਦ ਹਨ ਅਤੇ ਇਹ ਵਜੂਦ ਗੁਰੂ-ਲਿਵ ਦਾ ਇਕ ਕ੍ਰਿਸ਼ਮਾ ਹੈ। ਇਸ ਕ੍ਰਿਸ਼ਮੇ ਨੂੰ ਅਸਾਂ ਸ਼ਮਸ਼ੀਰਾਂ ਦਾ ਵਜਦ ਆਖਿਆ ਹੈ। ਇਹ ਗੱਲਾਂ ਧਿਆਨ-ਯੋਗ ਹਨ:

(੧) ਸ਼ਮਸ਼ੀਰਾਂ ਦੇ ਵਜਦ ਦੇ ਸਾਹਮਣੇ ਆਪਣੇ ਅਤੇ ਬੇਗਾਨੇ ਬੱਚਿਆਂ ਵਾਂਗ ਹਨ ਅਤੇ ਇਹ ਸ਼ਹੀਦਾਂ ਦੀ ਸਿਰਜਣਾ ਕਰਦਾ ਹੈ ਕਿਉਂਕਿ ਕੁਝ ਖਾਸ ਜੰਗਾਂ ਵਿਚ ਹੀ ਮਰਨ ਵਾਲੇ ਬੰਦੇ ਸ਼ਹੀਦ ਮੰਨੇ ਜਾ ਸਕਦੇ ਹਨ।

(੨) ਗੁਰੂ-ਜੰਗਾਂ ਬਾਬਰੀ ਜਲਾਲ ਨੂੰ ਸੁੱਚਤਾ ਵੱਲ ਲਿਜਾਂਦੀਆਂ ਹਨ, ਉਸ ਦੇ ਰੋਗ-ਗ੍ਰਸਤ ਅੰਗਾਂ ਦਾ ਬਿਨਾਸ ਕਰਦੀਆਂ ਹਨ ਅਤੇ ਉਸ ਅੰਦਰ ਇਕ ਐਸਾ ਪਛਤਾਵਾ ਉਪਜਾਉਂਦੀਆਂ ਹਨ, ਜਿਹੜਾ

ਉਸ ਨੂੰ ਗੁਨਾਹ ਦੇ ਲਿਬਾਸ ਵਿਚ ਅੰਤਮ-ਨਿਆਂ ਦੇ ਸਾਹਮਣੇ ਲੈ ਜਾਂਦਾ ਹੈ। ਚਾਰੇ ਜੰਗਾਂ ਵਿਚ ਮੁਸਲਿਮ ਜਰਨੈਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਉਹਨਾਂ ਦੇ ਅਸੂਲਾਂ ਨੂੰ ਸਮਝ ਕੇ ਅਤੇ ਉਹਨਾਂ ਦੀ ਰੂਹਾਨੀ ਉੱਚਤਾ ਕਬੂਲ ਕੇ ਮੈਦਾਨਿ-ਜੰਗ ਵਿਚ ਵੰਗਾਰਦੇ ਹਨ, ਜਿਵੇਂ ਅਚੇਤ ਤੌਰ 'ਤੇ ਉਹਨਾਂ ਦੇ ਹੱਥੋਂ ਸ਼ਹੀਦ ਹੋਣ ਦਾ ਲੁਤਫ ਉਠਾਉਣਾ ਚਾਹੁੰਦੇ ਹੋਣ।

(੩) ਗੁਰੂ-ਜੰਗਾਂ ਤੱਤੀ ਤਵੀ ਦਾ ਹੀ ਪਲਟਿਆ ਸਰੂਪ ਹਨ। ਤੀਜੀ ਜੰਗ ਵਿਚ ਬਿਧੀ ਚੰਦ ਨੂੰ ਦੱਸੀ ਸੱਤ ਪ੍ਰਕਾਰ ਦੀ ਅਹਿੰਸਾ ਤੱਤੀ ਤਵੀ ਉੱਤੇ। ਗੁਰੂ ਅਰਜਨ ਸਾਹਿਬ ਦੀ ਇਲਾਹੀ ਮੁਸਕਰਾਹਟ ਦੇ ਕ੍ਰਿਸ਼ਮੇ ਦੀ ਹੀ ਯਾਦਗਾਰ ਹੈ। ਸ਼ਮਸ਼ੀਰੀ ਦੇ ਵਜਦ ਵਿਚ ਇਨਸਾਨੀ ਮੁਹੱਬਤ ਦਾ ਅਥਾਹ ਜ਼ੋਰ ਠਾਠਾਂ ਮਾਰ ਰਿਹਾ ਹੈ ਅਤੇ ਜੋ ਚੀਜ਼ਾਂ ਇਸ ਅਥਾਹ ਜ਼ੋਰ ਵਿਚ ਵਿਗਾਸ ਦਾ ਰੂਪ ਧਾਰ ਕੇ ਅਭੇਦ ਨਹੀਂ ਹੁੰਦੀਆਂ, ਉਹ ਬੁੱਤ ਵਾਂਗ ਟੁੱਟ ਜਾਂਦੀਆਂ ਹਨ। ਹਿੰਸਾ ਗੁਰੂ ਤੋਂ ਦੂਰ ਜਾਣ ਵਿਚ ਹੈ; ਅਹਿੰਸਾ ਗੁਰੂ-ਅਭੇਦਤਾ ਵਿਚ ਹੈ। ਸ਼ਮਸ਼ੀਰਾਂ ਚਾਅ ਨਾਲ ਭਰੀਆਂ ਹਨ, ਜਿਵੇਂ ਤੱਤੀ ਤਵੀ ਗੁਰੂ ਅਰਜਨ ਸਾਹਿਬ ਦੀ ਸ਼ਾਂਤ ਮੁਸਕਰਾਹਟ ਹੈ।

(੪) ਪਹਿਲੀ ਜੰਗ ਪਿੱਛੋਂ ਸੂਫ਼ੀ ਫਕੀਰਾਂ ਨੇ ਗੁਰੂ ਜੀ ਦੇ ਹੱਕ ਵਿਚ ਸ਼ਾਹ ਜਹਾਨ ਅੱਗੇ ਫਰਿਆਦ ਕੀਤੀ। ਸੂਫ਼ੀ ਫ਼ਕੀਰ ਹਮੇਸ਼ਾਂ ਹੀ ਬਾਬਰੀ ਜਲਾਲ ਵਿਚ ਗੁਰੂ-ਰੂਪ ਦੀ ਪ੍ਰਮਾਣੀਕ ਨਿਰਮਲਤਾ ਜਗਾਉਂਦਾ ਹੈ, ਪਰ ਬਿਪਰ-ਸੰਸਕਾਰ ਉਸ ਦੀ ਖੁਣਸ ਅਤੇ ਈਰਖਾ ਨੂੰ ਤੇਜ਼ ਕਰਦਾ ਹੈ। ਚੰਦੂ ਦਾ ਪੁੱਤਰ ਕਰਮ ਚੰਦ ਦੂਸਰੀ ਜੰਗ ਵਿਚ ਫੜਿਆ ਗਿਆ, ਗੁਰੂ ਜੀ ਅੱਗੇ ਪੇਸ਼ ਕੀਤਾ, ਪਰ ਉਹਨਾਂ ਆਜ਼ਾਦ ਕਰ ਦਿੱਤਾ। ਅਸਲ ਵਿਚ ਗੁਰੂ ਜੀ ਦਾ ਸਿਦਕ-ਜਲਾਲ ਬਿਪਰ ਸੰਸਕਾਰ ਨੂੰ ਉਸ ਉਚਾਈ ਤੋਂ ਵੇਖਦਾ ਹੈ, ਜਿੱਥੋਂ ਇਸ ਦੀਆਂ ਸਭ ਨਾਦਾਨੀਆਂ ਦਿਸਦੀਆਂ ਹਨ ਪਰ ਜਦੋਂ ਇਹ ਨਾਦਾਨੀਆਂ ਕਿਸੇ ਵੀ ਅਧਿਆਤਮਕ ਰਮਜ਼ ਨੂੰ ਨਹੀਂ ਫੜਦੀਆਂ ਤਾਂ ਮੈਦਾਨਿ-ਜੰਗ ਵਿਚ ਸ਼ਮਸ਼ੀਰ ਦਾ ਪਾਣੀ ਪਿਲਾਉਣਾ ਇਹਨਾਂ ਉੱਤੇ ਸਭ ਤੋਂ ਵੱਡਾ ਉਪਕਾਰ ਕਰਨਾ ਹੈ। ਇਹਨਾਂ ਨਾਦਾਨੀਆਂ ਨੂੰ ਅਣਡਿੱਠ ਕਰਕੇ ਗੁਰੂ ਸਿਮਰਨ ਤੋਂ ਅਲਹਿਦਾ ਕਰ ਦੇਣਾ, ਇਹਨਾਂ ਨੂੰ ਸਭ ਤੋਂ ਵੱਡਾ ਸਰਾਪ ਹੈ।

(੫) ਗੁਰੂ-ਜੰਗਾਂ ਵਿਚ ਹਿੰਸਾ ਨਦਰ ਬਣਦੀ ਹੈ ਕਿਉਂਕਿ ਇਹਨਾਂ ਵਿਚ ਜਿਉਂਦੇ ਸਿੱਖ ਵੀ ਸ਼ਹੀਦੀ ਦੇ ਆਲਮ ਵਿਚ ਚਲੇ ਜਾਂਦੇ ਹਨ। ਮੋਏ ਜਾਂ ਜਿਉਂਦੇ! ਕਿਸੇ ਦੇ ਅੱਗੇ ਅਤੇ ਕਿਸੇ ਦੇ ਪਿੱਛੇ ਸ਼ਮਸ਼ੀਰਾਂ ਦਾ ਵਜੂਦ ਹੈ। ਪਹਿਲੀ ਜੰਗ ਵਿਚ ਭਾਈ ਮੋਹਨ ਅਤੇ ਭਾਈ ਗੋਪਾਲਾ ਜੀ ਦਾ ਗੁਰੂ-ਦੀਦਾਰ ਤੋਂ ਬਿਨਾਂ ਕੁਝ ਨਾ ਮੰਗਣਾ, ਉਸ ਪੂਰਨਤਾ ਦੀ ਥਾਹ ਦਿੰਦਾ ਹੈ, ਜਿਹੜੀ ਬਾਹਰੀ ਸ਼ਰਨ ਅਤੇ ਜਿਊਣ ਤੋਂ ਸੁਤੰਤਰ ਅਤੇ ਨਿਰਾਲਮ ਹੈ। ਆਖਿਰ ਮੌਤ ਕੀ ਹੈ? ਅੰਤਮ-ਨਾਂਹ ਦੇ ਹੌਲ ਨੂੰ ਹੋਂਦ ਵਿਚ ਸਰਬ ਪ੍ਰਧਾਨ ਕਰ ਦੇਣਾ। ਅੰਤਮ-ਨਾਂਹ ਨੂੰ ਸਵੀਕਾਰ ਕਰਨਾ ਹੀ ਮੌਤ ਹੈ ਪਰ ਕਿਉਂਕਿ ਗੁਰੂ-ਜੰਗਾਂ ਚੜ੍ਹਦੀ-ਕਲਾ ਦੇ ਉਸ ਚਾਅ ਵਿਚੋਂ ਉਭਰਦੀਆਂ ਹਨ, ਜਿਹੜਾ ਗੁਰੂ-ਲਿਵ ਦੇ ਨਿਯਮ ਦੀ ਅਕਾਲ ਰਵਾਨੀ ਨਾਲ ਅਭੇਦ ਹੈ। ਸੋ ਇਹੋ ਕਾਰਨ ਹੈ, ਕਿ ਭਖਦੇ ਮੈਦਾਨਿ-ਜੰਗਾਂ ਵਿਚ ਸਿਦਕ ਜਲਾਲ ਸਿੱਖ ਸ਼ਹੀਦ ਦੀ ਖੂਬਸੂਰਤੀ ਹੈ; ਉਸ ਦੀ ਉਹ ਅਡੋਲਤਾ ਹੈ, ਜਿੱਥੇ ਅੰਤਮ-ਨਾਂਹ ਦਾ ਪ੍ਰਭਾਵ ਪਹੁੰਚੇਗਾ ਹੀ ਨਹੀਂ।

(੬) ਮੁਹਿਸਨ ਫਾਨੀ ਲਿਖਦੇ ਹਨ ਕਿ ਜਦੋਂ ਗੁਰੂ ਜੀ ਮੈਦਾਨਿ-ਜੰਗ ਵਿਚ ਦੁਸ਼ਮਨ ਦੇ ਵਾਰ ਪਿੱਛੇ 'ਇੰਝ ਨ ਇੰਝ' ਆਖ ਕੇ ਆਪ ਵਾਰ ਕਰਦੇ ਸਨ ਤਾਂ ਉਹ ਉਸਤਾਦ ਵਾਲੀ ਰਮਜ਼ ਦ੍ਰਿੜ੍ਹ ਕਰਵਾਉਂਦੇ ਸਨ ਜੋ ਕਿ ਆਪਣੇ ਬੱਚਿਆਂ ਨੂੰ ਕਲਮਾਂ ਘੜਣੀਆਂ ਸਿਖਾ ਰਿਹਾ ਹੋਵੇ। ਇਹ ਸਮਕਾਲੀ ਇਤਿਹਾਸਕਾਰ ਜੋ ਕਿ ਆਮ ਤੌਰ 'ਤੇ ਗੁਰੂ ਜੀ ਨੂੰ ਪਛਾਣ ਵਾਲੀ ਬਾਰੀਕ ਬੁੱਧੀ ਨਹੀਂ ਸੀ ਰੱਖਦਾ, ਅਚੇਤ ਹੀ ਇਹ ਗੱਲ ਕਮਾਲ ਦੇ ਅੰਦਾਜ਼ ਵਿਚ ਪੇਸ਼ ਕਰ ਗਿਆ ਹੈ। ਗੁਰੂ ਜੀ ਦਾ ਕੀਨੇ ਤੋਂ ਸਾਫ ਦਿਲ ਤਲਵਾਰ ਉਠਾਂਦਿਆਂ ਦੁਸ਼ਮਨ ਵਿਚ ਉਸ ਦਾ ਬਚਪਨ ਜਗਾ ਦਿੰਦਾ ਸੀ, ਜਿਸ ਦੀ ਨਿਰਮਲਤਾ ਅਤੇ ਸਹਿਜ-ਟਿਕਾ ਨਾਲ ਉਹ ਗੁਰੂ ਜੀ ਦਾ ਪਿਤਾ-ਰੂਪ ਵੇਖ ਸਕੇ। ਜੰਗ ਇਕ ਨੂਰਾਨੀ ਖੇਡ ਸੀ ਅਤੇ ਗੁਰੂ ਜੀ ਦਾ ਪਿਤਾ-ਰੂਪ ਉਸ ਦੇ ਐਨ ਦਰਮਿਆਨ ਸੀ। ਸ਼ਮਸ਼ੀਰਾਂ ਦੇ ਵਜਦ ਵਿਚ ਗੁਮਰਾਹ ਬੰਦੇ ਆਪਣੀ ਬੱਜਰ-ਭੁੱਲ ਤੋਂ ਬਾਹਰ ਆ ਕੇ ਲਹੂ-ਲੁਹਾਣ ਧਰਤੀ ਉੱਤੇ ਬੱਚਿਆਂ ਵਾਂਗ ਤੁਰਦੇ ਸਨ-ਹੈਰਾਨ ਹੋ ਕੇ, ਧਰਵਾਸ ਵਿਚ, ਅਣਭੋਲ ਮੁਹੱਬਤ ਵਿਚ, ਆਕਾਸ਼-ਧਰਤੀ ਤੋਂ ਬਾਹਰ ਅਤੇ ਅੰਤਮ ਤੌਰ ਉੱਤੇ ਗੁਰੂ ਜੀ ਦੇ ਪਿਤਾ-ਰੂਪ ਦੀ ਛਾਂ ਵਿਚ।

(੭) ਤੇਗਾਂ ਵਾਰ ਕਰਦੇ ਸਮੇਂ ਰਹਿਮ ਦੀ ਛਾਂ ਵੀ ਕਰਦੀਆਂ ਹਨ। ਹਰ ਕੋਈ ਇਸ ਰਾਜ਼ ਨੂੰ ਨਹੀਂ ਸਮਝੇਗਾ ਪਰ ਸਿੱਖ-ਯਾਦ ਸਾਖੀ ਹੈ ਕਿ ਤੇਗਾਂ ਦੀ ਤਿੱਖੀ ਧਾਰ ਵਿਚ ਵੀ ਰਹਿਮ ਹੁੰਦਾ ਹੈ। ਗੁਰੂ ਜੀ ਦੇ ਮੁਰੀਦ ਪੈਂਦੇ ਖਾਂ ਦਾ ਰੋਹ ਉਸ ਦੀ ਰੂਹਾਨੀ ਮੰਜ਼ਿਲ ਦੇ ਵਿਚਕਾਰ ਵਿਕਰਾਲ ਫੈਲਾਉ ਵਾਲਾ ਇਕ ਬੁੱਤ ਸੀ; ਇਸ ਰੋਹ ਦੇ ਬੁੱਤ ਨੂੰ ਸ਼ਿਕਨ ਕੀਤੇ ਬਿਨਾਂ, ਉਸ ਵਿਚ ਰੱਬ ਦੇ ਖ਼ਾਲਸ ਦੀਦਾਰ ਨੇ ਨਹੀਂ ਪੈਦਾ ਹੋਣਾ ਸੀ ਅਤੇ ਗੁਰੂ ਜੀ ਨੇ ਢਾਲ ਦੇ ਵਾਰ ਨਾਲ ਉਸਦੇ ਉਸ ਹਿੱਸੇ ਨੂੰ ਜੋ ਗੁਮਰਾਹ ਸੀ, ਬੇਹੋਸ਼ ਕਰ ਦਿੱਤਾ। ਕੀ ਇਹ ਰੋਹ ਦਾ ਬੁੱਤ ਕਿਸੇ ਹੋਰ ਤਰ੍ਹਾਂ ਨਹੀਂ ਸੀ ਟੁੱਟ ਸਕਦਾ? ਟੁੱਟ ਸਕਦਾ ਸੀ ਪਰ ਮੈਦਾਨੇ ਜੰਗਾਂ ਵਿਚ ਉੱਚੇ ਰੂਹਾਨੀ ਸੱਚਾਂ ਦਾ ਫੈਸਲਾ ਸ਼ਮਸ਼ੀਰਾਂ ਹੀ ਕਰਦੀਆਂ ਹਨ। ਪੈਂਦੇ ਖਾਂ ਨੇ ਬੇਹੋਸ਼ੀ ਤੋਂ ਬਾਹਰ ਆ ਕੇ ਗੁਰੂ ਜੀ ਦੀ ਮੁਹੱਬਤ ਵਿਚ ਆਪਣੇ ਖ਼ਾਲਸ ਮੁਰੀਦੀ ਜਜ਼ਬੇ ਨੂੰ ਸਰਸ਼ਾਰ ਹੁੰਦਿਆਂ ਤੱਕਿਆ। ਉਸ ਵਿਚ ਇਸਲਾਮੀ ਇਬਾਦਤ ਦੀ ਉਸ ਫਜ਼ਰੀ ਘੜੀ ਨੇ ਬਾਂਗ ਦਿੱਤੀ, ਜਿਸ ਵਿਚ ਮਹਿਬੂਬ ਨੂੰ ਮਿਲਣ ਦਾ ਸਭ ਤੋਂ ਸੁੱਚਾ ਇਕਰਾਰ ਕੀਤਾ ਜਾਂਦਾ ਹੈ। ਜਿਉਣ ਅਤੇ ਮਰਨ ਦਾ ਸੁਆਲ ਨਹੀਂ ਜੇ ਲੋੜ ਹੈ ਤਾਂ ਦੁਸ਼ਮਣ ਅਤੇ ਬੇਲੀ ਦਾ ਫਰਕ ਵੀ ਮਿਟਾ ਦਿਉ; ਪਰ ਜੇ ਅਜ਼ੀਮ ਬਖ਼ਸ਼ਿਸ਼ ਦੀ ਘੜੀ ਆਣ ਪਹੁੰਚੀ ਹੈ, ਤਾਂ ਅਜ਼ੀਮ ਬਖ਼ਸ਼ਿਸ਼ ਹੀ ਬਣ ਜਾਵੇ, ਮੈਦਾਨਿ ਜੰਗਾਂ ਵਿਚ ਸਿੱਖ ਨੂੰ ਗੁਰੂ ਕੁਝ ਐਸੀ ਹੀ ਸਦਾ ਦਿੰਦਾ ਹੈ।

੬/੧੯੯੪

ਮੀਰੀ ਪੀਰੀ: ਚਿੰਤਨਸ਼ੀਲ ਪੱਖ

ਮੀਰੀ ਤੇ ਪੀਰੀ ਦੇ ਪ੍ਰਤੀਕ ਸਿੱਖ ਪਰੰਪਰਾ ਅਤੇ ਸਿੱਖ ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਰਚੇ ਹੋਏ ਹਨ। ਇਨ੍ਹਾਂ ਪ੍ਰਤੀਕਾਂ ਦੀ ਇਤਿਹਾਸਕ ਮਹੱਤਤਾ ਵੀ ਹੈ ਅਤੇ ਸਿਧਾਂਤਕ ਮਹਾਨਤਾ ਵੀ। ਮੀਰੀ ਤੇ ਪੀਰੀ ਦੇ ਪ੍ਰਗਟ ਹੋਣ ਦਾ ਸੰਬੰਧ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨਾਲ ਜੁੜਦਾ ਹੈ ਜੋ ਕਿ ਸਿੱਖ ਧਰਮ ਦੀ ਪਹਿਲੀ ਸ਼ਹਾਦਤ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਚਲਾਏ ਨਿਰਮਲੇ ਪੰਥ ਨੂੰ ਅਜੇ ਇਕ ਸੌ ਸਾਲ ਹੀ ਬੀਤੇ ਸਨ ਕਿ ਪੰਜਵੇਂ ਗੁਰੂ ਸਾਹਿਬ ਨੂੰ ਸ਼ਹਾਦਤ ਦੇਣੀ ਪਈ। ਇਥੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਸਿੱਖ ਲਹਿਰ ਦਾ ਉਭਾਰ ਸਮਕਾਲੀਨ ਰਾਜਸੀ ਸੱਤਾ ਵਿਸ਼ੇਸ਼ ਕਰਕੇ ਜਹਾਂਗੀਰ ਦੇ ਕੱਟੜ-ਪੰਥੀ ਦਰਬਾਰੀਆਂ ਤੇ ਨਵਾਬਾਂ ਨੂੰ ਵੰਗਾਰ ਦੇ ਰੂਪ ਵਿਚ ਖਟਕਦਾ ਸੀ। ਸ਼ਹੀਦੀ ਦੇ ਕਾਰਨਾਮੇ ਰਾਹੀਂ ਗੁਰੂ ਸਾਹਿਬ ਨੇ ਇਕ ਬੇਮਿਸਾਲ ਕਾਰਜ ਕਰ ਦਿਖਾਇਆ, ਜਿਸ ਦਾ ਸਿੱਖ ਲਹਿਰ ਉੱਤੇ ਅਤਿ ਡੂੰਘਾ ਤੇ ਅਮਿਟ ਪ੍ਰਭਾਵ ਪਿਆ ਅਤੇ ਜਿਸ ਨੇ ਸਿੱਖੀ ਦਾ ਰੰਗ-ਰੂਪ ਹੀ ਬਦਲ ਦਿੱਤਾ।

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਸਾਹਿਬ ਤਕ ਗੁਰੂ-ਘਰ ਸਹਿਨਸ਼ੀਲਤਾ, ਸ਼ਾਂਤੀ ਤੇ ਸਾਧੂ ਬਿਰਤੀ ਦਾ ਪ੍ਰਤੀਕ ਰਿਹਾ ਸੀ। ਪੰਜਵੇਂ ਗੁਰੂ ਦੀ ਸ਼ਹੀਦੀ ਤੋਂ ਉਪਰੰਤ ਪ੍ਰਤੀਕ ਬਦਲਣੇ ਆਰੰਭ ਹੋ ਗਏ। 'ਮਾਲਾ' ਦੇ ਨਾਲ-ਨਾਲ 'ਤਲਵਾਰ' ਗੁਰੂ-ਘਰ ਦੀ ਵਿਰਾਸਤ ਵਿਚ ਦਾਖ਼ਲ ਹੋ ਗਈ, 'ਸੰਤ' ਦੇ ਨਾਲ 'ਸਿਪਾਹੀ' ਦਾ ਚਿੰਨ੍ਹ ਸਿੱਖੀ ਦਾ ਨਿਸ਼ਾਨ ਬਣ ਗਿਆ। ਹਾਲਾਤ ਦੀ ਵੰਗਾਰ ਨੇ ਸਿੱਖ ਭਾਈਚਾਰੇ ਨੂੰ ਨਵੀਆਂ ਸੇਧਾਂ ਅਪਨਾਉਣ ਲਈ ਮਜਬੂਰ ਕਰ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਅਗਵਾਈ ਹੇਠਾਂ ਸਿੱਖਾਂ ਨੇ ਫ਼ੌਜੀ ਬਣਤਰ ਦੀ ਜਥੇਬੰਦੀ ਧਾਰਨ ਕਰ ਲਈ। ਸੂਰਮਗਤੀ ਸਿੱਖ ਦਾ ਨਵਾਂ ਪ੍ਰਤੀਕ ਬਣ ਕੇ ਉਭਰੀ, ਸਿੱਖ ਦੀ ਜੀਵਨ-ਸ਼ੈਲੀ ਵਿਚ ਸ਼ਸਤਰ ਦੀ ਸਿਖਲਾਈ, ਘੋੜ-ਸਵਾਰੀ ਤੇ ਜਿਸਮਾਨੀ ਕਲਚਰ ਸੁਭਾਵਕ ਹੀ ਸ਼ਾਮਿਲ ਹੋ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਾਣਾ, ਸ਼ਿਕਾਰ ਖੇਡਣ ਵਿਚ ਰੁਚੀ ਤੇ ਸ਼ਹਿਜ਼ਾਦਿਆਂ ਵਾਲਾ ਠਾਠ-ਬਾਠ ਪਿਤਾ-ਸ੍ਰੀ ਗੁਰੂ ਅਰਜਨ ਸਾਹਿਬ ਨਾਲੋਂ ਵੱਖਰੀ ਨੁਹਾਰ ਦੇ ਸਨ। 'ਪੰਜਾਹ ਸਾਖੀਆਂ' ਖਰੜੇ ਅਨੁਸਾਰ, ਜਦੋਂ ਮਰਾਠਾ ਸਾਧੂ ਰਾਮਦਾਸ ਨੇ ਗੁਰੂ ਸਾਹਿਬ ਨੂੰ ਪੁੱਛਿਆ, "ਤੁਸੀਂ ਕਿਸ ਤਰ੍ਹਾਂ ਦੇ 'ਸਾਧੂ' ਹੋ?" ਤਾਂ ਗੁਰੂ ਜੀ ਦਾ ਉੱਤਰ ਸੀ: "ਅੰਦਰੋਂ ਸਾਧੂ-ਸੁਭਾ ਤੇ ਬਾਹਰੋਂ ਸ਼ਹਿਜ਼ਾਦਾ। ਹਥਿਆਰ ਦੀਨ-ਦੁਖੀ ਦੀ ਰੱਖਿਆ ਲਈ ਤੇ ਜ਼ਾਲਮ ਦੇ ਨਾਸ਼ ਲਈ ਹਨ। ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਸੀ, ਇਸ ਦੇ ਲੋਭ-ਲਾਲਸਾ ਤੋਂ ਉਪਰ ਉੱਠਣ ਦਾ ਰਾਹ ਦਰਸਾਇਆ ਸੀ।"

ਗਿਆਰਾਂ ਸਾਲ ਦੀ ਆਯੂ ਵਿਚ ਗੁਰੂ-ਗੱਦੀ ਦੀ ਜ਼ਿੰਮੇਦਾਰੀ ਸੰਭਾਲਣ ਸਮੇਂ ਯੁਵਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਦੀਆਂ ਦੋ ਤਲਵਾਰਾਂ, ਖੱਬੇ ਅਤੇ ਸੱਜੇ ਮੋਢਿਆਂ 'ਤੇ ਪਹਿਨ ਕੇ ਸਿੱਖਾਂ ਨੂੰ ਇਹ ਨਿਸ਼ਚਾ ਕਰਾਇਆ ਕਿ 'ਗੁਰੂ' ਕੇਵਲ ਆਤਮਿਕ ਰਹਿਬਰ (ਪੀਰ) ਹੀ ਨਹੀਂ, ਸੰਸਾਰਕ ਜੀਵਨ ਦਾ ਆਗੂ ਤੇ ਧਰਮ-ਰੱਖਿਅਕ ਵੀ ਹੈ। ਉਹ 'ਸੱਚਾ' ਵੀ ਹੈ, 'ਪਾਤਸ਼ਾਹ' ਵੀ। ਉਹ ਗੁਰ-ਗੱਦੀ ਦਾ ਵਾਰਸ ਹੈ ਤੇ ਨਾਲ ਹੀ ਤਖ਼ਤ ਦਾ ਅਧਿਕਾਰੀ ਹੈ ਜੋ 'ਤਖ਼ਤ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿਰਜਿਆ, ਉਸ ਦਾ ਨਾਮ ਅਕਾਲ (ਸਦੀਵੀ ਹਸਤੀ) ਨਾਲ ਜੋੜ ਕੇ ਦੁਨਿਆਵੀ ਸ਼ਾਹਾਂ ਦੇ ਤਖ਼ਤਾਂ ਨਾਲੋਂ ਨਿਖੇੜ ਦਿੱਤਾ। ਇਸ ਅਕਾਲ ਤਖ਼ਤ ਦੇ ਦਲਾਨ ਵਿਚ ਤੇਗ ਚਲਾਉਣ ਦਾ ਹੁਨਰ ਸਿਖਾਇਆ ਜਾਂਦਾ, ਦਲੇਰੀ ਤੇ ਸਾਹਸ ਦੀ ਭਾਵਨਾ ਭਰੀ ਜਾਂਦੀ, ਯੋਧਿਆਂ ਤੇ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ। ਸਿੱਖੀ ਦੇ ਘੇਰੇ ਵਿਚ ਉਹ ਜਾਤੀਆਂ ਵੀ ਸ਼ਾਮਿਲ ਹੋ ਗਈਆਂ ਜੋ ਬਾਹੂ-ਬਲ ਨੂੰ ਪਹਿਲ ਦੇਂਦੀਆਂ ਸਨ।

ਸਿੱਖਾਂ ਦੀ ਇਹ ਨਵੀਂ ਸੇਧ 'ਨਵੀਂ' ਹੋਣ ਦੇ ਬਾਵਜੂਦ ਗੁਰੂ-ਘਰ ਦੀ ਭਾਵਨਾ ਦੇ ਅਨੁਕੂਲ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਯੁਵਕ ਹਰਿਗੋਬਿੰਦ ਸਾਹਿਬ ਨੂੰ ਸ਼ਾਸਤਰ ਤੇ ਸ਼ਸਤਰ, ਦੋਹਾਂ ਦੀ ਵਿਦਿਆ ਦੁਆਈ ਸੀ। ਉਨ੍ਹਾਂ ਦੀ ਨੀਝ ਨੇ ਭਾਂਪ ਲਿਆ ਸੀ ਕਿ ਫ਼ੌਜੀ ਹੁਨਰ ਭਵਿੱਖ ਦੀ ਲੋੜ ਹੈ। ਦਲੇਰੀ ਦਾ ਗੁਣ ਆਤਮਿਕ ਤੇ ਦੁਨਿਆਵੀ ਜੀਵਨ ਵਿੱਚ ਇੱਕੋ-ਜਿਹਾ ਲੁੜੀਂਦਾ ਹੈ- *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ*- ਦਾ ਸਬਕ ਸਿੱਖ ਦੀ ਜੀਵਨ-ਜਾਚ ਲਈ ਅਨਿਵਾਰੀ ਹੈ। ਪੱਤ ਤੇ ਸਵੈਮਾਨ ਨਾਲ ਜਿਊਣ ਦੀ ਚਿਤਾਵਨੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਮਿਲ ਰਹੀ ਸੀ, *ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੈਤਿਕ-ਆਤਮਿਕ ਜੀਵਨ ਦੀਆਂ ਜਿਨ੍ਹਾਂ ਕਦਰਾਂ-ਕੀਮਤਾਂ ਉਤੇ ਜੀਵਨ-ਭਰ ਪਹਿਰਾ ਦਿੱਤਾ ਉਨ੍ਹਾਂ ਹਿੱਤ ਹੀ ਜੀਵਨ ਦਾ ਬਲੀਦਾਨ ਦੇ ਕੇ ਆਪਣੇ ਸੰਗ-ਸਾਥ ਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਮਝਾ ਗਏ ਕਿ ਜ਼ੁਲਮ-ਜਬਰ ਤੇ ਅਨਿਆਂ ਦਾ ਹਰ ਹੀਲੇ ਟਾਕਰਾ ਕਰਨ ਦੀ ਲੋੜ ਹੈ। ਉਨ੍ਹਾਂ ਦੀ ਸ਼ਹੀਦੀ ਸਹਿਨਸ਼ੀਲਤਾ ਦੀ ਸਿਖਰ ਸੀ, ਇਸ ਤੋਂ ਅਗੇਰੇ ਸ਼ਮਸ਼ੀਰ ਖੜ੍ਹੀ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਰਹਿ ਗਿਆ। ਵਿਰੋਧੀਆਂ ਦੀ ਵੰਗਾਰ ਸਮੁੱਚੀ ਸਿੱਖ ਬਰਾਦਰੀ ਦੀ ਹੋਂਦ ਤੇ ਹਸਤੀ ਨੂੰ ਸੀ ਜੇ ਇਸ ਵੰਗਾਰ ਅੱਗੇ ਝੁਕ ਜਾਂਦੇ ਤਾਂ ਪੰਜ ਗੁਰੂਆਂ ਦੀ ਸੌ ਸਾਲਾਂ ਦੀ ਘਾਲਣਾ ਵਿਅਰਥ ਚਲੀ ਜਾਂਦੀ ਪਰ ਜੇ ਵੰਗਾਰ ਨੂੰ ਕਬੂਲ ਕੇ ਡਟ ਗਏ, ਜਿਵੇਂ ਕਿ ਸਿੱਖ ਭਾਈਚਾਰੇ ਨੇ ਛੇਵੇਂ ਗੁਰੂ ਦੀ ਕਮਾਨ ਹੇਠਾਂ ਕੀਤਾ, ਤਾਂ *ਹਾਰ ਨਹੀ ਸਭ ਜੇਤੈ* ਦੀ ਭਾਵਨਾ ਅਨੁਸਾਰ ਸਮੁੱਚੇ ਭਾਈਚਾਰੇ ਨੂੰ ਸੁਰਜੀਤ ਕਰ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠਾਂ ਸਿੱਖਾਂ ਨੇ ਭਾਂਜ ਦਾ ਰਾਹ ਨਹੀਂ, ਜੂਝਣ ਦਾ ਰਾਹ ਅਪਨਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਸਮਾਜ ਲਈ ਫ਼ੈਸਲੇ ਦੀ ਘੜੀ ਸਿੱਧ ਹੋਈ, ਇਹ ਮੀਰੀ ਤੇ ਪੀਰੀ ਦਾ ਸਮੰਜਨ ਹੋ ਨਿਬੜੀ।

੬/੧੯੯੫

ਮੀਰੀ-ਪੀਰੀ ਦਾ ਸਿਧਾਂਤ

ਮੀਰੀ ਤੇ ਪੀਰੀ ਦਾ ਸਿਧਾਂਤ ਸੀ ਅੰਮ੍ਰਿਤਸਰ ਸਾਹਿਬ ਨਾਲ ਸਬੰਧਤ ਸਮਝਿਆ ਜਾਂਦਾ ਹੈ। ਪੰਜਾਬ ਵਿਚ ਇਸ ਸਥਾਨ ਨੂੰ 'ਸਿਫਤੀ ਦਾ ਘਰ' ਕਹਿ ਕੇ ਸਲਾਹਿਆ ਜਾਂਦਾ ਹੈ। ਪੰਜਾਬ ਦੇ ਸਾਹਿਤ ਵਿਚ ਇਸ ਦੇ ਤੁੱਲ ਦਾ ਹੋਰ ਕੋਈ ਸਥਾਨ ਨਹੀਂ ਮੰਨਿਆ ਜਾਂਦਾ। *'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ'* ਪਰਮਾਣਿਕ ਬੋਲ ਹਨ। 'ਆਨੰਦ ਸਾਹਿਬ' ਦੇ ਰਚਨਹਾਰ ਨੇ ਇਸ ਨਗਰ ਦੀ ਮੋਹੜੀ ਗੱਡੀ; 'ਆਸਾ ਛੰਤ ਘਰੁ ੪' ਦੇ ਰਚੈਤਾ ਨੇ 'ਸਰ' ਬਣਾਇਆ; 'ਸੁਖਮਨੀ ਸਾਹਿਬ' ਦੇ ਕਰਤਾ ਨੇ ਹਰਿਮੰਦਰ ਦੀ ਉਸਾਰੀ ਕੀਤੀ ਤੇ 'ਅਕਾਲ ਤਖ਼ਤ ਸਾਹਿਬ' ਦੇ ਉਸਰਈਏ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਇਸ ਸਿਧਾਂਤ ਦਾ ਨਿਰੂਪਣ ਕੀਤਾ:

ਦੋ ਤਲਵਾਰੀ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।...
ਪੱਗ ਤੇਰੀ ਕੀ ਜਹਾਂਗੀਰ ਦੀ?

ਪੰਜਾਬ ਦੇ ੧੭ਵੀਂ ਸਦੀ ਦੇ ਲੋਕ ਸਾਹਿਤ ਵਿਚ ਪਹਿਲੀ ਵਾਰ ਮੁਸਲਮਾਨ ਅਬਦੁਲ ਤੇ ਨੱਥਾ ਮੱਲ ਢਾਡੀਆਂ ਨੇ ਭਾਰਤੀ ਪੀਰ ਦੀ ਦਸਤਾਰ ਨੂੰ ਮੁਗ਼ਲ ਮੀਰ ਦੀ ਦਸਤਾਰ ਨਾਲੋਂ ਉੱਤਮ ਜਣਾਇਆ। ਪੀਰ ਅੰਮ੍ਰਿਤਸਰ ਦਾ ਸੀ ਤੇ ਮੀਰ ਅਕਬਰਾਬਾਦ ਦਾ। ਮੀਰ ਜਹਾਨ ਦਾ ਮਾਲਕ ਜਹਾਂਗੀਰ ਕਰਕੇ ਜਾਣਿਆ ਜਾਂਦਾ ਸੀ ਤੇ ਪੀਰ ਦੋ ਜਹਾਨਾਂ ਦਾ ਸੱਚਾ ਪਾਤਸ਼ਾਹ 'ਗੁਰੂ ਹਰਿਗੋਬਿੰਦ ਸਾਹਿਬ' ਨਾਂ ਨਾਲ ਪ੍ਰਸਿੱਧ ਹੋਇਆ ਸੀ। ਮੀਰ ਨੇ ਅਕਾਲ ਤਖ਼ਤ ਦੀ ਉਸਾਰੀ ਵਿਚ ਸਰਕਾਰੀ ਧਨ ਖਰਚਣ ਲਈ ਪੇਸ਼ਕਸ਼ ਕੀਤੀ ਸੀ ਪਰ ਪੀਰ ਨੇ ਕੇਵਲ ਲੋਕਾਂ ਦੀ ਘਾਲ-ਕਮਾਈ ਦੇ ਧਨ ਨਾਲ ਇਸ ਦੇ ਉਸਾਰਨ ਦਾ ਦ੍ਰਿੜ੍ਹ ਸੰਕਲਪ ਕੀਤਾ ਹੋਇਆ ਸੀ। ਅੱਜ ਤਕ ਮੀਰ ਦੀ ਤਲਵਾਰ ਵਿਚ ਜ਼ੋਰ ਮੰਨਿਆ ਜਾਂਦਾ ਸੀ ਤੇ ਪੀਰ ਦੇ ਬੋਲਾਂ ਵਿਚ ਸੱਤਾ ਸਮਝੀ ਜਾਂਦੀ ਸੀ ਪਰ ਹੁਣ ਜਹਾਂਗੀਰ ਤਾਂ ਕੇਵਲ ਮੀਰ ਹੀ ਸੀ ਪਰ 'ਗੁਰੂ ਹਰਿਗੋਬਿੰਦ ਸਾਹਿਬ' ਪੀਰ ਜਮ੍ਹਾਂ ਮੀਰ ਬਣ ਕੇ ਲਿਸ਼ਕੇ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।

ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

(ਵਾਰ ੧)

ਸੱਚੀ ਗੱਲ ਇਉਂ ਹੈ ਕਿ ੧੭ਵੀਂ ਸਦੀ ਵਿਚ ਭਾਰਤੀ ਤੇ ਸਾਮੀ ਦੋਵੇਂ ਵਿਚਾਰਧਾਰਾਵਾਂ ਮੀਰੀ ਤੇ ਪੀਰੀ ਨੂੰ ਅੱਡੋ-ਅੱਡ ਤਾਕਤਾਂ ਮੰਨਦੀਆਂ ਸਨ ਅਤੇ ਉਹਨਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਮੀਰੀ ਜਮ੍ਹਾਂ ਪੀਰੀ ਦਾ ਸਿਧਾਂਤ ਅਲੋਕਾਰੀ ਲਗਦਾ ਸੀ। ਹਿੰਦੂ ਸੰਤ ਤੇ ਮੁਸਲਮਾਨ ਦਰਵੇਸ਼ ਦੋਵੇਂ ਕਿੰਤੂ ਕਰਦੇ ਸਨ।

ਗੁਜਰਾਤ ਦੇ ਪ੍ਰਸਿੱਧ ਮੁਸਲਮਾਨ ਦਰਵੇਸ਼ ਸ਼ਾਹ ਦੌਲਾ ਦੀ ਮੁਲਾਕਾਤ ਦੀ ਸਾਖੀ ਸ਼ੰਕਾ-ਨਿਵਿਰਤੀ ਦੀ ਬਹੁਤ ਸੁੰਦਰ ਉਦਾਹਰਣ ਹੈ। ਸ਼ਾਹ ਦੌਲਾ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਪੁੱਤਰਾਂ ਵਾਲਾ, ਮਹਿਲਾਂ ਵਾਲਾ, ਦੌਲਤ ਵਾਲਾ ਤੇ ਹਿੰਦੂ ਜਾਤੀ ਦਾ ਜੰਮਪਲ ਕੋਈ ਇਨਸਾਨ ਪੀਰ ਦੀ ਪਦਵੀ ਪਰਾਪਤ ਕਰ ਸਕਦਾ ਹੈ। ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਲਾਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਦਾ ਅਕੀਦਾ ਸੀ ਕਿ ਸਲਾਮ ਉਥੇ ਹੀ ਕਰਨਾ ਚਾਹੀਦਾ ਹੈ ਜਿੱਥੇ ਮਨ ਮੰਨਦਾ ਹੋਵੇ। ਇਸ ਲਈ ਉਹ ਸਤਿਗੁਰਾਂ ਨਾਲ ਸਵਾਲ ਜਵਾਬ ਵਿਚ ਰੁੱਝ ਗਿਆ। ਸਤਿਗੁਰੂ ਦੇ ਬੋਲਾਂ ਨੇ ਸ਼ਾਹ ਦੌਲਾ ਦਾ ਮਨ ਕੀਲ ਲਿਆ ਤੇ ਉਸ ਨੇ ਡੰਡੌਤ ਕਰਕੇ ਪਹਿਲੀ ਗੁਸਤਾਖ਼ੀ ਦੀ ਮੁਆਫ਼ੀ ਮੰਗੀ। ਸ਼ਾਹ ਦੌਲਾ ਦੇ ਸਵਾਲ 'ਤੇ ਗੁਰੂ ਜੀ ਦੇ ਜਵਾਬ ਵਜੋਂ ਬੋਲੇ ਬੋਲ ਅੱਜ ਤਕ ਪੰਜਾਬੀ ਦੇ ਮੂੰਹ ਚੜ੍ਹੇ ਅਖਾਣ ਹਨ:

ਸਵਾਲ: ਪੁੱਤਰ ਕੀ, ਵੈਰਾਗ ਕੀ? ਦੌਲਤ ਕੀ, ਤਿਆਗ ਕੀ?
ਔਰਤ ਕੀ ਤੇ ਪੀਰੀ ਕੀ? ਹਿੰਦੂ ਕੀ ਤੇ ਫ਼ਕੀਰੀ ਕੀ?
ਜਵਾਬ: ਪੁੱਤਰ ਨਿਸ਼ਾਨ ਹੈ। ਦੌਲਤ ਗੁਜ਼ਰਾਨ ਹੈ।
ਔਰਤ ਇਮਾਨ ਹੈ। ਫ਼ਕੀਰ ਨ ਹਿੰਦੂ ਨ ਮੁਸਲਮਾਨ ਹੈ।

ਇਉਂ ਮੀਰੀ-ਪੀਰੀ ਦੀ ਉਘੜਵੀਂ ਤਸਵੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਇਤਿਹਾਸਕ ਤੌਰ ਉੱਤੇ ਪ੍ਰਗਟ ਹੋਈ ਮੰਨੀ ਜਾਂਦੀ ਹੈ ਪਰ ਰਹੱਸ ਰੂਪ ਵਿਚ ਇਹ ਉਜਿਆਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਵਿਚ ਪੰਦਰ੍ਹਵੀਂ ਸਦੀ ਵਿਚ ਹੀ ਵਿਦਮਾਨ ਸੀ। ਬਾਬਾ ਨਾਨਕ ਮੁਗ਼ਲ ਮੀਰ ਬਾਬਰ ਨੂੰ 'ਪਾਪ ਕੀ ਜੰਞ' ਦਾ ਲਾੜਾ ਬਣ ਕੇ ਚੜ੍ਹਿਆ ਵੇਖ ਰਿਹਾ ਸੀ ਅਤੇ ਭਾਰਤ ਦੇ ਅਖੌਤੀ ਪੀਰਾਂ ਦੀ ਅਵਾਜ਼ ਨੂੰ ਸੁੰਨ-ਮੁੰਨ ਤੇ ਬੇਹਿਸ ਵੇਖ ਕੇ ਸਮਰੱਥਾਹੀਣ ਪੀਰੀ ਉੱਤੇ ਕਰੜਾ ਕਟਾਖ਼ਸ਼ ਕਰ ਰਿਹਾ ਸੀ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪॥

(ਪੰਨਾ ੪੧੭-੧੮)

ਸਮਰੱਥਾਹੀਣ ਪੀਰੀ ਝੂਠਾ ਪਾਖੰਡ ਹੁੰਦਾ ਹੈ ਤੇ ਲੋਕ ਭਰਮਾਉਣ ਲਈ ਗਰਜ਼ ਲਈ ਤਣਿਆ ਜਾਲ, ਇਸ ਤੋਂ ਵੱਧ ਕੁਝ ਨਹੀਂ। ਅਜਿਹੀ ਪੀਰੀ ਅਸਲ ਵਿਚ ਵੇਲੇ ਦੀ ਮੀਰੀ ਦੀ ਭਿਖ-ਮੰਗ ਹੁੰਦੀ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਸਾਹਿਬ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੁਗ਼ਲ-ਮੀਰੀ ਦੇ ਕਦੇ ਵੀ ਜਾਚਕ ਨਹੀਂ ਬਣੇ ਸਨ ਅਤੇ ਮੁਗ਼ਲਾਂ ਵਲੋਂ ਦਾਨ ਦੇਣ ਦੀ ਹਰ ਪੇਸ਼ਕਸ਼ ਨੂੰ ਠੁਕਰਾਉਂਦੇ ਆਏ ਸਨ।

ਗੁਰਮਤਿ ਦੀ ਨਵੀਂ ਤੇ ਸਰਬ ਗੁਣਾਂ ਦੀ ਸਾਂਝ ਵਾਲੀ ਵਿਚਾਰਧਾਰਾ ਅਨੁਸਾਰ ਪੀਰੀ ਮਨ-ਚਿੱਤ-ਬੁੱਧ ਦੀ ਇਕਸੁਰਤਾ ਤੇ ਇਕਾਗਰਤਾ ਤੋਂ ਉਤਪੰਨ ਹੋਈ ਮਾਨਸਿਕ ਤੇ ਆਤਮਿਕ ਸ਼ਕਤੀ ਹੈ ਜੋ ਸ਼ਕਤੀ ਦੇ ਭੰਡਾਰ ਪ੍ਰਭੂ ਨਾਲ ਲਿਵ ਰਾਹੀਂ ਜੁੜੀ ਹੁੰਦੀ ਹੈ। ਇਸ ਲਿਵ ਦੀ ਰੋਸ਼ਨੀ ਵਿਚ ਸਰੀਰਕ, ਪਦਾਰਥਕ ਤੇ ਸੰਸਾਰਕ ਸ਼ਕਤੀ ਇਕ ਸੂਤ ਵਿਚ ਪਰੋਣ ਦਾ ਨਾਂ ਮੀਰੀ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਪੀਰੀ ਅਦ੍ਰਿਸ਼ਟ ਪ੍ਰਭੂ ਤੋਂ ਮਾਨਸਿਕ ਰੋਸ਼ਨੀ ਸੰਚਾਰ ਕਰਦੀ ਹੈ। ਇਸ ਪਰਾਲੌਕਿਕ ਤੇ ਲੌਕਿਕ ਉਜਾਲੇ ਵਿਚ ਲੌਕਿਕ ਬਲ ਨੂੰ ਸੰਗਠਿਤ ਕਰਦੀ ਹੈ। ਇਸ ਪਰਾਲੌਕਿਕ ਤੇ ਲੌਕਿਕ ਸ਼ਕਤੀ ਦੇ ਵਿਧੀ-ਬੱਧ ਸੁਮੇਲ ਨੂੰ ਮੀਰੀ-ਪੀਰੀ ਦਾ ਸਿਧਾਂਤ ਕਿਹਾ ਜਾਂਦਾ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਰਲ, ਸਿੱਧਾ ਤੇ ਬੇਰੋਕ-ਟੋਕ ਮੰਜ਼ਿਲ ਉਤੇ ਪਹੁੰਚਾਉਣ ਵਾਲਾ ਗਾਡੀ-ਰਾਹ ਹੈ। ਇਸ ਗਾਡੀ ਰਾਹ ਨੂੰ ਸਵੀਕਾਰਨ ਵਾਲਾ ਪਤਿ ਨਾਲ ਆਪਣਾ ਪੈਂਡਾ ਮੁਕਾ ਕੇ ਸਫਲ ਪਾਂਧੀ ਬਣ ਕੇ ਨਿਤਰਦਾ ਹੈ:

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥

(ਪੰਨਾ ੩)

ਇਹ ਮਾਰਗ ਗੁਰੂ ਨਾਨਕ ਸਾਹਿਬ ਨੇ ਉਦੈ ਕੀਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਇਸ ਦਾ ਲਿਸ਼ਕਾਰ ਹੋਇਆ ਅਤੇ ਆਨੰਦਪੁਰ ਦੇ ਵਾਲੀ ਨੇ ਸਹਿਜੇ ਪਰ ਪ੍ਰਚੰਡ ਸਰੂਪ ਵਿਚ ਇਸ ਨੂੰ ਪ੍ਰਕਾਸ਼ਮਾਨ ਕਰਕੇ ਲੋਕ-ਪਰਲੋਕ ਦੀ ਕਰੰਗੜੀ ਪੁਆ ਦਿੱਤੀ। ਇਸੇ ਲਈ ਅਗਲੀ ਲੋਕਾਈ ਨੇ ਇਸ ਨੂੰ ਸਵੀਕਾਰ ਕਰਕੇ ਨਵੇਂ ਪੰਥ ਦਾ ਸਵਾਗਤ ਕੀਤਾ:

ਦੇਗੋ ਤੇਗੋ ਫ਼ਤਹਿ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

੬/੧੯੯੫

ਮੀਰੀ ਪੀਰੀ ਸੰਕਲਪ ਤੇ ਮੰਤਵ ਸਿੱਧੀ

ਮੀਰੀ ਪੀਰੀ ਦੇ ਸੰਕਲਪ:

ਅਨੂਪ ਰਾਮਦਾਸ ਪੁਰ ਸਿਫ਼ਤੀ ਦੇ ਘਰ ਅੰਮ੍ਰਿਤ ਦੇ ਸੋਮੇ ਹਰਿਮੰਦਰ, ਅਥਵਾ ਕਾਲ- ਮੁਕਤ ਦੇ ਸੰਚਾਲਕ ਛੇਵੇਂ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜੇ ਹੋਏ ਹਨ। ਇਹ ਸੰਕਲਪ ਮਾਨਵਤਾ ਕੁਝ ਵਿੱਲਖਣ ਪ੍ਰਕਿਰਤੀ ਦੇ ਅਜਿਹੇ ਸੰਸਥਾਗਤ ਪ੍ਰਤੀਕ ਚਿੰਨ੍ਹ ਹਨ, ਜਿਨ੍ਹਾਂ ਵਿਚ ਸਦੀਵੀ ਏਕਤਾ ਅਤੇ ਵਿਰੋਧ ਪਰੋਖ ਰੂਪ ਵਿਚ ਵਿਦਮਾਨ ਹੈ। ਪ੍ਰਤੱਖ ਤੌਰ 'ਤੇ ਇਹ ਦੋਵੇਂ ਚਿੰਨ੍ਹ ਮਾਨਵ-ਜੀਵਨ ਦੀਆਂ ਦੋ ਧਾਰਾਵਾਂ ਹਨ, ਜਿਨ੍ਹਾਂ ਦੇ ਰਸਤੇ ਵੀ ਵੱਖੋ-ਵੱਖਰੇ ਹਨ ਅਤੇ ਕਾਰਜ-ਖੇਤਰ ਵੀ ਅਲੱਗ। ਪਰ ਇਹ ਵੱਖਰਾ-ਵੱਖਰਾ ਮਾਰਗ ਤੇ ਕਾਰਜ ਖੇਤਰ ਇਸ ਕਿਸਮ ਦਾ ਹੈ ਕਿ ਜੇ ਇਨ੍ਹਾਂ ਵਿਚੋਂ ਇਕ ਧਾਰਾ ਦੀ ਹਸਤੀ ਖ਼ਤਮ ਹੋ ਜਾਵੇ ਤਾਂ ਦੂਸਰੀ ਧਾਰ ਵੀ ਸੁੱਤੇ-ਸਿੱਧ ਮੁੱਕ ਜਾਂਦੀ ਹੈ। ਸੁਆਦਲਾ ਤੇ ਮਹੱਤਵਪੂਰਨ ਤੱਥ ਇਹ ਹੈ ਕਿ ਇਸ ਭਿੰਨਤਾ ਵਿਚ ਵੀ ਏਕਤਾ ਦਾ ਮੂਲ ਆਧਾਰ ਇਨ੍ਹਾਂ ਦੋਵਾਂ ਧਾਰਾਵਾਂ ਦੇ ਪਰਸਪਰ ਵਿਰੋਧ ਵਿਚ ਲੁਪਤ ਹੈ। ਇਹ ਏਕਤਾ ਹਲਤ, ਪਲਤ, ਭਗਤੀ, ਸ਼ਕਤੀ, ਸ਼ਸਤਰ, ਸ਼ਾਸਤਰ ਅਤੇ ਦੀਨ-ਦੁਨੀ ਦੇ ਰੂਪ ਵਿਚ ਰੂਪਮਾਨ ਹੁੰਦੀ ਰਹਿੰਦੀ ਹੈ।

ਧਰਮ-ਵਿਗਿਆਨ ਤੇ ਰਾਜਨੀਤੀ ਵਿਗਿਆਨ ਵੀ ਇਹ ਤੱਥ ਭਲੀ ਪ੍ਰਕਾਰ ਪ੍ਰਵਾਨ ਕਰਦੇ ਹਨ ਕਿ ਕਿਸੇ ਵੀ ਸੰਸਥਾਈ ਹੋਂਦ ਨੂੰ ਕਾਇਮ ਰੱਖਣ ਲਈ ਸ਼ਕਤੀਸ਼ਾਲੀ-ਪ੍ਰਣਾਲੀ ਦੀ ਲੋੜ ਹੁੰਦੀ ਹੈ। ਜਿਸ ਤਰ੍ਹਾਂ ਸੰਸਾਰ ਦਾ ਹਰ ਰਾਸ਼ਟਰ ਆਪਣੀ ਸਹਿਹੋਂਦ ਕਾਇਮ ਰੱਖਣ ਲਈ ਫ਼ੌਜ ਅਤੇ ਪੁਲੀਸ ਤੇ ਨਿਰਭਰ ਹੋਇਆ ਕਰਦਾ ਹੈ। ਧਰਮ ਨੂੰ ਵੀ ਬਦੀ ਦੀਆਂ ਤਾਕਤਾਂ ਤੋਂ ਬਚਾਉਣ ਲਈ ਸ਼ਕਤੀ ਦੀ ਲੋੜ ਹੁੰਦੀ ਹੈ ਕਿਉਂਕਿ ਸ਼ਕਤੀ-ਹੀਣ ਧਰਮ ਦੀ ਹੋਂਦ ਸ਼ੁੰਨਵਾਦੀ ਬਣ ਜਾਂਦੀ ਹੈ ਜੋ ਆਪਣੀ ਵੀ ਰੱਖਿਆ ਨਹੀਂ ਕਰ ਸਕਦਾ। ਇਸ ਸੰਦਰਭ ਵਿਚ ਬੁੱਧ-ਮਤ ਤੇ ਜੈਨ ਮਤ ਦਾ ਪਤਨ ਸਾਡੇ ਸਾਹਮਣੇ ਹੈ ਇਸੇ ਤਰ੍ਹਾਂ ਧਰਮ ਨਾਲੋਂ ਟੁੱਟਿਆ ਸ਼ਕਤੀਵਾਨ-ਮਾਨਵ ਹੀ ਕੁਮਾਰਗ 'ਤੇ ਪੈਂਦਿਆਂ ਰਾਕਸ਼-ਬਿਰਤੀ ਦਾ ਧਾਰਨੀ ਬਣ ਕੇ ਸਮਾਜ ਵਿਚ ਤਾਨਾਸ਼ਾਹੀ ਨੂੰ ਜਨਮ ਦੇਣ ਦਾ ਕਾਰਨ ਬਣਦਾ ਹੈ। ਨਿਰੋਲ ਧਾਰਮਿਕ ਬਾਣਾ ਜਾਂ ਹਰ ਸਮੇਂ ਹੱਥ ਵਿਚ ਤਲਵਾਰ ਫੜ ਕੇ ਜ਼ੁਲਮ ਕਰੀ ਜਾਣਾ ਵੀ ਸਮਾਜਿਕ-ਖੇਤਰ ਵਿਚ ਸਾਰਥਿਕ ਨਹੀਂ ਮੰਨਿਆ ਜਾ ਸਕਦਾ। ਸਮਾਜਿਕ ਦ੍ਰਿਸ਼ਟੀ-ਕੋਣ ਤੋਂ ਪੀਰੀ ਦਾ ਵਿਕਾਸ ਮੀਰੀ ਦੀ ਸਰਪ੍ਰਸਤੀ ਦਾ ਮੁਹਤਾਜ ਹੈ ਅਤੇ ਮੀਰੀ ਨੂੰ ਪੀਰੀ ਦੇ ਕੁੰਡੇ ਦੀ ਲੋੜ ਹੈ। ਇਸ ਤੋਂ ਬਿਨਾਂ-ਪੀਰੀ-ਮੁਕਤ ਮੀਰੀ, ਸਮਾਜ ਵਿਚ ਉਸਾਰੂ ਕਾਰਜ ਨਹੀਂ ਕਰੇਗੀ ਸਗੋਂ

ਹੰਕਾਰ, ਅਰਾਜਕਤਾ ਅਤੇ ਫਾਸਿਸਟਇਜ਼ਮ ਦੀਆਂ ਪਉੜੀਆਂ ਦੇ ਡੰਡਿਆਂ 'ਤੇ ਚੜ੍ਹੇਗੀ। ਏਸੇ ਲਈ ਇਨ੍ਹਾਂ ਦੋਵਾਂ ਧਾਰਾਵਾਂ ਦਾ ਪਰਸਪਰ ਵਿਰੋਧ, ਇਕਸੁਰਤਾ ਵਿਚ ਰਹਿ ਕੇ ਹੀ ਉਸਾਰੂ ਕਾਰਜ ਕਰਨ ਦੇ ਸਮਰੱਥ ਹੁੰਦਾ ਹੈ ਪਰ ਇਹ ਦੋਵੇਂ ਧਾਰਾਵਾਂ ਇਕ ਦੂਜੇ ਉੱਤੇ ਭਾਰੂ ਵੀ ਨਹੀਂ ਹੋਣੀਆਂ ਚਾਹੀਦੀਆਂ। ਇਨ੍ਹਾਂ ਦਾ ਸੰਤੁਲਨ ਕਾਇਮ ਰੱਖਣਾ ਅਤਿ ਜ਼ਰੂਰੀ ਹੈ ਕਿਉਂਕਿ ਅਗਰ ਪੀਰੀ, ਮੀਰੀ ਤੇ ਭਾਰੂ ਹੋ ਜਾਂਦੀ ਹੈ ਤਾਂ ਦੇਸ਼ ਦੀ ਧਰਮ-ਨਿਰਪੱਖਤਾ ਨੂੰ ਖ਼ਤਰਾ ਬਣ ਜਾਂਦਾ ਹੈ ਅਤੇ ਜੇ ਮੀਰੀ, ਪੀਰੀ ਤੇ ਭਾਰੂ ਹੋ ਜਾਵੇ ਤਾਂ ਘਟ ਗਿਣਤੀਆਂ ਦੀ ਹੋਂਦ ਨੂੰ ਖ਼ਤਰਾ ਬਣ ਜਾਂਦਾ ਹੈ।

ਉਪਰੋਕਤ ਰਹੱਸ ਨੂੰ ਠੀਕ ਪ੍ਰਸੰਗ ਵਿਚ ਸਮਝਿਆ, ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ। ਆਪ ਜੀ ਨੇ ਇਨ੍ਹਾਂ ਦੋ ਧਾਰਾਵਾਂ ਦੀ ਅਨੇਕਤਾ ਵਿਚ ਏਕਤਾ ਦੀ ਆਧਾਰ-ਸ਼ਿਲਾ ਰੱਖਦਿਆਂ ਨਾ ਕੇਵਲ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਹੀ ਪਹਿਨੀਆਂ ਸਗੋਂ ਇਨ੍ਹਾਂ ਦੇ ਪ੍ਰਸਪਰ ਵਿਰੋਧ ਦਾ ਸੰਤੁਲਨ ਕਾਇਮ ਰੱਖਣ ਲਈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥

(ਪੰਨਾ ੧੩੬੨)

ਵਾਲੇ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਸ੍ਰੀ ਅਕਾਲ ਤਖ਼ਤ ਉਸਾਰ ਕੇ ਸਿੱਖ ਧਰਮ ਵਿਚ ਇਸ ਭਿੰਨਤਾ ਵਾਲੇ ਦੋ ਚਿੰਨ੍ਹਾਂ ਨੂੰ ਇਕ ਸੂਤਰ ਵਿਚ ਪਰੋ ਦਿੱਤਾ ਪਰ ਏਥੇ ਇਕ ਗੱਲ ਹੋਰ ਵੀ ਸਮਝਣ ਦੀ ਲੋੜ ਹੈ। ਸਿੱਖ ਧਰਮ ਵਿਚ ਮੀਰੀ-ਪੀਰੀ ਦੇ ਇਸ ਸਿਧਾਂਤ ਵਿਚ ਭਿੰਨਤਾ ਤਾਂ ਵੇਖੀ ਜਾ ਸਕਦੀ ਹੈ। ਜਿਵੇਂ ਹਰਿਮੰਦਰ ਸਾਹਿਬ ਨਿਰੋਲ ਪੀਰੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ ਦਾ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਪੀਰੀ ਦਾ ਅਤੇ ਖ਼ਾਲਸਾ ਪੰਥ ਮੀਰੀ ਦਾ ਪਰ ਇਨ੍ਹਾਂ ਵਿਚ ਵਿਭਿੰਨਤਾ ਰਤੀ-ਮਾਤਰ ਵੀ ਨਹੀਂ ਹੈ। ਇਹ ਦੋਵੇਂ ਆਪੋ ਆਪਣੇ ਕਾਰਜ-ਖੇਤਰ ਵਿਚ ਕ੍ਰਿਆ-ਸ਼ੀਲ ਹੁੰਦੇ ਹੋਏ ਵੀ ਇਕ ਦੂਜੇ ਦੇ ਪੂਰਕ ਹਨ।

'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ', 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਆਦਿ ਸਿਖਿਆ ਅਤੇ 'ਹਲੇਮੀ ਰਾਜ' ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਖ਼ਾਲਸਾ ਪੰਥ ਨੂੰ ਸ਼ਸ਼ਤਰ ਧਾਰਨ ਕਰਨ ਦੇ ਨਾਲ-ਨਾਲ ਪੰਜ-ਬਾਣੀਆਂ ਦਾ ਨਿਤਨੇਮੀ ਹੋਣ ਦਾ ਆਦੇਸ਼ ਹੈ।

ਛੇਵੇਂ ਪਾਤਸ਼ਾਹ ਵੱਲੋਂ ਸਥਾਪਤ ਕੀਤੇ ਮੀਰੀ-ਪੀਰੀ ਦੇ ਇਸ ਸੰਕਲਪ ਸਮੇਂ ਧਾਰਮਿਕ ਖੇਤਰ ਵਿਚ ਪਰਜਾ, ਹਿੰਦੂ ਧਰਮ ਤੇ ਇਸਲਾਮ ਵਿਚ ਆਸਥਾ ਰੱਖਦੀ ਸੀ। ਹਿੰਦੂ ਧਰਮ ਵਿਚ ਸ਼ੈਵ ਮੱਤ ਤੇ ਵੈਸ਼ਨਵ ਮਤ ਦਾ ਬੋਲ-ਬਾਲਾ ਸੀ ਪਰ ਇਹ ਦੋਵੇਂ ਮਤ ਜਨ-ਸਾਧਾਰਨ ਨੂੰ ਪਰਮ-ਸਤਾ ਨਾਲ ਜੋੜਨ ਦੀ ਥਾਂ ਨਿਜ-ਪੂਜਾ ਵੱਲ ਪ੍ਰੇਰ ਰਹੇ ਸਨ। ਇਸ ਨਿਜਵਾਦ ਤੇ ਰਸਮਵਾਦ ਨੇ ਸਮਾਜ ਵਿਚ ਸੋੜੀਆਂ ਤੇ ਵਿਕਾਸ-ਰਹਿਤ ਖਾਈਆਂ ਪੁੱਟ ਦਿੱਤੀਆਂ ਸਨ ਜਿਸ ਨਾਲ ਅਰਾਜਕਤਾ ਆਪਣੀ ਚਰਮ ਸੀਮਾ ਤੇ ਪੁੱਜ ਗਈ ਸੀ। ਸ਼ਿਵ ਭਗਤ, ਭੋਲਾ ਨਾਥ ਦਾ ਛਾਂਦਾ ਛਕ ਕੇ ਪ੍ਰਭੂ-ਭਗਤੀ ਕਰਨ ਦੀ ਥਾਂ ਸੁਰਾਪਾਨ ਕਰਕੇ ਮੌਜ-ਮਸਤੀ ਕਰਦੇ ਸਨ ਅਤੇ ਵਿਸ਼ਨੂੰ ਭਗਤ ਰਾਗ-ਰੰਗ, ਨਾਟਕ-ਚੇਟਕ, ਰਾਸਾਂ, ਮੁਰਲੀ ਦੀ ਧੁੰਨ ਤੇ ਪਾਇਲ ਦੀ ਝਣਕਾਰ ਵਿਚ ਮਸਤ ਵਿਲਾਸ-ਮਈ ਜੀਵਨ ਬਿਤਾ ਰਹੇ

ਸਨ। ਜੋਗੀ ਤੇ ਸੰਨਿਆਸੀ ਪਲਾਇਣਵਾਦੀ ਰੁਚੀਆਂ ਦੇ ਧਾਰਨੀ ਹੋਣ ਕਾਰਨ ਸਮਾਜਿਕ ਜ਼ਿੰਮੇਵਾਰੀਆਂ ਤੋਂ ਪਿੱਠ ਮੋੜ ਕੇ ਪਹਾੜਾਂ ਦੀਆਂ ਕੁੰਦਰਾਂ ਵਿਚ ਛਿਪੇ ਬੈਠੇ ਸਨ। ਇਹ ਮਤ, ਕਰਮ-ਕਾਂਡ ਤੇ ਸਖਣੀਆਂ ਰੀਤਾਂ ਤੋਂ ਬਿਨਾਂ ਆਪਣੀ ਹੋਂਦ ਗੁਆਈ ਬੈਠੇ ਸਨ। ਸਮਾਜ ਵਿਚ ਨਾ ਹੀ ਕੋਈ ਆਚਾਰ ਸੀ ਤੇ ਨਾ ਹੀ ਨੈਤਿਕ ਕਦਰਾਂ ਕੀਮਤਾਂ। ਕਿਸੇ ਮਹਾਂਪੁਰਸ਼ ਨੂੰ ਇਹ ਅਹਿਸਾਸ ਨਹੀਂ ਸੀ ਕਿ ਉਹਨਾਂ ਦਾ ਸਮਾਜ ਅਤਿਆਚਾਰ-ਪ੍ਰਧਾਨ ਸਮਾਜ ਹੈ। ਕਰਤਵ ਪਾਲਣਾ ਤੇ ਜੀਵਨ-ਘਾਲਣਾ ਦੀ ਥਾਂ ਦੇਵੀ ਦੇਵਤਿਆਂ ਦੀ ਰਸਮੀ ਅਰਾਧਨਾ ਅਤੇ ਰਾਜ-ਅਧਿਕਾਰੀਆਂ ਨੂੰ ਅੰਨ-ਦਾਤਾ ਸਮਝਣ ਦਾ ਅੰਧ-ਵਿਸ਼ਵਾਸ ਜੀਵਨ ਦਾ ਅੰਤਮ ਨਿਸ਼ਾਨਾ ਬਣ ਚੁੱਕਾ ਸੀ। ਮੁਕਤੀ-ਪ੍ਰਾਪਤੀ ਦੀ ਲਾਲਸਾ ਅਧੀਨ ਲੋਕ ਢੋਂਗੀ ਸਾਧਾਂ ਦੇ ਤਲੇ ਚੱਟ ਰਹੇ ਸਨ। ਇਸ ਅਵਸਥਾ ਨੂੰ ਸ਼ਿਦਤ ਨਾਲ ਅਨੁਭਵ ਕੀਤਾ ਛੇਵੇਂ ਪਾਤਸ਼ਾਹ ਜੀ ਨੇ ਅਤੇ ਇਸ ਅਤਿਆਚਾਰ, ਅਨਾਚਾਰ ਅਤੇ ਦੁਰਾਚਾਰ ਦੇ ਹਾਥੀ ਉੱਤੇ ਅੰਕਸ ਰੱਖਣ ਲਈ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ, ਜਨ-ਸਾਧਾਰਨ ਅਤੇ ਆਪਣੇ ਪੈਰੋਕਾਰਾਂ ਨੂੰ ਸਚਿਆਰਾ ਜੀਵਨ ਜਿਉਣ ਲਈ ਜੂਝਣ ਹਿਤ ਅਤੇ ਜ਼ੁਲਮ ਦੇ ਟਾਕਰੇ ਲਈ ਆਤਮ ਬਲੀਦਾਨ ਦੀ ਪਰੇਰਨਾ ਕੀਤੀ।

ਬਦੀ ਦਾ ਨਾਸ਼ ਤੇ ਸੱਚ ਦੀ ਸਥਾਪਤੀ ਹੀ ਮੀਰੀ ਪੀਰੀ ਦੇ ਸੰਕਲਪ ਦਾ ਅਸਲ ਮੰਤਵ ਸੀ ਜਿਸ ਨੇ ਵਿਕਾਸ ਕਰਦਿਆਂ ਬਿਜਲੀ ਦੀਆਂ ਦੋ ਧਾਰਾਵਾਂ Negative ਤੇ Positive ਦੇ ਸੁਮੇਲ ਵਾਂਗ ਰੌਸ਼ਨੀ ਕਰ ਕੇ ਮਾਨਵ-ਚਿੰਤਨ ਨੂੰ ਇਕ ਸੂਤਰ ਵਿਚ ਪਰੋਇਆ ਜਿਸ ਨੇ ਮਨਮੁਖ ਨੂੰ ਮਨੁੱਖ, ਮਨੁੱਖ ਨੂੰ ਗੁਰਮੁਖ ਅਤੇ ਗੁਰਮੁਖ ਨੂੰ ਸੰਤ ਸਿਪਾਹੀ ਬਣਨ ਵਿਚ ਸਹਾਇਤਾ ਕੀਤੀ। ਜ਼ਬਰ ਵਿਰੁੱਧ ਕ੍ਰਾਂਤੀਕਾਰੀ ਅਮਲ ਦੋਸ਼ ਨਹੀਂ, ਸਗੋਂ ਫਰਜ਼ ਹੋਇਆ ਕਰਦਾ ਹੈ। ਸੰਸਾਰ-ਇਤਿਹਾਸ ਤੇ ਵਿਸ਼ੇਸ਼ ਤੌਰ 'ਤੇ ਭਾਰਤੀ ਇਤਿਹਾਸ ਤੱਥ ਦੀ ਸਾਖੀ ਭਰਦਾ ਹੈ ਕਿ ਅਜੇਹੀ ਵਿਵਸਥਾ ਸਮੇਂ ਸ਼ਕਤੀ-ਪ੍ਰਯੋਗ ਅਯੋਗ ਨਹੀਂ ਹੋਇਆ ਕਰਦਾ। ਦਸਵੇਂ ਪਾਤਸ਼ਾਹ ਨੇ ਇਸ ਸੰਕਲਪ ਨੂੰ ਇਸ ਤਰ੍ਹਾਂ ਮੂਰਤੀਮਾਨ ਕੀਤਾ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥੨੨॥

(ਦਸਮ ਗ੍ਰੰਥ, ਪੰਨਾ ੧੩੯੦)

ਸੋਲਵੀਂ ਸਦੀ ਤਕ ਮੀਰੀ ਤੇ ਪੀਰੀ ਦੋ ਅੱਡ-ਅੱਡ ਧਾਰਾਵਾਂ ਮੰਨੀਆਂ ਜਾਂਦੀਆਂ ਸਨ। ਇਹ ਦੋਵੇਂ ਧਾਰਾਵਾਂ ਪਰੰਪਰਾਗਤ ਅਰਥਾਂ ਅਨੁਸਾਰ ਪੀਰ ਉਸ ਨੂੰ ਮੰਨਦੀਆਂ ਸਨ ਜੋ ਨਿਰੋਲ ਧਾਰਮਿਕ, ਅਧਿਆਤਮਿਕ ਜੀਵਨ-ਧਾਰਾ ਵਾਲਾ, ਤਿਆਗੀ, ਵਿਰਕਤ ਅਤੇ ਨਿਵਿਰਤ ਮਾਰਗ ਦਾ ਧਾਰਨੀ ਹੋਵੇ ਪਰ ਸਿੱਖ ਧਰਮ ਵਿਚ ਪੀਰ ਸ਼ਬਦ ਦੇ ਪਰੰਪਰਾਗਤ ਅਰਥ ਬਦਲ ਗਏ। ਏਥੇ ਪੀਰ ਸ਼ਬਦ 'ਗੁਰੂ' ਦਾ ਸਮਾਨ ਅਰਥਕ ਬਣ ਗਿਆ ਜੋ ਉੱਚੇ ਆਦਰਸ਼ ਦਾ ਪ੍ਰਤੀਕ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥

(ਪੰਨਾ ੧੨੪੫)

ਏਸੇ ਤਰ੍ਹਾਂ ਵਾਰਾਂ ਭਾਈ ਗੁਰਦਾਸ ਵਿਚ ਪੀਰ ਸ਼ਬਦ ਗੁਰੂ ਦਾ ਅਰਥ ਹੀ ਰਖਦਾ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।

(ਵਾਰ ੧, ਪਉੜੀ ੪੮)

ਮੀਰ, ਅਰਬੀ ਦੇ ਸ਼ਬਦ ਅਮੀਰ ਦਾ, ਲਘੂ ਰੂਪ ਹੈ ਜਿਸ ਦੇ ਪਰੰਪਰਾਗਤ ਅਰਥ ਧਨ, ਦੌਲਤ ਦਾ ਮਾਲਕ ਲਏ ਜਾਂਦੇ ਹਨ ਪਰ ਇਸ ਸ਼ਬਦ ਦੇ ਅਸਲ ਅਰਥ 'ਹੁਕਮ ਕਰਨ ਵਾਲਾ ਅਧਿਕਾਰੀ' ਅਥਵਾ ਸੈਨਾਪਤੀ ਹੁੰਦੇ ਹਨ। ਇਸ ਤਰ੍ਹਾਂ ਇਹ ਸ਼ਬਦ 'ਸ਼ਕਤੀ' ਦਾ ਪ੍ਰਤੀਕ ਹੈ ਤੇ ਉਸ ਵਿਅਕਤੀ ਨਾਲ ਜੁੜਦਾ ਹੈ ਜੋ ਸ਼ਕਤੀਵਾਨ ਹੋ ਕੇ ਦੂਸਰਿਆਂ 'ਤੇ ਹੁਕਮ ਚਲਾਉਣ ਦੇ ਸਮਰੱਥ ਹੋਵੇ। ਇਸ ਲਈ ਸਿੱਖ ਧਰਮ ਵਿਚ ਮੀਰੀ ਪੀਰੀ ਦੇ ਸੰਗਮ-ਸੰਕਲਪ ਦਾ ਉਦੇਸ਼ ਨਿਰੋਲ ਅਧਿਆਤਮਿਕ ਜੀਵਨ-ਧਾਰਾ ਵਿਚ ਸ਼ਕਤੀ ਦਾ ਸੰਚਾਰ ਅਤੇ ਨਿਵਿਰਤੀ ਦੇ ਨਾਲ-ਨਾਲ ਪਰਵਿਰਤੀ ਮਾਰਗ ਦਾ ਸੁਮੇਲ ਕਰਨਾ ਸੀ। ਏਹੋ ਕਾਰਨ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿਧ ਰਚਨਾ 'ਸਿਧ ਗੋਸਟਿ' ਵਿਚ ਸਿਧਾਂ ਨੂੰ ਉਪਦੇਸ਼ ਦਿੱਤਾ:

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥

(ਪੰਨਾ ੯੪੧)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪੈਰੋਕਾਰਾਂ ਨੂੰ ਇਸ ਸੰਕਲਪ ਰਾਹੀਂ ਉਹੋ ਜਿਹੇ ਤਿਆਗੀ ਤੇ ਵਿਕਰਤ ਬਣਨ ਤੋਂ ਰੋਕ ਦਿੱਤਾ ਜੋ ਲੱਖਾਂ ਦੀ ਗਿਣਤੀ ਵਿਚ ਜੰਗਲਾਂ ਵਿਚ ਭਟਕ ਰਹੇ ਸਨ। ਏਥੇ ਹੀ ਬਸ ਨਹੀਂ ਆਪ ਜੀ ਨੇ ਆਪਣੇ ਸਿੱਖਾਂ ਲਈ ਰਾਜਸ ਤੇ ਤਾਮਸ ਰੁਚੀਆਂ ਦੀ ਪੂਰਤੀ ਲਈ ਬਲ-ਪ੍ਰਯੋਗ 'ਤੇ ਰੋਕ ਲਗਾ ਦਿੱਤੀ।

ਸੰਸਾਰ-ਇਤਿਹਾਸ ਵਿਚ ਦੇਸ਼ ਦੇ ਹਰ ਅਧਿਕਾਰੀ ਕੋਲ ਆਪਣੀ ਸ੍ਵੈ-ਹੋਂਦ ਪ੍ਰਗਟਾਉਣ ਲਈ ਦੋ ਅਧਿਕਾਰ ਹੋਣੇ ਜ਼ਰੂਰੀ ਮੰਨੇ ਗਏ ਹਨ। ਪਹਿਲਾ ਹਥਿਆਰ ਰੱਖਣ ਦਾ ਹੱਕ ਅਤੇ ਦੂਜਾ ਟੈਕਸ ਵਸੂਲਣ ਦਾ ਅਧਿਕਾਰ। ਸਮਕਾਲੀ ਰਾਸ਼ਟਰ ਅਧਿਕਾਰੀਆਂ ਨੇ ਮਾਰੂ ਹਥਿਆਰ ਰੱਖੇ ਹੋਏ ਸਨ। ਜਨਤਾ ਉੱਤੇ ਲੱਕ ਤੋੜ ਟੈਕਸ ਲਗਾਏ ਹੋਏ ਸਨ ਪਰ ਸਿੱਖ-ਧਰਮ ਵਿਚ ਰਾਜ ਸਤਾ ਦੇ ਚਿੰਨ੍ਹ ਵਜੋਂ ਕਿਰਪਾਨ ਅਤੇ ਟੈਕਸ ਦੀ ਥਾਂ ਦਸਵੰਧ ਦੇਣ ਦੀ ਪ੍ਰਥਾ ਕਾਇਮ ਹੋਈ। ਇਹ ਦਸਵੰਧ ਆਮ ਟੈਕਸ ਵਾਂਗ ਜ਼ਬਰਦਸਤੀ ਜਾਂ ਡੰਡੇ ਦੇ ਜ਼ੋਰ ਨਾਲ ਨਹੀਂ ਸੀ ਲਿਆ ਜਾਂਦਾ ਸਗੋਂ ਸਿੱਖਾਂ ਵਲੋਂ ਸ੍ਵੈ-ਇਛਤ ਗੁਰੂ ਦਰਬਾਰ ਵਿਚ ਅਰਪਨ ਕੀਤਾ ਜਾਂਦਾ ਹੈ।

ਕਿਰਪਾਨ ਸਿੱਖ ਧਰਮ ਵਿਚ ਸਤਿਕਾਰਤ ਪੰਜ ਕਕਾਰਾਂ ਵਿਚੋਂ ਮਹੱਤਵ-ਪੂਰਨ ਕਕਾਰ ਹੈ ਜੋ ਚਿੰਨ੍ਹ ਵਜੋਂ ਸਿੱਖ ਦੀ ਪ੍ਰਭੁਤਾ ਦਾ ਲਖਾਇਕ ਹੈ। ਇਸ ਦੀ ਮਹੱਤਤਾ ਲੰਬਾਈ, ਚੌੜਾਈ ਜਾਂ ਅਕਾਰ ਵਿਚ ਨਹੀਂ ਸਗੋਂ ਅਜੇਹੀਆਂ ਹਰ ਪ੍ਰਕਾਰ ਦੀਆਂ ਪਾਬੰਦੀਆਂ ਤੋਂ ਮੁਕਤ ਇਹ ਖ਼ਾਲਸਾਈ ਪ੍ਰਭੂ-ਸਤਾ ਦੀ ਲਖਾਇਕ ਹੈ ਅਤੇ ਖਾਲਸਾਈ-ਸ਼ਾਨ ਦਾ ਪ੍ਰਤੀਕ ਚਿੰਨ੍ਹ ਹੈ।

ਜੇਕਰ ਗਹੁ ਨਾਲ ਵੇਖਿਆ ਜਾਏ ਤਾਂ ਮੀਰੀ-ਪੀਰੀ ਦਾ ਸੰਕਲਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਿੰਤਨ ਵਿਚ ਸੁੱਤੇ-ਸਿਧ ਨਹੀਂ ਸੀ ਆਇਆ ਸਗੋਂ ਇਸ ਦੇ ਬੀਜ-ਰੂਪ,

ਗੁਰੂ ਨਾਨਕ-ਬਾਣੀ ਵਿਚ ਮਿਲ ਜਾਂਦੇ ਹਨ। ਭਾਰਤੀ ਸੰਤ-ਪਰੰਪਰਾ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਅਜਿਹੇ ਪ੍ਰਥਮ ਮਹਾਂਪੁਰਸ਼ ਸਨ ਜਿਨ੍ਹਾਂ ਨੇ ਸੰਸਾਰਕ ਅਧਿਕਾਰੀਆਂ ਨੂੰ ਨਿਆਇਸ਼ੀਲ ਹੋਣ ਅਤੇ ਬਦੀ ਦਾ ਨਾਸ ਕਰਨ ਦਾ ਟਾਕਰਾ ਕਰਨ ਨੂੰ ਧਾਰਮਿਕ ਫਰਜ਼ ਦੱਸਿਆ। ਆਪ ਜੀ ਨੇ ਆਪਣੇ ਸਮਕਾਲੀ ਹਾਕਮਾਂ ਨੂੰ 'ਰਾਜੇ ਸ਼ੀਹ' ਆਖ ਕੇ ਨਕਾਰਿਆ ਅਤੇ ਉਹਨਾਂ ਦੇ ਕਰਿੰਦਿਆਂ ਨੂੰ 'ਮੁਕਦਮ ਕੁਤੇ' ਆਖ ਕੇ ਦੁਰਕਾਰਿਆ। ਸਮਕਾਲੀ ਜ਼ੋਰਾਵਰ ਬਾਦਸ਼ਾਹ ਬਾਬਰ ਦੀ ਨਜ਼ਰੇ-ਕਰਮ ਵੱਲ ਤਰਸਦੇ ਲੋਕਾਂ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਵਲੋਂ ਪੇਸ਼ ਕੀਤਾ ਗਿਆ ਭੰਗ ਦਾ ਪਿਆਲਾ ਠੁਕਰਾ ਦਿੱਤਾ ਅਤੇ ਉਸ ਨੂੰ 'ਬਾਬਰ ਜਾਬਰ' ਆਖਿਆ।

ਹਮਾਯੂੰ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਉੱਤੇ ਆਪਣੀ ਤਲਵਾਰ ਦਾ ਵਾਰ ਕਰਨਾ ਚਾਹਿਆ ਤਾਂ ਗੁਰਦੇਵ ਨੇ ਉਸ ਨੂੰ ਫਿਟਕਾਰਿਆ ਕਿ ਇਹ ਤਲਵਾਰ ਸ਼ੇਰ ਸ਼ਾਹ ਸੂਰੀ ਉੱਤੇ ਕਿਉਂ ਨਹੀਂ ਚਲਾਈ ਅਤੇ ਮੈਦਾਨਿ-ਜੰਗ ਵਿਚੋਂ ਕਿਉਂ ਭੱਜ ਆਇਆ ਹੈਂ?

ਸ੍ਰੀ ਗੁਰੂ ਅਮਰਦਾਸ ਜੀ ਨੇ ਸਮਰਾਟ ਅਕਬਰ ਨੂੰ ਪਹਿਲੋਂ ਪੰਗਤ ਵਿਚ ਬੈਠ, ਲੰਗਰ ਛਕਣ ਉਪਰੰਤ ਦਰਸ਼ਨ ਦੇਣ ਦੀ ਹਦਾਇਤ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਹੀ ਘਰਾਣੇ ਨਾਲ ਜੁੜਿਆ ਚੰਦੂ ਮਲ ਦੀ ਧੀ ਦਾ ਰਿਸ਼ਤਾ ਠੁਕਰਾ ਦਿੱਤਾ। ਪਰੰਪਰਾ ਦੀ ਏਸੇ ਲੜੀ ਨੂੰ ਜਾਰੀ ਰੱਖਦਿਆਂ ਦਲਿ ਭੰਜਨ ਗੁਰੁ ਸੂਰਮੇ ਨੇ ਸ਼ਾਹੀ ਠਾਠ-ਬਾਠ ਨਾਲ ਚਾਰ ਜੰਗਾਂ ਲੜੀਆਂ। ਸੱਤਵੇਂ ਗੁਰੂ ਨੇ ਸ਼ਾਹੀ ਫ਼ਰਮਾਨ ਨਜ਼ਰ-ਅੰਦਾਜ਼ ਕਰ ਦਿੱਤਾ। ਨੌਂਵੇਂ ਗੁਰੂ ਨੇ ਸ਼ਹਾਦਤ ਦੇ ਦਿੱਤੀ ਪਰ ਈਨ ਨਹੀਂ ਮੰਨੀ। ਦਸਵੇਂ ਗੁਰੂ ਸਾਹਿਬ ਨੇ ਤਾਂ ਸਿੱਖ ਪੰਥ ਦੀ ਆਨ-ਸ਼ਾਨ ਕਾਇਮ ਰਖਦਿਆਂ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਮੀਰੀ-ਪੀਰੀ ਦੇ ਸਿਧਾਂਤ ਦੀ ਇਹ ਰੌਂ ਲਗਾਤਾਰ ਜਾਰੀ ਰਹੀ ਜਿਸ ਨੇ ਸਿੱਖ ਪੰਥ ਦਾ ਰੰਗ-ਰਤਾ ਇਤਿਹਾਸ ਉਸਾਰਿਆ।

ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਨੇ ਮਨੁੱਖੀ ਭਾਈਚਾਰੇ ਨੂੰ ਇਕ ਸੂਤਰ ਵਿਚ ਪਰੋ ਕੇ ਗਿੱਦੜੋਂ ਸ਼ੇਰ ਬਣਾ ਦਿੱਤਾ। ਇਸ ਤਰ੍ਹਾਂ ਮੀਰੀ-ਪੀਰੀ ਦੇ ਸੰਕਲਪ ਪਿੱਛੇ ਗੁਰੂ ਨਾਨਕ-ਦਰਸ਼ਨ ਹੀ ਕਾਰਜ-ਸ਼ੀਲ ਸੀ ਜਿਸ ਵਿਚ *'ਸਿਰੁ ਧਰਿ ਤਲੀ ਗਲੀ ਮੇਰੀ ਆਉ'* ਦੀ ਸੁਰ ਗੂੰਜਦੀ ਹੈ। ਛੇਵੇਂ ਨਾਨਕ ਨੇ ਤਾਂ ਇਸ ਸਿਧਾਂਤ ਨੂੰ ਅਮਲੀ ਤੌਰ 'ਤੇ ਪ੍ਰਗਟ ਹੀ ਕੀਤਾ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਹੇਠ ਲਿਖੇ ਵਿਚਾਰਾਂ ਤੋਂ ਵੀ ਸਾਡੇ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ:

> ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਪਹਿਨ ਕੇ ਗੁਰੂ ਨਾਨਕ ਸਾਹਿਬ ਦੇ ਮੱਤ ਨੂੰ ਹੀ ਮੂਰਤੀਮਾਨ ਕੀਤਾ ਸੀ। ...ਗੁਰੂ ਹਰਿਗੋਬਿੰਦ ਜੀ ਓਸੇ ਬ੍ਰਿਛ ਦਾ ਫਲ ਸਨ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਬੀਜਿਆ ਸੀ ਤੇ ਉਹੋ ਬੀਜ ਹੀ ਫਿਰ ਦਰੱਖ਼ਤ ਹੋ ਨਿਬੜਿਆ। ਏਸੇ ਰੁੱਖ ਨੇ ਸਿੱਖੀ ਦੀ ਰੱਖਿਆ ਕੀਤੀ ਤੇ ਛਾਂ ਦਿੱਤੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਸਿੱਖ ਗੁਰੂ ਸਾਹਿਬਾਨ ਦਾ ਅਧਿਕਾਰ, ਆਤਮਕ ਕਾਰਜ-ਖੇਤਰ ਤਕ ਹੀ ਸਮਝਿਆ ਜਾਂਦਾ ਸੀ। ਏਹੋ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ਕਿਹਾ ਜਾਂਦਾ ਸੀ ਪਰ ਪੰਜਵੇਂ

ਗੁਰਦੇਵ ਦੀ ਸ਼ਹਾਦਤ ਨੇ ਇਤਿਹਾਸ ਦਾ ਰੁਖ ਬਦਲ ਦਿੱਤਾ ਅਤੇ ਛੇਵੇਂ ਗੁਰੂ ਜੀ ਨੇ ਪੀਰੀ ਤੇ ਮੀਰੀ ਦੀ ਤਲਵਾਰ ਪਹਿਨ ਕੇ ਸਿੱਖ ਧਰਮ ਵਿਚ ਅਧਿਆਤਮਿਕ ਖੇਤਰ ਦੇ ਨਾਲ ਸੰਸਾਰਕ ਖੇਤਰ ਨੂੰ ਵੀ ਜੋੜ ਦਿੱਤਾ। ਇਸ ਸੰਦਰਭ ਵਿਚ ਪ੍ਰੋ. ਇੰਦੂ ਭੂਸ਼ਣ ਬੈਨਰਜ਼ੀ ਅਤੇ ਗੋਕਲ ਚੰਦ ਨਾਰੰਗ ਨੇ ਠੀਕ ਹੀ ਲਿਖਿਆ ਹੈ ਕਿ 'ਸਿੱਖ ਇਤਿਹਾਸ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਇਕ ਨਵੀਂ ਕਰਵਟ ਲਈ ਅਤੇ ਉਨ੍ਹਾਂ ਦੇ ਸਪੁੱਤਰ-ਗੁਰੂ ਦੇ ਗੱਦੀ ਉਪਰ ਬਿਰਾਜਮਾਨ ਹੋਣ ਨਾਲ ਇਸ ਨੇ ਨਵਾਂ ਪਲਟਾ ਖਾਧਾ।'

ਛੇਵੇਂ ਪਾਤਸ਼ਾਹ ਜੀ ਨੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ ਅਨਿਆਈ ਰਾਜ ਨਾਲ ਸਿੱਧੀ ਟੱਕਰ ਲਈ। ਉਨ੍ਹਾਂ ਨੇ ਮੁਗ਼ਲ ਹਾਕਮਾਂ ਵੱਲੋਂ ਜਨ-ਸਾਧਾਰਨ 'ਤੇ ਲੱਗੀਆਂ ਪਾਬੰਦੀਆਂ ਤੇ ਬੰਧਨਾਂ ਨੂੰ ਵੰਗਾਰਦਿਆਂ ਉਨਾਂ ਦੀ ਸ਼ਰੇਆਮ ਖ਼ਿਲਾਫ਼ਤ ਕੀਤੀ। ਮੁਗ਼ਲ ਬਾਦਸ਼ਾਹ ਵਾਂਗ ਅਸਤਰ-ਬਸਤਰ ਸਜਾਏ, ਘੋੜ ਸਵਾਰੀ ਕੀਤੀ ਤੇ ਕਰਵਾਈ, ਸ਼ਸਤਰ ਰੱਖੇ ਤੇ ਰਖਵਾਏ, ਸ਼ਿਕਾਰ ਖੇਡੇ ਤੇ ਖਿਡਵਾਏ, ਜੰਗੀ ਕਰਤਬ ਕੀਤੇ ਤੇ ਕਰਵਾਏ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਦਿਆਂ ਉਥੇ ਅਦਾਲਤਾਂ ਲਾਈਆਂ ਤੇ ਫਰਿਆਦੀਆਂ ਦੀਆਂ ਫਰਿਆਦਾਂ ਸੁਣ ਉਨ੍ਹਾਂ ਨੂੰ ਇਨਸਾਫ ਦਿੱਤਾ ਤੇ ਦਿਵਾਇਆ। ਫ਼ੌਜ ਤਿਆਰ ਕੀਤੀ ਅਤੇ ਜੰਗ ਕੀਤੇ। ਮੀਰੀ ਪੀਰੀ ਦੇ ਇਸ ਸਿਧਾਂਤ ਦੇ ਅਮਲੀ ਪ੍ਰਦਰਸ਼ਨ ਨੇ ਜਿਥੇ ਮੁਗ਼ਲ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ ਉਥੇ ਜਨ-ਸਾਧਾਰਨ ਵਿਚ ਅਨਿਆਇ ਵਿਰੁੱਧ ਜਹਾਦ ਕਰਨ ਲਈ ਇਕ ਨਵਾਂ ਉਤਸ਼ਾਹ ਤੇ ਹਿੰਮਤ ਪੈਦਾ ਕੀਤੀ ਅਤੇ ਉਹ ਗੁਰੂ ਅਰਜਨ ਦੇਵ ਜੀ ਦੇ 'ਹਲੇਮੀ ਰਾਜ' ਦੀ ਕਲਪਨਾ ਨੂੰ ਸਾਕਾਰ ਕਰਨ ਲਈ ਜ਼ੁਲਮ ਦਾ ਟਾਕਰਾ ਕਰਨ ਵਾਸਤੇ ਮੈਦਾਨ ਵਿਚ ਨਿੱਤਰ ਆਏ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸਮਕਾਲੀ ਮੋਹਿਸਨ ਫਾਨੀ ਵੀ ਠੀਕ ਲਿਖਦਾ ਹੈ ਕਿ 'ਗੁਰੂ ਅਰਜਨ ਸਾਹਿਬ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲੀ। ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ... ਉਨ੍ਹਾਂ ਨੇ ਫ਼ੌਜੀ ਬਾਣਾ ਪਹਿਨ ਲਿਆ ਅਤੇ ਆਪਣੇ ਪਿਤਾ ਜੀ ਦੀ ਰਹੁ-ਰੀਤ ਦੇ ਉਲਟ ਤਲਵਾਰ ਪਹਿਨ ਲਈ, ਨੌਕਰ ਰੱਖ ਲਏ ਅਤੇ ਸ਼ਿਕਾਰ ਖੇਡਣ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ। ... ਗੁਰੂ ਜੀ ਦੇ ਅਸਤਬਲ ਵਿਚ ੭੦੦ ਘੋੜੇ, ੩੦੦ ਸਵਾਰ, ੬੦ ਤੋਪਚੀ, ਹਮੇਸ਼ਾਂ ਹਾਜ਼ਰ ਰਹਿੰਦੇ ਹਨ। ਸਿੱਖ ਪੈਰੋਕਾਰ ਉਨ੍ਹਾਂ ਨੂੰ ਰੱਬੀ-ਜੋਤ ਸਮਝ ਕੇ ਪੂਜਦੇ ਹਨ।

ਦਰ ਅਸਲ ਪੰਜਵੇਂ ਸਤਿਗੁਰੂ ਜੀ ਦੀ ਸ਼ਹਾਦਤ ਨੇ ਸਿੱਖੀ ਦੇ ਸ਼ਾਂਤ ਸਮੁੰਦਰ ਵਿਚ ਜਵਾਰਭਾਟਾ ਲੈ ਆਂਦਾ। ਇਸ ਘਟਨਾ ਨੇ ਉਨ੍ਹਾਂ ਦੇ ਪੁਰਅਮਨ ਜਜ਼ਬਾਤ ਭੜਕਾ ਦਿੱਤੇ ਅਤੇ ਬਦਲੇ ਹੋਏ ਇਨ੍ਹਾਂ ਹਾਲਾਤਾਂ ਵਿਚ ਸ਼ਸਤਰ ਧਾਰਨ ਕਰਨੇ ਜ਼ਰੂਰੀ ਸਮਝੇ ਗਏ। ਮਿਸਟਰ ਮੈਕਾਲਫ਼ ਠੀਕ ਹੀ ਲਿਖਦਾ ਹੈ ਕਿ:

ਛੇਵੇਂ ਸਤਿਗੁਰੂ ਜੀ ਦੀ ਫ਼ੌਜ ਵਿਚ ਭਾੜੇ ਦੇ ਫ਼ੌਜੀ ਬਹੁਤ ਘੱਟ ਸਨ ਮਿਸਟਰ ਮੈਕਾਲਫ਼ ਦੇ ਸ਼ਬਦਾਂ ਅਨੁਸਾਰ "Hordes gathered around him, who were satisfied with two meals a day and new uniform every half year."

ਏਥੇ ਹੀ ਬਸ ਨਹੀਂ ਸਿੱਖ ਸਾਹਿਤ-ਰਚਨਾ ਦੀ ਸੁਰ ਵੀ ਬਦਲ ਗਈ। ਜਨਮ-ਸਾਖੀਆਂ ਦੀ ਥਾਂ ਜੋਸ਼ ਉਭਾਰਨ ਵਾਲੇ ਗੁਰ ਬਿਲਾਸ ਰਚੇ ਜਾਣ ਲੱਗੇ। ਗੁਰਬਾਣੀ ਦਾ ਗਾਇਨ ਸੂਰਬੀਰ ਯੋਧਿਆਂ ਦੀਆਂ ਰਚੀਆਂ ਵਾਰਾਂ ਦੀਆਂ ਧੁਨਾਂ ਉਪਰ ਹੋਣ ਲੱਗ ਪਿਆ। ਮ੍ਰਿਦੰਗ ਤੇ ਸਾਰੰਦੇ ਦੇ ਨਾਲ-ਨਾਲ ਢੱਡ ਤੇ ਸਾਰੰਗੀ ਦਾ ਪ੍ਰਯੋਗ ਹੋਣ ਲਗ ਪਿਆ। ਇਸ ਸਮੇਂ ਪ੍ਰਸਿੱਧ ਢਾਡੀ ਨੱਥ ਮੱਲ ਤੇ ਅਬਦੁਲਾ ਆਪਣੀਆਂ ਵਾਰਾਂ ਰਾਹੀਂ ਸੰਗਤਾਂ ਵਿਚ ਬੀਰ-ਰਸ ਸੰਚਾਰਨ ਕਰਦੇ ਸਨ ਤਾਂ ਜੋ ਜਨ-ਸਾਧਾਰਨ ਜ਼ਾਲਮ ਅਧਿਕਾਰੀਆਂ ਦੇ ਜ਼ੁਲਮ ਵਿਰੁੱਧ ਹਥਿਆਰ ਉਠਾ ਕੇ ਉਨ੍ਹਾਂ ਦੇ ਜ਼ੁਲਮਾਂ ਦਾ ਨਾਸ਼ ਕਰ ਸਕਣ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ ਮੀਰੀ-ਪੀਰੀ ਦਾ ਸਥਾਨ ਗ੍ਰਹਿਣ ਕੀਤਾ ਦੇਗ ਤੇਗ ਨੇ। ਦੇਗ ਅਥਵਾ ਲੰਗਰ, ਪੀਰੀ ਦਾ ਚਿੰਨ੍ਹ ਬਣਿਆ ਅਤੇ ਤੇਗ ਮੀਰੀ ਦਾ। ਦੇਗ ਰਾਹੀਂ ਮਾਨਵਤਾ ਦੀ ਸੇਵਾ ਅਤੇ ਤੇਗ ਰਾਹੀਂ ਸ੍ਵੈ-ਮਾਨ ਦੀ ਰੱਖਿਆ ਕੀਤੀ ਜਾਣ ਲੱਗੀ। ਦਸਮੇਸ਼ ਪਿਤਾ ਦਾ ਏਹੋ ਸਿਧਾਂਤ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ 'ਤੇ ਉਕਰਿਆ ਗਿਆ:

ਦੇਗੋ ਤੇਗੋ ਫਤਹ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਮੀਰੀ-ਪੀਰੀ ਦੇ ਇਸ ਸੰਕਲਪ ਨੇ ਕਈ ਹੋਰ ਖੇਤਰਾਂ ਵਿਚ ਵੀ ਕਾਰਜ ਕੀਤੇ। ਇਸ ਸੰਕਲਪ ਨੇ ਮੰਜੀ ਸੰਸਥਾ ਨੂੰ 'ਤਖ਼ਤ' ਵਿਚ ਤਬਦੀਲ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ, ਪਹਿਲਾ ਤਖ਼ਤ ਸਥਾਪਿਤ ਹੋਇਆ ਅਤੇ ਖਾਲਸੇ ਦੀ ਸਿਰਜਣਾ ਉਪਰੰਤ ਪੰਜ ਤਖ਼ਤ ਬਣੇ। ਇਹ ਪੰਜ ਤਖ਼ਤ ਸਿੱਖੀ ਪ੍ਰਚਾਰ ਦੇ ਕੇਂਦਰ ਹੋਣ ਦੇ ਨਾਲ-ਨਾਲ ਸਿੱਖ ਪੰਥ ਨੂੰ ਇਕੱਠਾ ਰੱਖਣ ਦੀ ਸ਼ਕਤੀ ਦੇ ਪ੍ਰਤੀਕ ਵਜੋਂ ਵੀ ਕਾਰਜ ਕਰਦੇ ਹਨ।

ਸਿੱਖ ਧਰਮ ਵਿਚ ਮੀਰੀ ਤੇ ਪੀਰੀ ਦਸਵੇਂ ਪਾਤਸ਼ਾਹ ਤਕ ਇਕੋ ਸ਼ਖ਼ਸ਼ੀਅਤ ਪਾਸ ਰਹੀ, ਜਿਸ ਨੂੰ ਛੇਵੇਂ ਸਤਿਗੁਰੂ ਨੇ ਦੋ ਤਲਵਾਰਾਂ ਪਹਿਨ ਕੇ ਆਰੰਭਿਆ। ਪੰਥਕ ਸ਼ਕਤੀ ਨੂੰ ਸੰਗਠਿਤ ਕਰਨ ਤੇ ਰੱਖਣ ਲਈ ਅਤੇ ਆਪਣੇ ਆਪ ਨੂੰ ਸ੍ਵੈ-ਮਾਨ ਭਰੇ ਜੀਵਨ ਬਿਤਾਉਣ ਦੇ ਅਧਿਕਾਰੀ ਸਿੱਧ ਕਰਨ ਲਈ ਇਨ੍ਹਾਂ ਦੋ ਧਾਰਾਵਾਂ ਦੇ ਆਪਸੀ ਵਿਰੋਧ ਵਿਚ ਇਕਜੁਟਤਾ ਤੇ ਸੰਤੁਲਨ ਕਾਇਮ ਰੱਖਣਾ, ਸਮੇਂ ਦੀ ਵੱਡੀ ਮੰਗ ਹੈ ਤਾਂ ਹੀ ਇਹ ਸੰਕਲਪ ਸਮਾਜ ਵਿਚ ਉਸਾਰੂ ਭੂਮਿਕਾ ਨਿਭਾ ਸਕਦਾ ਹੈ ਕਿਉਂਕਿ ਇਸ ਸੰਕਲਪ ਵਿਚ ਸ਼ਕਤੀ ਨੂੰ ਜ਼ਬਰ ਕਰਨ ਜਾਂ ਦੂਸਰਿਆਂ ਨੂੰ ਜ਼ੇਰ ਕਰਨ ਦੀ ਵਿਵਸਥਾ ਨਹੀਂ ਹੈ। ਇਸ ਸ਼ਕਤੀ ਦਾ ਪ੍ਰਯੋਗ ਅਨੈਤਿਕ ਅਧਿਕਾਰੀਆਂ ਅਤੇ ਜਨ-ਦੋਖੀਆਂ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਹੀ ਹੁੰਦਾ ਰਿਹਾ ਹੈ।

੭/੧੬੬੧

ਮੀਰੀ ਪੀਰੀ: ਤੁਲਨਾਤਮਕ ਅਧਿਐਨ

ਆਮ ਜੀਵਨ ਵਿਚ ਧਰਮ ਇਨਸਾਫ਼ ਦੀ ਪ੍ਰੋੜ੍ਹਤਾ ਕਰਦਾ ਹੋਇਆ ਸ਼ਾਂਤੀਪੂਰਨ ਸਾਧਨਾਂ (Peaceful means) ਦੀ ਵਰਤੋਂ ਦਾ ਹੀ ਸਮਰਥਨ ਕਰਦਾ ਹੈ ਪਰ ਜੇ ਸ਼ਾਂਤੀਪੂਰਨ ਸਾਧਨਾਂ ਦੀ ਵਰਤੋਂ ਦੁਆਰਾ ਸ਼ਰੀਫ ਅਤੇ ਨੇਕ-ਦਿਲ ਇਨਸਾਨਾਂ ਦੀਆਂ ਕੁਰਬਾਨੀਆਂ ਉਪਰੰਤ ਵੀ ਸਾਰਥਕ ਨਤੀਜੇ ਨਾ ਨਿਕਲਣ ਤਾਂ ਕੀ ਕੀਤਾ ਜਾ ਸਕਦਾ ਹੈ? ਇਸ ਤੋਂ ਇਲਾਵਾ ਜੇ ਦੁਸ਼ਟ ਬੰਦੇ ਧਰਮ ਦੇ ਉੱਚੇ ਗੁਣਾਂ ਨੂੰ ਬੁਜ਼ਦਿਲੀ ਸਮਝ ਲੈਣ ਤਾਂ ਫਿਰ ਦੁਸ਼ਟਤਾ ਦੀਆਂ ਬੁਰੀਆਂ ਤਾਕਤਾਂ ਨਾਲ ਕਿਵੇਂ ਅਸਰਦਾਰ ਤਰੀਕੇ ਨਾਲ ਨਿਪਟਿਆ ਜਾਵੇ? ਇਉਂ ਇਨਸਾਫ਼ ਨੂੰ ਯਕੀਨੀ ਬਨਾਉਣ ਅਤੇ ਮਜ਼ਬੂਤ ਭੌਤਿਕ ਤਾਕਤ ਵਾਲੀਆਂ ਬਦੀ ਦੀਆਂ ਸ਼ਕਤੀਆਂ ਨੂੰ ਅਸਰਦਾਰ ਤਰੀਕੇ ਨਾਲ ਕੁਚਲਣ ਲਈ ਬਲ (Force) ਦੀ ਵਰਤੋਂ ਦੀ ਲੋੜ ਪੈਂਦੀ ਹੈ। ਅਕਸਰ ਬਲ ਅਤੇ ਇਨਸਾਫ ਦਾ ਗੂੜ੍ਹਾ ਸਬੰਧ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਇਕ ਦੂਜੇ 'ਤੇ ਨਿਰਭਰ ਵੀ ਸਮਝਿਆ ਜਾਂਦਾ ਹੈ। ਇਸ ਸਬੰਧੀ ਪਾਸਕਲ (Pascal) ਦੀ ਟਿੱਪਣੀ ਉਚਿਤ ਹੈ:

ਬਲ ਤੋਂ ਬਿਨਾਂ ਇਨਸਾਫ਼ ਸ਼ਕਤੀਹੀਣ ਹੈ। ਇਨਸਾਫ਼ ਤੋਂ ਬਿਨਾਂ ਬਲ ਅੱਤਿਆਚਾਰ ਹੈ। ਬਲ ਤੋਂ ਬਿਨਾਂ ਇਨਸਾਫ਼ ਬੇਅਰਥ ਹੈ ਕਿਉਂਕਿ ਮੁਜ਼ਰਮ ਸਦਾ ਹੀ ਹੋਣਗੇ। ਇਨਸਾਫ਼ ਤੋਂ ਬਿਨਾਂ ਬਲ ਦੀ ਨਿਖੇਧੀ ਉਚਿਤ ਹੈ। ਇਨਸਾਫ਼ ਤੇ ਬਲ ਇਕੱਠੇ ਚੱਲਣੇ ਚਾਹੀਦੇ ਹਨ ਕਿਉਂਕਿ ਜਿਹੜਾ ਉਚਿਤ ਹੈ ਉਸ ਨੂੰ ਬਲਵਾਨ ਹੋਣਾ ਚਾਹੀਦਾ ਹੈ ਅਤੇ ਬਲਵਾਨ ਨੂੰ ਉਚਿਤ।

ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਦੀਆਂ ਕਦਰਾਂ-ਕੀਮਤਾਂ ਦੀ ਅਸਰਦਾਰ ਤਰੀਕੇ ਦੁਆਰਾ ਰਾਖੀ ਕਰਦਿਆਂ ਬਲ ਦੀ ਵਰਤੋਂ ਕਰਨ ਦਾ ਰਾਹ ਚੁਣਿਆ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਸਾਹਿਬਾਨ ਪਾਸ ਇਸ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਸੀ ਰਹਿ ਗਿਆ। ਇਥੇ ਇਹ ਜ਼ੋਰ ਦੇਣ ਵਾਲੀ ਮਹੱਤਵਪੂਰਨ ਗੱਲ ਹੈ ਕਿ ਜੇ ਇਸ ਸੰਕਟ ਦੀ ਘੜੀ ਗੁਰੂ ਸਾਹਿਬ ਇਹ ਕਦਮ ਚੁੱਕਦੇ ਤਾਂ ਸਿੱਖ ਧਰਮ ਦੇ ਪੈਰੋਕਾਰਾਂ ਦਾ ਇਸ ਵਿਚ ਯਕੀਨ ਨਹੀਂ ਸੀ ਰਹਿਣਾ ਅਤੇ ਆਖ਼ਰਕਾਰ ਨੇਕੀ ਦੇ ਕਾਇਮ ਰਹਿਣ ਦੀ ਵੀ ਕੋਈ ਆਸ ਬਾਕੀ ਨਹੀਂ ਸੀ ਰਹਿ ਜਾਣੀ!

ਉਪਰੋਕਤ ਮੰਤਵ ਲਈ ਬਲ ਦੀ ਵਰਤੋਂ ਕਰਨ ਦੇ ਆਦੇਸ਼ ਨੂੰ ਲੈ ਕੇ ਕਈ

ਇਤਿਹਾਸਕਾਰਾਂ ਨੇ ਇਸ ਦੀ ਨੁਕਤਾਚੀਨੀ ਕੀਤੀ ਹੈ ਪਰ ਜਦੋਂ ਅਸੀਂ ਭਾਰਤ ਦੇ ਪ੍ਰਾਚੀਨ ਧਾਰਮਿਕ ਚਿੰਤਨ ਦਾ ਅਧਿਐਨ ਕਰਦੇ ਹਾਂ ਤਾਂ ਉਥੋਂ ਇਸ ਦੀ ਪ੍ਰੋੜ੍ਹਤਾ ਦੇ ਬਹੁਤ ਹਵਾਲੇ ਮਿਲਦੇ ਹਨ। ਮਹਾਂਭਾਰਤ ਦੇ ਇਕ ਅਧਿਆਇ ਸਾਂਤੀਪਰਵ ਵਿਚ ਦੱਸਿਆ ਗਿਆ ਹੈ ਕਿ ਜਿਸ ਸਾਸ਼ਕ ਦੇ ਮੰਤਰੀ ਝੂਠੇ ਅਤੇ ਦੁਸ਼ਟ ਸਾਧਨਾਂ ਨਾਲ ਧਰਮ ਦੀ ਬੇਪਤੀ ਕਰਦੇ ਹੋਣ, ਲੋਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਮਾਰ ਦੇਣ। ਅਹਿੰਸਾ ਦੇ ਸਭ ਤੋਂ ਵੱਡੇ ਸਿਧਾਂਤਕਾਰ ਭਗਵਾਨ ਬੁੱਧ ਨੂੰ ਜਦੋਂ ਇਕ ਜੋਧੇ ਸੈਨਾਪਤੀ ਸਿੰਘਾਂ (Singha) ਨੇ ਪੁੱਛਿਆ ਕਿ ਆਪਣੇ ਘਰਾਂ ਦੀ ਰਾਖੀ ਲਈ ਲੜਾਈ ਕਰਨਾ ਉਚਿਤ ਹੈ ਜਾਂ ਨਹੀਂ? ਤਾਂ ਉਨ੍ਹਾਂ ਨੇ ਵੀ ਅਜਿਹੇ ਮੌਕੇ ਹਥਿਆਰਾਂ ਦੀ ਵਰਤੋਂ ਨੂੰ ਉਚਿਤ ਮੰਨਿਆ। ਈਸਾ ਮਸੀਹ ਨੇ ਵੀ ਆਪਣੇ ਪੈਰੋਕਾਰਾਂ ਨੂੰ ਆਪਣੇ ਗਹਿਣੇ ਕੱਪੜੇ ਵੇਚ ਕੇ ਵੀ ਹਥਿਆਰ ਖ਼ਰੀਦਣ ਅਤੇ ਆਪਣੇ ਹੱਥ ਵਿਚ ਰੱਖਣ ਦੀ ਹਦਾਇਤ ਕਰ ਦਿੱਤੀ ਜਦੋਂ ਉਨ੍ਹਾਂ ਨੇ ਪਹਿਲਾਂ ਹੀ ਅੰਦਾਜ਼ਾ ਲਗਾ ਲਿਆ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਰਾਜਨੀਤਕ ਗੜਬੜਾਂ ਪੈਦਾ ਹੋ ਜਾਣਗੀਆਂ। ਉਨ੍ਹਾਂ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਕਿ ਉਹ ਇਥੇ ਸ਼ਾਂਤੀ ਵਰਤਾਉਣ ਲਈ ਨਹੀਂ ਆਏ ਸਗੋਂ ਤਲਵਾਰ ਵਰਤਾਉਣ ਲਈ ਆਏ ਹਨ। ਬਾਅਦ ਵਿਚ ਲੜਾਈਆਂ ਨੂੰ ਈਸਾਈ ਚਰਚ ਦੀ ਪ੍ਰਵਾਨਗੀ ਮਿਲ ਗਈ। ਇਸੇ ਤਰ੍ਹਾਂ ਹੀ ਇਸਲਾਮ ਮੁਹੰਮਦ ਸਾਹਿਬ ਦੇ ਮੌਤ ਨੂੰ ਫੈਲਾਉਣ ਲਈ ਵੱਡੇ ਪੱਧਰ 'ਤੇ ਬਲ ਦੀ ਵਰਤੋਂ ਕਰਨ ਦੀ ਪ੍ਰਵਾਨਗੀ ਦਿੰਦਾ ਹੋਇਆ ਇਸ ਨੂੰ ਜਹਾਦ ਦਾ ਨਾਮ ਦਿੰਦਾ ਹੈ।

ਹੁਣ ਅਸੀਂ ਵਿਚਾਰ ਕਰਾਂਗੇ ਕਿ ਕਿਸ ਤਰ੍ਹਾਂ ਵੱਖੋ-ਵੱਖਰੇ ਧਰਮਾਂ ਵਿਚ ਵਿਸ਼ੇਸ਼ ਵਿਅਕਤੀ ਜਾਂ ਵਿਸ਼ੇਸ ਸ਼੍ਰੇਣੀਆਂ ਅਧਿਆਤਮਿਕ ਅਤੇ ਸੰਸਾਰਕ ਖੇਤਰਾਂ ਵਿਚ ਆਪਣੇ ਸੰਪੂਰਨ ਅਧਿਕਾਰ ਵਰਤਦੇ ਰਹੇ ਹਨ। ਇਸਲਾਮ ਵਿਚ ਖਲੀਫਿਆਂ ਕੋਲ ਸੰਸਾਰਕ ਅਤੇ ਧਾਰਮਿਕ ਦੋਹਾਂ ਤਰ੍ਹਾਂ ਦੀਆਂ ਸ਼ਕਤੀਆਂ ਸਨ। ਪ੍ਰਾਚੀਨ ਹਿੰਦੂ ਮੱਤ ਵਿਚ ਵੀ ਬ੍ਰਾਹਮਣ ਜਾਂ ਪ੍ਰੋਹਤ 'ਹਾਕਮ ਜਮਾਤ' ਉਪਰ, ਇੱਥੋਂ ਤਕ ਕਿ ਰਾਜਨੀਤਿਕ ਮਾਮਲਿਆਂ ਵਿਚ ਵੀ, ਰਾਜ ਸੱਤਾ ਵਿਚ ਅਸਰ ਰੱਖਦੇ ਸਨ।

ਪੱਛਮੀ ਚਿੰਤਨ ਵਿਚ ਚਰਚ (Churh) ਅਤੇ ਰਾਜ (State) ਦੀ ਸ਼ਕਲ ਵਿਚ ਅਕਸਰ ਸੰਸਾਰਕ ਅਤੇ ਅਧਿਆਤਮਿਕ ਸ਼ਕਤੀਆਂ ਬਾਰੇ ਬਹਿਸ ਹੁੰਦੀ ਰਹੀ ਹੈ। ਜਿੱਥੇ ਚਰਚ ਧਰਮ ਦੀਆਂ ਅਧਿਆਤਮਿਕ ਕਦਰਾਂ-ਕੀਮਤਾਂ ਦਾ ਲਖਾਇਕ ਹੈ। ਅਤੇ 'ਰਾਜਾ' ਸੰਸਾਰਕ ਜਾਂ ਰਾਜਸੀ ਤਾਕਤ ਦਾ, ਉਥੇ ਨਾ ਤਾਂ 'ਰਾਜ' ਅਤੇ ਨਾ ਹੀ ਚਰਚ ਇਕ ਦੂਸਰੇ ਦੀ ਸ੍ਰੇਸ਼ਠਤਾ ਮੰਨਣ ਲਈ ਤਿਆਰ ਸਨ ਅਤੇ ਇਕ ਦੂਸਰੇ ਉੱਤੇ ਆਪਣੀ ਸ੍ਰੇਸ਼ਟਤਾ ਦਾ ਦਾਅਵਾ ਕਰਦੇ ਸਨ। ਈਸਾ ਮਸੀਹ ਨੇ ਇਸ ਮਸਲੇ ਨੂੰ ਹੱਲ ਕਰਨ ਲਈ ਦੋਹਾਂ ਸ਼ਕਤੀਆਂ ਨੂੰ ਨਿਖੇੜ ਦਿੱਤਾ ਅਤੇ ਆਪਣਾ ਫ਼ਤਵਾ ਹੇਠ ਲਿਖੇ ਸ਼ਬਦਾਂ ਵਿਚ ਦਿੱਤਾ।

"ਸੀਜ਼ਰ (Ceasar) ਦੀਆਂ ਚੀਜਾਂ ਸੀਜ਼ਰ ਨੂੰ ਦੇ ਦਿਓ ਅਤੇ ਰੱਬ (God) ਦੀਆਂ ਰੱਬ ਨੂੰ।"

ਅਰਥਾਤ ਚਰਚ ਅਤੇ ਰਾਜ ਦੇ ਅਧਿਕਾਰ ਵੱਖਰੇ ਹਨ ਅਤੇ ਇਹ ਖੁਦਮੁਖਤਿਆਰ ਹਨ

ਅਤੇ ਇਸ ਲਈ ਇਕ ਦੂਸਰੇ ਦੇ ਅਧਿਕਾਰਾਂ ਵਿਚ ਦਖ਼ਲ ਨਹੀਂ ਦੇ ਸਕਦੇ। ਮਾਰਟਿਨ ਲੂਥਰ (Martin Luther) ਦੋਹਾਂ ਸ਼ਕਤੀਆਂ ਦੇ ਦਾਇਰੇ ਅਖ਼ਤਿਆਰ ਬਾਰੇ ਵਿਸਥਾਰ ਪੂਰਬਕ ਚਰਚਾ ਕਰਦੇ ਹਨ ਤੇ 'ਪੋਪ' ਦੇ ਸਿਧਾਂਤ ਨੂੰ ਚੁਣੌਤੀ ਦਿੰਦੇ ਹਨ ਅਤੇ ਦਲੀਲ ਪੇਸ਼ ਕਰਦੇ ਹਨ ਕਿ 'ਪੋਪ' ਦੇ ਅਖ਼ਤਿਆਰ ਦਾ ਦਾਇਰਾ ਅਧਿਆਤਮਿਕ ਮਾਮਲਿਆਂ ਤਕ ਹੀ ਸੀਮਤ ਹੈ ਅਤੇ ਸੰਸਾਰਕ ਮਾਮਲਿਆਂ ਨਾਲ ਉਸ ਦਾ ਕੋਈ ਸਰੋਕਾਰ ਨਹੀਂ। ਅੱਗੇ ਚੱਲ ਕੇ ਉਹ ਦੋ ਸਲਤਨਤਾਂ (Two Kingdoms) ਜਾਂ 'ਲਸ਼ਕਰਾਂ' ਦਾ ਵਿਚਾਰ ਪੇਸ਼ ਕਰਦੇ ਹਨ। ਇਕ ਦਾ ਸਬੰਧ ਅਧਿਆਤਮਕ ਮਾਮਲਿਆਂ ਨਾਲ ਹੈ ਅਤੇ ਦੂਸਰੇ ਦਾ ਸੰਸਾਰਕ ਮਾਮਲਿਆਂ ਨਾਲ। ਦੋਹਾਂ ਦੇ ਵੱਖੋ-ਵੱਖਰੇ ਸਾਧਨ ਹਨ। ਪਹਿਲੇ ਦੇ ਅਖ਼ਤਿਆਰ ਦਾ ਦਾਇਰਾ ਮਨੁੱਖੀ ਆਤਮਾਵਾਂ ਦੇ ਅੰਦਰੂਨੀ ਰਾਜ ਨਾਲ ਹੈ ਅਤੇ ਇਹ ਸ਼ਬਦ (Word) ਰਾਹੀਂ ਰਾਜ ਚਲਾਉਂਦਾ ਹੈ, ਜਦੋਂ ਕਿ ਦੂਸਰੇ ਦੇ ਅਖ਼ਤਿਆਰ ਦਾ ਦਾਇਰਾ ਸਮੁੱਚੇ ਤੌਰ 'ਤੇ ਬਾਹਰੀ ਸੁਭਾਅ ਦਾ ਹੈ ਅਰਥਾਤ ਤਲਵਾਰ ਦੀ ਮਦਦ ਨਾਲ ਅਮਨ ਤੇ ਇਨਸਾਫ ਕਾਇਮ ਰੱਖਣਾ ਹੈ ਕਿ ਮਨੁੱਖੀ ਜੀਵਨ ਲਈ ਉਤਨਾ ਹੀ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਧਰਮ ਅਤੇ ਰਾਜ ਦੀ ਸ਼ਕਤੀ ਬਾਰੇ ਹੇਠ ਲਿਖੇ ਪ੍ਰਸੰਗ ਵਿਚ ਵਿਚਾਰ ਪੇਸ਼ ਕਰਦੇ ਹਨ:

ਬਾਬੇ ਕੇ ਬਾਬਰ ਕੇ ਦੋਊ॥
ਆਪ ਕਰੇ ਪਰਮੇਸਰ ਸੋਊ॥
ਦੀਨ ਸਾਹ ਇਨ ਕੋ ਪਹਿਚਾਨੋ॥
ਦੁਨੀ ਪਤਿ ਉਨ ਕੌ ਅਨੁਮਾਨੋ॥੯॥
ਜੋ ਬਾਬੇ ਕੇ ਦਾਮ ਨ ਦੈਹੈਂ॥
ਤਿਨ ਤੇ ਗਹਿ ਬਾਬਰ ਕੇ ਲੈਹੈਂ॥
ਦੈ ਦੈ ਤਿਨ ਕੋ ਬਡੀ ਸਜਾਇ॥
ਪੁਨਿ ਲੈਹੈਂ ਗ੍ਰਿਹ ਲੂਟ ਬਨਾਇ॥੧੦॥

ਬਾਬੇ ਦੇ ਘਰ ਦਾ ਅਰਥ ਹੈ ਧਰਤੀ ਉੱਪਰ ਧਰਮ ਅਤੇ ਬਾਬਰ ਧਰਮ ਨਿਰਲੇਪ ਸੰਸਾਰਕ ਰਾਜ ਦਾ ਪ੍ਰਤੀਕ ਹੈ। ਉਪਰੋਕਤ ਹਵਾਲੇ ਤੋਂ ਸਪੱਸ਼ਟ ਹੈ ਕਿ ਜਿਹੜੇ ਧਰਮ ਦੇ ਸਦਾਚਾਰਕ ਹੁਕਮ ਨੂੰ ਨਹੀਂ ਮੰਨਦੇ, ਉਨ੍ਹਾਂ ਨੂੰ ਰਾਜ ਦੇ ਹੱਥੋਂ ਦੁੱਖ ਉਠਾਉਣਾ ਪੈਂਦਾ ਹੈ।

ਸਿੱਖ ਮੱਤ ਚਰਚ ਅਤੇ ਰਾਜ ਦੀਆਂ ਕਦਰਾਂ-ਕੀਮਤਾਂ ਦਾ ਸੁਮੇਲ ਕਾਇਮ ਕਰਦਾ ਹੈ, ਜਿਥੇਂ ਚਰਚ ਦਾ ਕੰਮ ਹੈ ਰਾਜ ਨੂੰ ਨੈਤਿਕ ਅਤੇ ਸਦਾਚਾਰਕ ਸੇਧ ਦੇਣਾ ਤਾਂ ਕਿ ਮਨੁੱਖਤਾ ਵਾਸਤੇ ਹਰ ਸੰਭਵ ਤਰੀਕੇ ਨਾਲ ਬਰਾਬਰੀ, ਨਿਆਂ ਅਤੇ ਭਲਾਈ ਆਦਿ ਯਕੀਨੀ ਬਣਾਉਣ ਲਈ ਕੰਮ ਕਰਨ ਵਿਚ ਉਸ ਨੂੰ ਸਹੂਲਤ ਮਿਲੇ। ਦੂਸਰੇ ਸ਼ਬਦਾਂ ਵਿਚ, ਹਕੂਮਤ ਦੀ ਤਾਕਤ ਦੁਆਰਾ ਮਨੁੱਖਤਾ ਉੱਪਰ ਜ਼ੁਲਮ ਅਤੇ ਜਬਰ ਨੂੰ ਧਰਮ ਦੀ ਰਹਿਨੁਮਾਈ ਅੰਦਰ ਹਰ ਸੰਭਵ ਅਤੇ ਵਧੇਰੇ ਅਸਰਦਾਇਕ ਢੰਗ ਦੁਆਰਾ ਰੋਕਣਾ। ਇਉਂ ਸਿੱਖ ਮੱਤ ਵਿਚ ਮੀਰੀ-ਪੀਰੀ ਦੀ ਵਿਚਾਰਧਾਰਾ ਕਿਸੇ ਵਿਸ਼ੇਸ਼

ਵਿਅਕਤੀ ਜਾਂ ਵਿਧੀ ਜਮਾਤ ਤਕ ਹੀ ਸੀਮਤ ਨਹੀਂ (ਜਿਵੇਂ ਈਸਾਈਅਤ ਵਿਚ 'ਪੋਪ' ਇਸਲਾਮ ਵਿਚ 'ਖ਼ਲੀਫੇ' ਅਤੇ ਹਿੰਦੂ ਮੱਤ ਵਿਚ 'ਬ੍ਰਾਹਮਣ' ਸਨ) ਸਗੋਂ ਇਹ ਇਕ ਸਮੁੱਚੇ ਸਿੱਖੀ ਜੀਵਨ ਲਈ ਸਾਵਾਂ ਰਾਹ ਪੇਸ਼ ਕਰਦੀ ਹੈ ਜਿਸ ਵਿਚ ਹਰ ਸਿੱਖ ਨੂੰ ਹਦਾਇਤ ਹੈ ਕਿ ਉਹ ਰੋਜ਼ਾਨਾ ਦਾ ਸੰਸਾਰਕ ਜੀਵਨ ਬਿਤਾਉਂਦਿਆਂ ਹੋਇਆਂ ਅਤੇ ਧਰਮ ਦੇ ਸਦਾਚਾਰਕ ਨਿਯਮਾਂ ਦੀ ਪਾਲਣਾ ਕਰਦਿਆਂ ਹੋਇਆਂ ਨੂੰ ਆਪਣੀ ਉੱਚ ਸਮਰੱਥਾ (martial capacity) ਦੀ ਠੀਕ ਵਰਤੋਂ ਕਰਕੇ ਸਚਿਆਈ (ਧਰਮ) ਦੀ ਰਾਖੀ ਕਰੇ। ਸਿੱਖ ਮੱਤ ਵਿਚ ਅਜੇਹੀ ਜੀਵਨ-ਵਿਧੀ ਨੂੰ ਸੰਤ-ਸਿਪਾਹੀ ਦੀ ਜੀਵਨ-ਵਿਧੀ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਕਿ ਵਿਅਕਤੀ ਇੱਕੋ ਵੇਲੇ ਸੰਤ ਵੀ ਹੋਵੇ ਅਤੇ ਸਿਪਾਹੀ ਵੀ।

ਸਿੱਖ ਮੱਤ ਇਕੋ ਵੇਲੇ ਅਤੇ ਇਕੋ ਵਿਅਕਤੀ ਵਿਚ ਦੋਵੇਂ ਹੀ ਗੁਣ ਭਰਨ ਦਾ ਸਮਰਥਨ ਕਰਦਾ ਹੋਇਆ ਦਲੀਲ ਦਿੰਦਾ ਹੈ ਕਿ ਸਿਰਫ ਉਹੀ ਵਿਅਕਤੀ ਜਿਹੜੇ ਇਕੋ ਵੇਲੇ ਸੰਤ ਵੀ ਹੋਣ ਅਤੇ ਸਿਪਾਹੀ ਵੀ। ਬੁਰਿਆਈ ਨੂੰ ਕਰੜਾਈ ਅਤੇ ਸਿਆਣਪ ਨਾਲ ਰੋਕ ਸਕਦੇ ਹਨ ਅਤੇ ਇਸ ਤਰ੍ਹਾਂ ਵਿਅਕਤੀ ਅਤੇ ਸਮਾਜ ਦੀ ਤਰੱਕੀ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਵਿਚ ਮੱਦਦ ਕਰ ਸਕਦੇ ਹਨ।

ਮੀਰੀ ਪੀਰੀ ਦੀ ਪਰੰਪਰਾ

ਬਿਨ ਭਗਤਿ ਸਕਤਿ ਨਹੀ ਪਰਤ ਪਾਨ॥

(ਗੁਰੂ ਗੋਬਿੰਦ ਸਿੰਘ-ਅਕਾਲ ਉਸਤਤਿ)

ਮੁਕਤਿ ਮਿਲਨ ਕੇ ਸਾਧਨ ਦੋਈ।
ਭਗਤਿ ਪ੍ਰਭੂ ਕੈ ਤੇਗ ਗਹੋਈ।

(ਗਿਆਨੀ ਗਿਆਨ ਸਿੰਘ-ਪੰਥ ਪ੍ਰਕਾਸ਼)

ਮੀਰੀ-ਪੀਰੀ ਪਰੰਪਰਾ ਦੀ ਸਿੱਖ ਲਹਿਰ (ਕੌਮ) ਦੇ ਸਮੁੱਚੇ ਪ੍ਰਸੰਗ ਵਿਚ ਕੀ ਅਹਿਮੀਅਤ ਹੈ? ਇਸ ਦਾ ਕੀ ਸਿਧਾਂਤਕ ਆਧਾਰ ਹੈ? ਅਮਲੀ ਤੌਰ 'ਤੇ ਵਿਅਕਤੀ-ਜੀਵਨ ਅਤੇ ਸਮੂਹਿਕ-ਜੀਵਨ ਵਿਚ ਇਸ ਦੇ ਕੀ ਠੋਸ ਪ੍ਰਗਟ ਰੂਪ ਹਨ? ਸਮਾਜਕ ਤੇ ਰਾਜਨੀਤਕ ਪਧਰਾਂ 'ਤੇ ਇਸ ਦੇ ਕੀ ਅਰਥ ਹਨ? ਅੱਜ ਦੀ ਸਥਿਤੀ ਵਿਚ ਭਾਰਤੀ ਸਮਾਜ ਵਾਸਤੇ (ਤੇ ਸਿੱਖ ਸਮਾਜ ਲਈ ਖਾਸ ਕਰ) ਇਸ ਦੇ ਕੀ ਤਕਾਜ਼ੇ ਹਨ? ਇਹ ਹਨ ਕੁਝ ਕੁ ਪ੍ਰਸ਼ਨ ਜੋ ਇਸ ਵਿਸ਼ੇ ਦੇ ਘੇਰੇ ਵਿਚੋਂ ਉਠਦੇ ਹਨ।

ਪੀਰੀ ਦਾ ਕੇਂਦਰੀ ਰਹੱਸ ਸਿੱਖ ਲਹਿਰ (ਕੌਮ) ਦੇ ਵਿਕਾਸ ਵਿਚ ਕਈ ਰੂਪਾਂ ਵਿਚ, ਕਈ ਸੰਕਲਪਾਂ ਰਾਹੀਂ, ਉਜਾਗਰ ਹੋਇਆ ਹੈ ਹਲਤ ਪਲਤ, ਦੀਨ-ਦੁਨੀ , ਸ਼ਕਤੀ-ਭਗਤੀ, ਸ਼ਸਤਰ-ਸ਼ਾਸਤਰ, ਗ੍ਰੰਥ-ਪੰਥ; ਅੰਜਨ-ਨਿਰੰਜਨ, ਜੋਗ-ਭੋਗ, ਦੇਗ-ਤੇਗ ਆਦਿ।

ਮੀਰੀ-ਪੀਰੀ ਦੀ ਪਰੰਪਰਾ ਮਨੁੱਖੀ ਹੋਣੀ ਦੇ ਉਸ ਸਦੀਵੀ ਦ੍ਵੰਦ (dialectic) ਵੱਲ ਸੰਕੇਤ ਕਰਦੀ ਹੈ ਜੋ ਕਦੇ ਹਲਤ-ਪਲਤ ਦੇ ਵਿਰੋਧ ਰਾਹੀਂ ਤੇ ਕਦੀ ਸ਼ਕਤੀ-ਭਗਤੀ ਦੇ ਤਨਾਓ ਦੇ ਰੂਪ ਵਿਚ ਹਮੇਸ਼ਾ ਪ੍ਰਗਟ ਹੁੰਦਾ ਰਿਹਾ ਹੈ। ਇਹਨਾਂ ਵਿਚ ਸਦੀਵੀ ਵਿਰੋਧ ਹੈ ਤੇ ਸਦੀਵੀ ਏਕਤਾ ਵਿਚ ਇਹ ਵਿਰੋਧ ਇਸ ਕਿਸਮ ਦਾ ਹੈ ਕਿ ਇਕ ਧਿਰ ਦੇ ਖ਼ਾਤਮੇ ਨਾਲ ਦੂਸਰੀ ਧਿਰ ਵੀ ਸ੍ਵੈ-ਘਾਤਕ ਸਿੱਧ ਹੁੰਦੀ ਹੈ। ਇਹ ਏਕਤਾ ਅਜੇਹੀ ਹੈ ਜੋ ਦੋਹਾਂ ਦੇ ਪਰਸਪਰ ਵਿਰੋਧ ਨਾਲ ਕਾਇਮ ਰਹਿੰਦੀ ਹੈ। ਭਗਤੀ ਨਾਲੋਂ ਟੁੱਟ ਕੇ ਸ਼ਕਤੀ ਦਿਸ਼ਾਹੀਣ ਹੋ ਜਾਂਦੀ ਹੈ ਇਉਂ ਮਨੁੱਖ ਵਿਚ ਰਾਕਸ਼-ਬਿਰਤੀ ਤੇ ਸਮਾਜ ਵਿਚ ਤਾਨਾਸ਼ਾਹੀ ਜਨਮ ਲੈਂਦੀ ਹੈ। ਸ਼ਕਤੀ ਨਾਲੋਂ ਭਗਤੀ ਟੁੱਟ ਕੇ ਸ਼ੂਨਵਾਦੀ ਹੋ ਜਾਂਦੀ ਹੈ। ਸ਼ਕਤੀ ਨਾਲੋਂ ਵਿਯੋਗੀ ਭਗਤੀ ਆਪਣਾ ਬਚਾਓ ਆਪ ਕਰਨ ਦੇ ਸਮਰਥ ਵੀ ਨਹੀਂ ਰਹਿੰਦੀ। ਗੁਰੂ ਗੋਬਿੰਦ ਸਿੰਘ ਜੀ ਦੇ ਰਚੇ 'ਚੰਡੀ ਚਰਿਤ੍ਰ' ਤੇ 'ਚੰਡੀ ਦੀ ਵਾਰ' ਦਾ ਇਹੋ ਤੱਤ ਹੈ

ਕਿ ਦੇਵਤਿਆਂ ਦੇ ਬਚਾਉਣ ਲਈ ਚੰਡੀ ਯਾਨੀ ਸ਼ਕਤੀ ਲੋੜੀਂਦੀ ਹੈ। ਜੇ ਪੀਰੀ ਮੀਰੀ 'ਤੇ ਹਾਵੀ ਹੋ ਜਾਵੇ (ਜਿਵੇਂ ਮੱਧਕਾਲ ਵਿਚ ਚਰਚ ਰਾਸ਼ਟਰ 'ਤੇ ਭਾਰੂ ਹੋ ਗਿਆ ਸੀ) ਤਾਂ ਸੈਕੂਲਰਤਾ ਦਾ ਆਧਾਰ ਹੀ ਖ਼ਤਰੇ ਵਿਚ ਪੈ ਜਾਂਦਾ ਹੈ। ਜੇ ਮੀਰੀ ਪੀਰੀ ਉਪਰ ਪ੍ਰਬਲ ਹੋ ਜਾਵੇ ਤਾਂ ਘੱਟ ਗਿਣਤੀ ਦੀਆਂ ਕੌਮਾਂ ਤੇ ਕੌਮੀਅਤਾਂ (ਮਜ਼ਬੀ ਅਕਲੀਅਤਾਂ) ਦੀ ਸ੍ਵੈ-ਗੋਚਰਤਾ (Autonomy) ਭੰਗ ਹੋ ਜਾਂਦੀ ਹੈ। ਮੀਰੀ ਤੇ ਪੀਰੀ ਦਰਿਆ ਦੇ ਦੋ ਕੰਢਿਆਂ ਵਾਂਗ ਹਨ, ਜਿਨਾਂ ਵਿਚਕਾਰ ਜੀਵਨ-ਰੌ ਵਹਿੰਦੀ ਹੈ। ਇਹ ਜੀਵਨ-ਰੌ ਆਪਣੇ ਜਲੌ ਵਿਚ ਤਾਂ ਹੀ ਧੜਕਦੀ ਰਹਿ ਸਕਦੀ ਹੈ ਜੇਕਰ ਦੋਹਾਂ ਕੰਢਿਆਂ ਵਿਚਕਾਰ ਏਕਤਾ ਵੀ ਹੋਵੇ ਤੇ ਭਿੰਨਤਾ ਅਥਵਾ ਦੂਰੀ ਵੀ। ਸੰਖੇਪਿਤ ਏਕਤਾ ਤੋਂ ਬਿਨਾ ਭਿੰਨਤਾ, ਵਿਭਿੰਨਤਾ ਹੋ ਨਿਬੜਦੀ ਹੈ। ਸਿੱਟੇ ਵਜੋਂ ਦੋਹਾਂ ਵਿਚਕਾਰ ਦੂਰੀ ਏਨੀ ਵਧ ਜਾਂਦੀ ਹੈ ਕਿ ਜਿਸ ਨਾਲ ਜੀਵਨ ਰੌਅ ਖਿੰਡਰ ਜਾਂਦੀ ਹੈ ਤੇ ਕਿਸੇ ਸੂਤ ਵਿਚ ਪਰੋਈ ਨਹੀਂ ਰਹਿੰਦੀ। ਸਮਾਜੀ ਸੰਗਠਨ ਟੁੱਟ ਜਾਂਦਾ ਹੈ। ਦੂਸਰੇ ਪਾਸੇ ਜੇਕਰ ਦੋਹਾਂ ਤੇ ਕੰਢਿਆਂ ਦੀ ਭਿੰਨਤਾ ਅਥਵਾ ਦੂਰੀ ਹੀ ਨਾ ਰਹੇ, ਕੰਢੇ ਇਕ ਨੂੰ ਜਾਵਣ ਤਾਂ ਵੀ ਜੀਵਨ-ਰੌਅ ਸੁੰਗੜ ਕੇ ਦਮ ਤੋੜ ਦਿੰਦੀ ਹੈ। ਸੋ ਦਰਿਆ ਰੂਪੀ ਜੀਵਨ-ਰੌਂ ਲਈ ਦੋਹਾਂ ਕੰਢਿਆਂ, ਯਾਨੀ 'ਮੀਰੀ ਤੇ ਪੀਰੀ' ਦੀ ਸੰਖੇਪਤ ਏਕਤਾ ਤੇ ਸੰਖੇਪਤ ਭਿੰਨਤਾ ਲਾਜ਼ਮੀ ਹੈ। ਇਸ ਏਕਤਾ ਭਿੰਨਤਾ ਦੇ ਆਧਾਰ 'ਤੇ ਦੋਹਾਂ ਦਾ ਇਕ ਨਵਾਂ ਸੰਤੁਲਨ ਸਿੱਖ-ਧਰਮ ਨੇ ਰੂਪਮਾਨ ਕੀਤਾ ਹੈ। ਮੀਰੀ-ਪੀਰੀ ਦਾ ਇਹ ਸੁਮੇਲ ਤੇ ਸੰਤੁਲਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਦ੍ਰਿਸ਼ਟਮਾਨ ਹੈ। ਸ੍ਰੀ ਹਰਿਮੰਦਰ ਸਾਹਿਬ ਪੀਰੀ ਅਥਵਾ ਅਧਿਆਤਮਿਕ ਪ੍ਰਭੂਤਾ (spiritual sovereignty) ਦਾ ਪ੍ਰਤੀਕ ਹੈ ਤੇ ਇਸ ਤੋਂ ਅੱਡਰਾ ਰੂਪ ਨਾਲ ਹੀ (ਅੰਤਰ-ਸਬੰਧਤ) ਸ੍ਰੀ ਅਕਾਲ ਤਖ਼ਤ ਸਾਹਿਬ ਹੈ ਜੋ ਮੀਰੀ ਯਾਨੀ ਹਲਤ-ਮੁਖੀ ਪ੍ਰਭੂਤਾ (temporal sovereignty) ਦਾ ਚਿੰਨ੍ਹ ਹੈ। ਏਸੇ ਤਰ੍ਹਾਂ ਹੀ ਸਿੱਖ-ਧਰਮ ਵਿਚ ਮਨੁੱਖ ਦੇ ਹਲਤਮੁਖੀ ਤੇ ਪਲਤਮੁਖੀ ਰਿਸ਼ਤਿਆਂ ਨੂੰ ਚਿਤਵਿਆ ਗਿਆ ਹੈ।

ਮੀਰੀ-ਪੀਰੀ ਦਾ ਸੰਕਲਪ ਜੀਵ ਪਰਮਾਤਮਾ ਦੇ ਵਿਅਕਤੀ-ਸਮਾਜ ਦੇ ਆਪਸੀ ਰਿਸ਼ਤਿਆਂ ਦੇ ਇਕ ਨਵੇਂ ਤਸੱਵਰ ਵੱਲ ਸੰਕੇਤ ਕਰਦਾ ਹੈ, ਇਕ ਅਜੇਹਾ ਤਸੱਵਰ ਜੋ ਕਿਸੇ ਵੀ ਹੋਰ ਮਜ਼ਬ ਦੇ ਪੇਸ਼ ਕੀਤੇ ਨਿਰਣੇ ਨਾਲੋਂ ਵੱਖਰਾ ਹੈ ਤੇ ਆਧੁਨਿਕ ਵੀ। ਸਿੱਖ-ਧਰਮ ਅਨੁਸਾਰ ਮਨੁੱਖ, ਬਤੌਰ ਜੀਵ, ਪਰਮਾਤਮਾ ਦਾ ਅੰਸ਼ ਹੈ ਤੇ ਬਤੌਰ ਵਿਅਕਤੀ ਸਮਾਜ ਦਾ ਅਣੂ ਹੈ। ਮੀਰੀ ਤੇ ਪੀਰੀ ਮਨੁੱਖ ਦੇ ਇਹਨਾਂ ਦੋ ਪੱਖਾਂ ਦੇ ਪ੍ਰਤੀਕ ਹਨ। ਇਨ੍ਹਾਂ ਦਾ ਸੁਮੇਲ ਦੋਹਾਂ ਪਹਿਲੂਆਂ ਦਾ ਸੰਤੁਲਨ ਉਸ ਨੂੰ ਨੈਤਿਕ ਪੱਧਰ 'ਤੇ ਚੌਥੇ ਪਦ ਦੀ ਅਜੇਹੀ ਅਵਸਥਾ ਵਿਚ ਪਹੁੰਚਾਉਂਦਾ ਹੈ, ਜਿਥੇ ਜੋਗੀਆਂ ਅੰਦਰ ਜੋਗੀ ਤੇ ਭੋਗੀਆਂ ਅੰਦਰ ਭੋਗੀ ਹੀ ਹੁੰਦਾ ਹੋਇਆ ਉਹ ਮਾਇਆ ਰੂਪੀ ਜਲ ਵਿਚ ਕਮਲ ਨਿਆਈ ਵਿਚਰਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਪੰਨਾ ੯੩੮)

ਗੁਰਬਾਣੀ ਵਿਚ ਪ੍ਰਾਕ੍ਰਿਤਿਕ ਅਵੱਸਥਾ ਦੇ ਤਿੰਨ ਗੁਣਾਂ (ਤਮ, ਰਜ, ਸਤ) ਤੋਂ ਉਤਾਂਹ ਉਠ ਕੇ ਚੌਥੇ ਪਦ ਦੀ ਪ੍ਰਾਪਤੀ ਤੇ ਬਹੁਤ ਬਲ ਦਿੱਤਾ ਗਿਆ ਹੈ:

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥...
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥

(ਪੰਨਾ ੬੮)

ਇਹ ਤਿੰਨ ਗੁਣ ਮਨੁੱਖ ਦੀ ਉਸ ਸਥਿਤੀ ਵਲ ਸੰਕੇਤ ਕਰਦੇ ਹਨ ਜਦੋਂ ਉਹ ਜੜ੍ਹ-ਪ੍ਰਾਕ੍ਰਿਤੀ ਦੀ ਹਾਲਤ ਵਿਚ ਹੀ ਹੁੰਦਾ ਹੈ, ਜਦੋਂ ਉਸ ਦੀ ਨੈਤਿਕ-ਆਤਮਕ ਵਿਕਾਸ ਆਰੰਭ ਨਹੀਂ ਹੋਇਆ ਹੁੰਦਾ। ਤਮ ਗੁਣ ਸਿਥਿਲਤਾ (inertia) ਦਾ ਪ੍ਰਤੀਕ ਹੈ। ਰਜ, ਗੁਣ, ਬਲ, ਤੇਜ ਅਥਵਾ ਸ਼ਕਤੀ ਦਾ ਚਿੰਨ੍ਹ ਹੈ। ਸਤ ਗੁਣ ਪ੍ਰਕਾਸ਼, ਗਿਆਨ ਚੇਤਨਾ ਵਲ ਸੰਕੇਤ ਕਰਦਾ ਹੈ ਜੋ ਪੀਰੀ ਦੇ ਲੱਛਨ ਹਨ। ਸਾਂਖ ਫਲਸਫੇ ਅਨੁਸਾਰ ਵਿਕਾਸ ਤੋਂ ਪਹਿਲਾਂ ਦੀ ਹਾਲਤ ਵਿਚ ਇਹ ਵਿਰੋਧੀ ਗੁਣ ਨਿਹਚਲ ਅਵਸਥਾ ਵਿਚ ਵਿਚਰਦੇ ਹਨ। ਜਦੋਂ ਪ੍ਰਕ੍ਰਿਤੀ ਪੁਰਸ਼ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਮੁਢਲੀ ਨਿਹਚਲ ਅਵਸਥਾ ਭੰਗ ਹੋ ਜਾਂਦੀ ਹੈ ਤੇ ਇਹ ਗੁਣ ਸੰਭਾਵਨਾ-ਰੂਪ ਤੇ ਠੋਸ ਰੂਪ ਵਿਚ ਪ੍ਰਗਟ ਹੁੰਦੇ ਹਨ। ਪਰ ਇਸ ਪ੍ਰਕਿਰਿਆ ਵਿਚ ਇਹਨਾਂ ਗੁਣਾਂ ਦੀ ਸੰਤੁਲਣਾਤਮਕ ਏਕਤਾ ਕਾਇਮ ਨਹੀਂ ਰਹਿੰਦੀ, ਇਕ ਜਾਂ ਦੂਸਰਾ ਗੁਣ ਹੋਰਨਾਂ 'ਤੇ ਹਾਵੀ ਹੋ ਜਾਂਦਾ ਹੈ। ਜਦੋਂ ਮਨੁੱਖ ਇਸ ਤ੍ਰੈ-ਗੁਣੀ ਅਵਸਥਾ ਵਿਚ ਰਹਿੰਦਾ ਹੈ ਉਹ ਇਕ ਜਾਂ ਦੂਸਰੇ ਗੁਣ ਦੀ ਪ੍ਰਬਲਤਾ ਦੇ ਅਧੀਨ ਰਹਿੰਦਾ ਹੈ। ਗੁਰਬਾਣੀ ਦੇ ਚੌਥੇ ਪਦ ਵਿਚ ਇਹਨਾਂ ਗੁਣਾਂ ਦਾ ਖਾਤਮਾ ਨਹੀਂ ਹੁੰਦਾ, ਸਗੋਂ ਇਹ ਗੁਣ ਇਕ ਉਚੇਰੀ ਏਕਤਾ ਵਿਚ ਸੰਤੁਲਨ ਪ੍ਰਾਪਤ ਕਰਦੇ ਹਨ, ਜਿਥੇ ਇਹ ਇਕ ਦੂਜੇ ਦੇ ਸਹਿਯੋਗੀ ਤੇ ਪੂਰਕ ਸਾਬਤ ਹੁੰਦੇ ਹਨ। ਇਹ ਉਚੇਰੀ ਏਕਤਾ ਹੈ ਮੀਰੀ ਪੀਰੀ ਯਾਨੀ ਸ਼ਕਤੀ-ਭਗਤੀ ਦਾ ਸੁਮੇਲ।

ਇਹ ਮਨੁੱਖ ਦੇ ਨੈਤਿਕ ਵਿਕਾਸ ਦਾ ਇਕ ਪੜਾ ਹੈ। ਇਸ ਤੋਂ ਅਗਲਾ ਪੜਾ (ਮੀਰੀ ਪੀਰੀ ਦਾ ਅਗਲੇਰਾ ਪਹਿਲੂ) ਉਹ ਹੈ ਜਿਥੇ ਮਨੁੱਖ ਆਪਣੇ ਸਮਾਜੀ ਕਰਤਵ ਦੀ ਪਾਲਣਾ ਹਿਤ ਸੰਤ-ਸਿਪਾਹੀ ਦਾ ਰੂਪ ਧਾਰਨ ਕਰਦਾ ਹੈ। ਉਸ ਦਾ ਨੈਤਿਕ ਧਿਆਨ ਉਸ ਨੂੰ ਸਮਾਜ ਕਲਿਆਣ ਵਲ ਪ੍ਰੇਰਦਾ ਹੈ। ਫਿਰ ਉਹ ਵਿਅਕਤੀਗਤ ਮੁਕਤੀ ਦਾ ਅਭਿਲਾਸ਼ੀ ਨਹੀਂ ਰਹਿੰਦਾ, ਸਗੋਂ ਸਰਬੱਤ ਦੇ ਭਲੇ ਦਾ ਇਛੁਕ ਬਣਦਾ ਹੈ (ਕੇਤੀ ਛੁਟੀ ਨਾਲਿ)। ਆਪਣੇ ਇਸ ਸਮਾਜੀ ਕਰਤਵ ਲਈ ਉਹ ਭਗਤੀ ਦੀ ਰੋਸ਼ਨੀ ਵਿਚ ਸ਼ਕਤੀ ਦਾ ਪ੍ਰਯੋਗ ਕਰਦਾ ਹੈ, ਧਰਮ-ਯੋਧਾ ਬਣਦਾ ਹੈ:

...ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥

(ਗੁਰੂ ਗੋਬਿੰਦ ਸਿੰਘ)

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ-ਜੀਵਨ ਵਿਚ ਨੈਤਿਕ ਪੱਧਰ ਉੱਤੇ ਮੀਰੀ ਪੀਰੀ ਦਾ ਅਰਥ ਉਹ ਅਵਸਥਾ ਹੈ ਜਿਸ ਵਿਚ ਮਨੁੱਖ *'ਅੰਜਨ ਮਾਹਿ ਨਿਰੰਜਨ'* ਯਾਨੀ *'ਘਰ ਹੀ ਮਾਹਿ ਉਦਾਸੁ'* ਵਿਚਰਦਾ ਹੈ। ਵਿਅਕਤੀ ਜੀਵਨ ਵਿਚ ਸਮਾਜੀ ਪੱਧਰ ਉੱਤੇ ਮੀਰੀ ਪੀਰੀ ਦਾ ਅਰਥ ਹੈ, ਉਹ ਅਵਸਥਾ ਜਿਸ ਵਿਚ ਮਨੁੱਖ ਸੰਤ ਸਿਪਾਹੀ ਦਾ ਰੂਪ ਧਾਰਨ ਕਰਦਾ ਹੈ। ਜੇਕਰ

ਵਿਅਕਤੀ ਜੀਵਨ ਦੇ ਉਪਰੋਕਤ ਦੋਹਾਂ ਪਧਰਾਂ (ਨੈਤਿਕ ਸਮਾਜਕ) ਨੂੰ ਇਕ ਸੂਤ ਵਿਚ ਪਰੋ ਕੇ ਵੇਖਿਆ ਜਾਵੇ ਤਾਂ ਮੀਰੀ ਪੀਰੀ ਦਾ ਗੁਰਮੁਖ ਸੰਬੰਧੀ ਆਦਰਸ਼ ਸਾਹਮਣੇ ਆਉਂਦਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ *"ਪੰਚ ਪਰਵਾਣ ਪੰਚ ਪਰਧਾਨੁ"* ਦੇ ਮਹਾਂ ਵਾਕ ਰਾਹੀਂ ਦਰਸਾਇਆ ਹੈ। ਗੁਰਮੁਖ ਜਿਥੇ ਸਚ ਖੰਡ (ਪਲਤ) ਵਿਚ ਪਰਵਾਣ ਹੈ ਉਥੇ ਹਲਤ ਵਿਚ, ਸੰਸਾਰ ਵਿਚ, ਪਰਧਾਨ ਹੈ। ਦੁਨਿਆਵੀ ਸ਼ਕਤੀ ਦਾ ਸੁਆਮੀ ਹੈ। ਪੰਚ ਪਰਧਾਨ ਦੇ ਸੰਕਲਪ ਅਨੁਸਾਰ ਗੁਰਮੁਖ (ਜਿਸ ਨੂੰ ਖ਼ਾਲਸਈ ਰੂਪ ਵਿਚ ਸਿੰਘ ਕਿਹਾ ਜਾਂਦਾ ਹੈ) ਹਲਤਮੁਖੀ ਪ੍ਰਭੁਤਾ ਦਾ ਦਾਅਵੇਦਾਰ ਹੈ, ਹੱਕਦਾਰ ਹੈ:

ਹਮ ਰਾਖਤ ਪਤਿਸ਼ਾਹੀ ਦਾਵਾ।
ਜਾਂ ਇਤ ਕੋ ਜਾਂ ਅਗਲੋ ਪਾਵਾ।
ਧ੍ਰੂ ਵਿਸਰਤ ਔ ਧਵਲ ਡੁਲਾਇ।
ਸਤਿਗੁਰ ਬਚਨ ਨ ਖਾਲੀ ਜਾਇ।
ਪਤਿਸ਼ਾਹੀ ਛਡ ਕਿਮ ਲਹੈ ਨਿਬਾਬੀ।
ਪਰਾਧੀਨ ਜਿਹ ਮਾਂਹਿ ਖਰਾਬੀ॥੩੮॥

(ਭੰਗੂ ਰਤਨ ਸਿੰਘ-ਪ੍ਰਚੀਨ ਪੰਥ ਪ੍ਰਕਾਸ਼)

ਗੁਰਮੁਖ ਅਥਵਾ ਸਿੰਘ ਦੇ ਇਸ ਦਾਅਵੇ ਪਿਛੇ ਰੱਬੀ ਮਰਜ਼ੀ ਹੈ, ਇਲਾਹੀ ਪਰਵਾਣਤਾ ਹੈ, ਜਿਵੇਂ ਕਿ 'ਪੰਚ ਪਰਵਾਣ' ਦੇ ਸੰਕਲਪ ਤੋਂ ਸਿੱਧ ਹੈ।

ਉਪਰ ਵਿਅਕਤੀ-ਜੀਵਨ ਵਿਚ ਨੈਤਿਕ, ਸਮਾਜਕ ਤੇ ਰਾਜਨੀਤਕ ਪੱਧਰਾਂ ਤੇ ਮੀਰੀ-ਪੀਰੀ ਦੇ ਅਰਥ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਸਮਾਜੀ ਜੀਵਨ ਅਰਥਾਤ ਸਮਾਜ ਵਿਚ ਮੀਰੀ-ਪੀਰੀ ਦਾ ਸੰਕਲਪ ਹਲਤਮੁਖੀ ਪ੍ਰਭੂਤਾ ਤੇ ਪਲਤਮੁਖੀ ਪ੍ਰਭੂਤਾ ਦੇ ਮਸਲੇ ਦਾ ਇਕ ਵਿਲੱਖਣ ਹੱਲ ਹੈ। ਦੂਜੇ ਲਫ਼ਜ਼ਾਂ ਵਿਚ ਸਮਾਜੀ ਖੇਤਰ ਵਿਚ ਮੀਰੀ-ਪੀਰੀ ਦਾ ਸਬੰਧ ਧਰਮ ਅਤੇ ਰਾਜ ਦੀਆਂ ਸੰਸਥਾਵਾਂ ਦੇ ਸੋਮੇ ਤੇ ਆਪਸੀ ਰਿਸ਼ਤੇ ਦੀਆਂ ਸਮੱਸਿਆਵਾਂ ਨਾਲ ਹੈ। ਇਸ ਪ੍ਰਸੰਗ ਵਿਚ ਸਿੱਖ ਲਹਿਰ ਨੇ ਜੋ ਸਮਾਧਾਨ ਪੇਸ਼ ਕੀਤਾ ਹੈ, ਉਹ ਹੋਰਨਾਂ ਸਾਰੇ ਮਜ਼੍ਹਬਾਂ ਦੇ ਪੇਸ਼ ਕੀਤੇ ਨਿਰਣਿਆਂ ਨਾਲੋਂ ਵੱਖਰਾ ਤੇ ਵਚਿਤ੍ਰ ਹੀ ਨਹੀਂ ਸਗੋਂ ਸਿੱਖ ਕੌਮ ਦੀ ਵਿਲੱਖਣ ਹਸਤੀ ਨੂੰ ਕਾਇਮ ਰੱਖਦਾ ਹੋਇਆ ਅੱਜ ਦੇ ਯੁੱਗ ਦੇ ਤਕਾਜ਼ਿਆ ਤੇ ਭਲੀ-ਭਾਂਤ ਪੂਰਾ ਉਤਰਦਾ ਹੈ ਇਸ ਦਾ ਵਿਸਥਾਰ ਅੱਗੇ ਚੱਲ ਕੇ ਕੀਤਾ ਜਾਵੇਗਾ।

ਹਲਤਮੁਖੀ ਪ੍ਰਭੁਤਾ ਤੇ ਪਲਤਮੁਖੀ ਪ੍ਰਭੁਤਾ ਦੇ ਅਰਥਾਂ ਵਿਚ ਮੀਰੀ ਤੇ ਪੀਰੀ ਸਿੱਖ ਮੱਤ (ਧਰਮ) ਦੀ ਵਿਲੱਖਣਤਾ ਦੇ ਪ੍ਰਤੀਕ ਹਨ। ਭਾਰਤੀ ਸੰਦਰਭ ਵਿਚ ਸਿੱਖ ਲਹਿਰ ਨਾਲ ਪਹਿਲੀ ਵਾਰ ਇਕ ਨਵੀਂ ਕਿਸਮ ਦਾ ਮਜ਼੍ਹਬ ਹੋਂਦ ਵਿਚ ਆਇਆ ਜਿਸ ਨੇ ਪਲਤਮੁਖੀ ਪ੍ਰਭੂਤਾ ਦੇ ਨਾਲ-ਨਾਲ ਹਲਤਮੁਖੀ ਪ੍ਰਭੁਤਾ ਨੂੰ ਵੀ ਅਪਣਾ ਲਕਸ਼ ਥਾਪਿਆ ਅਤੇ ਆਪਣੇ ਸੰਸਥਾਤਮਕ ਰੂਪ ਵਿਚ ਹਲਤਮੁਖੀ ਪ੍ਰਭੁਤਾ ਦੀ ਲੋੜੀਂਦੀ ਵਿਵਸਥਾ ਕੀਤੀ। ਅੰਗਰੇਜ਼ੀ ਵਿਚ ਮੈਂ ਇਸ ਨੂੰ ਇਉਂ ਕਹਿ ਸਕਦਾ ਹਾਂ:

Sikhism is essentiatly a State symbolizing a unigue correlation of the Spritual and the Temporal Sovereignty.

ਸਿਖ ਮੱਤ (ਧਰਮ) ਨੇ ਇਕ ਨਵੇਂ ਮਨੁੱਖ (ਗੁਰਮੁੱਖ), ਇਕ ਨਵੇਂ ਸਮਾਜ (ਪੰਥ) ਤੇ ਇਕ ਨਵੇਂ ਰਾਸ਼ਟਰ (ਖਾਲਸਾ-ਤੰਤ੍ਰ) ਦਾ ਤਸੱਵਰ ਪੇਸ਼ ਕੀਤਾ। ਇਸ ਨਵੇਂ ਰਾਸ਼ਟਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਨਾ ਦਿੱਤਾ ਹੈ ਤੇ ਆਪ ਨੇ ਇਸ ਹਲੇਮੀ ਰਾਜ ਦਾ ਇਲਾਹੀ ਮੈਨੀਫੈਸਟੋ ਇਹਨਾਂ ਸ਼ਬਦਾਂ ਵਿਚ ਪ੍ਰਸਤੁਤ ਕੀਤਾ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ॥ (ਪੰਨਾ ੭੪)

ਰਾਸ਼ਟਰ ਅਰਥਾਤ ਰਾਜ-ਸੱਤਾ ਦੇ ਦੋ ਬੁਨਿਆਦੀ ਹੱਕ ਜਾਂ ਲੱਛਣ ਹੁੰਦੇ ਹਨ: ਸ਼ਸਤਰ ਧਾਰਨ ਕਰਨਾ ਅਤੇ ਟੈਕਸ ਲੈਣਾ। ਸਿੱਖ ਲਹਿਰ ਨੇ ਕਿਰਪਾਨ ਅਤੇ ਦਸਵੰਧ ਦੇ ਰੂਪ ਵਿਚ ਇਹ ਦੋਵੇਂ ਹੱਕ ਹਮੇਸ਼ਾਂ ਰਾਖਵੇਂ ਰੱਖੇ ਹਨ।

ਸਿੱਖੀ ਵਿਚ ਚੜ੍ਹਾਵੇ ਦਾ ਅਰਥ ਮਨੌਤ ਜਾਂ ਸੁਖਣਾ ਵਾਲਾ (propitiatory) ਨਹੀਂ ਜਿਵੇਂ ਹਿੰਦੂ-ਪੂਜਾ ਵਿਚ ਹੈ। ਦਸਵੰਧ ਅਥਵਾ ਚੜ੍ਹਾਵੇ ਦਾ ਆਧਾਰ ਹੈ ਸਿੱਖ ਦਾ ਆਪਣੇ ਅਧਿਆਤਮਕ ਰਾਸ਼ਟਰ (spiritual state) ਨਾਲ ਸਬੰਧ, ਇਸ ਵੱਲ ਪ੍ਰਥਮ ਆਗਿਆਕਾਰੀ। ਇਸ ਪੱਖ ਤੋਂ ਠੰਡੇ ਦਿਲ ਨਾਲ ਸ਼ਾਂਤਮਈ ਵਾਤਾਵਰਣ ਵਿਚ ਇਹ ਪ੍ਰਸ਼ਨ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਕੀ ਦੁਨਿਆਵੀ ਰਾਸ਼ਟਰ ਨੂੰ ਅਧਿਆਤਮਕ ਰਾਸ਼ਟਰ ਦੀ ਆਮਦਨ ਤੇ ਕਰ ਲਗਾਉਣ ਦਾ ਹੱਕ ਜਾਂ ਇਖ਼ਤਿਆਰ ਹੈ। ਪੰਜ ਕਕਾਰਾਂ ਵਿਚ ਕਿਰਪਾਨ ਇਕ ਮਹੱਤਵਪੂਰਨ ਕਕਾਰ ਹੈ ਜੋ ਚਿੰਨ੍ਹਾਂਤਮਕ ਰੂਪ ਵਿਚ ਖ਼ਾਲਸਈ ਪ੍ਰਭੁਤਾ ਦਾ ਨਿਸ਼ਾਨ ਹੈ ਜਿਸ ਦਾ ਅਰਥ ਹੈ ਬਿਨ੍ਹਾ ਰੋਕ-ਟੋਕ, ਪਾਬੰਦੀ ਜਾਂ ਸੀਮਾ ਦੇ ਕਿਰਪਾਨ ਧਾਰਨ ਦਾ ਖ਼ਾਲਸਈ ਹੱਕ (sovereign right)। ਲਾਇਸੈਂਸ ਲੈ ਕੇ ਜਾਂ ਕਿਰਪਾਨ ਦੀ ਲੰਬਾਈ ਚੌੜਾਈ ਬਾਰੇ ਕੋਈ ਸੀਮਾ ਸਹਿਣ ਕਰਕੇ ਜਾਂ ਸਮੇਂ ਸਥਾਨ ਦੀ ਕੋਈ ਪਾਬੰਦੀ ਬਰਦਾਸ਼ਤ ਕਰਕੇ ਪਹਿਣੀ ਹੋਈ ਕਿਰਪਾਨ ਸਿੱਖੀ ਕਕਾਰ ਨਹੀਂ-ਕਿਉਂਕਿ ਇਸ ਹਾਲਤ ਵਿਚ ਇਹ ਖ਼ਾਲਸਈ ਪ੍ਰਭੁਤਾ ਦਾ ਨਿਸ਼ਾਨ ਨਹੀਂ ਰਹਿ ਜਾਂਦੀ, ਬਲਕਿ ਇਕ ਫੋਕਾ, ਅਰਥ-ਹੀਣ ਬਾਹਰੀ ਚਿੰਨ੍ਹ ਬਣ ਕੇ ਰਹਿ ਜਾਂਦੀ ਹੈ ਜਿਸ ਲਈ ਸਿੱਖੀ ਵਿਚ ਕੋਈ ਥਾਂ ਨਹੀਂ। ਇਸ ਦੇ ਅੰਦਰਲੇ ਰਹੱਸ ਨੂੰ ਜਾਣ ਕੇ ਹੀ ਪਹਿਣੀ ਹੋਈ ਕਿਰਪਾਨ ਖ਼ਾਲਸਈ ਕਕਾਰ ਹੈ। ਕਿਰਪਾਨ ਦੀ ਆਜ਼ਾਦੀ ਸਬੰਧੀ ਅੰਗਰੇਜ਼ ਰਾਜ ਨਾਲ ਹੋਏ ਸ਼ੰਘਰਸ਼ ਪਿੱਛੇ ਵੀ ਖ਼ਾਲਸਈ ਪ੍ਰਭੁਤਾ ਦਾ ਏਹੋ ਅਸੂਲ ਕੰਮ ਕਰ ਰਿਹਾ ਸੀ, ਕਿਉਂਕਿ ਸਿੱਖ ਲਹਿਰ ਇਸ ਬਾਰੇ ਚੇਤਨ ਹੈ ਕਿ:

ਸ਼ਸਤ੍ਰਨ ਕੇ ਅਧੀਨ ਹੈ ਰਾਜੁ।

(ਸੁਖਾ ਸਿੰਘ ਗੁਰਬਿਲਾਸ)

ਇਸ ਇਤਿਹਾਸਕ ਸਚਾਈ ਦਾ ਦੂਸਰਾ ਪਾਸਾ ਰਿਹਾ ਹੈ:

ਬਿਨਾ ਰਾਜ ਨਹਿੰ ਧਰਮ ਚਲੈ ਹੈ।

(ਸੁਖਾ ਸਿੰਘ)

ਪਰ ਇਸ ਦੂਸਰੀ ਸਚਾਈ ਨੂੰ ਸਿੱਖ ਲਹਿਰ ਨੇ ਸ਼ਕਤੀ ਦੇ ਜਬਰ ਨਾਲ ਧਰਮ ਫੈਲਾਉਣ ਲਈ ਨਹੀਂ ਵਰਤਿਆ ਸਗੋਂ ਸ਼ਕਤੀ ਨਾਲ ਕੀਤੀ ਮਜ਼੍ਹਬੀ ਤਬਦੀਲੀ ਵਿਰੁੱਧ ਸੰਗਰਾਮ ਕੀਤਾ ਹੈ ਜਿਵੇਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਾਖੀ ਭਰਦੀ ਹੈ। ਨਾਲ ਹੀ ਸਿੱਖ ਲਹਿਰ ਨੂੰ ਇਸ ਗੱਲ ਦੀ ਸੋਝੀ ਹੈ ਕਿ ਭਾਵੇਂ ਧਰਮ ਫੈਲਾਉਣ ਲਈ ਸ਼ਕਤੀ ਦੀ ਵਰਤੋਂ ਅਨੁਚਿਤ ਹੈ ਪਰ ਧਰਮ ਦੀ ਰਖਿਆ ਲਈ ਅਥਵਾ ਮਜ਼੍ਹਬੀ ਅਕਲੀਅਤਾਂ ਦੀ ਹੋਣੀ ਤੇ ਹਸਤੀ ਲਈ ਰਾਜ ਸੱਤਾ ਅਵੱਸ਼ਕ ਹੈ। ਇਸ ਤਰ੍ਹਾਂ ਸ਼ਕਤੀ ਤੇ ਭਗਤੀ, ਮੀਰੀ ਤੇ ਪੀਰੀ, ਇਕ ਦੂਸਰੇ ਦੇ ਪੂਰਕ ਹਨ। ਜੇਕਰ ਸਿੱਖ ਲਹਿਰ ਦੋਹਾਂ ਵਿਚਕਾਰ ਇਸ ਕਿਸਮ ਦਾ ਰਿਸ਼ਤਾ ਸਥਾਪਿਤ ਨਾ ਕਰਦੀ ਤਾਂ ਸਿੱਖ ਕੌਮ ਖ਼ਾਲਸਈ ਰੂਪ ਵਿਚ ਜੀਣ-ਥੀਣ ਦੀ ਥਾਂ ਕਬੀਰ-ਪੰਥੀਆਂ ਵਾਂਗ, ਨਾਨਕ-ਪੰਥੀਆਂ ਦੀ ਸ਼ਕਲ ਵਿਚ ਹਿੰਦੂ-ਸਮੂਹ ਵਿਚ ਹੀ ਜਜ਼ਬ ਹੋ ਕੇ ਰਹਿ ਗਈ ਹੁੰਦੀ। ਹੋਰਨਾਂ ਅਨੇਕਾਂ ਮੱਤ-ਮਤਾਤਰਾਂ ਵਾਂਗ ਸਿਖ-ਧਾਰਾ ਇਸ ਕਰਕੇ ਹੀ ਹਿੰਦੂ ਮਹਾਂ- ਸਾਗਰ ਵਿਚ ਅਲੋਪ ਨਹੀਂ ਹੋਈ ਕਿਉਂਕਿ ਇਹ ਇਕ ਨਵੀਂ ਕਿਸਮ ਦਾ ਮਜ਼੍ਹਬ ਸੀ ਜਿਸ ਨੇ ਮੀਰੀ ਧਾਰਨ ਕਰਕੇ ਹਲਤਮਖੀ ਪ੍ਰਭੁਤਾ ਨੂੰ ਆਪਣਾ ਲਕਸ਼ ਬਣਾਇਆ। ਆਪਣੇ ਇਸ ਦਾਅਵੇ ਕਾਰਨ ਹੀ ਸਿੱਖ ਲਹਿਰ ਦੀ ਸਥਾਪਿਤ ਰਾਜ-ਸੱਤਾ ਨਾਲ ਟੱਕਰ ਹੁੰਦੀ ਆਈ ਹੈ- ਭਾਵੇਂ ਪੱਜ ਕੋਈ ਵੀ ਬਣਦਾ ਰਿਹਾ ਹੋਵੇ। ਇਹ ਕਹਿਣਾ ਕਿ ਸ਼ਾਂਤਮਈ ਢੰਗ ਨਾਲ ਚਲੀ ਆਉਂਦੀ ਸਿੱਖ ਲਹਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਵਿਚ ਭਗਤੀ-ਮਾਰਗ ਤੋਂ ਸ਼ਕਤੀ-ਮਾਰਗ ਵੱਲ ਉਲਾਰ ਹੋ ਗਈ; ਸਿੱਖ ਮਜ਼੍ਹਬ ਦੇ ਅੰਦਰਲੇ ਰਹੱਸ ਬਾਰੇ ਅਗਿਆਨਤਾ ਦਾ ਸਬੂਤ ਦੇਣਾ ਹੀ ਹੈ। ਸ਼ਕਤੀ ਭਰ ਅਥਵਾ ਮੀਰੀ-ਪੀਰੀ ਦਾ ਦਾਅਵਾ ਤਾਂ ਗੁਰੂ ਨਾਨਕ ਦੇਵ ਜੀ ਦੇ 'ਪੰਚ ਪਰਵਾਨ-ਪੰਚ ਪਰਧਾਨੁ' ਦੇ ਸੰਕਲਪ ਵਿਚ ਹੀ ਵਿਦਮਾਨ ਹੈ। ਮੀਰੀ ਦਾ ਸੰਕਲਪ, ਇਸ ਦੇ ਵਿਅਕਤੀਗਤ ਸਮਾਜਕ ਤੇ ਰਾਜਨੀਤਕ ਪੱਧਰਾਂ ਉਪਰ ਸਿੱਟੇ ਤੇ ਤਕਾਜ਼ੇ ਬੀਜ-ਰੂਪ ਵਿਚ ਨਾਨਕ-ਬਾਣੀ ਵਿਚ ਵਿਚਰਦੇ ਹਨ। ਏਸੇ ਲਈ ਰਾਜ-ਸੱਤਾ ਪ੍ਰਾਪਤ ਕਰਨ ਉਪਰੰਤ ਖ਼ਾਲਸਾ ਪੰਥ ਨੇ ਸੰਨ ੧੭੬੫ ਵਿਚ ਜੋ ਨਾਨਕ ਸ਼ਾਹੀ ਸਿੱਕਾ ਚਲਾਇਆ ਉਸ ਦੀ ਇਬਾਰਤ ਵਿਚ ਦੇਗ ਤੇ ਤੇਗ ਦੋਹਾਂ ਦੀ ਫ਼ਤਹਿ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਨਾਲ ਗੁਰੂ ਨਾਨਕ ਦਾ ਨਾਮ ਵੀ ਸਿਮਰਿਆ:

ਦੇਗੋ ਤੇਗੋ ਫਤਹ ਨੁਸਰਤ ਬੇਦਰੰਗ।
ਯਾਫ਼ਤ ਨਾਨਕ ਅਜ਼ ਗੁਰੂ ਗੋਬਿੰਦ ਸਿੰਘ।

(ਭਾਈ ਕਾਨ੍ਹ ਸਿੰਘ ਨਾਭਾ-ਮਹਾਨ ਕੋਸ਼)

ਸੋ ਇਹ ਕਹਿਣਾ ਗਲਤ ਹੈ ਕਿ ਬਾਹਰਲੇ ਹਾਲਾਤ ਕਾਰਨ ਹੀ ਸਿੱਖ ਲਹਿਰ ਪੀਰੀ ਤੋਂ ਮੀਰੀ ਵੱਲ ਪਰਤੀ। ਬਾਹਰਲੇ ਹਾਲਾਤ ਤੌਰ 'ਤੇ ਹੋਰ ਵੀ ਹੁੰਦੇ ਤਾਂ ਵੀ ਆਪਣੇ ਅੰਦਰਲੇ ਤੱਤ

ਕਾਰਨ, (ਆਪਣੇ ਹਲਤਮੁਖੀ ਪ੍ਰਭੁਤਾ ਦੇ ਲਕਸ਼ ਕਰਨ) ਸਿੱਖ ਲਹਿਰ ਦੀ ਸਥਾਪਿਤ ਰਾਜਸੀ ਸੱਤਾ ਨਾਲ ਟੱਕਰ ਅਟੱਲ ਤੇ ਅਵੱਸ਼ਕ ਸੀ। ਪੀਰੀ ਦੇ ਨਾਲ-ਨਾਲ ਮੀਰੀ ਦਾ ਵਿਕਾਸ ਬਾਹਰੀ (exogenous) ਨਹੀਂ ਸਗੋਂ ਆਂਤ੍ਰਿਕ (endogenous) ਹੈ।

ਕੁਝ ਵਿਦਵਾਨ ਆਪਣੀ ਅਗਿਆਨਤਾ ਕਾਰਨ ਸਿੱਖ-ਲਹਿਰ ਵਿਚ ਮੀਰੀ ਪੀਰੀ ਦੇ ਰਿਸ਼ਤੇ ਨੂੰ ਨਹੀਂ ਸਮਝ ਸਕੇ। ਕੁਝ ਹੋਰ ਵਿਦਵਾਨ ਹਨ ਜੋ ਸਿੱਖ ਲਹਿਰ ਦੇ ਹਲਤਮੁਖੀ ਪ੍ਰਭੂਤਾ ਦੇ ਦਾਅਵੇ ਨੂੰ ਪੇਤਲਾ ਕਰਨ ਲਈ ਮੀਰੀ ਦੀ ਥਾਂ ਪੀਰੀ 'ਤੇ ਜ਼ੋਰ ਦਿੰਦੇ ਹਨ। ਨਿਰੰਕਾਰੀ ਮਿਸ਼ਨ ਨੇ ਅਰਦਾਸ ਵਿਚ ਪ੍ਰਿਥਮ ਭਗੌਤੀ ਦੀ ਥਾਂ ਤੇ 'ਪ੍ਰਿਥਮ ਨਿਰੰਕਾਰ' ਦੇ ਸ਼ਬਦ ਅੜਾ ਦਿੱਤੇ ਹਨ। ਜਦੋਂ ਬਾਬਾ ਰਾਮ ਰਾਏ ਨੇ ਔਰੰਗਜ਼ੇਬ ਸਾਹਮਣੇ 'ਮਿਟੀ ਮੁਸਲਮਾਨ ਕੀ' ਦੀ ਥਾਂ 'ਮਿਟੀ ਬੇਈਮਾਨ ਕੀ' ਪੜ੍ਹਿਆ, ਤਾਂ ਨਾਨਕ-ਬਾਣੀ ਵਿਚ ਇਸ ਵਾਕ ਬਦਲੀ ਲਈ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਦੇ ਮੱਥੇ ਲਗਣੋ ਨਾਂਹ ਕਰ ਦਿੱਤੀ। ਇਸ ਪ੍ਰਥਾ ਦੇ ਪ੍ਰਸੰਗ ਵਿਚ ਸਵਾਲ ਉਠਦਾ ਹੈ ਕਿ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਅਰਦਾਸ ਵਿਚ ਵਾਕ-ਬਦਲੀ ਜਾਇਜ਼ ਹੈ? ਇਹ ਵਾਕ-ਬਦਲੀ ਉਸ ਦ੍ਰਿਸ਼ਟੀਕੋਨ ਦੀ ਸੂਚਕ ਹੈ ਜੋ ਸਿੱਖ ਲਹਿਰ ਦੀ ਮੀਰੀ-ਪੀਰੀ ਦੀ ਪਰੰਪਰਾ ਤੋਂ ਮੁਨਕਰ ਹੈ। ਕੁਝ ਹੋਰ ਢੰਗਾਂ ਨਾਲ ਵੀ ਮੀਰੀ-ਪੀਰੀ ਦੀ ਏਕਤਾ ਨੂੰ ਅੱਖੋਂ ਉਹਲੇ ਕਰਨ ਦੇ ਯਤਨ ਕੀਤੇ ਜਾਂਦੇ ਹਨ ਜਿਵੇਂ ਕਿ ਉਪਰ ਲਿਖਿਆ ਹੈ ਕੁਝ ਇਤਿਹਾਸਕਾਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੀ ਬਾਹਰਲੇ ਹਾਲਾਤ ਕਾਰਣ ਹੀ ਸਿੱਖ ਲਹਿਰ ਨੂੰ ਸ਼ਕਤੀ ਦਾ ਸਹਾਰਾ ਲੈਣਾ ਪਿਆ। ਇਕ ਹੋਰ ਵਿਚਾਰ ਇਹ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਸਿੱਖ ਲਹਿਰ ਦਾ ਤੇ ਖਾਸ ਕਰ ਗੁਰੂ ਗੋਬਿੰਦ ਸਿੰਘ ਜੀ ਦਾ ਬਦੀ ਦੇ ਖ਼ਿਲਾਫ ਧਰਮ ਯੁੱਧ ਨਿਰੋਲ ਧਾਰਮਿਕ ਸੀ। ਅਰਥਾਤ ਇਹ ਵਿਦਵਾਨ ਇਕ ਪਾਸੇ ਧਰਮ-ਯੁੱਧ ਦੇ ਅਰਥ ਸੁੰਘੇੜ ਦਿੰਦੇ ਹਨ, ਦੂਜੇ ਪਾਸੇ ਬਦੀ ਨੂੰ ਨਿਰਾਕਾਰ (abstract) ਰੂਪ ਵਿਚ ਲੈਂਦੇ ਹਨ। ਠੋਸ ਰੂਪ ਵਿਚ ਬਦੀ, ਜ਼ੁਲਮ, ਜਬਰ ਦਾ ਸਮਾਜੀ ਪ੍ਰਸੰਗ ਹੁੰਦਾ ਹੈ ਤੇ ਨਾਲ ਹੀ ਰਾਜਨੀਤਕ ਕਿਰਦਾਰ ਸੋ ਧਰਮ-ਯੁੱਧ ਦੀ ਵਿਸ਼ਾਲਤਾ ਵਿਚ ਸਮਾਜਕ ਤੇ ਰਾਜਨੀਤਕ ਪਹਿਲੂ ਸ਼ਾਮਲ ਹਨ।

ਕੁਝ ਹੋਰ ਚਕਰੈਲ ਸਿੰਘ ਹਲਤਮੁਖੀ ਪ੍ਰਭੁਤਾ (ਮੀਰੀ) ਬਾਰੇ ਇਹ ਵਿਚਾਰ ਰਖਦੇ ਹਨ ਕਿ ਅਰਦਾਸ ਵੇਲੇ ਹਰ ਰੋਜ਼ ਚਿਤਵਿਆ ਜਾਂਦਾ ਲਕਸ਼ (ਰਾਜ ਕਰੇਗਾ ਖ਼ਾਲਸਾ) ਸਿੱਖ ਲਹਿਰ ਦੇ ਬੀਤੇ ਯੁਗ ਦੀ ਇਤਿਹਾਸਕ ਸਿਮ੍ਰਤੀ ਹੀ ਹੈ, ਯਾਨੀ ਇਸ ਦਾ ਸਿੱਖ ਸਮਾਜ ਦੀ ਵਰਤਮਾਨ ਹੋਣੀ ਜਾਂ ਭਵਿੱਖ ਦੀ ਆਕਾਂਖਿਆ ਨਾਲ ਕੋਈ ਵਾਸਤਾ ਨਹੀਂ। ਡਾ. ਗੰਡਾ ਸਿੰਘ ਅਨੁਸਾਰ ਇਹੋ ਦੋਹਿਰਾ ਸਿੱਖਾਂ ਦੀ (past aspiration) ਵਲ ਸੰਕੇਤ ਕਰਦਾ ਹੈ।

ਮੀਰੀ ਅਥਵਾ ਹਲਤਮੁਖੀ ਪ੍ਰਭੁਤਾ ਨੂੰ ਸਿੱਖ ਲਹਿਰ ਨੇ ਆਰੰਭ ਤੋਂ ਹੀ ਆਪਣੇ ਸੰਸਥਾਪਕ ਰੂਪ ਵਿਚ ਸੁਵਿਸਥਿਤ ਕਰਨ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਥਾਂ-ਥਾਂ ਸੰਗਤ ਦੀ ਸੰਸਥਾ ਸਥਾਪਤ ਕੀਤੀ। ਗੁਰੂ ਅਮਰਦਾਸ ਜੀ ਨੇ ਸਿੱਖ ਸਮਾਜ ਦੀ ਉਭਰ ਰਹੀ ਸੱਤਾ ਨੂੰ ਸੰਗਠਿਤ ਰੂਪ ਦੇਣ ਲਈ ਬਾਈ ਮੰਜੀਆਂ ਹੋਂਦ ਵਿਚ

ਲਿਆਂਦੀਆਂ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਨਿਰਭੈ ਹੋਣ 'ਤੇ ਬਲ ਦੇ ਕੇ ਵਾਹਿਗੁਰੂ ਦੇ ਖ਼ਾਲਸਈ (sovereign) ਲੱਛਣ ਵੱਲ ਸੰਕੇਤ ਕੀਤਾ ਗਿਆ ਹੈ। ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਵਾਹਿਗੁਰੂ ਨੂੰ ਸੱਚਾ ਪਾਤਸ਼ਾਹ ਦਰਸਾ ਕੇ ਲੋਕ ਪ੍ਰਲੋਕ ਦੋਹਾਂ ਵਿਚ ਉਸ ਦੀ ਪ੍ਰਭੁਤਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ:

ਮਹਾ ਦੇਵ ਦੇਵੰ ਮਹਾ ਭੂਪ ਭੂਪੰ॥

(ਬਚਿਤ੍ਰ ਨਾਟਕ)

ਗੁਰੂ ਸਾਹਿਬਾਨ ਅਕਾਲ ਪੁਰਖ ਦੇ ਜੋਤ-ਸਰੂਪ ਹਨ। ਇਸ ਲਈ ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਉਹ ਸੱਚੇ ਪਾਤਸ਼ਾਹ ਹਨ। ਉਹਨਾਂ ਦੀ ਗੁਰੁਤਾ ਤੇ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦੋਵੇਂ ਕੇਂਦ੍ਰਿਤ ਹਨ, ਜਿਸ ਨੂੰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜ਼ਾਹਿਰਾ ਰੂਪ ਦਿੱਤਾ:

ਸਬ ਸਾਕ ਸਿੱਖ ਲੀਨੇ ਬੁਲਾਇ।
ਪੁਨ ਤਖਤ ਅਕਾਲ ਦਿਵਾਂਨ ਲਾਇ।
ਗੁਰ ਕੋ ਸਿੰਘਾਸਨ ਪਰ ਬਠਾਇ।
ਪੁਨ ਬਾਬਾ ਬੁਢਾ ਤਿਲਕ ਦਾਇ।
ਫਿਰ ਸੇਲੀ ਟੋਪੀ ਊਨ ਮਾਲ।
ਜਬ ਲਗਿਓ ਗੁਰੂ ਕੋ ਧਰਨ ਭਾਲ।
ਤਬ ਉਸਤੈ ਲੈ ਗੁਰ ਟੇਕ ਮਾਥ।
ਧਰ ਊਚੇ ਬੋਲੈ ਐਸ ਨਾਥ।
ਅਬ ਸਮਾ ਤੇਗ ਕਾ ਗਯੋ ਆਇ।
ਸੋ ਬਾਬਾ ਜੀ ਮੁਹਿ ਦੇਹੁ ਲਿਆਇ।
ਉਨ ਤੇਗ ਭਈ ਗਰ ਬੇਗ ਪਾਂਇ।
ਪੁਰ ਦਾਂਏ ਪਾਸੇ ਪੜੀ ਸਾਂਇ।
ਫਿਰ ਕਹਜੋ ਸਿਖਨ ਇਹ ਉਲਟ ਕੀਨ।
ਉਨ ਦੁਤੀ ਤੇਗ ਪਹਿਨਾਇ ਦੀਨ।

(ਗਿਆਨੀ ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼)

੨/੧੯੨੬

ਮੀਰੀ ਤੇ ਪੀਰੀ ਦਾ ਮੇਲ

ਭਾਰਤ ਦੇ ਇਤਿਹਾਸ ਵੱਲ ਝਾਤ ਮਾਰਿਆਂ ਸਹਿਜ ਹੀ ਇਹ ਜਾਣਕਾਰੀ ਮਿਲ ਜਾਂਦੀ ਹੈ ਕਿ ਇਥੋਂ ਦੇ ਵਸਨੀਕਾਂ ਨੇ ਜਦੋਂ ਆਪਣਾ ਜੀਵਨ ਇਕ ਪੱਖੀ ਜੀਵੀਆ ਉਦੋਂ ਤੋਂ ਹੀ ਇਹ ਗੁਲਾਮ ਹੋ ਗਏ। ਜਦ ਤਕ ਭਾਰਤੀ ਤੇਗ਼ ਦੇ ਧਨੀ ਰਹੇ, ਤਦ ਤੱਕ ਇਹ ਧਾਰਮਿਕ ਅਤੇ ਰਾਜਸੀ ਤੌਰ 'ਤੇ ਵੀ ਸ਼ਕਤੀਸ਼ਾਲੀ ਰਹੇ।

ਸਮਾਂ ਬੀਤਣ ਨਾਲ ਭਾਰਤੀ ਕੌਮ ਵਿਚ ਅਹਿੰਸਾ ਦੇ ਅਜਿਹੇ ਗਲਤ ਅਰਥ ਕੱਢੇ ਗਏ ਕਿ ਲੋਕੀਂ ਆਪਣੇ ਉੱਤੇ ਜ਼ੁਲਮ ਕਰਨ ਵਾਲੇ ਦਾ ਟਾਕਰਾ ਕਰਨ ਨੂੰ ਵੀ ਪਾਪ ਸਮਝਣ ਲੱਗ ਪਏ। ਇਸ ਵਿਚਾਰਧਾਰਾ ਨੇ ਲੋਕਾਂ ਦੇ ਜੰਗਜੂ ਪੱਖ ਨੂੰ ਦੁਰਬਲ ਕਰ ਦਿੱਤਾ ਅਤੇ ਉਹ ਨਿਹੱਥੇ ਅਤੇ ਨਿਤਾਣੇ ਹੋ ਗਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਨੂੰ ਥੋੜ੍ਹੇ ਜਿਹੇ ਜ਼ਰਵਾਣਿਆਂ ਨੇ ਆ ਕੇ ਹੀ ਗੁਲਾਮ ਬਣਾ ਲਿਆ ਅਤੇ ਸਦੀਆਂ ਤਕ ਆਪਣੇ ਅਧੀਨ ਰੱਖਿਆ। ਇਥੋਂ ਦੇ ਵਸਨੀਕਾਂ ਦੀ ਇਜ਼ਤ ਆਬਰੂ ਮਿੱਟੀ ਵਿਚ ਮਿਲਾ ਦਿੱਤੀ ਗਈ ਅਤੇ ਨਾ ਹੀ ਇਹ ਆਪਣਾ ਧਰਮ ਬਚਾ ਸਕੇ। ਜਰਵਾਣਿਆਂ ਨੇ ਇਨ੍ਹਾਂ ਦੇ ਧਰਮ ਅਸਥਾਨ ਬਰਬਾਦ ਕਰ ਦਿੱਤੇ ਅਤੇ ਲੁੱਟ-ਪੁੱਟ ਲਏ। ਇਨ੍ਹਾਂ ਨੂੰ ਆਪਣੇ ਬਾਹੂ-ਬਲ ਨਾਲ ਧਰਮ ਤੋਂ ਡੇਗਿਆ ਗਿਆ ਅਤੇ ਜ਼ਲੀਲ ਕੀਤਾ ਗਿਆ। ਵਰਤਮਾਨ ਹਿੰਦੁਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਮੁਸਲਮਾਨਾਂ ਦੀ ਵਸੋਂ ਦਾ ਬਹੁਤ ਥੋੜ੍ਹਾ ਭਾਗ ਹੀ ਬਾਹਰੋਂ ਆਇਆ ਹੋਇਆ ਹੈ। ਬਾਕੀ ਸਭ ਇਥੋਂ ਦੇ ਵਸਨੀਕਾਂ ਤੋਂ ਜ਼ਬਰਦਸਤੀ ਮੁਸਲਮਾਨ ਬਣਾਏ ਹੋਏ ਹਨ।

ਇਸ ਸਮੇਂ ਭਾਰਤੀ ਕੌਮ ਨਿਰਾਸ, ਬਲ-ਹੀਣ, ਬੇ-ਇੱਜ਼ਤ, ਬੇ-ਅਣਖੀ ਅਤੇ ਧਰਮ-ਹੀਣ ਹੋ ਚੁੱਕੀ ਸੀ। ਇਨ੍ਹਾਂ ਸਾਹਮਣੇ ਇਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਜ਼ਬਰੀ ਚੁੱਕਿਆ ਜਾ ਰਿਹਾ ਸੀ ਪਰ ਕੋਈ ਚੂੰ ਨਹੀਂ ਸੀ ਕਰ ਸਕਦਾ। ਲੋਕੀ ਸਾਹਸ-ਹੀਣ ਹੋ ਚੁੱਕੇ ਸਨ। ਧਰਮ ਫੋਕਟ ਕਰਮ-ਕਾਂਡ ਬਣ ਕੇ ਨਿਰਾ ਦਿਖਾਵਾ ਹੀ ਹੋ ਚੁੱਕਿਆ ਸੀ। ਧਰਮ ਦਾ ਮੂਲ ਮੰਤਵ ਅਲੋਪ ਹੋ ਚੁੱਕਾ ਸੀ। ਜਾਤ ਅਭਿਮਾਨੀਆਂ ਨੇ ਲੋਕਾਂ ਨੂੰ ਵੱਖੋ-ਵੱਖ ਫਿਰਕਿਆਂ ਵਿਚ ਵੰਡ ਕੇ ਜਾਤ ਬਰਾਦਰੀ ਦੀਆਂ ਅਜਿਹੀਆਂ ਦੀਵਾਰਾਂ ਖੜ੍ਹੀਆਂ ਕਰਕੇ ਅਜੇਹੀ ਨਫ਼ਰਤ ਪੈਦਾ ਕਰ ਦਿੱਤੀ ਹੋਈ ਸੀ ਕਿ ਲੋਕ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੋ ਚੁੱਕੇ ਸਨ। ਹੁਣ ਦੇ ਨਕਲੀ ਗੁਰੂਆਂ ਅਤੇ ਪੈਗੰਬਰਾਂ ਵਾਂਗੂੰ ਘਰ-ਘਰ ਪੀਰ ਅਵਤਾਰ ਬਣੇ ਬੈਠੇ ਸਨ:

ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥

(ਪੰਨਾ ੧੧੯੧)

ਹਰ ਕੋਈ ਆਪਣੀ ਢਾਈ ਪਾ ਖਿਚੜੀ ਵੱਖਰੀ ਹੀ ਰਿੰਨ੍ਹ ਰਿਹਾ ਸੀ। ਆਪਣੀ ਆਜ਼ਾਦੀ ਅਤੇ ਇੱਜ਼ਤ-ਆਬਰੂ ਦਾ ਕਿਸੇ ਨੂੰ ਖਿਆਲ ਨਹੀਂ ਸੀ ਆ ਰਿਹਾ। ਇਸ ਢਹਿੰਦੀ ਕਲਾ ਦਾ ਕਾਰਨ ਲੋਕਾਂ ਦਾ ਆਪਣੀਆਂ ਸੰਸਾਰਕ ਜ਼ਿੰਮੇਂਵਾਰੀਆਂ ਵੱਲੋਂ ਮੂੰਹ ਫੇਰ ਕੇ ਕੇਵਲ ਅਧਿਆਤਮਵਾਦੀ ਬਣਨਾ ਹੀ ਸੀ।

ਇਹੋ ਜਿਹੇ ਨਾਜ਼ਕ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਕੌਮ ਨੂੰ ਵੰਗਾਰਿਆ ਅਤੇ ਇਸ ਨਿਰਾਸਤਾ ਵਿਚੋਂ ਕੱਢ ਕੇ ਚੜ੍ਹਦੀ-ਕਲਾ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਗੁਰੂ ਸਾਹਿਬ ਨੇ ਜਿਥੇ ਪਖੰਡਾਂ ਦਾ ਖੰਡਨ ਕੀਤਾ ਉਥੇ ਸਮੇਂ ਦੀ ਹਕੂਮਤ ਦੇ ਜ਼ੁਲਮਾਂ ਵਿਰੁੱਧ ਵੀ ਆਵਾਜ਼ ਉਠਾਈ ਅਤੇ ਇਸ ਤਰ੍ਹਾਂ ਨਿਰਭੈਤਾ ਨਾਲ ਖਰੀਆਂ ਖਰੀਆਂ ਸੁਣਾਈਆਂ।

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥

(ਪੰਨਾ ੧੨੮੮)

ਕੀ ਉਪਰੋਕਤ ਵਾਕ ਕੇਵਲ ਧਾਰਮਿਕ ਹਨ? ਪਰਜਾ ਦਾ ਆਪਣੇ ਹੱਕਾਂ ਵੱਲੋਂ ਅਵੇਸਲੇ ਅਤੇ ਬੇ-ਸੂਝ ਹੋਣ ਨੂੰ ਬਿਆਨ ਕਰਦਿਆਂ ਕਿਹਾ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਅਲਾਈ।

(ਵਾਰ ੧, ਪਉੜੀ ੩੦)

ਇਸ ਤਰ੍ਹਾਂ ਅਰੰਭ ਤੋਂ ਹੀ ਸਿੱਖ ਕੌਮ ਵਿਚ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਵਿਚਾਰਾਂ ਦਾ ਮੇਲ ਹੋ ਗਿਆ। ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਜਾਗ੍ਰਿਤੀ ਦਾ ਇਹ ਪ੍ਰਚਾਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸ਼ਾਂਤਮਈ ਚਲਦਾ ਰਿਹਾ ਪਰ ਜਦ ਜਹਾਂਗੀਰ ਦੇ ਹੁਕਮ ਨਾਲ ਨਿਰਦੋਸ਼ ਪੰਜਵੇਂ ਪਾਤਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਤਾਂ ਸਿੱਖ ਲਹਿਰ ਵਿਚ ਇਸ ਦਾ ਤਿੱਖਾ ਪ੍ਰਤੀਕਰਮ ਹੋਇਆ।

ਸਮੇਂ ਦੀ ਮੰਗ ਨੂੰ ਦੇਖਦਿਆਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੱਜੇ ਅਤੇ ਖੱਬੇ ਦੋ ਤਲਵਾਰਾਂ ਪਹਿਨ ਕੇ ਗੁਰ ਗੱਦੀ 'ਤੇ ਬਿਰਾਜਮਾਨ ਹੋਏ। ਇਕ ਤਲਵਾਰ ਮੀਰੀ ਅਰਥਾਤ ਭਗਤੀ ਅਤੇ ਦੂਜੀ ਪੀਰੀ ਜਾਂ ਸ਼ਕਤੀ ਦੀ ਨਿਸ਼ਾਨੀ ਬਣੀ। ਇਸ ਤਰ੍ਹਾਂ ਭਗਤੀ ਦੇ ਨਾਲ ਸ਼ਕਤੀ ਦਾ ਮੇਲ ਕਰਕੇ ਗੁਰਮਤਿ ਵਿਚ ਤਲਵਾਰ ਅਤੇ ਮਾਲਾ, ਰਾਜ ਅਤੇ ਜੋਗ, ਸੰਤ ਅਤੇ ਸਿਪਾਹੀ, ਮੀਰੀ ਅਤੇ ਪੀਰੀ ਅਰਥਾਤ ਧਰਮ ਅਤੇ ਰਾਜਨੀਤੀ ਦਾ ਮੇਲ ਕਰ ਦਿੱਤਾ। ਹਰ ਸਿੱਖ ਨੂੰ ਸੰਤ ਦੇ ਨਾਲ ਸਿਪਾਹੀ ਵੀ ਬਣਾ ਦਿੱਤਾ।

ਇਕ ਪਾਸੇ ਰੂਹਾਨੀਅਤ ਦਾ ਸੋਮਾ ਸ੍ਰੀ ਹਰਿਮੰਦਰ ਸਾਹਿਬ ਸੀ ਤੇ ਉਸ ਦੇ ਸਾਹਮਣੇ ਰਾਜਸੀ ਸ਼ਕਤੀ ਦਾ ਸੋਮਾ ਸ੍ਰੀ ਅਕਾਲ ਤਖ਼ਤ ਸਾਹਿਬ ਬਣਾ ਦਿੱਤਾ। ਜਿਥੇ ਸ੍ਰੀ ਹਰਿਮੰਦਰ ਸਾਹਿਬ ਵਿਚ ਹਮੇਸ਼ਾ ਸ਼ਬਦ ਕੀਰਤਨ ਹੁੰਦਾ ਹੈ ਉਥੇ ਸੀ ਅਕਾਲ ਤਖ਼ਤ ਸਾਹਿਬ 'ਤੇ ਰਾਜਸੀ ਵਿਚਾਰਾਂ ਵੀ ਕੀਤੀਆਂ ਜਾਂਦੀਆਂ ਹਨ। ਛੇਵੇਂ ਪਾਤਸ਼ਾਹ ਦੇ ਸਮੇਂ ਹੀ ਇਥੇ ਢਾਡੀ ਯੋਧਿਆਂ ਦੀਆਂ ਵਾਰਾਂ

ਗਾਉਂਦੇ, ਸ਼ਸਤਰਾਂ ਦੇ ਪ੍ਰਦਰਸ਼ਨ ਕੀਤੇ ਜਾਂਦੇ ਅਤੇ ਸਿੱਖਾਂ ਨੂੰ ਜੰਗੀ ਕਰਤਵ ਸਿਖਾਏ ਜਾਣ ਲੱਗੇ। ਗੁਰੂ ਸਾਹਿਬ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਤਖ਼ਤ 'ਤੇ ਬਿਰਾਜਮਾਨ ਹੋਣ ਲੱਗ ਪਏ। ਕੀ ਹੁਣ ਧਰਮ ਅਤੇ ਰਾਜਨੀਤੀ ਅੱਡ-ਅੱਡ ਰਹਿ ਗਏ? ਨਹੀਂ ਬਿਲਕੁਲ ਅਭੇਦ ਹੋ ਗਏ।

ਹੁਣ ਗੁਰੂ ਸਾਹਿਬ ਨੇ ਸਿੱਖਾਂ ਨੂੰ ਇਹ ਗੱਲ ਨਿਸਚੇ ਕਰਵਾ ਦਿੱਤੀ ਕਿ ਭਗਤੀ ਕਰਨ ਲਈ ਵੀ ਸ਼ਕਤੀ ਦੀ ਜ਼ਰੂਰਤ ਹੈ। ਸ਼ਕਤੀ ਤੋਂ ਬਿਨਾਂ ਧਰਮ ਦੀ ਰਾਖੀ ਨਹੀਂ ਹੋ ਸਕਦੀ। ਜਿਵੇਂ ਵਾੜ ਤੋਂ ਬਿਨਾਂ ਖੇਤੀ ਨਹੀਂ ਬਚ ਸਕਦੀ, ਇਸੇ ਤਰਾਂ ਸ਼ਕਤੀ ਤੋਂ ਬਿਨਾਂ ਧਰਮ ਨਹੀਂ ਬਚ ਸਕਦਾ। ਹੁਣ ਸਿੱਖ ਜਿਥੇ ਸਿਮਰਨ ਵਿਚ ਲੀਨ ਰਹਿੰਦੇ ਸਨ ਉਥੇ ਸਦਾ ਸ਼ਸਤਰਧਾਰੀ ਵੀ ਰਹਿਣ ਲੱਗ ਪਏ ਅਤੇ ਉਹ ਇਸ ਵਾਕ ਦੇ ਅਨੁਯਾਈ ਬਣ ਗਏ:

ਰਾਜ ਬਿਨਾਂ ਨਹਿੰ ਧਰਮ ਚਲੇ ਹੈ॥
ਧਰਮ ਬਿਨਾਂ ਸਭ ਦਲੇ ਮਲੇ ਹੈ॥

ਅਤੇ

ਕੋਊ ਕਿਸੀ ਕੋ ਰਾਜ ਨ ਦੈ ਹੈ॥
ਜੋ ਲੈ ਹੈ ਨਿਜ ਬਲ ਸੇ ਲੈ ਹੈ॥

ਇਸ ਕ੍ਰਾਂਤੀਕਾਰੀ ਪ੍ਰੋਗਰਾਮ ਨਾਲ ਸਿੱਖ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਲੱਗੇ ਪਏ ਅਤੇ ਪ੍ਰਭੂ ਭਗਤੀ ਦੇ ਨਾਲ ਜ਼ੁਲਮ ਦੇ ਵਿਰੁੱਧ ਵੀ ਟੱਕਰ ਲੈਣ ਲੱਗ ਪਏ। ਛੇਵੇਂ ਪਾਤਸ਼ਾਹ ਨੇ ਸਰਕਾਰੀ ਫ਼ੌਜਾਂ ਨਾਲ ਚਾਰ ਲੜਾਈਆਂ ਲੜੀਆਂ ਅਤੇ ਚੌਹਾਂ ਵਿਚ ਹੀ ਸਰਕਾਰੀ ਫ਼ੌਜਾਂ ਨੂੰ ਭਾਰੀ ਹਾਰਾਂ ਦਿੱਤੀਆਂ।

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਵੀ ਆਪਣੇ ਪਾਸ ਹਰ ਸਮੇਂ ੨੨੦੦ ਸਿੱਖ ਫ਼ੌਜ ਤਿਆਰ-ਬਰ-ਤਿਆਰ ਰੱਖਦੇ ਸਨ ਭਾਵੇਂ ਉਨ੍ਹਾਂ ਨੂੰ ਜੰਗ ਕਰਨ ਦੀ ਲੋੜ ਨਹੀਂ ਪਈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਹੜੇ ਛੇਵੇਂ ਪਾਤਸ਼ਾਹ ਵੇਲੇ ਲੜਾਈਆਂ ਵਿਚ ਤੇਗ਼ ਦੇ ਜੌਹਰ ਵਿਖਾ ਚੁੱਕੇ ਸਨ ਨੂੰ ਵੀ ਉਸ ਸਮੇਂ ਦੀ ਰਾਜਸੀ ਸ਼ਕਤੀ ਦੇ ਜ਼ੁਲਮਾਂ ਨੂੰ ਰੋਕਣ ਲਈ ਹੀ ਸ਼ਹੀਦੀ ਦੇਣੀ ਪਈ। ਮੁਗ਼ਲ ਹਕੂਮਤ ਨੂੰ ਹਰ ਸਮੇਂ ਸਿੱਖਾਂ ਵਲੋਂ ਰਾਜਸੀ ਸ਼ਕਤੀ ਸੰਗਠਤ ਕਰਕੇ ਉਨ੍ਹਾਂ ਦਾ ਜ਼ਾਲਮ ਰਾਜ ਢਾਹ-ਢੇਰੀ ਕੀਤੇ ਜਾਣ ਦਾ ਡਰ ਖਾਂਦਾ ਰਿਹਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰਕੇ ਸਿੱਖਾਂ ਨੂੰ ਇਕ ਮਜ਼ਬੂਤ, ਧਾਰਮਿਕ ਅਤੇ ਰਾਜਸੀ ਜਥੇਬੰਦੀ ਵਿਚ ਪਰੋ ਦਿੱਤਾ। ਸਿੰਘ ਨੂੰ ਹਮੇਸ਼ਾ ਸ਼ਸਤਰਧਾਰੀ ਰਹਿਣ ਦਾ ਹੁਕਮ ਦਿੱਤਾ:

ਸ਼ਸਤ੍ਰ ਹੀਨ ਕਬਹੂੰ ਨ ਹੋਈ।
ਰਹਿਤਵੰਤ ਖਾਲਸ ਹੈ ਸੋਈ।

(ਰਹਿਤਨਾਮਾ ਭਾਈ ਦੇਸਾ ਸਿੰਘ)

ਅਰਥਾਤ:

ਖ਼ਾਲਸਾ ਸੋਈ ਨਾਮ ਸਿਉ ਜੋੜੈ।
ਖ਼ਾਲਸਾ ਸੋਈ ਬੰਧਨ ਕਉ ਤੋੜੈ।
ਖ਼ਾਲਸਾ ਸੋਈ ਜੁ ਚੜਹਿ ਤੁਰੰਗ।
ਖ਼ਾਲਸਾ ਸੋਈ ਜੁ ਕਰੈ ਨਿੱਤ ਜੰਗ।
ਖ਼ਾਲਸਾ ਸੋਈ ਸ਼ਸਤਰ ਕਉ ਧਾਰੈ।
ਖ਼ਾਲਸਾ ਸੋਈ ਦੁਸ਼ਟ ਕਉ ਮਾਰੈ।

(ਭਾਈ ਨੰਦ ਲਾਲ)

ਇਸ ਤਰ੍ਹਾਂ ਜਿਥੇ ਖ਼ਾਲਸੇ ਨੂੰ ਪੰਜ ਬਾਣੀਆਂ ਦਾ ਨਿਤਨੇਮ ਕਰਨ ਅਤੇ ਨਾਮ ਸਿਮਰਨ ਦੀ ਹਦਾਇਤ ਕੀਤੀ ਉਥੇ ਨਾਲ ਹੀ ਸ਼ਸਤਰਧਾਰੀ ਹੋ ਕੇ ਦੁਸ਼ਟਾਂ ਅਤੇ ਧਰਮ ਦੇ ਵੈਰੀਆਂ ਨੂੰ ਸੋਧਣ ਦੀ ਜ਼ਿੰਮੇਂਵਾਰੀ ਵੀ ਸੌਂਪ ਦਿੱਤੀ।

ਦਸਮੇਸ਼ ਪਾਤਸ਼ਾਹ ਜਦ ਦੱਖਣ ਵਿਚ ਮਾਧੋ ਦਾਸ ਦੇ ਡੇਰੇ ਗਏ ਤਾਂ ਸਿੰਘਾਂ ਨੇ ਬੱਕਰੇ ਝਟਕਾ ਕੇ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਜਦ ਬੰਦੇ ਨੇ ਇਹ ਸਭ ਕੁਝ ਦੇਖਿਆ ਤਾਂ ਕਹਿਣ ਲੱਗਾ ਕਿ ਤੁਹਾਡੇ ਸਿੰਘਾਂ ਨੇ ਬੱਕਰੇ ਝਟਕਾ ਕੇ ਮੇਰਾ ਡੇਰਾ ਭ੍ਰਿਸ਼ਟ ਕਰ ਦਿੱਤਾ ਹੈ ਕਿਉਂਕਿ ਬੰਦਾ ਸੰਸਾਰ ਤੋਂ ਉਪਰਾਮ ਹੋ ਕੇ ਬੈਰਾਗੀ ਸਾਧੂ ਬਣਿਆ ਬੈਠਾ ਸੀ। ਅੱਗੋਂ ਗੁਰੂ ਸਾਹਿਬ ਨੇ ਕਿਹਾ, ਕਿ ਭਾਈ ਲੱਖਾਂ ਮਸੂਮਾਂ ਦੇ ਕਤਲ ਨਾਲ ਸਾਰੀ ਭਾਰਤ ਭੂਮੀ ਹੀ ਮਲੀਨ ਕੀਤੀ ਜਾ ਚੁੱਕੀ ਹੈ, ਕੀ ਤੂੰ ਕਦੇ ਇਸ ਦਾ ਇਲਾਜ ਵੀ ਸੋਚਿਆ ਹੈ?

ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਮਾਧੋ ਦਾਸ ਦੀਆਂ ਅੱਖਾਂ ਖੁਲ੍ਹ ਗਈਆਂ, ਉਸ ਨੂੰ ਆਪਣੀ ਜ਼ਿੰਮੇਂਵਾਰੀ ਦਾ ਅਹਿਸਾਸ ਹੋਇਆ। ਉਸ ਨੇ ਵੈਰਾਗ ਛੱਡ ਕੇ ਅੰਮ੍ਰਿਤ ਛਕ ਲਿਆ ਅਤੇ ਸਿੰਘ ਸਜ ਕੇ ਸ਼ਸਤਰਧਾਰੀ ਬਣ ਗਿਆ। ਪੰਜਾਬ ਆ ਕੇ ਜ਼ਾਲਮਾਂ ਨੂੰ ਸੋਧ ਕੇ ਖ਼ਾਲਸਾ ਰਾਜ ਦੀ ਨੀਂਹ ਰੱਖ ਦਿੱਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਹਲੇਮੀ ਰਾਜ ਦਾ ਵਰਣਨ ਕੀਤਾ ਗਿਆ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥

(ਪੰਨਾ ੭੪)

ਹੇਠ ਲਿਖੀਆਂ ਤੁਕਾਂ ਵੀ ਭਗਤੀ ਅਤੇ ਸ਼ਕਤੀ ਦਾ ਏਕਾ ਦ੍ਰਿੜ੍ਹਾਉਂਦੀਆਂ ਹਨ:

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰ ਚਿੱਤ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥

ਉਪਰ ਦਿੱਤੀ ਵਿਚਾਰ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪੁਰਾਤਨ ਸਮੇਂ ਵਿਚ ਵੀ ਧਰਮ ਅਤੇ ਰਾਜਨੀਤੀ ਦਾ ਗੂੜ੍ਹਾ ਸਬੰਧ ਰਿਹਾ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਦਾ ਸੱਚਾ-ਸੁੱਚਾ ਅਤੇ

ਸੁਚੱਜਾ ਮੇਲ ਕਰਕੇ ਪਵਿੱਤਰ ਲੀਹਾਂ 'ਤੇ ਚਲਾਇਆ। ਮੁਗ਼ਲ ਹਕੂਮਤਾਂ ਵੀ ਧਰਮ ਅਤੇ ਰਾਜਨੀਤੀ ਨੂੰ ਇਕੱਠਿਆਂ ਰੱਖ ਕੇ ਚਲਾਉਂਦੀਆਂ ਰਹੀਆਂ ਹਨ ਪਰ ਉਹ ਇਸ ਨੂੰ ਧਰਮ ਦੀਆਂ ਸੌੜੀਆਂ ਦੀਵਾਰਾਂ ਵਿਚ ਬੰਦ ਕਰਕੇ ਇਸ ਦੀ ਗਲਤ ਵਰਤੋਂ ਕਰਨ ਲੱਗ ਪਈਆਂ। ਅੱਜ ਵੀ ਪਾਕਿਸਤਾਨ, ਈਰਾਨ ਅਤੇ ਹੋਰ ਕਈ ਦੇਸ਼ਾਂ ਵਿਚ ਇਸਲਾਮੀ ਹਕੂਮਤਾਂ ਕਾਇਮ ਕੀਤੀਆਂ ਜਾ ਚੁੱਕੀਆਂ ਹਨ।

ਪਰ ਗੁਰਮਤਿ ਅਨੁਸਾਰ ਧਰਮ ਅਤੇ ਰਾਜਨੀਤੀ ਦੇ ਮੇਲ ਦਾ ਆਧਾਰ ਨੇਕੀ, ਈਮਾਨਦਾਰੀ, ਪ੍ਰੇਮ, ਮਾਫ਼ੀ, ਦਇਆ, ਖੁਲ੍ਹਦਿਲੀ, ਪਰਉਪਕਾਰ, ਸਚਾਈ, ਜਗਤ ਕਲਿਆਣ ਅਤੇ ਸਰਬੱਤ ਦਾ ਭਲਾ ਹੈ। ਸਿੱਖ ਹਕੂਮਤ ਕਰਨ ਵਾਸਤੇ ਰਾਜ ਨਹੀਂ ਚਾਹੁੰਦਾ, ਸਗੋਂ ਸੁਤੰਤਰ ਰਹਿਣ ਲਈ ਆਪਣੇ ਅਤੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਅਤੇ ਲੋਕ ਭਲਾਈ ਲਈ ਰਾਜ ਦੀ ਚੇਸ਼ਟਾ ਕਰਦਾ ਹੈ, ਇਹ ਤਾਂ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

(ਪੰਨਾ ੧੪੨੭)

ਅਨੁਸਾਰ ਜੀਓ ਅਤੇ ਜੀਉਣ ਦਿਓ, ਅਨੁਸਾਰ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਵਿਚਰਦਾ ਹੈ। ਖ਼ਾਲਸਾ ਕਪਟ ਅਤੇ ਫਰੇਬ-ਭਰੀ ਰਾਜਨੀਤੀ ਨਹੀਂ ਚਾਹੁੰਦਾ। ਇਸ ਦੀ ਗਵਾਹੀ ਸਿੱਖ ਇਤਿਹਾਸ ਤੋਂ ਥਾਂ-ਥਾਂ ਮਿਲਦੀ ਹੈ। ਅਨੰਦਪੁਰ ਸਾਹਿਬ ਦੀ ਜੰਗ ਵਿਚ ਭਾਈ ਘਨੱਈਆ ਜੀ ਜਿਥੇ ਸਿੰਘਾਂ ਨੂੰ ਪਾਣੀ ਪਿਆ ਰਹੇ ਸਨ ਉਥੇ ਜਿਨ੍ਹਾਂ ਨੂੰ ਸਿੰਘ ਫਟੜ ਕਰਦੇ ਸਨ, ਉਨ੍ਹਾਂ ਨੂੰ ਵੀ ਪਿਆਈ ਜਾ ਰਹੇ ਸਨ। ਜਦ ਇਹ ਗੱਲ ਕਲਗੀਧਰ ਪਾਤਸ਼ਾਹ ਦੇ ਸਾਹਮਣੇ ਲਿਆਂਦੀ ਗਈ ਤਾਂ ਮਲ੍ਹਮ ਦੀ ਡੱਬੀ ਵੀ ਨਾਲ ਫੜਾ ਦਿੱਤੀ ਅਤੇ ਕਿਹਾ ਕਿ ਮਿੱਤਰ ਵੈਰੀ ਦਾ ਖਿਆਲ ਕੀਤੇ ਬਿਨਾਂ ਇਹ ਵੀ ਸਭ ਦੇ ਲਾ ਦਿਆ ਕਰ।

ਪੰਜਾਬ ਵਿਚ ਖ਼ਾਲਸਾ ਰਾਜ ਸਮੇਂ ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਜੀ ਗੁਰਸਿੱਖ ਸਨ ਪਰ ਉਨ੍ਹਾਂ ਦੇ ਦਰਬਾਰ ਵਿਚ ਫ਼ਕੀਰ ਅਜ਼ੀਜ਼ੁਦੀਨ ਅਤੇ ਰਾਜਾ ਦੀਨਾ ਨਾਥ ਵਰਗੇ ਗੈਰ-ਸਿੱਖ ਵੀ ਬੜੇ ਉੱਚੇ ਅਹੁੱਦਿਆਂ 'ਤੇ ਲੱਗੇ ਹੋਏ ਸਨ। ਕਸੂਰ ਨੂੰ ਸਿੱਖ ਫ਼ੌਜਾਂ ਨੇ ਪੰਜ ਵਾਰ ਫ਼ਤਿਹ ਕੀਤਾ, ਪੰਜ ਵਾਰੀ ਹੀ ਨਵਾਬ ਪਿੱਛੋਂ ਆਕੀ ਹੁੰਦਾ ਰਿਹਾ ਅਤੇ ਲੜਾਈ ਵਿਚ ਹਾਰ ਖਾ ਕੇ ਮਾਫ਼ੀ ਮੰਗ ਲੈਂਦਾ ਤਾਂ ਮਹਾਰਾਜਾ ਰਣਜੀਤ ਸਿੰਘ ਕਸੂਰ ਦਾ ਰਾਜ ਮੁੜ ਉਸੇ ਨੂੰ ਸੌਂਪ ਕੇ ਟਕੇ ਲੈਣੇ ਕਰ ਵਾਪਸ ਆ ਜਾਂਦੇ। ਛੇਵੀਂ ਵਾਰ ਉਹ ਲੜਾਈ ਵਿਚ ਹੀ ਮਾਰਿਆ ਗਿਆ। ਇਹ ਸਿੱਖ ਰਾਜਨੀਤੀ 'ਚ ਵਿਸ਼ਾਲ ਹਿਰਦੇ ਦੀ ਮਿਸਾਲ ਹੈ।

ਸ. ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਦਿੱਲੀ ਫ਼ਤਿਹ ਕਰਕੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾ ਦਿੱਤਾ ਪਰ ਸਮਰੋ ਬੇਗਮ ਦੀ ਬੇਨਤੀ ਤੇ ਕੀਤੇ ਬਚਨ ਨੂੰ ਮੁੱਖ ਰੱਖਦਿਆਂ ਹੀ ਰਾਜ-ਭਾਗ ਉਸ ਦੇ ਹਵਾਲੇ ਕਰ ਦਿੱਤਾ। ਸਿੰਘਾਂ ਨੇ ਗੈਰ ਸਿੱਖਾਂ ਦੀ ਇੱਜ਼ਤ ਅਤੇ ਧਰਮ ਨੂੰ ਬਚਾਉਣ ਲਈ ਕੀਤੀਆਂ ਕੁਰਬਾਨੀਆਂ ਦੀਆਂ ਬੇਅੰਤ ਮਿਸਾਲਾਂ ਹਨ।

ਰਾਜਨੀਤੀ ਹਮੇਸ਼ਾਂ ਧਰਮ ਦੀ ਤਾਬਿਆ ਰਹਿਣੀ ਚਾਹੀਦੀ ਹੈ। ਧਰਮ ਉੱਤੇ ਰਾਜਨੀਤੀ ਹਾਵੀ ਨਹੀਂ ਹੋਣੀ ਚਾਹੀਦੀ ਜੇਕਰ ਧਰਮ ਰਾਜਨੀਤੀ ਤੋਂ ਉਪਰ ਰਹੇਗਾ ਤਾਂ ਰਾਜ ਪ੍ਰਬੰਧਕ

ਨਿਆਂਕਾਰੀ ਹੋਣਗੇ ਅਤੇ ਜ਼ੁਲਮ ਤੇ ਧੱਕੇਸ਼ਾਹੀ ਤੋਂ ਸੰਕੋਚ ਕਰਨਗੇ ਪਰ ਜੇਕਰ ਕਿਸੇ ਨੂੰ ਧਰਮ ਦਾ ਸਹੀ ਗਿਆਨ ਨਾ ਹੋਵੇ ਤਾਂ ਵੱਖਰੀ ਗੱਲ ਹੈ ਜੇਕਰ ਰਾਜਨੀਤੀ ਧਰਮ ਉਪਰ ਹਾਵੀ ਹੋ ਜਾਵੇ ਤਾਂ ਉਹ ਧਰਮ ਦਾ ਰੂਪ ਹੀ ਵਿਗਾੜ ਦਿੰਦੀ ਹੈ ਅਤੇ ਧਰਮ ਦੇ ਮੂਲ ਮਨੋਰਥ ਤੋਂ ਹੀ ਲਾਂਭੇ ਲੈ ਜਾਂਦੀ ਹੈ ਜਿਵੇਂ ਮੁਗ਼ਲਾਂ ਦੀ ਹਕੂਮਤ ਸਮੇਂ ਬਾਦਸ਼ਾਹਾਂ ਨੇ ਆਪਣੀ ਰਾਜਸੀ ਸ਼ਕਤੀ ਨਾਲ ਧਰਮ ਦੀ ਆੜ ਵਿਚ ਮਾਸੂਮ ਅਤੇ ਬੇ-ਗੁਨਾਹ ਲੋਕਾਂ 'ਤੇ ਬੇਅੰਤ ਜ਼ੁਲਮ ਕੀਤੇ। ਧਰਮ ਦੀ ਆੜ ਵਿਚ ਬੇਗੁਨਾਹਾਂ ਦੇ ਸਿਰਾਂ ਦੀਆਂ ਖੋਪਰੀਆਂ ਉਤਾਰੀਆਂ ਗਈਆਂ, ਆਰਿਆਂ ਨਾਲ ਚੀਰੇ ਗਏ, ਬੰਦ-ਬੰਦ ਕੱਟੇ ਗਏ, ਇਥੋਂ ਤਕ ਕਿ ਮਸੂਮ ਬੱਚਿਆਂ ਅਤੇ ਇਸਤ੍ਰੀਆਂ ਨੂੰ ਵੀ ਮਾਫ ਨਾ ਕੀਤਾ ਗਿਆ।

ਪਰ ਧਰਮ ਤੋਂ ਹੀਣੀ ਰਾਜਨੀਤੀ ਜ਼ੁਲਮ ਦਾ ਰੂਪ ਧਾਰਨ ਕਰ ਲੈਂਦੀ ਹੈ ਚੀਨ ਵਿਚ ਜਿਉਂ ਹੀ ਰਾਜਸੀ ਤਾਕਤ ਨਾਸਤਕ ਟੋਲੇ ਦੇ ਹੱਥ ਵਿਚ ਆਈ, ਧਾਰਮਿਕ ਲੋਕਾਂ ਅਤੇ ਬੋਧੀਆਂ 'ਤੇ ਜ਼ੁਲਮਾਂ ਦੇ ਪਹਾੜ ਢਹਿ ਪਏ। ਉਨ੍ਹਾਂ ਨੂੰ ਜ਼ੁਲਮ ਦਾ ਸ਼ਿਕਾਰ ਇਸ ਕਰਕੇ ਹੋਣਾ ਪਿਆ ਕਿਉਂਕਿ ਉਹ ਰਾਜਸੀ ਪੱਖੋਂ ਕਮਜ਼ੋਰ ਹੋ ਚੁੱਕੇ ਸਨ ਅਤੇ ਆਪਣੇ ਧਰਮ ਦੀ ਰਾਖੀ ਨਾ ਕਰ ਸਕੇ। ਅਫਗਾਨਿਸਤਾਨ ਤੋਂ ਆਉਂਦੀਆਂ ਖ਼ਬਰਾਂ ਤੋਂ ਪਤਾ ਲਗਦਾ ਹੈ ਕਿ ਉਥੇ ਦੀ ਥੋੜ੍ਹੇ ਚਿਰ ਦੀ ਕਾਇਮ ਹੋਈ ਨਾਸਤਕ ਸਰਕਾਰ ਧਰਮ ਨੂੰ ਕੁਚਲ ਰਹੀ ਹੈ। ਕੰਬੋਡੀਆ ਦੇ ਪੋਲ ਪੋਟ ਦੀ ਨਾਸਤਕ ਅਤੇ ਰਾਖਸ਼-ਜੁੰਡਲੀ ਨੇ ਖ਼ਬਰਾਂ ਅਨੁਸਾਰ, ਤੀਹ ਲੱਖ ਲੋਕਾਂ ਨੂੰ ਤਿੰਨ ਕੁ ਸਾਲ ਦੇ ਸਮੇਂ ਵਿਚ ਹੀ ਤਸੀਹੇ ਦੇ ਦੇ ਕੇ ਕਤਲ ਕਰ ਦਿੱਤਾ। ਇਹ ਕੰਮ ਕੋਈ ਧਰਮੀ ਹੁਕਮਰਾਨ ਨਹੀਂ ਕਰ ਸਕਦਾ।

ਕੁਝ ਲੋਕ, ਲੋਕ-ਰਾਜ ਜਾਂ ਡੈਮੋਕਰੇਸੀ ਦੇ ਨਾਂ 'ਤੇ ਧਰਮ ਅਤੇ ਰਾਜਨੀਤੀ ਦਾ ਇਕੱਠੇ ਚਲਣਾ ਅਸੰਭਵ ਦੱਸਦੇ ਹਨ। ਉਹ ਧਰਮ ਦੇ ਸਹੀ ਅਰਥ ਜਾਂ ਤਾਂ ਸਮਝਦੇ ਹੀ ਨਹੀਂ ਜਾਂ ਫਿਰ ਧਰਮ ਤੋਂ ਕੋਰੇ ਹਨ। ਕੁਝ ਲੋਕ ਜੋ ਧਰਮ ਅਤੇ ਰਾਜਨੀਤੀ ਦੇ ਏਕੇ ਦੇ ਵਿਰੁੱਧ ਵਾ-ਵੇਲਾ ਕਰਦੇ ਹਨ; ਉਹ, ਉਹ ਹਨ ਜੋ ਭ੍ਰਿਸ਼ਟ ਰਾਜਨੀਤੀ ਵਿਚ ਯਕੀਨ ਰੱਖਦੇ ਹਨ। ਧਰਮ ਨਾਂ ਦੀ ਉਨ੍ਹਾਂ ਲਈ ਕੋਈ ਚੀਜ਼ ਹੈ ਹੀ ਨਹੀਂ। ਉਹ ਧਰਮ ਸ਼ਬਦ ਤੋਂ ਬਿਨਾਂ ਸੋਚੇ ਸਮਝੇ ਆਪਣੇ ਸਿਆਸੀ ਅੰਨ੍ਹੇ ਤੁਅੱਸਬ ਅਧੀਨ ਨਫ਼ਰਤ ਕਰਦੇ ਹਨ। ਰਾਜਸੀ ਸੱਤਾ ਨਾਲ ਉਹ ਲੋਕਾਂ ਦੀ ਆਜ਼ਾਦੀ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕੁਚਲਦੇ ਹਨ। ਉਨ੍ਹਾਂ ਦਾ ਸਿਧਾਂਤ ਹੀ ਝੂਠ, ਦਗਾ, ਫਰੇਬ, ਕਪਟ, ਜ਼ੁਲਮ ਅਤੇ ਕਤਲੋਗਾਰਦ ਦੀ ਸਿਖਿਆ ਦਿੰਦਾ ਹੈ ਜੋ ਸਿਧਾਂਤ ਹੀ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਸਿਖਿਆ ਦਿੰਦਾ ਹੈ ਉਸ ਨੂੰ ਮੰਨਣ ਵਾਲਿਆਂ ਤੋਂ ਭਲਾ, ਭਲੇ ਅਤੇ ਰਹਿਮ ਦੀ ਕੀ ਆਸ ਕੀਤੀ ਜਾ ਸਕਦੀ ਹੈ। ਇਹ ਸਭ ਕੁਝ ਸੌੜੀ ਰਾਜਸੀ ਵਿਚਾਰਧਾਰਾ ਕਰਕੇ ਹੈ। ਰਾਜਸੀ ਤੁਅੱਸਬ, ਮਜ਼੍ਹਬੀ ਤੁਅੱਸਬ ਨਾਲੋਂ ਕਿਤੇ ਖ਼ਤਰਨਾਕ ਹੈ। ਐਸੇ ਰਾਜਸੀ ਤੁਅੱਸਬ ਅਧੀਨ ਜਾਂ ਵਿਚਾਰਧਾਰਾ ਅਤੇ ਧਾਰਮਿਕ ਵਿਚਾਰਾਂ ਨੂੰ ਸਹਿਣ ਨਾ ਕਰਨਾ ਅਤੇ ਵਿਰੋਧ ਖ਼ਤਮ ਕਰਨ ਲਈ ਵਿਰੋਧੀਆਂ ਨੂੰ ਹੀ ਖਤਮ ਕਰਨ ਵਿਚ ਵਿਸ਼ਵਾਸ ਰੱਖਣ ਵਾਲੀ ਰਾਜਨੀਤੀ ਅਸਾਵੀਂ ਅਤੇ ਘੋਰ ਅਪਰਾਧੀ ਹੈ। ਪਰ ਗੁਰਮਤਿ ਅਨੁਸਾਰ ਤਾਂ:

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਪੰਨਾ ੯੭)

ਦੇ ਪੂਰਨਿਆਂ 'ਤੇ ਚਲਣਾ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਅਤੇ ਕਰਨਾ ਹੈ। ਆਪਣੇ ਵਿਚਾਰਾਂ ਨੂੰ ਕਿਸੇ 'ਤੇ ਠੋਸਣਾ ਨਹੀਂ, ਆਪਣੇ ਧਰਮ ਦੇ ਗੁਣਾਂ ਦੀ ਸੁਗੰਧ ਨਾਲ ਦੂਜਿਆਂ ਨੂੰ ਖਿੱਚਣਾ ਹੈ। ਅੱਜ ਸਮੇਂ ਦੀ ਲੋੜ ਮੰਗ ਕਰਦੀ ਹੈ ਕੌਮ ਦੇ ਏਕੇ ਦੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਸਾਂਝੇ ਕੌਮੀ ਹਿਤਾਂ ਨੂੰ ਮੁੱਖ ਰੱਖ ਕੇ, ਨਿੱਜੀ ਹਿਤਾਂ ਅਤੇ ਹਉਮੈ ਦਾ ਤਿਆਗ ਕਰਕੇ, ਕੌਮ ਦੀ ਚੜ੍ਹਦੀ ਕਲਾ ਦੀ ਭਾਵਨਾ ਮਨ ਵਿਚ ਰੱਖਦੇ ਹੋਏ ਪੰਥਕ ਸ਼ਕਤੀ ਨੂੰ ਮਜ਼ਬੂਤ ਬਣਾਉਣ ਦੀ ਇੱਛਾ ਅਧੀਨ ਹੋ ਸਕਦੀ ਹੈ। ਏਸੇ ਵਿਚ ਹੀ ਸਿੱਖ, ਸਿੱਖੀ, ਧਰਮ ਅਤੇ ਦੇਸ਼ ਦਾ ਭਲਾ ਹੈ।

੬/੧੯੮੯

ਮੀਰੀ-ਪੀਰੀ ਦਾ ਅਦੁੱਤੀ ਸਿਧਾਂਤ

ਮੀਰੀ-ਪੀਰੀ ਇਕ ਵਿਸ਼ਾਲ ਵਿਸ਼ਾ ਹੈ ਅਤੇ ਇਸ 'ਤੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਸਿੱਖੀ ਦਾ ਇਹ ਆਦਰਸ਼ ਹੈ, ਇਸ ਦੀ ਇਹ ਆਖਰੀ ਸਿਖਰ ਹੈ ਅਤੇ ਕਾਦਰ ਦੀ ਕੁਦਰਤ ਨਾਲ ਇਕ ਸੁਰ ਹੋ ਜਾਣ ਦੀ ਅਵਸਥਾ ਹੈ। ਇਹ ਸਾਰੇ ਬ੍ਰਹਮੰਡ ਦੀ ਸਹਿਯੋਗ ਤੇ ਸਹਿਵਿਚਰਨ ਦੀ ਨਿਯਮਾਵਲੀ ਦੀ ਪ੍ਰਤੀਕ ਹੈ ਅਤੇ ਮਨੁੱਖੀ ਹਿਰਦੇ ਨੂੰ ਕਾਦਰ ਦੀ ਕੁਦਰਤ ਨਾਲ ਧੜਕਾ ਸਕਣ ਦੀ ਭੇਦ-ਭਰੀ ਜੁਗਤੀ ਹੈ। ਇਹ ਮਨੁੱਖ ਨੂੰ ਆਤਮਕ ਤੇ ਸੰਸਾਰਕ ਪੱਖਾਂ ਤੋਂ ਇਕੋ ਜਿਹਾ ਉੱਚਾ ਕਰਕੇ ਉਚੇਰੀ ਇਕਸੁਰਤਾ ਕਾਇਮ ਕਰ ਸਕਣ ਦੀ ਵਿਧੀ ਹੈ। ਇਹ ਉਚੇਰੀ ਅਵਸਥਾ ਹੀ ਮੀਰੀ-ਪੀਰੀ ਦਾ ਕੇਂਦਰੀ ਬਿੰਦੂ ਹੈ। ਇਸ ਦੀ ਰੂਪ-ਰੇਖਾ 'ਤੇ ਸੰਖੇਪ ਝਾਤ ਮਾਰਨ ਲਈ ਮੈਂ ਇਸ ਨੂੰ ਚਾਰ ਹਿੱਸਿਆਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਪਹਿਲੇ ਹਿੱਸੇ ਵਿਚ ਇਹ ਦੱਸਣ ਦਾ ਯਤਨ ਹੈ ਕਿ ਮੀਰੀ-ਪੀਰੀ ਕੀ ਹੈ ਅਤੇ ਇਸ ਦਾ ਇਤਿਹਾਸਕ ਪਿਛੋਕੜ ਕੀ ਹੈ? ਦੂਜੇ ਹਿੱਸੇ ਵਿਚ ਇਸ ਦੇ ਸਿਧਾਂਤਕ ਪਿਛੋਕੜ ਨੂੰ ਦਰਸਾਉਣ ਦਾ ਯਤਨ ਹੈ। ਤੀਜੇ ਹਿੱਸੇ ਵਿਚ ਇਸ ਦਾ ਸਿਧਾਂਤਕ ਪੱਖ ਦੇਣ ਦਾ ਯਤਨ ਕੀਤਾ ਹੈ ਅਤੇ ਚੌਥੇ ਹਿੱਸੇ ਵਿਚ ਇਹ ਵਿਚਾਰਨ ਦਾ ਯਤਨ ਹੈ ਕਿ ਮੀਰੀ-ਪੀਰੀ ਵਕਤੀ ਲੋੜ ਦੀ ਉਪਜ ਸੀ ਜਾਂ ਸਿੱਖੀ ਦੇ ਪੂਰਵ-ਚਿੰਤਤ ਪਲਾਨ ਦਾ ਹਿੱਸਾ ਸੀ?

ਸਭ ਤੋਂ ਪਹਿਲਾਂ ਸਾਨੂੰ ਮੀਰੀ ਤੇ ਪੀਰੀ ਦੇ ਬੁਨਿਆਦੀ ਅਰਥਾਂ ਦਾ ਕ੍ਰਮਵਾਰ ਨਿਰਣਾ ਕਰ ਲੈਣਾ ਚਾਹੀਦਾ ਹੈ। ਮੀਰੀ ਤੇ ਪੀਰੀ ਦੋਵੇਂ ਫ਼ਾਰਸੀ ਦੇ ਸ਼ਬਦ ਹਨ ਮੀਰੀ ਤੋਂ ਭਾਵ ਹੈ- ਮੀਰ ਦਾ ਕਰਮ ਅਤੇ ਪੀਰੀ ਤੋਂ ਭਾਵ ਹੈ- ਪੀਰ ਦਾ ਕਰਮ। ਮੀਰੀ ਰਾਜ ਦੀ ਸੂਚਕ ਹੈ ਅਤੇ ਪੀਰੀ ਜੋਗ ਦੀ। ਮੀਰ ਸ਼ਬਦ ਅਮੀਰ ਦਾ ਸੰਖਿਪਤ ਰੂਪ ਹੈ। ਅਮੀਰ ਦਾ ਮੂਲ ਅਰਥ ਹੈ- ਹੁਕਮ ਕਰਨ ਵਾਲਾ, ਮੁਖੀ, ਸਰਦਾਰ, ਹਾਕਮ, ਜਰਨੈਲ ਅਤੇ ਬਾਦਸ਼ਾਹ ਆਦਿ। ਕਾਬਲ ਦੇ ਨਾਲ ਲੱਗਦੇ ਫਰੰਟੀਅਰ ਦੇ ਕਈ ਇਲਾਕਿਆਂ ਵਿਚ 'ਮਾਲਕ' ਸ਼ਬਦ ਵੀ ਇਸੇ ਅਰਥ ਵਿਚ ਵਰਿਤਆ ਜਾਂਦਾ ਰਿਹਾ ਹੈ। ਕਾਬਲ ਦੇ ਬਾਦਸ਼ਾਹ ਲਈ ਹੁਣ ਤਕ ਅਮੀਰ ਸ਼ਬਦ ਦੀ ਹੀ ਵਰਤੋਂ ਹੁੰਦੀ ਰਹੀ ਹੈ। ਆਧੁਨਿਕ ਪੰਜਾਬੀ ਵਿਚ ਹੁਣ ਭਾਵੇਂ ਇਸ ਦੇ ਅਰਥ ਦੌਲਤਮੰਦ ਜਾਂ ਬਹੁਲਤਾ ਦੇ ਲਏ ਜਾਂਦੇ ਹਨ ਪਰੰਤੂ ਗੁਰੂ-ਕਾਲ ਵੇਲੇ ਹਾਕਮ, ਸਰਦਾਰ ਜਾਂ ਬਾਦਸ਼ਾਹ ਨੂੰ ਅਮੀਰ ਹੀ ਕਿਹਾ ਜਾਂਦਾ ਸੀ। 'ਮੀਰ ਮਲਕ ਉਮਰੇ ਫਨਾਇਆ' ਵਿਚ 'ਮੀਰ' ਸ਼ਬਦ ਹਾਕਮ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ 'ਮੀਰ' ਸ਼ਬਦ ਹਾਕਮ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ 'ਮੀਰ' ਸ਼ਬਦ ਬਹੁਪੱਖੀ

ਅਰਥਾਂ ਵਿਚ ਵਰਤਿਆ ਗਿਆ ਹੈ। ਇਹ ਹਾਕਮ ਜਾਂ ਬਾਦਸ਼ਾਹ ਲਈ ਵੀ ਵਰਤਿਆ ਗਿਆ ਹੈ ਅਤੇ ਸੰਸਾਰਕਤਾ ਲਈ ਵੀ।

'ਪੀਰ' ਸ਼ਬਦ ਫ਼ਾਰਸੀ ਤੋਂ ਆਇਆ ਹੈ ਅਤੇ ਇਹ ਅਧਿਆਤਮਕ ਜਾਂ ਰੂਹਾਨੀਅਤ ਦੀ ਮਹਾਨਤਾ ਦਾ ਸੂਚਕ ਹੈ। ਆਮ ਕਰਕੇ ਇਹ ਸ਼ਬਦ ਮੁਸਲਮਾਨ ਭਾਈਚਾਰੇ ਵਿਚ ਅਧਿਆਤਮਕ ਆਗੂ, ਮੁਰਸ਼ਦ ਜਾਂ ਪੁਰਸ਼ ਲਈ ਵਰਤਿਆ ਜਾਂਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਸੰਬੰਧੀ ਵੀ ਇਹ ਵਿਚਾਰ ਪ੍ਰਚਲਤ ਹੈ ਕਿ ਆਪ ਜੀ ਹਿੰਦੂਆਂ ਦੇ 'ਗੁਰੂ' ਤੇ ਮੁਸਲਮਾਨਾਂ ਦੇ 'ਪੀਰ' ਕਰਕੇ ਜਾਣੇ ਜਾਂਦੇ ਸਨ। ਸਮੁੱਚੇ ਤੌਰ 'ਤੇ 'ਪੀਰ' ਸ਼ਬਦ ਅਧਿਆਤਮਕਤਾ ਦਾ ਪ੍ਰਤੀਕ ਮੰਨ ਕੇ ਵਰਤਿਆ ਜਾਂਦਾ ਰਿਹਾ ਹੈ। 'ਪੀਰ' ਤੋਂ ਭਾਵ ਨਿਰੋਲ ਧਾਰਮਿਕ, ਅਧਿਆਤਮਕ ਜਾਂ ਰੂਹਾਨੀ ਵਿਚਾਰਧਾਰਾ ਦੀ ਅਨੁਸਾਰੀ ਸ਼ਖ਼ਸੀਅਤ ਹੈ। ਗੁਰਬਾਣੀ ਵਿਚ 'ਪੀਰ' ਸ਼ਬਦ ਗੁਰੂ ਦੇ ਸਮਾਨਅਰਥਕ ਹੋ ਕੇ ਵਰਤਿਆ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਭੇਖੀ ਤੇ ਪਾਖੰਡੀ ਗੁਰੂਆਂ, ਪੀਰਾਂ ਤੇ ਸਾਧਾਂ ਤੋਂ ਦੂਰ ਰਹਿਣ ਦੀ ਚਿਤਾਵਨੀ ਦੇਂਦਿਆਂ 'ਪੀਰ' ਸ਼ਬਦ ਨੂੰ ਗੁਰੂ ਦੇ ਸਮਾਨਅਰਥ ਵਰਤਿਆ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥

(ਪੰਨਾ ੧੨੪੫)

ਇਸੇ ਤਰ੍ਹਾਂ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ 'ਪੀਰ' ਸ਼ਬਦ ਨੂੰ ਛੇ ਗੁਰ ਵਿਅਕਤੀਆਂ ਲਈ ਵਰਤਿਆ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।

(ਵਾਰ ੧, ਪਉੜੀ ੪੮)

ਮੀਰੀ ਸੰਸਾਰਕ ਖੇਤਰ ਨਾਲ ਸੰਬੰਧਤ ਹੈ ਅਤੇ ਪੀਰੀ ਅਧਿਆਤਮਕ ਖੇਤਰ ਨਾਲ। ਮੀਰੀ ਸਮਾਜਿਕ ਜੀਵਨ ਦੇ ਵਿਵਹਾਰਕ ਖੇਤਰ ਦੀ ਅਗਵਾਈ ਕਰਦੀ ਹੈ ਅਤੇ ਪੀਰੀ ਅਧਿਆਤਮਕ ਖੇਤਰ ਦੀ। ਮੀਰੀ ਸੰਸਾਰਕ ਭੁੱਖ ਦੀ ਪੂਰਤੀ ਕਰਦੀ ਹੈ ਅਤੇ ਪੀਰੀ ਆਤਮਕ ਭੁੱਖ ਦੀ। ਮਨੁੱਖ ਨੇ ਆਤਮਕ ਪੱਖੋਂ ਅਧਿਆਤਮਕ ਹੋਣਾ ਹੈ ਅਤੇ ਸਰੀਰਕ ਪੱਖੋਂ ਸੰਸਾਰਕ। ਸੰਸਾਰਕਤਾ ਦਾ ਧਾਰਨੀ ਹੋਣਾ ਮੀਰੀ ਹੈ ਅਤੇ ਆਤਮਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣਾ ਪੀਰੀ। ਨਾਮ ਜਪਣਾ ਪੀਰੀ ਹੈ ਅਤੇ ਕਿਰਤ ਕਰਨੀ ਮੀਰੀ। ਕਿਰਤ ਕਰਨੀ ਜਿੱਥੇ ਮੀਰੀ ਹੈ, ਉਥੇ ਵੰਡ ਛਕਣਾ ਪੀਰੀ ਹੈ। ਆਤਮਕ ਪੱਖੋਂ ਸੰਤ ਹੋਣਾ ਮੀਰੀ ਹੈ ਅਤੇ ਧੱਕੇਸ਼ਾਹੀ ਤੇ ਬੇਇਨਸਾਫੀ ਵਿਰੁੱਧ ਸਿਪਾਹੀ ਬਣਨਾ ਮੀਰੀ ਹੈ। ਸ਼ਾਸਤਰ (ਗੁਰਬਾਣੀ) ਨਾਲ ਆਤਮਕ ਉੱਚਤਾ ਪ੍ਰਾਪਤ ਕਰਨੀ ਪੀਰੀ ਹੈ ਅਤੇ ਸ਼ਸਤਰ ਨਾਲ ਆਪਣੇ ਤੇ ਪਰਾਏ ਹੱਕਾਂ ਦੀ ਰਾਖੀ ਕਰਨੀ ਮੀਰੀ ਹੈ।

ਮੀਰੀ ਤੇ ਪੀਰੀ ਅਧਿਆਤਮਕਤਾ ਤੇ ਸੰਸਾਰਕਤਾ ਦਾ ਸੰਜੋਗ ਹੈ। ਇਹ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਜਿੱਥੇ ਭਗਤੀ ਹੈ ਉਥੇ ਹੀ ਅਸਲੀ ਉਸਾਰੂ ਸ਼ਕਤੀ ਹੈ। ਇਹ ਸੰਗਤ ਤੇ

ਪੰਗਤ ਦਾ ਸੁਮੇਲ ਹੈ ਅਤੇ ਭਜਨ ਤੇ ਭੋਜਨ ਦਾ ਸੰਜੋਗ ਹੈ। ਇਹ ਸ਼ਸਤਰ ਤੇ ਸ਼ਾਸਤਰ ਦਾ ਸੁਮੇਲ ਹੈ ਅਤੇ ਰੂਹਾਨੀ ਤੇ ਸੰਸਾਰਕ ਸ਼ਕਤੀ ਦੀ ਏਕਤਾ ਦਾ ਚਮਤਕਾਰ ਹੈ। ਇਹ ਬਲਵਾਨ ਆਤਮਾ ਤੇ ਬਲਵਾਨ ਸਰੀਰ ਦਾ ਸਾਵਾਂਪਨ ਹੈ ਅਤੇ ਰੂਹਾਨੀ ਤੇ ਜਿਸਮਾਨੀ ਸ਼ਕਤੀ ਦਾ ਸਮਤੋਲ ਹੈ। ਇਹ ਅੰਦਰਲੀ ਤੇ ਬਾਹਰਲੀ ਇਕਸੁਰਤਾ ਕਾਇਮ ਰੱਖ ਸਕਣ ਦੀ ਵਿਗਿਆਨਕ ਜੁਗਤੀ ਹੈ। ਇਹ ਦੀਨ ਤੇ ਦੁਨੀ ਦਾ ਸਾਵਾਂ ਤਾਲਮੇਲ ਹੈ। ਇਹ *'ਘਰ ਹੀ ਮਾਹਿ ਉਦਾਸੁ'* ਤੇ *'ਅੰਜਨ ਮਾਹਿ ਨਿਰੰਜਨੁ'* ਹੋ ਕੇ ਵਿਚਰਨ ਦਾ ਨਿਰਾਲਾ ਮਾਰਗ ਹੈ। ਇਹ ਸੰਗਤ ਤੇ ਪੰਗਤ, ਦੇਗ਼ ਤੇ ਤੇਗ਼, ਭਗਤੀ ਤੇ ਸ਼ਕਤੀ ਅਤੇ ਸੰਤ ਤੇ ਸਿਪਾਹੀ ਦੇ ਕਮਾਲ ਦਾ ਕੁਦਰਤੀ ਸਹਿਯੋਗ ਤੇ ਸਹਿਵਿਚਰਨ ਦਾ ਮਾਪਤੋਲ ਹੈ।

ਮੀਰੀ ਤੇ ਪੀਰੀ ਪ੍ਰਵਿਰਤੀ ਤੇ ਨਿਰਵਿਰਤੀ ਦਾ ਸਮਤੋਲ ਹੈ। ਇਹ ਲੌਕਿਕ ਤੇ ਪਰਾਲੌਕਿਕ ਸ਼ਕਤੀ ਦੀ ਇਕਸਾਰਤਾ ਹੈ। ਇਹ ਹਲਤਮੁਖੀ ਤੇ ਪਲਤਮੁਖੀ ਏਕਤਾ ਦਾ ਸੰਤੁਲਨ ਹੈ। ਇਹ ਜੰਗ ਤੇ ਜੋਗ ਦੇ ਤਾਣੇ-ਪੇਟੇ ਦੀ ਓਤਪੋਤ ਭੇਦ-ਭਰੀ ਸੂਖਮ ਬੁਣਤੀ ਹੈ। ਇਹ ਪੁਰਖ ਤੇ ਪ੍ਰਕ੍ਰਿਤੀ ਦਾ ਸੁਖਾਵਾਂ ਤਾਲਮੇਲ ਹੈ। ਇਹ ਕਾਦਰ ਦੀ ਕੁਦਰਤ ਨਾਲ ਇਕਸੁਰ ਹੋਣ ਦੀ ਅਵਸਥਾ ਹੈ। ਇਹ ਸੁਰ ਤੇ ਤਾਲ ਦੀ ਆਪਸੀ ਇਕਸਾਰਤਾ ਹੈ। ਨਾਮ ਜਪਣ ਦੇ ਨਾਲ ਕਿਰਤ ਕਰਨੀ, ਕਿਰਤ ਕਰਨ ਦੇ ਨਾਲ ਵੰਡ ਕੇ ਛਕਣ, ਹਲ ਵਾਹੁਣ ਦੇ ਨਾਲ ਤੇਗ਼ ਵਾਹੁਣ, ਗੁਰਦੁਆਰੇ ਨਾਲ ਮੱਲ-ਅਖਾੜੇ, ਭਗਤੀ ਦੇ ਨਾਲ ਸ਼ਕਤੀ, ਮਾਲਾ ਦੇ ਨਾਲ ਖੰਡਾ, ਸੰਤ ਦੇ ਨਾਲ ਸਿਪਾਹੀ, ਦੇਗ਼ ਦੇ ਨਾਲ ਤੇਗ਼, ਸੰਗਤ ਦੇ ਨਾਲ ਪੰਗਤ, ਗੁਰਗੱਦੀ ਦੇ ਨਾਲ ਅਕਾਲ ਤਖ਼ਤ, ਛੱਪਰੀਆਂ ਨਾਲ ਛਾਉਣੀਆਂ, ਇਲਾਹੀ ਕੀਰਤਨ ਦੀਆਂ ਸੁਰੀਲੀਆਂ ਧੁਨਾਂ ਨਾਲ ਬੀਰ-ਰਸੀ ਵਾਰਾਂ ਦੀਆਂ ਗੁੰਜਾਰਾਂ, ਰਬਾਬਾਂ ਦੀਆਂ ਮਧੁਰ ਝੁਣਕਾਰਾਂ ਦੇ ਨਾਲ ਤੇਗ਼ਾਂ ਦੀਆਂ ਛਣਕਾਰਾਂ ਅਤੇ ਫ਼ਕੀਰੀ ਦੇ ਨਾਲ ਸ਼ਾਹੀ ਠਾਠ-ਬਾਠ ਦਾ ਅਲੌਕਿਕ ਸੁਮੇਲ ਮੀਰੀ ਤੇ ਪੀਰੀ ਦਾ ਹੀ ਚਮਤਕਾਰ ਹੈ।

ਮੀਰ ਤੇ ਪੀਰ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਮਾਰਿਆਂ ਇਸ ਗੱਲ ਵਿਚ ਜ਼ਰਾ ਜਿੰਨਾ ਵੀ ਸੰਦੇਹ ਬਾਕੀ ਨਹੀਂ ਰਹਿ ਜਾਂਦਾ ਕਿ ਮੀਰ ਦੇ ਹੱਥ ਸ਼ਸਤਰ ਰਿਹਾ ਹੈ, ਤਾਕਤ ਰਹੀ ਹੈ ਅਤੇ ਸਿਆਸਤ ਰਹੀ ਹੈ। ਇਨ੍ਹਾਂ ਸ਼ਕਤੀਆਂ ਦੇ ਬਲ ਨਾਲ ਇਹ (ਮੀਰ) ਪੀਰ ਨੂੰ ਵੀ ਵੱਸ ਕਰਦਾ ਆਇਆ ਹੈ ਅਤੇ ਲੋਕਾਂ ਨੂੰ ਵੀ। ਇਸੇ ਤਰ੍ਹਾਂ ਅਖੌਤੀ ਪੀਰ ਵੀ ਸਰਾਪ ਦੇ, ਬਦ-ਦੁਆ ਦੇ ਡਰਾਵਿਆਂ ਰਾਹੀਂ, ਰੱਬ ਦੀ ਕਰੋਪੀ ਤੇ ਤੌਖਲਿਆਂ ਰਾਹੀਂ ਜਾਂ ਨਰਕਾਂ-ਦੋਜ਼ਕਾਂ ਦੇ ਡਰਾਵਿਆਂ ਰਾਹੀਂ ਜਾਂ ਸੁਰਗੀ-ਬਹਿਸ਼ਤਾਂ ਦੇ ਲਾਲਚਾਂ ਰਾਹੀਂ ਭੋਲੇ-ਭਾਲੇ ਲੋਕਾਂ ਨੂੰ ਵੀ ਆਪਣੇ ਜਾਲ ਵਿਚ ਫਸਾਈ ਰੱਖਣ ਦਾ ਯਤਨ ਕਰਦਾ ਆਇਆ ਹੈ ਅਤੇ ਮੀਰ ਨੂੰ ਵੀ। ਪੀਰ ਆਮ ਤੌਰ 'ਤੇ ਮੀਰ ਦਾ ਸੱਜਾ ਹੱਥ ਬਣ ਕੇ ਮੀਰ ਦੇ ਰਾਜ ਕਾਇਮ-ਦਾਇਮ ਵਿਚ ਸਹਾਇਕ ਬਣਿਆ ਰਿਹਾ ਹੈ, ਜਿਸ ਦੇ ਬਦਲੇ ਮੀਰ ਨੇ ਆਪਣੇ ਦਰਬਾਰ ਵਿਚ ਪੀਰ ਨੂੰ ਨਿਆਂਕਾਰ ਦੀ ਪਦਵੀ ਦੇ ਕੇ ਇਸ ਨੂੰ ਵੀ ਰਾਜ-ਕਾਜ ਦਾ ਹਿੱਸਾ ਦੇਈ ਰੱਖਿਆ ਹੈ। ਇਸ ਤਰ੍ਹਾਂ ਮੀਰ ਤੇ ਪੀਰ ਦੋਵੇਂ ਰਲ ਕੇ ਘੱਟ ਜਾਂ ਵੱਧ ਮਾਤਰਾ ਵਿਚ ਸ਼ਸਤਰ-ਸ਼ਾਸਤਰ ਦੇ ਭੈਅ ਨਾਲ ਲੋਕਾਂ 'ਤੇ ਰਾਜ ਵੀ ਕਰਦੇ ਆਏ ਹਨ ਅਤੇ ਜ਼ੁਲਮ ਵੀ।

ਮੀਰ ਤਲਵਾਰ ਦੇ ਜ਼ੋਰ ਨਾਲ ਜ਼ੁਲਮ ਕਰਦਾ ਆਇਆ ਹੈ ਅਤੇ ਪੀਰ ਸ਼ਾਸਤਰ ਦੇ ਸ਼ਕਤੀ ਜਾਲ ਨਾਲ। ਪੀਰ, ਮੀਰ ਦੇ ਦਰਬਾਰ ਵਿਚ, ਬ੍ਰਾਹਮਣ, ਕਾਜ਼ੀ ਜਾਂ ਪਰੀਸਟ ਦੇ ਰੂਪ ਵਿਚ ਰਿਸ਼ਵਤਾਂ ਲੈ ਕੇ ਸ਼ਾਸਤਰ ਦੇ ਫਤਵੇ ਨਾਲ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਾਬਤ ਕਰਕੇ ਲੋਕਾਂ ਨਾਲ ਧੱਕੇ ਤੇ ਬੇਇਨਸਾਫੀਆਂ ਰਾਹੀਂ ਜ਼ੁਲਮ ਕਰਦਾ ਆਇਆ ਹੈ।

ਮੀਰੀ ਤੇ ਪੀਰੀ ਦਾ ਸੰਕਲਪ, ਜਿੱਥੇ ਸਿੱਖ ਧਰਮ ਦਾ ਆਦਰਸ਼ ਹੈ ਉਥੇ ਇਸਲਾਮ ਤੇ ਈਸਾਈ ਮੱਤ ਵਿਚ ਇਸ ਦਾ ਬਿਲਕੁਲ ਹੀ ਅਭਾਵ ਹੈ। ਮੱਧ ਕਾਲ ਦੇ ਪੋਪ ਤੋਂ ਖ਼ਲੀਫਾ (ਪੀਰ) ਨੇ ਵਕਤ ਦੇ ਕਮਜ਼ੋਰ ਮੀਰ 'ਤੇ ਹਾਵੀ ਹੋ ਕੇ ਉਸ ਨੂੰ ਆਪਣੇ ਨਾਲ ਜੋੜਿਆ ਅਤੇ ਆਪਣੇ ਅਧਿਕਾਰ ਖੇਤਰ ਨੂੰ ਵਧਾਇਆ। ਪਰ ਉਹ ਉਨ੍ਹਾਂ ਦੀ ਵਿਅਕਤੀਗਤ ਵਕਤੀ ਲੋੜ ਦੀ ਉਪਜ ਸੀ। ਦੂਜੀ ਗੱਲ ਉਨ੍ਹਾਂ ਦੋਹਾਂ ਹਾਲਤਾਂ ਵਿਚ, ਉਨ੍ਹਾਂ ਦਾ ਮੁੱਖ ਮੰਤਵ ਲੋਕਾਂ 'ਤੇ ਰਾਜ ਕਰਨਾ ਸੀ ਨਾ ਕਿ ਸਿੱਖੀ ਦੇ ਮੀਰੀ-ਪੀਰੀ ਦੇ ਸਿਧਾਂਤ ਮੁਤਾਬਕ ਸਰਬੱਤ ਦਾ ਭਲਾ ਮੰਗਣਾ, ਸਰਬੱਤ ਦੀ ਰਾਖੀ ਕਰਨੀ ਅਤੇ ਸਰਬੱਤ ਦੀ ਦੇਖ-ਭਾਲ ਕਰਨੀ। ਤੀਜੀ ਗੱਲ, ਉਨ੍ਹਾਂ, ਮੀਰ ਦੀ ਸ਼ਕਤੀ ਸਿੱਖੀ ਵਾਂਗ ਨਾ ਤਾਂ ਪਰਉਪਕਾਰ ਲਈ ਵਰਤਣ ਦਾ ਆਦਰਸ਼ ਸਾਹਮਣੇ ਰੱਖਿਆ ਅਤੇ ਨਾ ਹੀ ਦੂਜਿਆਂ ਦੇ ਧਰਮ ਨੂੰ ਬਚਾਉਣ ਖ਼ਾਤਰ, ਸਗੋਂ ਇਸ ਦੇ ਉਲਟ ਉਨ੍ਹਾਂ ਉਸ ਸ਼ਕਤੀ ਨੂੰ ਦੂਜਿਆਂ ਦੇ ਧਰਮ ਨੂੰ ਮਿਟਾ ਕੇ ਆਪੋ-ਆਪਣੇ ਧਰਮ ਨੂੰ ਫੈਲਾਉਣ ਲਈ ਵਰਤਿਆ। ਇਸ ਦੇ ਨਾਲ ਹੀ ਉਨ੍ਹਾਂ ਦੋਹਾਂ ਵਿਚ 'ਸਿੱਖ ਤੇ ਗੁਰੂ ਦੀ ਬਰਾਬਰਤਾ' ਦੇ ਸਿਧਾਂਤ ਦਾ ਅਭਾਵ ਵੀ ਸੀ ਜਿਸ ਮੁਤਾਬਕ ਜਿਹੜੇ ਸਿਧਾਂਤਾਂ ਤੇ ਨਿਯਮਾਂ ਦੀ ਪਾਲਣਾ ਕਰਨੀ ਜਿਤਨੀ ਇਕ ਅਨੁਆਈ (ਸਿੱਖ) ਲਈ ਜ਼ਰੂਰੀ ਹੈ, ਉਸ ਦੇ ਪੀਰ (ਗੁਰੂ) ਲਈ ਵੀ ਉਸ ਦੀ ਪਾਲਣਾ ਕਰਨੀ ਉਤਨੀ ਹੀ ਜ਼ਰੂਰੀ ਹੈ।

ਮਨੁੱਖਤਾ ਦੇ ਇਤਿਹਾਸ ਵਿਚ, ਮੀਰ ਦੀ ਤਲਵਾਰ ਵਿਚ ਜ਼ੋਰ ਮੰਨਿਆ ਜਾਂਦਾ ਰਿਹਾ ਹੈ ਅਤੇ ਪੀਰ ਦੇ ਬੋਲ ਵਿਚ ਸ਼ਕਤੀ। ਅੱਜ ਦੇ ਮੀਰ ਨੇ ਤਲਵਾਰ ਜ਼ਰ (ਧਨ, ਦੌਲਤ), ਜ਼ਮੀਨ ਦੂਜੇ ਦੀ ਖੋਹਣ ਅਤੇ ਜ਼ਨ (ਇਸਤਰੀ ਤੋਂ ਉਤਪੰਨ ਹੋਏ ਝਗੜਿਆਂ) ਲਈ ਵਰਤੀ ਹੈ ਜਾਂ ਜ਼ੋਰ-ਜ਼ਮੀਨ ਨਾਲ ਦੂਜੇ ਦਾ ਰਾਜ-ਭਾਗ ਖੋਹਣ ਲਈ ਵਰਤੀ ਹੈ। ਇਸੇ ਤਰ੍ਹਾਂ ਪੀਰ ਨੇ ਵੀ ਤਲਵਾਰ, ਦੂਜਿਆਂ ਦੇ ਧਰਮ ਨੂੰ ਮਾਰ-ਮਿਟਾਉਣ ਲਈ ਵਰਤੀ ਹੈ ਜਾਂ ਮੀਰ ਵਾਂਗ ਜਰ, ਜ਼ਮੀਨ, ਜ਼ਨ ਲਈ। ਅੱਜ ਤਕ ਸੰਸਾਰ ਦੇ ਕਿਸੇ ਵੀ ਅਵਤਾਰ, ਪੀਰ-ਪੈਗੰਬਰ, ਰਾਜੇ-ਮਹਾਰਾਜੇ, ਸਿਆਸੀ ਲੀਡਰ ਜਾਂ ਧਾਰਮਕ ਆਗੂ ਨੇ ਤਲਵਾਰ ਦੀ ਵਿਨਾਸ਼ਕਾਰੀ ਸ਼ਕਤੀ ਨੂੰ ਪਰਉਪਕਾਰ ਦੇ ਕਿਸੇ ਖਾਸ ਜ਼ਬਤ ਵਿਚ ਨਿਰੂਪਣ ਵੱਲ ਧਿਆਨ ਨਹੀਂ ਦਿੱਤਾ। ਸਿੱਖ ਗੁਰੂ ਸਾਹਿਬਾਨ ਨੇ ਹੀ ਮਾਨਵਤਾ ਦੇ ਇਤਿਹਾਸ ਵਿਚ ਪਹਿਲੀ ਵਾਰ ਤਲਵਾਰ ਦੀ ਮਾਰੂ (Destructive) ਸ਼ਕਤੀ ਨੂੰ ਉਸਾਰੂ (Constructive) ਸ਼ਕਤੀ ਵਿੱਚ ਬਦਲਿਆ। ਤਲਵਾਰ ਦੇ ਨਾਂ ਨੂੰ ਕ੍ਰਿਪਾਨ ਵਿਚ ਬਦਲ ਕੇ ਇਸ ਨੂੰ ਕ੍ਰਿਪਾਲੂ ਬਣਾਇਆ ਅਤੇ ਇਸ ਦੀ ਵਰਤੋਂ ਦੀ ਇਕ ਖਾਸ ਨਿਯਮਾਵਲੀ ਬਣਾਈ।

ਸਾਰੀ ਮਨੁੱਖਤਾ ਦੇ ਰਾਖੇ ਗੁਰੂ ਸਾਹਿਬਾਨ ਨੇ ਤਲਵਾਰ ਨਾਲ ਕਿਸੇ ਉੱਤੇ ਹਮਲਾ ਕਰਨਾ। ਜ਼ੁਰਮ ਕਰਾਰ ਦਿੱਤਾ ਅਤੇ ਕਿਸੇ ਉੱਤੇ ਹਮਲਾ ਕਰਨ ਦੀ ਥਾਂ ਇਸ ਨੂੰ ਜ਼ਾਲਮ ਦੇ ਜ਼ੁਲਮ ਨੂੰ ਰੋਕਣ

ਵਾਸਤੇ ਵਰਤੇ ਜਾਣ ਦੀ ਪਿਰਤ ਪਾਈ। ਕ੍ਰਿਪਾਨ ਹਮੇਸ਼ਾ ਕੋਲ ਰੱਖਣੀ ਵੀ ਲਾਜ਼ਮੀ ਹੈ, ਵਰਤਣੀ ਵੀ ਸਿੱਖਣੀ ਹੈ ਅਤੇ ਵਰਤਣੀ ਵੀ ਹੈ ਪਰ ਜ਼ਾਲਮ ਦੇ ਜ਼ੁਲਮ ਨੂੰ ਰੋਕਣ ਲਈ ਜਾਂ ਕਿਸੇ ਦੀ ਜ਼ਿੰਦਗੀ ਬਚਾਉਣ ਲਈ- ਜਿਵੇਂ ਇਕ ਸਰਜਨ ਮਰੀਜ਼ ਦੀ ਜਾਨ ਬਚਾਉਣ ਲਈ ਚਾਕੂ ਵਰਤਦਾ ਹੈ! ਸਰਜਨ ਚਾਕੂ ਨਾਲ ਸਰਜਰੀ ਉਸ ਹਾਲਤ ਵਿਚ ਹੀ ਕਰਦਾ ਹੈ ਜਦੋਂ ਦਵਾਈਆਂ ਮਰੀਜ਼ ਨੂੰ ਠੀਕ ਨਹੀਂ ਕਰ ਸਕਦੀਆਂ। ਕ੍ਰਿਪਾਨ ਮਜ਼ਲੂਮ ਦੀ ਰਾਖੀ ਲਈ ਜ਼ਾਲਮ ਨੂੰ ਜੁਲਮ ਕਰਨ ਤੋਂ ਰੋਕਣ ਲਈ ਵਰਤਣੀ ਹੈ। ਇਹ ਆਪਣੇ ਤੇ ਪਰਾਏ ਹੱਕਾਂ ਦੀ ਰਾਖੀ ਲਈ ਵਰਤਣੀ ਹੈ। ਇਹ ਹਮਲੇ ਲਈ ਨਹੀਂ ਸਗੋਂ ਬਚਾਓ ਲਈ ਵਰਤਣੀ ਹੈ!

ਸੰਸਾਰ ਵਿਚ ਪਹਿਲੀ ਵਾਰ, ਤਾਕਤ ਦੇ ਨਸ਼ੇ ਵਿਚ ਪਾਗਲ ਹੋ ਚੁੱਕੇ ਸ਼ੁਦਾਈ ਜ਼ਾਲਮ ਨੂੰ ਕ੍ਰਿਪਾਨ ਨਾਲ ਸੋਧਣਾ ਧਰਮ ਕਰਾਰ ਦਿੱਤਾ ਗਿਆ। ਬਘਿਆੜਾਂ ਅੱਗੇ ਭੇਡਾਂ-ਬੱਕਰੀਆਂ ਬਣਨ ਦੀ ਥਾਂ ਡਟ ਕੇ ਮੁਕਾਬਲਾ ਕਰਨ ਦਾ ਸਬਕ ਸਿਖਾਇਆ ਗਿਆ। ਜ਼ਹਿਰੀਲੇ ਨਾਗਾਂ ਦੀ ਸਿਰੀ ਫੇਹ ਕੇ ਮਨੁੱਖਤਾ ਦੀ ਰਾਖੀ ਕਰਨਾ ਜ਼ਰੂਰੀ ਬਣਾਇਆ ਗਿਆ। ਜ਼ੁਲਮ ਸਹਿਣ ਨੂੰ ਕਾਇਰਤਾ ਤੇ ਪਾਪ ਦੱਸ ਕੇ ਜ਼ੁਲਮ ਦਾ ਟਾਕਰਾ ਕਰਨਾ ਸਿਖਾਇਆ ਗਿਆ। ਜਦ ਹੋਰ ਸਾਰੇ ਹੀਲੇ ਵਰਤ ਲਏ ਜਾਣ ਅਤੇ ਜ਼ਾਲਮ ਜ਼ੁਲਮ ਕਰਨੋਂ ਨਾ ਹਟੇ ਤਾਂ ਜਾਬਰ ਦੇ ਜਬਰ ਨੂੰ ਰੋਕਣ ਲਈ ਹੱਥ ਵਿਚ ਤਲਵਾਰ ਪਕੜਨੀ ਖ਼ਾਲਸੇ ਦਾ ਧਰਮ ਬਣਾ ਦਿੱਤਾ ਗਿਆ। ਦਸਮੇਸ਼ ਪਿਤਾ ਦਾ ਸੁਨਹਿਰੀ ਅੱਖਰਾਂ ਵਿਚ ਲਿਖਣ ਵਾਲਾ ਹੇਠਲਾ ਸਿਧਾਂਤ ਮਨੁੱਖਤਾ ਨੂੰ ਸਦੀਵੀ ਸੇਧ ਦੇਣ ਵਾਲਾ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥੨੨॥

(ਜ਼ਫ਼ਰਨਾਮਾ)

ਸੰਸਾਰ ਦੇ ਧਰਮਾਂ ਦਾ ਇਤਿਹਾਸਕ ਅਧਿਐਨ ਦੱਸਦਾ ਹੈ ਕਿ ਮੀਰ ਵਾਂਗ ਪੀਰ ਨੇ ਵੀ ਦੂਜੇ ਧਰਮ ਦੇ ਪੀਰ 'ਤੇ ਆਪਣੀ ਤਲਵਾਰ ਨਾਲ ਜ਼ੁਲਮ ਕੀਤੇ ਹਨ। ਯਹੂਦੀਆਂ ਵੱਲੋਂ ਈਸਾਈਆਂ 'ਤੇ ਜ਼ੁਲਮ, ਈਸਾਈਆਂ ਵੱਲੋਂ ਯਹੂਦੀਆਂ 'ਤੇ ਅਤਿਆਚਾਰ, ਈਸਾਈਆਂ ਅਤੇ ਮੁਸਲਮਾਨਾਂ ਦੀਆਂ ਲੜਾਈਆਂ, ਅਹਿੰਸਾ ਪਰਮੋ-ਧਰਮ ਦੇ ਅਖੌਤੀ ਠੇਕੇਦਾਰ ਹਿੰਦੂ ਧਰਮ ਦੇ ਜਨੂਨੀਆਂ ਵੱਲੋਂ ਲੱਖਾਂ ਬੋਧੀਆਂ ਦਾ ਕਤਲੇਆਮ, ਮੁਸਲਮਾਨਾਂ ਤੇ ਹਿੰਦੂਆਂ 'ਤੇ ਕਹਿਰਾਂ ਦਾ ਜ਼ੁਲਮ, ਈਸਾਈਆਂ ਦੇ ਆਪੋ ਵਿਚ ਦੇ ਖ਼ੂਨ-ਖਰਾਬੇ ਅਤੇ ਅਜੋਕੇ ਸਾਇੰਸੀ ਯੁੱਗ ਅੰਦਰ ਫਿਰਕੂ ਹਿੰਦੁਸਤਾਨੀ ਸਰਕਾਰ ਵੱਲੋਂ ਲੱਖਾਂ ਸਿੱਖਾਂ ਦਾ ਕਤਲੇਆਮ ਆਦਿ ਖ਼ੂਨੀ-ਕਾਂਡ ਇਸ ਕਥਨ ਦੀ ਗਵਾਹੀ ਭਰਦੇ ਹਨ। ਸਿੱਖ ਧਰਮ ਹੀ ਸੰਸਾਰ ਦਾ ਇਕੱਲਾ ਧਰਮ ਹੈ ਜਿਸ ਨੇ ਪਿਆਰ ਤੇ ਕੇਵਲ ਪਿਆਰ ਹੀ ਵੰਡਿਆ ਹੈ। ਅੱਧੀ ਸਦੀ ਕਹਿਰਾਂ ਦੇ ਜ਼ੁਲਮ ਤੇ ਜਬਰ ਸਹਿਣ ਮਗਰੋਂ ਜੇਤੂ ਬਣ ਕੇ ਵੀ ਆਪਣੇ ਗੁਰੂ ਦੇ ਉਪਦੇਸ਼: '*ਹੋਂਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ*' ਨੂੰ ਸਦਾ ਚੇਤੇ ਰੱਖਿਆ ਅਤੇ ਦੂਜਿਆਂ ਦੇ ਧਰਮਾਂ ਦੇ ਹੱਕਾਂ ਦੀ ਰਾਖੀ ਲਈ ਸਿਰ ਕਟਾਉਣ ਵਾਲਾ ਵੀ ਕੇਵਲ ਤੇ ਕੇਵਲ ਸਿੱਖ ਧਰਮ ਹੀ ਹੈ।

ਸੰਸਾਰ ਦੇ ਹੋਰਨਾਂ ਧਰਮਾਂ ਦੇ ਦ੍ਰਿਸ਼ਟੀਕੋਣ ਤੋਂ ਮੀਰੀ-ਪੀਰੀ 'ਤੇ ਸੰਖੇਪ ਝਾਤ ਮਾਰਨ

ਮਗਰੋਂ ਹੁਣ ਅਸੀਂ ਗੁਰੂ-ਕਾਲ ਵੇਲੇ ਹਿੰਦੁਸਤਾਨ ਦੀ ਸਥਿਤੀ 'ਤੇ ਵਿਚਾਰ ਕਰਨੀ ਹੈ। ਮੀਰ ਉਦੋਂ ਬਲਵਾਨ ਸੀ ਅਤੇ ਪੀਰ ਨਿਤਾਣਾ ਸੀ ਪਰ ਦੋਵੇਂ ਹੀ ਲੋਕਾਂ 'ਤੇ ਜ਼ੁਲਮ ਢਾਹ ਰਹੇ ਸਨ। ਜਦ ਪੀਰੀ ਨਿਤਾਣੀ ਹੋ ਜਾਂਦੀ ਹੈ ਤਾਂ ਇਸ ਦੀ ਕਮਜ਼ੋਰੀ ਕਾਰਨ ਧਰਮ ਨੂੰ ਹਾਨੀ ਪਹੁੰਚਦੀ ਹੈ। ਅਜਿਹੀ ਹਾਲਤ ਵਿਚ ਧਰਮ ਦੀ ਥਾਂ ਪਾਖੰਡ ਤੇ ਕਰਮ-ਕਾਂਡ ਲੈ ਲੈਂਦੇ ਹਨ। ਜਿੱਥੇ ਧਰਮ ਦਾ ਅਭਾਵ ਹੋ ਜਾਂਦਾ ਹੈ ਉਥੋਂ ਸੱਚ ਤੇ ਦਇਆ ਅਲੋਪ ਹੋ ਜਾਂਦੇ ਹਨ ਅਤੇ ਝੂਠ ਦਾ ਬੋਲ ਬਾਲਾ ਹੋ ਜਾਂਦਾ ਹੈ। ਅਜੇਹੀ ਹਾਲਤ ਵਿਚ ਸਮਰੱਥਾਹੀਣ ਪੀਰੀ, ਲੋਕ-ਭਰਮਾਊ ਤਣਿਆ ਜਾਲ ਬਣ ਜਾਂਦੀ ਹੈ, ਪਾਖੰਡ ਬਣ ਜਾਂਦੀ ਹੈ, ਕਰਮਕਾਂਡੀ ਬਣ ਜਾਂਦੀ ਹੈ ਅਤੇ ਵਕਤ ਦੀ ਮੀਰੀ ਦੀ ਭਿਖਮੰਗ ਬਣ ਜਾਂਦੀ ਹੈ।

ਗੁਰੂ ਸਾਹਿਬਾਨ ਨੇ ਸਾਨੂੰ ਰਾਜਨੀਤਕ ਤੌਰ 'ਤੇ ਵੀ ਉਤਨਾ ਹੀ ਸੁਚੇਤ ਕੀਤਾ ਹੈ ਜਿਤਨਾ ਆਤਮਕ ਤੌਰ 'ਤੇ ਪਰੰਤੂ ਸਾਡੇ ਸੁਆਰਥੀ ਲੀਡਰਾਂ 'ਤੇ ਪਰਚਾਰਕਾਂ ਨੇ ਹਾਕਮ ਜਮਾਤ ਦਾ ਵਿਕਾਊ ਮਾਲ ਬਣ ਕੇ ਸਾਡੇ ਧਰਮ ਦੇ ਰਾਜਨੀਤਕ ਪੱਖ ਤੇ ਪਰਦੇ ਪਾ ਦਿੱਤੇ ਹਨ। ਜਿਸ ਮੀਰੀ-ਪੀਰੀ ਨੂੰ ਸਾਡੇ ਗੁਰੂ ਸਾਹਿਬਾਨ ਨੇ ਇਕੱਠਿਆਂ ਕੀਤਾ, ਉਸ ਨੂੰ ਇਹ ਵੱਖ ਕਹੀ ਬੈਠੇ ਹਨ। ਗੁਰਮਤਿ ਦਾ ਨਿਰਣਾ ਸਪੱਸ਼ਟ ਹੈ ਕਿ ਧਰਮ ਬਚ ਹੀ ਤਦ ਸਕਦਾ ਹੈ ਜੇ ਦੇਸ਼ ਦੀ ਸਿਆਸੀ ਵਾਗਡੋਰ ਕਸਾਈਆਂ ਦੇ ਹੱਥ ਵਿਚ ਨਾ ਹੋਵੇ। ਜਦ ਸਿਆਸਤ ਤੇ ਰਾਜ-ਭਾਗ ਕਸਾਈਆਂ ਦੇ ਹੱਥ ਵਿਚ ਚਲੇ ਜਾਂਦੇ ਹਨ ਤਾਂ ਉਥੇ ਧਰਮ ਦਾ ਟਿਕਣਾ ਅਸੰਭਵ ਹੋ ਜਾਂਦਾ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

(ਪੰਨਾ ੧੪੫)

ਗੁਰੂ ਸਾਹਿਬਾਨ ਦੇ ਸਮੇਂ ਹਿੰਦੂ ਜਿੱਥੇ ਨਿਰੇ ਕਰਮ-ਕਾਂਡੀ ਬੰਦਗੀ ਵਿਚ ਲੱਗੇ ਰਹਿਣ ਕਰਕੇ ਬੁਜ਼ਦਿਲ ਤੇ ਕਾਇਰ ਬਣ ਚੁੱਕੇ ਸਨ, ਉਥੇ ਮੁਸਲਮਾਨਾਂ ਅੰਦਰ ਨਿਰਾ ਸੂਰਮਤਾ ਦਾ ਗੁਣ ਵਿਕਸਤ ਹੋਣ ਕਰਕੇ ਉਹ ਜਾਬਰ ਤੇ ਅਨਿਆਈ ਬਣ ਚੁੱਕੇ ਸਨ। ਇਕ ਪਾਸੇ ਨਿਰਬਲ ਤੇ ਬੁਜ਼ਦਿਲ ਅਤੇ ਦੂਜੇ ਪਾਸੇ ਬਲਵਾਨ ਤੇ ਜਾਬਰ। ਹਿੰਦੂ ਅਹਿੰਸਾ ਦੇ ਪੁਜਾਰੀ ਤੇ ਮੁਸਲਮਾਨ ਜਹਾਦ ਦੇ ਪੁਜਾਰੀ ਪਰ ਧਰਮ ਤੋਂ ਦੋਵੇਂ ਹੀ ਥਿੜਕੇ ਹੋਏ ਸਨ। ਮੀਰ ਵਿਚ ਮੀਰੀ ਦਾ ਅਭਾਵ ਸੀ ਅਤੇ ਪੀਰ ਦੀ ਪੀਰੀ ਵਿਚ ਪਾਖੰਡ ਸੀ। ਹਿੰਦੂ ਵਿਖਾਵੇ ਦੇ ਧਰਮੀ ਹੋਣ ਕਰਕੇ ਸ਼ਕਤੀਹੀਣ ਤੇ ਮਜ਼ਲੂਮ ਸਨ, ਜਿਨ੍ਹਾਂ ਨੂੰ ਅਹਿੰਸਾ ਦੇ ਮਾਰਗ ਨੇ ਸਾਹਸਹੀਣ ਤੇ ਡਰੂ ਬਣਾ ਕੇ ਰੱਖ ਦਿੱਤਾ ਸੀ। ਪੀਰੀ ਨਿਤਾਣੀ ਹੋ ਚੁੱਕੀ ਸੀ ਅਤੇ ਮੀਰ ਦੀ ਤਲਵਾਰ ਜਾਬਰ ਦਾ ਰੂਪ ਧਾਰ ਚੁੱਕੀ ਸੀ। ਇਕ ਸ਼ਕਤੀਹੀਣ ਹੋਣ ਕਰਕੇ ਮਜ਼ਲੂਮ ਸੀ ਤੇ ਦੂਜਾ ਧਰਮਹੀਣ ਹੋਣ ਕਰਕੇ ਜ਼ਾਲਮ। ਨਾ ਮੀਰ ਲਈ ਕੋਈ ਜ਼ਬਤ ਤੇ ਨਿਯਮ ਸੀ ਅਤੇ ਨਾ ਹੀ ਪੀਰ ਲਈ। ਦੋਵੇਂ ਹੀ ਲੋਕਾਂ 'ਤੇ ਜ਼ੁਲਮ ਕਰ ਰਹੇ ਸਨ। ਸੂਰਮੇ ਭਜਨੀਕ ਨਹੀਂ ਸਨ ਰਹੇ ਅਤੇ ਭਜਨੀਕ ਸੂਰਮੇ ਨਹੀਂ ਸਨ ਰਹੇ।

ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੂ ਧਰਮ ਵਿਚ ਕਰਮ-ਕਾਂਡ ਦਾ ਬੋਲ-ਬਾਲਾ ਸੀ। ਜਦੋਂ ਦੇਸ਼ ਅੰਦਰ ਜ਼ੁਲਮ ਦਾ ਆਰਾ ਨਿਰੰਤਰ ਚੱਲ ਰਿਹਾ ਸੀ ਅਤੇ ਕਤਲੋ-ਗਾਰਤ ਜਾਰੀ ਸੀ, ਉਦੋਂ ਸ਼ਿਵ-ਭਗਤੀ ਦੇ ਪੂਜਕਾਂ ਦੇ ਕੁਠਾਰ ਪਸ਼ੂਆਂ ਦੀ ਬਲੀ 'ਤੇ ਤਾਂ ਚੱਲਦੇ ਸਨ ਪ੍ਰੰਤੂ ਜਾਬਰਾਂ 'ਤੇ ਨਹੀਂ

ਸਗੋਂ ਉਹ ਮਦਰਾ ਪੀਣ ਵਿਚ ਜਾਂ ਮੁਰਲੀਆਂ ਦੀਆਂ ਧੁਨਾਂ ਵਿਚ ਮਸਤ ਸਨ। ਭੋਲੇ ਨਾਥ ਦੇ ਛਾਂਦੇ, ਭੰਗ ਦੇ ਬਾਟਿਆਂ ਵਿਚ ਛਕ ਕੇ ਝੂਮਦੇ ਸਨ ਅਤੇ ਮੁਰਲੀਆਂ ਦੀਆਂ ਧੁਨਾਂ ਨਾਲ ਆਪਣੇ ਰੰਗ-ਰਸ ਦੀ ਪੂਰਤੀ ਪਏ ਕਰਦੇ ਸਨ ਜਿਵੇਂ ਕਿ ਉਨ੍ਹਾਂ ਦੇ ਭਾਣੇ ਕੁਝ ਹੋ ਹੀ ਨਹੀਂ ਸੀ ਰਿਹਾ!

ਅਜਿਹੇ ਹਾਲਾਤ ਸਮੇਂ ਗੁਰੂ ਨਾਨਕ ਸਾਹਿਬ ਨੇ ਸੰਸਾਰ ਦੇ ਧਰਮੀਆਂ ਨੂੰ ਇਕ ਨਵੇਕਲਾ ਰਾਹ ਵਿਖਾਇਆ। ਆਪ ਜੀ ਨੇ ਜਿੱਥੇ ਭਗਤੀ ਕਰਨੀ ਸਿਖਾਈ, ਉਥੇ ਨਾਲ ਹੀ ਸੂਰਮਤਾਈ ਵੀ ਸਿਖਾਈ। ਆਪ ਜੀ ਨੇ ਦੀਨ ਤੇ ਦੁਨੀ ਨੂੰ ਇਕੱਠਿਆਂ ਕਰ ਕੇ ਸੱਤਾ ਸਤਵਾਦੀਆਂ ਦੇ ਹੱਥ ਵਿਚ ਦੇਣ ਦਾ ਪਲਾਨ ਉਲੀਕਿਆ। ਆਪ ਨੇ ਪਾਖੰਡੀ ਪੀਰ ਨੂੰ ਵੀ ਵੰਗਾਰਿਆਂ ਅਤੇ ਅਨਿਆਈ ਮੀਰ ਨੂੰ ਵੀ।

ਗੁਰੂ ਨਾਨਕ ਸਾਹਿਬ ਨੇ ਮਨੁੱਖੀ ਜੀਵਨ ਦੇ ਧਾਰਮਕ, ਸਭਿਆਚਾਰਕ ਅਤੇ ਰਾਜਸੀ ਪੱਖਾਂ ਦਾ ਬੜੀ ਡੂੰਘਿਆਈ ਵਿਚ ਸਰਵੇਖਣ ਕੀਤਾ ਅਤੇ ਮੀਰ ਤੇ ਪੀਰ ਦੇ ਅੰਤਰਗਤ ਬੜੇ ਕਮਾਲ ਦੇ ਤੱਥ ਸੰਸਾਰ ਸਾਹਮਣੇ ਰੱਖੇ। ਆਪ ਜੀ ਨੇ ਦੱਸਿਆ ਕਿ ਜੇ ਰਾਜਸੀ ਤਾਕਤ ਵਾਲੇ (ਮੀਰ) ਦਾ ਧਰਮ ਗੁਲਾਮ ਕੌਮ ਦੇ ਧਰਮ ਨਾਲੋਂ ਵੱਖਰਾ ਹੈ ਤਾਂ ਗੁਲਾਮ ਕੌਮ ਦਾ ਧਰਮ ਕਦੀ ਬਚ ਹੀ ਨਹੀਂ ਸਕਦਾ। ਇਸੇ ਤਰ੍ਹਾਂ ਜੇਕਰ ਗੁਲਾਮ ਕੌਮ ਦੀ ਸਭਿਅਤਾ ਰਾਜਸੀ ਤਾਕਤ ਵਾਲੇ (ਮੀਰ) ਦੀ ਸਭਿਅਤਾ ਨਾਲੋਂ ਅੱਡਰੀ ਹੈ ਤਾਂ ਗੁਲਾਮ ਕੌਮ ਦੀ ਤਹਿਜ਼ੀਬ ਕਦੀ ਨਹੀਂ ਬਚ ਸਕਦੀ। ਸਭਿਆਚਾਰ ਤਾਂ ਇਕ ਪਾਸੇ ਰਿਹਾ, ਗੁਲਾਮ ਦੀ ਤਾਂ ਬੋਲੀ ਵੀ ਖ਼ਤਮ ਹੋ ਜਾਂਦੀ ਹੈ। ਪ੍ਰਾਧੀਨ ਲੋਕ ਆਪਣੀ ਬੋਲੀ ਤੇ ਸਭਿਆਚਾਰ ਨੂੰ ਘਟੀਆ ਸਮਝਣ ਲੱਗ ਪੈਂਦੇ ਹਨ ਅਤੇ ਮਾਲਕ ਦੀ ਬੋਲੀ ਵਿਚ ਬੋਲਣਾ ਫ਼ਖ਼ਰ ਸਮਝਣ ਲੱਗ ਪੈਂਦੇ ਹਨ।

ਗੁਲਾਮ ਕੌਮ ਆਪਣਾ ਧਰਮ ਕਿਵੇਂ ਗਵਾ ਬੈਠਦੀ ਹੈ, ਇਸ ਦੀ ਇਕ ਮਿਸਾਲ ਗੁਰੂ ਸਾਹਿਬ ਜੀ ਨੇ ਆਸਾ ਦੀ ਵਾਰ ਵਿਚ ਦਿੱਤੀ ਹੈ। ਇਕ ਬ੍ਰਾਹਮਣ ਆਪਣੀ ਗਊ ਨੂੰ ਨਦੀ ਪਾਰ ਕਰਨਾ ਚਾਹੁੰਦਾ ਹੈ। ਨਦੀ 'ਤੇ ਮਹਿਸੂਲੀਆ ਹਿੰਦੂ ਹੈ। ਉਹ ਹਕੂਮਤ ਦਾ ਮਹਿਸੂਲ ਲਏ ਬਿਨਾਂ ਗਊ ਨੂੰ ਪਾਰ ਨਹੀਂ ਲੰਘਣ ਦੇਂਦਾ। ਬ੍ਰਾਹਮਣ ਝਗੜਾ ਕਰ ਕੇ ਮਹਿਸੂਲੀਏ ਨੂੰ ਕਹਿੰਦਾ ਹੈ ਕਿ ਜਿਸ ਗਊ ਨੂੰ (ਮਹਿਸੂਲੀਆ) ਆਖਦਾ ਹੈਂ, ਜਿਸ ਦੇ ਗੋਬਰ ਨਾਲ ਆਪਣਾ ਚੌਂਕਾ ਸੁੱਚਾ ਕਰਦਾ ਹੈਂ ਅਤੇ ਜਿਸ ਤੋਂ ਮੁਕਤ ਹੋਣ ਦੀ ਭਾਵਨਾ ਰੱਖਦਾ ਹੈਂ, ਉਸੇ ਕੋਲੋਂ ਟੈਕਸ ਕਿਉਂ ਮੰਗਦਾ ਹੈਂ? ਮਹਿਸੂਲੀਆ ਵਕਤ ਦੀ ਹਕੂਮਤ ਦੇ ਹੁਕਮ ਦੀ ਮਜ਼ਬੂਰੀ ਦੱਸਦਾ ਹੈ। ਗੁਰੂ ਸਾਹਿਬ ਨੇ ਬੜੇ ਭਾਵ-ਪੂਰਤ ਢੰਗ ਨਾਲ ਇਹ ਸਪਸ਼ਟ ਕੀਤਾ ਹੈ ਕਿ ਵਕਤ ਦੇ ਮੀਰ ਨੇ ਆਪਣੀ ਗੁਲਾਮ ਕੌਮ (ਹਿੰਦੂ) ਦੇ ਧਰਮ ਨੂੰ ਕਿਸ ਤਰ੍ਹਾਂ ਢਾਹ ਲਾਈ ਸੀ! ਹਾਕਮ ਦੀ ਨੌਕਰੀ ਗੁਲਾਮ ਨੂੰ ਕਿਸ ਤਰ੍ਹਾਂ ਧਰਮ ਤੋਂ ਡਿੱਗਣ ਲਈ ਮਜਬੂਰ ਕਰਦੀ ਹੈ!

ਇਕ ਹੋਰ ਮਿਸਾਲ ਦੇਂਦਿਆਂ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਉਸ ਵੇਲੇ ਦੇ ਧਾਰਮਕ ਆਗੂਆਂ ਦੀ ਗਿਰਾਵਟ ਇਥੋਂ ਤਕ ਪਹੁੰਚ ਗਈ ਸੀ ਕਿ ਉਹ ਹਾਕਮ (ਮੀਰ) ਦਾ ਵਿਕਾਊ ਮਾਲ ਬਣ ਕੇ ਆਪਣੇ ਹੀ ਭਰਾਵਾਂ ਨਾਲ ਵਿਸਾਹਘਾਤ ਕਰ ਰਹੇ ਸਨ ਅਤੇ ਲਾਲਚ-ਵਸ ਹੋ ਕੇ ਆਪਣੇ

ਹੀ ਭਰਾਵਾਂ ਦੇ ਗਲੇ ਕੱਟ ਰਹੇ ਸਨ। ਇਤਨਾ ਕੁਝ ਕਰਨ ਦੇ ਬਾਵਜੂਦ ਉਹ ਆਪਣੀ ਧਾਰਮਕ ਰਹਿਤ-ਬਹਿਤ ਵੀ ਪੂਰੀ ਰੱਖਦੇ ਸਨ। ਗਲ ਵਿਚ ਮਾਲਾ ਪਾ ਕੇ, ਮੱਥੇ ਤਿਲਕ ਲਗਾ ਕੇ ਅਤੇ ਦੂਹਰੀਆਂ-ਤੀਹਰੀਆਂ ਧੋਤੀਆਂ ਵੀ ਸਜਾ ਕੇ ਰੱਖਦੇ ਸਨ ਪਰ ਵਕਤ ਦੇ ਹਾਕਮ (ਮੀਰ) ਨੇ ਉਨ੍ਹਾਂ ਪਾਖੰਡੀਆਂ ਦੇ ਹੱਥਾਂ ਵਿਚ ਆਪਣੇ ਭਰਾਵਾਂ ਨੂੰ ਵੱਢਣ ਲਈ ਛੁਰੀ ਵੀ ਫੜਾਈ ਹੋਈ ਸੀ। ਉਨ੍ਹਾਂ ਸੁਆਰਥੀਆਂ ਦੀ ਗਿਰਾਵਟ ਇਥੋਂ ਤਕ ਪਹੁੰਚ ਗਈ ਸੀ ਕਿ *'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ'* ਅਨੁਸਾਰ ਹਾਕਮ ਦੀ ਖੁਸ਼ੀ ਲੈਣ ਖ਼ਾਤਰ ਆਪਣਾ ਪਹਿਰਾਵਾ ਵੀ ਬਦਲ ਲਿਆ ਅਤੇ *'ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ'* ਅਨੁਸਾਰ ਬੋਲੀ ਛੱਡ ਕੇ ਮਾਲਕ ਦੀ ਬੋਲੀ ਬੋਲਣ ਵਿਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਸਨ। ਉਸ ਵੇਲੇ ਦੀ ਗੁਲਾਮ ਹਿੰਦੂ ਕੌਮ ਦੇ ਪਤਨ ਦੀ ਅਜਿਹੀ ਹੀ ਤਸਵੀਰ ਗੁਰੂ ਨਾਨਕ ਸਾਹਿਬ ਨੇ ਆਸਾ ਕੀ ਵਾਰ ਵਿਚ ਪੇਸ਼ ਕੀਤੀ ਹੈ।

ਅੱਜ ਵੀ ਕੁਝ ਪਾਖੰਡੀ ਧਰਮ ਪ੍ਰਚਾਰਕਾਂ ਨੇ ਸੰਸਾਰ ਦੇ ਵਿਗਿਆਨਕ ਤੇ ਵਿਲੱਖਣ ਗੁਰਮਤਿ ਚਿੰਤਨ ਦੇ ਅਲੌਕਿਕ ਗਿਆਨ ਨੂੰ ਪੂਜਾ ਦਾ ਸਾਮਾਨ ਬਣਾ ਕੇ ਇਸ ਦਾ ਅਮਲੀ ਪੱਖ ਅਲੋਪ ਹੀ ਕਰ ਦਿੱਤਾ ਹੈ। ਕਥਾ-ਕਹਾਣੀਆਂ ਦੀਆਂ ਵਲਗਣਾਂ ਵਿੱਚੋਂ ਇਹ ਅਜੇ ਤਕ ਬਾਹਰ ਨਹੀਂ ਨਿਕਲ ਸਕੇ। ਬਿੱਪਰਵਾਦ ਵਿਚ ਰੰਗਿਆ ਸਮਕਾਲੀ ਘਟਨਾਵਾਂ ਨੂੰ ਸਮੇਂ ਅਨੁਸਾਰ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਤਰੋੜ-ਮਰੋੜ ਕੇ ਲੇਪ-ਪੋਚ ਦਿੰਦੇ ਹਨ। ਅਜੇ ਤਕ ਇਹ ਮਹਾਂਭਾਰਤ ਤੇ ਰਮਾਇਣ ਦੀਆਂ ਹਨੇਰੀਆਂ ਗਲੀਆਂ ਵਿਚ ਗਵਾਚੇ ਫਿਰਦੇ ਹਨ। ਗੁਰਮਤਿ ਚਾਨਣ ਤੋਂ ਇਹ ਕੋਹਾਂ ਦੂਰ ਫਿਰਦੇ ਹਨ। ਪ੍ਰਚਾਰਕ-ਵਰਗ ਦਾ ਇਹ ਪਾਖੰਡੀ ਹਿੱਸਾ ਗੁਰੂ ਸਾਹਿਬ ਦੇ ਸਮੇਂ ਦੇ ਪਾਖੰਡੀ ਬ੍ਰਾਹਮਣਾਂ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ। ਸਿੱਖ ਕੌਮ ਨੂੰ ਗੁਰਮਤਿ ਤੋਂ ਥਿੜਕਾਉਣ ਵਿਚ ਇਨ੍ਹਾਂ ਦਾ ਸਭ ਤੋਂ ਵੱਧ ਹੱਥ ਹੈ।

ਸਿੱਖ ਕੌਮ ਕੋਲ ਸ਼ਾਨਦਾਰ ਤੇ ਬੇਮਿਸਾਲ ਗੁਰਮਤਿ ਚਿੰਤਨ ਹੈ। ਇਸ ਪਾਸ ਮੀਰੀ-ਪੀਰੀ ਜਿਹੇ ਸਿਧਾਂਤਾਂ ਦਾ ਅਦੁੱਤੀ ਤੇ ਅਨਮੋਲ ਖਜ਼ਾਨਾ ਹੈ। ਲੋੜ ਹੈ ਇਨ੍ਹਾਂ ਸਿਧਾਂਤਾਂ ਨੂੰ ਸਹੀ ਸੂਝ ਅਤੇ ਸਹੀ ਭਾਵਨਾ ਸਹਿਤ ਅਪਣਾਉਣ ਦੀ! ਇਸ ਵਿਚ ਹੀ ਗੁਰੂ-ਪੰਥ ਦੀ ਭਲਾਈ ਹੈ।

੭/੧੯੯੯

ਇਕ ਮੀਰੀ ਦੀ ਇਕ ਪੀਰੀ ਦੀ

ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਨਾਨਕ ਜੋਤਿ ਦੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ, ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ, ਸਮੇਂ ਦੀ ਮੰਗ ਨੂੰ ਅਨੁਭਵ ਕਰ, ਰਵਾਇਤ ਨੂੰ ਛੱਡ ਕੇ ਦੋ ਤਲਵਾਰਾਂ ਧਾਰਨ ਕਰਦੇ ਹਨ। ਉਸ ਦਿਨ ਤੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੂੰ ਸੰਗਤਾਂ 'ਮੀਰੀ-ਪੀਰੀ' ਦੇ ਮਾਲਕ ਦੇ ਰੂਪ ਵਿਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦੀਆਂ ਹਨ।

ਇਹ ਦੋ ਤਲਵਾਰਾਂ ਮੀਰੀ ਤੇ ਪੀਰੀ ਦੇ ਸੁਮੇਲ ਦੀਆਂ ਪ੍ਰਤੀਕ ਸਨ। ਇਸ ਤੋਂ ਪਹਿਲਾਂ ਇਹੀ ਮੰਨਿਆ ਤੇ ਦੇਖਿਆ ਜਾਂਦਾ ਸੀ ਕਿ ਮੀਰੀ ਤੇ ਪੀਰੀ ਦੋ ਅਲੱਗ ਮਾਰਗ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਦੋ ਮਾਰਗਾਂ ਦੀ ਸੁਮੇਲਤਾ ਦਾ ਅਮਲੀ ਪ੍ਰਗਟਾਅ ਕਰਕੇ ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਅਨੋਖਾ ਤੇ ਨਿਵੇਕਲਾ ਅਧਿਆਏ ਸ਼ਾਮਲ ਕੀਤਾ। ਸੰਖੇਪ ਵਿਚ 'ਪੀਰ' ਤੋਂ ਭਾਵ ਧਾਰਮਿਕ ਜੀਵਨ ਵਾਲੀ ਉਹ ਸ਼ਖ਼ਸੀਅਤ ਜਿਸ ਵਿਚ ਤਿਆਗ ਤੇ ਨਵਿਰਤੀ ਵਾਲੇ ਗੁਣ ਹੋਣ। ਜੋ ਧਰਮ ਦੇ ਮਾਰਗ 'ਤੇ ਚੱਲਣ ਵਾਲਾ ਹੋਵੇ ਉਸ ਨੂੰ ਪੀਰ ਦੀ ਸੰਗਿਆ ਦਿੱਤੀ ਜਾਂਦੀ। ਇਸਲਾਮ ਵਿਚ ਉੱਚ-ਧਾਰਮਕ ਅਵਸਥਾ ਨੂੰ ਪ੍ਰਾਪਤ ਵਿਅਕਤੀ ਨੂੰ ਪੀਰ ਕਿਹਾ ਜਾਂਦਾ। 'ਮੀਰ' ਸ਼ਬਦ 'ਅਮੀਰ' ਦਾ ਹੀ ਲਘੂ ਰੂਪ ਹੈ ਜਿਸ ਦਾ ਭਾਵ ਹੁਕਮ ਕਰਨ ਵਾਲਾ ਜਰਨੈਲ, ਸੈਨਾਪਤੀ, ਰਾਜਨੀਤਕ ਆਗੂ ਆਦਿ। ਜਿਥੇ ਪੀਰ ਸ਼ਬਦ ਵਿਅਕਤੀ ਦੇ ਧਾਰਮਿਕ ਵਿਅਕਤੀਤਵ ਦਾ ਲਖਾਇਕ ਹੈ। ਇਸ ਦੇ ਐਨ ਉਲਟ 'ਮੀਰ' ਸ਼ਬਦ ਵਿਅਕਤੀ ਦੇ ਸੰਸਾਰਿਕ ਵਿਅਕਤੀਤਵ ਨੂੰ ਦਰਸਾਉਂਦਾ ਹੈ। ਜੇਕਰ ਅਸੀਂ ਵਿਸ਼ਵ ਦੇ ਧਾਰਮਕ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਦੋਵਾਂ ਮਾਰਗਾਂ ਦਾ ਸੁਚੱਜਾ ਸੰਗਮ ਗੁਰੂ ਹਰਿਗੋਬਿੰਦ ਪਾਤਸ਼ਾਹ ਤੋਂ ਪਹਿਲਾਂ ਕੋਈ ਨਾ ਕਰ ਸਕਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਮਤਿ ਵਿਚਾਰਧਾਰਾ ਨੂੰ ਪ੍ਰਚੱਲਤ ਕਰਨ ਹਿੱਤ ਸਮੇਂ ਦੀ ਮੰਗ ਅਨੁਸਾਰੀ ਕੁਝ ਬਾਹਰਮੁਖੀ ਤਬਦੀਲੀਆਂ ਕੀਤੀਆਂ ਤਾਂ ਜੋ ਇਹ ਵਿਚਾਰਧਾਰਾ ਸਮੇਂ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਦੀ ਹੋਈ ਵਿਕਾਸ ਕਰ ਸਕੇ। ਗੁਰੂ ਦੇਵ ਨੇ ਆਪ ਗੁਰ ਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ, ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ, ਸ਼ਾਹੀ

ਦਰਬਾਰ ਲਗਾਉਂਦੇ, ਸੀਸ 'ਤੇ ਕਲਗੀ ਤੇ ਸ਼ਸਤਰ ਸਜਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਸ਼ਸਤਰ ਵਿਦਿਆ ਦਿੰਦੇ ਤੇ ਦਿਵਾਉਂਦੇ, ਜੋਸ਼ ਭਰਪੂਰ ਵਾਰਾਂ ਰਾਹੀਂ ਸੂਰਮਿਆਂ ਦੇ ਕਾਰਨਾਮਿਆਂ ਨੂੰ ਚਿਤਵਿਆ ਜਾਂਦਾ।

ਪਾਤਸ਼ਾਹ ਆਪ ਸਿੱਖਾਂ ਨੂੰ ਘੋੜ ਸਵਾਰੀ, ਫ਼ੌਜੀ ਸਿੱਖਿਆ ਦਿੰਦੇ। ਘੋੜ ਸਵਾਰੀ ਤੇ ਸ਼ਾਹੀ ਸ਼ਾਨੋ-ਸ਼ੌਕਤ ਧਾਰਨ ਕਰਕੇ ਆਮ ਲੋਕ ਹੈਰਾਨ ਸਨ ਉਨ੍ਹਾਂ ਦੇ ਮਨਾਂ ਵਿਚ ਸ਼ੰਕੇ ਉਤਪੰਨ ਹੁੰਦੇ, ਕਿ ਪਹਿਲੇ ਗੁਰੂ ਸਾਹਿਬਾਨ ਤਾਂ ਸ਼ਿਕਾਰ ਨਹੀਂ ਸਨ ਖੇਡਦੇ, ਉਹ ਤਾਂ ਰੱਬੀ ਬਾਣੀ ਉਚਾਰਦੇ ਸਨ ਤੇ ਉਸ ਅਨੁਸਾਰ ਜੀਵਨ ਜੀਉਣ ਦਾ ਉਪਦੇਸ਼ ਕਰਦੇ ਸਨ। ਭਾਈ ਗੁਰਦਾਸ ਜੀ ਨੇ ਉਸ ਸਮੇਂ ਦੇ ਆਮ ਲੋਕਾਂ ਦੀ ਮਨੋ-ਅਵਸਥਾ ਨੂੰ ਇਸ ਤਰਾਂ ਨਿਰੂਪਣ ਕੀਤਾ ਹੈ:

ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ।

(ਵਾਰ ੨੬, ਪਉੜੀ ੨੪)

ਭਾਵ ਕਿ ਕੁਝ ਲੋਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੱਖ ਨੂੰ ਸਮਝ ਨਾ ਸਕੇ ਤੇ ਇਸ ਕਰਕੇ ਸ਼ੰਕੇ ਕੀਤੇ ਪਰ ਭਾਈ ਗੁਰਦਾਸ ਜੀ ਅੱਗਲੀ ਪਾਉੜੀ 'ਚ ਹੀ ਸ਼ੱਕ ਨਵਿਰਤ ਕਰਦੇ ਅੱਗੇ ਦਰਸਾਉਂਦੇ ਹਨ ਕਿ ਮੀਰੀ ਪੀਰੀ ਦੀ ਸੁਮੇਲਤਾ ਦੀ ਇਤਨੀ ਜ਼ਰੂਰਤ ਹੈ ਜਿੰਨੀ ਖੇਤੀ ਤੇ ਵਾੜ ਦੀ, ਫ਼ਸਲ ਦੀ ਸੰਭਾਲ ਵਾਸਤੇ ਚੌਗਿਰਦੇ ਕਿੱਕਰਾਂ, ਚੰਦਨ ਦੀ ਕੀਮਤੀ ਲੱਕੜ ਦੀ ਰਾਖੀ ਲਈ ਕੁਦਰਤੀ ਸੱਪ, ਘਰ ਦੀ ਸੰਭਾਲ ਵਾਸਤੇ ਬਾਹਰ ਜਿੰਦਰਾ ਤੇ ਕੁੱਤੇ ਰੱਖੇ ਹੁੰਦੇ ਹਨ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ, ਬੂਹੇ ਜੰਦਾ ਕੁਤਾ ਜਾਗੈ।

(ਵਾਰ ੨੬, ਪਉੜੀ ੨੫)

ਇਕ ਗੱਲ ਇਥੇ ਸਪੱਸ਼ਟ ਕਰਨੀ ਅਤੀ ਜ਼ਰੂਰੀ ਹੈ ਕਿ 'ਮੀਰੀ-ਪੀਰੀ' ਦਾ ਇਹ ਸਿਧਾਂਤ ਕਿਸੇ ਤਰ੍ਹਾਂ ਵੀ ਗੁਰਮਤਿ ਵਿਚਾਰਧਾਰਾ ਵਿਰੋਧੀ ਨਹੀਂ ਸਗੋਂ ਇਹ ਤਾਂ ਬੀਜ ਰੂਪ ਵਿਚ ਪਹਿਲਾਂ ਹੀ ਵਿਦਮਾਨ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਾਂ ਇਸ ਨੂੰ ਅਮਲੀ ਰੂਪ ਵਿਚ ਪ੍ਰਗਟ ਕੀਤਾ। ਰੂਹਾਨੀਅਤ ਤੇ ਸੰਸਾਰਿਕਤਾ ਦੇ ਸੁਮੇਲ ਨੂੰ ਆਦਿ ਸ੍ਰੀ ਗੁਰੂ ਨਾਨਕ ਸਾਹਿਬ ਜਲ ਤੇ ਕਮਲ ਦੇ ਦ੍ਰਿਸ਼ਟਾਂਤ ਰਾਹੀਂ ਰੂਪਮਾਨ ਕਰਦੇ ਹਨ। ਨਵਿਰਤੀ ਤੇ ਪ੍ਰਵਿਰਤੀ ਮਾਰਗ ਦੀ ਸੁਚੱਜੀ ਸੁਮੇਲਤਾ ਗੁਰਮਤਿ ਦਾ ਆਧਾਰ ਹੈ ਤੇ ਇਹੀ ਮੀਰੀ ਤੇ ਪੀਰੀ ਦਾ ਬੀਜ ਰੂਪ ਹੈ । ਇਸ ਤੋਂ ਇਲਾਵਾ ਆਦਿ ਗੁਰਦੇਵ ਦੇ ਇਹ ਕਥਨ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ...॥

(ਪੰਨਾ ੭੨੨)

ਰਾਜੇ ਸੀਹ ਮੁਕਦਮ ਕੁਤੇ॥

(ਪੰਨਾ ੧੨੮੮)

ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਪੰਨਾ ੧੪੧੨)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਸੰਸਥਾ

(ਭਾਈ ਗੁਰਦਾਸ ਜੀ ਦੇ ਆਧਾਰ ਉੱਤੇ)

ਵਾਰਾਂ ਭਾਈ ਗੁਰਦਾਸ ਗੁਰੂ ਹਰਗੋਬਿੰਦ ਸਾਹਿਬ ਬਾਰੇ ਮਹੱਤਵ-ਪੂਰਣ ਤਤਕਾਲੀ ਸਰੋਤ ਹੈ। ਇਸ ਵਿਚੋਂ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਕੁਝ ਅਹਿਮ ਸਮੱਸਿਆਵਾਂ ਸੰਬੰਧੀ ਸਮਿਗ੍ਰੀ ਮਿਲਦੀ ਹੈ।

ਠੀਕ ਹੈ ਕਿ ਗੁਰੂ ਅਰਜਨ ਦੇਵ ਜੀ ਸ਼ਹੀਦੀ ਸਮੇਂ ਲਾਹੌਰ ਜਾਣ ਤੋਂ ਪਹਿਲਾਂ ਗੁਰਿਆਈ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਦੇ ਗਏ ਸਨ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਸੰਸਥਾ ਦੇ ਵਿਰੋਧੀ, ਮੀਣਿਆਂ ਦੇ ਯਤਨਾਂ ਸਦਕਾ ਗੁਰ-ਗੱਦੀ ਦੀ ਸੰਸਥਾ ਗੰਭੀਰ ਰੂਪ ਧਾਰਨ ਕਰ ਗਈ ਸੀ। ਮੀਣਿਆਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਅਰਜਨ ਦੇਵ ਤੋਂ ਬਾਅਦ ਛੇਵੇਂ ਗੁਰੂ ਸ੍ਰੀ ਪ੍ਰਿਥੀ ਚੰਦ ਹਨ। ਉਨ੍ਹਾਂ ਨੇ ਖਡੂਰ ਤੇ ਗੋਇੰਦਵਾਲ ਦੇ ਸਾਹਿਬਜ਼ਾਦਿਆਂ ਨੂੰ ਵੀ ਆਪਣੇ ਵੱਲ ਕਰਨ ਦਾ ਯਤਨ ਕੀਤਾ।

(ਗੋਸਟਿ ਗੁਰੂ ਮਿਹਰਵਾਨ)

ਦੂਜੇ ਪਾਸੇ, ਜਹਾਂਗੀਰ ਬਾਦਸ਼ਾਹ ਵਲੋਂ ਦਿਤੇ ਗਏ ਹੁਕਮ:

"ਕਿ ਗੁਰੂ ਅਰਜਨ ਦੇਵ ਦੇ ਬਾਲ-ਬੱਚੇ ਨੂੰ ਗ੍ਰਿਫ਼ਤਾਰ ਕਰ ਕੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤਾ ਜਾਵੇ।"

(ਤੁਜ਼ਕਿ-ਜਹਾਂਗੀਰੀ)

ਦਾ ਪਰਭਾਵ ਵੀ ਆਮ ਲੋਕਾਂ ਉੱਤੇ ਅਵੱਸ਼ ਪਿਆ ਹੋਵੇਗਾ।

ਇਸ ਹਾਲਤ ਦਾ ਮੁਕਾਬਲਾ ਕਰਨ ਲਈ ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਛੇਵਾਂ ਗੁਰੂ ਤੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਲੜੀ ਦਾ ਅਟੁੱਟ ਅੰਗ ਦਰਸਾਇਆ। ਉਨ੍ਹਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਕਾਇਆ ਪਲਟ ਕੇ ਹਰਿਗੋਬਿੰਦ ਜੀ ਦਾ ਰੂਪ ਧਾਰਨ ਕਰ ਲਿਆ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

(ਵਾਰ ੧, ਪਉੜੀ ੪੮)

ਭਾਈ ਸਾਹਿਬ ਦੀਆਂ ਕਈ ਵਾਰਾਂ ਵਿਚ ਦਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਜੋਤ ਹੀ ਗੁਰੂ ਹਰਗੋਬਿੰਦ ਸਾਹਿਬ ਵਿਚ ਬਿਰਾਜਮਾਨ ਹੈ। ਭਾਈ ਗੁਰਦਾਸ ਜੀ ਦਾ ਇਹ ਯਤਨ ਗੁਰੂ ਘਰ ਦੇ ਵਿਰੋਧੀਆਂ ਨੂੰ ਖਦੇੜਨ ਤੇ ਸਿੱਖ ਸੰਸਥਾ ਨੂੰ ਪ੍ਰਪੱਕ ਕਰਨ ਵਿਚ ਬਹੁਤ ਵੱਡੀ ਹੱਦ ਤਕ ਸਫਲ ਹੋਇਆ।

ਇਸ ਰਚਨਾ ਵਿਚੋਂ ਗੁਰਿਆਈ ਦੀ ਉੱਤਰਾਧਿਕਾਰਤਾ ਬਾਰੇ ਕੁਝ ਸਿਧਾਂਤ ਉਘੜਦੇ ਹਨ। ਪਹਿਲਾ, ਇਹ ਕਿ ਗੁਰੂ ਉਹੀ ਹੈ, ਜਿਸ ਨੂੰ ਪੂਰਬਲੇ ਗੁਰੂ ਨੇ ਆਪ ਨਿਯੁਕਤ ਕੀਤਾ ਹੈ ਅਤੇ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਿਆਈ ਸੌਂਪੀ। ਪ੍ਰਿਥੀਆਂ ਜੋ ਆਪਣੇ ਆਪ ਨੂੰ ਛੇਵਾਂ ਗੁਰ ਹੋਣ ਦਾ ਹੱਕ ਜਤਾਉਂਦਾ ਹੈ ਅਤੇ ਜਿਸ ਬਾਰੇ ਮਿਹਰਬਾਨ ਵਲੋਂ ਵੀ ਪ੍ਰਚਾਰ ਕੀਤਾ ਗਿਆ ਹੈ, ਗੁਰੂ ਨਹੀਂ ਹੋ ਸਕਦਾ।

ਦੂਜਾ, ਗੁਰੂ ਯੋਗ ਵਿਅਕਤੀ ਹੀ ਹੋ ਸਕਦਾ ਹੈ। ਹਰਿਗੋਬਿੰਦ ਸਾਹਿਬ ਜੀ, ਜਿਸ ਵਿਚ ਸਿੱਖ ਸੰਗਠਨ ਨੂੰ ਚਲਾਉਣ ਦੀ ਸ਼ਕਤੀ ਹੈ ਤੇ ਜੋ ਵੈਰੀਆਂ ਦੇ ਦਲਾਂ ਨੂੰ ਤਬਾਹ ਕਰਨ ਵਾਲਾ, ਸੂਰਬੀਰ ਤੇ ਪਰਉਪਕਾਰੀ ਹੈ, ਹੀ ਗੁਰੂ ਮੰਨਿਆਂ ਜਾ ਸਕਦਾ ਹੈ।

ਤੀਜਾ, ਗੁਰੂ ਵਿਚ ਪੂਰਬਲੇ ਗੁਰੂ ਦੀ ਜੋਤ ਹੀ ਨਹੀਂ, ਸਰੂਪ ਵੀ ਸ਼ਾਮਲ ਹੁੰਦਾ ਹੈ। ਇਸ ਕਰਕੇ ਭਾਈ ਗੁਰਦਾਸ ਜੀ ਨੇ ਦ੍ਰਿੜ੍ਹਾਇਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਜੀ ਵਿਚ ਆਪਣੀ ਕਾਇਆ ਹੀ ਪਲਟਾ ਲਈ ਹੈ।

ਚੌਥਾ, ਗੁਰੂ ਜੀ ਵਿਚ ਦੈਵੀ-ਸ਼ਕਤੀ ਦੀ ਹੋਂਦ ਹੈ। ਇਸ ਲਈ ਭਾਈ ਗੁਰਦਾਸ ਜੀ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਚ ਬ੍ਰਹਮ ਸਭਾ ਦੇ ਅਗਮਤਾ ਤੇ ਅਗੋਚਰਤਾ ਗੁਣ ਵੀ ਹਨ।

ਨਵੀਂ ਨੀਤੀ:

ਦੂਜੀ ਸਮੱਸਿਆ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਵੈ-ਰੱਖਿਆ ਵਾਸਤੇ ਸ਼ਸਤ੍ਰਧਾਰੀ ਹੋਣ ਵਾਲੀ ਨੀਤੀ ਨਾਲ ਸੰਬੰਧਤ ਹੈ, ਜਿਸ ਦੇ ਅੰਤਰਗਤ ਅਕਾਲ ਤਖ਼ਤ ਦੀ ਸਾਜਨਾ, ਨਗਾਰਾ, ਨਿਸ਼ਾਨ, ਛਤਰ, ਚਵਰ, ਕਲਗੀ, ਸ਼ਾਹੀ ਚਿੰਨ੍ਹਾਂ ਤੇ ਦੋ ਤਲਵਾਰਾਂ ਦੀ ਵਰਤੋਂ, ਅੰਮ੍ਰਿਤਸਰ ਦੀ ਕਿਲ੍ਹਾ-ਬੰਦੀ, ਸਿੱਖਾਂ ਨੂੰ ਸੈਨਿਕ ਸਿਖਲਾਈ, ਆਦਿ ਸ਼ਾਮਲ ਹਨ।

ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਮੇਂ ਵਿਚ ਸਿੱਖ ਸੰਸਥਾ ਦਾ ਕਾਫੀ ਵਿਕਾਸ ਹੋਇਆ। ਇਸ ਦੇ ਆਪਣੇ ਤੀਰਥ ਸਥਾਨ ਤੇ ਧਰਮ ਗ੍ਰੰਥ ਹੋਂਦ ਵਿਚ ਆਏ। ਪ੍ਰਚਾਰ ਤੇ ਪ੍ਰਸਾਰ ਵਾਸਤੇ ਮੰਜੀਆਂ ਤੇ ਫੇਰ ਮਸੰਦ ਕਾਇਮ ਕੀਤੇ ਗਏ। ਜਿਥੇ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਨਿਵਾਸ ਦੇ ਸਮੇਂ ਇਹ ਸੰਸਥਾ ਮੁੱਢਲੇ ਰੂਪ ਵਿਚ ਸੀ ਉਥੇ ਹੁਣ ਗੁਰੂ ਅਰਜਨ ਦੇਵ ਦੇ ਸਮੇਂ ਬਕਾਇਦਾ ਸੰਗਠਿਤ ਸੰਸਥਾ ਦਾ ਰੂਪ ਧਾਰਨ ਕਰ ਗਈ ਸੀ। ਇਸ ਸੰਸਥਾ ਦੀ ਰੱਖਿਆ ਵਾਸਤੇ ਗੁਰੂ ਘਰ ਦੇ ਵਿਰੋਧੀਆਂ, ਕੱਟੜ ਸੁਹਰਾਵਰਦੀ ਸੰਪ੍ਰਦਾਇ ਦੇ ਉਧਾਰ ਤੇ ਤਤਕਾਲੀ ਬਾਦਸ਼ਾਹ ਜਹਾਂਗੀਰ ਦੀ

ਤੁਅੱਸਬੀ ਨੀਤੀ ਦੀ ਪ੍ਰਤਿਕ੍ਰਿਆ ਵਜੋਂ ਹਥਿਆਰ-ਬੱਧ ਹੋਣਾ ਜ਼ਰੂਰੀ ਸੀ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਵੀਂ ਨੀਤੀ ਉੱਤੇ ਅਮਲ ਕਰਨਾ ਅਰੰਭ ਕਰ ਦਿੱਤਾ ਤਾਂ ਆਮ ਸਿੱਖਾਂ ਵਿਚ ਇਸ ਪ੍ਰਤੀ ਸ਼ੰਕੇ ਖੜ੍ਹੇ ਹੋ ਗਏ। ਇਨ੍ਹਾਂ ਸ਼ੰਕਿਆਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਭਾਈ ਗੁਰਦਾਸ ਜੀ ਨੇ ਇਨ੍ਹਾਂ ਦੇ ਸਮਾਧਾਨ ਲਈ ਵੀ ਕੋਸ਼ਿਸ਼ ਕੀਤੀ ਹੈ। ਭਾਈ ਗੁਰਦਾਸ ਜੀ ਦੇ ਲਫਜ਼ਾਂ ਵਿਚ ਇਹ ਸੰਕੇਤ ਇਉਂ ਹਨ:

ਧਰਮਸਾਲ ਕਰਿ ਬਹੀਦਾ ਇਕਤ ਥਾਓ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ ॥੨੪॥

(ਵਾਰ ੨੬)

ਅਰਥਾਤ:

੧. ਪੂਰਬਲੇ ਗੁਰੂ ਸਾਹਿਬਾਨ ਧਰਮਸ਼ਾਲਾ ਵਿਚ ਬੈਠ ਕੇ ਪਰਚਾਰ ਕਰਦੇ ਸਨ ਪਰ ਗੁਰੂ ਹਰਿਗੋਬਿੰਦ ਜੀ ਕਿਤੇ ਵੀ ਟਿੱਕ ਕੇ ਨਹੀਂ ਬੈਠਦੇ ਥਾਂ-ਥਾਂ ਘੁੰਮ ਕੇ ਪ੍ਰਚਾਰ ਕਰਦੇ ਹਨ।

ਪੂਰਬਲੇ ਗੁਰੂ ਸਾਹਿਬਾਨ ਦੇ ਪਾਸ ਮੁਲਕ ਦੇ ਬਾਦਸ਼ਾਹ ਆਉਂਦੇ ਰਹੇ ਹਨ ਪਰ ਗੁਰੂ ਹਰਿਗੋਬਿੰਦ ਜੀ ਨੂੰ ਮੌਜੂਦਾ ਬਾਦਸ਼ਾਹ ਨੇ (ਗਵਾਲੀਅਰ ਦੇ) ਕਿਲ੍ਹੇ ਵਿਚ ਬੰਦ ਕਰ ਦਿੱਤਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਕਿਸੇ ਤੋਂ ਡਰਦੇ ਵੀ ਨਹੀਂ ਤੇ ਆਪਣੀ ਨਵੀਂ ਨੀਤੀ ਵਿਚ ਪੂਰੀ ਤਰ੍ਹਾਂ ਸਰਗਰਮ ਹਨ।

ਇਨ੍ਹਾਂ ਸ਼ੰਕਿਆਂ ਤੋਂ ਪ੍ਰਤੱਖ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਸ਼ਸਤ੍ਰ-ਬੱਧ ਹੋਣ ਵਾਲੀ ਨਵੀਂ ਨੀਤੀ ਉੱਤੇ ਚਲਦੇ ਹੋਏ ਸਿੱਖਾਂ ਨੂੰ ਸ਼ਿਕਾਰ ਆਦਿ ਦੀ ਵਿਧੀ ਨਾਲ ਯੁੱਧ-ਕਲਾ ਦੀ ਸਿਖਲਾਈ ਦਿੱਤੀ। ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚ ਵੀ ਰਹਿਣਾ ਪਿਆ। ਇਸ ਕੈਦ ਸੰਬੰਧੀ ਮੁਹਿਸਨ ਫਾਨੀ ਦੀ ਰਚਨਾ 'ਦਬਿਸਤਾਨ ਮਜ਼ਾਹਬ' ਤੇ 'ਭੱਟ ਵਹੀਆਂ' ਵਿਚੋਂ ਵੀ ਤਸਦੀਕ ਹੁੰਦੀ ਹੈ।

ਇਨ੍ਹਾਂ ਸ਼ੰਕਿਆਂ ਦਾ ਸਮਾਧਾਨ ਕਰਦੇ ਹੋਏ ਭਾਈ ਗੁਰਦਾਸ ਨੇ ਆਮ ਸਮਾਜਕ ਤੇ ਪ੍ਰਾਕ੍ਰਿਤਕ ਜੀਵਨ ਦੀਆਂ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਨਵੀਂ ਨੀਤੀ ਸਿੱਖ ਧਰਮ ਦੀ ਸਵੈ-ਰਖਿਆ ਵਾਸਤੇ ਹੈ। ਇਹ ਵਿਚਾਰ ਵੀ ਪਰਗਟ ਕੀਤਾ ਗਿਆ ਹੈ ਕਿ ਸਿੱਖਾਂ ਨੂੰ ਸ਼ੰਕਾ ਤਿਆਗ ਕੇ, ਇਸ ਨਵੀਂ ਨੀਤੀ ਨੂੰ ਸਮਝਣ ਦਾ ਜਤਨ ਕਰਨਾ ਚਾਹੀਦਾ ਹੈ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ॥੨੫॥

(ਵਾਰ ੨੬)

ਇਉਂ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਦੀ ਵਾਸਤਵਿਕਤਾ ਦੀ ਸਮਝ ਆਉਂਦੀ ਹੈ। ਅਵੱਸ਼ ਹੀ ਉਨ੍ਹਾਂ ਨੇ ਤਤਕਾਲੀ ਸਿੱਖਾਂ ਦੀਆਂ ਸ਼ੰਕਾਵਾਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਸੰਗਠਿਤ ਤੇ ਉਤਸ਼ਾਹਤ ਕਰਨ ਵਿਚ ਯੋਗਦਾਨ ਦਿੱਤਾ ਹੋਵੇਗਾ।

ਸਿੱਖ ਸੰਸਥਾ ਦਾ ਵਿਕਾਸ:

ਇਸ ਤੋਂ ਇਲਾਵਾ ਵਾਰਾਂ ਭਾਈ ਗੁਰਦਾਸ ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਸਿੱਖ ਧਰਮ ਦੇ ਵਿਕਾਸ ਦਾ ਵੀ ਪਤਾ ਲਗਦਾ ਹੈ। ਇਨ੍ਹਾਂ ਦੀ ਗਿਆਰ੍ਹਵੀਂ ਵਾਰ ਤੋਂ ਗਿਆਤ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਦੇ ਸਮੇਂ ਪੰਜਾਬ ਦੇ ਵੱਖ-ਵੱਖ ਸਥਾਨਾਂ ਤੋਂ ਇਲਾਵਾ ਕਸ਼ਮੀਰ, ਕਾਬਲ ਤੇ ਆਗਰੇ ਵਿਚ ਸਿੱਖ ਸੰਸਥਾਵਾਂ ਸਨ। ਇਹ ਠੀਕ ਹੈ ਕਿ ਜਿਥੇ-ਜਿਥੇ ਗੁਰੂ ਨਾਨਕ ਸਾਹਿਬ ਉਦਾਸੀਆਂ ਦੇ ਦੌਰਾਨ ਗਏ ਓਥੇ ਕੁਝ ਲੋਕ ਸਿੱਖ ਜ਼ਰੂਰ ਬਣੇ ਹੋਣਗੇ। ਪਰ ਵਾਰਾਂ ਭਾਈ ਗੁਰਦਾਸ ਤੋਂ ਜੋ ਸਮੇਂ ਦੀ ਇਕੋ ਇਕ ਪ੍ਰਮਾਣਿਕ ਗਵਾਹੀ ਹੈ, ਉਪਰੋਕਤ ਥਾਵਾਂ ਵਿਚ ਹੀ ਸਿੱਖ ਸੰਸਥਾਵਾਂ ਦਾ ਪਤਾ ਲਗਦਾ ਹੈ। ਗੁਰੂ ਹਰਿਗੋਬਿੰਦ ਜੀ ਦੇ ਕਾਲ ਵਿਚ (ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੀ ਰਚਨਾ ਹੋਣ ਤਕ) ਉਪਰੋਕਤ ਸਥਾਨਾਂ ਤੋਂ ਇਲਾਵਾ ਲਖਨਊ, ਪ੍ਰਯਾਗ, ਜੌਨਪੁਰ, ਪਟਨਾ, ਰਾਜ ਮਹਲ, ਢਾਕਾ, ਗਵਾਲੀਅਰ, ਉਜੈਨ ਤੇ ਬੁਰਹਾਨਪੁਰ ਵਿਚ ਵੀ ਸਿੱਖ ਸੰਸਥਾਵਾਂ ਕਾਇਮ ਹੋ ਗਈਆਂ ਸਨ। ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤਕ ਲਗਭਗ ਸਾਰੇ ਉਤਰੀ ਭਾਰਤ ਵਿਚ ਸਿੱਖੀ ਦਾ ਪ੍ਰਚਾਰ ਹੋ ਗਿਆ ਸੀ।

ਜਿਥੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਪੱਛਮੀ ਭਾਰਤ ਵਿਚ ਸਿੱਖੀ ਦਾ ਵਿਕਾਸ ਹੋਇਆ ਓਥੇ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪੂਰਬੀ ਤੇ ਮੱਧ ਭਾਰਤ ਵੀ ਇਸ ਦੇ ਘੇਰੇ ਵਿਚ ਆ ਗਿਆ।

ਇਤਿਹਾਸ ਦਸਦਾ ਹੈ ਕਿ:

ਦੂਜਾ, ਗੁਰੂ ਹਰਗੋਬਿੰਦ ਸਾਹਿਬ ਦੇ ਸਿੱਖਾਂ ਵਿਚ ਭਾਈ ਜੈਤਾ ਤੇ ਗੁਪਾਲ ਸੇਠ ਵਰਗੇ ਸ਼ਾਹੂਕਾਰ ਵੀ ਸਮਿਲਤ ਸਨ। ਬੁਰਹਾਨਪੁਰ ਦਾ ਸ਼ਾਹੀ ਜਾਗੀਰਦਾਰ ਮਲਕ ਕਟਾਰੂ ਵੀ ਸਿੱਖ ਹੋ ਗਿਆ ਸੀ। ਇਉਂ ਸਿੱਖਾਂ ਵਿਚ ਆਮ ਖ਼ੱਤਰੀ, ਬ੍ਰਾਹਮਣ ਤੇ ਜੱਟ ਲੋਕਾਂ ਤੋਂ ਇਲਾਵਾ ਉਚੀਆਂ, ਅਮੀਰ, ਜਾਗੀਰਦਾਰ ਤੇ ਸ਼ਾਹੂਕਾਰ, ਜਾਤੀਆਂ ਵੀ ਸ਼ਾਮਿਲ ਹੋ ਰਹੀਆਂ ਸਨ।

ਤੀਜੀ, ਮਹੱਤਵ-ਪੂਰਣ ਤੇ ਦਿਲਚਸਪ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਕੁਝ ਸਿੱਖ ਜਿਵੇਂ ਭਾਈ ਤੀਰਥਾ, ਖਾਸ ਬਾਦਸ਼ਾਹ ਸੈਨਾ ਵਿਚ ਨੌਕਰ ਸੀ। ਕੁਝ ਸਿੱਖ ਸ਼ਾਹੀ ਸੈਨਾ ਨੂੰ ਛੱਡ ਕੇ

ਸਿੱਖ ਸੈਨਾ ਵਿਚ ਦਾਖ਼ਲ ਹੋ ਗਏ ਸਨ। ਭਾਈ ਚੀਮਾ ਸਹਿਗਲ, ਸੀਗਾਰੂ ਤੇ ਜੈਤਾ ਇਸ ਪੱਖ ਤੋਂ ਵਿਸ਼ੇਸ਼ ਤੌਰ ਉੱਤੇ ਦੱਸਣਯੋਗ ਹਨ। ਇਨ੍ਹਾਂ ਅਨੁਭਵੀ ਸੈਨਿਕਾਂ ਦੇ ਸ਼ਾਮਲ ਹੋਣ ਨਾਲ ਸਿੱਖ ਫ਼ੌਜ ਨੂੰ ਜੁੱਧ-ਤੰਤਰ ਸੰਬੰਧੀ ਕਾਫੀ ਸਹਾਇਤਾ ਮਿਲੀ ਹੋਵੇਗੀ। ਦੂਜੇ ਪਾਸੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਲਹਿਰ ਇੰਨੀ ਮਹੱਤਵ-ਪੂਰਣ ਬਣ ਗਈ ਸੀ ਕਿ ਸ਼ਾਹੀ ਫ਼ੌਜ ਇਸ ਦੇ ਅੱਗੇ ਬਲਹੀਣ ਹੋ ਗਈ ਸੀ।

੮/੧੯੮੧

ਸ੍ਰੀ ਅਕਾਲ ਤਖ਼ਤ ਸਾਹਿਬ: ਸਥਾਪਨਾ, ਮੰਤਵ ਅਤੇ ਇਤਿਹਾਸਕ ਮਹੱਤਵ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਹਿਮ ਰਾਜਨੀਤਕ ਸੰਸਥਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਮਹੱਤਵਪੂਰਨ ਸੰਸਥਾ ਦੀ ਬੁਨਿਆਦ ਰੱਖੀ ਅਤੇ ਇਸ ਨੂੰ ਇਕ ਮੁਕੰਮਲ ਰਾਜਨੀਤਕ ਮੰਤਵ ਪ੍ਰਦਾਨ ਕੀਤਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੁਆਰਾ ਆਰੰਭੇ ਸਿੱਖ ਪੰਥ ਦੀ ਪ੍ਰਗਤੀ ਅਤੇ ਵਿਕਾਸ ਦੇ ਕਾਰਜਾਂ ਨੂੰ ਠੋਸ ਤੇ ਨਿਸ਼ਚਿਤ ਰੂਪ ਦੇ ਦਿੱਤਾ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਸਿੱਖ ਪੰਥ ਨੂੰ ਜਥੇਬੰਦ ਕਰਨ ਵਿਚ ਬਹੁਤ ਮਦਦ ਮਿਲੀ ਅਤੇ ਸਿੱਖ ਪੰਥ ਦਾ ਜਥੇਬੰਦਕ ਅਤੇ ਸੰਸਥਾਤਮਕ ਰੂਪ ਉਭਰ ਕੇ ਸਾਹਮਣੇ ਆ ਗਿਆ। ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਿੱਖ ਪੰਥ ਦੇ ਜਥੇਬੰਦਕ ਅਤੇ ਸੰਸਥਾਤਮਕ ਰੂਪ ਨੂੰ ਸੰਪੂਰਨਤਾ ਵੱਲ ਲੈ ਜਾਣ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ 'ਤੇ ਆ ਗਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਧਾਰਨ ਕਰਨ ਸਮੇਂ ਹੀ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਲਈਆਂ ਅਤੇ ਹੋਰ ਬਹੁਤ ਸਾਰੇ ਰਾਜਸੀ ਚਿਨ੍ਹਾਂ ਨੂੰ ਅਪਣਾ ਲਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੀ ਸਭ ਤੋਂ ਵਡਮੁੱਲੀ ਦੇਣ ਸੀ। ਅਸਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿੱਧੇ ਰੂਪ ਵਿਚ ਇਕ ਰਾਜਨੀਤਕ ਇਕਾਈ ਬਣ ਗਿਆ। ਇਥੇ ਇਹ ਸਪੱਸ਼ਟ ਕਰਨ ਦੀ ਲੋੜ ਹੈ ਕਿ ਸਿਧਾਂਤਕ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਸਾਰੇ ਗੁਰੂ ਸਾਹਿਬਾਨ ਆਪਣੇ ਆਲੇ-ਦੁਆਲੇ ਦੀ ਤੱਤਕਾਲੀਨ ਰਾਜਨੀਤੀ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਸਨ ਅਤੇ ਰਾਜ ਦੇ ਇਕ ਨਿਸ਼ਚਿਤ ਸੰਕਲਪ ਦੀ ਉਸਾਰੀ ਵਿਚ ਭਾਈਵਾਲ ਸਨ। 'ਤਖ਼ਤ' ਦਾ ਸੰਕਲਪ ਵੀ ਗੁਰੂ-ਪਰੰਪਰਾ ਵਿਚ ਸ਼ੁਰੂ ਤੋਂ ਮੌਜੂਦ ਸੀ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਕੇ ਸਿੱਖ ਪੰਥ ਦੀ ਰਾਜਨੀਤਕ ਪਹਿਚਾਨ ਕਾਇਮ ਕੀਤੀ ਅਤੇ ਰਾਜ ਦੇ ਸਿੱਖ ਸੰਕਲਪ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ। ਇੱਥੇ ਅਸੀਂ ਇਤਿਹਾਸਕ ਲਿਖਤਾਂ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਮੰਤਵ ਅਤੇ ਇਤਿਹਾਸਕ ਮਹੱਤਵ ਦੀ ਚਰਚਾ ਕਰ ਰਹੇ ਹਾਂ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਅਕਾਲ ਤਖ਼ਤ ਦੀ ਸਿਰਜਣਾ ਅਤੇ ਮੰਤਵ ਦੀ ਵਿਆਖਿਆ ਕਰਦਿਆਂ ਲਿਖਿਆ ਹੈ, 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ ੧੬੬੫ ਵਿਚ ਅੰਮ੍ਰਿਤਸਰ ਹਰਿਮੰਦਰ ਦੇ ਸਾਮ੍ਹਣੇ ਇਕ ਉੱਚਾ ਰਾਜ-ਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਵਾ ਕੇ ਉਸ ਦਾ ਨਾਉਂ "ਅਕਾਲ ਬੁੰਗਾ" ਰੱਖਿਆ, ਜਿਸ ਥਾਂ ਸਵੇਰੇ ਅਤੇ ਸੰਝ ਨੂੰ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ, ਅਕਾਲ ਬੁੰਗਾ ਪੰਥਕ ਜਥੇਬੰਦੀ ਦਾ ਕੇਂਦਰ ਹੈ, ਪੰਥ ਇਸ ਥਾਂ 'ਤੇ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ, ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ।' (ਮਹਾਨ ਕੋਸ਼, ਪੰਨਾ ੩੬)

ਸੋਹਨ ਕਵਿ ਦੁਆਰਾ ਰਚਿਤ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਪੂਰਨ ਜੀਵਨ ਕਾਲ ਦੀਆਂ ਘਟਨਾਵਾਂ ਦਾ ਵਿਸਤਾਰ ਨਾਲ ਜ਼ਿਕਰ ਮਿਲਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦਾ ਵਿਸਤ੍ਰਤ ਵਰਣਨ ਕਰਦਿਆਂ ਜਿਥੇ ਇਕ ਪਾਸੇ ਕਵੀ ਨੇ ਇਤਿਹਾਸ ਦੀ ਸਿਰਜਣਾ ਕੀਤੀ ਹੈ, ਉਥੇ ਦੂਜੇ ਪਾਸੇ ਕਿਤੇ-ਕਿਤੇ ਗੁਰੂ ਸਾਹਿਬ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਾਵਿਕ ਉਡਾਰੀਆਂ ਦੇ ਸਹਾਰੇ ਉਹ ਕਲਪਨਾ ਦੇ ਖੇਤਰ ਵਿਚ ਪ੍ਰਵੇਸ਼ ਕਰ ਗਿਆ ਜਾਪਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਸੰਬੰਧ ਵਿਚ ਕਵਿ ਸੋਹਨ ਦੇ ਗੁਰ ਬਿਲਾਸ ਦਾ ਮੱਤ ਹੈ ਕਿ ਇਹ ਅਕਾਲ ਪੁਰਖ ਦੇ ਹੁਕਮ ਵਿਚ ਹੋਈ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਅਕਾਲ ਪੁਰਖ ਨੇ ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਹ ਬਚਨ ਕਹੇ, 'ਤੇਰੇ ਅਤੇ ਮੇਰੇ ਵਿਚ ਕੋਈ ਭੇਦ ਨਹੀਂ' ਹੈ ਅਤੇ ਤੇਰੇ ਪਿਤਾ ਨੂੰ ਅਸੀਂ ਇਹ ਬਚਨ ਕੀਤਾ ਸੀ ਕਿ ਤੁਹਾਡਾ ਪੁੱਤਰ ਤੁਹਾਡੇ ਦਰਬਾਰ ਦੇ ਪਾਸ ਮੇਰਾ ਤਖ਼ਤ ਬਣਾਵੇਗਾ। ਇਸ ਲਈ ਪਹਿਲਾਂ ਇਸ ਥਾਂ ਤਖ਼ਤ ਦੀ ਰਚਨਾ ਕਰੋ ਅਤੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰੋ:

ਅਕਾਲ ਪੁਰਖ ਪੁਨਿ ਬਚਨਿ ਉਚਾਰੈ।
ਹਰਿ ਗੋਬਿੰਦ ਸੁਨੀਐ ਨਿਰਧਾਰੈ।
ਤੁਮ ਹਮਰੇ ਮਹਿ ਭੇਦ ਨ ਕੋਈ।
ਤੋਹਿ ਅਵਤਾਰ ਹੇਤ ਇਹ ਹੋਈ॥੩੫੧॥
ਤੋਰ ਪਿਤਾ ਕਉ ਬਚ ਕਹੇ ਪਾਛੇ ਮੁਹਿ ਇਹ ਭਾਇ।
ਸੁਤ ਤੁਮਰਾ ਤੁਮਰੇ ਨਿਕਟਿ ਮੋਰੋ ਤਖਤ ਬਨਾਇ॥੩੫੨॥
ਔਰ ਸੰਤ ਬਚ ਅਟਲ ਪਛਾਨਉ।
ਬੁਢੇ ਮੁਝ ਮਹਿ ਭੇਦ ਨ ਮਾਨਉਂ।
ਪ੍ਰਿਥਮੇ ਇਹ ਥਾਂ ਤਖਤ ਸਵਾਰੋ।
ਮੀਰੀ ਪੀਰੀ ਅਸਿ ਦੋ ਧਾਰੋ॥੩੫੩॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਸਤਵਾਂ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਰਚੇ ਜਾਣ ਵਾਲੇ ਤਖ਼ਤ ਦੇ ਨਾਂ ਦੀ ਚੋਣ ਵੀ

ਅਕਾਲ ਪੁਰਖ ਨੇ ਆਪ ਕੀਤੀ ਅਤੇ ਹੁਕਮ ਕੀਤਾ ਕਿ ਤਖ਼ਤ ਦਾ ਨਾਂ 'ਅਕਾਲ ਤਖ਼ਤ' ਰੱਖਿਆ ਜਾਵੇ:

ਤਾਂਤੇ ਇਹੁ ਠਾਂ ਤਖਤ ਸਵਾਰਉ।
ਮੇਰੇ ਨਾਮ ਤਾਂਹਿ ਮਹਿ ਧਾਰਉ।
ਤਖਤ ਆਕਾਲ ਨਾਮ ਤਿੰਹ ਕੀਜੈ।

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਸਤਵਾਂ)

ਸੋਹਨ ਕਵਿ ਅਨੁਸਾਰ ਅਕਾਲ ਤਖ਼ਤ ਦੀ ਉਸਾਰੀ ਉਸੇ ਥਾਂ 'ਤੇ ਕੀਤੀ ਗਈ ਜਿਹੜੀ ਅਕਾਲ ਪੁਰਖ ਨੇ ਆਪ ਨਿਸ਼ਚਿਤ ਕੀਤੀ ਸੀ:

ਗੁਰਦਾਸ ਬੁਢੇ ਕੋ ਲੈ ਨਿਜ ਸਾਥ।
ਤਖਤ ਅਰੰਭ ਕਰਿ ਦੀਨਾ ਨਾਥ।
ਜਹ ਭਗਵਤ ਥੀ ਆਗਿਆ ਦਈ।
ਤਹਾਂ ਅਰੰਭ ਗੁਰੂ ਜੀ ਕਈ।

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਗੁਰ ਬਿਲਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਕਾਲ ਪੁਰਖ ਨੇ ਅਕਾਲ ਤਖ਼ਤ ਦੀ ਜ਼ਿੰਮੇਵਾਰੀ ਸੌਂਪਦਿਆਂ ਆਪ ਉਹਨਾਂ ਦੀ ਬਾਂਹ ਫੜ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਿਰਾਜਮਾਨ ਕੀਤਾ:

ਐਸੇ ਕਹਿ ਗੁਰ ਭੁਜਾ ਗਹਾਏ।
ਅਕਾਲ ਪੁਰਖ ਮਨ ਮਹਿ ਹਰਖਾਏ।
ਸ੍ਰੀ ਗੁਰ ਊਪਰ ਤਖਤ ਬਹਾਯੋ।
ਸੁਰ ਨਰ ਜੈ ਜੈ ਕਾਰ ਬੁਲਾਯੋ॥੫੨॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪਣੇ ਹੱਥਾਂ ਨਾਲ ਰੱਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਵਿਚ ਕਿਸੇ ਰਾਜ ਜਾਂ ਮਿਸਤਰੀ ਦੀ ਸਹਾਇਤਾ ਨਹੀਂ ਲਈ ਗਈ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀ ਅਗਵਾਈ ਕੀਤੀ ਸੀ:

ਕਰ ਅਰਦਾਸ ਸ੍ਰੀ ਸਤਿਗੁਰੂ ਪੁਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ ਅਬਚਲ ਤਖਤ ਸੁਹਾਇ॥੩੮॥
ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁਢੇ ਔ ਗੁਰਦਾਸ ਬਨਾਯੋ।

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਅਕਾਲ ਤਖ਼ਤ ਦੀ ਸਾਰੀ ਮਰਿਆਦਾ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨਿਸ਼ਚਿਤ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਲਈ ਗੁਰੂ ਸਾਹਿਬ ਨੇ ਭਾਈ ਗੁਰਦਾਸ ਦੀ ਨਿਯੁਕਤੀ ਕੀਤੀ ਅਤੇ ਉਨ੍ਹਾਂ ਨੂੰ ਤਖ਼ਤ ਦਾ ਸਾਰਾ ਕੰਮ ਕਾਜ ਸੌਂਪ ਦਿੱਤਾ:

ਤਖ਼ਤ ਪੂਜ ਕਰਬੇ ਨਮਿਤ ਗੁਰਦਾਸ ਭਾਈ ਠਹਿਰਾਇ।
ਨਿਤ ਕਰਾਇ ਇਸਨਾਨੁ ਸੋ ਪੁਸ਼ਪ ਸੁਗੰਧ ਲਗਾਇ॥੯੨॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬੀਰ-ਰਸੀ ਵਾਰਾਂ ਦੇ ਗਾਇਨ ਦੀ ਪ੍ਰਥਾ ਆਰੰਭ ਕੀਤੀ। ਗੁਰ-ਬਿਲਾਸ ਵਿਚ ਬਹੁਤ ਥਾਵਾਂ 'ਤੇ ਗੁਰੂ ਸਾਹਿਬ ਵੱਲੋਂ ਸੂਰਮਿਆਂ ਦੀਆਂ ਵਾਰਾਂ ਗਾਇਨ ਕਰਨ ਵਾਲੇ ਢਾਡੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦਾ ਦੇਣ ਦੇ ਪ੍ਰਮਾਣ ਮਿਲਦੇ ਹਨ। ਢਾਡੀ ਮੀਰ ਅਬਦੁਲ ਤੇ ਨੱਥਾ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਉਚੇਚੇ ਤੌਰ 'ਤੇ ਸੱਦਾ ਘੱਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਵਾਇਆ ਅਤੇ ਉਹਨਾਂ ਨੂੰ ਰੋਜ਼ ਸੂਰਮਿਆਂ ਦੀਆਂ ਵਾਰਾਂ ਸੁਣਾਉਣ ਲਈ ਕਿਹਾ:

(ੳ) ਸਾਹਿਬ ਬੁੱਢੇ ਅਸ ਕਹਾ ਸੁਨਹੁ ਪ੍ਰਭ ਸੁਖ ਪਾਇ।
ਸੁਤਰੀ ਔਰ ਨਿਸ਼ਾਨ ਕਉ ਢਾਢੀ ਲੇਹੁ ਮੰਗਾਇ।
ਢਾਢੀ ਲੇਹੁ ਮੰਗਾਇ ਰਹੈ ਸੁਰ ਸਿੰਘ ਗੁਨ ਸਦਨਾ।
ਅਬਦੁਲ ਤਾਕਾ ਨਾਮ ਤਾਂਹਿ ਮਨ ਮੋਹੁ ਸੁ ਮਦਨਾ।
ਬੁਢੇ ਬਚ ਸੁਨ ਸਿਖ ਪਠਯੋ ਗੁਰ ਪ੍ਰਭੁ ਸੁਖ ਪਾਇ।
ਸੁਤਰੀ ਨਿਸਾਨ ਮੰਗਾਯੋ ਅਬਦੁਲ ਲੀਓ ਮੰਗਾਇ॥੪੩॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

(ਅ) ਪੁਨ ਢਾਢੀ ਕਉ ਬਚਨ ਸੁਨਾਏ।
ਰਹੋ ਨਿਕਟ ਹਮਰੇ ਸੁਖ ਪਾਏ।
ਵਾਰ ਸਭੀ ਸੂਰਨ ਕੀ ਗਾਵਉ।
ਠਾਢੇ ਆਗੇ ਨਿਤ ਸੁਨਾਵਉ॥੬੪॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

(ੲ) ਹਰਿਗੋਬਿੰਦ ਗੁਰੁ ਪਰ ਉਪਕਾਰੀ।
ਢਾਢੀ ਅਬਦੁਲ ਲੀਓ ਹਕਾਰੀ।
ਇਹ ਬਿਧ ਤਾ ਕਉ ਬਚਨ ਸੁਨਾਏ।
ਸੁਨਾਵੋ ਵਾਰ ਅਧਿਕ ਮਨ ਲਾਏ॥੯੩॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਦਾ ਮੰਤਵ ਸੋਹਨ ਕਵਿ ਨੇ ਗੁਰ ਬਿਲਾਸ ਵਿਚ ਸਪੱਸ਼ਟ ਕੀਤਾ ਹੈ। ਉਸ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਜਗਤ ਨੂੰ ਤਾਰਨ ਲਈ ਅਤੇ ਸ਼ਤਰੂਆਂ ਦਾ ਨਾਸ ਕਰਨ ਲਈ ਕੀਤੀ ਗਈ ਹੈ। ਹੇਠਲੀਆਂ ਸਤਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਉਸਾਰਨ ਦੇ ਮੰਤਵ ਨੂੰ ਦਰਸਾਉਂਦੀਆਂ ਹਨ:

ਇਹ ਬਿਧ ਤਖਤ ਬਨਾਇਓ ਸ੍ਰੀ ਗੁਰੁ ਅਪਨੇ ਹਾਥ।
ਜਨੁ ਜਹਾਜ ਜਗੁ ਤਰਨ ਕਉ ਰਚਯੋ ਸੁ ਦੀਨਾ ਨਾਥ॥੪੧॥
(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸੋਹਨ ਕਵਿ ਦੇ ਗੁਰ ਬਿਲਾਸ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹੱਤਵਪੂਰਨ ਫੈਸਲੇ ਲੈਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣੇ ਸਿੱਖਾਂ ਸੇਵਕਾਂ ਨਾਲ ਸਲਾਹ-ਮਸ਼ਵਰਾ ਕਰਿਆ ਕਰਦੇ ਸਨ। ਜਹਾਂਗੀਰ ਵੱਲੋਂ ਦਿੱਲੀ ਆਉਣ ਦੇ ਸੱਦੇ ਦੇ ਸਬੰਧ ਵਿਚ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖ-ਸੰਗਤਾਂ ਦੀ ਉਚੇਚੀ ਇਕੱਤਰਤਾ ਬੁਲਾਈ ਅਤੇ ਇਹ ਮਹੱਤਵਪੂਰਨ ਮਸਲਾ ਉਹਨਾਂ ਦੇ ਸਨਮੁਖ ਵਿਚਾਰ ਲਈ ਰੱਖ ਦਿੱਤਾ:

ਜਾਇ ਧਾਮ ਫਿਰ ਤੁਰਤੈ ਆਵਹੁ। ਨਿਜ ਨਿਜ ਸਭੈ ਸਲਾਹ ਬਤਾਵਹੁ।
ਬਾਦਸ਼ਾਹ ਮੁਹਿ ਨਿਕਟ ਬੁਲਾਯੋ। ਜਾਵਨ ਬਨੈ ਕਿ ਨਹੀਂ ਸੁਹਾਯੋ॥੨੫੫॥
ਇਹ ਸੁਨ ਨਿਜ ਨਿਜ ਗ੍ਰਿਹ ਸਿਧਾਏ। ਨਿਜ ਮਨ ਗਿਨਤੀ ਸਭਹੀ ਪਾਏ।
ਚਾਰ ਘਰੀ ਨਿਸ ਜਬੈ ਬਿਹਾਈ। ਆਏ ਸਭੈ ਗੁਰੂ ਨਿਕਟਾਈ॥੨੫੬॥
ਬੁਢੇ ਆਦਿਕ ਸਭ ਅਏ ਮਾਤਾ ਲਓ ਬੁਲਾਇ।
ਦੀਵਾਨ ਆਇ ਲਾਗਉਂ ਸਭਨ ਸ੍ਰੀ ਗੁਰੁ ਕਹੀ ਸੁਨਾਇ॥੨੫੭॥
(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਫਿਰ ਗੁਰੂ ਸਾਹਿਬ ਨੇ ਸਾਰਿਆਂ ਨੂੰ ਦੀਵਾਨ ਵਿਚ ਆਪਣਾ-ਆਪਣਾ ਮੱਤ ਪ੍ਰਗਟਾਉਣ ਲਈ ਕਿਹਾ ਅਤੇ ਵਿਸਤਾਰ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਦਿੱਲੀ ਰਵਾਨਾ ਹੋਣ ਦਾ ਫ਼ੈਸਲਾ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖ ਪੰਥ ਦੀਆਂ ਜਥੇਬੰਦਕ ਅਤੇ ਸੈਨਿਕ ਗਤੀਵਿਧੀਆਂ ਦਾ ਕੇਂਦਰ ਬਣਾ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਿੱਖ ਹਥਿਆਰ ਅਤੇ ਘੋੜੇ ਲੈ ਕੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਪਹੁੰਚਣ ਲੱਗ ਪਏ ਅਤੇ ਇਸ ਪ੍ਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਸੈਨਾ ਲਈ ਹਥਿਆਰਾਂ ਤੇ ਜੰਗੀ ਅਭਿਆਸ ਦਾ ਮੁਕਾਮ ਬਣ ਗਿਆ। ਸੋਹਨ ਕਵਿ ਦੇ ਗੁਰ ਬਿਲਾਸ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਦਿਆਂ ਹੀ ਸਿੱਖਾਂ ਦੇ ਨਾਂ ਹੁਕਮਨਾਮੇ ਜਾਰੀ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਥਿਆਰ ਭੇਟਾ ਕਰਨ ਲਈ ਕਿਹਾ:

ਹਾੜ ਪ੍ਰਿਥਮ ਏਕਮ ਥਿਤ ਮਾਹੀ।
ਹਰਿ ਗੋਬਿੰਦ ਗੁਰੁ ਪਾਗ ਬੰਧਾਹੀ।
ਹੁਕਮ ਨਾਵੇਂ ਦਿਨ ਦੁਤੀਅ ਲਖਾਏ।
ਸ੍ਰੀ ਗੁਰੁ ਦੇਸਨਿ ਦੇਸ ਪਠਾਏ॥੩੩॥
ਐਸੇ ਬਚਨ ਯਾ ਮਹਿ ਲਿਖੇ ਭੇਟ ਹੀ ਸ਼ਸਤ੍ਰ ਹੈ ਲਿਆਇ।
ਪਖ ਦਿਵਸ ਆਇ ਸਭ ਯਾ ਮਹਿ ਦੇਰ ਨ ਲਾਇ॥੪੩॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਸਿੱਖ ਸੈਨਾ ਨੂੰ ਸੰਗਠਿਤ ਕਰਨ ਦਾ ਕੰਮ ਆਰੰਭਿਆ ਗਿਆ। ਸ਼ੁਰੂ ਵਿਚ ਚਾਰ ਸੌ ਸਿੱਖਾਂ ਨੂੰ ਭਰਤੀ ਕੀਤਾ ਗਿਆ ਅਤੇ ਉਹਨਾਂ ਨੂੰ ਦ੍ਰਿੜ ਕਰਾਇਆ ਗਿਆ ਕਿ ਉਹ ਧਰਮ ਲਈ ਆਪਣਾ ਸੀਸ ਵਾਰਨ ਲਈ ਤਿਆਰ ਹਨ। ਇਥੇ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਵਿਚ ਭਰਤੀ ਸੈਨਿਕਾਂ ਨੂੰ ਕਿਸੇ ਨਿਸਚਿਤ ਤਨਖ਼ਾਹ 'ਤੇ ਨਹੀਂ ਸੀ ਰਖਿਆ ਜਾਂਦਾ ਸਗੋਂ ਇਹ ਮਰਜੀਵੜੇ ਧਰਮ ਲਈ ਖ਼ੁਦ ਆਪਾ ਕੁਰਬਾਨ ਕਰਨ ਲਈ ਸਿੱਖ ਸੈਨਾ ਵਿਚ ਸ਼ਾਮਲ ਹੁੰਦੇ ਸਨ:

ਦੀਨ ਹੇਤ ਸਿਰ ਦੇਹਿੰਗੇ ਐਸ ਬਾਤ ਦ੍ਰਿੜ ਕੀਨ।
ਚਾਰ ਸਹਿਸ ਸੂਰਾ ਬਲੀ ਕ੍ਰਿਪਾ ਸਿੰਧੁ ਮਨ ਚੀਨ॥੭੪॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸਿੱਖ ਸੈਨਾ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਸਾਰੀਆਂ ਜਾਤਾਂ ਦੇ ਲੋਕ ਸ਼ਾਮਲ ਸਨ। ਖ਼ਾਸ ਤੌਰ 'ਤੇ ਉਹਨਾਂ ਜਾਤੀਆਂ ਦੇ ਲੋਕ ਸਿੱਖ ਸੈਨਾ ਵੱਲ ਵੱਧ ਆਕਰਸ਼ਿਤ ਹੋਏ ਜਿਹਨਾਂ ਨਾਲ ਵਕਤ ਦੇ ਰਾਜ ਅਤੇ ਸਮਾਜ ਨੇ ਭਰਪੂਰ ਵਿਤਕਰਾ ਕੀਤਾ ਸੀ:

ਛੀਪੋ ਝੀਵਰ ਔਰ ਤਖਾਨ। ਨਾਈ ਗ੍ਰਿਹ ਉਤਰੇ ਸਭ ਆਣ।
ਸੋ ਗੁਰ ਆਗੇ ਖਰੇ ਨਿਹਾਰੇ। ਗਰੀਬ ਨਿਵਾਜ ਬਿਰਦ ਜਿਹ ਭਾਰੇ।

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਵੱਲੋਂ ਭੇਟ ਚੜਾਏ ਹੋਏ ਸ਼ਸਤਰਾਂ ਦਾ ਅਪਾਰ ਭੰਡਾਰ ਸੀ। ਇਸੇ ਲਈ ਭਰਤੀ ਕੀਤੇ ਗਏ ਚਾਰ ਸੌ ਸੈਨਿਕਾਂ ਨੂੰ ਗੁਰੂ ਸਾਹਿਬ ਨੇ ਬਹੁਤ ਸਾਰੇ ਸ਼ਸਤਰ ਦਿੱਤੇ ਅਤੇ ਹਰ ਸੈਨਿਕ ਨੂੰ ਇਕ-ਇਕ ਘੋੜਾ ਵੀ ਦਿੱਤਾ। ਫਿਰ ਸੈਨਾ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਚਾਰ ਸੈਨਾਪਤੀ (ਬਿਧੀਆ, ਪੈੜਾ, ਪਿਰਾਣਾ ਅਤੇ ਜੇਠਾ) ਨਿਯੁਕਤ ਕੀਤੇ ਅਤੇ ਇਹਨਾਂ ਨੂੰ ਸੌ-ਸੌ ਸੈਨਿਕਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ:

ਮੁਖ ਸਿਉ ਧੰਨ ਧੰਨ ਬਚਨ ਉਚਾਰੇ। ਦੀਏ ਅਸ੍ਵ ਪੁਨ ਸ਼ਸਤ੍ਰ ਅਪਾਰੇ।
ਚਾਰ ਸਹਿਸ ਹੈ ਦੀਏ ਅਮੋਲਾ। ਇਛਾਚਾਰੀ ਸੂਰ ਅਡੋਲਾ॥੭੫॥
ਬਿਧੀਆ ਪੈੜਾ ਔਰ ਪਿਆਣਾ। ਚੌਥਾ ਜੇਠਾ ਕਹੋ ਬਖਾਣਾ।

ਸਹਸ ਸਹਸ ਤਾਬਿਆ ਇਨ ਦੀਏ। ਚਾਰੋ ਸਿਖ ਸੈਨਾਪਤੀ ਕੀਏ॥੭੬॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਇਸ ਪ੍ਰਕਾਰ ਸੈਨਾ ਦੇ ਸੰਗਠਿਤ ਹੋਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਪੂਰਨ ਰਾਜਸੀ ਸੰਸਥਾ ਦੇ ਰੂਪ ਵਿਚ ਸਥਾਪਿਤ ਹੋ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਰਾਜਸੀ ਅਤੇ ਸੰਸਾਰਕ ਸੱਤਾ ਦੇ ਪ੍ਰਤੀਕ ਬਣ ਕੇ ਬੈਠਿਆ ਕਰਦੇ ਸਨ। ਸੋਹਨ ਕਵਿ ਦੇ ਕਥਨ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਹਨ, ਉਦੋਂ ਉਹ ਸ਼ਾਂਤ ਰੂਪ ਹਨ, ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠਦੇ ਹਨ ਉਦੋਂ ਉਹਨਾਂ ਦਾ ਰੂਪ ਰਾਜਸੀ ਹੁੰਦਾ ਹੈ:

ਸ਼ਾਂਤ ਰੂਪ ਹ੍ਵੈ ਮੈਂ ਰਹਹੂੰ ਹਰਿ ਮੰਦਰ ਕੈ ਮਾਹਿ।
ਰਜੋ ਰੂਪ ਇਹ ਠਾਂ ਰਹਹੂੰ ਅਕਾਲ ਤਖਤ ਸੁਖ ਪਾਇ॥੧੦੨॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਭਾਈ ਰਤਨ ਸਿੰਘ ਭੰਗੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਤਿਹਾਸਕ ਮਹੱਤਤਾ ਉੱਤੇ ਜ਼ੋਰ ਦਿੱਤਾ ਹੈ ਅਤੇ ਸਿੱਖ ਇਤਿਹਾਸ ਦੇ ਵੱਖ-ਵੱਖ ਪੜਾਵਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੁੰਦੀਆਂ ਰਹੀਆਂ ਗਤੀਵਿਧੀਆਂ ਦਾ ਜਿਕਰ ਕੀਤਾ ਹੈ। ਉਹਨਾਂ ਅਨੁਸਾਰ ਸਾਲ ਵਿਚ ਦੋ ਵਾਰੀ ਦੀਵਾਲੀ ਅਤੇ ਵੈਸਾਖੀ ਦੇ ਅਵਸਰ 'ਤੇ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਵੱਡਾ ਇਕੱਠ ਹੁੰਦਾ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਲਾ ਕੇ ਗੁਰਮਤੇ ਕੀਤੇ ਜਾਂਦੇ ਸਨ। ਸਰਬੱਤ ਖਾਲਸਾ ਵੀ ਅਕਾਲ ਤਖ਼ਤ 'ਤੇ ਹੀ ਜੁੜਦਾ ਸੀ ਅਤੇ ਉਸ ਵਿਚ ਮਹੱਤਵਪੂਰਨ ਫ਼ੈਸਲੇ ਲਏ ਜਾਂਦੇ ਸਨ:

ਮੁਲਕ ਲੂਟ ਅੰਮ੍ਰਿਤਸਰ ਆਵੈਂ। ਦਿਵਾਲੀ ਬਿਸਾਖੀ ਮੇਲਾ ਲਾਵੈਂ।
ਬੈਠ ਹਰਿਮੰਦਰ ਸੁਨੈਂ ਸੁ ਗਜਾਨ। ਗੁਰਬਚਨਨ ਪਰ ਲਾਵੈਂ ਧਜਾਨ॥੧॥
ਅਕਾਲ ਬੁੰਗੇ ਚੜ੍ਹ ਤਖ਼ਤੈ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸੁਬਤ ਖਾਲਸੈ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿਪਾਲਤ॥੨॥

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੪੧੯)

ਇਕ ਅਦਾਲਤ ਦੇ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਇਤਿਹਾਸਕ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਨ ਹੈ। ਸਿੱਖਾਂ ਵਿੱਚ ਉਤਪੰਨ ਹੋਏ ਆਪਸੀ ਝਗੜਿਆਂ ਦਾ ਨਿਪਟਾਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਅਦਾਲਤ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ ਅਤੇ ਇਨਸਾਫ਼ ਕਰਦਾ ਰਿਹਾ ਹੈ:

ਲੂਟੋ ਖੋਹੋ ਹੋਇ ਜੋਊ ਤਿਨ ਕੋ ਮਿਲੈ ਨ ਸਾਫ।
ਝੂਠਨ ਕੋ ਤਨਖਾਹ ਕਰੈਂ, ਔ ਸੱਚਨ ਕਰਾਵੈਂ ਮਾਫ਼॥੬॥

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੪੧੯)

ਭਾਈ ਰਤਨ ਸਿੰਘ ਭੰਗੂ ਅਨੁਸਾਰ ਨਵਾਬ ਕਪੂਰ ਸਿੰਘ ਦੀ ਅਗਵਾਈ ਸਮੇਂ ਸਿੱਖ ਪੰਥ

ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਦੀਵਾਨ ਲਾਉਂਦਾ ਸੀ ਅਤੇ ਉਥੇ ਹੀ ਲਾਹੌਰ ਵੱਲੋਂ ਆਈ ਮਾਇਆ ਨੂੰ ਪੰਥ ਵਿਚ ਵੰਡਿਆ ਜਾਂਦਾ ਸੀ:

ਫੇਰ ਬਾਤ ਸਿੰਘਨ ਪਰ ਆਈ। ਸੁਨੋਂ ਸੰਤ ਔ ਗੁਰਮੁਖ ਭਾਈ।
ਪੰਥ ਡੇਰਾ ਆਇ ਗੁਰ ਚੱਕ ਪਾਯੋ। ਨਿਤ ਨਿਤ ਖਾਲਸੈ ਹੁਵੈ ਸਵਾਯੋ॥੭॥
ਨਿਤਪ੍ਰਤਿ ਆਵਹਿਂ ਟਕੇ ਲਹੌਰ। ਨਿਬਾਬ ਵਰਤਾਵਹਿ ਪੰਥਹਿ ਕੌਰ।
ਅਕਾਲ ਬੁੰਗੇ ਬਹਿ ਲਗੈ ਦਿਵਾਨ। ਕਰੈਂ ਪ੍ਰਾਤਿ ਸਰ ਅੰਮ੍ਰਿਤ ਸ਼ਨਾਨ॥੮॥

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੨੮੬)

ਹੋਰ ਵੀ ਇਧਰੋਂ-ਉਧਰੋਂ ਆਈ ਹੋਈ ਮਾਇਆ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਇਕੱਤਰ ਹੁੰਦੀ ਸੀ ਅਤੇ ਉਸ ਨੂੰ ਖ਼ਾਲਸੇ ਵਿਚ ਵੰਡ ਦਿੱਤਾ ਜਾਂਦਾ ਸੀ:

ਟਕੋ ਜੁ ਆਵੈ ਇਤ ਉਤੈ, ਸੋ ਧਰੈ ਦਿਵਾਨਹਿ ਪਾਸ।
ਦਿਵਾਨ ਬ੍ਰਤਾਵੈ ਖਾਲਸੈ, ਕਰ ਕਰ ਨਿਤ ਅਰਦਾਸ॥੧੧॥

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੨੮੭)

ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਖ਼ਾਲਸਾ ਪੰਥ ਜਥੇਬੰਦ ਕਰਨ ਲਈ ਜ਼ਰੂਰੀ ਵਿਚਾਰਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀਆਂ ਜਾਂਦੀਆਂ ਸਨ। ਨਵਾਬ ਕਪੂਰ ਸਿੰਘ ਦੇ ਸਮੇਂ ਜਦੋਂ ਖ਼ਾਲਸਾ ਪੰਥ ਵਿਚ ਬਹੁਤ ਵਾਧਾ ਹੋ ਗਿਆ ਅਤੇ ਠੀਕ ਸੰਭਾਲ ਕਰਨ ਲਈ ਪੰਥ ਨੂੰ ਨਵੀਂ ਤਰ੍ਹਾਂ ਜਥੇਬੰਦ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਤਾਂ ਇਸ ਜਥੇਬੰਦਕ ਮਸਲੇ ਦੇ ਹੱਲ ਲਈ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਈ:

ਬਹੁਤ ਪੰਥ ਕੋ ਬਾਧਾ ਹੁਯੋ।
ਇਕ ਥਾਂ ਬਹੁਤੇ ਥੰਭਿ ਨ ਭਯੋ।
ਤਉ ਨਿਬਾਬ ਚਿਤ ਕੀਯੋ ਬਿਚਾਰ।
ਕੋਉ ਜੁਗਤ ਬਣਾਈਐ ਜਿਤ ਹੋਇ ਸੰਭਾਰ॥੨੦॥
ਉਸੀ ਦਿਨ ਸੱਦ ਖਾਲਸੋ, ਅਕਾਲ ਬੁੰਗੈ ਤਖਤ ਮਕਾਨ।
ਦੀਨੋ ਸਭਨ ਉਚਾਰ ਢਿਗ, ਨਿਬਾਬੈ ਸਿੰਘ ਸੁਜਾਨ॥੨੧॥

(ਭਾਈ ਰਤਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੨੮੬)

ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘਾਂ ਨੂੰ ਆਪਸੀ ਸਹਿਮਤੀ ਦੇ ਅਧਾਰ 'ਤੇ ਇਕ ਸੁਚੱਜੀ ਜਥੇਬੰਦਕ ਵਿਵਸਥਾ ਕਾਇਮ ਕਰਨ ਦੀ ਪ੍ਰੇਰਨਾ ਮਿਲਦੀ ਰਹੀ ਹੈ। ਇਤਿਹਾਸ ਇਸ ਤੱਥ ਦਾ ਵੀ ਸਾਖੀ ਹੈ ਕਿ ਵੱਡੀਆਂ ਮੁਹਿੰਮਾਂ ਅਤੇ ਜੰਗਾਂ ਦੀਆਂ ਤਿਆਰੀਆਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕੀਤੀਆਂ ਜਾਂਦੀਆਂ ਸਨ। ਭਾਈ ਰਤਨ ਸਿੰਘ ਭੰਗੂ ਅਨੁਸਾਰ ਅਹਿਮਦਸ਼ਾਹ ਦੀ ਫ਼ੌਜ ਦਾ ਮੁਕਾਬਲਾ ਕਰਨ ਲਈ ਸ਼ਹੀਦ ਗੁਰਬਖ਼ਸ਼ ਸਿੰਘ ਨਿਹੰਗ ਨੇ ਸ੍ਰੀ ਅਕਾਲ ਤਖ਼ਤ

ਸਾਹਿਬ 'ਤੇ ਦੀਵਾਨ ਕੀਤਾ ਅਤੇ ਉਥੇ ਹੀ ਗੁਰਮਤਾ ਕਰਕੇ ਖ਼ਾਲਸਾ ਫ਼ੌਜ ਨੂੰ ਹਿਦਾਇਤਾਂ ਦਿੱਤੀਆਂ:

ਪੜੈ ਰਹੁਰਾਸ ਲਗਜੋ ਪੰਥ ਦੀਵਾਨ।
ਅਕਾਲ ਬੁੰਗੈ ਢਿਗ ਤਕਤ ਮਕਾਨ।
ਕਰ ਗੁਰਮਤੋ ਦੀਯੋ ਬਹੀਰ ਤੁਰਾਇ।
ਛੜੀ ਫੌਜ ਕਿਛ ਰਹੀ ਉਸ ਥਾਇ॥੧੨॥

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੫੧੩)

ਅਕਾਲ ਤਖ਼ਤ ਦੇ ਸਨਮੁਖ ਖ਼ਾਲਸਾ ਫ਼ੌਜ ਦੀਆਂ ਤਿਆਰੀਆਂ ਦਾ ਬੜਾ ਸੁੰਦਰ ਦ੍ਰਿਸ਼ ਭਾਈ ਸਾਹਿਬ ਨੇ ਆਪਣੀ ਰਚਨਾ ਵਿਚ ਖਿੱਚਿਆ ਹੈ:

ਕਿਸੈ ਪੁਸ਼ਾਕ ਥੀ ਨੀਲੀ ਸਜਾਈ।
ਕਿਨੈ ਸੇਤ ਕਿਸੈ ਕੇਸਰੀ ਰੰਗਵਾਈ।

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੫੧੫)

ਸ਼ਹੀਦ ਗੁਰਬਖਸ਼ ਸਿੰਘ ਨਿਹੰਗ ਨੇ ਜੰਗੀ ਬਾਣਾ ਪਹਿਨ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖ਼ਾਲਸਾ ਫ਼ੌਜ ਦੀ ਅਗਵਾਈ ਲਈ ਤਿਆਰ ਹੋਣ ਦਾ ਜ਼ਿਕਰ ਵੀ ਭਾਈ ਰਤਨ ਸਿੰਘ ਭੰਗੂ ਨੇ ਬੜੇ ਰੌਚਕ ਢੰਗ ਨਾਲ ਕੀਤਾ ਹੈ:

ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ। ਅਕਾਲ ਬੁੰਗੈ ਪਰ ਤਖ਼ਤ ਬਹਾਯੋ।
ਨਈ ਪੁਸ਼ਾਕ ਸਿੰਘ ਪਹਿਰ ਸੁਹਾਯੋ। ਜੰਘ ਕੱਛ ਗਲ ਚੋਲਾ ਪਾਯੋ॥੪੦॥
ਸੀਸ ਪੱਗ ਲਈ ਖੂਬ ਛਿਕਾਇ। ਧਰੈ ਚਕ੍ਰ ਸਿਰ ਪੇਚੇ ਦਾਇ।
ਚੱਕ੍ਰਨ ਕੈ ਮੱਧ ਕਰਦ ਗਡੋਈ। ਜਨੁ ਲਾੜੈ ਸਿਰ ਕਲਗੀ ਸੋਹੀ॥੪੧॥

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੫੧੭)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਜੀ ਹਮੇਸ਼ਾਂ ਢਾਡੀਆਂ ਤੋਂ ਸੂਰਮਿਆਂ ਦੀਆਂ ਵਾਰਾਂ ਸੁਣਦੇ ਅਤੇ ਵਾਰਾਂ ਸੁਣ ਕੇ ਬਹੁਤ ਪ੍ਰਸੰਨ ਹੁੰਦੇ, ਢਾਡੀ ਭੀ ਐਸੇ ਜੋਸ਼ ਨਾਲ ਪੜ੍ਹਦੇ ਕਿ ਕਾਇਰ ਭੀ ਸੁਣ ਕੇ ਸੂਰਮਾ ਹੋ ਜਾਂਦਾ ਸੀ। ਰਹਰਾਸਿ ਪੜ੍ਹ ਕੇ ਅਰਦਾਸ ਕਰਨੀ, ਸ਼ਬਦ ਪੜ੍ਹਨੇ, ਚੌਂਕੀ ਚੜ੍ਹਨੇ ਦੀ ਰੀਤੀ ਇਨ੍ਹਾਂ ਗੁਰੂ ਸਾਹਿਬਾਂ ਨੇ ਸੰ. ੧੬੦੯ ਈ. ਵਿਚ ਚਲਾਈ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਰੋਜ਼ਾਨਾ ਜੀਵਨ ਦੀ ਇਕ ਝਲਕ ਪੇਸ਼ ਕਰਦਿਆਂ ਤਵਾਰੀਖ ਗੁਰੂ ਖ਼ਾਲਸਾ ਵਿਚ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ "ਪਹੁ ਫੁਟੀ ਤੋਂ ਬਸਤ੍ਰ, ਸ਼ਸਤ੍ਰ, ਜਿਗ੍ਹਾ, ਕਲਗੀ ਸਜਾ ਕੇ ਸਿੱਖਾਂ ਸੇਵਕਾਂ ਸਮੇਤ ਮਹਿਲਾਂ ਤੋਂ ਆ ਕੇ ਪਹਿਲੇ ਦਰਸ਼ਨੀ ਦਰਵਾਜ਼ੇ ਅੱਗੇ ਮੱਥਾ ਟੇਕਦੇ, ਫੇਰ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੰਦਨਾ ਕਰਕੇ ਛੋਟੀ ਤੇ ਵੱਡੀ ਪ੍ਰਕਰਮਾ ਕਰਕੇ ਅਕਾਲ ਬੁੰਗੇ ਸਿੰਘਾਸਨ ਉਪਰ ਆ ਬੈਠਦੇ, ਸਭਾ ਲੱਗ ਜਾਂਦੀ। ਸੱਤੇ ਬਲਵੰਡ ਤੋਂ ਆਸਾ ਦੀ ਵਾਰ ਤੇ ਹੋਰ ਧਰਮ ਜੁੱਧ ਦੇ ਸਾਕੇ ਤੇ ਵਾਰਾਂ ਸੁਣਦੇ।"

(ਸ੍ਰੀ ਗੁਰ ਪੰਥ ਪ੍ਰਕਾਸ਼)

ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਬਾਰੇ ਵਿਸਤਾਰ ਨਾਲ ਵਰਣਨ ਕਰਦਿਆਂ ਦੱਸਿਆ ਹੈ ਕਿ ਸ੍ਰੀ ਗੁਰੂ ਅਰਜਨ ਸਾਹਿਬ ਦੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਸ ਅਥਾਹ ਦੌਲਤ ਹੈ, ਉਹਨਾਂ ਨੇ ਫ਼ੌਜ ਵੀ ਆਪਣੇ ਪਾਸ ਰੱਖ ਲਈ ਹੈ, ਉਹ ਰੋਜ਼ ਸ਼ਿਕਾਰ ਨੂੰ ਵੀ ਜਾਂਦੇ ਹਨ ਅਤੇ ਉਹਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਵੀ ਕਰ ਲਈ ਹੈ। ਸਾਰਿਆਂ ਸਿੱਖਾਂ ਵਿਚ ਆਮ ਪ੍ਰਚਲਤ ਚਰਚਾ ਹੈ ਕਿ ਹੁਣ ਗੁਰੂ ਦਾ ਰਾਜ ਹੋਵੇਗਾ:

ਅਬ ਉਸਕਾ ਸੁਤ ਹੈ ਹਰਿਗੁਬਿੰਦ। ਜਿਸਕੇ ਢਿਗ ਦੌਲਤ ਹੈ ਬੁਲੰਦ।
ਬਹੁ ਫੌਜ ਲਈ ਉਨ ਰੱਖ ਪਾਸ। ਨਿਤ ਖੇਲਨ ਜਾਤ ਸਿਕਾਰ ਖਾਸ।
ਰਚ ਲਯੋ ਤਖਤ ਅਕਾਲ ਨਾਮ। ਸਾਚੋ ਪਾਤਸਾਹਿ ਸਦਾ ਇਆਂਮਾਮ।
ਕਰਵਾਂਵਤ ਮੂਠਾ ਚੌਰ ਸੀਸ। ਸਿਖ ਤਾਂਹਿ ਕਹਿਤ ਅਵਤਾਰ ਈਸ।
ਅਬ ਰਾਜ ਹੋਇ ਹੈ ਗੁਰੂ ਕੇਰ। ਸਬ ਆਪਸ ਮੇ ਸਿਖ ਰਹੇ ਟੇਰ।

(ਗਿਆਨੀ ਗਿਆਨ ਸਿੰਘ ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੧੨੦)

ਸ੍ਰੀ ਅਕਾਲ ਤਖ਼ਤ ਉਤੇ ਜੁੜਨ ਵਾਲੇ ਸਿੰਘਾਂ ਦੇ ਦੀਵਾਨਾਂ ਅਤੇ ਨਿੱਤ ਦੀ ਮਰਿਆਦਾ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਰਚਨਾ ਵਿਚ ਕੀਤਾ ਹੈ। ਉਸ ਅਨੁਸਾਰ ਜਦੋਂ ਪੰਥ ਨੇ ਨਵਾਬੀ ਕਪੂਰ ਸਿੰਘ ਨੂੰ ਬਖ਼ਸ਼ ਦਿੱਤੀ ਤਾਂ ਉਸ ਨੇ ਨਿਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਲਾਉਣਾ ਆਰੰਭ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਤ ਦੀ ਇਕੱਤਰਤਾ ਵਿਚ ਰਾਗੀ ਕੀਰਤਨ ਕਰਦੇ ਸਨ ਅਤੇ ਢਾਡੀ ਸਾਕੇ ਅਤੇ ਵਾਰਾਂ ਗਾਉਂਦੇ ਸਨ:

ਮਾਨਤ ਪੰਥ ਹੁਕਮ ਸਭ ਤਿਸਕਾ ਵਹਿ ਦਿਵਾਂਨ ਨਿਤ ਲਾਵੈ।
ਬੁੰਗੇ ਤਖਤ ਅਕਾਲ ਅਗਾਰੀ ਦੇਵਨ ਜਜੋ ਛਬ ਛਾਵੈ।
ਰਾਗੀ ਔਰ ਰਬਾਬੀ ਕੀਰਤਨ ਗੰਧ੍ਰਬ ਕੇ ਸਮ ਕਰਹੀਂ।
ਢਾਡੀ ਸਾਕੇ ਬਾਰਾਂ ਗਾਵੈਂ ਜੋ ਸੁਨ ਕਾਇਰ ਲਰਹੀਂ।

(ਗਿਆਨੀ ਗਿਆਨ ਸਿੰਘ ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੫੯੮)

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖ਼ਾਹ ਲਾਏ ਜਾਣ ਦਾ ਜਿਕਰ ਵੀ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਮਿਲਦਾ ਹੈ। ਨਵਾਬ ਕਪੂਰ ਸਿੰਘ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥਕ ਜਥੇਬੰਦੀ ਇਤਨੀ ਮਜ਼ਬੂਤ ਸੀ ਕਿ ਜਥੇਬੰਦਕ ਅਸੂਲਾਂ ਦੀ ਉਲੰਘਣਾ ਕਰਨ ਵਾਲੇ ਨੂੰ ਤਨਖ਼ਾਹ ਲਾਈ ਜਾਂਦੀ ਸੀ ਅਤੇ ਜਦ ਤਕ ਉਹ ਭੁੱਲ ਨਾ ਬਖ਼ਸ਼ਾਏ ਉਸ ਨੂੰ ਪੰਥ ਵਿਚ ਵਾਪਸ ਸ਼ਾਮਲ ਨਹੀਂ ਕੀਤਾ ਜਾਂਦਾ ਸੀ:

ਸਿੰਘ ਜੁ ਰਹੇ ਰਾਤ ਇਕ ਬਾਹਰ ਕੈ ਬਿਨ ਪੁਛੇ ਜਾਵੈ।
ਬਿਨ ਤਨਖ਼ਾਹ ਲਗਾਏ ਕੋਊ ਮਿਲਣ ਪੰਥ ਨਹਿ ਪਾਵੈ।

(ਗਿਆਨੀ ਗਿਆਨ ਸਿੰਘ ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੫੯੮)

ਇਸ ਪ੍ਰਕਾਰ ਉਪਰੋਕਤ ਸਾਰੀ ਵਿਆਖਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਇਕ ਪ੍ਰਮੁੱਖ ਰਾਜਨੀਤਕ ਸੰਸਥਾ ਦੇ ਰੂਪ ਵਿਚ ਇਤਿਹਾਸ ਦੇ ਹਰ ਦੌਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਰਿਹਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਇਸ ਸੰਸਥਾ ਦੀ ਸਥਾਪਨਾ ਕਰ ਕੇ ਸਿੱਖਾਂ ਨੂੰ ਜਥੇਬੰਦ ਕੀਤਾ ਅਤੇ ਸਿੱਖ ਪੰਥ ਦੀ ਸਮੁੱਚੀ ਰਾਜਸੀ ਇੱਛਾ ਦਾ ਪ੍ਰਗਟਾਵਾ ਕੀਤਾ ਪਰ ਇਥੇ ਦੋ ਤੱਥ ਵਿਸ਼ੇਸ਼ ਧਿਆਨ ਦੇਣ ਵਾਲੇ ਹਨ: ਪਹਿਲਾ, ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਦੇ ਧਾਰਨੀ, ਅਧਿਆਤਮਿਕ ਅਤੇ ਸੰਸਾਰਕ ਪ੍ਰਭੁਸੱਤਾ ਦੇ ਪ੍ਰਤੀਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਤਖ਼ਤ ਦੀ ਰਚਨਾ ਅਕਾਲ ਪੁਰਖ ਦੇ ਨਾਂ 'ਤੇ ਕੀਤੀ ਹੈ ਕਿਉਂਕਿ ਗੁਰੂ ਸਾਹਿਬ ਅਧਿਆਤਮਕ ਅਤੇ ਸੰਸਾਰਕ ਦੋਹਾਂ ਸ਼ਕਤੀਆਂ ਦਾ ਸ੍ਰੋਤ ਅਕਾਲ ਪੁਰਖ ਨੂੰ ਮੰਨਦੇ ਹਨ। ਦੂਜਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਦੇ ਇਕੱਠ ਕਰਨ ਦੀ ਪਰੰਪਰਾ ਆਰੰਭ ਕੀਤੀ ਅਤੇ ਗੁਰੂ ਸਾਹਿਬ ਨੇ ਹਰ ਮਹੱਤਵਪੂਰਨ ਫ਼ੈਸਲਾ ਅਕਾਲ ਤਖ਼ਤ 'ਤੇ ਦੀਵਾਨ ਸਜਾ ਕੇ, ਸਿੱਖਾਂ ਦੇ ਸਲਾਹ-ਮਸ਼ਵਰੇ ਅਨੁਸਾਰ, ਪੂਰਨ ਲੋਕਤਾਂਤ੍ਰਿਕ ਢੰਗ ਨਾਲ ਕਰਨ ਦੀ ਪ੍ਰਥਾ ਨਿਸ਼ਚਿਤ ਕੀਤੀ। ਇਹਨਾਂ ਦੋਹਾਂ ਗੱਲਾਂ ਦਾ ਪ੍ਰਭਾਵ ਗੁਰੂ ਸਾਹਿਬਾਨ ਦੇ ਬਾਅਦ ਦੇ ਸਿੱਖ ਇਤਿਹਾਸ ਦੇ ਅਧਿਐਨ ਤੋਂ ਸਪੱਸ਼ਟ ਨਜ਼ਰ ਆਉਂਦਾ ਹੈ। ਇਤਿਹਾਸ ਦੇ ਹਰ ਔਖੇ ਪੜਾਅ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਕਾਲ ਪੁਰਖ ਦਾ ਸਥਾਨ ਮੰਨ ਕੇ, ਸਿੱਖ ਆਪਣੀਆਂ ਜਾਤੀ ਰੰਜਸ਼ਾਂ ਅਤੇ ਆਪਣੇ ਜਾਤੀ ਮੁਫ਼ਾਦ ਤਿਆਗ ਕੇ ਇਕੱਠੇ ਹੁੰਦੇ ਰਹੇ ਹਨ ਅਤੇ ਆਪਸੀ ਸਲਾਹ-ਮਸ਼ਵਰੇ ਨਾਲ ਲੋਕਤਾਂਤ੍ਰਿਕ ਆਧਾਰ 'ਤੇ ਪੰਥ ਦੇ ਭਵਿੱਖ ਲਈ ਫੈਸਲੇ ਲੈਂਦੇ ਰਹੇ ਹਨ।

੬/੧੯੯੫

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦਾ ਇਤਿਹਾਸਕ ਮਹੱਤਵ

ਸਿੱਖ ਪੰਥ ਵਿਚ ਰਾਜਨੀਤੀ ਤੇ ਧਰਮ ਦੋਵੇਂ ਇਕ-ਮਿਕ ਹੋ ਕੇ ਚਲਦੇ ਆਏ ਹਨ। ਗੁਰੂ ਨਾਨਕ ਸਾਹਿਬ ਨੇ ਸਿੱਖ ਪੰਥ ਰੂਪ ਧਰਮ-ਰਾਜ ਦੀ ਸਥਾਪਨਾ ਸੱਚਾਈ ਦੀਆਂ ਪੱਕੀਆਂ ਨੀਹਾਂ ਉੱਤੇ ਕੀਤੀ ਸੀ, ਜਿਵੇਂ ਕਿ ਸਤੇ ਬਲਵੰਡ ਦੀ ਵਾਰ ਰਾਗ ਰਾਮਕਲੀ ਵਿਚ ਲਿਖਿਆ ਹੈ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

(ਪੰਨਾ ੯੬੬)

ਪਰ ਮੁ਼ਗਲ ਸਮਰਾਟ ਬਾਬਰ ਨੇ ਆਪਣੀ ਹਕੂਮਤ ਦੀ ਨੀਂਹ ਸਾਮ-ਦਾਮ ਅਤੇ ਦੰਡ- ਭੇਦ ਉੱਤੇ ਰੱਖੀ ਸੀ। ਇਸ ਲਈ ਮੁ਼ਗਲ ਹਕੂਮਤ ਜਿਤਨਾ ਚਿਰ ਧਰਮ ਦੇ ਨਾਲ-ਨਾਲ ਹੋ ਕੇ ਚਲਦੀ ਰਹੀ ਉਤਨਾ ਚਿਰ ਤਾਂ ਸਿੱਖ ਹਮੇਸ਼ਾਂ ਉਸ ਦੇ ਹਮਦਰਦ ਰਹੇ ਪਰ ਜਦ ਅਕਬਰ ਤੋਂ ਬਾਅਦ ਮੁ਼ਗਲ ਬਾਦਸ਼ਾਹ ਜਹਾਂਗੀਰ ਨੇ ਤਸ਼ੱਦਦ ਦਾ ਰਾਹ ਅਪਣਾਇਆ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਕਿਮ ਨੇ ਲਾਹੌਰ ਬੁਲਾ ਕੇ ਸ਼ਹੀਦ ਕਰਵਾ ਦਿੱਤਾ। ਜਿਸ ਕਾਰਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ (ਛੇਵੇਂ ਪਾਤਸ਼ਾਹ) ਨੇ ਗੁਰ-ਗੱਦੀ ਬੈਠਣ ਤੋਂ ਥੋੜ੍ਹੇ ਦਿਨ ਪਿੱਛੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਉੱਚੇ ਥੜ੍ਹੇ ਪਰ, ਹਾੜ ਸੁਦੀ ੫, ਸੰਮਤ ੧੬੬੩ ਬਿ. ਮੁਤਾਬਿਕ ੩੦ ਜੂਨ, ਸੰਨ ੧੬੦੬ ਈ. ਨੂੰ ਸਿੱਖਾਂ ਦੀਆਂ ਸਿਆਸੀ ਸਰਗਰਮੀਆਂ ਤੇਜ਼ ਕਰਨ ਵਾਸਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਮੌਜੂਦਗੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖ ਦਿੱਤੀ।

ਗੁਰੂ ਹਰਿ ਗੋਬਿੰਦ ਜੀ ਦੇ ਕਰ-ਕਮਲਾਂ ਨਾਲ ਸਥਾਪਤ ਕੀਤਾ ਹੋਇਆ ਸਿੱਖਾਂ ਦਾ ਇਹ ਪਹਿਲਾਂ ਰਾਜਨੀਤਕ ਸਿੰਘਾਸਨ ਹਰ ਪਾਸਿਉਂ ਸਾਰੇ ਦੇਸ਼ ਵਿਚ ਸਨਮਾਨਿਆ ਗਿਆ ਤੇ ਇਥੋਂ ਜਾਰੀ ਹੋਏ ਹੁਕਮਨਾਮਿਆਂ ਦੀ ਹਰ ਥਾਵੇਂ ਮਨ, ਵਚਨ, ਕਰਮ ਤੋਂ ਪਾਲਣਾ ਹੋਣ ਲੱਗੀ।

ਸ੍ਰੀ ਅਕਾਲ ਤਖ਼ਤ ਤੇ ਸਿੱਖ:

ਏਕਨ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਹੋਣ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲਗਾਤਾਰ ਦਰਬਾਰ ਲਗਾਉਣੇ ਸ਼ੁਰੂ ਕੀਤੇ। ਹਰ ਥਾਵੇਂ ਹੁਕਮਨਾਮੇ ਲਿਖ-ਲਿਖ ਕੇ ਭੇਜੇ, ਸ਼ਸਤਰ-

ਅਸਤਰ ਤੇ ਘੋੜੇ ਮੰਗਵਾਏ, ਪਿੰਡ ਸੁਰ ਸਿੰਘ ਤੋਂ ਢਾਡੀ ਅਬਦੁੱਲਾ ਤੇ ਨੱਥ ਮਲ ਵੀਰ ਜੋਧਿਆਂ ਦਾ ਉਤਸ਼ਾਹ ਵਧਾਉਣ ਲਈ ਵਾਰਾਂ ਗਾਉਣ ਵਾਸਤੇ ਮੰਗਵਾਏ, ਭੱਟਾਂ ਨੇ ਵੀਰ-ਰਸੀ ਕਬਿੱਤ ਪੜ੍ਹਨੇ ਸ਼ੁਰੂ ਕੀਤੇ, ਬੜੇ ਜੋਸ਼-ਖਰੋਸ਼ ਨਾਲ ਹਰ ਪਾਸੇ ਫ਼ੌਜੀ ਪਰੇਡਾਂ ਹੋਣ ਲੱਗੀਆਂ। ਦਰਬਾਰੀ ਢਾਡੀ ਅਬਦੁੱਲੇ ਤੇ ਨੱਥ ਮੱਲ ਨੇ ਗੁਰੂ ਜੀ ਦੇ ਹੁਕਮ ਨਾਲ ਵੀਰ-ਰਸ ਭਰਪੂਰ ੭੨ ਵਾਰਾਂ ਰਚ ਕੇ ਸੁਣਾਈਆਂ। ਗੁਰੂ ਸਾਹਿਬ ਨੇ ਉਨ੍ਹਾਂ ਵਾਰਾਂ ਵਿਚੋਂ ੨੨ ਵਾਰਾਂ ਵਧੇਰੇ ਪਸੰਦ ਕੀਤੀਆਂ ਤੇ ਉਨ੍ਹਾਂ ਵਿਚੋਂ ਵੀ ਨੌਂ ਵਾਰਾਂ ਦੀਆਂ ਧੁਨਾਂ ਨੂੰ ਪ੍ਰਵਾਨਗੀ ਦਿੱਤੀ! ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ੬ ਵਿਚ ਕਵੀ ਸੋਹਣ ਸਿੰਘ ਨੇ ਲਿਖਿਆ ਹੈ:

ਬਾਈ ਵਾਰ ਕੀ ਧੁਨਿ ਸੁਹੰਣ ਬਾਈ।
ਨੌਂ ਧੁਨਿ ਊਪਰ ਵਾਰ ਚੜ੍ਹਾਈ।

ਸ੍ਰੀ ਦਸਮੇਸ਼ ਤੋਂ ਬਾਅਦ ਪੰਥਕ ਏਕਤਾ ਪ੍ਰਣਾਲੀ:

ਸ੍ਰੀ ਦਸਮੇਸ਼ ਤੋਂ ਬਾਅਦ ਭਾਈ ਮਨੀ ਸਿੰਘ ਜੀ ਦੇ ਸਮੇਂ ਤਕ ਜਦ ਕਦੇ ਵੀ ਸਿੱਖਾਂ ਵਿਚ ਕੋਈ ਰਾਇ ਦਾ ਵਖੇਵਾਂ ਸ਼ੁਰੂ ਹੁੰਦਾ ਜਾਂ ਦੁਫੇੜ ਪੈਂਦੀ ਨਜ਼ਰ ਆਉਂਦੀ ਤਾਂ ਉਸ ਦੇ ਨਿਪਟਾਰੇ ਲਈ ਸਿੱਖਾਂ ਦੇ ਸਾਹਮਣੇ ਇਕੋ ਇਕ ਵਧੀਆ ਤਰੀਕਾ ਇਹ ਸੀ ਕਿ ਉਹ ਦੋਹਾਂ ਧੜਿਆਂ ਦੀਆਂ ਪਰਚੀਆਂ ਲਿਖ ਕੇ ਤੇ ਸ੍ਰੀ ਦਰਬਾਰ ਸਾਹਿਬ ਅੱਗੇ ਅਰਦਾਸਾ ਸੋਧ ਕੇ ਇਕ ਸੰਦੂਕੜੀ ਵਿਚ ਪਾਉਂਦੇ ਤੇ ਫੇਰ ਉਹ ਸੰਦੂਕੜੀ ਕਿਸੇ ਬਾਲਕ ਪਾਸੋਂ ਖੁਲ੍ਹਵਾਉਂਦੇ ਸਨ। ਜਿਸ ਧੜੇ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਬਸ! ਉਹ ਸਰਬਸੰਮਤੀ ਨਾਲ ਜੇਤੂ ਕਰਾਰ ਦਿੱਤਾ ਜਾਂਦਾ ਸੀ ਤੇ ਉਸ ਫੈਸਲੇ ਉੱਤੇ ਕੋਈ ਕਿੰਤੂ ਨਹੀਂ ਸੀ ਕਰ ਸਕਦਾ। ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਤੇ ਫੇਰ ਭਾਈ ਮਨੀ ਸਿੰਘ ਜੀ ਦੇ ਸਮੇਂ ਤਕ ਇਹੋ ਪਰਚੀ-ਸਿਸਟਮ ਸਿੱਖ ਪੰਥ ਵਿਚ ਜਾਰੀ ਰਿਹਾ।

ਸ੍ਰੀ ਅਕਾਲ ਤਖ਼ਤ ਦਾ ਪ੍ਰਬੰਧਕ ਢਾਂਚਾ ਸੰਨ ੧੬੦੮ ਤੋਂ ੧੭੬੨ ਤਕ:

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਨ ੧੬੦੮ ਤੋਂ ੧੬੨੮ ਤਕ ਆਪਣੇ ਸ਼ਾਹੀ ਦਰਬਾਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਪਰ ਲਗਾਉਂਦੇ ਰਹੇ। ਇਸ ਤੋਂ ਪਿੱਛੋਂ ਮੁਗ਼ਲ ਸਮਰਾਟ ਸ਼ਾਹਜਹਾਂ ਦੇ ਹੁਕਮ ਨਾਲ ਲਾਹੌਰੋਂ ਫ਼ੌਜੀ ਚੜ੍ਹਾਈ ਹੋਣ 'ਤੇ ਗੁਰੂ ਸਾਹਿਬ ਪਹਿਲਾਂ ਅੰਮ੍ਰਿਤਸਰੋਂ, ਸ੍ਰੀ ਹਰਗੋਬਿੰਦ ਪੁਰ, ਗੁਰੂਸਰ ਮਹਿਰਾਜ ਤੇ ਕਰਤਾਰਪੁਰ (ਜਲੰਧਰ) ਆਦਿ ਥਾਵੀਂ ਹੁੰਦੇ ਹੋਏ ਜਦ ਸਤਿਲੁਜੋਂ ਪਾਰ ਕੀਰਤਪੁਰ ਪੁੱਜੇ ਤਾਂ ਇਧਰ ਸ੍ਰੀ ਦਰਬਾਰ ਸਾਹਿਬ ਸਮੇਤ ਸ੍ਰੀ ਅਕਾਲ ਤਖ਼ਤ ਉੱਤੇ ਮੁਗ਼ਲ ਹਕੂਮਤ ਦੀ ਸ਼ਹਿ ਨਾਲ ਸੋਢੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਦਾ ਕਬਜ਼ਾ ਹੋਣ ਪਿੱਛੋਂ ਸੰਨ ੧੬੯੬ ਈ. (ਮੁਤਾਬਿਕ ਸੰਮਤ ੧੭੫੩ ਬਿ.) ਵਿਚ ਉਸ ਦੇ ਪੁੱਤਰ ਹਰਿ ਜੀ ਦੇ ਮਰਨ ਤੇ ਜਦ ਸੋਢੀ ਅੰਮ੍ਰਿਤਸਰ ਛੱਡ ਗਏ ਤਾਂ ਸੰਗਤ ਦੇ ਅਰਜ਼

ਕਰਨ 'ਤੇ ਸ੍ਰੀ ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਤੋਂ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਸਾਹਿਬ ਵਿਖੇ ਪੰਜ ਪਿਆਰਿਆਂ ਸਮੇਤ ਉਥੋਂ ਦੇ ਪ੍ਰਬੰਧ ਵਾਸਤੇ ਭੇਜਿਆ ਜਿਸ ਕਰਕੇ ਦਰਬਾਰ ਸਾਹਿਬ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੀ ਅੱਛਾ ਪ੍ਰਬੰਧ ਚੱਲ ਪਿਆ ਤੇ ਭਾਈ ਮਨੀ ਸਿੰਘ ਜੀ ਏਥੋਂ ਮਾਤਾ ਸੁੰਦਰੀ ਜੀ ਦੇ ਸਹਿਯੋਗ ਨਾਲ ਪੰਥਕ ਏਕਤਾ ਲਈ ਹੁਕਮਨਾਮੇ ਲਿਖ ਕੇ ਪੰਜ ਪਿਆਰਿਆਂ ਦੇ ਆਦੇਸ਼ ਅਨੁਸਾਰ ਭੇਜਦੇ ਰਹੇ।

ਫੇਰ ਭਾਈ ਮਨੀ ਸਿੰਘ ਜੀ ਚੂੰਕਿ ਸੰਮਤ ੧੭੯੪ ਬਿ. ਮੁਤਾਬਿਕ ਸੰਨ ੧੭੩੭ ਈ. ਵਿਚ ਮੁਗ਼ਲ ਸਰਕਾਰ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਗੜਬੜ ਹੋਣੀ ਇਕ ਕੁਦਰਤੀ ਗੱਲ ਸੀ।

ਖ਼ਾਲਸਾ ਦਲ, ਸਿੱਖ ਮਿਸਲਾਂ ਦੇ ਗੁਰਮਤੇ:

ਫੇਰ ਭਾਈ ਮਨੀ ਸਿੰਘ ਤੋਂ ਪਿੱਛੋਂ ਖ਼ਾਲਸਾ ਦਲ, ਬੁੱਢਾ ਦਲ, ਤਰੁਣਾ ਦਲ ਤੇ ਸਿੱਖ ਮਿਸਲਾਂ ਦੇ ਸਮੇਂ ਸਿੱਖਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉਹੋ ਮਹੱਤਵ ਬਾਕਾਇਦਾ ਕਾਇਮ ਰਿਹਾ ਤੇ ਸਾਰੇ ਪੰਥਕ ਫ਼ੈਸਲੇ ਸਰਬ-ਸੰਮਤੀ ਨਾਲ ਹੁੰਦੇ ਰਹੇ ਤੇ ਜਦ ਕਦੇ ਕੋਈ ਡਾਢੀ ਅੜਚਣ ਪੇਸ਼ ਆਉਣ ਤੇ ਸਰਬ-ਸੰਮਤੀ ਨਾ ਹੁੰਦੀ ਨਜ਼ਰ ਆਉਂਦੀ ਤਾਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਦੋ ਧੜਿਆਂ ਦੀਆਂ ਵੱਖੋ-ਵੱਖ ਪਰਚੀਆਂ ਲਿਖ ਕੇ ਇਕ ਸੰਦੂਕੜੀ ਵਿਚ ਪਾ ਦਿੱਤੀਆਂ ਜਾਂਦੀਆਂ ਤੇ ਫੇਰ ਉਹ ਸੰਦੂਕੜੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਮਿਆਨ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਅਰਦਾਸਾ ਸੋਧ ਕੇ ਇਕ ਬੱਚੇ ਦੇ ਹੱਥੋਂ ਖੁਲ੍ਹਵਾਈ ਜਾਂਦੀ। ਜਿਸ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਉਹ ਸਰਬ-ਸੰਮਤੀ ਨਾਲ ਜੇਤੂ ਮੰਨਿਆ ਜਾਂਦਾ ਤੇ ਉਸ ਦੀ ਰਾਇ ਠੀਕ ਮੰਨੀ ਜਾਂਦੀ ਸੀ।

ਏਕਣ ਹੀ ਪਰਚੀ-ਸਿਸਟਮ ਦੀ ਤਰ੍ਹਾਂ ਉਸ ਸਮੇਂ ਕਿਸੇ ਮੁਸ਼ਕਲ ਮਸਲੇ ਦੇ ਹੱਲ ਕਰਨ ਵਾਸਤੇ ਗੁਰੂ-ਪੰਥ ਦੀ ਸਮੁੱਚੀ ਰਾਏ ਨਾਲ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਜਿਥੇ ਕਿ ਹੁਣ ਖੁੱਲ੍ਹਾ ਮੈਦਾਨ ਹੈ, ਇਕ ਕਮਰੇ ਵਿਚ ਬੈਠ ਕੇ ਪੰਥਕ ਆਗੂਆਂ ਵੱਲੋਂ ਇਤਫਾਕ ਰਾਇ ਨਾਲ ਗੁਰਮਤਾ ਸੋਧਿਆ ਜਾਂਦਾ ਸੀ। ਉਹ ਗੁਰਮਤਾ ਚਾਹੇ ਕਿਸੇ ਵੀ ਮੁਸ਼ਕਿਲ ਮਸਲੇ ਉੱਤੇ ਹੁੰਦਾ। ਉਸ ਵਿਚ ਸਾਰੇ ਪੰਥਕ ਜਥਿਆਂ ਦੀ ਸਰਬ-ਸੰਮਤੀ ਉਨ੍ਹਾਂ ਦੇ ਨੁਮਾਇੰਦਿਆਂ ਰਾਹੀਂ ਜ਼ਰੂਰੀ ਸੀ ਜੋ ਹਰੇਕ ਇਕੱਤ੍ਰਤਾ ਤੋਂ ਪਹਿਲਾਂ ਹੀ ਲਾਜ਼ਮੀ ਤੌਰ 'ਤੇ ਪ੍ਰਾਪਤ ਕੀਤੀ ਜਾਂਦੀ ਸੀ। ਅਜਿਹੇ ਗੁਰਮਤੇ ਸ੍ਰੀ ਅਕਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਪਾਸ ਕੀਤੇ ਜਾਂਦੇ ਤੇ ਫਿਰ ਉਨ੍ਹਾਂ ਉੱਤੇ ਬਕਾਇਦਾ ਗੁਰੂ ਦਰਬਾਰ ਦੀ ਮੋਹਰ ਲਗਦੀ ਸੀ।

ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਸ੍ਰੀ ਅਕਾਲ ਤਖ਼ਤ ਦੀ ਹਾਲਤ:

ਸੰਨ ੧੭੩੭ ਤੋਂ ਸੰਨ ੧੭੬੨ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਪੰਥਕ ਏਕਤਾ ਨੂੰ ਮੁੱਖ ਰੱਖ ਕੇ ਹਮੇਸ਼ਾ ਗੁਰੂ ਖ਼ਾਲਸੇ ਵਿਚ ਸਰਬ-ਸੰਮਤੀ ਹੀ ਪ੍ਰਧਾਨ ਰਹੀ ਤੇ ਸਾਰੇ ਗੁਰਮਤੇ ਏਥੇ ਇਸੇ ਆਦਰਸ਼ ਨੂੰ ਮੁੱਖ ਰੱਖ ਕੇ ਸੋਧੇ ਜਾਂਦੇ ਰਹੇ। ਇਸ ਤੋਂ ਪਿੱਛੋਂ ਸੰਨ ੧੭੬੨ ਈ. ਵਿਚ ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁੱਰਾਨੀ ਚੂੰਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾ ਕੇ ਤੇ ਅੰਮ੍ਰਿਤ ਸਰੋਵਰ ਮਲਬੇ ਨਾਲ ਭਰ ਕੇ ਅਪਵਿੱਤਰ ਕਰ ਗਿਆ ਸੀ, ਇਸ ਲਈ ਇਸ ਤੋਂ ਅਗਲੇ ਸਾਲ ਹੀ ਸਿੰਘਾਂ ਨੇ ਸਰਹੰਦ ਉੱਤੇ ਹਮਲਾ ਕਰਕੇ ਪਹਿਲਾਂ ਤਾਂ ਉਥੋਂ ਦੇ ਦੁੱਰਾਨੀ ਸੂਬੇਦਾਰ ਜੈਨ ਖ਼ਾਨ ਤੇ ਪਿੱਛੋਂ ਮੁਰਿੰਡੇ ਦੇ ਰੰਘੜ ਨੂੰ ਮਾਰਿਆ ਤੇ ਫੇਰ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਚੋਖਾ ਧਨ ਉਗਰਾਹ ਕੇ ਪਹਿਲਾ ਸ੍ਰੀ ਦਰਬਾਰ ਸਾਹਿਬ ਤੇ ਫੇਰ ਸ੍ਰੀ ਅਕਾਲ ਤਖ਼ਤ ਦੀ ਨਵ-ਉਸਾਰੀ ਬੜੇ ਜਤਨਾਂ ਨਾਲ ਕੀਤੀ ਅਤੇ ਅੰਮ੍ਰਿਤ ਸਰੋਵਰ ਨੂੰ ਵੀ ਮਲਬਾ ਕੱਢ ਕੇ ਸਾਫ਼ ਕੀਤਾ ਅਤੇ ਪਵਿੱਤਰ ਜਲ ਨਾਲ ਭਰਿਆ।

ਫੇਰ ਸਰਬੱਤ ਖ਼ਾਲਸੇ ਨੇ ਸਰਬ-ਸੰਮਤੀ ਨਾਲ ਗੁਰਮਤਾ ਸੋਧ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਆਦਿ ਦਾ ਕੰਮ ਤਾਂ ਪੁਜਾਰੀ ਸਿੰਘਾਂ ਨੂੰ ਸੌਂਪਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਹਵਾਲੇ ਕੀਤਾ ਤਾਂ ਕਿ ਪਰਬੰਧ ਦੇ ਨੁਕਤਾ ਨਿਗਾਹ ਤੋਂ ਕਿਸੇ ਪਾਸੇ ਕੋਈ ਗੜਬੜ ਪੈਦਾ ਨਾ ਹੋਵੇ। ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜ਼ਲ ਸਿੱਖ ਮਿਸਲਾਂ ਦੇ ਮਿਲਵੇਂ ਸਹਿਯੋਗ ਨਾਲ ਤਿਆਰ ਹੋਈ ਤੇ ਬਾਕੀ ਉਪਰਲੀਆਂ ਚਾਰ ਮੰਜ਼ਲਾਂ ਇਸ ਤੋਂ ਪਿੱਛੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਬੜੇ ਇਤਕਾਦ ਨਾਲ ਬਣਵਾਈਆਂ।

ਸਿੱਖ ਫ਼ੌਜਾਂ ਦੇ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੇ ਸ੍ਰੀ ਅਕਾਲ ਤਖ਼ਤ ਦਾ ਉਪਰਲਾ ਸੁਨਹਿਰੀ ਗੁੰਬਦ ਤੇ ਬੰਗਲਾ ਤਿਆਰ ਕਰਵਾਇਆ, ਇਸੇ ਸਮੇਂ ਸਰਦਾਰ ਹਰੀ ਸਿੰਘ ਨਲੂਏ ਨੇ ਇਕ ਲੱਖ ਪੰਝੀ ਹਜ਼ਾਰ ਰੁਪਏ ਅਰਦਾਸ ਕਰਵਾ ਕੇ ਇਹ ਇੱਛਾ ਜ਼ਾਹਿਰ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਸ ਇਮਾਰਤ ਨੂੰ ਸਭ ਤੋਂ ਸੁੰਦਰ ਤੇ ਬਹੁਮੁੱਲੀ ਬਣਾਇਆ ਜਾਵੇ ਪਰ ਉਸ ਦੀ ਇੱਛਾ ਸੰਨ ੧੮੩੭ ਵਿਚ ਜਮਰੌਦ (ਪਿਸ਼ਾਵਰ) ਦੇ ਜੰਗ ਸਮੇਂ ਉਸ ਦੇ ਸ਼ਹੀਦ ਹੋਣ ਕਾਰਣ ਪੂਰੀ ਨਾ ਹੋ ਸਕੀ।

ਸ੍ਰੀ ਅਕਾਲ ਤਖ਼ਤੋਂ ਮਹਾਰਾਜਾ ਰਣਜੀਤ ਸਿੰਘ ਨੂੰ ਫ਼ਤਵਾ:

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਗ਼ੈਰ ਆਈਨ ਜਿਸ ਦੇ ਸੁਪਰੀਮ ਕਮਾਂਡਰ ਅਕਾਲੀ ਫੂਲਾ ਸਿੰਘ ਜੀ ਸਨ, ਨਿਹੰਗਾਂ ਦੀ ਫ਼ੌਜ ਹੋਣ ਕਰਕੇ ਅਕਾਲ ਰਜਮੈਂਟ ਦੇ ਨਾਂ ਨਾਲ ਮਸ਼ਹੂਰ ਸੀ। ਇਸ ਫ਼ੌਜ ਦੇ ਮੁਖੀ ਹੋਣ ਦੇ ਨਾਲ ਹੀ ਉਸ ਸਮੇਂ ਬਾਬਾ ਫੂਲਾ ਸਿੰਘ ਜੀ ਸ੍ਰੀ

ਅਕਾਲ ਤਖ਼ਤ ਦੇ ਜਥੇਦਾਰ ਵੀ ਸਨ। ਜਦ ਮਹਾਰਾਜੇ ਕੋਲੋਂ ਕੋਈ ਅਵੱਗਿਆ ਹੋਈ ਤਾਂ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਕੋਰੜੇ ਮਾਰਨ ਦੀ ਸਜ਼ਾ ਸੁਣਾਈ।

ਸੰਨ ੧੮੪੫-੪੬ ਵਿਚ ਸਿੱਖਾਂ ਦੀ ਪਹਿਲੀ ਲੜਾਈ ਤੇ ਅਕਾਲ ਤਖ਼ਤ ਉੱਤੇ ਅੰਗਰੇਜ਼ੀ ਕਬਜ਼ਾ:

ਇਸ ਤੋਂ ਪਿੱਛੋਂ ਸੰਨ ੧੮੪੫-੪੬ ਵਿਚ ਜਦ ਦਰਿਆ ਸਤਲੁਜ ਕੰਢੇ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਹੋਈ ਤਾਂ ਇਸ ਲੜਾਈ ਸਮੇਂ ਡੋਗਰਿਆਂ ਦੀ ਸਾਜ਼ਿਸ਼ ਕਾਰਣ ਅੰਗਰੇਜ਼ਾਂ ਦੀ ਫ਼ਤਹਿ ਹੋਣ 'ਤੇ ਅੰਗਰੇਜ਼ਾਂ ਨੇ ਲਾਹੌਰ ਪਹੁੰਚਦਿਆਂ ਹੀ ਹੁਕਮਨ ਸ੍ਰੀ ਦਰਬਾਰ ਸਾਹਿਬ ਦਾ ਪਰਬੰਧ ਇਕ ਸਰਬਰਾਹ ਦੇ ਅਧੀਨ ਪੁਜਾਰੀਆਂ ਨੂੰ ਸੌਂਪ ਦਿੱਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਿਹੰਗਾਂ ਤੋਂ ਛੁਡਾਉਣ ਲਈ ਫ਼ੌਜੀ ਹਮਲਾ ਕਰ ਦਿੱਤਾ। ਜਿਸ ਵਿਚ ਬਹੁਤ ਸਾਰੇ ਨਿਹੰਗ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਹੀ ਮਾਰੇ ਗਏ ਤੇ ਇਸ ਤਰ੍ਹਾਂ ਇਹ ਪਵਿੱਤਰ ਰਾਜ ਸਿੰਘਾਸਨ ਵੀ ਅੰਗਰੇਜ਼ ਹਾਕਮਾਂ ਨੇ ਸਰਕਾਰੀ ਸਰਬਰਾਹ ਦੇ ਅਧੀਨ ਪੁਜਾਰੀਆਂ ਦੇ ਹੱਥ ਹੀ ਦੇ ਦਿੱਤਾ, ਜਿਸ ਕਰਕੇ ਇਥੋਂ ਦੀ ਸਾਰੀ ਪੁਰਾਣੀ ਰਹਿਤ ਮਰਯਾਦਾ ਵਿਗਾੜ ਦਿੱਤੀ ਗਈ।

ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਸਜ਼ਾ:

ਇਸ ਤਰ੍ਹਾਂ ਅੰਗਰੇਜ਼ੀ ਅਮਲਦਾਰੀ ਦੇ ਵਾਧੇ ਕਾਰਣ ਸ੍ਰੀ ਅਕਾਲ ਤਖ਼ਤ ਦੇ ਪੁਜਾਰੀ ਕਾਫ਼ੀ ਹੱਦ ਤਕ ਭੂਤਰ ਗਏ ਤੇ ਸਿੱਖਾਂ ਵਿਰੁੱਧ ਹੀ ਕਈ ਪ੍ਰਕਾਰ ਦੇ ਅਯੋਗ ਫ਼ਤਵੇਂ ਦੇਣ ਲੱਗ ਪਏ, ਜਿਨਾਂ ਵਿਚੋਂ ਇਕ ਅਜਿਹਾ ਫ਼ਤਵਾ ਇਹ ਸੀ ਕਿ ਸੰਨ ੧੮੮੨ ਵਿਚ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਨੂੰ ਇਕ ਜਾਤੀ ਰੰਜਸ਼ ਦੇ ਕਾਰਣ ਕੁਝ ਅਣਹੋਏ ਦੂਸ਼ਣ ਥੱਪ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨਾਲ ਪੰਥ ਵਿਚੋਂ ਛੇਕਿਆ ਗਿਆ। ਅੰਮ੍ਰਿਤਸਰ ਦੇ ਪਿਛਾਂਹ-ਖਿੱਚੂ ਸਿੰਘ ਸਭੀਏ ਇਸ ਸਮੇਂ ਪੁਜਾਰੀਆਂ ਦਾ ਸੱਜਾ ਹੱਥ ਬਣੇ ਹੋਏ ਸਨ ਜਿਸ ਕਾਰਣ ਉਨ੍ਹਾਂ ਦੀ ਇਸ ਛੇਕ-ਛਕਾਈ ਦਾ ਥੋੜ੍ਹੇ ਸਮੇਂ ਬਾਅਦ ਹੀ, ਸਿੱਖਾਂ ਵਿਚ ਨਵੀਂ ਜਾਗ੍ਰਿਤ ਆਉਣ ਕਰਕੇ ਕੁਝ ਠੀਕ ਨਤੀਜਾ ਨਾ ਨਿਕਲਿਆ।

ਸੰਨ ੧੯੧੪ ਵਿਚ ਬਜ-ਬਜ ਘਾਟ ਤੇ ਸੰਨ ੧੯੧੯ ਵਿਚ ਜਲ੍ਹਿਆਂ ਵਾਲਾ ਦੇ ਖ਼ੂਨੀ-ਕਾਂਡ:

ਸ੍ਰੀ ਅਕਾਲ ਤਖ਼ਤ ਸਾਹਿਬ ਚੂੰਕਿ ਇਸ ਸਮੇਂ ਸ੍ਰੀ ਦਰਬਾਰ ਸਾਹਿਬ ਸਮੇਤ ਅੰਗਰੇਜ਼ੀ ਏਜੰਟ ਸਰਬਰਾਹ ਦੇ ਕਬਜ਼ੇ ਵਿਚ ਸੀ ਇਸ ਲਈ ਸੰਨ ੧੯੧੪ ਵਿਚ ਕਲਕੱਤੇ ਦੇ ਬਜ-ਬਜ ਘਾਟ ਉੱਤੇ ਜਦ ਗੁਰੂ ਜਹਾਜ਼ ਦੇ ਸਿੰਘਾਂ ਪਰ ਅੰਗਰੇਜ਼ੀ ਹਕੂਮਤ ਦੇ ਹੁਕਮ ਨਾਲ ਗੋਲੀ ਚੱਲੀ ਤੇ ਫੇਰ ਸੰਨ ੧੯੧੯ ਵਿਚ ਜਲ੍ਹਿਆਂ ਵਾਲਾ ਬਾਗ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਇਕ ਪਬਲਿਕ ਜਲਸੇ ਉੱਤੇ

ਜਨਰਲ ਡਾਇਰ ਨੇ ਮਸ਼ੀਨ ਗੰਨਾਂ ਦੀ ਬੁਛਾੜ ਨਾਲ ਸੈਂਕੜੇ ਬੇਦੋਸ਼ਿਆਂ ਦਾ ਖ਼ੂਨ ਕੀਤਾ ਤਾਂ ਸਰਕਾਰੀ ਸਰਬਰਾਹ ਦੇ ਕਹਿਣ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਨ੍ਹਾਂ ਨਿਰਦੋਸ਼ ਸਿੰਘਾਂ ਤੇ ਜਨਤਾ ਦੇ ਕਾਤਲਾਂ ਨੂੰ ਸਿਰੋਪੇ ਦਿੱਤੇ ਗਏ ਤੇ ਇਹ ਸਿਰੋਪੇ ਮਿਲਣੇ ਗੁਰਸਿੱਖੀ ਦੇ ਜਜ਼ਬਾਤ ਦੀ ਇਕ ਪ੍ਰਕਾਰ ਦੀ ਸਖ਼ਤ ਅਵਹੇਲਨਾ ਸੀ ਜੋ ਅੰਗਰੇਜ਼ੀ ਹਕੂਮਤ ਦੇ ਨਾਜਾਇਜ਼ ਰੁਅਬ-ਦਾਬ ਕਾਰਣ ਕੀਤੀ ਗਈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਅਕਾਲ ਤਖ਼ਤ ਉੱਤੇ ਅਕਾਲੀਆਂ ਦਾ ਪ੍ਰਬੰਧ:

ਸੰਨ ੧੮੪੯ ਤੋਂ ਪਿਛੋਂ ਲਗ-ਭਗ ੭੫ ਸਾਲ ਗੁਜ਼ਰਨ 'ਤੇ ਨਵੰਬਰ ਸੰਨ ੧੯੨੦ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਕੀਰਤਨ ਗੜ੍ਹ (ਅੰਮ੍ਰਿਤਸਰ) ਤੇ ਗੜਗਜ ਦੀਵਾਨ ਤਰਨ ਤਾਰਨ ਦੀ ਲਗਾਤਾਰ ਜੱਦੋ-ਜਹਿਦ ਕਾਰਣ ਸਿੱਖਾਂ ਨੂੰ ਕੁਝ ਹੋਸ਼ ਆਈ ਜਿਸ ਕਰਕੇ ਗੁਰਦੁਆਰਾ ਸੁਧਾਰ ਦੇ ਮੁੱਖ ਮੰਤਵ ਨਾਲ ਸਰਦਾਰ ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਭਾਈ ਢੇਰਾ ਸਿੰਘ ਮਜ਼ਹਬੀ ਸਿੱਖ, ਭਾਈ ਮਤਾਬ ਸਿੰਘ, ਵੀਰ ਸਿੰਘ ਆਦਿ ਅਗਾਂਹ-ਵਧੂ ਸਿੱਖਾਂ ਨੇ ਖ਼ਾਲਸਾ ਬਰਾਦਰੀ ਦੇ ਨਾਂ ਹੇਠ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਤੋਂ ਧਾਵਾ ਬੋਲਿਆ ਤੇ ਸਿੱਧੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਪੁਜਾਰੀਆਂ ਤੋਂ ਇਨ੍ਹਾਂ ਪਵਿਤ੍ਰ ਸਥਾਨਾਂ ਦੇ ਕਬਜੇ ਲੈ ਲਏ। ਬਸ ਫੇਰ ਕੀ ਸੀ, ਇਸ ਤਰ੍ਹਾਂ ਗੁਰਦੁਆਰਾ ਸੁਧਾਰ ਦੇ ਰੂਪ ਵਿਚ ਅਕਾਲੀ ਲਹਿਰ ਦਾ ਮੁੱਢ ਬੱਝ ਗਿਆ ਤੇ ਉਸੇ ਸਮੇਂ ਮਹੀਨਾ ਨਵੰਬਰ ੧੯੨੦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਤੇ ਸਰਬ-ਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋ ਗਈ। ਇਹ ਪੰਥਕ ਆਗੂ, ਜਿਨ੍ਹਾਂ ਨੇ ਏਨਾ ਵੱਡਾ ਮੋਰਚਾ ਸਰ ਕੀਤਾ, ਪਰਿਵਾਰਾਂ ਸਮੇਤ ਪੱਕੇ ਸਿੱਖ, ਪੰਜਾਂ-ਕਕਾਰਾਂ ਸਮੇਤ ਦਸਤਾਰ ਦੇ ਧਾਰਨੀ ਸਨ ਤੇ ਗਹਿਣੇ ਗੱਟਿਆਂ ਦਾ ਇਨ੍ਹਾਂ ਦੇ ਪਰਿਵਾਰਾਂ ਵਿਚ ਉੱਕਾ ਹੀ ਕੋਈ ਰਿਵਾਜ ਨਹੀਂ ਸੀ। ਬਸ ਫੇਰ ਇਥੋਂ ਹੀ ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਚਲਾ ਕੇ ਧੀਰੇ-ਧੀਰੇ ਪੰਜਾਬ ਦੇ ਸਾਰੇ ਹੀ ਗੁਰਦੁਆਰੇ ਮਹੰਤਾਂ ਤੋਂ ਛੁਡਾ ਕੇ ਪੰਥਕ ਪ੍ਰਬੰਧ ਹੇਠ ਲੈ ਆਂਦੇ!

ਸ੍ਰੀ ਅਕਾਲ ਤਖ਼ਤ ਸਾਹਿਬ ਪਰ ਸਿਆਸੀ ਗਲਬਾ:

ਅਕਾਲੀ ਲਹਿਰ ਦੇ ਮੋਢੀ ਸਨ ਸਰਦਾਰ ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਆਦਿ ਜਿਨ੍ਹਾਂ ਨੇ ਹਰ ਥਾਵੇਂ ਜਥੇ ਲਿਆ ਕੇ ਗੁਰਦੁਆਰੇ ਮਹੰਤਾਂ ਤੋਂ ਛੁਡਾਇਐ ਪਰ ਜਦ ਇਹ ਲਹਿਰ ਚੱਲ ਨਿਕਲੀ ਤਾਂ ਇਸ ਪਰ ਸਿਆਸੀ ਪਖੋਂ ਕਬਜ਼ਾ ਕਰਨ ਲਈ ਬਾਬਾ ਖੜਗ ਸਿੰਘ, ਸਰਦਾਰ ਬਹਾਦਰ ਮਤਾਬ ਸਿੰਘ ਆਦਿ ਕਿਤਨੇ ਹੀ ਆਗੂ, ਧੀਰੇ-ਧੀਰੇ

ਇਸ ਲਹਿਰ ਵਿਚ ਆ ਰਲੇ। ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰ ਕੁਝ ਗਰੀਬੀ ਤੇ ਮਾਨਸਿਕ ਖ਼ਰਾਬੀ ਕਾਰਣ ਪਿੱਛੇ ਹਟੇ ਤੇ ਸਰਦਾਰ ਕਰਤਾਰ ਸਿੰਘ ਝੱਬਰ ਹੋਰੀਂ ਵੀ ਪਤਾ ਨਹੀਂ ਕਿਉਂ ਇਕ ਪਾਸੇ ਹੋ ਗਏ? ਇਸ ਹਾਲਤ ਵਿਚ ਕੁਝ ਸਿਆਸੀ ਮੋਢੀਆਂ ਨੇ ਆਪਣਾ ਗਲਬਾ ਵਧਾਉਣ ਲਈ ਸ. ਤੇਜਾ ਸਿੰਘ ਭੁੱਚਰ ਨੂੰ ਪਹਿਲਾਂ ਤਾਂ ਉਂਜ ਹੀ ਬਹਾਨੇ ਤਰਾਸ਼ ਕੇ ਬਦਨਾਮ ਕੀਤਾ ਤੇ ਫੇਰ ਸੰਨ ੧੯੨੩ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਕ ਹੁਕਮਨਾਮੇ ਰਾਹੀਂ ਤਨਖ਼ਾਹੀਆ ਕਰਾਰ ਦੇ ਦਿੱਤਾ। ਬਸ, ਫੇਰ ਗੱਲ ਕੀ ਸੀ, ਉਹ ਵੀ ਇਸ ਰਾਹ ਵਿਚੋਂ ਪਰ੍ਹੇ ਹਟ ਗਏ।

ਸਰਦਾਰ ਸੁੰਦਰ ਸਿੰਘ ਜੀ ਮਜੀਠਾ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਸਨ ਪਰ ਪਿਛੋਂ ਛੇਤੀ ਹੀ ਸਿਆਸਤ ਦੇ ਘੁਲਾਟੀਏ ਬਾਬਾ ਖੜਕ ਸਿੰਘ ਦੇ ਤੱਤੀਆਂ ਤਕਰੀਰਾਂ ਕਾਰਣ ਚੌਧਰੀ ਬਣਨ ਤੇ ਉਹ ਵੀ ਇਸ ਮੈਦਾਨ ਵਿਚੋਂ ਇਕ ਪਾਸੇ ਹੋ ਗਏ। ਸੰਨ ੧੯੨੧ ਤੋਂ ੧੯੩੧ ਤਕ ਬਾਬਾ ਖੜਕ ਸਿੰਘ ਜੀ ਪੰਥ ਦੇ ਬੇਤਾਜ ਬਾਦਸ਼ਾਹ ਬਣ ਕੇ ਜਦੋ-ਜਹਿਦ ਦੇ ਇਸ ਮੈਦਾਨ ਵਿਚ ਕਾਇਮ ਰਹੇ ਤੇ ਫੇਰ ਇਹ ਮੈਦਾਨ ਮਾਸਟਰ ਤਾਰਾ ਸਿੰਘ ਦੀ ਪਾਰਟੀ ਦਾ ਜ਼ੋਰ ਪੈਣ 'ਤੇ ਉਨ੍ਹਾਂ ਦੇ ਹੱਥਾਂ ਵਿਚ ਚਲਾ ਗਿਆ।

ਗੁਰਦੁਆਰਾ ਬਿਲ ਤੇ ਸਰਬਤ ਖ਼ਾਲਸਾ ਕਾਨਫ੍ਰੰਸ:

ਸੰਨ ੧੯੨੫ ਵਿਚ ਜਦ ਪੰਥ ਨੂੰ ਇਤਿਹਾਸਿਕ ਗੁਰਦੁਆਰਿਆਂ ਦਾ ਅਧਿਕਾਰ ਦੇਣ ਲਈ ਸਰਕਾਰ ਵੱਲੋਂ ਗੁਰਦੁਆਰਾ ਬਿਲ ਤਿਆਰ ਹੋਇਆ ਤਾਂ ਸਰਬੱਤ ਖ਼ਾਲਸਾ ਕਾਨਫ੍ਰੰਸ ਨੇ ਜੋ ਜਲ੍ਹਿਆਂ ਵਾਲੇ ਬਾਗ ਹੋਈ ਸਰਬ-ਸੰਮਤੀ ਨਾਲ ਇਹ ਬਿਲ ਠੁਕਰਾ ਦਿੱਤਾ ਪਰ ਫੇਰ ਵੀ ਸ. ਅਮਰ ਸਿੰਘ, ਸ. ਜਸਵੰਤ ਸਿੰਘ ਤੇ ਸਰਮੁਖ ਸਿੰਘ ਝਬਾਲ ਆਦਿ ਆਪਣੇ-ਸਾਥੀਆਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਪੁਰ ਇਕ ਪੰਥਕ ਮੀਟਿੰਗ ਬੁਲਾ ਕੇ ਇਹ ਬਿਲ ਪ੍ਰਵਾਨ ਕਰ ਲਿਆ, ਜਿਸ ਕਾਰਨ ਗੁਰਦੁਆਰਾ ਐਕਟ ਬਣਨ ਤੇ ਅਗਲੇ ਸਾਲ ਹੀ ਇਸ ਪੁਰ ਅਮਲੀ ਵਰਤੋਂ ਸ਼ੁਰੂ ਹੋ ਗਈ।

ਅਕਾਲੀ ਲਹਿਰ ਤੋਂ ਪਿੱਛੋਂ:

ਅਕਾਲੀ ਲਹਿਰ ਦੇ ਦਿਨਾਂ ਵਿਚ ਹੀ ਚੂੰਕਿ ਅਕਾਲੀਆਂ ਵਿਚ ਬਹੁਤ ਸਿਆਸੀ ਆਦਮੀ ਕਾਂਗਰਸ ਤੇ ਸਾਮਵਾਦੀ ਤੋਂ ਆਏ ਸਨ ਤੇ ਸ੍ਰੀ ਅਕਾਲ ਤਖ਼ਤ ਪੁਰ ਵੀ ਸਿਆਸੀ ਆਦਮੀਆਂ ਦਾ ਗਲਬਾ ਪੈਣ ਲੱਗ ਪਿਆ ਸੀ, ਜਿਸ ਕਾਰਣ ਇਸ ਦੀ ਰਹਿਤ ਮਰਯਾਦਾ ਵਿਚ ਕੁਦਰਤੀ ਤੌਰ 'ਤੇ ਫ਼ਰਕ ਪੈਣ ਲਗ ਪਿਆ।

ਵਰਤਮਾਨ ਕਾਲ ਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ:

ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਜੋ ਗੁਰੂ-ਪੰਥ ਵਿਚ ਮੁੱਢੋਂ ਹੀ ਬੜੀ ਅਹਿਮੀਅਤ ਰੱਖਦੇ ਹਨ, ਪਿੱਛਲੇ ਇਸੇ ਦਹਾਕੇ ਤੋਂ ਅਰਥਾਤ ਸੰਨ ੧੯੭੦ ਤੋਂ ੧੯੮੦ ਤਕ ਹੋਰ ਵੀ ਨਿੱਖਰਵੇਂ ਰੂਪ

ਵਿਚ ਸਾਡੇ ਸਾਹਮਣੇ ਆਏ ਹਨ, ਉਨ੍ਹਾਂ ਹੁਕਮਨਾਮਿਆਂ ਵਿਚ ਦਿੱਲੀ ਦੇ ਨਕਲੀ ਨਿਰੰਕਾਰੀਆਂ ਤੇ ਵਰਤਮਾਨ ਕਾਲ ਦੇ ਅਕਾਲੀ ਆਗੂਆਂ ਵਿਚ ਏਕਤਾ ਕਾਇਮ ਕਰਨ ਲਈ ਗਿਆਨੀ ਸਾਧੂ ਸਿੰਘ 'ਭੌਰਾ' ਜਥੇਦਾਰ, ਗਿਆਨੀ ਕਿਰਪਾਲ ਸਿੰਘ, ਗਿਆਨੀ ਸੋਹਨ ਸਿੰਘ ਆਦਿ ਦੇ ਦਸਤਖ਼ਤਾਂ ਹੇਠ ਜਾਰੀ ਹੋਏ ਚਾਰ ਪੰਜ ਹੁਕਮਨਾਮੇ ਇਸ ਕਰਕੇ ਬਹੁਤੀ ਅਹਿਮੀਅਤ ਰੱਖਦੇ ਹਨ ਕਿ ਉਨ੍ਹਾਂ ਕਾਰਣ ਪੰਥਕ ਆਗੂਆਂ ਨੂੰ ਗੁਰਸਿੱਖੀ ਦੇ ਉਜਲੇ ਭਵਿੱਖ ਲਈ ਇਕ-ਮੁੱਠ ਹੋਣ ਵਾਸਤੇ ਵਧੇਰੇ ਉਤਸ਼ਾਹ ਪ੍ਰਾਪਤ ਹੋਇਆ ਹੈ ਤੇ ਆਸ ਹੈ ਕਿ ਇਸ ਤਰ੍ਹਾਂ ਸਿੱਖਾਂ ਵਿਚ ਪੰਥਕ ਏਕਤਾ ਲਈ ਹੋਰ ਉਤਸ਼ਾਹ ਵੀ ਵਧਦਾ ਹੀ ਰਹੇਗਾ।

੩/੧੯੮੧

ਸ੍ਰੀ ਅਕਾਲ ਤਖ਼ਤ ਸਾਹਿਬ

ਸਿੱਖਾਂ ਦੀ ਰੂਹਾਨੀਅਤ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਹੈ। ਗੁਰੂ ਨਾਨਕ ਸਾਹਿਬ ਜੀ ਦਾ ਸਿੱਖੀ ਮਾਰਗ ਗ੍ਰਿਹਸਤੀ ਜੀਵਨ ਦਾ ਮਾਰਗ ਹੈ। ਇਹ ਘਰ-ਬਾਰ ਤਿਆਗੀਆਂ ਦਾ ਪੰਥ ਨਹੀਂ, ਸਗੋਂ *'ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ'* ਦਾ ਮਾਰਗ ਹੈ ਜੋ:

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।

(ਵਾਰ ੬, ਪਉੜੀ ੧੨)

ਵਾਲਿਆਂ ਦਾ ਰਾਜ-ਜੋਗੀ ਪੰਥ ਹੈ। ਜਿਥੇ ਸਿੱਖਾਂ ਲਈ ਧਰਮ ਦ੍ਰਿੜ੍ਹਾਉਣ ਵਾਸਤੇ ਉੱਚ ਸਥਾਨ ਨਾਮ ਦੀ ਦਾਤ ਪਰਦਾਨ ਕਰਨ ਵਾਲਾ, ਹਰਿਮੰਦਰ ਸਾਹਿਬ ਸੀ, ਓਥੇ ਭਗਤੀ ਨਾਲ ਸ਼ਕਤੀਵਾਨ ਹੋ ਕੇ ਸੰਸਾਰ ਵਿਚ ਵੱਸਣ, ਹੱਸਣ ਲਈ ਰਾਜਸੀ ਤਾਕਤ ਬਖਸ਼ਿਸ਼ ਕਰਨ ਵਾਲਾ ਰਾਜਸੀ ਸਥਾਨ ਵੀ ਜ਼ਰੂਰੀ ਸੀ।

ਇਸ ਦੀ ਸਥਾਪਨਾ ਕਰਨ ਲਈ ਛੇਵੇਂ ਪਾਤਸ਼ਾਹ ਗੁਰੂ ਨਾਨਕ-ਰੂਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ ਸੀ। ਇਕ ਦਿਨ ਗੁਰੂ ਜੀ ਬਾਬਾ ਬੁੱਢਾ ਜੀ ਨਾਲ ਮਹਿਲਾਂ ਤੋਂ ਤਿਆਰ ਹੋ ਕੇ ਪਹਿਲਾਂ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ। ਚਾਰ ਪ੍ਰਕਰਮਾਂ ਕਰਕੇ ਪੰਜਾਂ ਗੁਰੂ ਸਾਹਿਬਾਨ ਦਾ ਧਿਆਨ ਧਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਹੁਕਮ ਸੁਣਿਆ। ਪ੍ਰਸ਼ਾਦ ਲੈ ਕੇ ਦਰਸ਼ਨੀ ਡਿਉਢੀ ਪਾਸ ਆ ਕੇ ਬਾਹਰ ਨਿਕਲ ਅੰਤਰ ਧਿਆਨ ਹੋਏ। ਫੇਰ ਨੇਤਰ ਖੋਲ੍ਹ ਕੇ ਬੜੇ ਗਹੁ ਨਾਲ ਦਰਸ਼ਨੀ ਡਿਉਢੀ ਵਾਲੇ ਚੌਂਕ ਵੱਲ ਤੱਕਿਆ। ਬਾਬਾ ਬੁੱਢਾ ਜੀ ਨੂੰ ਬਚਨ ਕੀਤਾ, ਕਿ ਏਥੇ ਸਾਹਮਣੇ ਇਕ ਚਬੂਤਰਾ ਬਣਾਈਏ ਜਿਥੇ ਬੈਠ ਕੇ ਖੁਲ੍ਹਾ ਦੀਵਾਨ ਲਾਇਆ ਕਰੀਏ। ਬਾਬਾ ਜੀ ਨੇ ਗੁਰੂ ਜੀ ਨਾਲ ਸੰਮਤੀ ਪ੍ਰਗਟਾਈ। ਗੁਰੂ ਜੀ ਨੇ ਬਾਬਾ ਜੀ ਪਾਸੋਂ ਇਕ ਇੱਟ ਲੈ ਕੇ ਨਿਸ਼ਾਨੀ ਕਾਇਮ ਕਰ ਦਿੱਤੀ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:

ਬ੍ਰਿਧ ਕੇ ਸੰਮਤ ਸਤਿਗੁਰ ਹੋਇ।
ਆਇ ਸੁਧਾਸਰ ਦਿਸ਼ਿ ਸਭਿ ਕੋਇ।
ਸ੍ਰੀ ਹਰਿ ਮੰਦਰ ਬੰਦਨ ਕਰੇ।
ਚਤੁਰ ਪ੍ਰਦੱਛਨ ਕੇ ਹਿਤ ਫਿਰੇ॥੧੪॥
ਬਹੁਰੋ ਆਇ ਦਰਸ਼ਨੀ ਪੌਰ।

ਪਿਖਿ ਅਕਾਲ ਬੁੰਗੇ ਕੀ ਠੋਰ।
ਆਇਸੁ ਦਈ ਸੁਥਲ ਸੁਧਰਾਵਹੁ।
ਹਿਤ ਬੈਠਨਿ ਕੇ ਚਾਰੁ ਬਨਾਵਹੁ॥੧੫॥
ਪ੍ਰਥਮ ਆਪਨੇ ਲੇ ਕਰਿ ਹਾਥ।
ਧਰੀ ਈਂਟ ਬਲ ਤੇਜ ਕਿ ਸਾਥ।

(ਸੂਰਜ ਪ੍ਰਕਾਸ਼, ਅੰਸੂ ੪੨, ਰਾਸ ੪)

ਇਕ ਇੱਟ ਆਪਣੇ ਕਰ-ਕਮਲਾਂ ਨਾਲ ਧਰ ਕੇ ਆਪ ਹੱਥਾਂ ਨਾਲ ਸੇਵਾ ਕਰਨ ਲਈ ਤਿਆਰ ਹੋਏ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿਕ ਸੰਗਤ ਨੂੰ ਹੁਕਮ ਦਿੱਤਾ ਕਿ ਚਬੂਤਰਾ ਬਣਾਓ। ਏਦਾਂ ਸੂਰਜ ਪ੍ਰਕਾਸ਼ ਦੇ ਕਥਨ ਅਨੁਸਾਰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸੇਵਾ ਕਰਕੇ ਉੱਚਾ ਥੜ੍ਹਾ ਬਣਾ ਦਿੱਤਾ। ਉਪਰ ਚੜ੍ਹਨ ਲਈ ਪੌੜੀ ਝਟ ਤਿਆਰ ਕਰ ਦਿੱਤੀ:

ਕਹਜੋ ਕੁਛਕ ਊਚਾ ਥਲ ਕਰੋ।
ਜਹਿਂ ਲਗਿ ਪੌਰ ਏਕ ਸਮ ਧਰੋ ॥੧੬॥

(ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼, ਰਸਿ ਚੌਥੀ, ਅੰਸੂ ੪੨)

ਰੂਹਾਨੀਅਤ ਦੇ ਹਰਿਮੰਦਰ ਸਾਹਿਬ ਸਾਹਮਣੇ ਅਕਾਲ ਬੁੰਗੇ ਦੀ ਬੁਨਿਆਦ ਰਾਜ-ਜੋਗ ਦੀ ਧਰ ਦਿੱਤੀ, ਜਿਸ ਦਾ ਨਾਮ ਅੱਜ-ਕਲ੍ਹ ਸੰਗਤਾਂ 'ਅਕਾਲ ਤਖ਼ਤ' ਕਹਿ ਕੇ ਪੁਕਾਰਦੀਆਂ ਹਨ। ਇਉਂ ਉਸ ਸਿਰਜਣਹਾਰ ਦੇ ਨਾਮ ਉੱਤੇ 'ਅਕਾਲ ਤਖ਼ਤ' ਸਸ਼ੋਭਿਤ ਕੀਤਾ।

ਫਿਰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਮਸੰਦਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਸਭ ਸੰਗਤਾਂ ਨੂੰ ਇਹ ਕਹਿਣ ਕਿ ਜਿਥੇ ਅੱਗੇ ਕਈ ਪਰਕਾਰ ਦੀਆਂ ਭੇਟਾਵਾਂ ਸੰਗਤਾਂ ਗੁਰੂ ਘਰ ਲਈ ਲਿਆਉਂਦੀਆਂ ਸਨ, ਹੁਣ ਵਧੀਆ ਸ਼ਸਤਰ ਤੇ ਕੋਤਲ ਘੋੜੇ ਲੈ ਕੇ ਆਉਣ। ਗੁਰੂ ਕਿਆਂ ਦੀ ਖੁਸ਼ੀ ਇਨ੍ਹਾਂ ਭੇਟਾਂ ਉਪਰ ਹੀ ਹੋਵੇਗੀ:

ਬਹੁਰ ਹੁਕਮ ਕੀਨਿਸਿ ਫੁਰਮਾਵਨਿ।
ਕਰਹੁ ਹੁਕਮਨਾਮੇ ਲਿਖਵਾਵਨਿ।
ਚਹੁੰਦਿਸ਼ਿ ਮਹਿਂ ਮਸੰਦ ਜਹਿਂ ਭਾਰੀ।
ਤਿਨ ਪਰ ਆਇਸੁ ਲਿਖਹੁ ਹਮਾਰੀ॥੧੭॥
ਜੋ ਸਿਖ ਆਨਹਿਂ ਸ਼ਸਤ੍ਰ ਤੁਰੰਗਾ।
ਹੁਇ ਖੁਸ਼ੀ ਗੁਰ ਕੀ ਸੁਖ ਸੰਗਾ।

(ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼, ਰਾਸਿ ੪, ਅੰਸੂ ੪੨)

ਇਸ ਦਿਨ ਦੀ ਰੌਣਕ ਨੂੰ ਵਧਾਉਣ ਲਈ ਬਾਬਾ ਬੁੱਢਾ ਜੀ ਨੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ ਕਿ ਪਿੰਡ ਸੁਰ ਸਿੰਘ ਵਾਲੇ ਢਾਡੀ ਅਬਦੁੱਲਾ ਤੇ ਨੱਥੂ ਨੂੰ, ਸੂਰਮਿਆਂ ਦੀਆਂ ਵਾਰਾਂ ਸੰਗਤਾਂ ਨੂੰ ਸੁਣਾਉਣ ਲਈ ਮੰਗਵਾ ਲਈਏ ਤੇ ਨਾਲੇ ਇਕ ਮੀਰੀ ਤੇ ਪੀਰੀ ਦਾ ਨਿਸ਼ਾਨ ਛਤਰ ਵੀ ਤਿਆਰ

ਕਰਾ ਲਈਏ। ਗੁਰੂ ਜੀ ਨੇ ਬਾਬਾ ਬੁੱਢਾ ਜੀ ਦੀ ਹਾਂ ਵਿਚ ਹਾਂ ਮਿਲਾ ਦਿੱਤੀ:

ਕੁੰਡਲੀਆਂ-

ਸਾਹਿਬ ਬੁਢੇ ਅਸ ਕਹਾ ਸੁਨਹੋ ਪ੍ਰਭ ਸੁਖ ਪਾਇ।
ਸੁਤਰੀ ਔਰ ਨਿਸਾਨ ਕੋਊ ਢਾਢੀ ਲੇਹੁ ਮੰਗਾਇ।
ਢਾਢੀ ਲੇਹੁ ਮੰਗਾਇ ਰਹੈ ਸੁਰ ਸਿੰਘ ਗੁਰ ਸਦਨਾ।
ਅਬਦੁਲ ਤਾਕਾ ਨਾਮ ਤਾਂਹਿ ਮਨ ਮੋਹੁ ਸੁ ਮਦਨਾ।
ਗੁਰੂ ਜੀ ਨੇ ਇਹ ਕਾਰਜ ਕਰਨ ਦੀ ਰਾਇ ਬਾਬਾ ਜੀ ਨੂੰ ਦਿੱਤੀ-
ਬੁਢੇ ਬਚ ਸੁਨ ਸਿਖ ਪਠਯੋ ਗੁਰੁ ਪ੍ਰਭ ਸੁਖ ਪਾਇ।
ਸੁਤਰੀ ਨਿਸਾਨ ਮੰਗਾਯੋ ਅਬਦੁਲ ਲੀਓ ਮੰਗਾਇ॥੪੩॥

(ਗੁਰ ਬਿਲਾਸ, ਅਧਿਆਇ ਅੱਠਵਾਂ)

ਸੰਗਤਾਂ ਮਸੰਦਾਂ ਰਾਹੀਂ ਗੁਰੂ ਜੀ ਦਾ ਹੁਕਮ ਮੰਨ ਕੇ ਚੰਗੇ-ਚੰਗੇ ਘੋੜੇ ਤੇ ਸ਼ਸਤਰ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਈਆਂ। ਪ੍ਰਮੁਖ ਸਿੱਖ ਭਾਈਚਾਰੇ, ਗੁਰੂ ਅੰਸਾਂ ਦਾ ਭਾਰੀ ਇਕੱਠ ਹੋ ਗਿਆ। ਦਿਨ ਐਤਵਾਰ, ਮਹੀਨਾ ੨੯ ਹਾੜ, ਸੰ. ੧੬੬੫ ਬਿ. ਵਾਲੇ ਦਿਨ ਸਭ ਸੰਗਤਾਂ ਦਰਸ਼ਨੀ ਡਿਓਢੀ ਸਾਹਮਣੇ ਚੌਂਕ ਵਿਚ ਚਬੂਤਰੇ ਪਾਸ ਆਪਣੀਆਂ ਭੇਟਾਵਾਂ ਲੈ ਕੇ ਪਹੁੰਚ ਗਈਆਂ। ਢਾਡੀ ਅਬਦੁੱਲੇ ਤੇ ਨੱਥੇ ਨੇ ਸੂਰਮਿਆਂ ਦੀਆਂ ਵਾਰਾਂ ਗਾਉਣੀਆਂ ਅਰੰਭ ਕਰ ਦਿੱਤੀਆਂ। ਸ੍ਰੀ ਗੁਰੂ ਜੀ ਮਹਿਲਾਂ ਤੋਂ ਹੋ ਕੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੇ ਹੋਰ ਸੰਗਤਾਂ ਨਾਲ ਦਰਸ਼ਨੀ ਡਿਓਢੀ 'ਤੇ ਨਮਸਕਾਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ। ਮੱਥਾ ਟੇਕ ਕੇ ਚਾਰ ਪ੍ਰਕਰਮਾਂ ਕੀਤੀਆਂ, ਅਰਦਾਸ ਕੀਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਸੁਣ, ਕੜਾਹ ਪ੍ਰਸ਼ਾਦ ਲੈ ਕੇ ਦਰਸ਼ਨੀ ਡਿਓਢੀ ਤੋਂ ਨਿਕਲ ਜੋ ਤਖ਼ਤ ਚਬੂਤਰਾ ਬਣਿਆ ਹੋਇਆ ਸੀ ਉਸ ਉਪਰ ਬਿਰਾਜਮਾਨ ਹੋ ਗਏ:

ਫਰਸ਼ ਬਿਸਾਲ ਭਯੋ ਰੰਗਦਾਰ।
ਗੁਰ ਕੇ ਰਚਜੋ ਸਿੰਘਾਸਨ ਚਾਰੁ।
ਬ੍ਰਿਧ ਗੁਰਦਾਸ ਬਾਮ ਅਰੁ ਦਾਂਏਂ।...
ਪੌਰ ਦਰਸ਼ਨੀ ਸੀਸ ਨਿਵਾਏ।
ਪੁਨ ਹਰਿਮੰਦਰਿ ਸੁੰਦਰ ਗਏ।
ਦਰਸ਼ਨਿ ਲੈ ਅਭਿਬੰਦਨ ਕਿਏ॥੧੫॥
ਪੁਨਹ ਪ੍ਰਦੱਛਨ ਕਰਿ ਚਲਿ ਆਏ।
ਥਲ ਅਕਾਲ ਬੁੰਗੇ ਥਿਤ ਪਾਇ।
ਰਚਜੋ ਤਖਤ ਤਿਨ ਬੰਦਨ ਕੀਨ।
ਚਢ ਗੁਰੂ ਬੀਰਾਸਨ ਸੀਨ।
ਬੈਠੇ ਆਨਿ ਸਿੰਘਾਸਨ ਚਾਰੂ।

ਸ਼੍ਰੀ ਮੁਖ ਆਇਸੁ ਕੀਨਿ ਉਚਾਰੂ॥੧੬॥

(ਸੂਰਜ ਪ੍ਰ: ਰਾਸਿ ੪, ਅੰਸੂ ੪੩)

ਦੀਵਾਨ ਸਜ ਗਿਆ, ਸਭ ਸੰਗਤਾਂ ਗੁਰੂ ਜੀ ਦਾ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਸਨ। ਗੁਰੂ ਜੀ ਨੇ ਸਭ ਸੰਗਤਾਂ ਪ੍ਰਤੀ ਹੁਕਮ ਕੀਤਾ ਕਿ ਜੋ-ਜੋ ਸ਼ਸਤਰ ਸੰਗਤਾਂ ਲੈ ਕੇ ਆਈਆਂ ਹਨ, ਭੇਟਾ ਕਰੋ। ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਸੁੰਦਰ ਸ਼ਸਤਰ ਭੇਟਾ ਕੀਤੇ। ਫੇਰ ਸਾਰੀ ਸੰਗਤ ਨੇ ਆਪਣੀਆਂ ਭੇਟਾਵਾਂ ਗੁਰੂ ਜੀ ਦੇ ਹਾਜ਼ਰ ਕੀਤੀਆਂ। ਜਦ ਸਭ ਭੇਟਾਵਾਂ ਹੋ ਚੁੱਕੀਆਂ ਤੇ ਗੁਰੂ ਜੀ ਨੇ ਦੋ ਕਿਰਪਾਨਾਂ ਇਕ ਖੱਬੇ, ਦੂਸਰੀ ਸੱਜੇ ਪਹਿਨ ਲਈਆਂ, ਉਪਰ ਦੀ ਕਮਰਕੱਸਾ ਕਰ ਲਿਆ:

ਆਨਹੁ ਸ਼ਸਤ੍ਰ ਜੁ ਹਮ ਬਨਵਾਏ।
ਜਿਨ ਕੈ ਹਾਟਿਕ ਅਧਿਕ ਲਗਾਏ।
ਦੌਰਤਿ ਦਾਸ ਉਤਾਇਲ ਲਜਾਏ।
ਧਰੇ ਅਗਾਰੀ ਸਭਿ ਸਮੁਦਾਏ॥੧੭॥
ਪੰਚਹੁੰ ਸਤਿਗੁਰ ਕੋ ਲੈ ਨਾਮ।
ਗਹੇ ਖੜਗ ਦ੍ਵੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰੁ ਲੀਨੇ।
ਪੁਨ ਨਿਖੰਗ ਕਰ ਧਾਰਨਿ ਕੀਨੇ॥੧੮॥

(ਸੂਰਜ ਪ੍ਰਕਾਸ਼, ਅੰਸੂ ੪੩, ਰਾਸਿ ੪)

ਜਦ ਮੀਰੀ-ਪੀਰੀ ਦੇ ਮਾਲਕ ਨੇ ਤਲਵਾਰਾਂ ਖੱਬੇ-ਸੱਜੇ ਪਹਿਨ ਲਈਆਂ ਤੇ ਨਵੀਂ ਰੀਤ ਪ੍ਰਚੱਲਤ ਕੀਤੀ ਤਾਂ ਸੰਗਤਾਂ ਵਿਚ ਕਈ ਪ੍ਰਕਾਰ ਦੇ ਸੰਸੇ ਉਤਪੰਨ ਹੋਣ ਲੱਗੇ। ਖਾਸ ਕਰਕੇ ਮਸੰਦ ਟੋਲਾ ਇਕ ਦੂਸਰੇ ਵਲ ਤੱਕ-ਤੱਕ ਕੇ ਘੁਸਰ-ਮੁਸਰ ਕਰਨ ਲੱਗਾ। ਬਾਬਾ ਬੁੱਢਾ ਜੀ ਨੇ ਏਸ ਸਾਰੀ ਘਬਰਾਹਟ ਨੂੰ ਗਹੁ ਨਾਲ ਤੱਕਿਆ। ਇਨ੍ਹਾਂ ਦਾ ਸੰਸਾ ਦੂਰ ਕਰਨ ਲਈ ਬਾਬਾ ਜੀ ਨੇ ਗੁਰੂ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ- ਮੇਹਰਵਾਨ ਗੁਰੂ ਜੀ! ਇਹ ਦੋ ਖੜਗਾਂ ਪਹਿਰਨ ਦਾ ਭਾਵ ਸੰਗਤਾਂ ਵਿਚ ਪਰਗਟ ਕਰ ਦਿਓ:

ਹਾਥ ਜੋਰਿ ਕਰਿ ਬੂਝਨ ਲਾਗੇ।
ਧਰਹਿਂ ਖੜਗ ਇਕ, ਜੇ ਭਟ ਆਗੇ।
ਦੋਇ ਆਪ ਲੇ ਨਿਜ ਗਰ ਪਾਏ।
ਇਹ ਕਜਾ ਕਾਰਨ ਦੇਹੁ ਸੁਨਾਏ?॥੨੧॥

(ਸੂਰਜ ਪ੍ਰਕਾਸ਼, ਅੰਸੂ ੪੩, ਰਾਸਿ ੪)

ਬਾਬਾ ਬੁੱਢਾ ਜੀ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ- ਗੁਰੂ ਨਾਨਕ ਜੀ ਤੇ ਚਹੁੰ ਗੁਰੂ ਸਾਹਿਬਾਨ ਨੇ ਭਗਤੀ ਅੰਗ ਧਾਰਨ ਕਰਕੇ ਸੰਸਾਰ ਵਿਚ

ਨਾਮ, ਦਾਨ, ਇਸ਼ਨਾਨ ਦ੍ਰਿੜ੍ਹਾ ਕੇ ਹਰ ਔਕੜ ਦਾ ਮੁਕਾਬਲਾ ਸ਼ਬਦ ਬਾਣੀ ਨਾਲ ਕੀਤਾ। ਸਭ ਨੂੰ ਬਾਣੀ ਦੁਆਰਾ ਗਿਆਨ ਦੇ ਕੇ ਸੰਸਾਰ ਵਿਚ ਸ਼ਾਂਤੀ ਵਰਤਾਈ। ਏਹੀ ਉਪਦੇਸ਼ ਸਾਰੇ ਗੁਰੂ ਸਾਹਿਬਾਨ ਨੇ ਇਸੇ ਮਿਸ਼ਨ ਨੂੰ ਨਿਭਾਇਆ। ਜਦ ਅੱਤਿਆਚਾਰਾਂ ਦੇ ਬੱਦਲ ਉਮੱਡ ਆਉਣ 'ਤੇ ਸ਼ਾਂਤੀ ਦੀ ਹੱਦ ਨੂੰ ਦਲਮਲ ਦਿੱਤਾ ਜਾਵੇ, ਜ਼ਾਲਮ ਜਰਵਾਣੇ ਅਨਿਆਂ ਕਰਨ ਉੱਤੇ ਤੁਲ ਜਾਣ, ਏਥੋਂ ਤਕ ਕਿ ਪਿਤਾ ਗੁਰੂ ਪੰਚਮ ਜੀ ਨੂੰ, ਜਿਨ੍ਹਾਂ ਦਾ ਬਚਨ ਹੈ *"ਗਰੀਬੀ ਗਦਾ ਹਮਾਰੀ"* ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ ਤੇ ਸ਼ਾਂਤੀ ਦੀ ਹੱਦ ਨੂੰ ਕੁਚਲ ਦਿੱਤਾ ਜਾਵੇ ਤਾਂ *"ਮੂਰਖੁ ਗੰਢੁ ਪਵੈ ਮੁਹ ਮਾਰ"* ਦਾ ਵਤੀਰਾ ਧਾਰਨ ਕਰਨਾ ਪੈਂਦਾ ਹੈ।

ਹੁਣ ਅਸੀਂ ਗੁਰੂ ਨਾਨਕ ਦੇਵ ਜੀ ਦੇ ਮਾਰਗ ਵਿਚ, ਭਗਤੀ ਨਾਲ ਸ਼ਕਤੀ ਸ਼ਾਮਲ ਕਰਕੇ ਰਾਜ-ਜੋਗ ਦੀ ਰੀਤੀ ਪਰਚੱਲਤ ਕਰਕੇ ਦੋਵੇਂ ਖੜਗਾਂ- ਇਕ ਮੀਰੀ ਦੀ ਤੇ ਦੂਸਰੀ ਪੀਰੀ ਦੀ ਧਾਰਨ ਕੀਤੇ ਹਨ। ਇਹ ਮੀਰੀ ਤੇ ਪੀਰੀ ਦੀਆਂ ਲਖਾਇਕ ਹਨ। ਹੁਣ ਗੁਰੂ ਘਰ ਵਿਚ ਭਗਤੀ ਤੇ ਸ਼ਕਤੀ ਦੋਵੇਂ ਪ੍ਰਚੱਲਤ ਰਹਿਣਗੀਆਂ:

ਧਰੇ ਤੇਜ ਸਤਿਗੁਰੁ ਬਚ ਕਹੇ।
'ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ।
ਦੂਸਰ ਤੇ ਪੀਰਨਿ ਕੀ ਪੀਰੀ॥੨੨॥
ਮੀਰੀ ਪੀਰੀ ਦੋਨੋਂ ਧਰੈਂ।
ਬਚਹਿ ਸ਼ਰਨਿ ਨਤੁ ਜਗ ਪਰਹਰੈਂ।'

(ਸੂਰਜ ਪ੍ਰਕਾਸ਼, ਅੰਸੂ ੪੩, ਰਾਸਿ਼ ੪)

ਇਹ ਪਿਛਲਾ ਲੇਖ ਭਾਈ ਸੰਤੋਖ ਸਿੰਘ ਜੀ ਦੀ ਰਚਨਾ 'ਗੁਰ ਪ੍ਰਤਾਪ ਸੂਰਜ' ਦੀ ਲਿਖਤ ਦੇ ਆਧਾਰ 'ਤੇ ਲਿਖਿਆ ਗਿਆ ਹੈ। ਅੱਗੇ ਪੜ੍ਹੋ ਭਾਈ ਭਗਤ ਸਿੰਘ ਜੀ ਦੀ ਰਚਨਾ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ'।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਾਰਾ ਬਿਰਤਾਂਤ ਭਾਈ ਭਗਤ ਸਿੰਘ ਜੀ ਜੋ ਭਾਈ ਮਨੀ ਸਿੰਘ ਜੀ ਦੇ ਵਿਦਿਆਰਥੀ ਸਨ। ਇਸ ਤੋਂ ਜਾਪਦਾ ਹੈ ਕਿ ਇਹ ਗ੍ਰੰਥ ਲਿਖਾਰੀ ਦੇ ਕਥਨ ਅਨੁਸਾਰ ੧੭੭੫ ਬਿਕ੍ਰਮੀ (ਅਗਸਤ ੧੭੧੮ ਈ.), ੨੧ ਸਾਵਣ ਵਿਚ ਸਮਾਪਤ ਹੋਇਆ।

ਇਨ੍ਹਾਂ ਦੀ ਲਿਖਤ ਤੋਂ ਵੀ ਪਾਠਕ ਅਕਾਲ ਤਖ਼ਤ ਸਾਹਿਬ ਬਾਰੇ ਗਿਆਨ ਹਾਸਲ ਕਰਨ।

ਇਹ ਵੱਡੀ ਸ਼ਰਧਾ ਨਾਲ ਅਕਾਲ ਤਖ਼ਤ ਸਾਹਿਬ ਦੀ ਰਚਨਾ ਅਕਾਲ ਪੁਰਖ ਦੇ ਹੁਕਮ ਨਾਲ ਅਰੰਭ ਹੋਈ ਲਿਖਦੇ ਹਨ। 'ਗੁਰ ਬਿਲਾਸ' ਦਾ ਲਿਖਾਰੀ ਗੁਰੂ ਘਰ ਵਿਚ ਜੋਗ ਵਿਚ ਰਾਜ ਦਾ ਅੰਸ਼ ਸ਼ਾਮਲ ਕਰਨ ਦਾ ਹੁਕਮ ਅਕਾਲ ਪੁਰਖ ਦੀ ਆਗਿਆ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਬਾਬਾ ਬੁੱਢਾ ਜੀ ਨੂੰ ਆਪ ਨੇ ਦਰਸ਼ਨ ਦੇ ਕੇ ਕਿਹਾ ਕਿ ਅਕਾਲ ਬੰਗਾ ਸੁੰਦਰ ਸਥਾਨ ਬਣਾਵੋ:

ਅਕਾਲ ਪੁਰਖ ਤਬ ਆਯੋ ਬਹੁ ਸੁਖ ਪਾਇ ਕੈ।

ਭਾਈ ਬੁਢੇ ਗੁਰ ਕਉ ਦਰਸ ਦੈ ਆਇ ਕੈ।

(ਗੁਰ ਬਿਲਾਸ, ਅਧਿਆਇ ਅੱਠਵਾਂ)

ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਅਕਾਲ ਬੁੰਗੇ ਦੀ ਬੁਨਿਆਦ ਅਰੰਭ ਕੀਤੀ:

ਹਾੜ ਪਚੰਮੀ ਕਉ ਦਿਨ ਜਾਨ।
ਸ੍ਰੀ ਗੁਰੁ ਉਦਮ ਕੀਨ ਮਹਾਨ॥੩੫॥
ਗੁਰਦਾਸ ਬੁਢੇ ਕਉ ਲੈ ਨਿਜ ਸਾਥ।
ਤਖਤ ਅਰੰਭ ਕਰਿ ਦੀਨਾ ਨਾਥ।
ਜਹ ਭਗਵਤ ਥੀ ਆਗਿਆ ਦਈ।
ਤਹਾਂ ਅਰੰਭ ਸਤਿ ਗੁਰੂ ਜੀ ਕਈ॥੩੬॥

(ਉਹੀ, ਅਧਿਆਇ ਅੱਠਵਾਂ)

ਕਰ ਅਰਦਾਸ ਸ੍ਰੀ ਸਤਿਗੁਰੂ, ਪੁਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ, ਅਬਚਲ ਤਖਤ ਸੁਹਾਇ॥੩੮॥

(ਉਹੀ, ਅਧਿਆਇ ਅੱਠਵਾਂ)

ਵੱਡੀ ਮਹੱਤਤਾ ਵਾਲੀ ਗੱਲ ਤਾਂ ਇਹ ਹੈ ਕਿ ਮੀਰੀ ਪੀਰੀ ਦੇ ਮਾਲਕ ਗੁਰੂ ਜੀ ਨੇ ਇਹਦੀ ਸੇਵਾ ਆਪਣੇ ਹੱਥੀਂ ਆਰੰਭ ਕੀਤੀ। ਨਾਲ ਹੀ ਦੋਵੇਂ ਮੁਖੀ ਸਿੱਖ ਸਾਹਿਬ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸਾਥ ਲਿਆ। ਉੱਚਾ ਚਬੂਤਰਾ ਬਣਾ ਕੇ ਸ੍ਰੀ ਗੁਰੂ ਜੀ ਨੇ ਮੁਖਾਰਬਿੰਦ ਤੋਂ ਬਚਨ ਕੀਤਾ ਕਿ ਇਹ ਜੋ ਬੁਨਿਆਦ ਅਸੀਂ ਅਕਾਲ ਪੁਰਖ ਦੇ ਹੁਕਮ ਨਾਲ ਚਬੂਤਰੇ ਦੀ ਬਣਾ ਕੇ ਧਰੀ ਹੈ, ਇਹ ਕਿਸੇ ਦਿਨ ਨੂੰ ਸੁੰਦਰ ਇਮਾਰਤ ਸਵਰਨ ਦੀ ਬਣ ਕੇ ਸੰਸਾਰ ਵਿਚ ਆਪਣੀ ਮਿਸਾਲ ਆਪ ਅਜੂਬਾ ਬਣ ਕੇ ਚਮਕੇਗੀ:

ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁਢੇ ਔ ਗੁਰਦਾਸ ਬਨਾਯੋ।
ਖਚਤ ਰੇਖਤਾ ਤਖਤ ਅਕਾਰ।
ਬਨਾਯੋ ਕਛੁਕ ਉਚ ਨਿਰਧਾਰ॥੩੯॥
ਸ੍ਰੀ ਗੁਰ ਦਿਖ ਇਹੁ ਬਚਨ ਉਚਾਰਾ।
ਸਮਾ ਪਾਇ ਇਹੁ ਬਨੈ ਅਪਾਰਾ।
ਸੁੰਦਰ ਸਵਰਨ ਬਡੀ ਛਬਿ ਪਾਵੈ।
ਦੇਖ ਤਾਹਿ ਬੈਕੁੰਠ ਲਜਾਵੈ॥੪੦॥
ਇਹ ਬਿਧ ਤਖਤ ਬਨਾਇਓ, ਸ੍ਰੀ ਗੁਰ ਅਪਨੈ ਹਾਥ।
ਜਨੁ ਜਹਾਜ ਜਗੁ ਤਰਨ ਕਉ, ਰਚਯੋ ਸੁ ਦੀਨਾ ਨਾਥ॥੪੧॥

(ਉਹੀ)

ਅਕਾਲ ਬੁੰਗੇ ਦੀ ਬੁਨਿਆਦ ਰੱਖ ਕੇ, ਅਕਾਲ ਪੁਰਖ ਦੇ ਹੁਕਮ ਅਨੁਸਾਰ ਮੀਰੀ ਰਾਜਗੀਰੀ ਦਾ ਉਦਘਾਟਨ ਕਰਨ ਲਈ ਦਿਨ ਐਤਵਾਰ ੨੯ ਹਾੜ ਸੰਮਤ ੧੬੬੫ ਬਿ: ਦੀ ਤਾਰੀਖ਼ ਨੀਯਤ ਕੀਤੀ। ਬਾਬਾ ਬੁੱਢਾ ਜੀ ਨੂੰ ਕਹਿ ਕੇ ਸਾਰੇ ਮਸੰਦਾਂ ਨੂੰ ਹੁਕਮਨਾਮੇ ਲਿਖ ਦਿੱਤੇ ਕਿ ੨੯ ਹਾੜ ਨੂੰ ਸਭ ਸੰਗਤਾਂ ਹੋਰ ਭੇਟਾਵਾਂ ਦੀ ਜਗ੍ਹਾ ਚੰਗੇ ਤੋਂ ਚੰਗੇ ਸ਼ਸਤਰ ਤੇ ਘੋੜੇ ਲੈ ਕੇ ਆਉਣ। ਹੋਰ ਢਾਡੀ ਛਤਰ, ਨਿਸ਼ਾਨ ਆਦਿਕ ਦੀ ਜੋੜ-ਮੇਲੇ ਲਈ ਸਭ ਤਿਆਰੀ ਕਰ ਲਈ। ਸਭ ਸੰਗਤਾਂ ਚਾਰੇ ਕੁੰਟਾਂ ਤੋਂ ਸੁੰਦਰ ਤੋਂ ਸੁੰਦਰ ਭੇਟਾਵਾਂ ਲੈ ਕੇ ਹਾਜ਼ਰ ਆ ਹੋਈਆਂ:

ਦੇਸਨਿ ਦੇਸ ਨਿਦੇਸ ਸੁਨੀ ਗੁਰੁ,
ਆਵਤਿ ਭਏ ਸਭ ਸੂਰ ਅਪਾਰਾ।
ਸਸਤ੍ਰ ਅਸ੍ਵ ਲੀਏ ਗੁਰੁ ਭੇਟਿ,
ਸੁ ਚਾਹ ਭਰੇ ਮਨ ਮਾਂਹਿ ਉਦਾਰਾ।
ਹਾੜ ਬਿਤੀਤ ਭਯੋ ਦਿਨ ਬਿੰਸ,
ਸੁ ਸੰਗਤਿ ਆਇ ਗੁਰੂ ਨਿਕਟਾਰਾ।
ਦਸਰਥੀ ਜਸ ਤਿਲਕ ਕੇ ਹੇਤ,
ਅਏ ਸਭ ਭੂਪ ਲੈ ਦਰਬ ਅਪਾਰਾ॥੪੨॥

(ਗੁ: ਬਿ:, ਅਧਿਆਇ ਅੱਠਵਾਂ)

ਸਭ ਸੰਗਤਾਂ ਭੇਟਾਵਾਂ ਲੈ ਕੇ ਦੀਵਾਨ ਵਿਚ ਹਾਜ਼ਰ ਹੋ ਗਈਆਂ। ਗੁਰੂ ਜੀ ਦੇ ਦਰਸ਼ਨ ਕਰਨ ਦਾ ਸੰਗਤਾਂ ਵਿਚ ਵੱਡਾ ਉਤਸ਼ਾਹ ਸੀ। ਖਾਸ ਕਰਕੇ ਨਵੀਂ ਰੀਤ ਪ੍ਰਚੱਲਤ ਹੋਣੀ, ਸੰਗਤਾਂ ਲਈ ਵੱਡੀ ਗੱਲ ਸੀ। ਸਭ ਸੰਗਤ ਇਕ ਮਨ ਹੋ ਕੇ, ਅਟਿੱਕ ਧਿਆਨ ਵਿਚ ਬੈਠੀਆਂ ਸਨ। ਸਾਰੀ ਸੰਗਤ ਨੂੰ ਇਹ ਭਾਸ ਰਿਹਾ ਸੀ ਕਿ ਸਭ ਪਾਸੇ ਅਕਾਲ ਪੁਰਖ ਦਾ ਹੀ ਰੂਪ ਝਲਕਾਂ ਮਾਰ ਰਿਹਾ ਹੈ। ਗੁਰੂ ਜੀ ਦੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਖੱਬੇ, ਸੱਜੇ ਬੈਠੇ ਸਨ।

ਅਕਾਲ ਪੁਰਖ ਤਬ ਆਯੋ, ਬਹੁ ਸੁਖ ਪਾਇ ਕੈ।
ਭਾਈ ਬੁਢੇ ਗੁਰ ਕਉ ਦਰਸ ਦੈ ਆਇ ਕੈ।
ਮੁਖ ਸਿਉਂ ਭਾਖੈ ਬੈਨ, ਦੇਰ ਨਹਿੰ ਠਾਨੀਏ।
ਹੋ ਦਸਮੀ ਥਿਤਿ ਰਵਿਵਾਰ, ਅਮੋਲਕ ਜਾਨੀਏ॥੪੪॥
ਭਗਤ ਸਿੰਘ ਦਸ ਖੜੋਸ, ਦਿਨ ਗਏ ਹਾੜ ਕੇ।
ਦਸਮੀ ਥਿਤਿ ਉਦਾਰ, ਮਹੂਰਤ ਗਾੜ ਕੇ।
ਆਗਯਾ ਪ੍ਰਭ ਕੀ ਮਾਨ, ਗੁਰੂ ਸੁਖ ਪਾਇਯੋ।
ਹੋ ਸੁੰਦਰ ਪਹਿਰ ਪੁਸਾਕ, ਸੋ ਬਯੋਤ ਬਨਾਇਯੋ॥੪੫॥...
ਦਰਸ ਹੇਤ ਸੰਗਤਿ ਖੜੀ, ਆਇ ਤਬੈ ਸਮੁਹਾਇ।
ਪੂਜਾ ਹਮ ਚਾੜਹਿ ਤਬੈ, ਜਬ ਗੁਰ ਤਖਤ ਸੁਹਾਇ॥੪੬॥

(ਉਹੀ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੀਲੀ ਪੁਸ਼ਾਕ ਪਹਿਰ, ਦਸਤਾਰ 'ਤੇ ਕਲਗੀ-ਜਿਗ੍ਹਾ ਸਜਾ, ਪਿੱਠ ਪਿਛੇ ਢਾਲ ਸੁਹਾ ਕੇ ਬੈਠੇ ਸਨ। ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਦੋਵੇਂ ਤਲਵਾਰਾਂ ਗੁਰੂ ਜੀ ਨੂੰ ਪਹਿਨਾ ਦਿੱਤੀਆਂ। ਗੁਰੂ ਜੀ ਨੇ ਵਾਹਿਗੁਰੂ ਦਾ ਕਰੋੜਾਂ ਵਾਰੀ ਸ਼ੁਕਰਾਨਾ ਕਰਕੇ ਫੇਰ ਮੇਹਰ ਦੀ ਨਿਗ੍ਹਾ ਦੀ ਯਾਚਨਾ ਕੀਤੀ ਤੇ ਆਪ ਤਖ਼ਤ ਪਾਸ ਬੈਠ ਗਏ। ਅਕਾਲ ਪੁਰਖ ਨੇ ਗੁਰੂ ਜੀ ਪ੍ਰਤੀ ਆਗਿਆ ਕੀਤੀ ਕਿ ਜੋ ਇਹ ਤਖ਼ਤ ਸਜਿਆ ਹੋਇਆ ਹੈ, ਇਸ ਰਾਜ-ਜੋਗ ਦੇ ਤਖ਼ਤ ਉਪਰ ਬਿਰਾਜਮਾਨ ਹੋ ਕੇ ਦੁਸ਼ਟਾਂ ਦਾ ਸੰਘਾਰ ਕਰੋ। ਗੁਰੂ ਜੀ ਤਖ਼ਤ ਉਪਰ ਬਿਰਾਜਮਾਨ ਹੋ ਗਏ ਤੇ ਬੇਨਤੀ ਕੀਤੀ, ਮੈਂ ਆਪ ਦਾ ਦਾਸ ਹਾਂ। ਜੋ ਆਪ ਦੀ ਆਗਿਆ ਹੈ, ਉਸ ਦੀ ਪਾਲਣਾ ਕਰਾਂਗਾ:

ਪੀਤ ਪੁਸ਼ਾਕ ਧਰੀ ਸੁਖ ਸਾਗਰ, ਅਰੁ ਕਲਗੀ ਗੁਰ ਸੀਸ ਸੁਹਾਏ।
ਔ ਭੁਜ ਅੰਗਦ ਸੋਹਤਿ ਹੈ, ਫੁਨਿ ਪੀਠ ਪੈ ਚਰਮ ਧਰੀ ਛਬ ਪਾਏ।
ਦੋ ਅਸਿ ਲੈ ਭਗਵੰਤ ਤਬੈ, ਗੁਰ ਕੇ ਗਰ ਡਾਰ ਦੀਏ ਹਰਖਾਏ।
ਮੀਰੀ ਕੀ ਮੀਰ ਔਰ ਪੀਰੀ ਕੀ ਪੀਰ,
ਸੁ ਦੋਊ ਧਰੀ ਭਗਵੰਤ ਅਲਾਏ॥੪੭॥
ਇਹ ਬਿਧ ਸਸਤ੍ਰ ਸਭੈ ਤਨ ਧਾਰੈ।
ਹਰਿ ਗੋਬਿੰਦ ਗੁਰ ਮਨ ਹਰਖਾਰੇ।
ਤਖਤ ਬੰਦਨਾਂ ਕਰ ਮਨ ਲਾਈ।
ਬੈਠੇ ਤਖਤ ਨਿਕਟ ਹਰਖਾਈ॥੪੮॥
ਕਹਿ ਭਗਵੰਤ ਯਾ ਪਰ ਪਗ ਧਾਰੋ।
ਬੈਠ ਤਖਤ ਨਿਜ ਸਤ੍ਰਨ ਮਾਰੋ।
ਸ੍ਰੀ ਗੁਰ ਕਹਿ ਹਮ ਤੁਮਰੇ ਦਾਸ।
ਹਮ ਕਉ ਸੇਵ ਬਨੇ ਅਰਦਾਸ॥੪੯॥

(ਗੁ: ਬਿ:, ਅਧਿਆਇ ਅੱਠਵਾ)

ਫੇਰ ਅਕਾਲ ਪੁਰਖ ਨੇ ਇਹ ਬਚਨ ਕੀਤਾ ਕਿ ਤੁਸੀਂ ਨਾਨਕ ਤੋਂ ਲੈ ਕੇ ਆਪਣੇ ਆਪ ਨੂੰ ਨਹੀਂ ਜਣਾਇਆ, ਮੇਰਾ ਨਾਮ ਹੀ ਜਗਤ ਵਿਚ ਪਰਚਾਰਿਆ ਹੈ। ਤੁਹਾਡੇ ਵਿਚ ਆਪ ਦੀ ਹੰਗਤਾ ਨਹੀਂ। ਮੇਰੇ ਤੁਹਾਡੇ ਵਿਚ ਭੇਦ ਨਹੀਂ। ਤੁਸੀਂ ਹਰ ਕਾਰਜ ਮੇਰੀ ਰਜ਼ਾ ਵਿਚ ਕੀਤਾ ਹੈ। ਇਸੇ ਕਰਕੇ ਏਸ ਮਹਾਨ ਸਥਾਨ ਦਾ ਨਾਮ, ਮੈਂ ਆਪਣੇ ਨਾਮ 'ਤੇ ਅਕਾਲ ਬੁੰਗਾ ਰੱਖਦਾ ਹਾਂ। ਏਥੇ ਅੱਗੇ ਨੂੰ ਵੀ ਮੇਰੀ ਰਜ਼ਾ ਵਾਲੇ ਕਾਰਜ ਹੀ ਕਰਨੇ। ਜਦ ਤਕ ਸੰਸਾਰ ਵਿਚ ਦਸ ਰੂਪਾਂ ਵਿਚ ਸੰਸਾਰ ਵਿਚ ਵਿਚਰਦੇ ਹੋ ਏਸ ਤਖ਼ਤ ਉਪਰ ਬੈਠ ਕੇ ਧਰਮ ਦ੍ਰਿੜ੍ਹਾਉਣਾ, ਇਨਸਾਫ ਕਰਨਾ, ਗਰੀਬਾਂ ਦੀ ਰਛਿਆ ਕਰਨੀ, ਧਰਮ ਦੀ ਹਾਨੀ ਨਹੀਂ ਹੋਣ ਦੇਣੀ, ਆਪ ਦੀ ਮੱਤ ਨਹੀਂ ਵਰਤਣੀ, ਸਤਬੱਤ ਦਾ ਭਲਾ ਲੋੜਣਾ, ਇਹ ਸੱਚਾ ਤਖ਼ਤ ਤੁਹਾਡੇ ਹਵਾਲੇ ਕਰਦਾ ਹਾਂ। ਗੁਰੂ ਨਾਨਕ ਦੀ ਜੋਤ ਵਾਲੇ ਸਰੀਰ

ਇਸ ਉੱਤੇ ਬਿਰਾਜਣ। ਬਾਅਦ ਵਿਚ ਮੇਰਾ ਰੂਪ ਸਮਝ ਕੇ ਕਾਲ ਰੂਪ, ਸੰਸਾਰ ਪਸਾਰੇ ਨੂੰ ਸਮਾਪਤ ਕਰਨ ਵਾਲੇ ਸ਼ਸਤਰ ਏਥੇ ਸਥਾਪਤ ਕਰਨੇ। ਕੋਈ ਬੁੱਤ-ਪ੍ਰਸਤੀ, ਮੂਰਤੀ-ਪੂਜਾ ਨਹੀਂ ਕਰਨੀ:

ਕਹਿ ਭਗਵੰਤ ਨਿਜ ਮੋਹਿ ਮਹਿ, ਭੇਦ ਕਛੂ ਨਹਿ ਚੀਨ।
ਅਕਾਲ ਤਖਤ ਇਹ ਨਾਮ ਕਰ, ਤੋਹਿ ਨਾਮ ਨਹਿ ਕੀਨ॥੫੦॥
ਜਬ ਲਗ ਤੁਮ ਦੇਹ ਧਾਰ ਸੁਹਾਵੋ।
ਤਬ ਲਗ ਤੁਮ ਯਾਂ ਪਰ ਛਬਿ ਪਾਵੋ।
ਪਾਛੇ ਸਸਤ੍ਰ ਰੂਪ ਮੁਹਿ ਜਾਨੋ।
ਮਮ ਪੂਜਾ ਕੀ ਇਹ ਠਾਂ ਮਾਨੋ॥੫੧॥
ਐਸੇ ਕਹਿ ਗੁਰ ਭੁਜਾ ਗਹਾਏ।
ਅਕਾਲ ਪੁਰਖ ਮਨ ਮਹਿ ਹਰਖਾਏ।
ਸ੍ਰੀ ਗੁਰ ਉਪਰ ਤਖਤ ਬਹਾਯੋ।
ਸੁਰ ਨਰ ਜੈ ਜੈ ਕਾਰ ਬੁਲਾਯੋ॥੫੨॥
(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ਅੱਠਵਾਂ)

ਕਲਾ ਵਿਚ ਜਾ ਸਕਦੀ ਹੈ।

ਅਕਾਲ ਤਖ਼ਤ ਦੀ ਮਹੱਤਤਾ ਨੂੰ ਚੇਤੇ ਰੱਖੋ:

ਚਾਰ ਸੌ ਬਰਸਾਂ ਤੋਂ ਸਾਰੇ ਕਾਰਜ ਅਕਾਲ ਤਖ਼ਤ ਦੇ ਮਤਿਆਂ ਅਨੁਸਾਰ ਅਰੰਭ ਹੁੰਦੇ ਰਹੇ ਹਨ। ਇਹ ਸਿੱਖ ਕੌਮ ਦਾ ਮੁਖੀ ਕੇਂਦਰ ਹੈ। ਇਥੇ ਆ ਕੇ ਭਾਵੇਂ ਕੋਈ ਦੁਨਿਆਵੀ ਵਸੀਲਿਆਂ ਨਾਲ ਕਿੱਡਾ ਵੱਡਾ ਵੀ ਹੋਵੇ ਪਰ ਇਥੇ ਆ ਕੇ ਉਹ ਇਕ ਸਿੱਖ ਹੀ ਹੈ। ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਹੀ ਸਿੱਖੀ ਜੀਵਨ ਪਰਉਪਕਾਰੀ, ਧਰਮ ਲਈ ਕੁਰਬਾਨੀ ਕਰਨ ਜੋਗ, 'ਗੁਰਮਤਿ ਗਾਡੀ ਰਾਹ' ਦਾ ਪਾਂਧੀ ਹੋ ਕੇ ਚੱਲਣਾ, ਇਹ ਸਭ ਗੁਣ ਇਥੋਂ ਹੀ ਪਰਦਾਨ ਹੋ ਸਕਦੇ ਹਨ। ਇਥੇ ਨਿਤ ਦੀ ਪੂਜਾ, ਖੁਦਗਰਜ਼ੀ, ਮਾਨ ਦੀ ਹਵਸ ਪੂਰੀ ਕਰਨਾ, ਵਿੰਗੇ-ਟੇਢੇ ਵਸੀਲੇ ਸੋਚਣੇ ਵਰਜਤ ਹਨ। ਜੇ ਕੋਈ ਅਜੇਹੀਆਂ ਗਲਤੀਆਂ ਕਰੇਗਾ ਅੱਗੋਂ ਪਿੱਛੋਂ ਸੰਗਤਾਂ ਵਿਚ ਦੁਰਕਾਰਿਆ ਜਾਵੇਗਾ। ਮੀਰੀ ਪੀਰੀ ਦੇ ਮਾਲਕ ਤੇ ਪੰਥ ਦੇ ਵਾਲੀ ਕਲਗੀਧਰ ਪਿਤਾ ਜੀ ਉਸ ਨੂੰ ਮਾਫ਼ ਨਹੀਂ ਕਰਨਗੇ।

ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮਹਾਨ ਅਸਥਾਨ ਦਾ ਇਤਿਹਾਸ ਸੰਗਤਾਂ ਵਿਚ ਮੁੜ ਦੁਹਰਾਇਆ ਹੈ ਕਿ ਗੁਰੂ ਕੀਆਂ ਸੰਗਤਾਂ ਵੀਚਾਰ ਕਰਕੇ 'ਸੂਰਬੀਰ, ਬਚਨਾਂ ਦੇ ਬਲੀ' ਬਣਨ, ਤਦੇ ਸਿੱਖ ਕੌਮ ਖ਼ਾਲਸਾ ਜੀ-ਪੰਥ ਗੁਰੂ ਜੀ ਕਾ ਚੜ੍ਹਦੀਆਂ ਕਲਾਂ ਵਿਚ ਜਾ ਸਕਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਵਿਸ਼ਵ ਦਾ ਇਤਿਹਾਸ ਪੜ੍ਹੀਏ ਤਾਂ ਤਖ਼ਤ ਗਿਣੇ ਨਹੀਂ ਜਾਂਦੇ। ਤਖ਼ਤਾਂ 'ਤੇ ਕਬਜ਼ਾ ਕੀਤਾ ਜਾਂਦਾ ਹੈ ਜਾਂ ਤਖ਼ਤ ਬਣਾਏ ਜਾਂਦੇ ਹਨ। ਫਸਲਾਂ ਵਾਂਗ ਤਖ਼ਤ ਉਗਦੇ ਹਨ, ਫਸਲਾਂ ਵਾਂਗ ਤਖ਼ਤ ਵੱਢੇ ਜਾਂਦੇ ਹਨ। ਪਹਿਲਾਂ ਤਖ਼ਤ ਹੁੰਦੇ ਹਨ, ਫਿਰ 'ਤਾ' ਬਣ ਜਾਂਦੇ ਹਨ। ਤਖ਼ਤਾਂ ਦੀਆਂ ਕਹਾਣੀਆਂ ਨਫ਼ਰਤ ਨਾਲ ਭਰੀਆਂ ਹਨ।

ਇਸ ਗੱਲ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਮੀ ਭਰੀ ਹੈ ਤੇ ਏਸੇ ਗੱਲ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪੁਸ਼ਟੀ ਕੀਤੀ ਹੈ। ਨਾ ਕੋਈ ਰਾਜਾ ਰਿਹਾ ਹੈ, ਨਾ ਕੋਈ ਤਖ਼ਤ ਰਿਹਾ ਹੈ। ਚਾਰ ਦਿਨਾਂ ਦੀ ਨੌਬਤ ਵਜਾ ਕੇ ਸਾਰੇ ਚਲੇ ਗਏ ਹਨ।
ਕਾਲ ਦੇ ਘੇਰੇ ਵਿਚ ਆਇਆ ਕੋਈ ਤਖ਼ਤ ਕਾਇਮ ਨਹੀਂ ਰਹਿ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਗੁਰੂ ਬਾਣੀ ਦਾ ਸੰਕਲਪ ਹੈ। ਇਹ ਕੇਵਲ 'ਤਖ਼ਤ' ਨਹੀਂ ਹੈ। ਇਸ ਨਾਲ 'ਸ੍ਰੀ ਭੀ ਹੈ, 'ਸਾਹਿਬ' ਭੀ ਹੈ, 'ਜੀ' ਭੀ ਹੈ ਤੇ 'ਅਕਾਲ' ਭੀ ਹੈ। ਚਾਰ ਸ਼ਬਦ ਇਸ ਨੂੰ ਵਿਸ਼ਵ ਦੇ ਤਖ਼ਤਾਂ ਤੋਂ ਵੱਖ ਕਰਦੇ ਹਨ।

ਵਿਸ਼ਵ ਦੇ ਇਤਿਹਾਸ ਵਿਚ ਕਿਹੜਾ ਤਖ਼ਤ ਹੈ, ਜਿਹੜਾ ਲੋਕਾਂ ਦੀ ਕਲਿਆਣ ਕਰਦਾ ਰਿਹਾ ਹੈ, ਕਰ ਰਿਹਾ ਹੈ ਤੇ ਕਰਦਾ ਰਹੇਗਾ? ਕਿਹੜਾ ਤਖ਼ਤ ਹੈ, ਜਿਸ ਨੂੰ ਕਾਲ ਨੇ ਨਿਗਲ ਨਹੀਂ ਲਿਆ? ਕਿਹੜਾ ਤਖ਼ਤ ਸੀ ਜਿਸ ਨਾਲ 'ਸਾਹਿਬ' ਸ਼ਬਦ ਲਾਇਆ ਗਿਆ ਸੀ? ਕਿਹੜਾ ਤਖ਼ਤ ਸੀ, ਜਿਸ ਨੂੰ 'ਜੀ' ਕਹਿ ਕੇ ਆਦਰ ਦਿੱਤਾ ਜਾਂਦਾ ਸੀ? ਕਿਹੜਾ ਤਖ਼ਤ ਹੈ ਜਿਹੜਾ 'ਨਿੱਤ ਦੀ ਅਰਦਾਸ' ਦਾ ਭਾਗ ਬਣਿਆ ਹੈ? ਇਨ੍ਹਾਂ ਲੱਛਣਾਂ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਪ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਉੱਪਰ ਕੌਣ ਬੈਠਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ 'ਕਰਤਾ ਪੁਰਖੁ' ਤੇ 'ਅਕਾਲ ਮੂਰਤਿ' ਕਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਕਿਹਾ ਹੈ। ਵਾਰਤਕ ਵਿਚ ਵਿਸਥਾਰ ਹੁੰਦਾ ਹੈ। ਕਵਿਤਾ ਵਿਚ ਸੰਖੇਪ ਹੋ ਜਾਂਦਾ ਹੈ। ਅਕਾਲ ਮੂਰਤਿ ਅਤੇ ਅਕਾਲ ਪੁਰਖ ਇਕੋ ਗੱਲ ਹੈ।

ਅਕਾਲ ਪੁਰਖ ਅਤੇ ਅਕਾਲ ਮੂਰਤਿ ਕੋਈ ਮਨੌਤ ਨਹੀਂ ਹੈ ਹੋਂਦ ਹੈ। ਉਹ ਹੋਂਦ 'ਬੋਲਦੀ' ਹੈ। 'ਗੱਲਾਂ' ਕਰਦੀ ਹੈ, 'ਸੇਧ' ਦੇਂਦੀ ਹੈ। 'ਸਹਾਇਤਾ' ਕਰਦੀ ਹੈ। ਜ਼ੁਮੇਵਾਰੀਆਂ ਸੌਂਪਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਿਵਾਜ ਕੇ ਅਕਾਲ ਪੁਰਖ ਨੇ ਕਿਹਾ:

ਸਭ ਤੋਂ ਪਹਿਲਾਂ ਮੈਂ 'ਮਹਾਂਬਲੀ' ਪੈਦਾ ਕੀਤੇ। ਇਹ ਬਲ ਕਮਜ਼ੋਰਾਂ ਨੂੰ ਉੱਚਾ ਚੁੱਕਣ ਲਈ ਸੀ। ਉਨ੍ਹਾਂ ਦੀ ਰੱਖਿਆ ਕਰਨ ਲਈ ਸੀ। ਜ਼ੋਰ ਉਨ੍ਹਾਂ ਦਾ ਨਹੀਂ ਸੀ। ਉਨ੍ਹਾਂ ਨੂੰ ਕੰਮ ਕਰਨ ਲਈ ਬਖ਼ਸ਼ਿਆ ਗਿਆ ਸੀ। ਪਰ ਬਾਹੂ-ਬਲ ਨੇ ਉਨ੍ਹਾਂ ਨੂੰ ਪਾਗਲ ਬਣਾ ਦਿੱਤਾ ਤਾਕਤ ਮੂਰਖ ਬਣਾ ਦੇਂਦੀ ਹੈ। ਅੰਨ੍ਹਾਂ ਅਤੇ ਬੋਲਾ ਕਰ ਦਿੰਦੀ ਹੈ। ਤਾਕਤਵਰ ਨੂੰ ਆਪਣੇ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਦਿਸਦਾ। ਉਸ ਨੂੰ ਕੇਵਲ ਇਕ ਸ਼ਬਦ ਬੋਲਣਾ ਆਉਂਦਾ ਹੈ 'ਮੈਂ'।

ਇਹ 'ਮੈਂ' ਸਾਰੇ ਸੰਸਾਰ ਉੱਪਰ ਇਸ ਤਰ੍ਹਾਂ ਫੈਲ ਜਾਂਦੀ ਹੈ, ਜਿਵੇਂ ਤੇਲ ਦੀ ਇਕ ਬੂੰਦ ਸਾਰੇ ਪਾਣੀ ਉੱਪਰ ਫੈਲ ਜਾਂਦੀ ਹੈ। 'ਬਲ' ਦੀ 'ਮੈਂ' ਦੈਂਤ ਬਣਨ ਤੋਂ ਉਰੇ ਨਹੀਂ ਰੁਕਦੀ। ਸੋ ਸਾਰੇ 'ਬਲੀ' ਦੈਂਤ ਬਣ ਕੇ ਨਿੱਬੜੇ 'ਰੱਬ ਦੇ ਸ਼ਰੀਕ' ਹੋ ਗਏ। ਫਿਰ ਮੈਂ ਤਿੰਨ ਦੇਵਤੇ ਪੈਦਾ ਕੀਤੇ। 'ਮੈਂ' ਤਾਂ ਇਕ ਨਹੀਂ ਮਾਣ ਹੁੰਦੀ, ਇੱਥੇ 'ਮੈਂ ਮੈਂ ਮੈਂ' ਤਿੰਨ ਇਕੱਠੀਆਂ ਹੋ ਗਈਆਂ। ਇਨ੍ਹਾਂ ਆਪਣੇ ਆਪਣੇ ਰਾਜ ਕਾਇਮ ਕਰ ਲਏ। ਬ੍ਰਹਮਾ ਕਰਤਾ ਪੁਰਖ ਬਣ ਬੈਠਾ ਵਿਸ਼ਨੂੰ ਪਾਲਣਹਾਰ ਹੋ ਗਿਆ। ਸ਼ੰਕਰ ਅਟੱਲ ਹੋਣ ਦਾ ਦਮ ਭਰਨ ਲੱਗ ਪਿਆ। ਇਕ ਤਖ਼ਤ ਦੇ ਥਾਂ ਉਪਰ ਤਿੰਨ ਤਖ਼ਤ ਬਣ ਗਏ। ਤਿੰਨਾਂ ਤਖ਼ਤਾਂ ਤੋਂ ਨਿਤ ਤਿੰਨ ਫ਼ੁਰਮਾਨ ਨਿਕਲਦੇ। ਲੋਕ ਆਪੋ ਵਿਚਦੀ ਲੜਦੇ। ਫ਼ੁਰਮਾਨ ਆਪੋ ਵਿਚਦੀ ਝਗੜਦੇ। ਤਿੰਨੇ ਦੇਵਤੇ ਆਪੋ ਵਿਚਦੀ ਕਚੀਚੀਆਂ ਵੱਟਦੇ। ਦੰਗਲ ਹੁੰਦੇ। ਕਦੇ ਕੋਈ ਜਿੱਤਦਾ, ਕਦੇ ਕੋਈ ਹਾਰਦਾ।

ਇਨ੍ਹਾਂ ਤਿੰਨਾਂ ਵੱਲੋਂ ਨਿਰਾਸ ਹੋ ਕੇ ਅਕਾਲ ਪੁਰਖ ਨੇ ਅੱਠ ਗਵਾਹ ਖੜ੍ਹੇ ਕੀਤੇ, ਜਿਹੜੇ ਦੱਸਦੇ ਹਨ ਅਤੇ ਸਾਬਤ ਕਰਦੇ ਹਨ ਕਿ ਕਰਤਾ ਪੁਰਖ ਹੈ, ਅਕਾਲ ਮੂਰਤਿ ਹੈ, ਪਰਮ ਪੁਰਖ ਹੈ। ਪਾਣੀ ਗਵਾਹ ਹੈ, ਪਾਣੀ ਤੋਂ ਬਿਨਾ ਜੀਵਨ ਨਹੀਂ ਹੈ। ਇਤਨਾ ਪਾਣੀ ਕਿਸ ਨੇ ਬਣਾਇਆ ਹੈ। ਕੀ ਕੋਈ ਇਤਨਾ ਪਾਣੀ ਬਣਾ ਸਕਦਾ ਹੈ? ਦੂਜਾ ਸਾਖੀ ਹਵਾ ਨੂੰ ਬਣਾਇਆ। ਹਵਾ ਤੋਂ ਬਿਨਾ ਵੀ ਕੋਈ ਜੀਉਂਦਾ ਨਹੀਂ ਰਹਿ ਸਕਦਾ। ਹਵਾ ਦੂਜਾ ਗਵਾਹ ਸੀ ਕਿ ਪਰਮ ਪੁਰਖ ਹੈ ਅਤੇ ਉਹੋ ਸਾਰਿਆਂ ਦੇ ਜੀਵਨ ਸਾਧਨ ਹਨ। ਪਰ ਗਵਾਹ ਤੇ ਆਪ ਹੀ ਵਰਣ ਦੇਵਤਾ ਬਣ ਕੇ ਪੂਜਾ ਕਰਵਾਉਣ ਲੱਗ ਪਿਆ। ਹਵਾ ਵਰਣ ਦੇਵਤੇ ਨਾਲੋਂ ਤੇਜ ਦੌੜਨ ਵਾਲੀ ਸੀ, ਉਹ ਕਿਸ ਤਰ੍ਹਾਂ ਪਿੱਛੇ ਰਹਿ ਸਕਦੀ ਸੀ। ਉਹ ਭੀ ਪੂਜਾ ਕਰਵਾਉਣ ਲੱਗ ਪਈ। ਸੂਰਜ ਤੇ ਚੰਦ ਕਿਸ ਦੀ ਮਾਂ ਧੀ ਨਾਲੋਂ ਘੱਟ ਸਨ, ਉਹ ਭੀ ਪੁਜਨੀਕ ਬਣ ਗਏ। ਇਕ ਤਖ਼ਤ ਦੇ ਥਾਂ ਯਾਰਾਂ ਤਖ਼ਤ ਬਣ ਗਏ। ਅੱਗ ਨੂੰ ਆਏ ਘਰ ਦੇ ਮਾਲਕ ਬਣ ਕੇ ਬੈਠ ਗਏ।

ਸਿਧ ਪੈਦਾ ਕੀਤੇ, ਉਹ ਰਿਧੀਆਂ-ਸਿਧੀਆਂ ਦੇ ਮਜਮੇ ਲਾ ਕੇ ਬੈਠ ਗਏ। ਗੋਰਖ ਆਪਣੇ ਹੀ ਗੋਰਖ-ਧੰਧੇ ਵਿਚ ਉਲਝ ਗਿਆ ਰਾਮਾਨੰਦ ਨੇ ਆਪਣੇ ਨਵੇਂ ਰਾਹ ਬਣਾ ਲਏ।

ਰਿਖੀਆਂ ਨੇ ਆਪੋ-ਆਪਣੀਆਂ ਸਿਮ੍ਰਤੀਆਂ ਬਣਾ ਲਈਆਂ ਅਤੇ ਆਪਣੇ ਨਵੇਂ ਪੰਥ ਚਲਾ ਲਏ। ਹਜ਼ਰਤ ਮੁਹੰਮਦ ਸਾਹਿਬ ਜੀ ਨੇ ਆਪਣੇ ਦੀਨ ਨੂੰ ਵੱਖਰਾ ਕਰਨ ਲਈ ਸੁੰਨਤ ਦੀ ਨਿਸ਼ਾਨੀ ਕਾਇਮ ਕੀਤੀ।

ਜਿਸ ਨੂੰ ਭੀ ਥੋੜ੍ਹੀ ਜਿਹੀ ਤਾਕਤ ਦੀ ਗੰਢੀ ਮਿਲੀ, ਉਸ ਨੇ ਵੱਡੀ ਦੁਕਾਨ ਖੋਲ੍ਹ ਲਈ ਅਤੇ ਹਟਵਾਣੀਆਂ ਬਣ ਕੇ ਬੈਠ ਗਿਆ।

ਗੁਰੂ ਕੇ ਮਹਲਾਂ ਦੀ ਇਤਿਹਾਸਿਕ ਮਹਾਨਤਾ ਬੜੀ ਹੈ। ਇੱਥੇ ਗੁਰੂ ਪੈਦਾ ਹੋਏ। ਇੱਥੇ ਗੁਰੂ ਨਿੰਮੇ ਗਏ। ਇੱਥੇ ਮਹਾਨ ਬੱਚੇ ਪੈਦਾ ਹੋਏ। ਇੱਥੇ ਗੁਰੂ ਵੱਸੇ, ਇੱਥੇ ਗੁਰੂ ਖੇਡੇ, ਇੱਥੇ ਗੁਰੂ ਜ਼ੁਲਮ ਵਿਰੁੱਧ ਲੜੇ। ਇੱਥੇ ਗੁਰੂ ਮਹਿਲਾਂ ਨੇ ਚੱਕੀਆਂ ਤੇ ਆਟਾ ਪੀਠਾ, ਇਥੇ ਗੁਰੂ ਮਹਿਲਾਂ ਨੇ ਤੰਦੂਰ ਵਿਚ ਮਿੱਸੀਆਂ ਰੋਟੀਆਂ ਲਾਈਆਂ। ਫਿਰ ਭੀ ਇਹ ਘਰ ਸੀ, ਸੰਗਤ ਅਸਥਾਨ ਨਹੀਂ ਸੀ।

ਹਰਿਮੰਦਰ ਸੰਗਤ ਅਸਥਾਨ ਹੈ, ਹਰਿਮੰਦਰ ਹਰੀ ਦਾ ਘਰ ਹੈ। ਇੱਥੇ ਸ਼ਬਦ ਬ੍ਰਹਮ ਦਾ ਵਾਸਾ ਹੈ। ਸ਼ਬਦ ਦੇ ਆਦਰ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਜਾਂਦੇ ਹਨ। ਸ਼ਬਦ ਲੈ ਕੇ ਪਾਲਕੀ ਵਿਚ ਸ਼ਬਦ ਨੂੰ ਸੁਸ਼ੋਭਿਤ ਕਰ ਕੇ ਨੰਗੇ ਪੈਰੀਂ ਨਾਲ ਆਉਂਦੇ ਹਨ। ਬੀੜ ਸੰਪੂਰਨ ਕਰਨ ਪਿੱਛੋਂ ਭੀ ਚੌਰ ਝੱਲਦੇ ਨੰਗੀ ਪੈਰੀਂ ਨਾਲ ਆਉਂਦੇ ਹਨ।

ਜਿਨ੍ਹਾਂ ਹੱਥਾਂ ਨੇ ਬਾਣੀ ਲਿਖੀ ਸੀ, ਜਿਹੜੇ ਹੱਥ ਬਾਣੀ ਆਉਣ 'ਤੇ ਬਾਣੀ ਦੇ ਤਾਲ ਨਾਲ ਮਿਲ ਕੇ ਬਾਣੀ ਲਿਖਦੇ ਸਨ, ਉਨ੍ਹਾਂ ਹੱਥਾਂ ਨੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖੀ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ, ਬਾਬਾ ਬੁੱਢਾ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਇੱਟਾਂ ਅਤੇ ਚੂਨਾ ਦੇਣ ਵਾਲੇ ਸਨ।

ਇਤਿਹਾਸ ਇਸ ਗੱਲ ਦਾ ਭੀ ਸਾਖੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਤੋਂ ਪਹਿਲਾਂ ਗੁਰਿਆਈ ਦੇ ਗਏ ਸਨ। ਉਸ ਵੇਲੇ ਭੀ ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚਾਰੇ ਸਨ।
ਇਕ ਗੱਲ ਯਾਦ ਰੱਖਣ ਵਾਲੀ ਹੈ ਅਤੇ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਮੁੜ-ਮੁੜ ਕੇ ਦੁਹਰਾਇਆ ਹੈ, 'ਬਾਣੀ ਧੁਰ ਦੀ ਹੈ' ਗੁਰੂਆਂ ਦੇ ਰਾਹੀਂ ਆਈ ਹੈ। ਉਹ ਤਾਂ ਬੁਲਾਇਆਂ ਹੀ ਬੋਲਦੇ ਹਨ। ਇਸੇ ਕਰਕੇ ਬਾਣੀ ਆਦਿ ਸਚੁ ਹੈ, ਜੁਗਾਦਿ ਸਚੁ ਹੈ, ਹੈ ਭੀ ਸਚੁ ਹੈ, ਹੋਸੀ ਭੀ ਸਚੁ ਹੈ। ਧੁਰ ਦੀ ਬਾਣੀ ਧੁਰ ਨਾਲ ਜੋੜਦੀ ਹੈ। 'ਧੁਰ' ਅਕਾਲ ਪੁਰਖ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਘੋੜੇ ਉੱਪਰ ਸਵਾਰ ਹੋ ਕੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੇ ਸਨ। ਸ੍ਰੀ ਅੰਮ੍ਰਿਤਸਰ ਸ਼ਹਿਰ ਦੀਆਂ ਮੰਮਟੀਆਂ ਨਜ਼ਰ ਪੈਂਦੀਆਂ ਹਨ ਤਾਂ ਆਪ ਜੀ ਘੋੜੇ ਦੀ ਲਗਾਮ ਖਿੱਚ ਲੈਂਦੇ ਹਨ। ਘੋੜੇ ਉੱਪਰੋਂ ਉੱਤਰ ਪੈਂਦੇ ਹਨ। ਧਰਤੀ ਉੱਪਰ ਮੱਥਾ ਟੇਕਦੇ ਹਨ ਅਤੇ ਕਹਿੰਦੇ ਹਨ, 'ਇਹ ਗੁਰੂਆਂ ਦੀ ਧਰਤੀ ਹੈ। ਏਥੇ ਪੈਦਲ ਚੱਲਣਾ ਬਣਦਾ ਹੈ।'

ਇੱਥੇ ਕੇਵਲ ਇਹ ਇਕ ਨਗਰੀ ਹੈ, ਜਿਸ ਨੂੰ ਮਾਣ ਹੈ ਕਿ ਉਸ ਨੂੰ 'ਸੱਤ' ਗੁਰੂਆਂ ਦੀ ਚਰਨ-ਛੂਹ ਪ੍ਰਾਪਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਪਾਸ ਪੜ੍ਹਨੇ ਪਾਇਆ ਸੀ। ਉਨ੍ਹਾਂ ਸ਼ਸਤਰ ਵਿੱਦਿਆ ਅਤੇ ਸ਼ਾਸਤਰ ਵਿੱਦਿਆ ਦੋਵੇਂ ਪੜ੍ਹਾਈਆਂ ਸਨ। ਇਹ ਸਭ ਕੁਝ ਭਵਿੱਖ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਦੀ ਮੰਗ ਕੀਤੀ ਤਾਂ ਉਸੇ ਵੇਲੇ ਬਿਜਲੀ ਵਾਂਗ ਚਮਕਦੀਆਂ ਦੋ ਤਲਵਾਰਾਂ ਕਿੱਥੋਂ ਆ ਗਈਆਂ? ਕੀ ਉਸ ਵੇਲੇ ਤਲਵਾਰਾਂ ਦੋ ਹੀ ਸਨ? ਤਲਵਾਰਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਦੀ ਸਾਰੀ ਪੌਸ਼ਾਕ ਦਲਿ ਭੰਜਨ ਸੂਰਮੇ ਵਾਲੀ ਸੀ।

ਗੁਰੂ ਜੀ ਨੇ ਗੁਰਿਆਈ ਦੀ ਰਸਮ ਪੂਰੀ ਹੋਣ 'ਤੇ ਸੰਗਤ ਨੂੰ ਕਿਹਾ, 'ਪੁੱਤਰ ਹੋ ਜਾਂਦੇ ਹਨ, ਪਰ ਸਿੱਖ ਬਣਨਾ ਪੈਂਦਾ ਹੈ। ਹੋ ਜਾਣਾ ਆਮ ਗੱਲ ਹੈ, ਪਰ ਬਣਨਾ ਵਿਸ਼ੇਸ਼ ਘਾਲਣਾ ਦਾ ਸਿੱਟਾ ਹੈ। ਪੁੱਤਰ ਨੂੰ ਸਿੱਖ ਬਣਨ ਦੀ ਕੋਈ ਮਨਾਹੀ ਨਹੀਂ। ਉਹ ਭੀ ਕਮਾਈਆਂ ਕਰ ਸਕਦਾ ਹੈ। ਪੁੱਤਰ ਦੇ ਨਾਲ ਸਿੱਖ ਭੀ ਬਣ ਸਕਦਾ ਹੈ।

'ਤੁਸੀਂ ਸਾਰੇ ਸਿੱਖ ਹੋ, ਤੁਸੀਂ ਮਸ਼ੱਕਤਾਂ ਕੀਤੀਆਂ ਹਨ। ਤੁਸੀਂ ਸਰੋਵਰ ਪੁੱਟਿਆ। ਤੁਸੀਂ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਕੀਤੀ। ਤੁਸੀਂ ਸੁੱਚੀ ਕਿਰਤ ਨਾਲ ਅਤੇ ਖਰੇ ਸੌਦੇ ਨਾਲ ਨਗਰੀ ਨੂੰ ਸਤਿਕਾਰ ਯੋਗ ਬਣਾਇਆ।'

ਸਾਰੀਆਂ ਸੰਗਤਾਂ ਦੇ ਹਿਰਦੇ ਤੜਫ ਰਹੇ ਸਨ। ਸ਼ੇਰਾਂ ਵਾਂਗ ਬਿਫਰ ਰਹੀਆਂ ਸਨ। ਸਿੱਖਾਂ ਦੀਆਂ ਅੱਖਾਂ ਰੋ-ਰੋ ਕੇ ਸੁੱਜੀਆਂ ਭੀ ਸਨ ਅਤੇ ਉਨ੍ਹਾਂ ਵਿੱਚੋਂ ਅੱਗ ਦੀਆਂ ਚੰਗਿਆੜੀਆਂ ਭੀ ਨਿਕਲ ਰਹੀਆਂ ਸਨ। ਕਈ ਬੱਦਲਾਂ ਵਾਂਗ ਗਰਜੇ ਅਤੇ ਬਿਜਲੀ ਵਾਂਗ ਕੜਕੇ ਸਨ। ਸਿੱਖ ਦੰਦੀਆਂ ਪੀਂਹਦੇ ਕਚੀਚੀਆਂ ਵੱਟ ਰਹੇ ਸਨ।

ਕੁਝ ਚਿਰ ਗੁਰੂ ਜੀ ਚੁੱਪ ਕਰ ਗਏ ਅਤੇ ਫਿਰ ਠਰੰਮੇ ਨਾਲ ਬੋਲੇ, 'ਸਾਡਾ ਸਭ ਤੋਂ ਵੱਡਾ ਕਸੂਰ ਇਹ ਹੈ ਕਿ ਸਾਡੇ ਵਿਚ ਕੋਈ ਕਸੂਰ ਨਹੀਂ ਹੈ, ਸਾਡਾ ਇਕ ਦੂਜੇ ਵਿਚ ਜੜ੍ਹਾਂ ਲਾ ਕੇ ਸੰਘਣਾ ਵੱਸਣਾ ਸਰਕਾਰ ਨੂੰ ਪ੍ਰਵਾਨ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਰਦਾਨਾ, ਨਾ ਪੰਡਿਤਾਂ ਨੂੰ ਚੰਗਾ ਲੱਗਾ ਅਤੇ ਨਾ ਵਲੀ ਕੰਧਾਰੀ ਨੂੰ। ਬਾਬਰ ਦੀ ਕਤਲਾਮ ਦੇ ਖ਼ੂਨੀ ਸੋਹਲੇ ਬਾਬਰ ਕਿਵੇਂ ਸੁਣ ਸਕਦਾ ਸੀ? ਅਤੇ ਬਾਬਰ ਦੀ ਫ਼ੌਜ ਨੂੰ ਪਾਪਾਂ ਦੀ ਜੰਞ ਕਹਿਣ ਵਾਲੇ ਨੂੰ ਜੇਲ੍ਹ ਵਿਚ ਸੁੱਟਣਾ ਅਤੇ ਉਨ੍ਹਾਂ ਕੋਲੋਂ ਚੱਕੀ ਪਿਹਾਉਣੀ ਜ਼ਰੂਰੀ ਸੀ।

ਜਿਹੜਾ ਬੱਚਿਆਂ ਨੂੰ ਘੁਲਾਏ ਅਤੇ ਸੋਚੀ ਖੇਡਣ ਦੀ ਪ੍ਰੇਰਨਾ ਦੇਵੇ ਅਤੇ ਆਪਣੇ ਸਿੱਖਾਂ ਲਈ ਦਿਨਾਂ ਵਿਚ ਪੜ੍ਹਾਉਣ ਵਾਲੀ ਪੈਂਤੀ ਤਿਆਰ ਕਰ ਲਏ ਅਤੇ ਫਿਰ ਹਾਕਮ ਆਉਣ ਉੱਪਰ ਭੀ ਬੇ-ਪ੍ਰਵਾਹੀ ਕਰੇ ਅਤੇ ਉੱਠ ਕੇ ਰਾਜੇ ਨੂੰ ਕਮਾਨ ਵਾਂਗ ਝੁਕ ਕੇ ਸਲਾਮ ਨਾ ਕਰੇ ਤਾਂ ਉਸ ਦਾ ਸਿਰ ਕੱਟਣ ਦਾ ਰਾਜੇ ਨੂੰ ਅਧਿਕਾਰ ਹੈ। ਉਪਰਲੀਆਂ ਸਾਰੀਆਂ ਗੱਲਾਂ ਰਾਜ ਨੂੰ ਢਾਹ ਲਾਉਣ ਵਾਲੀਆਂ ਹਨ।

ਜਿਹੜਾ ਵਰਣ-ਆਸ਼ਰਮ ਦੀਆਂ ਕੰਧਾਂ ਲੰਗਰ ਲਾ ਕੇ ਢਾਹ ਦੇਵੇ, ਉਹ ਦੋਸ਼ੀ ਹੈ ਅਤੇ ਉਸ ਨੂੰ ਸਰਕਾਰੀ ਕਚਹਿਰੀ ਵਿਚ ਹਾਜ਼ਰ ਹੋ ਕੇ ਸਾਬਤ ਕਰਨਾ ਪਵੇਗਾ ਕਿ ਉਹ ਨਿਰਦੋਸ਼ ਹੈ। ਗੁਰਦੇਵ ਪਿਤਾ ਜੀ ਨੇ ਮਸਜਿਦਾਂ ਵਿਚ ਮੰਦਰ ਅਤੇ ਮੰਦਰਾਂ ਵਿਚ ਮਸੀਤਾਂ ਬਣਾ ਦਿੱਤੀਆਂ ਹਨ।

ਮੁਸਲਮਾਨ ਨਿਮਾਜ਼ ਨਾਲ ਜਪੁ ਪੜ੍ਹਣ ਲੱਗ ਪਏ ਹਨ ਅਤੇ ਹਿੰਦੂ ਗੀਤਾ ਦੇ ਨਾਲ ਸੁਖਮਨੀ ਸਾਹਿਬ ਪੜ੍ਹਨ ਲੱਗ ਪਏ ਹਨ। ਸਾਰੇ ਧਰਮਾਂ ਦੇ ਆਦਮੀ ਸਵੇਰੇ ਆਸਾ ਦੀ ਵਾਰ ਅਤੇ ਰਾਤ ਨੂੰ ਸੋ ਦਰੁ ਦਾ ਪਾਠ ਇਕੱਠੇ ਕਰਦੇ ਹਨ। ਉਨ੍ਹਾਂ ਦਾ ਨਿਸ਼ਾਨਾ ਹੈ ਕਿ ਕਰਤਾ ਪੁਰਖ ਦਾ ਇਕ ਧਰਮ ਹੈ, ਉਹ ਆਪ ਇਕ ਹੈ, ਇਸ ਕਰਕੇ ਉਸ ਇਕ ਦੇ ਦੋ ਧਰਮ ਨਹੀਂ ਹੋ ਸਕਦੇ। ਕਲਜੁਗ ਵਿਚ ਮਾਇਆ ਧੜੇ ਪੈਦਾ ਕਰਦੀ ਹੈ ਅਤੇ ਕਾਮ, ਕ੍ਰੋਧ, ਈਰਖਾ ਅਤੇ ਨਫ਼ਰਤ ਵੈਰ ਵਿਰੋਧ ਨਾਲ ਇਕ ਦੂਜੇ ਨੂੰ ਮਾਰਦੇ-ਮਾਰਦੇ ਸਾਰੇ ਧੜੇ ਵਿਨਾਸ਼ ਦੇ ਮੂੰਹ ਵਿਚ ਜਾ ਪੈਂਦੇ ਹਨ। ਸਾਡਾ ਧੜਾ ਸਮਰੱਥ ਦਾ ਹੈ। ਧਰਮ ਦੇ ਧੜੇ ਵਿਚ ਕੋਈ ਵਿਰੋਧੀ ਨਹੀਂ ਹੁੰਦਾ। ਉਸ ਵਿਚ ਕਦੇ ਵਾਦ-ਵਿਵਾਦ ਨਹੀਂ ਹੁੰਦਾ। ਵਾਦ ਲਈ ਦੋ ਦਾ ਹੋਣਾ ਇਕ ਸ਼ਰਤ ਹੈ ਪਰ ਅਸੀਂ ਇਕ ਹਾਂ।

ਗੁਰੂ ਪਿਤਾ ਜੀ ਜਾਂਦੇ ਹੋਏ ਫੈਸਲਾ ਕਰ ਗਏ ਹਨ। ਹਥਿਆਰ ਚੁੱਕ ਲਵੋ। ਪੰਜੇ ਪਿਆਲੇ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਨਾਲ ਭਰੇ ਹੋਏ ਸਨ। ਸਤ ਦੀ ਸਿਖਰ ਨੂੰ ਛੂਹ ਲਿਆ ਹੈ। ਸੰਤੋਖ ਦੀ ਹੱਦ ਭੀ ਮੁਕਾ ਦਿੱਤੀ ਹੈ। ਦਇਆ ਦੀ ਚੋਟੀ ਭੀ ਸਰ ਕਰ ਲਈ ਗਈ ਹੈ। ਧਰਮ ਦਾ ਸਰੂਪ ਨਿਖਾਰ ਦਿੱਤਾ ਹੈ। ਧੀਰਜ ਦਾ ਨਮੂਨਾ ਤੁਹਾਡੇ ਸਾਹਮਣੇ ਹੈ।

ਅਸੀਂ ਹੁਣ ਫਰਿਆਦੀ ਨਹੀਂ ਬਣਨਾ। ਮੰਗਤਿਆਂ ਨੂੰ ਕੋਈ ਮਨ ਚਾਹੀ ਚੀਜ਼ ਨਹੀਂ ਦਿੰਦਾ। ਪਰਾਏ ਦਰ 'ਤੇ ਅਲਖ ਜਗਾਉਣ ਨਾਲੋਂ ਮਰਨਾ ਹਜ਼ਾਰ ਗੁਣਾਂ ਚੰਗਾ ਹੈ। ਅਸੀਂ ਭੇਡਾਂ ਵਾਂਗ ਸਿਰ ਝੁਕਾ ਕੇ ਨਹੀਂ ਮਰਨਾ। ਸ਼ੇਰ ਵਾਂਗ ਸਾਹਮਣੇ ਡਟ ਕੇ ਮਰਨਾ ਹੈ।

ਕੁਝ ਚਿਰ ਚੁੱਪ ਕਰਕੇ ਗੁਰਦੇਵ ਜੀ ਉੱਚੀ ਅਵਾਜ਼ ਵਿਚ ਬੋਲੇ ਕਿ ਮੇਰੇ ਦੋਹਾਂ ਹੱਥਾਂ ਵਿਚ ਦੋ ਤਲਵਾਰਾਂ ਹਨ। ਇਹ ਦੋ ਹੁੰਦਿਆਂ ਭੀ ਇਕੱਲੀਆਂ ਹਨ ਜਿਤਨਾ ਚਿਰ ਹਰ ਸਿੱਖ ਕੋਲ ਦੋ ਦੋ ਤਲਵਾਰਾਂ ਨਾ ਹੋਣ। ਦੋ-ਦੋ ਪਿਸਤੌਲ ਨਾ ਹੋਣ। ਦੋ-ਦੋ ਤੁਪਕਾਂ ਨਾ ਹੋਣ। ਦੋ-ਦੋ ਘੋੜੇ ਨਾ ਹੋਣ। ਦੋ-ਦੋ ਤੋਪਾਂ ਨਾ ਹੋਣ।

ਵੱਡੇ ਕੰਮ ਲਈ ਬਹੁਤ ਸਾਰੇ ਹੱਥ ਚਾਹੀਦੇ ਹਨ। ਇਕੱਲੇ ਹਥਿਆਰ ਭੀ ਨਿਰਜਿੰਦ ਹੁੰਦੇ ਹਨ। ਕਾਇਰ ਦੇ ਹੱਥ ਫੜੀ ਤਲਵਾਰ ਨੂੰ ਲਾਹਨਤਾਂ ਪੈਂਦੀਆਂ ਹਨ। ਅਨਜਾਣ ਸਵਾਰ ਘੋੜੇ ਨੂੰ ਖੋਤਾ ਬਣਾ ਕੇ ਰੱਖ ਦਿੰਦਾ ਹੈ। ਨਿਸ਼ਾਨੇ-ਹੀਣ ਦੀ ਤੋਪ ਦਾ ਗੋਲਾ ਆਤਸ਼ਬਾਜ਼ੀ ਦਾ ਗੋਲਾ ਬਣ ਕੇ ਰਹਿ ਜਾਂਦਾ ਹੈ।

ਕੋਈ ਇਕ ਭੀ ਸਿੱਖ ਕਮਜ਼ੋਰ ਨਾ ਰਹਿ ਜਾਵੇ। ਸਰੀਰ ਨੂੰ ਲੋਹਗੜ੍ਹ ਬਣਾਓ। ਪਿੰਡ ਪਿੰਡ ਗਤਕੇ ਖੇਡਣੇ ਸ਼ੁਰੂ ਕਰ ਦਿਓ। ਨੇਜ਼ੇ-ਬਾਜ਼ੀ ਦਾ ਅਭਿਆਸ ਸ਼ੁਰੂ ਕਰ ਦਿਓ। ਘੋੜ ਦੌੜਾਂ ਦੇ ਟਾਕਰੇ ਸ਼ੁਰੂ ਕਰ ਦਿਓ। ਉਹ ਜਵਾਨੀ ਸਰਾਪੀ ਹੈ, ਜਿਹੜੀ ਦੇਸ਼ ਦੇ ਕੰਮ ਨਹੀਂ ਆਉਂਦੀ। ਉਹ ਭੱਠੀ ਕੌਮ ਦੀ ਚਿਖਾ ਹੈ, ਜਿਹੜੀ ਹਥਿਆਰ ਨਹੀਂ ਬਣਾਉਂਦੀ।

ਮੁਟਿਆਰਾਂ ਤ੍ਰਿੰਵਣ ਲਾਉਣ ਅਤੇ ਸੂਰਮਿਆਂ ਦੇ ਜ਼ਖ਼ਮਾਂ ਉੱਪਰ ਪੱਟੀਆਂ ਬੰਨ੍ਹਣ ਲਈ ਕਤੌਣਾ, ਸੂਈ ਵਿਚ ਧਾਗਾ ਪਾਉਣਾ, ਨਿਸ਼ਾਨੇ ਬੰਨ੍ਹਣ ਨਾਲੋਂ ਔਖਾ ਨਹੀਂ ਹੈ। ਆਪਣੇ ਘਰਾਂ ਨੂੰ ਇਕ ਮੋਰਚਾ ਬਣਾ ਦਿਓ। ਜਿਤਨਾ ਚਿਰ ਹਰ ਘਰ ਗੁਰੂ ਦਾ ਲੰਗਰ ਨਾ ਬਣ ਜਾਵੇ। ਹਰ ਘਰ

ਗੁਰੂ ਦਾ ਨਾ ਹੋ ਜਾਵੇ, ਹਰ ਘਰ ਦੇ ਆਦਮੀ ਗੁਰੂ ਦੇ ਨਾਲ ਨਾ ਹੋ ਜਾਣ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਰਾਜ ਨਹੀਂ ਹੋ ਸਕਦਾ।

ਤੱਤੀ ਲੋਹ ਇਕ ਵਾਰ ਹੋਈ ਹੈ ਪਰ ਇਸ ਦਾ ਸੇਕ ਹਯਾਤੀ ਤਕ ਸਾਡੇ ਲਹੂ ਨੂੰ ਗਰਮ ਕਰਦਾ ਰਹੇਗਾ। ਸੀਸ ਉੱਪਰ ਇਕ ਵਾਰ ਰੇਤਾ ਪਿਆ ਹੈ ਪਰ ਇਹ ਸਿੱਖ ਕੌਮ ਨੂੰ ਕਦੇ ਭੀ ਲੰਮੀਆਂ ਤਾਣ ਕੇ ਸੌਣ ਨਹੀਂ ਦੇਵੇਗਾ। ਦੇਗ ਇਕ ਵਾਰ ਉਬਾਲੀ ਹੈ ਪਰ ਸਾਡਾ ਖ਼ੂਨ ਜ਼ੁਲਮ ਦੇ ਵਿਰੁੱਧ ਸਦਾ ਲਈ ਉਬਲਦਾ ਰਹੇਗਾ। ਸੱਚੇ ਰਾਜ ਦਾ ਝੰਡਾ ਧਰਮ ਦਾ ਹੁੰਦਾ ਹੈ, ਉਸ ਦੇ ਫਰਹੇ ਸੱਚ ਦੇ ਹੁੰਦੇ ਹਨ ਜਿੱਥੇ ਨਿਰਦੋਸ਼ ਮਾਰੇ ਜਾਂਦੇ ਹੋਣ, ਉਹ ਰਾਜ ਨਹੀਂ ਕਸਾਈ ਘਰ ਹੁੰਦਾ ਹੈ। ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ੌਜ ਹੋ। ਇਸ ਸੈਨਾ ਦਾ ਸੱਚਾ ਸੈਨਿਕ ਉਹ ਹੈ ਜੋ ਤੰਗਲੀ, ਸਲਘਤ ਤਲਵਾਰ ਦੀ ਮੁੱਠ ਇਕੋ ਜਿਹੇ ਸਮਝਣ ਲੱਗ ਪਏ। ਹੱਲ ਦੀ ਕਿੱਲੀ ਅਤੇ ਕਹੀ ਦਾ ਦਸਤਾ ਤੇ ਬੰਦੂਕ ਫੜਨ ਵੇਲੇ ਕੁਝ ਓਪਰਾ-ਓਪਰਾ ਨਾ ਸਮਝੇ। ਜਿਤਨੇ ਚਾਅ ਨਾਲ ਫਸਲ ਵੱਢੀਦੀ ਹੈ, ਉਤਨੇ ਚਾਅ ਨਾਲ ਜ਼ਾਲਮਾਂ ਦੇ ਮਕੜੇ ਲਾ ਲਵੇ। ਹੁਣ ਤੁਸੀਂ ਦਸਵੰਧ ਮਾਇਆ ਦਾ ਭੀ ਕੱਢੋ। ਸਮੇਂ ਦਾ ਦਸਵੰਧ ਭੀ ਕੱਢੋ ਅਤੇ ਕਿਰਤ ਦਾ ਭੀ ਦਸਵੰਧ ਕੱਢੋ।

ਅਸੀਂ ਲੜਨਾ ਨਹੀਂ ਚਾਹੁੰਦੇ ਪਰ ਸਾਨੂੰ ਲੜਨ ਲਈ ਮਜ਼ਬੂਰ ਕੀਤਾ ਜਾਣਾ। ਲੜਨਾ ਮਜ਼ਬੂਰੀ ਹੈ ਪਰ ਜਿੱਤਣਾ ਜ਼ਰੂਰੀ ਹੈ। ਲੜਾਈ ਬੰਦਿਆਂ ਅਤੇ ਹਥਿਆਰਾਂ ਨਾਲ ਲੜੀ ਜਾਂਦੀ ਹੈ ਪਰ ਆਦਰਸ਼ ਨਾਲ ਜਿੱਤੀ ਜਾਂਦੀ ਹੈ। ਉਤਸ਼ਾਹ, ਉਮਾਹ, ਚਾਅ ਅਤੇ ਬਲ ਸਰੀਰ ਨਾਲੋਂ ਬਹੁਤਾ ਮਨ ਵਿਚ ਹੁੰਦਾ ਹੈ। ਜਿਹੜੀ ਫ਼ੌਜ ਸਿਰ ਉੱਪਰ ਕਫਨ ਬੰਨ੍ਹ ਕੇ ਲੜਦੀ ਹੈ, ਉਹ ਕਫਨ ਵੈਰੀ ਲਈ ਹੁੰਦਾ ਹੈ। ਜਿਹੜੀ ਸੈਨਾ ਮਨ ਵਿਚ ਡਰ ਲੈ ਕੇ ਲੜਦੀ ਹੈ, ਉਹ ਆਪਣੇ ਨਾਲ ਆਪਣੇ ਲਈ ਕਬਰਸਤਾਨ ਪੱਟ ਕੇ ਮੈਦਾਨ ਵਿਚ ਲੈ ਆਉਂਦੀ ਹੈ।

ਮੇਰੀ ਇਕ ਗੱਲ ਯਾਦ ਰੱਖਣੀ, ਸਮਾਂ ਕਦੇ ਭੀ ਥੋੜ੍ਹਾ ਨਹੀਂ ਹੁੰਦਾ। ਅਸੀਂ ਯਤਨ ਥੋੜ੍ਹੇ ਕਰਦੇ ਹਾਂ, ਥੋੜ੍ਹੇ ਸਮੇਂ ਵਿਚ ਵੱਡੇ ਯਤਨ ਕੀਤੇ ਜਾ ਸਕਦੇ ਹਨ, ਬਹੁਤਾ ਸਮਾਂ ਸਲਾਹਾਂ ਵਿਚ ਗਵਾਇਆ ਜਾ ਸਕਦਾ ਹੈ। ਤੁਸੀਂ ਸਮੇਂ ਵੱਲ ਵੇਖਣ ਦੀ ਥਾਂ 'ਤੇ ਆਪਣੇ ਬਾਹੂ-ਬਲ ਦੀ ਵਰਤੋਂ ਕਰਨੀ ਹੈ। ਗੰਭੀਰ ਹੋ ਕੇ ਗੁਰੂ ਜੀ ਨੇ ਕਿਹਾ:

'ਮੈਂ ਤੁਹਾਨੂੰ ਸ਼ਬਦ ਦੇ ਕੇ, ਖਿਆਲ ਦੇ ਕੇ, ਪ੍ਰੇਰਨਾ ਦੇ ਕੇ ਆਦਰਸ਼ ਦੇ ਕੇ ਤੋਰ ਰਿਹਾਂ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਉੱਪਰ ਉਨ੍ਹਾਂ ਹਥਿਆਰਾਂ ਦੇ ਹਾਰ ਚੜ੍ਹਨਗੇ, ਜਿਹੜੇ ਬਾਣੀ ਪੜ੍ਹਦਿਆਂ ਚੱਲਦੇ ਰਹੇ ਹੋਣਗੇ ਅਤੇ ਬਾਣੀ ਦੇ ਆਦਰਸ਼ਾਂ ਲਈ ਚੁੱਕੇ ਗਏ ਹੋਣਗੇ।'

ਕੁਝ ਚੁਪ ਕਰ ਕੇ ਗੁਰੂ ਜੀ ਬੋਲੇ:

'ਇਹ ਤਲਵਾਰਾਂ ਫੜੀਆਂ ਅੱਜ ਹਨ ਪਰ ਅੱਜ ਤੋਂ ਪਿੱਛੋਂ ਇਹ, ਸਾਡਾ ਇਕ ਅੰਗ ਬਣ ਕੇ ਰਹਿਣਗੀਆਂ। ਇਹ ਕੇਵਲ ਇਸ ਪੀੜ੍ਹੀ ਦੇ ਬਿਰਧਾਂ, ਜਵਾਨਾਂ ਅਤੇ ਬੱਚਿਆਂ ਲਈ ਨਹੀਂ ਹਨ। ਸਾਡੀ ਹਰ ਪੀੜ੍ਹੀ, ਇਹ ਵਿਰਸਾ ਆਉਣ ਵਾਲੀ ਪੀੜੀ ਨੂੰ ਸੌਂਪ ਕੇ ਜਾਵੇਗੀ। ਅਸੀਂ ਪਹਿਲਾਂ ਸੰਤ ਹਾਂ ਅਤੇ ਫਿਰ ਸਿਪਾਹੀ ਹਾਂ।'

ਵਿਸ਼ਵ ਇਤਿਹਾਸ ਦੇ ਵਿਦਿਆਰਥੀ ਇਹ ਪੜ੍ਹ ਕੇ ਹੈਰਾਨ ਹੋ ਜਾਂਦੇ ਹਨ ਕਿ ਸ੍ਰੀ ਅੰਮ੍ਰਿਤਸਰ ਚਾਰ ਸਾਲ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਤੀਰਥ ਦੇ ਨਾਲ-ਨਾਲ ਇਕ ਅਜਿੱਤ ਲੋਹਗੜ੍ਹ ਕਿਲ੍ਹਾ ਭੀ ਬਣ ਗਿਆ। ਇਸ ਦੇ ਚਾਰ-ਚੁਫੇਰੇ ਰੱਖਿਆ ਲਈ ਫ਼ੌਜੀ ਕੰਧ ਬਣ ਗਈ। ਗੁਰੂ ਜੀ ਕੋਲ ਅੱਗ ਵਿਚ, ਦਰਿਆ ਵਿਚ ਅਤੇ ਵਰ੍ਹਦੀਆਂ ਗੋਲੀਆਂ ਵਿਚ ਤੀਰ ਵਾਂਗ ਨਿਸ਼ਾਨੇ ਉੱਪਰ ਪਹੁੰਚਣ ਵਾਲੇ ਫ਼ੌਜੀ ਢੰਗਾਂ ਅਨੁਸਾਰ ਸਾਧੇ ਹੋਏ ਅੱਠ ਸੌ ਘੋੜੇ ਸਨ। ਤਿੰਨ ਸੌ ਉਹ ਘੋੜ-ਸਵਾਰ ਸਨ ਜੋ ਬਿਜਲੀ ਵਾਂਗ ਕੜਕੇ ਦੁਸ਼ਮਣ 'ਤੇ ਵਾਰ ਕਰਦੇ ਸਨ। ਸੱਠ ਤੋਪਚੀ ਸਨ, ਜਿਨ੍ਹਾਂ ਦਾ ਨਿਸ਼ਾਨਾ ਕਦੇ ਭੀ ਚੁਕਦਾ ਨਹੀਂ ਸੀ। ਸਾਰੇ ਸਿੱਖ ਸੰਤ, ਸੰਤ ਸਿਪਾਹੀ ਬਣ ਗਏ। ਕੇਵਲ 20 ਸਾਲ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਸਾਰੀ ਕੌਮ ਫ਼ੌਜੀ ਭੀ ਬਣ ਗਈ ਅਤੇ ਥੋੜ੍ਹੇ ਸਾਲਾਂ ਵਿਚ ਚਾਰ ਭਿਆਨਕ ਲੜਾਈਆਂ ਲੜੀਆਂ ਭੀ ਅਤੇ ਜਿੱਤੀਆਂ ਭੀ। ਮਚਦੀ ਜੰਗ ਵਿਚ ਜੰਞ ਭੀ ਆਈ ਅਤੇ ਬੀਬੀ ਵੀਰੋ ਜੀ ਦੀ ਸ਼ਾਦੀ ਭੀ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੂੰ ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਪਰ ਬਿਰਧ ਬਾਬਾ ਬੁੱਢਾ ਸਾਹਿਬ ਜੀ ਨੇ ਰਹਰਾਸਿ ਦੇ ਪਾਠ ਪਿੱਛੋਂ ਇਕ ਚੌਂਕੀ ਅਰੰਭ ਕਰ ਦਿੱਤੀ; ਜਿਸ ਵਿਚ ਬਿਰਧ ਬਾਬਾ ਜੀ ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿਰੀ ਸਾਹਿਬ ਜੀ ਲੈ ਕੇ ਚੱਲਦੇ ਸਨ। ਇਹ ਚੌਂਕੀ ਰੁੱਤਾਂ ਅਨੁਸਾਰ ਰਾਗ-ਬੱਧ ਰੀਤਾਂ ਵਿਚ ਪਰ ਜੋਟੀਆਂ ਵਿਚ ਸ਼ਬਦ ਪੜ੍ਹਦੀ ਸਰੋਵਰ ਦੀ ਅਤੇ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਕਰਦੀ। ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਇਸ ਚੌਂਕੀ ਦੇ ਨਾਲ ਹੁੰਦੀਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਉੱਠ ਕੇ ਖੜ੍ਹੋ ਜਾਂਦੀਆਂ ਅਤੇ ਹੱਥ ਜੋੜ ਕੇ ਸਤਿਕਾਰ ਕਰਦੀਆਂ ਅਤੇ ਮੱਥਾ ਟੇਕਦੀਆਂ।

ਬਾਬਾ ਜੀ ਸ੍ਰੀ ਅੰਮ੍ਰਿਤਸਰ ਤੋਂ ਪ੍ਰੇਮੀਆਂ ਦੀਆਂ ਨਿੱਕੀਆਂ-ਨਿੱਕੀਆਂ ਚੌਂਕੀਆਂ ਗੁਆਲੀਅਰ ਦੇ ਕਿਲ੍ਹੇ ਵੱਲ ਭੀ ਭੇਜਦੇ ਜੋ ਨੰਗੇ ਪੈਰੀਂ ਗੁਰੂ ਦੇ ਸ਼ਬਦ ਪੜ੍ਹਦੀਆਂ ਅਤੇ ਪੜਾਅ ਕਰਦੀਆਂ-ਕਰਦੀਆਂ ਗੁਆਲੀਅਰ ਦੇ ਕਿਲ੍ਹੇ ਦੀਆਂ ਕੰਧਾਂ ਕੋਲ ਪਹੁੰਚਦੀਆਂ ਅਤੇ ਅਰਦਾਸਾਂ ਕਰਦੀਆਂ। ਮੱਥਾ ਟੇਕ ਕੇ ਫਿਰ ਸ਼ਬਦ ਪੜ੍ਹਦੀਆਂ ਅਤੇ ਪੜਾਅ ਕਰਦੀਆਂ ਫਿਰ ਸ੍ਰੀ ਅੰਮ੍ਰਿਤਸਰ ਪਹੁੰਚ ਜਾਂਦੀਆਂ।

ਇਹ ਅੰਮ੍ਰਿਤ ਚੌਂਕੀਆਂ ਦੀ ਇਕ ਲੰਮੀ ਮਾਹਲ ਸ੍ਰੀ ਅੰਮ੍ਰਿਤਸਰ ਤੋਂ ਲੈ ਕੇ ਕਿਲ੍ਹਾ ਗੁਆਲੀਅਰ ਵਿਚ ਦਿਨ-ਰਾਤ ਚੱਲਦੀ ਰਹਿੰਦੀ ਸੀ। ਰਾਹ ਵਿਚ ਆਉਣ ਵਾਲੇ ਪਿੰਡਾਂ ਦੇ ਲੋਕ ਇਨ੍ਹਾਂ ਕੋਲੋਂ ਗੁਰੂ ਦੀਆਂ ਗੱਲਾਂ ਸੁਣਦੇ ਤਾਂ ਪਹਿਲਾਂ ਉਨ੍ਹਾਂ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਅਤੇ ਫਿਰ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਭੀ ਚੰਗਿਆੜੀਆਂ ਨਿਕਲਣ ਲੱਗ ਪੈਂਦੀਆਂ।

ਬਾਬਾ ਬੁੱਢਾ ਸਾਹਿਬ ਜੀ ਦੀ ਇਹ ਚਲਾਈ ਹੋਈ ਜੋਸ਼ੀਲੀ ਅਤੇ ਜਵਾਨ ਲਹਿਰ ਨੇ ਹਕੂਮਤ ਦਾ ਤਖ਼ਤਾ ਹਿਲਾ ਕੇ ਰੱਖ ਦਿੱਤਾ। ਉਹ ਸੋਚਣ ਲੱਗ ਪਈ। ਗੁਰੂ ਨੂੰ ਸ਼ਹੀਦ ਕਰਨਾ ਭਿਆਨਕ ਭੁੱਲ ਸੀ। ਗੁਰੂ ਨੂੰ ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕਰਨਾ ਬਲਦੀ ਅੱਗ ਉੱਪਰ ਤੇਲ ਪਾਉਣ ਵਾਲੀ ਗੱਲ ਹੈ।

ਕਮਾਲ ਦੀ ਗੱਲ ਇਹ ਹੈ ਕਿ ਹਕੂਮਤ ਗੁਰੂ ਨੂੰ ਕਿਲ੍ਹੇ ਤੋਂ ਬਾਹਰ ਲਿਆਉਣਾ ਚਾਹੁੰਦੀ ਹੈ। ਗੁਰੂ ਜੀ ਹਕੂਮਤ ਅੱਗੇ ਸ਼ਰਤ ਰੱਖਦੇ ਹਨ। ਬਵਿੰਜਾ ਰਾਜੇ ਮੇਰੇ ਨਾਲ ਰਿਹਾਅ ਕਰੋ। ਸਰਕਾਰ ਆਪਣਾ ਵੱਕਾਰ ਕਾਇਮ ਕਰਨ ਲਈ ਕਹਿੰਦੀ ਹੈ, 'ਤੁਹਾਡਾ ਲੜ ਫੜ ਕੇ ਬਾਹਰ ਆ ਸਕਦੇ ਹਨ।'

ਉਹ ਤੇ ਪਹਿਲੇ ਹੀ ਲੜ ਫੜ ਚੁੱਕੇ ਸਨ। ਗੁਰੂ 'ਸ਼ਰਨ ਦਾ ਸੂਰਮਾ' ਹੈ, ਜਿਹੜਾ ਸ਼ਰਨ ਆਵੇ, ਉਸ ਦੀ ਰੱਖਿਆ ਕਰਦਾ ਹੈ।

ਰਾਜਾ ਬੰਦੀਵਾਨ ਬਣਾ ਕੇ ਗੁਆਲੀਅਰ ਦੇ ਕਿਲ੍ਹੇ ਵਿਚ ਭੇਜਦਾ ਹੈ, ਗੁਰੂ ਬੰਦੀ-ਛੋੜ ਬਣ ਕੇ ਕਿਲ੍ਹੇ ਵਿੱਚੋਂ ਬਾਹਰ ਆਉਂਦਾ ਹੈ।

ਪੰਥ ਗੁਰੂ-ਰੂਪ ਹੈ ਜੋ ਮਿਲ ਕੇ ਚਾਹੇ ਗੁਰਬਾਣੀ ਅਨੁਸਾਰ,

ਪ੍ਰਮਾਣਿਕ ਇਤਿਹਾਸ ਅਨੁਸਾਰ ਅਤੇ ਪਰੰਪਰਾ ਅਨੁਸਾਰ ਫੈਸਲਾ ਕਰ ਸਕਦਾ ਹੈ। ਪਰ, ਇਹ ਗੁਰੂਆਂ ਦਾ ਫੈਸਲਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਉੱਪਰ ਅਕਾਲ ਪੁਰਖ ਬਿਰਾਜਮਾਨ ਹਨ। ਬਾਕੀ ਸਾਰੇ ਸੇਵਾਦਾਰ ਹਨ, ਕੋਈ ਮੁਖੀ ਸੇਵਾਦਾਰ ਹੈ ਤੇ ਕੋਈ ਸੇਵਾਦਾਰ ਹਨ।

੭/੧੯੯੦

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਪ੍ਰਭਾਵ

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ-ਪੰਥ ਦੀ ਧਾਰਮਿਕ ਤੇ ਸਿਆਸੀ ਜ਼ਿੰਦਗੀ ਉੱਪਰ ਅਮਿਟ ਛਾਪ ਛੱਡੀ ਹੈ। ਜਦੋਂ ਵੀ ਅਸੀਂ ਇਸ ਸੰਸਥਾ ਦੇ ਉਦੈ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਡਾ ਧਿਆਨ ਸਹਿਜੇ ਹੀ ਮੀਰੀ-ਪੀਰੀ ਦੇ ਸਿਧਾਂਤ ਵੱਲ ਖਿੱਚਿਆ ਜਾਂਦਾ ਹੈ। ਅਸਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦਾ ਮੀਰੀ-ਪੀਰੀ ਦੇ ਸਿਧਾਂਤ ਨਾਲ ਅਟੁੱਟ ਰਿਸ਼ਤਾ ਹੈ। ਇਨ੍ਹਾਂ ਦੋਨਾਂ ਨੇ ਸਿੱਖ ਪੰਥ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰਨ ਵਿਚ ਬੜਾ ਯੋਗਦਾਨ ਪਾਇਆ ਹੈ। ਅੱਜ ਵੀ ਸਿੱਖ-ਪੰਥ ਦੀ ਰਾਜਨੀਤੀ ਤੇ ਇਸ ਦੇ ਰਾਜ ਪਤੀ ਰਵੱਈਏ ਨੂੰ ਸਮਝਣ ਲਈ ਮੀਰੀ-ਪੀਰੀ ਇਕ ਮੂਲ ਸਿਧਾਂਤ ਹੈ ਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਿੱਖ-ਪੰਥ ਦੇ ਧਾਰਮਿਕ ਤੇ ਰਾਜਨੀਤਿਕ ਅਧਿਕਾਰਾਂ ਲਈ ਮੁਗ਼ਲ ਸਰਕਾਰ ਨਾਲ ਲੜੇ ਸੈਨਿਕ ਸੰਘਰਸ਼ ਦੀ ਪ੍ਰਤੀਕ ਹੈ। ਇਸ ਦੀ ਸਥਾਪਨਾ ਦੇ ਫਲਸਰੂਪ ਸਿੱਖ-ਪੰਥ ਦੀ ਸੈਨਿਕ ਜਥੇਬੰਦੀ ਹੋਂਦ ਵਿਚ ਆਈ ਜਿਸ ਨੇ ਸਿੱਖ-ਪੰਥ ਨੂੰ ਜਬਰ-ਜ਼ੁਲਮ ਤੋਂ ਢੁਕਵੀਂ ਸੁਰੱਖਿਆ ਪ੍ਰਦਾਨ ਕੀਤੀ। ਇਸ ਸੰਸਥਾ ਨੇ ਸਿੱਖ-ਪੰਥ ਨੂੰ ਇਕ ਰਾਜਨੀਤਿਕ ਸ਼ਕਤੀ ਵਜੋਂ ਗਠਿਤ ਕਰਨ ਵਿਚ ਵੀ ਬੜਾ ਅਹਿਮ ਹਿੱਸਾ ਪਾਇਆ। ਸਿੱਖ-ਪੰਥ ਦੇ ਅਗਲੇਰੇ ਪੜਾਅ ਨੂੰ ਅਨੁਭਵ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਸਿੰਗਾਰੂ ਤੇ ਭਾਈ ਜੈਤੇ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ ਸੀ ਕਿ 'ਅਸਾਂ ਜੋ ਸ਼ਸਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ। ਸਮਾਂ ਕਲਯੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸਾਂ ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿਣਾ।' ਇਸੇ ਹੀ ਤਰ੍ਹਾਂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੇ ਸ਼ਹੀਦੀ ਸੰਦੇਸ਼ ਵਿਚ ਹਿਦਾਇਤ ਦਿੱਤੀ ਸੀ ਕਿ ਤਖ਼ਤ ਸਥਾਪਤ ਕਰੋ ਤੇ ਯਥਾਸ਼ਕਤ ਸੈਨਾ ਦਾ ਗਠਨ ਵੀ ਕਰੋ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਰੋਕਤ ਆਦੇਸ਼ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਸਤਹੀ ਪੱਧਰ ਉੱਤੇ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਪ੍ਰਤੀਕੂਲ ਜਾਪਦਾ ਹੈ।

ਸਿੱਖ ਧਰਮ ਦਾ ਪ੍ਰਚਾਰ ਤੇ ਸੰਗਠਨ ਕਰਦਿਆਂ ਸਿੱਖ ਗੁਰੂ ਸਾਹਿਬਾਨ ਨੂੰ ਅੰਦਰੂਨੀ ਤੇ ਬਾਹਰੀ ਦੋਨਾਂ ਤਰ੍ਹਾਂ ਦੀਆਂ ਵਿਰੋਧੀ ਤਾਕਤਾਂ ਦਾ ਸਾਹਮਣਾ ਕਰਨਾ ਪਿਆ। ਸਥਾਨਕ ਤੇ ਸੂਬਾਈ ਪੱਧਰ 'ਤੇ ਮੁਗ਼ਲ ਹਾਕਮਾਂ ਦੀ ਈਰਖਾ ਤੋਂ ਇਲਾਵਾ ਕੱਟੜ-ਪੰਥੀ ਮੁਲਾਣਿਆਂ ਤੇ ਹਿੰਦੂ ਪੁਜਾਰੀ ਸ਼੍ਰੇਣੀ ਦੀ ਵਿਰੋਧਤਾ ਵੀ ਜਰਨੀ ਪਈ। ਸਿੱਖ-ਪੰਥ ਅੰਦਰਲੇ ਵਿਘਨਕਾਰੀ ਤੱਤਾਂ ਨੇ ਮੁਗ਼ਲ ਹਾਕਮਾਂ ਨਾਲ ਸਾਜ਼ਬਾਜ਼ ਕਰ ਕੇ ਸਿੱਖ ਗੁਰੂ ਸਾਹਿਬਾਨ ਦੀ ਸਥਿਤੀ ਨੂੰ ਠੇਸ ਪਹੁੰਚਾਉਣ ਦੇ ਯਤਨ ਵੀ ਕੀਤੇ। ਪੰਚਮ ਪਾਤਸ਼ਾਹ ਦੇ ਸਮੇਂ ਮੀਣਾ ਸੰਪ੍ਰਦਾਇ ਨੇ ਗੁਰੂ ਸਾਹਿਬ ਬਾਰੇ ਸਰਕਾਰੀ ਹਲਕਿਆਂ ਵਿਚ ਗ਼ਲਤ-ਫ਼ਹਿਮੀਆਂ ਫੈਲਾਉਣ ਦੀਆਂ ਸਾਜ਼ਿਸ਼ਾਂ ਵੀ ਰਚੀਆਂ। ੧੬੦੫ ਈ. ਵਿਚ ਬਾਦਸ਼ਾਹ ਅਕਬਰ ਦੀ ਮੌਤ ਉਪਰੰਤ ਮੁਗ਼ਲ ਸਰਕਾਰ ਨੇ ਧਾਰਮਿਕ ਤੌਰ 'ਤੇ ਪੱਖ-ਪਾਤ ਤੇ ਅਸਹਿਣਸ਼ੀਲਤਾ ਦੀ ਨੀਤੀ ਧਾਰਨ ਕਰ ਲਈ ਸੀ। ਕੱਟੜ ਸੁੰਨੀ ਮੁਸਲਮਾਨਾਂ ਨੇ ਭਾਰਤ ਵਿਚ ਇਸਲਾਮ ਦੀ ਪੁਨਰ-ਸਥਾਪਤੀ ਲਈ ਇਕ ਤਕੜੀ ਲਹਿਰ ਛੇੜ ਰੱਖੀ ਸੀ। ਇਸ ਵਰਗ ਨੇ ਬਾਦਸ਼ਾਹ ਜਹਾਂਗੀਰ ਤੋਂ ਉਸ ਦੀ ਸਹਾਇਤਾ ਦੇ ਬਦਲੇ ਇਸਲਾਮ ਤੋਂ ਸ਼ਰ੍ਹਾ ਦਾ ਉਚੇਚਾ ਖਿਆਲ ਰੱਖਣ ਦਾ ਵਚਨ ਲੈ ਲਿਆ ਸੀ। 'ਤੁਜ਼ਕ-ਏ-ਜਹਾਂਗੀਰੀ' ਅਨੁਸਾਰ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅਧੀਨ ਸਿੱਖ ਧਰਮ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਬਿਲਕੁਲ ਨਾ-ਪਸੰਦ ਸੀ। ਉਸ ਨੂੰ ਇਤਨੀ ਨਫ਼ਰਤ ਸੀ ਕਿ ਉਹ ਚਾਹੁੰਦਾ ਸੀ ਕਿ ਜਾਂ ਤਾਂ ਗੁਰੂ ਸਾਹਿਬ ਨੂੰ ਇਸਲਾਮ ਵਿਚ ਪਰਵਰਤਿਤ ਕਰ ਲਿਆ ਜਾਵੇ ਜਾਂ ਫਿਰ ਸਿੱਖ ਧਰਮ ਦੇ ਪ੍ਰਚਾਰ ਨੂੰ ਬੰਦ ਕਰਵਾ ਦਿੱਤਾ ਜਾਵੇ। ਸਪੱਸ਼ਟ ਹੈ ਕਿ ਬਾਦਸ਼ਾਹ ਸਿੱਖ-ਪੰਥ ਨੂੰ ਉਸ ਦੇ ਨੇਤਾ ਤੋਂ ਵੰਚਿਤ ਕਰ ਕੇ ਇਸ ਦੇ ਪ੍ਰਚਾਰ ਤੇ ਪ੍ਰਭਾਵ ਨੂੰ ਖ਼ਤਮ ਕਰਨ ਦਾ ਚਾਹਵਾਨ ਸੀ। ਦਰਅਸਲ ਉਹ ਰਾਜ-ਸੱਤਾ ਦੇ ਜ਼ੋਰ ਨਾਲ ਇਕ ਰੂਪ ਸਮਾਜਿਕ ਵਿਵਸਥਾ ਭਾਵ ਇਸਲਾਮੀ ਭਾਈਚਾਰਾ ਸਥਾਪਤ ਕਰਨ ਦੀ ਨੀਤੀ ਉੱਪਰ ਅਮਲ ਕਰ ਰਿਹਾ ਸੀ। ਇਸ ਨਾਲ ਗ਼ੈਰ ਮੁਸਲਿਮ ਧਾਰਮਿਕ ਫਿਰਕਿਆਂ ਦੀ ਹੋਂਦ ਤੇ ਧਾਰਮਿਕ ਆਜ਼ਾਦੀ ਖ਼ਤਰੇ ਵਿਚ ਪੈ ਗਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ-ਪੰਥ ਨੂੰ ਅਸੁਰੱਖਿਆ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਕਰਵਾ ਦਿੱਤਾ ਸੀ। ਸਮੇਂ ਦੀ ਇਹ ਮੰਗ ਸੀ ਕਿ ਭਾਰਤੀ ਸਮਾਜ ਵਿਚ ਬਹੁ-ਭਾਂਤੀ ਸਮਾਜਿਕ ਵਿਵਸਥਾ ਤੇ ਧਾਰਮਿਕ ਆਜ਼ਾਦੀ ਨੂੰ ਯਕੀਨੀ ਬਣਾਇਆ ਜਾਵੇ। ਇਸ ਸਥਿਤੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਰਾਹੀਂ ਆਪਣੇ ਧਾਰਮਿਕ ਤੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਦਾਅਵਾ ਇਕ ਉਚਿਤ ਦਿਸ਼ਾ ਵੱਲ ਕਦਮ ਸੀ।

ਗੁਰਬਾਣੀ ਵਿਚ ਅਜਿਹੇ ਅਨੇਕਾਂ ਹਵਾਲੇ ਪ੍ਰਾਪਤ ਹਨ ਜਿਨ੍ਹਾਂ ਤੋਂ ਗੁਰੂ ਸਾਹਿਬਾਨ ਦੇ ਰਾਜਨੀਤਿਕ ਵਿਚਾਰਾਂ ਤੇ ਸਮਕਾਲੀ ਸ਼ਾਸਨ ਬਾਰੇ ਦ੍ਰਿਸ਼ਟੀਕੋਣ ਦੀ ਜਾਣਕਾਰੀ ਮਿਲਦੀ ਹੈ। ਉੱਤਰਾਧਿਕਾਰੀ ਲਈ ਯੋਗਤਾ ਨੂੰ ਹੀ ਮਾਪਦੰਡ ਸਵੀਕਾਰ ਕੀਤਾ ਹੈ। ਸ਼ਾਸਕ ਵਰਗ ਤੋਂ ਪਰਜਾ ਪ੍ਰਤੀ ਸਦਭਾਵਨਾ, ਨੇਕੀ ਤੇ ਨਿਆਂ ਦੀ ਖ਼ਾਹਿਸ਼ ਕਰਦੇ ਰਾਜ ਵਿਵਸਥਾ ਵਿੱਚੋਂ ਜ਼ੁਲਮ, ਰਿਸ਼ਵਤਖੋਰੀ, ਸ਼ੋਸ਼ਣ ਤੇ ਬੇ-ਇਨਸਾਫ਼ੀ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਰਾਜਿਆਂ ਦੇ

ਦੈਵੀ-ਰਾਜਾਧਿਕਾਰ ਦਾ ਖੰਡਨ ਕਰਦੇ ਹੋਏ ਉਨ੍ਹਾਂ ਨੂੰ ਨੇਕੀ, ਸੱਚਾਈ ਤੇ ਉਚ-ਨੈਤਿਕ ਕਦਰਾਂ-ਕੀਮਤਾਂ ਦਾ ਪਾਲਣ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਰਾਜ-ਸੱਤਾ ਮਨੁੱਖਤਾ ਦੇ ਕਲਿਆਣ ਲਈ ਹੈ ਨਾ ਕਿ ਇਸ ਦੇ ਵਿਨਾਸ਼ ਲਈ। ਜੇਕਰ ਸ਼ਾਸਕ ਵਰਗ ਆਪਣੇ ਫ਼ਰਜ਼ ਦੀ ਪਾਲਣਾ ਕਰਨ ਵਿਚ ਨਿਸਫਲ ਹੁੰਦਾ ਹੈ ਤਾਂ ਸਹੀ ਸੋਚ ਤੇ ਦੈਵੀ-ਆਵੇਸ਼ ਪ੍ਰਾਪਤ ਵਿਅਕਤੀ ਮਨੁੱਖਤਾ ਦੇ ਭਲੇ ਲਈ ਸ਼ਾਸਕ ਵਰਗ ਨੂੰ ਚੁਣੌਤੀ ਦੇਣ, ਰਾਜ-ਸੱਤਾ ਤੋਂ ਅਲਹਿਦਾ ਕਰਨ ਦਾ ਅਧਿਕਾਰ ਰੱਖਦੇ ਹਨ। ਇਉਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਰਾਹੀਂ ਬਾਦਸ਼ਾਹ ਜਹਾਂਗੀਰ ਦੇ ਪੱਖਪਾਤੀ ਤੇ ਜ਼ਾਲਮਾਨਾ ਵਿਹਾਰ ਨੂੰ ਚੁਣੌਤੀ ਦੇਣਾ ਸਿਖ ਚਿੰਤਨ ਦੇ ਬਿਲਕੁਲ ਅਨੁਕੂਲ ਸੀ।

ਭਾਰਤ ਉੱਪਰ ਬਾਬਰ ਦੇ ਹਮਲੇ ਸਮੇਂ ਆਮ ਲੋਕਾਂ ਨੂੰ ਅਤੇ ਖਾਸ ਕਰਕੇ ਔਰਤਾਂ ਨੂੰ ਮੁਗ਼ਲ ਸੈਨਿਕਾਂ ਦੇ ਹੱਥੋਂ ਬੜੇ ਦੁੱਖ ਤੇ ਬੇਪਤੀ ਸਹਾਰਨੀ ਪਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਬੜੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਕਿਉਂਕਿ ਉਸ ਦੇ ਸੈਨਿਕਾਂ ਨੇ ਸ਼ਸਤਰਹੀਣ ਲੋਕਾਂ ਉੱਪਰ ਕਹਿਰਾਂ ਦੇ ਜ਼ੁਲਮ ਢਾਹੇ ਸਨ। ਗੁਰੂ ਸਾਹਿਬ ਦੀ ਸਮਕਾਲੀ ਸ਼ਾਸਕਾਂ ਦੇ ਕਿਰਦਾਰ ਦੀ ਨਿਖੇਧੀ ਇਹ ਦਰਸਾਉਂਦੀ ਹੈ ਕਿ ਉਹ ਸ਼ਾਸਕ ਵਰਗ ਦੇ ਅਣਉਚਿਤ ਵਿਹਾਰ ਦੀ ਨੁਕਤਾਚੀਨੀ ਕਰਨ ਦੇ ਅਧਿਕਾਰ ਤੋਂ ਕਦੇ ਵੀ ਦਸਤ-ਬਰਦਾਰ ਨਹੀਂ ਸਨ ਹੋਏ। ਸਿੱਖ ਗੁਰੂ ਸਾਹਿਬਾਨ ਦੁਆਰਾ ਬਾਬਰ ਵਰਗੇ ਜਾਬਰ ਹੁਕਮਰਾਨਾਂ ਦੇ ਜ਼ਾਲਮਾਨਾ ਵਿਹਾਰ ਦੀ ਆਲੋਚਨਾ ਅਤਿਆਚਾਰੀ ਸ਼ਾਸਨ ਪ੍ਰਤੀ ਨਾਗਰਿਕਾਂ ਦੇ ਵਿਹਾਰ ਨੂੰ ਸੇਧ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੂਪ ਵਿਚ ਅਜਿਹੀ ਸੰਸਥਾ ਕਾਇਮ ਕੀਤੀ ਜਿੱਥੇ ਰਾਜ ਦੀਆਂ ਨੀਤੀਆਂ ਪ੍ਰਤੀ ਵਿਚਾਰ-ਵਟਾਂਦਰਾ ਕਰਨ ਉਪਰੰਤ ਸਿੱਖ ਪੰਥ ਦੇ ਉਸ ਪ੍ਰਤੀ ਰਵੱਈਏ ਨੂੰ ਦਿਸ਼ਾ-ਨਿਰਦੇਸ਼ ਦਿੱਤਾ ਜਾ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਤਾ ਨੂੰ ਬੇ-ਇਜ਼ਤੀ ਦੀ ਬਜਾਇ ਅਣਖ ਨਾਲ ਜੀਵਨ ਬਸਰ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਉੱਚੇ ਆਦਰਸ਼ ਲਈ ਜੀਵਨ ਨਿਛਾਵਰ ਕਰਨ ਨੂੰ ਸ਼ੋਭਨੀਕ ਕਾਰਨਾਮਾ ਦੱਸਿਆ। ਕਾਇਰਪੁਣਾ ਤਿਆਗ ਕੇ ਨਿਡਰ ਹੋਣ ਤੇ ਸੱਚ ਨੂੰ ਸੱਚ ਕਹਿਣ ਦੀ ਲੋੜ ਉੱਤੇ ਬਲ ਦਿੱਤਾ। ਅਜਿਹੇ ਵਿਚਾਰਾਂ ਨੇ ਪਰਜਾ ਨੂੰ ਜਾਗਰੂਕ ਹੋਣ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਵਿਚਾਰਾਂ ਵਿਚ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣੀ ਤੇ ਭ੍ਰਿਸ਼ਟ ਰਾਜਨੀਤੀ ਵਿਰੁੱਧ ਸੰਘਰਸ਼ ਦੇ ਬੀਜ ਵਿਦਮਾਨ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਅਜਿਹੇ ਬੀਜ ਦੀ ਉਪਜ ਸੀ ਜਿਸ ਨੇ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਚੇਤਨ ਹੋਣ ਤੇ ਇਨਾਂ ਦੀ ਰਾਖੀ ਕਰਨ ਲਈ ਉਤਸ਼ਾਹ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਗੁਰੂ ਸਾਹਿਬਾਨ ਦੇ ਸੰਦੇਸ਼ ਦੇ ਫਲਸਰੂਪ ਲੋਕਾਂ ਦੀ ਆਪਣੇ ਅਧਿਕਾਰਾਂ ਪ੍ਰਤੀ ਆਈ ਜਾਗਰੂਕਤਾ ਦਾ ਹੀ ਇਕ ਪ੍ਰਗਟਾਉ ਸੀ। ਨਿਰਸੰਦੇਹ ਹਰ ਸਿੱਖ ਦਾ ਆਦਰਸ਼ ਸਮਾਜ ਵਿਚ ਅਮਨ-ਸ਼ਾਂਤੀ, ਪ੍ਰੇਮ-ਪਿਆਰ ਤੇ ਭਾਈਚਾਰਾ ਸਥਾਪਿਤ ਕਰਨਾ ਹੈ ਪਰ ਇੱਜ਼ਤ-ਆਬਰੂ ਤੇ ਜਾਨ-ਮਾਲ ਦੀ ਰੱਖਿਆ ਵਿਦੇਸ਼ੀ ਜਰਵਾਣਿਆਂ ਨੂੰ ਮੂੰਹ-ਤੋੜ

ਜਵਾਬ ਦੇਣ ਤੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਹਿਤ ਸ਼ਸਤਰਾਂ ਦੇ ਪ੍ਰਯੋਗ ਨੂੰ ਕਦੇ ਵੀ ਪਾਪ ਨਹੀਂ ਮੰਨਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ ਤੇ ਇਸ ਉੱਪਰ ਜੰਗੀ ਖੇਡਾਂ ਦੇ ਕਰਤਬ ਭਾਰਤੀ ਜਨ-ਜੀਵਨ ਉੱਪਰ ਧਾਰਮਿਕ ਵਿਸ਼ਵਾਸਾਂ ਦੇ ਕੋਝੇ ਪ੍ਰਭਾਵ ਕਾਰਨ ਪੈਦਾ ਹੋਈ ਸਾਹਸਹੀਣਤਾ ਨੂੰ ਖ਼ਤਮ ਕਰ ਕੇ ਨਵੀਂ ਜੀਵਨ-ਰੌਅ ਪੈਦਾ ਕਰਨ ਲਈ ਇਕ ਉਪਰਾਲਾ ਸਨ।

ਭਾਰਤੀ ਧਰਮਾਂ ਨੇ ਸੰਸਾਰ ਨੂੰ ਅਸੱਤ ਤੇ ਮਿਥਿਆ ਕਹਿ ਕੇ ਪਰਮ ਲਕਸ਼ ਦੀ ਪ੍ਰਾਪਤੀ ਲਈ ਸੰਨਿਆਸ ਦੀ ਉਪਯੋਗਤਾ ਨੂੰ ਪ੍ਰਚਾਰਿਆ ਤੇ ਲੋਕਾਂ ਨੂੰ ਨਿਰਵਿਰਤੀ ਮਾਰਗ ਅਪਣਾਉਣ ਲਈ ਪ੍ਰੇਰਿਆ। ਇਸ ਨਾਲ ਲੋਕਾਂ ਵਿਚ ਉਪਰਾਮਤਾ ਫੈਲੀ ਤੇ ਉਹ ਦੇਸ਼ ਦੀ ਸਮਾਜਿਕ ਤੇ ਰਾਜਨੀਤਿਕ ਸਥਿਤੀ ਬਾਰੇ ਬਿਲਕੁਲ ਲਾਪ੍ਰਵਾਹ ਹੋ ਗਏ। ਲੋਕਾਂ ਨੇ ਭਾਗਵਾਦੀ ਤੇ ਭਾਂਜਵਾਦੀ ਰੁਚੀ ਅਖ਼ਤਿਆਰ ਕਰ ਲਈ ਸੀ। ਧਾਰਮਿਕ ਪੁਰਸ਼ਾਂ ਨੂੰ ਭਾਵੇਂ ਬੜਾ ਸਨਮਾਨ ਪ੍ਰਾਪਤ ਸੀ ਪਰ ਉਹ ਲੋਕਾਂ ਦੀ ਸਮਾਜਿਕ ਤੇ ਰਾਜਨੀਤਿਕ ਦਸ਼ਾ ਬਾਰੇ ਬਿਲਕੁਲ ਬੇ-ਪਰਵਾਹ ਸਨ। ਉਦਾਸੀਨਤਾ ਦੇ ਗਹਿਰੇ ਸਮੁੰਦਰ ਵਿਚ ਡੁੱਬੇ ਧਾਰਮਿਕ ਪੁਰਸ਼ਾਂ ਨੂੰ ਪਰਜਾ ਦੇ ਅਧਿਕਾਰਾਂ ਬਾਰੇ ਕੋਈ ਚਿੰਤਾ ਨਹੀਂ ਸੀ। ਅੰਤ ਇਹ ਵਿਸ਼ਵਾਸ ਘਰ ਕਰ ਗਿਆ ਕਿ ਰਾਜਨੀਤੀ ਧਾਰਮਿਕ ਪੁਰਸ਼ਾਂ ਦਾ ਕਾਰਜ ਖੇਤਰ ਨਹੀਂ ਤੇ ਉਨ੍ਹਾਂ ਨੂੰ ਰਾਜਨੀਤੀ ਵਿਚ ਦਿਲਚਸਪੀ ਲੈਣ ਤੇ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ। ਐਸੀ ਕੋਈ ਸੰਸਥਾ ਜਾਂ ਲੋਕ-ਧਿਰ ਨਹੀਂ ਸੀ ਜੋ ਨਿਰੰਕਸ਼ ਤੇ ਅਤਿਆਚਾਰੀ ਸ਼ਾਸਕਾਂ ਨੂੰ ਉਨ੍ਹਾਂ ਦੇ ਦੁਰਾਚਾਰੀ ਵਿਹਾਰ ਤੋਂ ਹੋੜੇ ਤੇ ਵਿਰੋਧ ਕਰੇ। ਉਪਰੋਕਤ ਸਥਿਤੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ਼ਾਸਕ ਵਰਗ ਨੂੰ ਲੋਕ-ਵਿਰੋਧੀ ਨੀਤੀਆਂ ਤੋਂ ਹੋੜਨ ਤੇ ਪਰਜਾ ਨੂੰ ਆਪਣੇ ਹਿੱਤਾਂ ਲਈ ਸੰਗਠਿਤ ਕਰਨ ਲਈ ਬਹੁਤ ਵੱਡੀ ਪਹਿਲ-ਕਦਮੀ ਸੀ।

ਗੁਰੂ ਨਾਨਕ ਵਿਚਾਰਧਾਰਾ ਦਾ ਧਾਰਮਿਕ ਅਨੁਭਵ ਆਪਣੇ ਬੁਨਿਆਦੀ ਲੱਛਣਾਂ ਕਰਕੇ ਪੈਗੰਬਰੀ ਅਨੁਭਵ ਦਾ ਵਿਲੱਖਣ ਦਰਜਾ ਰੱਖਦਾ ਹੈ। ਇਸ ਦਾ ਪ੍ਰੇਰਨਾ-ਸ੍ਰੋਤ ਸਿੱਧੇ ਤੌਰ 'ਤੇ ਪ੍ਰਾਪਤ ਹੋਇਆ ਦੈਵੀ-ਆਵੇਸ਼ ਹੈ। ਇਸ ਦਾ ਉਦੇਸ਼ ਸੰਸਾਰ ਨੂੰ ਹਰ ਪ੍ਰਕਾਰ ਦੀ ਬਦੀ ਤੋਂ ਮੁਕਤ ਕਰ ਕੇ ਨਵਾਂ ਵਿਸ਼ਵ-ਭਾਈਚਾਰਾ ਸਥਾਪਿਤ ਕਰਨਾ ਹੈ ਜਿੱਥੇ ਹੱਕ, ਸੱਚ, ਨੇਕੀ, ਇਨਸਾਫ਼, ਪਰਉਪਕਾਰ ਆਦਿ ਦੀਆਂ ਕਦਰਾਂ-ਕੀਮਤਾਂ ਵਧਣ-ਫੁਲਣ। ਬਦੀ ਨਾਲ ਸਮਝੌਤਾ ਨਹੀਂ ਬਲਕਿ ਇਸ ਦੇ ਵਿਰੁੱਧ ਸੰਘਰਸ਼ ਕਰਨਾ ਹੈ। ਆਮ ਤੌਰ 'ਤੇ ਵਿਦਵਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੈਨਿਕ ਸੰਘਰਸ਼ ਉੱਪਰ ਟਿੱਪਣੀ ਕਰਨ ਸਮੇਂ ਉਨ੍ਹਾਂ ਦੇ ਪੈਗੰਬਰੀ ਅਨੁਭਵ ਅਨੁਸਾਰ ਬਦੀ ਵਿਰੁੱਧ ਸੰਘਰਸ਼ ਕਰਨ ਦੇ ਦੈਵੀ ਤੇ ਨੈਤਿਕ ਫ਼ਰਜ਼ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦਿੰਦੇ ਹਨ।

ਸਿੱਖ ਧਰਮ ਦਾ ਰੱਬ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ ਤੇ ਨਿਮਾਣਿਆਂ ਦਾ ਮਾਣ ਹੈ। ਉਹ ਮਨੁੱਖ ਦੀ ਹਰ ਕਿਸਮ ਦੇ ਸੰਕਟ ਤੋਂ ਰਖਵਾਲੀ ਕਰਦਾ ਹੈ। ਉਹ ਬਦੀ ਨਾਲ ਸਮਝੌਤਾ ਨਹੀਂ ਬਲਕਿ ਅਸੁਰ ਸੰਘਾਰਨ ਦਾ ਮਾਦਾ ਰੱਖਦਾ ਹੈ। ਸ਼ਰਧਾਲੂਆਂ ਨੂੰ ਨਿਰਭੈ ਹੋ ਕੇ ਬਦੀ ਵਿਰੁੱਧ ਡਟਣ ਲਈ ਨੈਤਿਕ ਬਲ ਪ੍ਰਦਾਨ ਕਰਦਾ ਹੈ। ਇਸੇ ਹੀ ਤਰ੍ਹਾਂ ਸਿੱਖ ਧਰਮ ਜਗਤ ਪ੍ਰਤੀ ਉਪਰਾਮਤਾ ਦਾ ਸੰਦੇਸ਼ ਨਹੀਂ ਬਲਕਿ ਇਸ ਨੂੰ ਮਨੁੱਖ ਦੀ ਕਰਮ-ਭੂਮੀ ਸਵੀਕਾਰਦਾ ਹੈ।

ਸੰਸਾਰ ਵਿਚ ਮਨੁੱਖ ਦੇ ਕਾਰਜ-ਖੇਤਰ ਨੂੰ ਪਵਿੱਤਰ ਤੇ ਅਪਵਿੱਤਰ ਦੋ ਵਰਗਾਂ ਵਿਚ ਨਹੀਂ ਵੰਡਿਆ। ਮਨੁੱਖ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋ ਕੇ ਸੁਚਾਰੂ ਯੋਗਦਾਨ ਪਾਉਣ ਦਾ ਸੰਦੇਸ਼ ਹੈ। ਮਨੁੱਖ ਦੀ ਸ਼ਖ਼ਸੀਅਤ ਦਾ ਹਰ ਪੱਖ ਤੇ ਸਮਾਜ ਦੇ ਸਭ ਖੇਤਰ ਉਸ ਦੇ ਧਾਰਮਿਕ ਦਾਇਰੇ ਅੰਦਰ ਹਨ। ਅਜਿਹੀ ਸ਼ਖ਼ਸੀਅਤ ਨਿਸ਼ਚੇ ਹੀ ਰਾਜਨੀਤੀ ਨੂੰ ਪ੍ਰਭਾਵਿਤ ਕੀਤੇ ਬਗ਼ੈਰ ਜਾਂ ਰਾਜਨੀਤੀ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਰਹਿ ਸਕਦੀ। ਇਹੀ ਕਾਰਨ ਹੈ ਕਿ ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖਤਾ ਤੇ ਸਮਾਜ ਦੇ ਭਲੇ ਲਈ ਧਾਰਮਿਕ ਪੁਰਸ਼ ਲਈ ਰਾਜਨੀਤੀ ਵਿਚ ਦਿਲਚਸਪੀ ਰੱਖਣਾ ਕੋਈ ਗੁਨਾਹ ਜਾਂ ਪਾਪ ਨਹੀਂ। ਅਸਲ ਵਿਚ ਗਿਆਨਵਾਨ ਵਿਅਕਤੀ ਦਾ ਇਹ ਫ਼ਰਜ਼ ਹੈ ਕਿ ਉਹ ਆਪਣੇ ਵਰਗੇ ਹੋਰਨਾਂ ਵਿਅਕਤੀਆਂ ਨੂੰ ਸੰਗਠਿਤ ਕਰ ਕੇ ਬਦੀ ਦਾ ਵਿਰੋਧ ਕਰਨ ਲਈ ਅਗਵਾਈ ਪ੍ਰਦਾਨ ਕਰੇ। ਉਸ ਦਾ ਇਹ ਨੈਤਿਕ ਫ਼ਰਜ਼ ਹੈ ਕਿ ਉਹ ਬਦੀ ਵਿਰੁੱਧ ਹਰ ਸਮੇਂ ਤੇ ਹਰ ਸਥਿਤੀ ਵਿਚ ਇਸ ਉਮੀਦ ਨਾਲ ਸੰਘਰਸ਼ ਜਾਰੀ ਰੱਖੇ ਕਿ ਅੰਤ ਅਕਾਲ ਪੁਰਖ ਉਸ ਨੂੰ ਇਸ ਦੈਵੀ-ਮਿਸ਼ਨ ਵਿਚ ਕਾਮਯਾਬੀ ਬਖ਼ਸ਼ੇਗਾ। ਉਪਰੋਕਤ ਤੋਂ ਸਪੱਸ਼ਟ ਹੈ ਕਿ ਵਿਰਸੇ ਵਿਚ ਪ੍ਰਾਪਤ ਹੋਏ ਸਿੱਖ-ਚਿੰਤਨ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਲਈ ਪ੍ਰੇਰਨਾ ਤੇ ਉਤਸ਼ਾਹ ਪ੍ਰਦਾਨ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਸਿੱਖ-ਪੰਥ ਦੀ ਹੋਂਦ ਤੇ ਸਵੈਮਾਨ ਖ਼ਤਰੇ ਵਿਚ ਸੀ। ਬਦਲੇ ਹੋਏ ਧਾਰਮਿਕ ਤੇ ਰਾਜਨੀਤਿਕ ਮਾਹੌਲ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਦੋ ਵਿਕਲਪ ਸਨ। ਉਹ ਜਾਂ ਤਾਂ ਮੁਗ਼ਲ ਸਰਕਾਰ ਦੇ ਜ਼ੁਲਮ ਤੇ ਬੇ-ਇਨਸਾਫ਼ੀ ਅੱਗੇ ਸਮਰਪਣ ਕਰ ਦੇਣ ਜਾਂ ਫਿਰ ਇਸ ਦਾ ਵਿਰੋਧ ਕਰਨ। ਗੁਰੂ ਸਾਹਿਬ ਨੇ ਸਿੱਖ-ਚਿੰਤਨ ਤੋਂ ਪ੍ਰੇਰਨਾ ਲੈਂਦਿਆਂ ਬਦੀ ਨਾਲ ਸਮਝੌਤਾ ਕਰਨ ਨਾਲੋਂ ਇਸ ਨਾਲ ਸੰਘਰਸ਼ ਕਰਨਾ ਉਚਿਤ ਸਮਝਿਆ। ਉਪਰੋਕਤ ਉਦੇਸ਼ ਦੀ ਖ਼ਾਤਰ ਉਨ੍ਹਾਂ ਨੇ ਗੁਰਿਆਈ ਧਾਰਨ ਕਰਨ ਦਾ ਪਰੰਪਰਾਗਤ ਢੰਗ ਤਿਆਗ ਕੇ ਮੀਰੀ ਤੇ ਪੀਰੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਧਾਰਨ ਕਰ ਲਈਆਂ। ਮੀਰੀ ਦੀ ਕਿਰਪਾਨ ਰਾਜਨੀਤਿਕ ਸ਼ਕਤੀ ਦੀ ਲਖਾਇਕ ਤੇ ਪੀਰੀ ਦੀ ਕਿਰਪਾਨ ਅਧਿਆਤਮਿਕ ਸ਼ਕਤੀ ਦੀ ਪ੍ਰਤੀਕ ਸੀ। ਭਾਵੇਂ ਸਿੱਖ ਗੁਰੂ ਸਹਿਬਾਨ ਨੇ ਰਾਜਨੀਤਿਕ ਖੇਤਰ ਵਿਚ ਰੁਚੀ ਤੇ ਪ੍ਰਵੇਸ਼ ਕਰਨ ਉੱਤੇ ਕੋਈ ਸਵੈ-ਸਥਾਪਿਤ ਸੀਮਾਵਾਂ ਨਹੀਂ ਸਨ ਲਾਈਆਂ ਤੇ ਨਾ ਹੀ ਸਿੱਖਾਂ ਨੂੰ ਰਾਜਨੀਤੀ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਾ ਸਿਧਾਂਤ ਵਿਹਾਰਕ ਤੌਰ 'ਤੇ ਪਹਿਲਾ ਜਤਨ ਸੀ ਜਿਸ ਨੇ ਸਿੱਖ-ਪੰਥ ਵਿਚ ਰਾਜਨੀਤੀ ਬਾਰੇ ਜੇਕਰ ਕੋਈ ਭੁਲੇਖਾ ਸੀ ਤਾਂ ਉਸ ਨੂੰ ਸਦਾ ਦੇ ਲਈ ਸਪੱਸ਼ਟ ਕਰ ਦਿੱਤਾ। ਸਿੱਖ ਧਰਮ ਤੇ ਸਿਆਸਤ ਵਿਚਕਾਰ ਜੋ ਪਰਸਪਰ ਅੰਤਰ ਤੇ ਵਿਰੋਧ ਦਿਸਦਾ ਸੀ, ਉਸ ਨੂੰ ਮੇਟ ਕੇ ਸੰਤੁਲਨ ਪੈਦਾ ਕਰਨਾ ਸੰਭਵ ਹੋ ਗਿਆ। ਫਲਸਰੂਪ ਧਰਮ ਤੇ ਸਿਆਸਤ ਦਾ ਸੁਮੇਲ ਸਿੱਖੀ-ਜੀਵਨ ਦਾ ਅਟੁੱਟ ਅੰਗ ਬਣ ਗਿਆ। ਮੀਰੀ-ਪੀਰੀ ਦੇ ਸਿਧਾਂਤ ਨੇ ਸਪੱਸ਼ਟ ਕਰ ਦਿੱਤਾ ਕਿ ਮਨੁੱਖ ਦੀ ਸ਼ਖ਼ਸੀਅਤ ਤੇ ਵਿਹਾਰ ਨੂੰ ਧਰਮ, ਸਮਾਜ, ਰਾਜਨੀਤੀ ਆਦਿ ਦੇ ਖੇਤਰਾਂ ਵਿਚ ਵੰਡਣਾ ਬੇ-ਮਾਅਨੀ ਹੈ। ਮਨੁੱਖ ਦੇ

ਵਿਅਕਤੀਗਤ, ਸਮੂਹਿਕ ਤੇ ਅਧਿਆਤਮਿਕ ਜ਼ਿੰਦਗੀ ਉਸ ਦੀ ਸਮੁੱਚੀ ਸ਼ਖ਼ਸੀਅਤ ਦਾ ਅਨਿੱਖੜ ਅੰਗ ਹਨ। ਮੀਰੀ-ਪੀਰੀ ਦੇ ਸਿਧਾਂਤ ਨੇ ਸਪੱਸ਼ਟ ਕਰ ਦਿੱਤਾ ਕਿ ਹਰ ਮਨੁੱਖ ਦੇ ਧਾਰਮਿਕ ਤੇ ਰਾਜਨੀਤਿਕ ਅਧਿਕਾਰ ਹਨ ਤੇ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨਾ ਉਸ ਦਾ ਬੁਨਿਆਦੀ ਅਧਿਕਾਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਉਪਰੰਤ ਇਨ੍ਹਾਂ ਅਧਿਕਾਰਾਂ ਦੀ ਰਾਖੀ ਲਈ ਕਿਸੇ ਹੋਰ ਰਾਜਨੀਤਿਕ ਸ਼ਕਤੀ ਪਾਸ ਫ਼ਰਿਆਦ ਕਰਨ ਦੀ ਜ਼ਰੂਰਤ ਖ਼ਤਮ ਹੋ ਗਈ ਤੇ ਸਿੱਖ ਪੰਥ ਨੂੰ ਆਪਣੇ ਰਾਜਨੀਤਿਕ ਸਰੋਕਾਰਾਂ ਨੂੰ ਨਿਰੂਪਣ ਕਰਨ ਲਈ ਸਿਧਾਂਤਕ ਤੇ ਸੰਸਥਾਈ ਅਧਿਕਾਰ ਪ੍ਰਾਪਤ ਹੋ ਗਿਆ। ਸਿੱਖ-ਸ੍ਰੋਤਾ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਸੰਭਾਲਣ ਸਮੇਂ ਗੁਰਿਆਈ ਦੀਆਂ ਪਰੰਪਰਾਗਤ ਵਸਤਾਂ ਨੂੰ ਤੋਸ਼ੇਖਾਨੇ ਭੇਜਣ ਦਾ ਹੁਕਮ ਦਿੰਦਿਆਂ ਮੀਰੀ-ਪੀਰੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਪਹਿਨੀਆਂ। ਸਿੱਖ-ਪੰਥ ਦੇ ਸੰਸਾਰਿਕ ਨੇਤਾ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਉੱਦਮ ਕੀਤਾ। ਅਕਾਲ ਤਖ਼ਤ ਸਾਹਿਬ ਦੀ ਨੀਂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖ਼ੁਦ ਰੱਖੀ ਤੇ ਇਸ ਦੀ ਉਸਾਰੀ ਵਿਚ ਸਿਵਾਇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਹੋਰ ਕਿਸੇ ਵੀ ਵਿਅਕਤੀ ਨੂੰ ਸ਼ਾਮਲ ਨਹੀਂ ਸੀ ਕੀਤਾ। ਮੁੱਢਲੇ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਹਿਬ ਬਾਦਸ਼ਾਹਾਂ ਦੇ ਤਖ਼ਤ ਸਮਾਨ ਸਾਧਾਰਨ ਪਰ ਉੱਚਾ ਸਿੰਘਾਸਨ ਹੋਵੇਗਾ ਜੋ ਬਾਅਦ ਵਿਚ ਸਿੱਖ-ਪੰਥ ਦੀ ਦੁਨਿਆਵੀ ਪ੍ਰਤਿਭਾ ਦੇ ਸੋਮੇ ਵਜੋਂ ਉਭਰ ਕੇ ਸਾਹਮਣੇ ਆਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੇ ਸਿੱਖ-ਪੰਥ ਨੂੰ ਇਹ ਸਬਕ ਦ੍ਰਿੜ ਕਰਵਾਇਆ ਕਿ ਉਸ ਦੀ ਪ੍ਰਥਮ ਵਫ਼ਾਦਾਰੀ ਅਕਾਲ ਪੁਰਖ ਲਈ ਹੈ ਨਾ ਕਿ ਮੁਗ਼ਲ ਬਾਦਸ਼ਾਹ ਜਾਂ ਦੁਨੀਆਂ ਦੇ ਕਿਸੇ ਹੋਰ ਤਾਜ ਜਾਂ ਤਖ਼ਤ ਲਈ। ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ-ਪੰਥ ਦੇ ਸੰਸਾਰਿਕ ਨੇਤਾ ਵਜੋਂ ਪੂਰੇ ਰਾਜਸੀ ਠਾਠ-ਬਾਠ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਸ਼ੋਭਿਤ ਹੋਏ ਤਾਂ ਭੱਟਾਂ ਤੇ ਢਾਡੀਆਂ ਨੇ ਉਨ੍ਹਾਂ ਦੀ ਉਸਤਤਿ ਵਿਚ ਵਾਰਾਂ ਗਾਈਆਂ। ਗੁਰੂ ਸਾਹਿਬ ਆਪਣੇ ਨਿਤ-ਕਰਮ ਅਨੁਸਾਰ ਧਾਰਮਿਕ ਕਾਰਜਾਂ ਤੋਂ ਵਿਹਲੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਦਰਬਾਰ ਲਗਾਉਂਦੇ ਸਨ। ਦੇਸਾਂ-ਦੇਸਾਂਤਰਾਂ ਤੋਂ ਆਉਣ ਵਾਲੀਆਂ ਸੰਗਤਾਂ ਇਸ ਦੀਵਾਨ ਵਿਚ ਸ਼ਾਮਲ ਹੁੰਦੀਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਜੇ ਦੀਵਾਨ ਵਿਚ ਗੁਰੂ ਸਾਹਿਬ ਸਿੱਖਾਂ ਦੇ ਨਿੱਜੀ ਤੇ ਪੰਥਕ ਮਸਲਿਆਂ ਬਾਰੇ ਆਪਣੇ ਫ਼ੈਸਲੇ ਸੁਣਾਉਂਦੇ ਸਨ। ਸਿੱਖਾਂ ਵਿਚ ਬੀਰ-ਰਸ ਪੈਦਾ ਕਰਨ ਲਈ ਜੋਧਿਆਂ ਦੀਆਂ ਸੂਰਮਗਤੀ ਨਾਲ ਭਰਪੂਰ ਬਦੀ ਵਿਰੁੱਧ ਸੰਘਰਸ਼ ਪ੍ਰਗਟਾਉਂਦੀਆਂ ਵਾਰਾਂ ਗਾਉਣ ਦੀ ਪ੍ਰਥਾ ਵੀ ਤੋਰੀ। ਇਸ ਨੇ ਸਿੱਖ-ਪੰਥ ਦੇ ਘੱਟ ਰਹੇ ਵਿਸ਼ਵਾਸ ਨੂੰ ਮੁੜ ਬਹਾਲ ਕੀਤਾ। ਯਾਦ ਰਹੇ ਕਿ ਸੰਕਟ ਦੀ ਸਥਿਤੀ ਵਿਚ ਸਿੱਖਾਂ ਦੇ ਮਨੋਬਲ ਨੂੰ ਉਸਾਰਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਹਮੇਸ਼ਾਂ ਹੀ ਪ੍ਰਮੁੱਖ ਪ੍ਰੇਰਨਾ-ਸ੍ਰੋਤ ਰਿਹਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਸੰਗਤਾਂ ਨੂੰ ਹੁਕਮਨਾਮੇ

ਜਾਰੀ ਕੀਤੇ ਕਿ ਗੁਰੂ-ਦਰਬਾਰ ਵਿਚ ਧਨ-ਦੌਲਤ ਦੀ ਬਜਾਇ ਸ਼ਸਤਰ ਤੇ ਘੋੜੇ ਭੇਟ ਕੀਤੇ ਜਾਣ। ਸਿੱਖਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਮੁਗ਼ਲ ਸਰਕਾਰ ਦੀ ਸਿੱਖ ਧਰਮ ਵਿਚ ਦਖ਼ਲ-ਅੰਦਾਜ਼ੀ ਨੂੰ ਰੋਕਣ ਲਈ ਸੈਨਿਕ ਸਾਧਨਾਂ ਦੀ ਵਰਤੋਂ ਜਾਇਜ਼ ਹੈ। ਸਿੱਖ-ਪੰਥ ਨੂੰ ਸੈਨਿਕ ਪੱਖੋਂ ਸਵੈ-ਨਿਰਭਰ ਬਣਾਉਣ ਲਈ ਸਿੱਖਾਂ ਨੇ ਆਪਣੀਆਂ ਸੇਵਾਵਾਂ ਅਰਪਣ ਕਰਨੀਆਂ ਸ਼ੁਰੂ ਕੀਤੀਆਂ। ਥੋੜ੍ਹੇ ਦਿਨਾਂ ਵਿਚ ਹੀ ੪੦੦ ਸੂਰਬੀਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਹਾਜ਼ਰ ਹੋ ਗਏ। ਸਿੱਖਾਂ ਨੂੰ ਮਾਨਸਿਕ ਤੌਰ 'ਤੇ ਸੈਨਿਕ ਸੰਘਰਸ਼ ਵਿਚ ਸ਼ਾਮਲ ਹੋਣ ਲਈ ਜੰਗਜੂ ਸੁਭਾਅ ਤੇ ਸੈਨਿਕ ਸਿਖਲਾਈ ਦੇ ਅਵਸਰ ਪੈਦਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਜੰਗੀ ਖੇਡਾਂ ਦੀ ਪ੍ਰਥਾ ਤੋਰੀ ਗਈ। ਇਉਂ ਸਿੱਖ-ਪੰਥ ਦਾ ਮੁੱਢਲਾ ਸੈਨਿਕ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਹੀ ਹੋਂਦ ਵਿਚ ਆਇਆ। ਅਸਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਮਾਹੌਲ ਨੇ ਸਿੱਖ-ਪੰਥ ਵਿਚ ਬੀਰਤਾ ਤੇ ਅਣਖ ਦੀ ਰੌਅ ਪਰਜ੍ਵਲਿਤ ਕਰ ਦਿੱਤੀ ਸੀ। ਇਸ ਬੀਰਤਾ ਦਾ ਉਦੇਸ਼ ਕਿਸੇ ਨੂੰ ਮਾਰਨਾ ਜਾਂ ਕਤਲ ਕਰਨਾ ਨਹੀਂ ਸੀ ਬਲਕਿ ਚਾਈਂ-ਚਾਈਂ ਆਪਣਾ ਆਪਾ ਕੁਰਬਾਨ ਕਰਨਾ ਸੀ। ਸਿੱਖ-ਪੰਥ ਦੇ ਧਾਰਮਿਕ, ਸਮਾਜਿਕ ਜੀਵਨ ਵਿੱਚੋਂ ਇਕ ਅਜਿਹੀ ਸੈਨਿਕ ਜਥੇਬੰਦੀ ਹੋਂਦ ਵਿਚ ਆਈ ਜਿਸ ਦਾ ਉਦੇਸ਼ ਰਾਜਨੀਤੀ ਨਹੀਂ ਬਲਕਿ ਆਪਣੇ ਪਿਆਰੇ ਗੁਰੂ ਲਈ ਮਰ-ਮਿਟਣ ਦੀ ਪਵਿੱਤਰ ਭਾਵਨਾ ਸੀ। ਨਿਰਸੰਦੇਹ ਸਿੱਖਾਂ ਨੇ ਇਤਿਹਾਸ ਵਿਚ ਆਪਣੇ ਧਰਮ ਦੀ ਪਵਿੱਤਰਤਾ ਤੇ ਰਾਖੀ ਲਈ ਬਹਾਦਰੀ ਦੇ ਕਈ ਲਾਸਾਨੀ ਕਾਰਨਾਮੇ ਕੀਤੇ। ਬਦੀ ਤੇ ਬੇ-ਇਨਸਾਫ਼ੀ ਵਿਰੁੱਧ ਸਿੱਖਾਂ ਦੀ ਜੰਗ ਦੀ ਜਾਇਜ਼ ਕਰਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਵਿੱਚੋਂ ਹੀ ਲੱਭੀ ਜਾ ਸਕਦੀ ਹੈ। ਸਿੱਖਾਂ ਦੇ ਸੈਨਿਕ ਪ੍ਰਬੰਧ ਦਾ ਇਤਿਹਾਸ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਗਹਿਰਾ ਸੰਬੰਧ ਰੱਖਦਾ ਹੈ ਕਿਉਂਕਿ ਇਹ ਸੰਸਥਾ ਸਿੱਖ ਸੈਨਿਕਾਂ ਲਈ ਹਮੇਸ਼ਾਂ ਹੀ ਬੜਾ ਵੱਡਾ ਪ੍ਰੇਰਨਾ-ਸ੍ਰੋਤ ਰਹੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪੀਰੀ ਦੇ ਨਾਲ ਮੀਰੀ ਪ੍ਰਤੀ ਦਾਅਵਾ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ, ਰਾਜਸੀ ਚਿੰਨ੍ਹਾਂ ਦਾ ਪ੍ਰਯੋਗ ਜਿਵੇਂ ਤਖ਼ਤ ਉੱਪਰ ਬੈਠਣਾ, ਦਰਬਾਰ ਲਗਾਉਣਾ, ਫ਼ੁਰਮਾਨ ਜਾਰੀ ਕਰਨੇ, ਨਿਸ਼ਾਨ, ਛਤਰ ਦੀ ਵਰਤੋਂ, ਫ਼ੌਜ ਤੇ ਸ਼ਸਤਰ ਇਕੱਠੇ ਕਰਨੇ ਆਦਿ ਨੇ ਗੁਰੂ-ਦਰਬਾਰ ਨੂੰ ਰਾਜਸੀ ਸ਼ਾਨੋ-ਸ਼ੌਕਤ ਪ੍ਰਦਾਨ ਕਰ ਦਿੱਤੀ ਸੀ। ਨਿਰਸੰਦੇਹ ਇਹ ਸਭ ਕੁਝ ਮੁਗ਼ਲ ਸਰਕਾਰ ਨੂੰ ਇਕ ਚੁਣੌਤੀ ਸੀ। ਉਪਰੋਕਤ ਕਿਸਮ ਦਾ ਰਾਜਸੀ ਠਾਠ-ਬਾਠ ਤੇ ਰਾਜ-ਸੱਤਾ ਨਾਲ ਸੰਬੰਧਿਤ ਚਿੰਨ੍ਹਾਂ ਦੀ ਵਰਤੋਂ ਸਿਰਫ਼ ਹਾਕਮ ਸ਼੍ਰੇਣੀ ਦਾ ਵਿਸ਼ੇਸ਼ਾਧਿਕਾਰ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਤੇ ਇਸ ਨਾਲ ਸੰਬੰਧਿਤ ਪ੍ਰਚਲਿਤ ਹੋਰਨਾਂ ਰਵਾਇਤਾਂ ਨੂੰ ਮੁਗ਼ਲ ਸਰਕਾਰ ਸ਼ਾਹੀ ਹੁਕਮਾਂ ਦੀ ਉਲੰਘਣਾ ਤੋਂ ਇਲਾਵਾ ਰਾਜਨੀਤੀ ਤੋਂ ਪ੍ਰੇਰਿਤ ਸਮਝਦੀ ਹੋਵੇਗੀ। ਰਾਜਸੀ ਚਿੰਨ੍ਹਾਂ ਦੀ ਹੋਂਦ ਤੇ ਪ੍ਰਯੋਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਨਿਸ਼ਚੇ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਕੋਈ ਜ਼ਿੰਮੇਵਾਰ ਧਾਰਮਿਕ ਆਗੂ ਰਾਜ 'ਤੇ ਜ਼ਾਲਮਾਨਾ ਵਿਹਾਰ ਕਾਰਨ ਆਪਣੇ

ਧਾਰਮਿਕ ਸਮੁਦਾਇ ਲਈ ਪੈਦਾ ਹੋਏ ਖ਼ਤਰੇ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਜੋ ਸਰਗਰਮੀਆਂ ਸ਼ੁਰੂ ਹੋਈਆਂ ਉਨ੍ਹਾਂ ਬਾਰੇ ਪੰਥ-ਵਿਰੋਧੀਆਂ ਨੇ ਸਿੱਖਾਂ ਦੇ ਮਨ ਵਿਚ ਭਰਮ ਪੈਦਾ ਕਰਨ ਦੇ ਯਤਨ ਕੀਤੇ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਨਸਿਕ ਤੌਰ 'ਤੇ ਅਸਹਿ ਅਵਸਥਾ ਵਿੱਚੋਂ ਬਿਨਾਂ ਦੱਸਿਆਂ ਗੁਜ਼ਰ ਰਹੇ ਹਨ। ਉਹ ਅੱਗੇ ਚੱਲ ਕੇ ਸਪੱਸ਼ਟ ਕਰਦੇ ਹਨ ਕਿ ਗੁਰੂ ਸਾਹਿਬ ਨੇ ਸੈਨਿਕ ਵਿਹਾਰ ਸੰਗਤ ਦੀ ਰਖਵਾਲੀ ਲਈ ਅਪਨਾਇਆ ਹੈ। ਉਹ ਲਿਖਦੇ ਹਨ ਕਿ ਹਮੇਸ਼ਾਂ ਅਹਿੰਸਾ ਦੀ ਪਾਲਣਾ ਮਨੁੱਖਤਾ ਦੇ ਹਿੱਤ ਵਿਚ ਨਹੀਂ। ਉਹ ਦੱਸਦੇ ਹਨ ਕਿ ਜਿਵੇਂ ਨਾਰੀਅਲ ਵਿੱਚੋਂ ਗਿਰੀ, ਸੱਪ ਦੇ ਸਿਰ ਵਿੱਚੋਂ ਮਣੀ, ਹਿਰਨ ਦੇ ਢਿੱਡ ਵਿੱਚੋਂ ਕਸਤੂਰੀ, ਲੋਹੇ ਨੂੰ ਸੋਧਣ ਲਈ ਅਹਿਰਣ, ਪਾਣੀ ਕੱਢਣ ਲਈ ਮਸ਼ਕ ਨੂੰ ਗਲ ਤੋਂ ਬੰਨ੍ਹਣ ਲਈ ਸ਼ਕਤੀ ਦਾ ਪ੍ਰਯੋਗ ਕਰਨਾ ਪੈਂਦਾ ਹੈ ਤਿਵੇਂ ਪਰਉਪਕਾਰ ਲਈ ਸ਼ਕਤੀ ਦੀ ਵਰਤੋਂ ਜਾਇਜ਼ ਹੈ। ਭਾਈ ਗੁਰਦਾਸ ਜੀ ਨੇ ਸ਼ਕਤੀ ਦੇ ਪ੍ਰਯੋਗ ਦਾ ਜੋ ਸਿਧਾਂਤ ਪ੍ਰਸਤੁਤ ਕੀਤਾ, ਉਸ ਦੀ ਪੁਸ਼ਟੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਮਰਾਠਾ ਸੰਤ ਸਮਰੱਥ ਰਾਮਦਾਸ ਵਿਚਕਾਰ ਹੋਏ ਸੰਵਾਦ ਤੋਂ ਵੀ ਹੋ ਜਾਂਦੀ ਹੈ। ਗੁਰੂ ਸਾਹਿਬ ਦੀ ਸੈਨਾ, ਸ਼ਸਤਰ ਤੇ ਘੋੜਿਆਂ ਉੱਪਰ ਹੈਰਾਨੀ ਪ੍ਰਗਟਾਉਂਦਿਆਂ ਸੰਤ ਰਾਮਦਾਸ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ ਸੀ ਕਿ *'ਹਉਂ ਸੁਣਿਆ ਥਾ ਨਾਨਕ ਕੀ ਗੱਦੀ ਪਰ ਬੈਠਾ ਹੈ। ਨਾਨਕ ਗੁਰੂ ਤਿਆਗੀ ਸਾਧੂ ਥੇ। ਤੁਮ ਸ਼ਸਤਰ ਧਾਰਨ ਕਰੇ ਹੈਨ, ਘੋੜੇ ਫੌਜ ਰਾਖੀ ਹੈ। ਸਚਾ ਪਾਤਸ਼ਾਹ ਕਹਾਵਤਾ ਹੈ, ਕੈਸਾ ਸਾਧੂ ਹੈ?'* ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਵਾਬ ਦਿੱਤਾ ਸੀ ਕਿ *'ਬਾਤਨ ਫਕੀਰੀ ਜ਼ਾਹਰ ਅਮੀਰੀ, ਸ਼ਸਤਰ ਗ਼ਰੀਬ ਦੀ ਰੱਖਿਆ, ਜਰਵਾਣੇ ਦੀ ਭਖਿਆ। ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਤਿਆਗੀ ਥੀ।'* ਗੁਰੂ ਸਾਹਿਬ ਦੇ ਉਪਰੋਕਤ ਉੱਤਰ ਉੱਤੇ ਤਸੱਲੀ ਪ੍ਰਗਟ ਕਰਦਿਆਂ ਸੰਤ ਰਾਮਦਾਸ ਨੇ ਕਿਹਾ ਸੀ ਕਿ *'ਯਹ ਬਾਤ ਹਮਾਰੇ ਮਨ ਭਾਵਤੀ ਹੈ।'* ਉਪਰੋਕਤ ਸੰਵਾਦ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸਿੱਖ-ਪੰਥ ਨੂੰ ਸੈਨਿਕ ਜਥੇਬੰਦੀ ਵਿਚ ਸੰਗਠਿਤ ਕਰਨ ਅਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਦਾ ਪ੍ਰਯੋਜਨ ਸਿੱਖ ਪੰਥ ਨੂੰ ਸਵੈ-ਰੱਖਿਆ ਦੇ ਪੱਖੋਂ ਸਵੈ-ਨਿਰਭਰ ਬਣਾਉਣਾ ਸੀ। ਦੂਜੇ, ਸ਼ਕਤੀ ਦਾ ਪ੍ਰਯੋਗ ਗ਼ਰੀਬਾਂ ਦੀ ਰੱਖਿਆ ਤੇ ਜਰਵਾਣੇ ਦੇ ਨਾਸ਼ ਲਈ ਧਾਰਮਿਕ ਤੌਰ 'ਤੇ ਜਾਇਜ਼ ਸੀ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਿਆਂ ਉਨ੍ਹਾਂ ਨੂੰ ਸੂਰਬੀਰ ਤੋਂ ਇਲਾਵਾ ਬੜੇ ਵੱਡੇ ਪਰਉਪਕਾਰੀ ਦੱਸਿਆ ਹੈ। ਉਨ੍ਹਾਂ ਦੇ ਸਮੇਂ ਦੇ ਸਿੱਖ ਪਹਿਲੇ ਨਾਲੋਂ ਕੋਈ ਘੱਟ ਭਗਤੀ ਭਾਵਨਾ ਵਾਲੇ ਨਹੀਂ ਸਨ। ਫ਼ਰਕ ਕੇਵਲ ਇਹ ਸੀ ਭਗਤੀ ਤੇ ਸ਼ਕਤੀ ਅਤੇ ਸੰਤ ਤੇ ਸਿਪਾਹੀ ਦੇ ਗੁਣਾਂ ਕਾਰਨ ਉਹ ਨਿਡਰ ਹੋ ਕੇ ਬਹਾਦਰਾਂ ਦੀ ਕੌਮ ਬਣ ਗਏ ਸਨ। ਜੇਕਰ ਮਾਨਵਤਾ ਦੇ ਕਲਿਆਣ ਲਈ ਸਿੱਖਾਂ ਨੂੰ ਸੈਨਿਕ ਸੰਘਰਸ਼ ਵਿਚ ਕੁੱਦਣ ਦੀ ਸਥਿਤੀ ਪੈਦਾ ਹੋ ਗਈ ਤਾਂ ਉਨ੍ਹਾਂ ਸੰਘਰਸ਼ ਦੌਰਾਨ ਮਾਨਵੀ ਕਦਰਾਂ-ਕੀਮਤਾਂ ਦਾ ਤਿਆਗ ਨਹੀਂ ਸੀ ਕਰਨਾ। ਸ੍ਰੀ ਅਕਾਲ ਤਖ਼ਤ ਸਾਹਿਬ ਮਨੁੱਖਤਾ ਤੋਂ ਸਮਾਜ ਦੇ ਭਲੇ ਅਤੇ ਜ਼ੁਲਮ ਦਾ ਵਿਰੋਧ ਕਰਨ ਲਈ ਛੇੜੇ ਸੰਘਰਸ਼ ਵਿਚ

ਸਿੱਖਾਂ ਨੂੰ ਅਗਵਾਈ ਪ੍ਰਦਾਨ ਕਰਦਾ ਰਿਹਾ ਹੈ। ਸਿਰਫ਼ ਇਹ ਹੀ ਨਹੀਂ ਬਲਕਿ ਐਸੇ ਸੰਘਰਸ਼ ਦੇ ਸੰਚਾਲਨ ਲਈ ਭਗਤੀ ਤੇ ਸ਼ਕਤੀ ਦੇ ਰੰਗ ਵਿਚ ਰੰਗੇ ਸੰਤ-ਸਿਪਾਹੀਆਂ ਨੂੰ ਲਾਮਬੰਦ ਹੋਣ ਲਈ ਸੰਦੇਸ਼ ਵੀ ਦਿੰਦਾ ਰਿਹਾ ਹੈ।

ਸਿੱਖ-ਪੰਥ ਦੇ ਇਤਿਹਾਸਕ ਅਨੁਭਵ, ਮੁਗ਼ਲ ਸਰਕਾਰ ਦੇ ਸਿੱਖ-ਪੰਥ ਪ੍ਰਤੀ ਰਵੱਈਏ ਤੇ ਸਿੱਖ ਗੁਰੂ ਸਾਹਿਬਾਨ ਦੇ ਰਾਜਨੀਤੀ ਪ੍ਰਤੀ ਦ੍ਰਿਸ਼ਟੀਕੋਣ ਦੀ ਅਧੂਰੀ ਸਮਝ ਕਾਰਨ ਬਹੁਤ ਸਾਰੇ ਵਿਦਵਾਨਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਉਲਟ ਜਾਣਿਆ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸਿੱਖ-ਪੰਥ ਦੀਆਂ ਧਾਰਮਿਕ ਤੇ ਰਾਜਨੀਤਿਕ ਭਾਵਨਾਵਾਂ ਵਜੋਂ ਹੋਂਦ ਵਿਚ ਆਈ ਪਰ ਇਸ ਦਾ ਸਿੱਖ ਗੁਰੂ ਸਾਹਿਬਾਨ ਦੇ ਚਿੰਤਨ ਨਾਲ ਕੋਈ ਵਿਰੋਧ ਨਹੀਂ, ਬਲਕਿ ਗਹਿਰਾ ਸੰਬੰਧ ਸੀ। ਇਹ ਸੰਸਥਾ ਸਿੱਖ-ਪੰਥ ਨੂੰ ਰਾਜਨੀਤੀ ਪ੍ਰਤੀ ਉਪਰਾਮਤਾ ਜਾਂ ਬੇਬਸੀ ਦਾ ਉਪਦੇਸ਼ ਨਹੀਂ ਦਿੰਦੀ ਬਲਕਿ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦੀ ਪ੍ਰੇਰਨਾ ਦਿੰਦੀ ਹੈ। ਇਸ ਦੀ ਸਥਾਪਨਾ ਸਿੱਖਾਂ ਦੁਆਰਾ ਜਬਰ-ਜ਼ੁਲਮ ਵਿਰੁੱਧ ਲੜੇ ਸੈਨਿਕ ਸੰਘਰਸ਼ ਦੀ ਪ੍ਰਤੱਖ ਮਿਸਾਲ ਹੈ, ਜਿਸ ਨੇ ਸਿੱਖ-ਮਾਨਸਿਕਤਾ ਨੂੰ ਹਮੇਸ਼ਾ ਹੀ ਟੁੰਬਿਆ ਹੈ। ਸਿੱਖ-ਪੰਥ ਦੀ ਧਾਰਮਿਕ ਤੇ ਰਾਜਨੀਤਿਕ ਤੌਰ 'ਤੇ ਸਰਬਉੱਚ ਸੰਸਥਾ ਹੋਣ ਕਰਕੇ ਇਸ ਨੇ ਸਿੱਖ-ਪੰਥ ਦੇ ਇਤਿਹਾਸ ਉੱਪਰ ਬੜਾ ਗਹਿਰਾ ਪ੍ਰਭਾਵ ਛੱਡਿਆ ਹੈ। ੧੮ਵੀਂ ਸਦੀ ਦੀਆਂ ਸਿੱਖ-ਪੰਥ ਦੀਆਂ ਧਾਰਮਿਕ-ਰਾਜਨੀਤਿਕ ਸੰਸਥਾਵਾਂ ਜਿਵੇਂ ਸਰਬੱਤ ਖ਼ਾਲਸਾ, ਦਲ ਖ਼ਾਲਸਾ, ਮਿਸਲਾਂ, ਗੁਰਮਤਾ ਆਦਿ ਲਈ ਇਹ ਆਧਾਰਸ਼ਿਲਾ ਸਾਬਿਤ ਹੋਈ ਹੈ। ਸਿੱਖ-ਪੰਥ ਨੇ ਬਹੁਤ ਸਾਰੇ ਗੰਭੀਰ ਤੇ ਨਾਜ਼ੁਕ ਮਸਲਿਆਂ ਦੇ ਹੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਹੀ ਲੱਭੇ ਹਨ।

੭/੨੦੦੭

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਢਾਡੀ ਪਰੰਪਰਾ

ਜਦ ਅਸੀਂ ਸਿੱਖ ਇਤਿਹਾਸ ਪੜ੍ਹਦੇ ਹਾਂ ਤਾਂ ਨਾਲ ਸਾਨੂੰ ਮੁਗ਼ਲਾਂ ਦਾ ਇਤਿਹਾਸ ਵੀ ਪੜ੍ਹਨਾ ਪੈਂਦਾ ਹੈ ਕਿਉਂਕਿ ਸਿੱਖੀ ਅਤੇ ਮੁਗ਼ਲੀਆ ਬਾਦਸ਼ਾਹੀ ਹਿੰਦੁਸਤਾਨ ਵਿਚ ਤਕਰੀਬਨ ਇਕੱਠੇ ਹੀ ਸ਼ੁਰੂ ਹੋਏ ਹਨ। ਸਿੱਖਾਂ ਦੇ ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ੧੪੬੯ ਈ. ਵਿਚ ਪ੍ਰਗਟ ਹੋਏ। ਆਪ ੨੨ ਸਤੰਬਰ, ੧੫੩੯ ਈ. ਨੂੰ ਅਕਾਲ ਪੁਰਖ ਵਿਚ ਲੀਨ ਹੋ ਗਏ। ਮੁਗ਼ਲਾਂ ਦਾ ਪਹਿਲਾ ਬਾਦਸ਼ਾਹ ਹਿੰਦੁਸਤਾਨ ਵਿਚ ਬਾਬਰ ਹੋਇਆ ਹੈ। ਜ਼ਹੀਰੁਦੀਨ ਬਾਬਰ ਦਾ ਜਨਮ ੨੪ ਫਰਵਰੀ, ੧੪੮੩ ਈ. ਨੂੰ ਰਿਆਸਤ ਫਰਗਾਨਾ (ਜੋ ਅੱਜ-ਕਲ੍ਹ ਰੂਸੀ ਤੁਰਕਿਸਤਾਨ) ਵਿਚ ਹੈ, ਦੀ ਰਾਜਧਾਨੀ ਅੰਦੀਜਾਨ ਵਿਚ ਉਮਰ ਸ਼ੇਖ ਮਿਰਜ਼ੇ ਦੇ ਘਰ ਕੁਤਲਗਨ ਗਾਰ ਖਾਨਮ ਦੀ ਕੁੱਖੋਂ ਹੋਇਆ। ਬਾਬਰ ਪਿਉ ਵੱਲੋਂ ਤੈਮੂਰ ਦੇ ਘਰਾਣੇ ਨਾਲ ਤੇ ਮਾਂ ਵਲੋਂ ਚੰਗੇਜ਼ ਖਾਂ ਦੇ ਘਰਾਣੇ ਨਾਲ ਸੰਬੰਧ ਰੱਖਦਾ ਸੀ। ਛੋਟੀ ਉਮਰ ਵਿਚ ਮਾਤਾ-ਪਿਤਾ ਦਾ ਦਿਹਾਂਤ ਹੋ ਗਿਆ ਪਰ ਜਦੋ-ਜਹਿਦ ਕਰਦਾ ਰਿਹਾ। ੧੫੦੪ ਈ. ਨੂੰ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ। ਇਸ ਨੇ ੧੫੧੯ ਤੋਂ ਲੈ ਕੇ ੧੫੨੬ ਤਕ ਹਿੰਦੁਸਤਾਨ ਉੱਤੇ ਪੰਜ ਹਮਲੇ ਕੀਤੇ। ੧੫੨੬ ਵਿਚ ਪਾਣੀਪਤ ਦੀ ਲੜਾਈ ਜਿੱਤ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਗੁਰੂ ਨਾਨਕ ਸਾਹਿਬ ਨੂੰ ਬਾਬਰ ੧੫੨੧ ਈ. ਵਿਚ ਏਮਨਾਬਾਦ ਦੀ ਲੜਾਈ ਵੇਲੇ ਮਿਲਿਆ। ਲੋਕਾਂ ਨੇ ਵੇਖਿਆ ਬਾਬਾ ਨਾਨਕ ਬਾਬਰ ਦੇ ਬੰਦੀਖਾਨੇ ਵਿਚ ਚੱਕੀ ਪੀਹ ਰਹੇ ਹਨ। ਪਰ ਜਦੋਂ ਬਾਬੇ ਦੀ ਬਾਣੀ ਦੇ ਤੀਰ ਵੱਜੇ, ਬਾਬਰ ਦਾ ਤਾਜ ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਝੁਕ ਗਿਆ, ਬਾਬਰ ਸਾਰੀ ਜ਼ਿੰਦਗੀ ਗੁਰੂ ਨਾਨਕ ਦੀ ਗੱਦੀ ਦਾ ਸਤਿਕਾਰ ਕਰਦਾ ਰਿਹਾ। ਬਾਬਰ ਦਾ ਦਿਹਾਂਤ ੧੫੩੦ ਈ. ਵਿਚ ਹੋਇਆ। ਇਸ ਦੀ ਗੱਦੀ ਉੱਤੇ ਬੈਠਾ ਹਮਾਯੂੰ। ਏਧਰ ਸਿੱਖਾਂ ਦੇ ਦੂਜੇ ਸਤਿਗੁਰੂ ਬਣੇ ਗੁਰੂ ਅੰਗਦ ਦੇਵ ਜੀ। ਹਮਾਯੂੰ ਖਡੂਰ ਸਾਹਿਬ ਚੱਲ ਕੇ ਆਇਆ ਤੇ ਸ਼ੇਰ ਸ਼ਾਹ ਤੋਂ ਹਾਰੇ ਹੋਏ ਨੇ ਗੁਰੂ ਜੀ ਤੋਂ ਬਾਦਸ਼ਾਹੀ ਦੀ ਭੀਖ ਮੰਗੀ। ਸਤਿਗੁਰਾਂ ਕਿਹਾ, ਬਾਦਸ਼ਾਹੀ ਮਿਲ ਜਾਏਗੀ, ਪਰ ਰਹੇਗੀ ਉਤਨਾ ਚਿਰ ਜਿਤਨਾ ਚਿਰ ਤੇਰੀ ਔਲਾਦ ਇਨਸਾਫ ਕਰੇਗੀ। ਹਮਾਯੂੰ ਪੰਦਰਾਂ ਸਾਲ ਈਰਾਨ ਵੱਲ ਭਟਕਦਾ ਰਿਹਾ, ਫਿਰ ਹਿੰਦੁਸਤਾਨ ਵਿਚ ਆਇਆ। ਲੜਾਈ ਲੜ ਕੇ ਬਾਦਸ਼ਾਹ ਬਣਿਆ। ਇਸ ਦੇ ਦਿਹਾਂਤ ਤੋਂ ਬਾਅਦ ਮੁਲਕ ਦਾ ਬਾਦਸ਼ਾਹ ਬਣਿਆ ਜਲਾਲੁਦੀਨ ਅਕਬਰ। ਸਿੱਖਾਂ ਦੇ ਤੀਸਰੇ ਸਤਿਗੁਰੂ ਬਣੇ ਗੁਰੂ ਅਮਰਦਾਸ ਜੀ। ਅਕਬਰ ਗੋਇੰਦਵਾਲ ਸਾਹਿਬ ਆਇਆ, ਲੰਗਰ ਵਿਚ ਬਹਿ ਕੇ ਪਰਸ਼ਾਦ

ਛਕਿਆ, ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ, ਗੁਰੂ ਜੀ ਨਾ ਮੰਨੇ ਤਾਂ ਬੀਬੀ ਭਾਨੀ ਜੀ ਦੇ ਨਾਮ ਪਟਾ ਲਿਖ ਗਿਆ। ਅਕਬਰ ਗੁਰੂ-ਘਰ ਦਾ ਸਤਿਕਾਰ ਕਰਦਾ ਰਿਹਾ, ੪੯ ਸਾਲ ਰਾਜ ਕਰਕੇ ਅਕਬਰ ਦਾ ਦਿਹਾਂਤ ਹੋਇਆ। ੨੪ ਅਕਤੂਬਰ ੧੬੦੫ ਈ. ਨੂੰ ਜਹਾਂਗੀਰ ਰਾਜ ਗੱਦੀ ਉੱਤੇ ਬੈਠਾ। ਇਧਰ ਸੱਤ ਸਾਲ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਸੇਵਾ ਕੀਤੀ। ਭਾਦਰੋਂ ਸੁਦੀ ਦੋ ੧੫੮੧ ਈ. ਨੂੰ ਗੁਰੂ ਅਰਜਨ ਦੇਵ ਜੀ ਗੁਰਗੱਦੀ ਉੱਤੇ ਬੈਠੇ:

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥

(ਪੰਨਾ ੯੬੮)

ਉਸ ਵੇਲੇ ਸਿੱਖੀ ਇਕ ਜਥੇਬੰਦ ਧਰਮ ਬਣ ਚੁੱਕਾ ਸੀ। ਮੁਗ਼ਲੀਆ ਸਰਕਾਰ ਸਿੱਖੀ ਦੇ ਰਸਤੇ ਵਿਚ ਪਹਾੜ ਬਣ ਕੇ ਡਿੱਗੀ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਸ਼ਹੀਦ ਕੀਤਾ:

ਗੁਰੂ ਅਰਜਨ ਕੇ ਅਫਸਾਨੇ ਨੇ ਸਾਬਤ ਕਰ ਦੀਆ ਆਖਰ,
ਸ਼ਹੀਦ ਨਾਮ ਇਸਕਾ ਹੈ ਸ਼ਹਾਦਤ ਇਸ ਕੋ ਕਹਿਤੇ ਹੈਂ!

ਸ੍ਰੀ ਗੁਰੂ ਅਰਜਨ ਦੇਵ ਜੀ ੧੮ ਸਾਲ ੪ ਮਹੀਨੇ ੧੪ ਦਿਨ ਦੀ ਉਮਰ ਚਿਰ ਗੁਰਗੱਦੀ 'ਤੇ ਬੈਠੇ। ੨੪ ਸਾਲ ੮ ਮਹੀਨੇ ਗੁਰਿਆਈ ਕੀਤੀ। ੪੩ ਸਾਲ ੧ ਮਹੀਨਾ ੧੫ ਦਿਨ ਉਮਰ ਭੋਗ ਕੇ ਸ਼ੁਕਰਵਾਰ ਜੇਠ ਸੁਦੀ ਚਾਰ, ਦੋ ਹਾੜ ੧੬੬੩ ਬਿ. (੩੦ ਮਈ ੧੬੦੬ ਈ.) ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਪ੍ਰਸਿੱਧ ਇਤਿਹਾਸਕਾਰ ਮੁਹੰਮਦ ਲਤੀਫ ਨੇ ਲਿਖਿਆ:

The death of Guru Arjun is the great turning point in the history of the Sikhs.

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਇਕ ਮੋੜ ਸਾਬਤ ਹੋਈ। ਮਾਲਾ ਫੇਰਨ ਵਾਲੇ ਹੱਥ ਤਲਵਾਰਾਂ ਦੀਆਂ ਮੁੱਠਾਂ 'ਤੇ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਦੀ ਵਾਗਡੋਰ ਸੰਭਾਲੀ। ਭਾਈ ਗੁਰਦਾਸ ਜੀ ਲਿਖਦੇ ਹਨ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਛੇਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ੨੧ ਹਾੜ ਸੰਮਤ ੧੬੫੨ ਬਿ. (੧੯ ਜੂਨ, ੧੫੯੫ ਈ.) ਨਗਰ ਵਡਾਲੀ ਵਿਚ ਪ੍ਰਗਟ ਹੋਏ। ਅੱਜ-ਕਲ੍ਹ ਇਹ ਨਗਰ ਗੁਰੂ ਦੀ ਵਡਾਲੀ ਅਖਵਾਉਂਦਾ ਹੈ। ਸਮੇਂ ਦੀ ਲੋੜ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਦੀ ਪਾਲਨਾ ਕੀਤੀ ਸੀ। ਉਨ੍ਹਾਂ ਨੂੰ ਅੱਖਰੀ ਵਿਦਿਆ ਦੇ ਨਾਲ ਸ਼ਸਤਰ ਵਿਦਿਆ ਵੀ ਦਿੱਤੀ ਗਈ

ਸੀ। ਇਤਿਹਾਸ ਗਵਾਹੀ ਦੇ ਰਿਹਾ ਹੈ ਕਿ ਆਪ ਯੋਗ ਉਤਰਾਧਿਕਾਰੀ ਸਾਬਤ ਹੋਏ। ਉਸ ਵੇਲੇ ਛੇਵੇਂ ਪਾਤਸ਼ਾਹ ਦੀ ਉਮਰ ੧੦ ਸਾਲ ੧੦ ਮਹੀਨੇ ਤੇ ੮ ਦਿਨ ਦੀ ਸੀ। ਛੇਵੇਂ ਪਾਤਸ਼ਾਹ ਨੇ ਹੁਕਮ ਕੀਤਾ: 'ਬਾਬਾ ਜੀ ਸਾਡੇ ਪਹਿਨਣ ਵਾਸਤੇ ਹੀਰਿਆਂ ਜੜੀ ਕਲਗੀ ਅਤੇ ਦੋ ਤਲਵਾਰਾਂ ਲਿਆਓ।' ਹਜ਼ੂਰ ਨੇ ਇਕ ਸੱਜੇ ਤੇ ਇਕ ਖੱਬੇ ਪਹਿਨੀ। ਐਲਾਨ ਕੀਤਾ: 'ਸਾਧ-ਸੰਗਤ ਜੀ! ਅਸਾਂ ਪੰਜਵੇਂ ਪਾਤਸ਼ਾਹ ਦੇ ਹੁਕਮ ਨਾਲ ਦੋ ਤਲਵਾਰਾਂ ਪਹਿਨੀਆਂ ਹਨ। ਇਕ ਮੀਰੀ ਦੀ ਹੈ ਅਤੇ ਇਕ ਪੀਰੀ ਦੀ ਹੈ।' ਡਾ. ਇਕਬਾਲ ਦਾ ਕਥਨ ਹੈ:

ਮੁਸੱਲਾ ਬੇਚ ਔਰ ਖੰਜਰ ਖਰੀਦ ਓ ਬੇ-ਅਮਲ ਜਾਹਿਦ,
ਕਿ ਟਕਰਾਨੇ ਕੋ ਹੈ ਤੇਰੀ ਫਕੀਰੀ ਸੇ ਸ਼ਹਿਨਸ਼ਾਹੀ।

ਹਜ਼ੂਰ ਨੇ ਸ਼ਕਤੀ ਔਰ ਭਗਤੀ, ਜੋਸ਼ ਤੇ ਹੋਸ਼, ਸ਼ਾਂਤੀ ਤੇ ਕ੍ਰਾਂਤੀ, ਬਾਣੀ ਤੇ ਕੁਰਬਾਨੀ, ਇਕ ਪਲੇਟਫਾਰਮ ਉੱਤੇ ਲੈ ਆਂਦੇ। ਦੁਨੀਆਂ ਵਿਚ ਜਾਂ ਲੋਕ ਆਤਮਕ ਬਲ ਅੱਗੇ ਝੁਕਦੇ ਨੇ ਜਾਂ ਰਾਜ-ਬਲ ਅੱਗੇ ਝੁਕਦੇ ਨੇ। ਗੁਰਦੇਵ ਨੇ ਆਤਮਕ-ਬਲ ਅਤੇ ਰਾਜ-ਬਲ ਇਕੱਠੇ ਕਰ ਦਿੱਤੇ।

ਆਪ ਪੰਜੇ ਸ਼ਸਤਰ ਪਹਿਨ ਕੇ ਸੀਸ ਉਪਰ ਬਾਦਸ਼ਾਹਾਂ ਵਾਂਗ ਕਲਗੀ ਸਜਾ ਕੇ ਗੁਰਗੱਦੀ ਉੱਤੇ ਬੈਠਣ ਲੱਗ ਪਏ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਨਹੀਂ ਮਗਰ ਦੋਵੇਂ ਵੱਖ ਵੀ ਨਹੀਂ ਕੀਤੇ ਜਾ ਸਕਦੇ। ਦੋਹਾਂ ਦਾ ਮਹੱਤਵਪੂਰਨ ਅਸਥਾਨ ਹੈ। ਨਗਾਰਾ ਵਜਾ ਕੇ ਗੁਰਦੇਵ ਸ਼ਿਕਾਰ ਖੇਡਣ ਲੱਗ ਪਏ। ਸ਼ਸਤਰਧਾਰੀ ਸੂਰਮੇ ਹਜ਼ੂਰ ਦੀ ਅੜਦਲ ਵਿਚ ਰਹਿੰਦੇ। ਹਜ਼ੂਰ ਜਦ ਤਖ਼ਤ 'ਤੇ ਬੈਠਦੇ, ਖੱਬੇ ਹੱਥ ਉੱਤੇ ਬਾਜ ਹੁੰਦਾ ਤੇ ਸੱਜਾ ਹੱਥ ਤਲਵਾਰ ਦੀ ਮੁੱਠ ਉੱਤੇ ਹੁੰਦਾ, ਘੋੜੇ, ਹਾਥੀ, ਰਾਜਸੀ ਨਿਸ਼ਾਨ ਝੂਲਦੇ ਨਜ਼ਰ ਆਂਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਪਾਤਸ਼ਾਹ ਤਕ ਸਿੱਖਾਂ ਵਿਚ ਆਮ ਤੌਰ 'ਤੇ ਗੁਰਬਾਣੀ ਦਾ ਕੀਰਤਨ ਹੀ ਪ੍ਰਚੱਲਤ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸਰੰਦੇ ਨਾਲ ਕੀਰਤਨ ਕਰਿਆ ਕਰਦੇ ਸਨ ਪਰ ਛੇਵੇਂ ਪਾਤਸ਼ਾਹ ਨੇ ਕਿਹਾ ਕੌਮ ਨੂੰ ਹੁਣ ਬੀਰ-ਰਸ ਦੀ ਲੋੜ ਹੈ। ਹਜ਼ੂਰ ਨੇ ਢਾਡੀਆਂ ਨੂੰ ਸਿੱਖ-ਦਰਬਾਰ ਵਿਚ ਥਾਂ ਦਿੱਤੀ। ਭਾਈ ਬਿਧੀ ਚੰਦ ਨੂੰ ਕਿਹਾ, '*ਕੋਈ ਢਾਡੀ ਜਥਾ ਲਿਆਓ!*' ਭਾਈ ਬਿਧੀ ਚੰਦ ਨੇ ਪਿੰਡ ਸੁਰ ਸਿੰਘ ਵਿਚੋਂ ਨੱਥਾ ਤੇ ਅਬਦੁੱਲਾ ਢਾਡੀ ਲਿਆਂਦੇ। ਮਹਾਰਾਜ ਨੇ ਕਿਹਾ ਕਿ ਕੌਮ ਵਿਚ ਬੀਰ-ਰਸ ਪੈਦਾ ਕਰਨ ਵਾਸਤੇ ਢੱਡ ਸਰੰਦੇ ਨਾਲ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਣੀਆਂ ਬੜੀਆਂ ਜ਼ਰੂਰੀ ਨੇ। ਇਸ ਲੋੜ ਨੂੰ ਮੁੱਖ ਰੱਖਦਿਆਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪਿਛਲੇ ਪਹਿਰ ਦੇ ਦੀਵਾਨ ਸ਼ੁਰੂ ਕੀਤੇ ਗਏ। ਕਈ ਵਾਰ ਰਹਰਾਸਿ ਦੇ ਪਾਠ ਤੋਂ ਬਾਅਦ ਦੀਵਾਨ ਸੱਜਦੇ। ਨੱਥਾ ਤੇ ਅਬਦੁੱਲਾ ਨੂੰ ਗੁਰੂ ਦਰਬਾਰ ਵਿਚ ਸੂਰਮਿਆਂ ਦੀਆਂ ਵਾਰਾਂ ਗਾਉਣ ਦੀ ਆਗਿਆ ਕੀਤੀ (ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੨੦੭)। ਉਹਨਾਂ ਨੇ ਪੁਰਾਤਨ ਜੋਧਿਆਂ ਦੀਆਂ ਵਾਰਾਂ ਦੇ ਨਾਲ ਛੇਵੇਂ ਪਾਤਸ਼ਾਹ ਦੀ ਸ਼ੋਭਾ ਦੀਆਂ ਪਉੜੀਆਂ ਵੀ ਰਚ ਕੇ ਸੁਣਾਈਆਂ। ਸੂਰਮਿਆਂ ਦੀਆਂ ਵਾਰਾਂ ਦਾ ਸੰਗਤਾਂ ਉਤੇ ਬੜਾ ਪ੍ਰਭਾਵ ਪਿਆ।

ਢਾਡੀ ਦਾ ਸਭ ਤੋਂ ਵੱਡਾ ਗੁਣ ਹੈ ਕਿ ਉਹ ਸਰੋਤਿਆਂ ਦੇ ਮਨ ਵਿਚ ਕੁਝ ਕਰਕੇ ਵਿਖਾਉਣ ਦਾ ਚਾਅ ਪੈਦਾ ਕਰ ਦੇਵੇ। ਵਾਰਾਂ ਸੁਣ ਕੇ ਸੂਰਮਿਆਂ ਦੇ ਮਨ ਵਿਚ ਕੁਝ ਕਰਕੇ ਵਿਖਾਉਣ ਦੀ ਰੀਝ ਪੈਦਾ ਹੋ ਗਈ। ਉਸ ਦਿਨ ਤੋਂ ਢਾਡੀਆਂ ਨੂੰ ਸਿੱਖ-ਸਟੇਜਾਂ ਉੱਤੇ ਸਤਿਕਾਰ-ਭਰਿਆ ਅਸਥਾਨ ਮਿਲਿਆ ਹੈ। ਅੱਜ ਢਾਡੀ-ਜਥੇ ਸਿੱਖੀ-ਪ੍ਰਚਾਰ ਦਾ ਨਰੋਆ ਅੰਗ ਹਨ। ਢਾਡੀਆਂ ਦਾ ਹੁਨਰ ਉਨਾ ਹੀ ਪੁਰਾਣਾ ਏ ਜਿੰਨੀ ਮਨੁੱਖੀ ਸਭਿਅਤਾ। ਜਦ ਮਨੁੱਖ ਕਬੀਲਿਆਂ ਵਿਚ ਵਸਦਾ ਸੀ, ਲੜਾਈਆਂ ਹੁੰਦੀਆਂ ਸਨ, ਹਾਰੇ ਹੋਇਆਂ ਦੀ ਹਿੰਮਤ ਢਾਡੀ ਹੀ ਜਗਾਇਆ ਕਰਦੇ ਸਨ। ਪਹਿਲੇ ਇਹਨਾਂ ਨੂੰ ਭੱਟ ਕਿਹਾ ਕਰਦੇ ਸਨ। ਇਹ ਭੱਟ ਹੀ ਮਗਰੋਂ ਵੱਖ-ਵੱਖ ਸੂਰਤਾਂ ਵਿਚ ਸਾਮ੍ਹਣੇ ਆਏ। ਰਾਜਸਥਾਨ ਵਿਚ ਰਾਜਪੂਤ ਘਰਾਣੇ ਉਭਰੇ। ਸਭ ਰਾਜਿਆਂ-ਨਵਾਬਾਂ ਦੇ ਵੱਖਰੇ-ਵੱਖਰੇ ਭੱਟ ਹੁੰਦੇ ਸਨ।

ਉਹ ਆਪਣੇ ਮਾਲਕਾਂ ਨੂੰ ਵੱਡੇ-ਵਡੇਰਿਆਂ ਦੀਆਂ ਕਹਾਣੀਆਂ ਸੁਣਾ ਕੇ ਖੁਸ਼ ਕਰਦੇ ਸਨ। ਕੋਈ ਵੀ ਭੱਟ ਆਪਣੇ ਜਜਮਾਨ ਨੂੰ ਛੱਡ ਕੇ ਦੂਜੇ ਦੇ ਬੂਹੇ 'ਤੇ ਨਹੀਂ ਸੀ ਜਾਂਦਾ। ਗੁਰੂ ਅਰਜਨ ਦੇਵ ਜੀ ਗਉੜੀ ਦੀ ਵਾਰ ਵਿਚ ਫ਼ਰਮਾਉਂਦੇ ਹਨ:

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥੨੧॥

(ਪੰਨਾ ੩੨੩)

ਰਾਜਸਥਾਨ ਵਿਚ ਸਾਜ਼ਾਂ ਨਾਲ ਗਾਉਣ ਵਾਲਿਆਂ ਵਾਸਤੇ ਸ਼ਬਦ ਘੜਕਾ ਪੈ ਗਿਆ, ਓਹਾ ਘੜਕਾ ਅਖਵਾਉਣ ਵਾਲੇ ਗਾਇਕ ਪੰਜਾਬ ਆ ਕੇ ਢਾਡੀ ਬਣ ਗਏ।

ਏਧਰ ਆ ਕੇ ਸਾਜ਼ ਬਦਲ ਗਏ। ਪੁਰਾਣੇ ਸਾਜ਼ ਸਰੰਦਾ ਤੇ ਮਰਦੰਗ ਸਨ। ਸਰੰਦੇ ਦੀ ਥਾਂ ਸਰੰਗੀ ਤੇ ਮਰਦੰਗ ਦੀ ਥਾਂ ਢੱਡ ਨੇ ਲੈ ਲਈ। ਢਾਡੀ ਕਹਿੰਦੇ ਨੇ ਜੱਸ ਗਾਉਣ ਵਾਲੇ ਨੂੰ "*ਹਮ ਢਾਡੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥*" ਵਾਰ ਕਵਿਤਾ ਦਾ ਉਹ ਨਮੂਨਾ ਏ ਜਿਸ ਵਿਚ ਮੁੱਖ ਨਾਇਕ ਦਾ ਜੱਸ ਗਾਇਆ ਜਾਵੇ।

ਵਾਰ ਅੰਗ੍ਰੇਜ਼ੀ ਵਿਚ ਜੰਗ ਨੂੰ ਕਹਿੰਦੇ ਨੇ। ਕਿਸੇ ਉੱਤੇ ਹਮਲਾ ਕਰਨ ਨੂੰ ਵੀ ਕਹਿੰਦੇ ਹਨ ਵਾਰ ਕੀਤਾ। ਕਈ ਸੂਰਮੇ ਕਹਿੰਦੇ ਸੀ: ਪਈ ਪਹਿਲੋਂ ਵਾਰ ਕਰ ਲੈ, ਮੇਰਾ ਵਾਰ ਖਾਲੀ ਨਹੀਓਂ ਜਾਣਾ। ਵਾਰ ਤੋਂ ਭਾਵ ਵਾਰਤਾ ਵੀ ਹੈ। ਜੋ ਅੰਤਰ ਨਾਵਲ ਅਤੇ ਹੁਨਰੀ ਕਹਾਣੀ ਵਿਚ ਹੈ, ਓਹਾ ਫਰਕ ਮਹਾਂ-ਕਾਵਿ ਅਤੇ ਵਾਰ ਵਿਚ ਹੈ। ਪੁਰਾਣੇ ਢਾਡੀ ਸ਼ਿੰਗਾਰ-ਰਸ ਵਿਚ ਪ੍ਰੀਤ-ਪਿਆਰ ਦੀਆਂ ਵਾਰਾਂ ਗਾਉਂਦੇ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਰਾਗੀਆਂ ਤੇ ਕਥਾ-ਕਾਰਾਂ ਦੇ ਨਾਲ ਸਿਪਾਹੀ ਸਿੱਖਾਂ ਵਾਸਤੇ ਢਾਡੀਆਂ ਦੀ ਲੋੜ ਸਮਝੀ। ਠੰਢੇ ਪੈ ਚੁੱਕੇ ਲਹੂ ਨੂੰ ਜਿੰਨਾ ਢਾਡੀ ਗਰਮ ਕਰ ਸਕਦਾ ਏ, ਰਾਗੀ ਨਹੀਂ। ਏਸੇ ਗੱਲ ਨੂੰ ਮੁੱਖ ਰੱਖ ਕੇ ਹਜ਼ੂਰ ਨੇ ਢਾਡੀਆਂ ਨੂੰ ਸਿੱਖ ਦੀਵਾਨਾਂ ਤੇ ਸਮਾਗਮਾਂ ਵਿਚ ਲਿਆਂਦਾ। ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:

ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥

ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥

(ਪੰਨਾ ੫੧੯)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੂਰਮਿਆਂ ਦੀਆਂ ਵਾਰਾਂ ਦੀਆਂ ਜੋ ਧੁਨਾਂ ਹਨ, ਅਨੁਸਾਰ ਗੁਰਬਾਣੀ ਦੀ ਵਾਰ ਗਾਉਣ ਦਾ ਆਦੇਸ਼ ਦਿੱਤਾ ਤਾਂ ਕਿ ਰਾਗੀ ਢਾਡੀ ਇਹਨਾਂ 'ਧੁਨਾਂ' ਤੇ ਵਾਰਾਂ ਨੂੰ ਗਾ ਕੇ ਸਿੱਖਾਂ ਵਿਚ ਬੀਰ-ਰਸ ਪੈਦਾ ਕਰਨ।

(੧) ਮਲਕ ਮੁਰੀਦ ਤੇ ਚੰਦ੍ਰਹੜਾ ਸੋਹੀਆ: ਇਹ ਅਕਬਰ ਬਾਦਸ਼ਾਹ ਦੇ ਰਾਜਪੂਤ ਸਰਦਾਰ ਸਨ। ਢਾਡੀਆਂ ਇਹਨਾਂ ਦੀ ਵਾਰ ਗਾਈ। ਗੁਰੂ ਸਾਹਿਬ ਨੇ ਏਸੇ ਧੁਨੀ ਵਿਚ ਮਾਝ ਦੀ ਵਾਰ ਗਾਉਣ ਦੀ ਆਗਿਆ ਕੀਤੀ।

(੨) ਰਾਏ ਕਮਾਲ ਤੇ ਮੌਜ: ਢਾਡੀਆਂ ਨੇ ਇਹਨਾਂ ਦੀ ਵਾਰ ਪੜ੍ਹੀ:

ਰਾਣਾ ਰਾਇ ਕਮਾਲਦੀਂ ਰਣ ਭਾਗ ਬਾਹੀ।
ਮੌਜ੍ਹ ਦੀਂ ਤਲਵੰਡੀਓਂ ਚੜ੍ਹਿਆ ਸਾਬਾਹੀ।
ਢਾਲੀਂ ਅੰਬਰ ਛਾਇਆ ਫੁੱਲੇ ਅੱਕ ਕਾਹੀ।
ਜੁੱਟੇ ਆਮ੍ਹੋ ਸਾਮ੍ਹਣੇ ਨੇਜ਼ੇ ਝਲਕਾਹੀ।
ਮੌਜੇ ਘਰ ਵਾਧਾਈਆਂ ਘਰ ਚਾਚੇ ਧਾਹੀ।

ਏਸ ਧੁਨੀ ਤੇ ਪੰਜ ਤੁਕੀ ਪਉੜੀ ਗਉੜੀ ਦੀ ਵਾਰ ਗਾਈ ਗਈ:

ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ॥

(ਪੰਨਾ ੩੧੮)

(੩) ਅਸਰਾਜ ਰਾਜਾ ਸਾਰੰਗ ਚਿੱਤ੍ਰ ਬੀਜ ਦਾ ਪੁੱਤਰ ਸੀ। (ਜੇ ਇਹਨਾਂ ਸੂਰਮਿਆਂ ਦੀਆਂ ਪੂਰੀਆਂ ਕਹਾਣੀਆਂ ਲਿਖੀਏ ਤਾਂ ਲੇਖ ਦੇ ਵਧ ਜਾਣ ਦਾ ਡਰ ਹੈ, ਫਿਰ ਕਿਸੇ ਲੇਖ ਵਿਚ ਵਿਸਥਾਰ ਨਾਲ ਲਿਖਾਂਗੇ) ਅਸਰਾਜ ਦੀ ਵਾਰ ਢਾਡੀਆਂ ਗਾਈ:

ਭਬਕਿਆ ਸੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸਾਹੀ ਅੱਜੇ।
ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ
ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸੱਜੇ।

ਇਸ ਪੰਜ-ਤੁਕੀ ਪਉੜੀ ਨਾਲ ਆਸਾ ਦੀ ਵਾਰ ਦੀ ਪਉੜੀ ਦੀ ਧੁਨੀ ਸਤਿਗੁਰਾਂ ਮਿਲਾਈ:

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥

(ਪੰਨਾ ੪੬੩)

(੪) ਸਿਕੰਦਰ ਤੇ ਇਬਰਾਹਿਮ ਦੋਵੇਂ ਰਾਜਪੂਤ ਭਰਾ ਸਨ, ਇਹਨਾਂ ਦੀ ਵਾਰ ਹੈ:

ਪਾਪੀ ਖਾਨ ਬਿਰਾਮ ਪਰ ਚੜ੍ਹਿਆ ਸੇਕੰਦਰ।
ਭੇੜ ਦੋਹਾਂ ਦਾ ਮੱਚਿਆ ਬਡ ਰਣ ਦੇ ਅੰਦਰ।
ਫੜਿਆ ਖਾਨ ਬਿਰਾਮ ਨੂੰ ਕਰ ਬੱਡ ਆਡੰਬਰ।
ਬੱਧਾ ਸੰਗਲ ਪਾਇਕੈ ਜਣੁ ਕੀਲੇ ਬੰਦਰ।
ਅਪਨਾ ਹੁਕਮ ਮਨਾਇਕੇ ਛੱਡਿਆ ਜੱਗ ਅੰਦਰ।

ਇਸ ਵਾਰ ਦੀ ਧੁਨੀ ਨਾਲ ਰਾਗ ਗੂਜਰੀ ਦੀ ਵਾਰ ਗਾਉਣ ਦਾ ਹੁਕਮ ਕੀਤਾ:

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥

(ਪੰਨਾ ੫੦੯)

(੫) ਲੱਲਾ ਤੇ ਬਹਿਲੀਮਾਂ-ਕਾਂਗੜੇ ਦੇ ਇਲਾਕੇ ਦੇ ਤਗੜੇ ਜ਼ਿਮੀਂਦਾਰ ਸਰਦਾਰ ਸਨ। ਇਹਨਾਂ ਦੀ ਵਾਰ ਹੈ:

ਕਾਲ ਲਲਾ ਦੇ ਦੇਸ ਦਾ ਖੋਇਆ ਬਹਿਲੀਮਾ।
ਹਿੱਸਾ ਛਠਾ ਮਨਾਇਕੈ ਜਲ ਨਹਿਰੋਂ ਦੀਮਾ।
ਫਿਰਾਹੁਨ ਹੁਇ ਲਲਾ ਨੇ ਰਣ ਮੰਡਿਆ ਧੀਮਾ।
ਭੇੜ ਦੁਹੂੰ ਦਿਸ ਮੱਚਿਆ ਸਟਪਈ ਅਜੀਮਾ।
ਸਿਰ ਧੜ ਡਿੱਗੇ ਖੇਤ ਵਿੱਚ ਜਿਉ ਵਾਹਣ ਢੀਮਾ।
ਮਾਰ ਲਲਾ ਬਹਲੀਮ ਨੇ ਰਣ ਮੇ ਧਰ ਸੀਮਾ।

ਇਸ ਪਉੜੀ ਦੀ ਧੁਨੀ ਉਪਰ ਸਤਿਗੁਰੂ ਜੀ ਨੇ ਵਡਹੰਸ ਦੀ ਵਾਰ ਗਾਉਣ ਦੀ ਸੂਚਨਾ ਕੀਤੀ:

ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥

(ਪੰਨਾ ੫੮੫)

(੬) ਜੋਧਾ ਤੇ ਵੀਰਾ ਪੂਰਬਾਣੀ ਦੇ ਪੁੱਤਰ ਸਨ ਤੇ ਲੱਖੀ ਜੰਗਲ ਦੇ ਧਾੜਵੀ ਸਨ। ਭੱਟਾਂ ਨੇ ਇਹਨਾਂ ਦੀ ਵਾਰ ਗਾਈ:

ਜੋਧ ਵੀਰ ਪੁਰਬਾਣੀਏ ਦੋ ਗੱਲਾਂ ਕਰੀ ਕਰਾਰੀਆਂ।
ਫੌਜ ਚੜਾਈ ਬਾਦਸ਼ਾਹ ਅਕਬਰ ਰਣ ਭਾਰੀਆਂ।
ਸਨਮੁਖ ਹੋਏ ਰਾਜਪੂਤ ਸ਼ੁਤਰੀ ਰਣਕਾਰੀਆਂ।
ਧੂਹ ਮਿਆਨੋ ਕੱਢੀਆਂ ਬਿੱਜੁਲ ਚਮਕਾਰੀਆਂ।
ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ।
ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗੱਲਾਂ ਸਾਰੀਆਂ।

ਇਸ ਧੁਨੀ ਉਪਰ ਸਤਿਗੁਰਾਂ ਨੇ ਰਾਮਕਲੀ ਦੀ ਵਾਰ ਗਾਉਣ ਦਾ ਆਦੇਸ਼ ਕੀਤਾ:

ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥

(ਪੰਨਾ ੯੪੭)

(੭) ਰਾਏ ਮਹਿਮਾ ਤੇ ਰਾਏ ਹਸਨਾ ਭੱਟੀ ਰਾਜਪੂਤ ਸਨ। ਇਹਨਾਂ ਦੀ ਵਾਰ ਇਸ ਤਰ੍ਹਾਂ ਹੈ:

ਮਹਿਮਾ ਹਸਨਾ ਰਾਜਪੂਤ ਰਾਏ ਭਾਰੇ ਭੱਟੀ।
ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ।
ਭੇੜ ਦੁਹਾਂ ਦਾ ਮੱਚਿਆ ਸ ਵਗੇ ਸਫੱਟੀ।
ਮਹਿਮੇ ਪਾਈ ਫਤੇ ਰਨ ਗਲ ਹਸਨੇ ਘੱਟੀ।
ਬੰਨ ਹਸਨੇ ਨੂੰ ਛੱਡਿਆ ਜਸ ਮਹਿਮੇ ਖੱਟੀ।

ਇਸ ਪਉੜੀ ਦੀ ਧੁਨੀ ਉੱਪਰ ਸਤਿਗੁਰਾਂ ਨੇ ਸਾਰੰਗ ਦੀ ਵਾਰ ਗਾਉਣ ਦਾ ਆਦੇਸ਼ ਕੀਤਾ:

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ॥

(ਪੰਨਾ ੧੨੩੭)

(੮) ਰਾਣਾ ਕੈਲਾਸ਼ ਤੇ ਮਾਲ ਦੇਉ- ਦੋਵੇਂ ਰਾਜਪੂਤ ਭਰਾ ਸਨ, ਜਹਾਂਗੀਰ ਦੇ ਵਕਤ ਜੰਮੂ ਕਸ਼ਮੀਰ ਦੇ ਕੁਝ ਇਲਾਕੇ 'ਤੇ ਰਾਜ ਕਰਦੇ ਸਨ। ਢਾਡੀਆਂ ਨੇ ਇਹਨਾਂ ਦੀ ਵਾਰ ਇਉਂ ਬਣਾਈ:

ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ।
ਨਉ ਸੈ ਨਦੀ ਨੜਿੰਨਵੇ ਰਾਣਾ ਜਲ ਕੰਧਰ।
ਢੁੱਕਾ ਰਾਇ ਅਮੀਰ ਦੇ ਕਰ ਮੇਘ ਅਡੰਬਰ।
ਆਨਤ ਖੰਡਾ ਰਾਣਿਅ ਕੈਲਾਸੇ ਅੰਦਰ।
ਬਿਜੁੱਲ ਜਜੋਂ ਚਮਕਾਣੀਆਂ ਤੇਗਾਂ ਵਿੱਚ ਅੰਬਰ।
ਮਾਲਦੇਵ ਕੈਲਾਸ ਨੂੰ ਬੰਨ੍ਹਿਆ ਕਰ ਸੰਘਰ।
ਫਿਰ ਅੱਧਾ ਧਨ ਮਾਲ ਦੇ ਛੱਡਿਆ ਗੜ੍ਹ ਅੰਦਰ।
ਮਾਲਦੇਉ ਜਸ ਖੱਟਿਆ ਜਿਉ ਸ਼ਾਹ ਸਿਕੰਦਰ॥

ਇਸ ਧੁਨੀ ਉਪਰ ਮਲਾਰ ਦੀ ਵਾਰ ਗਾਉਣ ਦਾ ਆਦੇਸ਼ ਕੀਤਾ ਗਿਆ:

ਆਪੀਨੈ ਆਪੁ ਸਾਜਿ ਆਪੁ ਪਛਾਣਿਆ॥

(ਪੰਨਾ ੧੨੭੯)

(੯) ਮੂਸਾ ਇਕ ਬੜਾ ਭਾਰੀ ਰਾਠ ਸੀ। ਢਾਡੀਆਂ ਨੇ ਇਹਦੀ ਵਾਰ ਗਾਈ:

ਤ੍ਰੈ ਸੈ ਸੱਠ ਮੁਰਾਤਬਾ ਇਕ ਘੁਰਿਐ ਡੱਗੇ।
ਚੜਿਆ ਮੂਸਾ ਪਾਤਸਾਹ ਸਭ ਸੁਣਿਆ ਜੱਗੇ।
ਦੰਦ ਚਿਟੇ ਬਡ ਹਾਥੀਆਂ ਕਹੁ ਕਿੱਤ ਵਰੱਗੇ।
ਰੁਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ।
ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ।

ਇਸ ਪਉੜੀ ਦੀ ਧੁਨੀ ਉੱਪਰ ਸਤਿਗੁਰਾਂ ਨੇ ਕਾਨੜੇ ਦੀ ਵਾਰ ਗਾਉਣ ਦੀ ਸੂਚਨਾ

ਕੀਤੀ:

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥

(ਪੰਨਾ ੧੩੧੩)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਦੀਆਂ ਇਹਨਾਂ ਧੁਨਾਂ 'ਤੇ ਗੁਰਬਾਣੀ ਗਾਉਣ ਦਾ ਉਪਦੇਸ਼ ਦਿੱਤਾ ਅਤੇ ਢਾਡੀਆਂ ਦਾ ਸਦਾ ਮਾਣ ਵਧਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਮੇਸ਼ ਪਿਤਾ ਦੇ ਦਰਬਾਰ ਵਿਚ ਮੀਰ ਮੁਸ਼ਕੀ ਤੇ ਛਬੀਲਾਂ ਢਾਡੀ ਵਾਰਾਂ ਗਾਉਂਦੇ ਸਨ। ਇਹਨਾਂ ਦੀਆਂ ਲਿਖੀਆਂ ਵਾਰਾਂ ਦਾ ਇਹ ਕਿਸੇ ਲੇਖ ਵਿਚ ਵਰਨਣ ਕਰਾਂਗੇ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਿਰਪਾ ਹੈ ਕਿ ਅੱਜ ਵੀ ਢਾਡੀ ਜਥੇ ਸਿੱਖ-ਸਟੇਜਾਂ ਉਤੇ ਬੜਾ ਸਤਿਕਾਰ ਪਾ ਰਹੇ ਹਨ ਅਤੇ ਸਿੱਖ ਪੰਥ ਦਾ ਮਹੱਤਵਪੂਰਨ ਅੰਗ ਹਨ।

੬/੧੯੯੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੱਤਕੇਬਾਜ਼ੀ ਦੀ ਪਰੰਪਰਾ

ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬੈਠਣ ਸਮੇਂ ਪਹਿਲੇ ਪੰਜ ਗੁਰੂ ਸਾਹਿਬਾਨ ਵਲੋਂ ਗੁਰਗੱਦੀ ਧਾਰਨ ਸਮੇਂ ਨਿਭਾਈ ਜਾਂਦੀ ਰਸਮ ਨੂੰ ਬਦਲੇ ਹੋਏ ਹਾਲਾਤਾਂ ਮੁਤਾਬਕ ਤਿਆਗ ਕੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ, ਜਿਸ ਤੋਂ ਸਿੱਖਾਂ ਵਿਚ ਸ਼ਸਤਰ ਵਿਦਿਆ ਦੀ ਪਰੰਪਰਾ ਦਾ ਜ਼ਾਹਿਰਾ ਤੌਰ 'ਤੇ ਪ੍ਰਵਾਹ ਚੱਲ ਪਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗੱਤਕੇਬਾਜ਼ੀ ਦੀ ਪਰੰਪਰਾ ਕਿਸ ਤਰ੍ਹਾਂ ਪ੍ਰਚੰਡ ਰੂਪ ਵਿਚ ਸਾਹਮਣੇ ਆਈ, ਦੇ ਪਿਛੋਕੜ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਵੱਲੋਂ ਪਾਏ ਗਏ ਮਹੱਤਵਪੂਰਨ ਯੋਗਦਾਨ ਦੇ ਵੱਖ-ਵੱਖ ਪਹਿਲੂਆਂ 'ਤੇ ਸੰਖੇਪ ਵਿਚ ਵਿਚਾਰ ਕਰ ਲੈਣੀ ਯੋਗ ਹੋਵੇਗੀ।

ਛੇਵੇਂ ਪਾਤਸ਼ਾਹ ਵੱਲੋਂ ਅਪਣਾਈ ਗਈ ਇਸ ਜੁਝਾਰੂ ਕਲਾ ਦਾ ਬੀਜ ਸਿਧਾਂਤਕ ਰੂਪ ਵਿਚ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਹੀ ਮਿਲਦਾ ਹੈ, ਜਿਸ ਵਿਚ ਉਨ੍ਹਾਂ ਨੇ ਸਮਕਾਲੀ ਸਮਾਜ ਵਿਚਲੇ ਰਾਜਨੀਤਿਕ ਆਰਥਿਕ, ਸਮਾਜਿਕ, ਧਾਰਮਿਕ ਅਤੇ ਸਦਾਚਾਰਕ ਢਾਂਚਿਆਂ ਵਿਚ ਫੈਲੇ ਦਵੰਦ ਨੂੰ ਨਿਡਰਤਾ ਤੇ ਦਲੇਰੀ ਨਾਲ ਪੇਸ਼ ਕੀਤਾ। ਬਾਬਰ ਨੂੰ ਜਾਬਰ *ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ*, ਰਾਜਿਆਂ ਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਬਘਿਆੜ ਤੇ ਕੁੱਤੇ *ਰਾਜੇ ਸੀਹ ਮੁਕਦਮ ਕੁਤੇ* ਕਹਿ ਕੇ ਲੋਕਾਈ ਨੂੰ ਆਪਣੇ ਹੱਕਾਂ ਲਈ ਸ਼ਸਤਰ-ਬੱਧ ਲੜਾਈ ਲਈ ਤਤਪਰ ਰਹਿਣ ਦਾ ਇਸ਼ਾਰਾ ਕੀਤਾ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)

ਅਤੇ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥

(ਪੰਨਾ ੧੪੧੨)

ਦੀ ਵਿਚਾਰਧਾਰਾ ਅਨੁਸਾਰ ਭਗਤੀ ਦੇ ਨਾਲ ਸ਼ਕਤੀ ਦਾ ਪਹਿਰਾ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਤਰ੍ਹਾਂ ਦੀ ਬੀਰ-ਰਸੀ ਬਿਰਤੀ ਨੇ ਸ਼ਸਤਰ-ਵਿਦਿਆ ਲਈ ਪਿੜ ਤਿਆਰ ਕਰਨ ਦਾ ਕੰਮ ਕੀਤਾ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ 'ਖਡੂਰ' ਵਿਚ 'ਮੱਲ ਅਖਾੜਾ' ਖੋਲ੍ਹ ਕੇ ਲੋਕਾਂ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿਣ ਲਈ ਕਸਰਤਾਂ, ਕੁਸ਼ਤੀਆਂ ਆਦਿ ਦੇ ਸੁਨਹਿਰੀ ਮੌਕੇ ਪ੍ਰਦਾਨ ਕੀਤੇ। ਮਲ-ਅਖਾੜਿਆਂ ਵਿਚ ਕਮਾਏ ਸਰੀਰਾਂ ਵਾਲੇ ਬਲਵਾਨ ਲੋਕਾਂ ਨੇ ਛੇਵੇਂ ਪਾਤਸ਼ਾਹ ਸਮੇਂ ਸ਼ਸਤਰ-ਵਿਦਿਆ ਵਿਚ ਛੇਤੀ ਹੀ ਮੁਹਾਰਤ ਹਾਸਲ ਕਰ ਲਈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਿੱਖਾਂ ਨੂੰ ਬਦਲਦੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਕਾਬਲ ਤੇ ਕੰਧਾਰ ਤਕ ਜਾ ਕੇ ਚੰਗੀ ਨਸਲ ਦੇ ਘੋੜੇ ਖ਼ਰੀਦਣ ਦੀ ਪ੍ਰੇਰਨਾ ਤੇ ਉਤਸ਼ਾਹ ਦਿੱਤਾ, ਜਿਸ ਨਾਲ ਉਨ੍ਹਾਂ ਵਿਚ ਯੁੱਧ-ਵਿਦਿਆ ਦੇ ਅੰਗ ਘੋੜ-ਸਵਾਰੀ ਦੀ ਰੁਚੀ ਪੈਦਾ ਹੋਣੀ ਕੁਦਰਤੀ ਸੀ, ਜਿਸ ਨਾਲ ਭਵਿੱਖ ਵਿਚ ਖ਼ਾਲਸਈ ਫ਼ੌਜਾਂ ਕਾਇਮ ਕਰਨ ਅਤੇ ਧਰਮ-ਯੁੱਧ ਕਰਨ ਲਈ ਰਾਹ ਬਣ ਗਿਆ। ਸਿੱਖ ਧਰਮ ਦੇ ਅਗਲੇ ਵਿਕਾਸ ਨੂੰ ਅਨੁਭਵ ਕਰਦਿਆਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਮੁਗ਼ਲ ਫ਼ੌਜ ਵਿਚ ਨੌਕਰੀ ਕਰ ਰਹੇ ਸਿੱਖਾਂ ਨੂੰ ਨੌਕਰੀ ਛੱਡਣ ਦਾ ਆਦੇਸ਼ ਦਿੱਤਾ ਕਿ "ਅਸੀਂ ਜੋ ਸ਼ਸਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹਨ। ਸਮਾਂ ਕਲਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।"

(ਸਿੱਖਾਂ ਦੀ ਭਗਤਮਾਲ, ਪੰਨਾ ੩੩)

ਸ਼ਸਤਰ-ਵਿਦਿਆ ਦੀ ਮੁਹਾਰਤ ਹਾਸਲ ਕਰਕੇ ਯੁੱਧ ਲੜਨ ਦੇ ਕਰਮ ਨੂੰ ਜਾਇਜ਼ ਕਰਾਰ ਦਿੰਦੇ ਹੋਏ ਪੰਚਮ ਪਾਤਸ਼ਾਹ ਕਹਿੰਦੇ ਹਨ ਕਿ "ਧਰਮ ਦਾ ਯੁੱਧ ਧਰਮ ਹੈ, ਜੋ ਗਰੀਬਾਂ ਨੂੰ ਰੰਞਾਏ ਉਸ ਨਾਲ ਯੁੱਧ ਕਰਨਾ ਕਲਿਆਣ ਹੋਵੇਗਾ।"

(ਉਹੀ, ਪੰਨਾ ੧੧੮)

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਛੇਵੇਂ ਪਾਤਸ਼ਾਹ ਦੁਆਰਾ ਸ਼ਸਤਰ-ਬੱਧ ਹੋ ਕੇ ਗੁਰਗੱਦੀ 'ਤੇ ਬੈਠਣ ਦੇ ਪਿੜ ਦੀ ਤਿਆਰੀ ਪਹਿਲੇ ਪੰਜ ਗੁਰੂ ਸਾਹਿਬਾਨ ਵੱਲੋਂ ਕਈ ਰੂਪਾਂ ਵਿਚ ਪਹਿਲਾਂ ਹੀ ਹੋ ਚੁੱਕੀ ਸੀ, ਜਿਸ ਨੂੰ ਆਪ ਨੇ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿਚ ਵਿਵਹਾਰਕ ਰੂਪ ਵਿਚ ਲਾਗੂ ਕਰਕੇ ਸਿੱਖ ਸਮਾਜ ਨੂੰ ਨਵੀਂ ਸੇਧ ਦਿੱਤੀ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਛੇਵੇਂ ਗੁਰੂ ਨੂੰ ਬਚਪਨ ਵਿਚ ਹੀ ਸ਼ਾਸਤਰ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਦੀ ਸਿਖਲਾਈ ਦੇਣ ਲਈ ਬਾਬਾ ਬੁੱਢਾ ਜੀ ਨੂੰ ਆਗਿਆ ਕੀਤੀ:

...ਸ੍ਰੀ ਮੁਖ ਸਿਉ ਤਬ ਅਸ ਬਚ ਭਾਖਯੋ।
ਪ੍ਰਸਾਦਿ ਵਰਤਾਇ ਅਬੈ ਪ੍ਰਭੁ ਲੀਜੈ।
ਹਰਿ ਗੋਬਿੰਦ ਕੋ ਬਿਦਯਾ ਦੀਜੈ।

(ਗੁਰ ਬਿਲਾਸ ਪਾ: ਛੇਵੀਂ, ਅਧਿਆਇ ਤੀਜਾ)

ਪੰਚਮ ਪਾਤਸ਼ਾਹ ਦੀ ਬੇਨਤੀ ਮੰਨ ਕੇ ਬਾਬਾ ਬੁੱਢਾ ਜੀ ਨੇ ਬਾਲਕ (ਗੁਰੂ) ਹਰਿਗੋਬਿੰਦ

ਸਾਹਿਬ ਨੂੰ ਅੱਖਰੀ ਵਿਦਿਆ ਦੇਣੀ ਆਰੰਭ ਕਰ ਦਿੱਤੀ, ਜਿਸ ਨੂੰ (ਗੁਰੂ) ਹਰਿਗੋਬਿੰਦ ਸਾਹਿਬ ਨੇ ਥੋੜੇ ਦਿਨਾਂ ਵਿਚ ਹੀ ਸਿੱਖ ਕੇ ਕਮਾਲ ਕਰ ਵਿਖਾਈ:

ਪਟੀ ਲਿਖ ਤਤਕਾਲ ਗੁਰ ਸੁਤ ਕੇ ਕਰ ਦੀਨੀ।
ਹਰਿ ਗੋਬਿੰਦ ਲਿਖ ਲਈ ਤਬੈ ਸੋ ਅਖਰ ਦੀਨੀ।
ਕਛੁਕ ਦਿਵਸ ਮਹਿ ਪੜੀ ਸਭੈ ਬਿਦਿਆ ਤਬ ਭਾਰੀ।
ਤਿਹਂ ਅਵਸਰ ਬੁਧਿ ਬਾਲ ਪੇਖ ਮਨ ਬਿਸਮੈਂ ਧਾਰੀ॥੭੪॥

(ਗੁਰ ਬਿਲਾਸ ਪਾ: ਛੇਵੀਂ, ਅਧਿਆਇ ਤੀਜਾ)

ਅੱਖਰੀ ਵਿਦਿਆ ਦੇ ਨਾਲ-ਨਾਲ ਛੇਵੇਂ ਗੁਰੂ ਨੇ ਸ਼ਸਤਰ ਵਿਦਿਆ ਦੇ ਮੁੱਖ ਅੰਗਾਂ ਵਿਚੋਂ ਗੱਤਕੇਬਾਜ਼ੀ ਤੋਂ ਇਲਾਵਾ ਧਨੁੱਖ ਵਿਦਿਆ (ਤੀਰ-ਅੰਦਾਜ਼ੀ), ਤਲਵਾਰ-ਬਾਜ਼ੀ, ਦਾਉ-ਪੇਚੀ, ਘਾਤ ਲਾ ਕੇ ਹਮਲਾ ਕਰਨ ਦੀ ਜੁਗਤ, ਘੋੜ ਸਵਾਰੀ, ਝਪਟਨ ਕਿਰਿਆ, ਨੇਜ਼ੇਬਾਜ਼ੀ, ਮੁੱਗਦਰ ਫੇਰਨ, ਬਹਾਦਰ ਯੁੱਧ ਅਤੇ ਬੰਦੂਕ ਆਦਿ ਚਲਾਉਣ ਦੀ ਸ਼ੁੱਧ ਵਿਦਿਆ ਪ੍ਰਾਪਤ ਕਰ ਲਈ:

ਸ਼ਸਤ੍ਰਨ ਕੀ ਬਿੱਦਯਾ ਮਹਾਂ, ਤਿਸ ਕੋ ਬਰ ਦੇ ਦੀਨਿ।
ਬਾਨ ਪ੍ਰਹਾਰਨਿ ਅਨਿਕ ਬਿਧਿ, ਐਂਚਨਿ ਧਨੁਖ ਪ੍ਰਬੀਨ॥੪੪॥
ਖੜਗ ਪ੍ਰਹਾਰਨਿ ਸਿਪਰ ਗਹਿ, ਤਨ ਬਚਾਇ ਕਰਿ ਦਾਵ।
ਇਤ ਉਤ ਹੋਵਨਿ ਸਮੁਖ ਪੁਨਿ, ਗਨ ਸ਼ੱਤ੍ਰਨਿ ਕਰਿ ਘਾਵ॥੪੫॥
ਸੈਯਾ: ਹੋਨਿ ਮਹਾਂ ਅਸਵਾਰ ਤੁਰੰਗਮ ਦੀਰਘ ਛਾਲ ਕੁਦਾਇ ਭਜਾਵੈਂ।
ਫੇਰਨ, ਮੰਡਲ ਕੇਰ ਭ੍ਰਮਾਵਨਿ ਲੈ ਬਰਛਾ ਅਰਿ ਓਰ ਚਲਾਵੈਂ।
ਹਾਥ ਤੁਫੰਗ ਗਹੈਂ ਕਹਿ ਤਜਾਰ, ਪਲਾਵਤਿ ਜਾਤਿ ਛੁਟੇ ਰਿਪੁ ਘਾਵੈਂ।
ਔਰ ਜਿਤੇ ਇੱਤਜਾਦਿਕ ਜੋ ਬਰ, ਦੇਤਿ ਭਜੋਸੁ 'ਕਰੇਬਿਨੁ ਆਵੈਂ'॥੪੬॥

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ਼ਿ ੩, ਅੰਸੂ ੩੧)

ਯੁੱਧ ਵਿਦਿਆ ਦੇ ਅੰਗਾਂ ਤੋਂ ਇਲਾਵਾ ਗੁਰੂ ਜੀ ਨੇ ਸ਼ਿਕਾਰ ਖੇਡਣ ਵਿਚ ਵੀ ਮੁਹਾਰਤ ਹਾਸਲ ਕਰ ਲਈ ਸੀ:

ਪਾਨੇ ਲਗੈ ਸ਼ਸਤ੍ਰ ਸ਼ਿਕਸਾ ਵੇ ਕਰਕੇ ਜਬ ਤਬ ਸੈਰ ਸ਼ਿਕਾਰ।
ਦ੍ਰਿੜ੍ਹਤਾ ਤੋਂ ਗੁਣ ਹੀ ਹੈ ਸਬ ਕਾ ਰਹੈ ਕਰੂਰਤਾ ਕਯੋ ਨ ਵਿਕਾਰ।
ਤਨ ਤਰੁ ਹੈ ਆਰੋਗਸ ਮੂਲ ਹੈ ਫਲ? ਧਰਮਾਰਥ-ਕਾਮ-ਕੈਵਲਯ।
ਮਲ ਕਲਾ ਪ੍ਰਿਯ ਗੁਰ ਰਖਤੇ ਥੇ ਬਹੁ ਵਿਨੋਦ ਵੀਰੋਚਿਤ ਬਲਯ।

(ਗੁਰੂ ਕੁਲ, ਪੰਨਾ ੩੨)

ਇਸ ਤਰ੍ਹਾਂ ਗੁਰੂ ਜੀ ਨੇ ਤਰ੍ਹਾਂ-ਤਰ੍ਹਾਂ ਦੇ ਸ਼ਸਤਰਾਂ ਦੀ ਵਿਦਿਆ ਪ੍ਰਾਪਤ ਕਰਕੇ ਖੁਸ਼ੀ ਪ੍ਰਗਟ ਕੀਤੀ:

ਚੌਪਈ:

ਚੌਸਠ ਬਿਦਿਆ ਸਭ ਪੜ ਲਈ।
ਯਾ ਮਹਿ ਬਹੁਤ ਅਵਧ ਨਹੀਂ ਭਈ।...
ਸ਼ਸਤ੍ਰ ਸ਼ਾਸਤ੍ਰ ਕੀ ਵਿਦਿਆ ਪਾਈ।
ਹਰਿ ਗੋਬਿੰਦ ਮਨ ਅਤਿ ਹਰਖਾਈ।

(ਗੁਰ ਬਿਲਾਸ ਪਾ: ਛੇਵੀਂ, ਅਧਿਆਇ ਤੀਜਾ)

(ਗੁਰੂ) ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਿਤਾ ਗੁਰੂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਿਆਈ ਧਾਰਨ ਕਰਦਿਆਂ ਸਮੇਂ ਦੀ ਨਜ਼ਾਕਤ ਨੂੰ ਅਨੁਭਵ ਕਰਦੇ ਹੋਏ ਗੁਰੂ-ਪਿਤਾ ਦੇ ਹੁਕਮ ਅਨੁਸਾਰ ਰਵਾਇਤੀ ਰਸਮ ਤਿਆਗ ਕੇ ਸ਼ਸਤਰ ਪਹਿਨਣ ਦਾ ਨਿਸਚਾ ਕਰ ਲਿਆ:

ਸੈਲੀ ਲਾਇਕ ਸੇਲੀ ਧਰੈ।
ਲਾਇਕ ਸ਼ਸਤ੍ਰ ਸ਼ਸਤ੍ਰ ਕਰ ਫਰੈ॥੨੪॥

(ਗੁਰ ਬਿਲਾਸ ਪਾ: ਛੇਵੀਂ, ਅਧਿਆਇ ਅੱਠਵਾਂ)

ਤਦ ਬਾਬਾ ਬੁੱਢਾ ਜੀ ਨੇ ਆਪ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਵਾ ਕੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋ ਗਏ, ਹੋਣ ਦੀ ਮੋਹਰ ਲਾ ਦਿੱਤੀ:

ਦੋ ਅਸਿ ਲੈ ਭਗਵੰਤ ਤਬੈ ਗੁਰ ਕੇ ਗਰਿ ਡਾਰ ਦੀਏ ਹਰਖਾਏ।
ਮੀਰੀ ਕੀ ਮੀਰ ਔਰ ਪੀਰੀ ਕੀ ਪੀਰ ਸੁ ਦੋਊ ਧਰੀ ਭਗਵੰਤ ਅਲਾਏ॥੪੭॥

(ਗੁਰ ਬਿਲਾਸ ਪਾ: ਛੇਵੀਂ, ਅਧਿਆਇ ਅੱਠਵਾਂ)

ਇਸ ਤਰ੍ਹਾਂ ਜਿਥੇ ਆਪ ਸ਼ਸਤਰਧਾਰੀ ਬਣੇ, ਉਥੇ ਆਪਣੇ ਸਿੱਖਾਂ ਨੂੰ ਵੀ ਸ਼ਸਤਰ ਵਿਦਿਆ ਦੀ ਸਿਖਲਾਈ ਦੇਣ ਦੀ ਪਹਿਲ-ਕਦਮੀ ਕੀਤੀ। ਭਵਿੱਖ ਵਿਚ ਸਿੱਖ-ਪੰਥ ਨੂੰ ਬਾਹਰੀ ਖ਼ਤਰਿਆਂ ਤੋਂ ਬਚਾਉਣ ਲਈ ਸ਼ਸਤਰਾਂ ਦੇ ਪ੍ਰਯੋਗ ਨੂੰ ਜ਼ਰੂਰੀ ਕਰਾਰ ਦੇਣ ਹਿੱਤ ਹੀ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ (ਅਕਾਲ ਬੁੰਗੇ) ਦਾ ਨਿਰਮਾਣ ਕਰਵਾਇਆ, ਜਿਥੇ ਆਪ ਬਾਦਸ਼ਾਹਾਂ ਦੀ ਤਰ੍ਹਾਂ ਪੂਰੀ ਸ਼ਾਨੋ-ਸ਼ੌਕਤ ਨਾਲ ਦਰਬਾਰ ਲਗਾਉਂਦੇ। ਸਿੱਖ ਪੰਥ ਜਾਂ ਲੋਕਾਈ ਦੇ ਹੋਰ ਮਸਲਿਆਂ ਨੂੰ ਨਜਿੱਠਣ ਤੋਂ ਇਲਾਵਾ ਆਪ ਦੀ ਨਿਗਰਾਨੀ ਹੇਠ ਤਖ਼ਤ ਦੇ ਸਾਹਮਣੇ 'ਅਖਾੜਾ' ਵੀ ਲਗਾਇਆ ਜਾਂਦਾ, ਜਿਸ ਵਿਚ ਜੋਧੇ, ਤਲਵਾਰਬਾਜ਼ੀ, ਮੱਲ ਯੁੱਧ (ਘੋਲ ਕੁਸ਼ਤੀਆਂ), ਮੁਗੱਦਰ ਫੇਰਨ, ਅਤੇ ਯੁੱਧ ਦੇ ਦਾਅ-ਪੇਚਾਂ ਆਦਿ ਦੀ ਟ੍ਰੇਨਿੰਗ ਦੇਣ ਤੋਂ ਇਲਾਵਾ ਯੋਧਿਆਂ ਵਿਚ ਬੀਰ-ਰਸ ਭਰਨ ਲਈ ਬੀਰ-ਰਸੀ ਵਾਰਾਂ ਦੇ ਗਾਇਨ ਦਾ ਖਾਸ ਪ੍ਰਬੰਧ ਕੀਤਾ ਗਿਆ, ਜਿਸ ਲਈ ਪਿੰਡ ਸੁਰ ਸਿੰਘ ਦੇ ਨਿਵਾਸੀ ਅਬਦੁੱਲਾ ਤੇ ਨੱਥ ਮਲ ਢਾਢੀਆਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਗਈਆਂ:

ਸਜ ਸ਼ਸਤ੍ਰ ਬਸਤ੍ਰ ਸਭਾ ਮਾਹਿ।

ਨਿਤ ਬੈਠਤਿ ਤਖਤ ਅਕਾਲ ਵਾਹਿ।
ਕਰ ਕਮਰ ਕਸੇ ਸਭ ਸਿਖ ਜ੍ਵਾਨ।
ਬੈਠਤ ਗੁਰ ਗਿਰਦੈ ਭਰ ਦਿਵਾਂਨ।
ਮਿਲ ਢਾਂਡੀ ਬਾਰਾਂ ਪੜੈ ਆਂਇ।
ਸੁਨ ਸੰਗਤ ਸਬ ਮਨ ਮੋਦ ਪਾਇ।
ਜੋ ਸੁਨਕੈ ਕਾਇਰ ਹੋਹਿ ਬੀਰ।
ਰਣ ਸਜੈ ਅਰਿਨ ਸੋ ਧਰ ਧੀਰ।...
ਪੁਨ ਪਹਿਲ ਵਾਂਨ ਰਖ ਲਏ ਪਾਂਸ।
ਗੁਰ ਕੁਸਤੀ ਉਨਸੈ ਕਰੇ ਖਾਸ।
ਜਲ ਤਰਨ ਹਰਨ ਸਤ੍ਰੂਨ ਢੰਗ।
ਫਿਰ ਲਕੜੀ-ਬਾਜੀ ਕਰੈ ਚੰਗ।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

ਭਾਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਪੈਂਦੇ ਖਾਂ ਅਤੇ ਦੂਦੂ ਰਾਮ (ਜਿਸ ਦਾ ਯਾਦਗਾਰੀ ਅਸਥਾਨ, ਪਿੰਡ ਗੁਰੂ ਕੀ ਵਡਾਲੀ ਨੇੜੇ ਬਾਸਰਕੇ ਭੈਣੀ ਹੈ) ਵਰਗੇ ਯੋਧਿਆਂ ਨਾਲ ਜ਼ੋਰ ਕਰਨ ਤੇ ਸ਼ਸਤਰ-ਵਿਦਿਆ ਦੇ ਅਭਿਆਸ ਦੀਆਂ ਬਾਤਾਂ ਅਜੇ ਤਕ ਵੀ ਲੋਕਾਂ ਦੀ ਜਬਾਨ ਤੋਂ ਸੁਣੀਆਂ ਜਾ ਸਕਦੀਆਂ ਹਨ ਪਰ ਸ਼ਸਤਰ-ਵਿੱਦਿਆ ਵਿਚ ਗੁਰੂ ਜੀ ਦੇ ਮੁਕਾਬਲੇ ਦਾ 'ਵਡਯੋਧਾ' ਕਿਸੇ ਮਾਂ ਨੇ ਪੈਦਾ ਨਹੀਂ ਕੀਤਾ ਜੋ ਮੈਦਾਨੇ-ਜੰਗ ਵਿਚ ਕਿਸੇ ਵੈਰੀ ਨੂੰ ਸਣੇ-ਸੰਜੋਅ ਵੱਢ ਕੇ ਰੱਖ ਦੇਵੇ। ਉਨ੍ਹਾਂ ਦੇ ਤਲਵਾਰ ਦੇ ਧਨੀ ਹੋਣ ਬਾਰੇ ਮੈਥਲੀ ਸ਼ਰਨ ਗੁਪਤ ਨੇ ਆਪਣੀ ਪੁਸਤਕ 'ਗੁਰੂ ਕੁਲ' ਵਿਚ ਲਿਖਿਆ ਹੈ:

ਕੀਜਾ ਏਕ ਵੈਰੀ ਨੇ ਉਨ ਪਰ ਬੜੇ ਵੇਗ ਸੇ ਵਿਕਟ ਪ੍ਰਹਾਰ।
ਗੁਰ ਬਚ ਬੋਲੇ-ਅੰਪਾ ਹੋ ਕਰ ਕਿਯਾ ਨਹੀਂ ਜਾਤਾ ਹੈ ਵਾਰ।
ਦੇਖ-ਦਿਖਾਊਂ-ਅਬ ਮੈਂ ਕੈਸੇ ਤੋਲੀ ਜਾਤੀ ਹੈ ਤਲਵਾਰ।
ਮਰ ਕਰ ਵਹੀ ਸੋ ਗਯਾ ਵੈਰੀ ਖਰਤਰ ਖੜਗ ਹੋ ਗਯਾ ਪਾਰ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਥੇ ਬਾਬਾ ਬੁੱਢਾ ਜੀ ਤੋਂ ਖੁਦ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਉਥੇ ਹੋਰਾ ਸਿੱਖਾਂ ਤੋਂ ਇਲਾਵਾ ਆਪਣੇ ਪੰਜਾਂ ਪੁੱਤਰਾਂ ਨੂੰ ਵੀ ਇਸ ਅਮੁੱਲੀ ਵਿਦਿਆ ਦੇ ਵੱਖ-ਵੱਖ ਅੰਗਾਂ ਵਿਚੋਂ ਤੀਰ ਕਮਾਣ, ਕ੍ਰਿਪਾਨ, ਗੱਤਕੇਬਾਜੀ ਤੇ ਯੁੱਧ-ਵਿਦਿਆ ਦੇ ਕਈ ਦਾਅ-ਪੇਚਾਂ ਵਿਚ ਨਿਪੁੰਨਤਾ ਹਾਸਲ ਕਰਵਾਈ:

ਸਵੈਯਾ: ਪਾਂਚ ਭਏ ਸੁਤ ਧਾਮ ਬਲੀ ਹਰਿਗੋਬਿੰਦ ਜੁ ਦਿਜਰਾਜ ਬੁਲਾਏ।
ਬਾਨ ਕਮਾਨ ਕ੍ਰਿਪਾਨ ਪਟਾ ਰੱਖ ਦਾਵ ਮਹਾਨ ਚਲਾਨ ਸਿਖਾਏ।

(ਗੁਰਕੀਰਤ ਪ੍ਰਕਾਸ਼, ਪੰਨਾ ੧੬੨)

ਕਰਤਾਰਪੁਰ ਦੀ ਜੰਗ ਵਿਚ ਆਪ ਦੇ ਪੁੱਤਰ ਤਿਆਗ ਮਲ ਵੱਲੋਂ ਤੇਗ ਦੇ ਜੌਹਰ

ਦਿਖਾਉਣ ਕਰਕੇ ਹੀ ਪਿਤਾ ਨੇ ਉਨ੍ਹਾਂ ਦਾ ਨਾਮ ਤੇਗ ਬਹਾਦਰ (ਤੇਗ ਦਾ ਧਨੀ) ਰੱਖ ਦਿੱਤਾ। ਆਪ ਦੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਵੀ ਸ਼ਸਤਰ-ਵਿਦਿਆ ਵਿਚ ਬਹੁਤ ਨਿਪੁੰਨ ਸਨ।

ਗੁਰੂ ਜੀ ਨੇ ਸ਼ਸਤਰ ਵਿਦਿਆ ਦੇ ਜ਼ੋਰ ਨਾਲ ਹੀ ਮੁਗ਼ਲ ਫ਼ੌਜਾਂ ਨਾਲ ਹੋਏ ਚੌਹਾਂ ਯੁੱਧਾਂ ਵਿਚ ਜਿੱਤ ਹਾਸਲ ਕੀਤੀ। ਲੜਾਈ ਦੇ ਮੈਦਾਨ ਵਿਚ ਜਾਂਦਿਆਂ ਉਨ੍ਹਾਂ ਨੇ ਬਿਧੀ ਚੰਦ ਤੇ ਹੋਰ ਯੋਧਿਆਂ ਨੂੰ ਜੰਗ ਦੇ ਨਿਯਮਾਂ ਦੀ ਪਾਲਨਾ ਕਰਨ ਦਾ ਹੁਕਮ ਵੀ ਦੇ ਰੱਖਿਆ ਸੀ, ਜਿਸ ਵਿਚ ਕੋਈ ਜਵਾਨ ਭੁੱਲ ਕੇ ਵੀ ਬੱਚਿਆਂ, ਬਿਰਧਾਂ, ਇਸਤਰੀਆਂ, ਸ਼ਰਨ ਆਇਆਂ, ਨਿਹੱਥਿਆਂ ਅਤੇ ਕਮਜ਼ੋਰਾਂ 'ਤੇ ਵਾਰ ਨਾ ਕਰੇ। 'ਜਿਹੜਾ ਇਨ੍ਹਾਂ ਨਿਯਮਾਂ ਦਾ ਪਾਲਣਾ ਨਹੀਂ ਕਰੇਗਾ, ਉਹ ਮੇਰਾ ਸਿੱਖ ਨਹੀਂ ਹੈ।'

ਸੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਚਲਾਈ ਗਈ ਗੱਤਕੇਬਾਜ਼ੀ ਭਾਵ ਸ਼ਸਤਰ-ਵਿਦਿਆ ਦੀ ਪਰੰਪਰਾ ਨੇ ਸਿੱਖ ਧਰਮ ਨੂੰ ਭਗਤੀ ਦੇ ਨਾਲ-ਨਾਲ ਸ਼ਕਤੀ ਨੂੰ ਜੋੜ ਕੇ ਰੱਖਣ ਦਾ ਸੰਕਲਪ ਪੂਰਾ ਕਰ ਦਿੱਤਾ ਜਿਸ 'ਤੇ ਆਪ ਤੋਂ ਬਾਅਦ ਹੋਏ ਚਾਰ ਗੁਰੂ ਸਾਹਿਬਾਨ ਨੇ ਵੀ ਡਟ ਕੇ ਪਹਿਰਾ ਦਿੱਤਾ। ਦਸਮ ਪਾਤਸ਼ਾਹ ਨੇ ਤਾਂ ਅੰਮ੍ਰਿਤਧਾਰੀ ਸਿੰਘਾਂ ਨੂੰ ਪੰਜਾਂ ਕੱਕਾਰਾਂ ਵਿਚੋਂ ਸ਼ਸਤਰ-ਵਿਦਿਆ ਨਾਲ ਸੰਬੰਧਿਤ ਦੋ ਕੱਕਾਰ- ਕ੍ਰਿਪਾਨ ਤੇ ਕੜਾ ਦੇ ਕੇ ਸ਼ਸਤਰ ਵਿਦਿਆ ਨਾਲ ਜੁੜ ਕੇ ਰਹਿਣ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਨੇ ਗੱਤਕੇਬਾਜ਼ੀ ਵਿਚ ਵਰਤੇ ਜਾਂਦੇ ਸ਼ਸਤਰਾਂ ਨੂੰ ਪੀਰ (ਗੁਰੂ) ਕਹਿ ਕੇ ਵੀ ਸਤਿਕਾਰ ਦਿੱਤਾ:

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ॥੩॥

ਲੋੜ ਹੈ ਆਪਣੀ ਇਸ ਵਡਮੁੱਲੀ ਵਿਰਾਸਤ ਨੂੰ ਸਾਂਭਣ ਦੀ!

੬/੧੯੯੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗ ਲੜੇ। ਇਨ੍ਹਾਂ ਜੰਗਾਂ ਦੌਰਾਨ ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਉਜਾਗਰ ਕੀਤਾ। ਇਨ੍ਹਾਂ ਚਹੁੰ ਜੰਗਾਂ ਦੇ ਫ਼ੌਰੀ ਕਾਰਨ ਬੇਸ਼ਕ ਨਿੱਕੇ-ਨਿੱਕੇ ਸਨ। ਹਕੂਮਤ ਦੇ ਨਸ਼ੇ ਵਿਚ ਅਤੇ ਧਾਰਮਿਕ ਕੱਟੜਤਾ ਦੇ ਪ੍ਰਭਾਵ ਹੇਠ ਮੁਗ਼ਲ ਹੁਕਮਰਾਨ ਗੁਰੂ-ਘਰ ਪ੍ਰਤੀ ਵਧ ਰਹੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਿਆਰ ਤੋਂ ਦੁਖੀ ਸਨ। ਬਰਾਬਰੀ, ਏਕਤਾ ਦੇ ਪ੍ਰਚਾਰ ਅਤੇ ਜਾਤ-ਪਾਤ ਦੇ ਖੰਡਨ ਨੂੰ ਨਾ ਤਾਂ ਕਾਜ਼ੀ ਪਸੰਦ ਕਰਦੇ ਸਨ ਅਤੇ ਨਾ ਹੀ ਹਿੰਦੂ ਧਰਮ ਵਿਚਲੀ ਉੱਚੀ ਸ਼੍ਰੇਣੀ ਇਸ ਗੱਲ ਨੂੰ ਚਾਹੁੰਦੀ ਸੀ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਬਰ ਦੀ ਜੇਲ੍ਹ ਵਿਚ ਗਏ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਹੋਈ। ਇਸੇ ਵਿਰੋਧ ਦਾ ਹੀ ਸਿੱਟਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਛੋਟੇ-ਛੋਟੇ ਕਾਰਨਾਂ ਦੇ ਬਹਾਨੇ ਬਣਾ ਕੇ ਗੁਰੂ ਜੀ ਨੂੰ ਚਾਰ ਜੰਗ ਲੜਨ ਲਈ ਮਜਬੂਰ ਕੀਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ ਵਿਚ ਧਾਰਮਿਕ ਕੱਟੜਤਾ ਲੇਸ-ਮਾਤਰ ਵੀ ਨਹੀਂ ਸੀ। ਗੁਰੂ ਜੀ ਦੀ ਸ਼ਖ਼ਸੀਅਤ ਧਾਰਮਿਕ ਤੌਰ 'ਤੇ ਇੰਨੀ ਅਸਰ ਭਰੀ ਸੀ ਕਿ ਗਵਾਲੀਅਰ ਦੇ ਕਿਲ੍ਹੇ ਵਿਚੋਂ ਸਮੇਂ ਤੋਂ ਪਹਿਲਾਂ ਰਿਹਾਅ ਕਰਾਉਣ ਲਈ ਮੀਆਂ ਮੀਰ ਜੀ, ਮਹਾਬਤ ਖ਼ਾਨ, ਵਜ਼ੀਰ ਖਾਨ, ਖਵਾਜਾ ਨਿਜ਼ਾਮੁਦੀਨ ਔਲੀਆ ਅਤੇ ਬੇਗਮ ਨੂਰ ਜਹਾਨ ਵੱਲੋਂ ਜਹਾਂਗੀਰ ਬਾਦਸ਼ਾਹ 'ਤੇ ਪੂਰਾ ਜ਼ੋਰ ਪਾਇਆ ਗਿਆ। ਗੁਰੂ ਜੀ ਨੂੰ ਬਾਰ੍ਹਾਂ ਸਾਲ ਕੈਦ ਰੱਖਣ ਦੀ ਬਜਾਏ ਡੇਢ ਸਾਲ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ। ਇਥੋਂ ਤਕ ਕਿ ਪੈਂਦੇ ਖਾਂ ਜਿਸ ਨੇ ਗੁਰੂ ਜੀ ਵਿਰੁੱਧ ਇਕ ਜੰਗ ਦੀ ਅਗਵਾਈ ਕੀਤੀ, ਪਹਿਲਾਂ ਗੁਰੂ ਜੀ ਦਾ ਮੁਰੀਦ ਸੀ ਅੰਤ-ਕਾਲ ਵੀ ਉਸ ਨੇ ਗੁਰੂ ਜੀ ਨੂੰ ਇਹੀ ਆਖਿਆ, " ਤੁਹਾਡੀ ਤਲਵਾਰ ਅਤੇ ਤੁਹਾਡਾ ਦੀਦਾਰ ਹੀ ਮੇਰੇ ਵਾਸਤੇ ਕਲਮਾ ਹਨ।" ਗੁਰੂ ਜੀ ਦੀ ਫ਼ੌਜ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਨ। ਸੂਫ਼ੀ ਫ਼ਕੀਰਾਂ ਵਲੋਂ ਵੀ ਜਹਾਂਗੀਰ ਕੋਲ ਜਾ ਕੇ ਗੁਰੂ ਜੀ ਦੇ ਹੱਕ ਵਿਚ ਭਰਪੂਰ ਗਵਾਹੀ ਦਿੱਤੀ ਗਈ। ਇਸ ਤੋਂ ਬਿਨਾਂ ਜੰਗਾਂ ਦੌਰਾਨ ਗੁਰੂ ਜੀ ਦੀ ਫ਼ੌਜ ਵੱਲੋਂ ਕਿਸੇ ਵੀ ਮੰਦਰ ਜਾਂ ਮਸਜਿਦ ਨੂੰ ਕਿਸੇ ਨੁਕਸਾਨ ਦਾ ਕੋਈ ਵੇਰਵਾ ਇਤਿਹਾਸ ਵਿਚ ਨਹੀਂ ਮਿਲਦਾ, ਫੜੇ ਗਏ ਕਿਸੇ ਵੀ ਬੰਦੀ ਨੂੰ ਕਦੇ ਧਰਮ ਬਦਲਣ ਲਈ

ਮਜਬੂਰ ਨਹੀਂ ਕੀਤਾ ਗਿਆ ਜਿਵੇਂ ਕਿ ਮੁਗ਼ਲ ਹੁਕਮਰਾਨਾਂ ਵੱਲੋਂ ਆਮ ਤੌਰ 'ਤੇ ਕੀਤਾ ਜਾਂਦਾ ਸੀ। ਇਥੋਂ ਤਕ ਕਿ ਜਦੋਂ ਹਿੰਦੂ ਜਾਂ ਮੁਸਲਮਾਨ ਫ਼ੌਜੀ ਜੰਗ ਵਿਚ ਮਰ ਜਾਂਦੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਅਨੁਸਾਰ ਹੀ ਜਲਾਇਆ ਜਾਂ ਦਫ਼ਨਾਇਆ ਜਾਂਦਾ ਸੀ। ਪੈਂਦੇ ਖਾਂ ਨੂੰ ਅੰਤ ਸਮੇਂ ਢਾਲ ਦੀ ਛਾਂ ਕਰਕੇ ਕਲਮਾ ਪੜ੍ਹਨ ਲਈ ਕਹਿਣਾ ਵੀ ਇਹ ਸਾਬਤ ਕਰਦਾ ਹੈ ਕਿ ਗੁਰੂ ਜੀ ਧਾਰਮਿਕ ਸਹਿਨਸ਼ੀਲਤਾ ਦੇ ਪੁੰਜ ਸਨ।

ਗੁਰੂ ਸਾਹਿਬ ਦੀ ਯੁੱਧ-ਨੀਤੀ ਦਾ ਦੂਜਾ ਪਹਿਲੂ ਇਹ ਸੀ ਇਸ ਵਿਚ ਧੋਖੇ ਜਾਂ ਜ਼ੁਲਮ ਨੂੰ ਕੋਈ ਥਾਂ ਨਹੀਂ ਸੀ। ਧੋਖੇ ਨਾਲ ਹਮਲਾ ਨਹੀਂ ਕੀਤਾ ਜਾਂਦਾ ਸੀ। ਗੁਰੂ ਜੀ ਖ਼ੁਦ ਵੰਗਾਰ ਕੇ ਯੁੱਧ ਲੜਦੇ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਉਹ ਸੱਚਮੁੱਚ ਹੀ 'ਵਡ-ਯੋਧੇ' ਸਨ। ਪਹਿਲੀ ਜੰਗ ਸਮੇਂ ਗੁਰੂ ਜੀ ਨੇ ਮੁਖ਼ਲਿਸ ਖ਼ਾਨ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ। ਉਸ ਦੇ ਵਾਰ ਕਰਨ ਤੋਂ ਬਾਅਦ ਹੀ ਆਪ ਵਾਰ ਕੀਤਾ ਅਤੇ ਉਸ ਨੂੰ ਖ਼ਤਮ ਕੀਤਾ। ਇਸੇ ਤਰ੍ਹਾਂ ਪੈਂਦੇ ਖਾਂ ਨਾਲ ਹੋਏ ਜੰਗ ਵਿਚ ਪੈਂਦੇ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਆਖਿਆ। ਉਸ ਦੇ ਅਸਫਲ ਰਹਿਣ 'ਤੇ ਗੁਰੂ ਜੀ ਨੇ ਹੱਸਦੇ ਹੋਏ ਕਿਹਾ, "ਪੈਂਦੇ ਖਾਂ! ਤੈਨੂੰ ਇੰਨੀ ਸ਼ਸਤਰ ਵਿਦਿਆ ਸਿਖਾਈ ਪਰ ਤੂੰ ਇਕ ਵੀ ਹੁਨਰ ਨਹੀਂ ਵਿਖਾ ਸਕਿਆ।" ਫਿਰ ਜਿਵੇਂ ਕੋਈ ਉਸਤਾਦ ਸ਼ਗਿਰਦ ਨੂੰ ਵਾਰ ਕਰਨਾ ਸਿਖਾਉਂਦਾ ਹੈ, ਉਸ ਤਰ੍ਹਾਂ ਇੰਝ ਨਹੀਂ, ਇੰਝ ਕਹਿ ਕੇ ਆਪ ਵਾਰ ਕੀਤਾ। ਭਾਈ ਬਿਧੀ ਚੰਦ ਨੂੰ ਗੁਰੂ ਜੀ ਨੇ ਜੰਗ ਦੀ ਸਿੱਖਿਆ ਦਿੰਦਿਆਂ ਆਖਿਆ ਸੀ ਕਿ ਬੀਮਾਰਾਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਨਿਹੱਥੇ ਵੈਰੀਆਂ, ਪਨਾਹ ਵਿਚ ਆਇਆਂ ਅਤੇ ਅਣਭੋਲ ਸੁੱਤਿਆਂ 'ਤੇ ਬਿਲਕੁਲ ਵਾਰ ਨਹੀਂ ਕਰਨਾ। ਇਸ ਸਿੱਖਿਆ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਜੀ ਸਿੱਧੀ ਅਤੇ ਸਪੱਸ਼ਟ ਜੰਗਨੀਤੀ ਦੇ ਹੱਕ ਵਿਚ ਸਨ ਜੇ ਲੜਨਾ ਹੀ ਪਵੇ ਤਾਂ ਬਹਾਦਰਾਂ ਵਾਲੀ ਲੜਾਈ ਲੜਨਾ ਆਪ ਜੀ ਦਾ ਸੰਦੇਸ਼ ਸੀ।

ਤੀਜਾ ਵਿਸ਼ੇਸ਼ ਪਹਿਲੂ ਗੁਰੂ ਜੀ ਦੀ ਯੁੱਧ-ਨੀਤੀ ਦਾ ਇਹ ਸੀ ਕਿ ਇਹ ਕਿਸੇ ਬਦਲੇ ਦੀ ਭਾਵਨਾ ਅਧੀਨ ਲੜੀਆਂ ਗਈਆਂ ਜੰਗਾਂ ਨਹੀਂ ਸਨ। ਮੈਕਾਲਿਫ਼ ਦੇ ਅਨੁਸਾਰ ਇਹ ਜੰਗਾਂ ਕੇਵਲ ਅਤੇ ਕੇਵਲ ਸਵੈ-ਰੱਖਿਆ ਲਈ ਲੜੀਆਂ ਗਈਆਂ ਜੰਗਾਂ ਸਨ। ਬਾਜ਼ ਅਤੇ ਘੋੜਿਆਂ ਵਰਗੇ ਬਹਾਨੇ ਬਣਾ ਕੇ ਇਹ ਜੰਗਾਂ ਗੁਰੂ ਜੀ 'ਤੇ ਠੋਸੀਆਂ ਗਈਆਂ ਸਨ। ਕਿਤੇ ਵੀ ਮਿੱਥ ਕੇ ਪਹਿਲਾਂ ਹਮਲਾ ਕਰਨ ਦਾ ਕੋਈ ਸੰਕੇਤ ਨਹੀਂ ਮਿਲਦਾ। ਗੁਰੂ ਜੀ ਦਾ ਮੁੱਖ ਮੰਤਵ ਤਾਂ ਗੁਰਸਿੱਖੀ ਦਾ ਪ੍ਰਚਾਰ ਕਰਨਾ ਅਤੇ ਮਨੁੱਖਤਾ ਦਾ ਕਲਿਆਣ ਕਰਨਾ ਸੀ। ਉਹ ਪਰਉਪਕਾਰੀ ਸਨ। ਕਸ਼ਮੀਰ ਵਿਚ ਗਿਲਟੀ ਬੁਖ਼ਾਰ ਦੇ ਜ਼ੋਰ ਸਮੇਂ ਗੁਰੂ ਜੀ ਨੇ ਰੋਗੀਆਂ ਅਤੇ ਗਰੀਬਾਂ ਦੀ ਰੱਜ ਕੇ ਮਦਦ ਕੀਤੀ। ਇਸੇ ਪਰਉਪਕਾਰ ਨੂੰ ਦੇਖ ਕੇ ਹੀ ਮੁੱਲਾਂ ਮੁਹਸਨ ਫ਼ਾਨੀ ਨੇ ਗੁਰੂ ਜੀ ਨਾਲ ਨੇੜਤਾ ਦੀ ਸਾਂਝ ਪਾਈ ਸੀ ਅਤੇ ਬਾਅਦ ਵਿਚ ਪੰਜਾਬ ਆ ਕੇ ਵੀ ਉਹ ਗੁਰੂ ਜੀ ਪਾਸ ਠਹਿਰਿਆ ਸੀ। ਗੁਰੂ ਜੀ ਦੀ ਸ਼ਖ਼ਸੀਅਤ ਅਤੇ ਯੁੱਧ-ਨੀਤੀ ਸੰਬੰਧੀ ਪੂਰਾ ਵੇਰਵਾ ਉਸ ਦੀ ਕਿਤਾਬ 'ਦਾਬਿਸਤਾਨ-ਮਜ਼ਾਹਬ' ਵਿਚ ਮਿਲਦਾ ਹੈ। ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਜੀ ਆਪਣੀ ਤਲਵਾਰ ਹੱਸਦੇ ਹੋਏ ਅਤੇ ਪ੍ਰੇਮ

ਵਿਚ ਆ ਕੇ ਚਲਾਉਂਦੇ ਸਨ। ਲੜਦੇ ਹੋਏ ਉਹ ਵੈਰ ਜਾਂ ਕਰੋਧ ਦੋਹਾਂ ਤੋਂ ਪੂਰੀ ਤਰ੍ਹਾਂ ਰਹਿਤ ਹੁੰਦੇ ਸਨ।

ਚੌਥੀ ਗੱਲ ਜੋ ਗੁਰੂ ਜੀ ਦੀਆਂ ਕੀਤੀਆਂ ਗਈਆਂ ਜੰਗਾਂ ਵਿਚ ਸਾਨੂੰ ਨਜ਼ਰ ਆਉਂਦੀ ਹੈ, ਉਹ ਇਹ ਹੈ ਕਿ ਜੰਗਾਂ ਜਿੱਤ ਕੇ ਇਕ ਇੰਚ ਜ਼ਮੀਨ ਵੀ ਆਪਣੇ ਕਬਜ਼ੇ ਵਿਚ ਨਹੀਂ ਕੀਤੀ ਗਈ। ਦਿਲਾਂ ਨੂੰ ਜਿੱਤਣ ਵਾਲੇ ਸੱਚੇ ਪਾਤਸ਼ਾਹ ਸਤਿਗੁਰੂ ਨੂੰ ਜ਼ਮੀਨ ਜਿੱਤਣ ਦੀ ਲੋੜ ਵੀ ਨਹੀਂ ਸੀ। ਆਪ ਜੀ ਦੇ ਜੀਵਨ ਦਾ ਮੰਤਵ ਤਾਂ ਕਿਤੇ ਉਚੇਰਾ ਸੀ। ਧਨ ਜਾਂ ਜ਼ਮੀਨ 'ਤੇ ਕਬਜ਼ਾ ਤਾਂ ਦੁਨਿਆਵੀ ਬਾਦਸ਼ਾਹਾਂ ਦੀ ਲਾਲਸਾ ਹੁੰਦੀ ਹੈ। ਗੁਰੂ ਜੀ ਬੇਸ਼ਕ ਦਲਿ-ਭੰਜਨ ਸਨ, ਵਡ-ਯੋਧੇ ਅਤੇ ਸੂਰਮੇ ਸਨ ਪਰ ਉਹ ਨਾਲ ਦੀ ਨਾਲ ਸਤਿਗੁਰੂ ਪਰਉਪਕਾਰੀ ਅਤੇ ਬੰਦੀ-ਛੋੜ ਦਾਤਾਰ ਵੀ ਸਨ। ਉਹ ਕਸ਼ਮੀਰ ਦੀ ਇਕ ਬਜ਼ੁਰਗ ਅਤੇ ਗਰੀਬ ਔਰਤ ਵੱਲੋਂ ਪਿਆਰ ਨਾਲ ਬੁਣਿਆ ਖੱਦਰ ਦਾ ਕਮੀਜ਼ ਆਪ ਜਾ ਕੇ ਸਵੀਕਾਰ ਕਰਨ ਵਾਲੇ ਪਿਆਰ-ਮੱਤੇ ਮਹਾਂਪੁਰਸ਼ ਵੀ ਸਨ। ਗਰੀਬਾਂ, ਦੁਖੀਆਂ, ਲੋੜਵੰਦਾਂ ਅਤੇ ਲਿਤਾੜੇ ਹੋਏ ਲੋਕਾਂ ਦੇ ਹਮਦਰਦ ਸਤਿਗੁਰੂ ਦੁਨਿਆਵੀ ਬਾਦਸ਼ਾਹਾਂ ਤੋਂ ਕਿਤੇ ਉਚੇਰੇ ਸਨ।

ਪੰਜਵਾਂ ਬੁਨਿਆਦੀ ਗੁਣ ਜੋ ਗੁਰਮਤਿ ਦਾ ਮੂਲ-ਆਧਾਰ ਹੈ ਤੇ ਗੁਰੂ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੌਰਾਨ ਜ਼ਾਹਰਾ ਪ੍ਰਗਟ ਹੁੰਦਾ ਹੈ ਉਹ ਇਹ ਹੈ ਕਿ ਅਕਾਲ ਪੁਰਖ ਦੀ ਯਾਦ ਅਤੇ ਗੁਰਬਾਣੀ ਦਾ ਪ੍ਰਵਾਹ ਜੰਗਾਂ ਦੌਰਾਨ ਵੀ ਉਸੇ ਤਰ੍ਹਾਂ ਜਾਰੀ ਰਿਹਾ ਜਿਵੇਂ ਅਮਨ ਦੇ ਸਮੇਂ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੋਤ ਸਨ। ਮੁਹਸਨ ਫ਼ਾਨੀ ਨੂੰ ਇਕ ਖ਼ਤ ਲਿਖਦੇ ਸਮੇਂ ਗੁਰੂ ਜੀ ਨੇ ਆਪਣੇ ਲਈ 'ਨਾਨਕ' ਸ਼ਬਦ ਹੀ ਵਰਤਿਆ ਸੀ। ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਗੁਰੂ ਜੀ ਜੰਗਾਂ ਲੜਦੇ ਹੋਏ ਵੀ ਨਿਰਭਉ ਅਤੇ ਨਿਰਵੈਰ ਰਹੇ। ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਗੁਰੂ ਜੀ ਨੇ ਜੰਗਾਂ ਦੌਰਾਨ ਧੋਖੇ ਜਾਂ ਜ਼ੁਲਮ ਦਾ ਕਦੇ ਆਸਰਾ ਨਹੀਂ ਲਿਆ। ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਆਪ ਜੰਗਾਂ ਜਿੱਤ ਕੇ ਵੀ ਧਨ-ਦੌਲਤ ਜਾਂ ਜ਼ਮੀਨ ਆਦਿ ਦੇ ਲਾਲਚ ਤੋਂ ਨਿਰਲੇਪ ਰਹੇ। ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਜੰਗਾਂ ਦੌਰਾਨ ਗੁਰੂ ਜੀ ਧਾਰਮਿਕ ਤੌਰ 'ਤੇ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਵਾਲਾ ਵਿਹਾਰ ਕਰਦੇ ਰਹੇ। ਆਪ ਜੰਗਾਂ ਲੜਦੇ ਹੋਏ ਵੀ ਆਪਣੇ ਗੁਰਗੱਦੀ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਦੀ ਸੰਤਤਾਈ ਤੋਂ ਮੁਹਸਨ ਫ਼ਾਨੀ, ਸਾਈਂ ਮੀਆਂ ਮੀਰ, ਨੂਰ ਜਹਾਂ ਅਤੇ ਹੋਰ ਸੂਫ਼ੀ ਫ਼ਕੀਰ ਪੂਰੀ ਤਰ੍ਹਾਂ ਪ੍ਰਭਾਵਿਤ ਸਨ। ਜਿਹੜਾ ਇਕ ਵਾਰ ਆਪ ਜੀ ਦੀ ਸੰਗਤ ਵਿਚ ਆ ਜਾਂਦਾ ਸੀ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ ਸੀ। ਗੁਰੂ ਜੀ ਦੇ ਯੋਧੇ ਸਿਪਾਹੀ ਲੜਦੇ ਹੋਏ ਇਹ ਸਮਝਦੇ ਸਨ ਕਿ ਉਹ ਸੱਚ ਅਤੇ ਧਰਮ ਦੀ ਖ਼ਾਤਰ ਲੜ ਰਹੇ ਸਨ। ਉਹ ਤਨਖ਼ਾਹ ਜਾਂ ਜ਼ਮੀਨ ਦੇ ਲਾਲਚ ਵਾਸਤੇ ਨਹੀਂ ਲੜਦੇ ਸਨ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਲੇ ਹੋਏ ਲਕਬਾਂ ਨੂੰ ਲੜੇ ਗਏ ਜੰਗਾਂ ਦੌਰਾਨ ਸੱਚ ਕਰ ਵਿਖਾਇਆ। ਆਪ ਸੱਚਮੁੱਚ ਹੀ ਅਮਲੀ ਅਰਥਾਂ

ਵਿਚ ਮੀਰੀ-ਪੀਰੀ ਦੇ ਮਾਲਕ, ਵਡ-ਯੋਧੇ, ਦਲਿ-ਭੰਜਨ, ਪਰਉਪਕਾਰੀ, ਗੁਰੂ-ਸੂਰਮੇ, ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਪਾਤਸ਼ਾਹ ਅਤੇ ਬੰਦੀ-ਛੋੜ ਦਾਤਾਰ ਸਨ। ਆਪ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੇ ਵੇਰਵੇ ਪੜ੍ਹਦਿਆਂ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਸਾਡੀਆਂ ਅੱਖਾਂ ਸਾਹਮਣੇ ਅਮਲੀ ਰੂਪ ਵਿਚ ਸਾਕਾਰ ਹੁੰਦੀ ਹੈ। ਆਪ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਗੁਰਮਤਿ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਤੋਂ ਵੀ ਵੱਧ ਕੇ ਜ਼ਰੂਰੀ ਹੈ ਇਹ ਮੰਨ ਕੇ ਚੱਲਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਹੀ ਸਨ। ਕੇਵਲ ਇਸ ਢੰਗ ਨਾਲ ਹੀ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗਾਂ ਵਿਚ ਚੱਲਦੀ ਤਲਵਾਰ ਦਾ ਪ੍ਰੇਮ-ਮਈ ਅਨੰਦ ਮਾਣ ਸਕਦੇ ਹਾਂ।

੮/੧੯੯੫

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ

ਗੁਰੂ ਅਰਜਨ ਸਾਹਿਬ ਜੀ ਨੇ ਭਾਂਪ ਲਿਆ ਸੀ ਕਿ ਧਰਮ ਦੀ ਰੱਖਿਆ ਸਿਰਫ ਤਾਕਤ ਰਾਹੀਂ ਹੀ ਹੋ ਸਕਦੀ ਸੀ ਸੋ ਆਪਣੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਉਹਨਾਂ ਨੇ ਆਪਣੇ ਪਿੱਛੋਂ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਆਪਣੇ ਪੁੱਤਰ (ਗੁਰੂ) ਹਰਿਗੋਬਿੰਦ ਜੀ ਨੂੰ ਕਿਹਾ ਕਿ ਉਹ ਗੱਦੀ 'ਤੇ ਸਨੱਦਬੱਧ ਹੋ ਕੇ ਬੈਠਣ ਅਤੇ ਆਪਣੀ ਵਿੱਤ ਅਨੁਸਾਰ ਫ਼ੌਜ ਵੀ ਰੱਖਣ।

ਇਸ ਨਾਲ ਸਿੱਖ ਫ਼ੌਜੀ ਪਰੰਪਰਾ ਦਾ ਮੁੱਢ ਬੱਝ ਜਾਂਦਾ ਹੈ। ਕਨਫਿਊਸ਼ੀਅਸ ਦਾ ਕਥਨ ਹੈ, "ਹਜ਼ਾਰ ਮੀਲ ਲੰਮੇ ਸਫ਼ਰ ਦਾ ਮੁੱਢ ਇਕ ਕਦਮ ਤੋਂ ਹੀ ਆਰੰਭ ਹੁੰਦਾ ਹੈ।" ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸੇਵਕਾਂ ਵਿਚ ਉਠ ਖਲੋਣ ਦਾ ਮਾਦਾ ਭਰਿਆ ਕਿਉਂਕਿ ਇਕ ਯੋਧੇ ਲਈ ਤੰਦਰੁਸਤੀ ਦੀ ਬੜੀ ਲੋੜ ਹੁੰਦੀ ਹੈ, ਇਸ ਲਈ ਗੁਰੂ ਅੰਗਦ ਸਾਹਿਬ ਜੀ ਨੇ ਅਖਾੜੇ ਬਣਵਾਏ, ਜਿਥੇ ਸਿੱਖ ਕੁਸ਼ਤੀਆਂ ਕਰਕੇ ਆਪਣੀ ਸਿਹਤ ਬਣਾ ਸਕਣ। ਫੇਰ ਮਾਲੂ ਸ਼ਾਹ ਦੇ ਪੁੱਛਣ 'ਤੇ ਗੁਰੂ ਜੀ ਨੇ ਫ਼ੁਰਮਾਇਆ ਕਿ ਲੋੜ ਪੈਣ 'ਤੇ ਯੋਧੇ ਨੂੰ ਜੰਗ ਤੋਂ ਨਹੀਂ ਝਿਜਕਣਾ ਚਾਹੀਦਾ। ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸਿੱਖਾਂ ਲਈ ਘੋੜ-ਸਵਾਰੀ ਸ਼ੁਰੂ ਕੀਤੀ ਜੋ ਸਮਾਂ ਪਾ ਕੇ ਉੱਤਰੀ ਭਾਰਤ ਦੇ ਸਿਰ-ਕੱਢ ਘੋੜ-ਸਵਾਰ ਬਣ ਗਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ-ਗੁਰੂ ਦੀ ਆਗਿਆ ਦਾ ਪਾਲਣ ਤਨ ਅਤੇ ਮਨ ਨਾਲ ਕੀਤਾ। ਉਹਨਾਂ ਫ਼ਰਮਾਇਆ: "ਮੇਰੇ ਸਿੱਖੋ! ਸੱਚਾਈ ਦਾ ਸਿਰਫ ਪ੍ਰਚਾਰ ਜਾਂ ਇਸ ਦੀ ਅਮਲੀ ਵਰਤੋਂ ਹੀ ਨਹੀਂ ਕੀਤੀ ਜਾਏਗੀ ਬਲਕਿ ਇਸ ਦੀ ਰਾਖੀ ਵੀ ਕੀਤੀ ਜਾਏਗੀ।" ਸੋ ਉਹਨਾਂ ਨੇ ਆਪਣੇ ਮੁਰੀਦਾਂ ਨੂੰ ਹੁਕਮ ਦਿੱਤਾ ਕਿ ਉਹ ਅਗਾਂਹ ਲਈ ਚੰਗੇ ਨੌਜਵਾਨ, ਸੁਹਣੇ ਘੋੜੇ ਅਤੇ ਜੰਗੀ ਹਥਿਆਰਾਂ ਦੀ ਹੀ ਭੇਟਾ ਚੜ੍ਹਾਇਆ ਕਰਨ ਅਤੇ ਨਾਲ ਹੀ ਆਪਣੇ ਸਿੱਖਾਂ ਨੂੰ ਸ਼ਿਕਾਰ ਖੇਡਣ, ਘੋੜ-ਸਵਾਰੀ, ਨੇਜ਼ਾਬਾਜ਼ੀ ਅਤੇ ਹਥਿਆਰਾਂ ਦੀ ਵਰਤੋਂ ਵਿਚ ਵੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਅਤੇ ਆਪਸ ਵਿੱਚ ਨਿੱਕੀਆਂ-ਨਿੱਕੀਆਂ ਲੜਾਈਆਂ ਵੀ ਸ਼ੁਰੂ ਕਰ ਦਿੱਤੀਆਂ। ਇਸ ਦੇ ਨਾਲ-ਨਾਲ ਗੁਰੂ ਜੀ ਨੇ ਕਵੀਆਂ ਨੂੰ ਯੁੱਧ-ਪ੍ਰੇਮ ਬਾਰੇ ਕਵਿਤਾਵਾਂ ਅਤੇ ਵਾਰਾਂ ਲਿਖਣ ਲਈ ਉਤਸ਼ਾਹਿਤ ਕੀਤਾ। ਢਾਡੀ ਜਥਿਆਂ ਨੇ ਇਸ ਵਿਚ ਮਹੱਤਵਪੂਰਨ ਹਿੱਸਾ ਪਾਇਆ। ਅੱਜ ਵੀ ਜਦੋਂ ਢਾਡੀ ਕੋਈ ਵਾਰ ਗਾਉਂਦੇ ਹੋਣ ਤਾਂ ਆਪਣੇ ਆਪ ਹੀ ਜੋਸ਼ ਆ ਜਾਂਦਾ ਹੈ। ਫ਼ੌਜ ਵਿਚ ਪੁਰਾਣੇ ਸਮਿਆਂ ਤੋਂ ਬੈਂਡ ਇਹ ਕੰਮ ਕਰਦੇ ਆ ਰਹੇ ਹਨ।

ਇਕ ਇਤਿਹਾਸਕਾਰ ਲਿਖਦਾ ਹੈ ਕਿ ਜਿਥੇ ਗੁਰੂ ਅਰਜਨ ਸਾਹਿਬ ਨੇ ਇਕ ਧਾਰਮਿਕ ਆਗੂ ਦਾ ਰੋਲ ਅਦਾ ਕੀਤਾ, ਉਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰ ਫੜੀ ਅਤੇ ਆਪਣੇ ਅਨੁਆਈਆਂ ਨੂੰ ਨਾਲ ਲੈ, ਵੇਲੇ ਦੀ ਸਰਕਾਰ ਨੂੰ ਬੜੇ ਜੋਸ਼ ਨਾਲ ਲਲਕਾਰਿਆ ਅਤੇ ਉਸ ਦਾ ਮੁਕਾਬਲਾ ਕੀਤਾ।

ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਵਿਚ ਸਿੱਖਾਂ ਨੇ ਇਸ 'ਤੇ ਅਮਲ ਸ਼ੁਰੂ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਉਹਨਾਂ ਇਕ ਮੁਨਾਸਬ ਫ਼ੌਜ ਖੜ੍ਹੀ ਕਰ ਲਈ। ਮਾਝਾ ਅਤੇ ਮਾਲਵਾ ਤੋਂ ੫੦੦ ਨੌਜੁਆਨ ਸੇਵਾ ਵਿਚ ਆਏ। ਇਹਨਾਂ ਦੀ ਲੋੜ ਸੀ ਸਿਰਫ ਵਰਦੀ ਅਤੇ ਦੋ ਡੰਗ ਦਾ ਖਾਣਾ (ਮੈਕਾਲਿਫ)। ਇਹਨਾਂ ੫੦੦ ਜੁਆਨਾਂ ਨੂੰ ਪੰਜਾਂ ਹਿੱਸਿਆਂ ਵਿਚ ਵੰਡ ਇਕ-ਇਕ ਜਥੇਦਾਰ ਦੇ ਹਵਾਲੇ ਕੀਤਾ। ਇਸ ਉਪਰੰਤ ਇਸ ਵਿਚ ਵਾਧਾ ਹੁੰਦਾ ਗਿਆ ਅਤੇ ਕਨਿੰਘਮ ਅਨੁਸਾਰ ਇਕ ਵੇਲੇ ਗੁਰੂ ਜੀ ਕੋਲ ੮੦੦ ਘੋੜੇ, ੩੦੦ ਘੋੜ ਸਵਾਰ, ੬੦ ਬੰਦੂਕਚੀ ਹੋ ਗਏ। ਮੁਹਸਨ ਫਾਨੀ ਲਿਖਦਾ ਹੈ ਕਿ ਇਹਨਾਂ ਜਾਂਬਾਜ਼ਾਂ ਦੀ ਗਿਣਤੀ ੨੫੦੦ ਸੀ, ਜਿਸ ਤੋਂ ਇਲਾਵਾ ਪੈਂਦੇ ਖਾਂ ਹੇਠ ਵੀ ਇਕ ਪਠਾਣਾਂ ਦੀ ਟੋਲੀ ਸੀ।

ਅਕਾਲ ਤਖ਼ਤ ਸਾਹਿਬ:

ਇਸ ਕੰਮ ਲਈ ਦਰਬਾਰ ਸਾਹਿਬ ਦੇ ਸਾਹਮਣੇ ਕੁਝ ਵਿਥ 'ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਉਸਰਵਾਇਆ ਜਿਥੋਂ ਕਿ ਦੁਨੀਆਂਦਾਰੀ ਦੇ ਕੰਮਾਂ ਲਈ ਹੁਕਮ ਸਾਦਰ ਕੀਤੇ ਜਾਂਦੇ ਸਨ। ਇਹ ਮੀਰੀ ਦਾ ਚਿੰਨ੍ਹ ਸੀ। ਏਥੇ ਹੀ ਸਿੱਖਾਂ ਨੂੰ ਪੁਰਾਤਨ ਯੋਧਿਆਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਸਨ, ਏਥੇ ਹੀ ਗੁਰੂ ਜੀ ਲੜਾਈ ਦੀਆਂ ਹੋ ਰਹੀਆਂ ਨਿੱਕੀਆਂ-ਨਿੱਕੀਆਂ ਮਸ਼ਕਾਂ ਦੀ ਦੇਖ-ਭਾਲ ਕਰਦੇ ਸਨ। ਇੰਜ ਗੁਰੂ ਜੀ ਨੇ ਇਕ ਤਰ੍ਹਾਂ ਸਿੱਖ ਰਾਜ ਦੀ ਨੀਂਹ ਰੱਖ ਦਿੱਤੀ ਸੀ।

ਸੁਰੱਖਿਆ ਲਈ ਗੁਰੂ ਜੀ ਨੇ ਅੰਮ੍ਰਿਤਸਰ ਕਸਬੇ ਦੇ ਆਲੇ-ਦੁਆਲੇ ਇਕ ਉੱਚੀ ਕੰਧ ਉਸਰਵਾ ਦਿੱਤੀ ਅਤੇ ਇਸ ਦੇ ਅੰਦਰ ਹੀ ਲੋਹਗੜ੍ਹ ਨਾਮ ਦਾ ਕਿਲ੍ਹਾ ਵੀ ਤਿਆਰ ਕਰਵਾ ਲਿਆ। ਇਸ ਕਿਲ੍ਹੇ ਵਿਚ ਹੀ ਜੰਗੀ ਸਾਮਾਨ ਜਮ੍ਹਾਂ ਕੀਤਾ ਜਾਂਦਾ। ਏਸੇ ਸਮੇਂ ਇਕ ਲਕੜੀ ਦੀ ਤੋਪ ਵੀ ਬਣਵਾਈ ਗਈ ਜੋ ਕਿ ਲੋਹਗੜ੍ਹ ਕਿਲ੍ਹੇ ਵਿਚ ਰੱਖੀ ਗਈ। ਇਹ ਸਿੱਖਾਂ ਦੀ ਪਹਿਲੀ ਤੋਪ ਸੀ।

ਇਸ ਕਾਰਵਾਈ ਦੀ ਨੁਕਤਾ-ਚੀਨੀ ਕੀਤੀ ਗਈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਧਾਰਮਿਕ ਰਾਹ ਛੱਡ ਦਿੱਤਾ ਸੀ ਤੇ ਦੂਸਰਾ ਗੈਰ-ਧਾਰਮਿਕ ਰਾਹ ਅਪਣਾ ਲਿਆ ਸੀ। ਸ਼ਾਇਦ ਇਹ ਲੋਕੀਂ ਨਹੀਂ ਸੀ ਜਾਣਦੇ ਕਿ ਇਹ ਸਭ ਕੁਝ ਵੇਲੇ ਦੇ ਬਦਲਦੇ ਹਾਲਾਤ ਦਾ ਹੀ ਨਤੀਜਾ ਸੀ। ਅਕਬਰ ਦੀ ਧਾਰਮਿਕ ਪਾਲਿਸੀ ਨੂੰ ਉਸ ਦੇ ਜਾਨਸ਼ੀਨਾਂ ਨੇ ਤਿਆਗ ਕੇ ਕੱਟੜਪੁਣੇ ਦਾ ਰਾਹ ਅਪਣਾ ਲਿਆ ਸੀ। ਇਸ ਲਈ ਬਾਕੀਆਂ ਨੂੰ ਵੀ ਆਪਣੇ ਤੌਰ-ਤਰੀਕੇ ਬਦਲਣੇ ਪਏ। ਇਹ ਸਵੈ-ਰੱਖਿਆ ਲਈ ਜ਼ਰੂਰੀ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥

(ਪੰਨਾ ੫੭੯)

ਜਹਾਂਗੀਰ ਕੰਨਾਂ ਦਾ ਕੱਚਾ ਸੀ ਅਤੇ ਦੂਜਾ ਉਸ ਨੇ ਗੁਰੂ-ਘਰ ਬਾਰੇ ਕਦੇ ਵੀ ਚੰਗਾ ਨਹੀਂ ਸੀ ਸੋਚਿਆ-ਵਿਚਾਰਿਆ। ਪਹਿਲਾਂ ਤਾਂ ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਅਤੇ ਫੇਰ ਛੇਵੇਂ ਪਾਤਸ਼ਾਹ ਨਾਲ ਸ਼ੁਰੂ ਵਿਚ ਮਾੜਾ ਵਤੀਰਾ ਰੱਖਿਆ ਪਰ ਛੇਤੀ ਹੀ ਇਹਨਾਂ ਦੋਵਾਂ ਵਿਚਕਾਰ ਮਿੱਤਰਤਾ ਹੋ ਗਈ। ਇਸ ਉਪਰੰਤ ਕਸ਼ਮੀਰ ਵਿਖੇ ਹੀ ਜਹਾਂਗੀਰ ਦੀ ੮ ਨਵੰਬਰ, ੧੬੨੭ ਨੂੰ ਮੌਤ ਹੋ ਗਈ ਅਤੇ ਉਹ ਦਾ ਪੁੱਤਰ ਸ਼ਾਹ ਜਹਾਨ ਦਿੱਲੀ ਤਖ਼ਤ 'ਤੇ ਬੈਠਾ। ਇਸ ਦੇ ਵੇਲੇ ਵੀ ਅਮਨ-ਅਮਾਨ ਦੀ ਜ਼ਿੰਦਗੀ ਨਾ ਮਿਲ ਸਕੀ ਅਤੇ ਮੁਗ਼ਲ ਫ਼ੌਜ ਨਾਲ ਟੱਕਰ ਵੀ ਹੋਈ।

ਜੰਗਾਂ:

ਪਹਿਲੀ ਲੜਾਈ ੧੬੨੯ ਈ. ਵਿਚ ਅੰਮ੍ਰਿਤਸਰ ਦੇ ਨੇੜੇ ਹੋਈ। ਉਹਨੀਂ ਦਿਨੀਂ ਸ਼ਾਹ ਜਹਾਨ ਲਾਹੌਰ ਆਇਆ ਹੋਇਆ ਸੀ ਤੇ ਇਕ ਦਿਨ ਸ਼ਿਕਾਰ ਖੇਡਣ ਗਏ ਦਾ ਸਫ਼ੈਦ ਬਾਜ਼ ਉੱਡ ਕੇ ਸਿੱਖਾਂ ਹੱਥ ਲੱਗ ਗਿਆ।ਉਸੇ ਇਲਾਕੇ ਵਿਚ ਹੀ ਸਿੱਖ ਵੀ ਸ਼ਿਕਾਰ ਖੇਡ ਰਹੇ ਸਨ। ਸਿੱਖਾਂ ਨੇ ਇਹ ਬਾਜ਼ ਵਾਪਸ ਕਰਨੋਂ ਨਾਂਹ ਕਰ ਦਿੱਤੀ। ਇਸ 'ਤੇ ਮੁਗ਼ਲ ਬਾਦਸ਼ਾਹ ਨੇ ਮੁਖਲਿਸ ਖਾਂ ਨੂੰ ੭੦੦੦ ਸੈਨਿਕ ਦੇ ਕੇ ਸਿੱਖਾਂ ਵਿਰੁੱਧ ਭੇਜ ਦਿੱਤਾ। ਸਿੱਖਾਂ ਦੀ ਨਫ਼ਰੀ ੪੦੦੦ ਦੇ ਕਰੀਬ ਸੀ। ਇਕ ਸਮੇਂ ਮੁਗ਼ਲ ਕਮਾਂਡਰ ਮੁਖਲਿਸ ਖਾਂ ਅਤੇ ਗੁਰੂ ਜੀ ਆਹਮੋ-ਸਾਹਮਣੇ ਹੋ ਪਏ। ਮੁਖਲਿਸ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ ਗਿਆ। ਇਹ ਖਾਲੀ ਗਿਆ। ਫੇਰ ਗੁਰੂ ਜੀ ਦੀ ਵਾਰੀ ਆਈ ਤੇ ਆਪ ਨੇ ਇਕ ਵਾਰ ਵਿਚ ਹੀ ਉਸ ਦੇ ਦੋ ਟੁਕੜੇ ਕਰ ਦਿੱਤੇ। ਜਿੱਤ ਸਿੱਖਾਂ ਦੀ ਹੋਈ।

ਲੜਾਈ ਵਿਚ ਸਿਰਫ਼ ਗਿਣਤੀ ਹੀ ਕੰਮ ਨਹੀਂ ਆਉਂਦੀ। ਇਸ ਤੋਂ ਇਲਾਵਾ ਹਥਿਆਰਾਂ ਦੀ ਕਿਸਮ, ਇਹਨਾਂ ਦੀ ਮਾਰ, ਇਹਨਾਂ ਨੂੰ ਵਰਤਣ ਵਾਲੇ ਦੀ ਕਾਬਲੀਅਤ ਤੇ ਸਿਖਿਆ ਦਾ ਮਿਆਰ ਵੀ ਹਿੱਸਾ ਪਾਂਦੇ ਹਨ ਪਰ ਸਭ ਤੋਂ ਜ਼ਿਆਦਾ ਸੈਨਿਕਾਂ ਦੀ ਸਪਿਰਿਟ ਕੰਮ ਕਰਦੀ ਹੈ। ਸਿੱਖ ਮੌਤ ਤੋਂ ਨਹੀਂ ਡਰਦੇ ਅਤੇ ਆਪਾ ਵਾਰਨ ਨੂੰ ਤਿਆਰ ਰਹਿੰਦੇ ਹਨ ਜੋ ਕਿ ਜੰਗ ਦਾ ਪਾਸਾ ਪਲਟ ਦੇਂਦਾ ਹੈ।

ਇਹ ਸਿੱਖ ਇਤਿਹਾਸ ਵਿਚ ਪਹਿਲਾ ਯੁੱਧ ਸੀ ਅਤੇ ਇਸ ਵਿਚ ਜਿੱਤ ਨੇ ਸਿੱਖਾਂ ਦੇ ਹੌਸਲੇ ਹੋਰ ਵਧਾ ਦਿੱਤੇ। ਦੂਜੇ ਪਾਸੇ ਸ਼ਾਹ ਜਹਾਨ ਅੱਗ-ਬਗੋਲਾ ਹੋ ਗਿਆ ਅਤੇ ਉਸ ਨੇ ਹੁਕਮ ਦਿੱਤਾ ਕਿ ਗੁਰੂ ਹਰਿਗੋਬਿੰਦ ਜਿਊਂਦਾ ਜਾਂ ਮੁਰਦਾ ਉਸ ਦੇ ਪੇਸ਼ ਕੀਤਾ ਜਾਵੇ। ਪਰ ਗੁਰੂ ਜੀ ਨੇ ਵੀ ਅਣਗਹਿਲੀ ਨਾ ਵਰਤੀ। ਅਗਲੇ ਯੁੱਧ ਲਈ ਤਿਆਰੀ ਸ਼ੁਰੂ ਕਰ ਦਿੱਤੀ। ਅਗਲਾ ਯੁੱਧ ੧੬੩੦ ਈ. ਵਿਚ ਹੋਇਆ, ਜਿਸ ਵਿਚ ਮੁਗ਼ਲਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਨਥਾਣਾ ਦਾ ਯੁੱਧ

ਫੇਰ ੧੬੩੧ ਈ. ਵਿਚ ਇਕ ਹੋਰ ਯੁੱਧ ਹੋਇਆ, ਜਿਸ ਦਾ ਕਾਰਨ ਦੋ ਘੋੜੇ ਸਨ ਜੋ ਕਿ

ਸ਼ਰਧਾਵਾਨ ਸਿੱਖ ਆਪਣੇ ਗੁਰੂ ਸਾਹਿਬ ਲਈ ਕਾਬਲ ਤੋਂ ਲਿਆ ਰਹੇ ਸਨ ਕਿ ਰਾਹ ਵਿਚ ਹੀ ਮੁ਼ਗਲਾਂ ਨੇ ਹਥਿਆ ਲਏ ਅਤੇ ਲਾਹੌਰ ਕਿਲ੍ਹੇ ਵਿਚ ਬੰਦ ਕਰ ਦਿੱਤੇ। ਭਾਈ ਬਿਧੀ ਚੰਦ ਨੂੰ ਇਹਨਾਂ ਘੋੜਿਆਂ ਦੇ ਵਾਪਸ ਲਿਆਉਣ ਦਾ ਕੰਮ ਸੌਂਪਿਆ ਗਿਆ ਜੋ ਕਿ ਉਹਨਾਂ ਨੇ ਬੜੇ ਸੁਚੱਜੇ ਢੰਗ ਨਾਲ ਸਿਰੇ ਚਾੜ੍ਹਿਆ। ਦੋਨੋਂ ਘੋੜੇ ਵਾਪਸ ਲੈ ਆਂਦੇ ਗਏ।

ਇਸ 'ਤੇ ਲੱਲਾ ਬੇਗ ਅਤੇ ਉਹਦੇ ਪੁੱਤਰ ਮਿਰਜ਼ਾ ਕਮਰ ਬੇਗ ਖਾਂ ਹੇਠ ੩੫,੦੦੦ ਮੁ਼ਗਲ ਫ਼ੌਜੀਆਂ ਨੂੰ ਸਿੱਖਾਂ ਉੱਪਰ ਹਮਲਾ ਕਰਨ ਲਈ ਭੇਜ ਦਿੱਤਾ, ਜਿਸ ਲਈ ਕਿ ਗੁਰੂ ਜੀ ਨੂੰ ਆਸ ਸੀ ਕਿਉਂਕਿ ਦੁਸ਼ਮਨ ਨੂੰ ਕਦੇ ਵਿਸਾਰਨਾ ਨਹੀਂ ਚਾਹੀਦਾ। ਗੁਰੂ ਜੀ ਨੇ ਆਪਣੇ ੩੦੦੦ ਸਿੱਖਾਂ ਨਾਲ ਨਥਾਣਾ ਨੇੜੇ ਇਸ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧ ਇਖਤਿਆਰ ਕਰ ਲਿਆ ਤਾਂ ਕਿ ਮੁ਼ਗਲ ਇਹ ਪਾਣੀ ਨਾ ਵਰਤ ਸਕਣ। ਇਸ ਰੇਤਲੇ ਇਲਾਕੇ ਵਿਚ ਹੋਰ ਕਿਧਰੇ ਨੇੜੇ-ਤੇੜੇ ਪਾਣੀ ਉਪਲਬਧ ਨਹੀਂ ਸੀ।

ਏਥੇ ਪੁੱਜ ਕੇ ਲੱਲਾ ਬੇਗ ਨੇ ੭੦੦੦ ਦਾ ਦਸਤਾ ਕਮਰ ਬੇਗ ਖਾਂ ਦੀ ਕਮਾਨ ਹੇਠ ਦੇ ਕੇ ਅੱਗੇ ਭੇਜਿਆ। ਇਹ ਫ਼ੌਜ ਦੂਰੋਂ ਚੱਲ ਕੇ ਆਉਣ ਕਾਰਨ ਥੱਕੀ ਹੋਈ ਸੀ ਅਤੇ ਨਾਲ ਹੀ ਠੰਡ, ਧੂੜ ਅਤੇ ਹਨੇਰੇ ਨੇ ਵੀ ਇਸ ਨੂੰ ਤੰਗ ਕੀਤਾ ਹੋਇਆ ਸੀ। ਪਿਆਸ ਨਾਲ ਵੀ ਮੁ਼ਗਲਾਂ ਦੀ ਜਾਨ ਜਾ ਰਹੀ ਸੀ। ਲੜਾਈ ਵਿਚ ਕਮਰ ਬੇਗ ਮਾਰਿਆ ਗਿਆ ਅਤੇ ਮੁ਼ਗਲ ਫ਼ੌਜ ਹਾਰ ਕੇ ਭੱਜ ਗਈ। ਫੇਰ ਲੱਲਾ ਬੇਗ ਦੇ ਦੋ ਹੋਰ ਪੁੱਤਰ- ਸੱਮਸ਼ ਖਾਂ ਅਤੇ ਕਾਸਮ ਬੇਗ ਵਾਰੀ-ਵਾਰੀ ਟੁਕੜੀਆਂ ਦੇ ਕੇ ਭੇਜੇ ਗਏ। ਇਹ ਵੀ ਦੋਵੇਂ ਮਾਰੇ ਗਏ। ਫੇਰ ਲੱਲਾ ਬੇਗ ਬਾਕੀ ਦੀ ਮੁ਼ਗਲ ਫ਼ੌਜ ਨਾਲ ਆਪ ਅੱਗੇ ਵਧਿਆ ਪਰ ਇਹ ਗੁਰੂ ਜੀ ਹੱਥੋਂ ਮਾਰਿਆ ਗਿਆ। ਮੁ਼ਗਲ ਕਮਾਂਡਰ ਨੇ ਆਪਣੀ ਫ਼ੌਜ ਨੂੰ ਨਿੱਕੇ-ਨਿੱਕੇ ਟੁਕੜਿਆਂ ਵਿਚ ਵਰਤਿਆ ਅਤੇ ਹਰ ਟੁਕੜਾ ਮਾਰ ਖਾਂਦਾ ਗਿਆ। ਇਸ ਲੜਾਈ ਵਿਚ ਕੋਈ ੧੨੦੦ ਸਿੱਖ ਯੋਧੇ ਕੰਮ ਆਏ।

ਅਗਲੇ ਦਿਨ ਮਰੇ ਹੋਏ ਮੁਸਲਮਾਨਾਂ ਨੂੰ ਦਫਨਾਇਆ ਗਿਆ ਅਤੇ ਸਿੱਖਾਂ ਦਾ ਸਸਕਾਰ ਕੀਤਾ ਗਿਆ। ਇਹ ਸਥਾਨ ਗੁਰੂ-ਸਰ ਕਰਕੇ ਜਾਣਿਆ ਜਾਂਦਾ ਹੈ ਅਤੇ ਇਹ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਕੋਈ ਪੰਜ ਕੁ ਕਿ: ਮੀ: ਦੀ ਵਿੱਥ 'ਤੇ ਹੈ।

ਕਦੇ ਵੀ ਦੁਸ਼ਮਨ ਨੂੰ ਭੁਲਾਣਾ ਨਹੀਂ ਚਾਹੀਦਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਯਕੀਨ ਸੀ ਕਿ ਮੁ਼ਗਲ ਹਾਰ ਦਾ ਬਦਲਾ ਲੈਣ ਖ਼ਾਤਰ ਫੇਰ ਹਮਲਾ ਕਰਨਗੇ। ਗੁਰੂ ਜੀ ਵੈਸੇ ਵੀ ਹਰ ਜੰਗ ਮਗਰੋਂ ਅਗਲੇ ਆਉਣ ਵਾਲੇ ਸਮੇਂ ਦੀਆਂ ਤਿਆਰੀਆਂ ਵਿਚ ਰੁੱਝ ਜਾਂਦੇ ਸਨ। ਪਹਿਲੀ ਜੰਗ ਵਿਚ ਹੋਏ ਨੁਕਸਾਨ ਨੂੰ ਪੂਰਾ ਕਰਨ ਦੇ ਨਾਲ-ਨਾਲ ਹੋਰ ਜੁਆਨ ਅਤੇ ਲੜਾਈ ਸਮੱਗਰੀ ਇਕੱਠੀ ਕਰਦੇ। ਇਸ ਲਈ ਵੈਰੀ ਗੁਰੂ ਜੀ ਨੂੰ ਅਚਾਨਕ ਨਾ ਲੈ ਸਕੇ- ਮਤਲਬ ਕਿ ਇਹਨਾਂ ਨੂੰ ਹੈਰਾਨ ਨਾ ਕਰ ਸਕੇ। ਹੈਰਾਨ ਹੋ ਜਾਣਾ ਵੀ ਹਾਰ ਦੇ ਲੱਛਣਾਂ ਵਿਚੋਂ ਇਕ ਹੈ। ਹੁਣ ਗੁਰੂ ਜੀ ਦੀ ਸੇਵਾ ਵਿਚ ਹੋਰ ਜੁਆਨ ਆਉਣ ਲੱਗ ਪਏ। ਇਹਨਾਂ ਨੂੰ ਗੁਰੂ ਜੀ ਨੇ ਅੱਠ ਹਿੱਸਿਆਂ ਵਿੱਚ ਵੰਡ ਵੱਖ-ਵੱਖ ਜਥੇਦਾਰਾਂ ਦੇ ਹਵਾਲੇ ਕਰ ਦਿੱਤਾ। ਇਹਨਾਂ ਵਿਚ ਘੋੜ ਸਵਾਰ ਚੋਖੇ ਸਨ, ਨਾਲ ਹੀ ਇਹਨਾਂ ਨੂੰ

ਸਿਖਲਾਈ ਦੇਣੀ ਵੀ ਸ਼ੁਰੂ ਕਰ ਦਿੱਤੀ।

ਇਹਨੀਂ ਦਿਨੀਂ ਗੁਰੂ ਅਰਜਨ ਸਾਹਿਬ ਦੁਆਰਾ ਬਿਆਸ ਦੇ ਲਹਿੰਦੇ ਕੰਢੇ 'ਤੇ ਵਸਾਏ ਨਗਰ ਗੋਬਿੰਦਪੁਰ (ਜੋ ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਂ 'ਤੇ ਸ੍ਰੀ ਹਰਿਗੋਬਿੰਦਪੁਰ ਪ੍ਰਚਲਤ ਹੋ ਗਿਆ) ਉਪਰ ਉਥੇ ਦੇ ਵਸਨੀਕ, ਭਗਵਾਨ ਦਾਸ ਘੇਰੜ ਨੇ ਕਬਜ਼ਾ ਕਰ ਲਿਆ। ਇਸ ਕਬਜ਼ੇ ਨੂੰ ਹਟਾਉਣ ਖ਼ਾਤਰ ਸਿੱਖਾਂ ਨੂੰ ਜ਼ੋਰ ਦੀ ਇਥੇ ਵਰਤੋਂ ਕਰਨੀ ਪਈ, ਜਿਸ ਵਿਚ ਭਗਵਾਨ ਦਾਸ ਦਾ ਪੁੱਤਰ ਮਾਰਿਆ ਗਿਆ। ਇਸ 'ਤੇ ਭਗਵਾਨ ਦਾਸ ਨੇ ਜਲੰਧਰ ਦੇ ਸੂਬੇਦਾਰ ਕੋਲ ਅਰਜ਼ੋਈ ਕੀਤੀ ਤੇ ਸੂਬੇਦਾਰ ਨੇ ਅਬਦੁੱਲਾ ਖਾਂ ਹੇਠ ੧੦੦੦੦ ਫ਼ੌਜ ਗੁਰੂ ਜੀ ਵੱਲ ਭੇਜੀ। ਪਹਿਲਾਂ ਦੋਵਾਂ ਧਿਰਾਂ ਦੀਆਂ ਅਗਲੇਰੀਆਂ ਟੋਲੀਆਂ ਦਾ ਮੁਕਾਬਲਾ ਹੋਇਆ। ਘਮਸਾਨ ਦੀ ਲੜਾਈ ਹੋਈ, ਜਿਸ ਵਿਚ ਗੋਲੀਆਂ ਅਤੇ ਤੀਰਾਂ ਦੀ ਖ਼ੂਬ ਵਰਤੋਂ ਹੋਈ। ਫੇਰ ਦੋਵਾਂ ਧਿਰਾਂ ਦੀ ਕਾਫੀ ਜ਼ੋਰਦਾਰ ਟੱਕਰ ਹੋਈ। ਦੋਵਾਂ ਪਾਸਿਆਂ ਦਾ ਕਾਫੀ ਨੁਕਸਾਨ ਹੋਇਆ। ਮੁਗ਼ਲਾਂ ਦੇ ਦੋ ਕਮਾਂਡਰ ਮਾਰੇ ਗਏ। ਏਧਰੋਂ ਭਾਈ ਮਥੁਰਾ ਵੈਰੀ ਦੇ ਘੇਰੇ ਵਿਚ ਆਉਣ ਨਾਲ ਸ਼ਹੀਦ ਹੋ ਗਿਆ। ਗੁਰੂ ਜੀ ਨੇ ਆਪ ਵੀ ਲੜਾਈ ਵਿਚ ਤਲਵਾਰ ਵਾਹੀ। ਭਾਈ ਬਿਧੀ ਚੰਦ ਨੇ ਕਈ ਕਾਰਨਾਮੇ ਵਿਖਾਏ। ਇਹ ਯੁੱਧ ੧੮ ਘੰਟੇ ਬੜੇ ਜ਼ੋਰ ਨਾਲ ਚੱਲਦਾ ਰਿਹਾ ਪਰ ਆਖਿਰ ਜਿੱਤ ਸਿੱਖਾਂ ਦੀ ਹੋਈ। ਵੈਰੀ ਪੂਛ ਦਬਾ ਕੇ ਨੱਸ ਗਿਆ।

ਕਰਤਾਰਪੁਰ ਦੀ ਜੰਗ

ਪੈਂਦੇ ਖਾਂ ਹੰਕਾਰਿਆ ਗਿਆ ਸੀ ਅਤੇ ਸਮਝਦਾ ਸੀ ਕਿ ਗੁਰੂ ਜੀ ਦੀ ਜੰਗਾਂ ਵਿਚ ਜਿੱਤ ਉਸ ਸਦਕਾ ਹੀ ਹੋ ਰਹੀ ਹੈ। ਸਮਾਂ ਪਾ ਕੇ ਕੁਝ ਕਾਰਨਾਂ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੈਂਦੇ ਖਾਂ ਨੂੰ ਜਦੋਂ ਆਪਣੀ ਸੇਵਾ ਤੋਂ ਮੁਕਤ ਕਰ ਦਿੱਤਾ ਤਾਂ ਉਹ ਮੁਗ਼ਲਾਂ ਕੋਲ ਲਾਹੌਰ ਜਾ ਪੁੱਜਾ। ਉਥੇ ਉਸ ਨੇ ਦੱਸਿਆ ਕਿ ਉਹ ਗੁਰੂ ਜੀ ਵਿਰੁੱਧ ਜਿੱਤ ਹਾਸਲ ਕਰ ਸਕਦਾ ਸੀ ਕਿਉਂਕਿ ਗੁਰੂ ਜੀ ਦੀ ਫ਼ੌਜ ਐਵੇ ਨਾਂ-ਮਾਤਰ ਹੀ ਸੀ ਜੋ ਕਿ ਨੀਵੀਆਂ ਜਾਤਾਂ ਵਾਲਿਆਂ ਦਾ ਸਮੂਹ ਸੀ।

ਪੈਂਦੇ ਖਾਂ ਦੇ ਯਕੀਨ ਦੁਆਉਣ 'ਤੇ ਮੁਗ਼ਲ ਬਾਦਸ਼ਾਹ ਨੇ ਕਾਲੇ ਖਾਂ ਹੇਠ ੫੦,੦੦੦ ਨਫਰੀ ਦੀ ਫ਼ੌਜ ਗੁਰੂ ਦੇ ਖਿਲਾਫ਼ ਰਵਾਨਾ ਕੀਤੀ। ਪੈਂਦੇ ਖਾਂ ਵੀ ਇਸ ਵਿਚ ਸ਼ਾਮਿਲ ਸੀ। ਕਾਲੇ ਖਾਂ ਆਪਣੇ ਭਰਾ ਮੁਖਲਿਸ ਖਾਂ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਪੈਂਦੇ ਖਾਂ ਗੁਰੂ ਜੀ ਨੂੰ ਨੀਵਾਂ ਵਿਖਾਉਣਾ ਚਾਹੁੰਦਾ ਸੀ। ਸੋ ਦੋਵੇਂ ਬਦਲੇ ਦੀ ਅੱਗ ਵਿਚ ਸੜ ਰਹੇ ਸਨ। ਗੁਰੂ ਜੀ ਕੋਲ ਸਿਰਫ ੧੯੦੦ ਸਿੱਖ ਸੈਨਿਕ ਸਨ। ਇਹ ਜੰਗ ਜਲੰਧਰ ਨੇੜੇ ਕਰਤਾਰਪੁਰ ਵਿਖੇ ਹੋਈ।

ਜਦੋਂ ਦੋਵਾਂ ਫ਼ੌਜਾਂ ਦਾ ਟਾਕਰਾ ਹੋ ਗਿਆ ਤਾਂ ਗੋਲੀਆਂ ਚੱਲੀਆਂ, ਤੀਰ ਛੱਡੇ ਗਏ, ਤਲਵਾਰ ਵਾਹੀ ਗਈ, ਛੁਰਿਆਂ ਖੰਜਰਾਂ ਦੀ ਵਰਤੋਂ ਵੀ ਕੀਤੀ ਗਈ। ਲੋਥਾਂ ਧੜਾ-ਧੜ ਧਰਤੀ ਉੱਪਰ ਡਿੱਗਣ ਲੱਗ ਪਈਆਂ। ਕੁਝ ਸਮਾਂ ਪਾ ਕੇ ਮੁਗ਼ਲਾਂ ਦੇ ਹਾਥੀ ਵੀ ਬੇਕਾਬੂ ਹੋ ਗਏ। ਵੈਸੇ ਨੁਕਸਾਨ ਦੋਵਾਂ ਧਿਰਾਂ ਦਾ ਹੀ ਹੋਇਆ ਪਰ ਵੈਰੀ ਦਾ ਬਹੁਤ ਹੀ ਨੁਕਸਾਨ ਹੋਇਆ। ਇਕ ਸਮੇਂ

ਪੈਂਦੇ ਖਾਂ ਦਾ ਗੁਰੂ ਜੀ ਨਾਲ ਮੁਕਾਬਲਾ ਹੋ ਗਿਆ। ਦੋਵੇਂ ਆਪਣੇ-ਆਪਣੇ ਘੋੜਿਆਂ ਤੋਂ ਉੱਤਰ ਆਏ। ਗੁਰੂ ਜੀ ਨੇ ਪੈਂਦੇ ਖਾਂ ਨੂੰ ਪਹਿਲ ਕਰਨ ਲਈ ਕਿਹਾ। ਪੈਂਦੇ ਖਾਂ ਨੇ ਤਿੰਨ ਵਾਰ ਕੀਤੇ ਪਰ ਦੋ ਤਾਂ ਬਿਲਕੁਲ ਖਾਲੀ ਗਏ ਅਤੇ ਉਸ ਦਾ ਤੀਸਰਾ ਵਾਰ ਗੁਰੂ ਜੀ ਨੇ ਆਪਣੀ ਢਾਲ 'ਤੇ ਰੋਕ ਲਿਆ। ਫੇਰ ਗੁਰੂ ਜੀ ਦੀ ਵਾਰੀ ਆਈ ਤੇ ਪਹਿਲੇ ਵਾਰ ਵਿਚ ਹੀ ਪੈਂਦੇ ਖਾਂ ਨੂੰ ਭਾਰੀ ਸੱਟ ਲੱਗੀ ਤੇ ਉਹ ਭੌਂ 'ਤੇ ਡਿੱਗ ਪਿਆ। ਜਦ ਉਹ ਮਰਨ ਕਿਨਾਰੇ ਸੀ ਤਾਂ ਗੁਰੂ ਜੀ ਨੇ ਫ਼ਰਮਾਇਆ, "ਪੈਂਦੇ ਖਾਂ! ਤੂੰ ਮੁਸਲਮਾਨ ਏਂ, ਤੇ ਆਖਰੀ ਕਲਮਾ ਪੜ੍ਹ ਲੈ।" ਤੇ ਪੈਂਦੇ ਖਾਂ ਨੇ ਦਮ ਤੋੜ ਦਿੱਤਾ। ਥੋੜ੍ਹੀ ਦੇਰ ਉਪਰੰਤ ਉਸ ਦਾ ਪੁੱਤਰ ਅਸਮਾਨ ਖਾਂ ਵੀ ਮਾਰਿਆ ਗਿਆ ਤੇ ਮੁਗ਼ਲ ਫ਼ੌਜ ਤਿੱਤਰ-ਬਿੱਤਰ ਹੋ ਗਈ। ਮੈਦਾਨ ਸਿੱਖਾਂ ਦੇ ਹੱਥ ਆਇਆ। ਇਹ ਸਮਾਂ ੧੬੩੪ ਈ. ਦਾ ਸੀ।

ਇਸ ਜੰਗ ਵਿਚ ਗੁਰੂ ਜੀ ਦੇ ਦੋ ਸਾਹਿਬਜ਼ਾਦਿਆਂ ਬਾਬਾ ਗੁਰਦਿੱਤਾ ਜੀ ਤੇ ਬਾਬਾ ਤੇਗ ਮੱਲ (ਗੁਰੂ ਤੇਗ ਬਹਾਦਰ) ਜੀ ਨੇ ਵੀ ਬਹਾਦਰੀ ਦੇ ਜੌਹਰ ਵਿਖਾਏ। ਇਸ ਉਪਰੰਤ ਸ਼ਾਹਜਹਾਨ ਨੇ ਗੁਰੂ ਜੀ ਵੱਲ ਮਿੱਤਰਤਾ ਦਾ ਹੱਥ ਵਧਾਇਆ ਅਤੇ ਫੇਰ ਉਸ ਦੇ ਸਮੇਂ ਹੋਰ ਕੋਈ ਜੰਗ ਨਾ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਆਪਣੇ ਸਿੱਖਾਂ ਨੂੰ ਇਹ ਹਿਦਾਇਤ ਸੀ ਕਿ ਨਿਹੱਥੇ ਉੱਪਰ ਵਾਰ ਨਹੀਂ ਕਰਨਾ ਅਤੇ ਨਾ ਹੀ ਦੌੜੇ ਜਾਂਦੇ 'ਤੇ ਵਾਰ ਕਰਨਾ। ਇਹ ਸੂਰਮਗਤੀ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਗੁਰੂ ਜੀ ਨੇ ਜੰਗ ਲਈ ਕਦੇ ਵੀ ਪਹਿਲ ਨਹੀਂ ਸੀ ਕੀਤੀ ਅਤੇ ਨਾ ਹੀ ਲੜਾਈ ਵਿਚ ਵੈਰੀ 'ਤੇ ਪਹਿਲਾਂ ਵਾਰ ਕੀਤਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਸੂਝ-ਬੂਝ ਨਾਲ ਇਕ ਤਾਕਤਵਰ ਸੈਨਾ ਤਿਆਰ ਕਰ ਲਈ ਸੀ। ਇਸ ਰਾਹੀਂ ਉਹਨਾਂ ਨੇ ਸਿੱਖਾਂ ਦੇ ਜੀਵਨ-ਢੰਗ ਵਿਚ ਵੀ ਸੁਅਸਤ ਤਬਦੀਲੀ ਲੈ ਆਂਦੀ ਸੀ। ਸਿੱਖ ਉਸ ਵੇਲੇ ਸੁਰੱਖਿਅਤ ਸਥਿਤੀ ਵਿਚੋਂ ਬਾਹਰ ਨਿਕਲ ਆਏ ਜੋ ਕਿ ਇਕ ਤਗੜਾ ਪ੍ਰਤਿਕਰਮ ਸੀ। ਸਿੱਖਾਂ ਵਿਚ ਕਾਫੀ ਤਬਦੀਲੀ ਆ ਗਈ। ਉਹ ਡਰ-ਰਹਿਤ ਅਤੇ ਨਮੂਨੇ ਦੇ ਸੈਨਿਕ ਬਣ ਗਏ। ਐਸੇ ਸੈਨਿਕ ਅਜਿੱਤ ਹੁੰਦੇ ਹਨ। ਜੰਗ ਦੇ ਮੈਦਾਨ ਵਿਚ ਮੌਤ ਨੂੰ ਸਿੱਖ ਇਕ ਸ਼ਾਨਦਾਰ ਮੌਤ ਸਮਝਣ ਲੱਗ ਪਏ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

(ਪੰਨਾ ੧੧੦੫)

ਇਸ ਉਭਰਦੀ ਤਾਕਤ ਨੇ ਵੇਲੇ ਦੀ ਹਕੂਮਤ ਨੂੰ ਸੋਚਾਂ ਵਿਚ ਪਾ ਦਿੱਤਾ ਅਤੇ ਉਹ ਇਸ ਨੂੰ ਦਬਾਉਣ ਦੀ ਸੋਚਣ ਲੱਗ ਪਏ।

ਯੁੱਧਾਂ ਦੇ ਵਿਜੈਤਾ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

...ਅਖ਼ੀਰ ਸ਼ਾਹੀ ਫ਼ੌਜਾਂ ਦਾ ਸਰਦਾਰ ਮਾਯੂਸ ਹੋ ਕੇ ਲਾਹੌਰ ਪਰਤ ਆਇਆ ਤੇ ਮਾਮਲਾ ਕੁਲੀਜ ਖ਼ਾਂ, ਸੂਬੇਦਾਰ ਲਾਹੌਰ ਦੇ ਸਾਹਮਣੇ ਪੇਸ਼ ਕੀਤਾ। ਉਸ ਕੁਲੀਜ ਖ਼ਾਂ ਨੂੰ ਦੱਸਿਆ ਕਿ ਉਹ 'ਗੁਰੂ-ਚੱਕ' ਦੇ ਨੇੜੇ ਸਰਕਾਰੀ 'ਸ਼ਿਕਾਰ-ਗਾਹ' ਵਿਚ ਸ਼ਿਕਾਰ ਖੇਡ ਰਹੇ ਸਨ, ਕਿ ਕੁਝ ਸਿੱਖਾਂ ਨੇ ਸ਼ਾਹੀ ਬਾਜ਼ ਨੂੰ ਹੱਥ ਪਾ ਲਿਆ। ਉਸ ਦੇ ਕਹਿਣ ਅਤੇ ਧਮਕਾਉਣ ਦੇ ਬਾਵਜੂਦ, ਉਹਨਾਂ ਬਾਜ਼ ਵਾਪਸ ਨਹੀਂ ਕੀਤਾ।

'ਹਜ਼ੂਰ! ਗੱਲ ਸਿਰਫ ਬਾਜ਼ ਦੀ ਵਾਪਸੀ ਦੀ ਨਹੀਂ, ਇਹ ਕਦਮ ਚੁੱਕ ਕੇ ਸਿੱਖਾਂ ਨੇ ਮੁਗ਼ਲ ਹਕੂਮਤ ਨੂੰ ਇਕ ਵੰਗਾਰ ਪਾਈ ਹੈ। ਗੁਰੂ ਹਰਿਗੋਬਿੰਦ ਜੀ ਦੀ ਸਿਖਾਵਟ 'ਤੇ ਵਾਹਿਜ਼ ਨੇ ਇਹਨਾਂ ਸਿੱਖਾਂ ਨੂੰ ਇਤਨਾ ਬੇਬਾਕ ਤੇ ਬੇਖ਼ੌਫ ਕਰ ਦਿੱਤਾ ਹੈ ਕਿ ਅੱਜ ਉਹ ਸ਼ਾਹੀ ਬਾਜ਼ਾਂ ਨੂੰ ਵੀ ਹੱਥ ਪਾਣ ਲੱਗ ਪਏ ਹਨ ਤੇ ਹਜ਼ੂਰ! ਜੇ ਅੱਜ ਇਹਨਾਂ ਹੱਥਾਂ ਨੂੰ ਤੋੜਿਆ ਨਾ ਗਿਆ ਤਾਂ ਕੱਲ੍ਹ ਨੂੰ ਇਹ ਲੋਕ ਸ਼ਾਹੀ ਤਾਜ ਨੂੰ ਵੀ ਹੱਥ ਪਾ ਲੈਣਗੇ ਇਸ ਲਈ ਸਾਨੂੰ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ।'

ਕੁਲੀਜ ਖ਼ਾਂ ਸੂਬੇਦਾਰ ਲਾਹੌਰ ਇਹ ਸਾਰੀ ਵਾਰਤਾ ਸੁਣ ਕੇ ਅੱਗ-ਬਗੋਲਾ ਹੋ ਗਿਆ ਤੇ ਸੋਚਣ ਲੱਗਾ ਕਿ ਪੀਰ ਹਰਗੋਬਿੰਦ ਨੇ ਆਪਣੇ ਸਿੱਖਾਂ ਵਿਚ ਕਿਤਨੀ ਜੁਰਅੱਤ ਤੇ ਦਲੇਰੀ ਭਰ ਦਿੱਤੀ ਹੈ ਕਿ ਉਹ ਅੱਜ ਸ਼ਾਹੀ ਬਾਜ਼ਾਂ ਨੂੰ ਵੀ ਹੱਥ ਪਾਣ ਲੱਗ ਪਏ ਹਨ। ਇਸ ਗ਼ੈਰ-ਮਾਮੂਲੀ ਘਟਨਾ ਨੂੰ ਮੁਗ਼ਲ ਹਕੂਮਤ ਲਈ ਇਕ ਚਣੌਤੀ ਜਾਣ ਕੇ ਉਸ ਬਾਦਸ਼ਾਹ, ਸ਼ਾਹ ਜਹਾਨ ਨੂੰ ਇਸ ਸਮੁੱਚੇ ਮਾਮਲੇ ਬਾਰੇ ਆਗਾਹ ਕੀਤਾ। ਸ਼ਾਹ ਜਹਾਨ ਨੇ ਤਾਂ ਪਹਿਲਾਂ ਹੀ ਗ਼ੈਰ-ਮੁਸਲਿਮ ਰਿਆਇਆ ਲਈ ਕਈ ਪਾਬੰਦੀਆਂ ਲਗਾ ਰਖੀਆਂ ਸਨ ਜਿਵੇਂ ਕਿ ਕੋਈ ਗ਼ੈਰ-ਮੁਸਲਿਮ ਤਬਲੀਖ਼ ਨਹੀਂ ਕਰ ਸਕਦਾ ਅਤੇ ਨਵੇਂ ਬਣ ਰਹੇ ਮੰਦਰ ਗਿਰਾ ਦਿੱਤੇ ਜਾਣ, ਆਦਿ। ਉਸ ਨੇ ਤਾਂ ਮੁਸਲਮਾਨਾਂ ਉੱਤੇ ਵੀ ਇਹ ਪਾਬੰਦੀ ਲਗਾ ਰਖੀ ਸੀ ਕਿ ਉਹ ਆਪਣੀ ਮਰਜ਼ੀ ਨਾਲ ਆਪਣਾ ਧਰਮ ਤਬਦੀਲ ਨਹੀਂ ਕਰ ਸਕਦਾ।

ਫਿਰ ਅਜਿਹੇ ਵਿਚਾਰਾਂ ਦਾ ਧਾਰਨੀ ਬਾਦਸ਼ਾਹ ਬਾਜ਼ ਦੇ ਮਾਮਲੇ ਵਿਚ ਕਿਵੇਂ ਟਾਲ ਮਟੋਲ ਕਰ ਜਾਂਦਾ? ਇਸ ਵਿਚ ਉਸ ਨੇ ਮੁਗ਼ਲ ਹਕੂਮਤ ਦੀ ਹੱਤਕ ਮਹਿਸੂਸ ਕੀਤੀ ਤੇ ਗੁਰੂ ਅਰਜਨ ਦੇਵ ਜੀ ਦੀ ਮਹਾਨ ਤੇ ਲਾਸਾਨੀ ਸ਼ਹਾਦਤ ਦੇ ਪ੍ਰਤੀਕਰਮ ਵਜੋਂ ਉਭਰੀ ਸਿੱਖ ਧਰਮ ਦੀ ਨਵੀਂ

ਨੁਹਾਰ, ਉਸ ਨੂੰ ਵੰਗਾਰ ਪਾਉਂਦੀ ਪ੍ਰਤੀਤ ਹੋਈ। ਇਹ ਸਮੂਹ ਗੱਲਾਂ ਤਾਂ ਪਹਿਲਾਂ ਹੀ ਉਸ ਦੇ ਇਲਮ ਵਿਚ ਸਨ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਛੇਵਾਂ ਵਾਰਸ ਨੌਜਵਾਨ ਗੁਰੂ ਹਰਿਗੋਬਿੰਦ ਦੋ ਤਲਵਾਰਾਂ ਪਹਿਨਦਾ ਹੈ ਉਸ 'ਗੁਰੂ ਚੱਕ' ਨੂੰ ਇਕ ਛਾਉਣੀ ਦੀ ਸ਼ਕਲ ਦੇ ਰੱਖੀ ਹੈ, ਉਹ ਖ਼ੁਦ ਸ਼ਿਕਾਰ ਖੇਡਦਾ, ਗਤਕੇ-ਬਾਜ਼ੀ ਤੇ ਤਲਵਾਰ-ਬਾਜ਼ੀ ਦੇ ਕਰਤੱਬ ਕਰਦਾ ਤੇ ਕਰਵਾਉਂਦਾ ਹੈ। ਇਕ ਤਖ਼ਤ ਤੇ ਕਿਲ੍ਹੇ ਦੀ ਤਾਮੀਰ ਕਰਵਾਉਣ ਤੋਂ ਇਲਾਵਾ, ਉਸ ਪੰਜਾਬ ਭਰ ਦੇ ਸੂਰਮਿਆਂ ਤੇ ਪਠਾਣਾਂ ਨੂੰ ਵੀ ਆਪਣੀ ਫ਼ੌਜ ਵਿਚ ਭਰਤੀ ਕਰ ਰਖਿਆ ਹੈ ਜੋ ਉਸ ਦੇ ਹੁਕਮ 'ਤੇ ਲੜਨ-ਮਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ ਸੋ ਉਸ ਦੇ ਦਿਲ ਦੀ ਭਾਵਨਾ ਇਹੋ ਬਣੀ ਕਿ ਹੁਣ ਜਦ ਕਿ ਬਾਜ਼ ਦੇ ਬਹਾਨੇ ਗੁਰੂ ਦੇ ਸਿੱਖਾਂ ਨੇ ਮੁਗ਼ਲ ਹਕੂਮਤ ਨਾਲ ਮੱਥਾ ਲਾ ਹੀ ਲਿਆ ਹੈ ਸੋ ਇਸ ਗੱਲ ਦੇ ਬਹਾਨੇ ਫ਼ੌਜੀ ਚੜ੍ਹਾਈ ਕਰਕੇ ਜੰਮਦੀਆਂ ਸੂਲਾਂ ਦੇ ਮੂੰਹ ਭੰਨੇ ਜਾ ਸਕਦੇ ਹਨ ਤੇ ਇਹ ਸਭ ਗੱਲਾਂ ਵਿਚਾਰ ਕੇ ਅੰਤ ਉਸ ਸੂਬੇਦਾਰ ਲਾਹੌਰ ਨੂੰ 'ਗੁਰੂ ਚੱਕ' 'ਤੇ ਚੜ੍ਹਾਈ ਕਰਨ ਦੇ ਹੁਕਮ ਦੇ ਦਿੱਤੇ।

ਸੋ ਕੁਲੀਜ ਖਾਂ ਸੂਬੇਦਾਰ ਲਾਹੌਰ ਦੇ ਹੁਕਮ ਅਨੁਸਾਰ ਮੁਖਲਿਸ ਖਾਂ ਫ਼ੌਜਦਾਰ ਲਾਹੌਰ ਨੇ ਕੋਈ ਸੱਤ ਕੁ ਹਜ਼ਾਰ ਫ਼ੌਜ ਨਾਲ 'ਗੁਰੂ ਚੱਕ' ਉੱਤੇ ਚੜ੍ਹਾਈ ਕਰ ਦਿੱਤੀ। ਸਮਾਂ ਕੋਈ ਜੂਨ ੧੬੨੯ ਦਾ ਸੀ। ਓਹਨੀਂ ਦਿਨੀਂ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਸਪੁੱਤਰੀ ਬੀਬੀ ਵੀਰੋ ਦੇ ਵਿਆਹ ਦੇ ਕਾਰਜ ਵਿਚ ਰੁੱਝੇ ਹੋਏ ਸਨ ਅਤੇ ਤਿੰਨਾਂ ਕੁ ਦਿਨਾਂ ਤਕ ਬਾਰਾਤ ਵੀ ਆਉਣ ਵਾਲੀ ਸੀ ਸੋ ਚੜ੍ਹਾਈ ਦੀ ਸੂਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਹਿਜਤਾ ਵਿਚ ਹੀ ਆਪਣੇ ਸੂਰਮਿਆਂ ਨੂੰ ਇਕੱਤਰ ਕੀਤਾ ਅਤੇ ਉਹਨਾਂ ਨੂੰ ਹਰਿਮੰਦਰ ਸਾਹਿਬ ਤੋਂ ਦੂਰ ਹੀ, ਆਪਣੇ ਫ਼ੌਜੀ ਦਸਤਿਆਂ ਸਮੇਤ ਸ਼ਾਹੀ ਫ਼ੌਜ ਦੇ ਟਾਕਰੇ ਲਈ ਨਿਯੁਕਤ ਕਰ ਦਿੱਤਾ। ਹਮਲੇ ਤੇ ਹਾਲਾਤ ਦੀ ਨਜ਼ਾਕਤ ਨੂੰ ਭਾਂਪ ਕੇ ਆਪਣੇ ਮਹਿਲਾਂ ਨੂੰ 'ਝਬਾਲ' ਭੇਜ ਦਿੱਤਾ।

ਸਿੱਖ ਫ਼ੌਜਾਂ ਦੀ ਕਮਾਨ ਭਾਈ ਬਿਧੀ ਚੰਦ ਅਤੇ ਨੌਜਵਾਨ ਪਠਾਣ ਪੈਂਦੇ ਖਾਂ ਕਰ ਰਹੇ ਸਨ ਸੋ ਪਿਪਲੀ ਸਾਹਿਬ ਦੇ ਅਸਥਾਨ ਉੱਤੇ ਮੁਗ਼ਲਈ ਫ਼ੌਜਾਂ ਅਤੇ ਸਿੱਖਾਂ ਦੇ ਵਿਚਕਾਰ ਪਹਿਲੀ ਤਕੜੀ ਟੱਕਰ ਹੋਈ। ਖੰਡੇ ਖੜਕੇ, ਨੇਜੇ ਲਿਸ਼ਕੇ, ਤਲਵਾਰਾਂ ਨਾਲ ਤਲਵਾਰਾਂ ਟਕਰਾਈਆਂ ਅਤੇ ਤੀਰਾਂ ਦੀ ਵਰਖਾ ਨੇ ਇਕ ਭਿਅੰਕਰ ਜੰਗ ਦਾ ਰੂਪ ਅਖ਼ਤਿਆਰ ਕਰ ਲਿਆ। ਸਿੱਖਾਂ ਨੇ ਅਜਿਹੀ ਜੰਮ ਕੇ ਲੜਾਈ ਲੜੀ ਕਿ ਮੁਗ਼ਲਈ ਫ਼ੌਜਾਂ ਤੇ ਉਹਨਾਂ ਦੇ ਜਰਨੈਲਾਂ ਨੂੰ ਵੀ ਕੰਨ ਹੋ ਗਏ ਕਿ ਉਹਨਾਂ ਦੇ ਟਾਕਰੇ ਉੱਤੇ ਵੀ ਕੋਈ ਆਮ ਕਿਸਮ ਦੇ ਲੋਕ ਨਹੀਂ ਹਨ ਬਲਕਿ ਮੰਨੇ-ਪ੍ਰਮੰਨੇ ਲੜਾਈ ਦੇ ਹੁਨਰ ਵਿਚ ਨਿਪੁੰਨ ਸੂਰਮੇ ਹਨ ਜੋ ਆਪਣੀ ਕੌਮੀ ਰੱਖਿਆ ਅਤੇ ਸਵੈਮਾਨ ਨੂੰ ਮੁੱਖ ਰੱਖ ਕੇ ਰਣ-ਭੂਮੀ ਵਿਚ ਮੋਰਾਂ ਵਾਂਗ ਪੈਲਾਂ ਪਾ ਰਹੇ ਹਨ।

ਮੁਕਾਬਲਾ ਇਤਨਾ ਸਖ਼ਤ ਸੀ ਤੇ ਸਿੱਖ ਇਤਨੀ ਤਕੜਾਈ ਨਾਲ ਲੜੇ ਕਿ ਮੁਗ਼ਲਈ ਸਰਦਾਰ ਸਮਸ਼ ਖ਼ਾਨ ਦੇ ਪੈਰ ਥਿੜ੍ਹਕ ਗਏ। ਮੁਖ਼ਲਿਸ ਖਾਂ (ਫ਼ੌਜਦਾਰ) ਨੇ ਆਪਣੇ ਦੂਜੇ ਸਰਦਾਰ ਅਨਵਰ ਖਾਂ ਨੂੰ ਮੈਦਾਨਿ-ਜੰਗ ਵਿਚ ਉਤਾਰਿਆ। ਭਾਈ ਭਾਨਾ ਜੀ ਨੇ ਉਹ ਤੇਗ਼ ਵਾਹੀ ਕਿ ਸਮਸ਼ ਦਾ ਸਿਰ ਉਡਾ ਘੱਤਿਆ। ਸਮਸ਼ ਖਾਂ ਦੀ ਲਾਸ਼ ਨੂੰ ਮਿੱਟੀ-ਘੱਟੇ ਵਿਚ ਰੁਲਦਿਆਂ ਵੇਖ ਕੇ ਦੁਸ਼ਮਣ-

ਫ਼ੌਜ ਦੇ ਇਕ ਹੋਰ ਦਸਤੇ ਨੇ ਭਾਈ ਭਾਨਾ ਜੀ ਨੂੰ ਆਪਣੇ ਘੇਰੇ ਵਿਚ ਲੈ ਲਿਆ। ਕਈ ਤਲਵਾਰਾਂ ਉਭਰੀਆਂ ਤੇ ਇਉਂ ਭਾਈ ਭਾਨਾ ਜੀ ਸੂਰਮਿਆਂ ਵਾਂਗ ਜੂਝਦੇ ਹੋਏ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਭਾਈ ਭਾਨਾ ਜੀ ਦੀ ਥਾਂ ਭਾਈ ਸਿੰਘਾ ਜੀ ਅੱਗੇ ਵਧੇ, ਤੇਗ ਦੇ ਖ਼ੂਬ ਜੌਹਰ ਵਿਖਾਏ, ਅੰਤ ਉਹ ਵੀ ਮੁਹੰਮਦ ਅਲੀ ਨੂੰ ਮਾਰ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਸ 'ਤੇ ਨੌਜਵਾਨ ਪੈਂਦੇ ਖਾਂ ਮੈਦਾਨਿ-ਜੰਗ ਵਿਚ ਉਤਰਿਆ। ਇਸ ਪਠਾਣ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਬੱਚਿਆਂ ਵਾਂਗ ਪਾਲਿਆ-ਪੋਸਿਆ ਸੀ ਤੇ ਇਸ ਨੂੰ ਜੰਗੀ ਹੁਨਰ ਵਿਚ ਹਰ ਤਰ੍ਹਾਂ ਨਾਲ ਨਿਪੁੰਨ ਕਰ ਦਿੱਤਾ ਹੋਇਆ ਸੀ। ਇਸ ਨੇ ਜੰਗ ਦਾ ਰੁਖ ਬਦਲ ਕੇ ਰੱਖ ਦਿੱਤਾ ਤੇ ਭਾਈ ਬਿਧੀ ਚੰਦ ਨੇ ਵੀ ਦੁਸ਼ਮਣ ਦੇ ਖ਼ੂਬ ਘਾਣ ਲਾਹੇ।

ਇਸ ਸਮੇਂ ਗੁਰੂ ਸਾਹਿਬ ਖ਼ੁਦ ਕਿਲ੍ਹਾ 'ਲੋਹਗੜ੍ਹ' ਵਿਚ ਸੁਰੱਖਿਆ ਪ੍ਰਬੰਧ ਕਰ ਰਹੇ ਸਨ। ਇਹ ਸੂਹ ਪਾ ਕੇ ਕਿ ਗੁਰੂ ਜੀ ਕਿਲ੍ਹੇ ਵਿਚ ਕੇਵਲ ਗਿਣਤੀ ਦੇ ਸਿੱਖਾਂ ਨਾਲ ਮੌਜੂਦ ਹਨ, ਮੁਖਲਿਸ ਖਾਂ ਸਣੇ ਫ਼ੌਜ ਦੇ ਕਿਲ੍ਹੇ ਵੱਲ ਵਧ ਆਇਆ ਅਤੇ ਕਿਲ੍ਹੇ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਨੇ ਦਰਖ਼ਤ ਦੇ ਤਣੇ ਦੀ ਇਕ ਤੋਪ ਬਣਵਾਈ ਅਤੇ ਉਸ ਤੋਪ ਰਾਹੀਂ ਗੋਲੇ ਦੁਸ਼ਮਣ 'ਤੇ ਦਾਗਣੇ ਆਰੰਭ ਕਰਵਾ ਦਿੱਤੇ। ਇਤਨੇ ਨੂੰ ਪੈਂਦੇ ਖਾਂ ਭਾਈ ਬਿਧੀ ਚੰਦ, ਜੀਤ ਮੱਲ ਆਦਿਕ ਯੋਧੇ ਆਪਣੇ ਸਿੱਖ ਦਸਤਿਆਂ ਸਮੇਤ, ਕਿਲ੍ਹੇ ਦੇ ਬਾਹਰਵਾਰ ਪੁੱਜਣੇ ਸ਼ੁਰੂ ਹੋ ਗਏ ਤੇ ਵੈਰੀ-ਫ਼ੌਜਾਂ ਵਿਚਕਾਰ ਘੁਸ ਕੇ ਦੁਸ਼ਮਣ ਦਾ ਸਫਾਇਆ ਕਰਨ ਲੱਗ ਪਏ। ਮੁਖ਼ਲਿਸ ਖ਼ਾਂ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਕਿਲ੍ਹੇ ਦੀ ਦੀਵਾਰ ਡਿੱਗ ਪਏ ਤਾਂ ਜੋ ਕਿਲ੍ਹੇ ਉੱਤੇ ਕਬਜ਼ਾ ਕਰਕੇ ਗੁਰੂ ਸਾਹਿਬ ਨੂੰ ਵੀ ਜੀਉਂਦਿਆ ਫੜਿਆ ਜਾ ਸਕੇ ਸੋ ਉਸ ਨੇ ਆਪਣੇ ਸਰਦਾਰਾਂ ਜਿਹਾ ਕਿ ਅਲੀ ਬੇਗ, ਬਹਾਦਰ ਖ਼ਾਨ ਆਦਿ ਨੂੰ ਕਿਲ੍ਹੇ 'ਤੇ ਇਕ ਭਰਪੂਰ ਹਮਲਾ ਕਰਨ ਲਈ ਭੇਜਿਆ ਪਰ ਭਾਈ ਤਿਲੋਕੇ, ਭਾਈ ਨਿਹਾਲੇ, ਭਾਈ ਅਨੰਤੇ ਜਿਹੇ ਗੁਰੂ ਦੇ ਸਿਰਲੱਥ ਯੋਧਿਆਂ ਨੇ ਉਸ ਦੀ ਕੋਈ ਪੇਸ਼ ਨਾਂਹ ਜਾਣ ਦਿੱਤੀ ਤੇ ਸ਼ਾਹੀ ਫ਼ੌਜਾਂ ਵਿਚ ਘਬਰਾਹਟ ਫੈਲ ਗਈ। ਮੁਖ਼ਲਿਸ ਖ਼ਾਂ ਨੇ ਆਪਣੀਆਂ ਫ਼ੌਜਾਂ ਦਾ ਹੌਂਸਲਾ ਵਧਾਉਂਦਿਆਂ ਹੋਇਆਂ ਉਹਨਾਂ ਦੀ ਅਣਖ ਨੂੰ ਲਲਕਾਰਿਆ ਤੇ ਕਿਹਾ ਕਿ ਉਹਨਾਂ ਨੂੰ ਇਹਨਾਂ ਫ਼ਕੀਰਾਂ ਦੇ ਟੋਲੇ ਤੋਂ ਘਬਰਾਣਾ ਨਹੀਂ ਚਾਹੀਦਾ। ਇਹ ਕੋਈ ਸੂਰਮੇ ਨਹੀਂ ਹਨ ਤੇ ਇਉਂ ਸ਼ਾਹੀ ਫ਼ੌਜਾਂ ਨੇ ਇਕ ਜ਼ੋਰਦਾਰ ਹਮਲਾ ਕਰਕੇ ਕਿਲ੍ਹੇ ਦੀ ਇਕ ਕੰਧ ਮਿਸ-ਮਾਰ ਕਰ ਕੇ ਰੱਖ ਦਿੱਤੀ ਪਰ ਰੱਬ ਦੀ ਕਰਨੀ ਇਸ ਸਮੇਂ ਸੂਰਜ ਛੁਪ ਚੁੱਕਾ ਸੀ ਤੇ ਰਾਤ ਪਸਰ ਰਹੀ ਸੀ ਸੋ ਯੁੱਧ ਸਮਾਪਤ ਹੋ ਗਿਆ ਪਰ ਗੁਰੂ ਸਾਹਿਬ ਦੇ ਸੂਰਮੇ ਸਿੱਖਾਂ ਨੇ ਰਾਤੋ-ਰਾਤ ਫਿਰ ਦੀਵਾਰ ਦੀ ਉਸਾਰੀ ਕਰ ਦਿੱਤੀ ਤੇ ਇੰਜ ਸੁਰੱਖ਼ਿਅਤ ਹੋ ਬੈਠੇ।

...ਅਗਲੇ ਦਿਨ ਲਾਹੌਰ ਤੋਂ ਦੋ ਹੋਰ ਸਰਦਾਰ, ਕਲੰਦਰ ਮਾਨ ਤੇ ਬਹਾਦਰ ਖ਼ਾਨ ਤਾਜ਼ਾ ਦਮ ਫ਼ੌਜੀ ਦਸਤਿਆਂ ਨਾਲ ਆਣ ਪਹੁੰਚੇ ਤੇ ਸੂਰਜ ਦੀ ਟਿੱਕੀ ਨਿਕਲਣ ਨਾਲ ਹੀ ਯੁੱਧ ਆਰੰਭ ਹੋ ਗਿਆ। ਦੁਵੱਲਿਉਂ ਖ਼ੂਬ ਰਣ ਭਖਿਆ ਤੇ ਯੋਧੇ ਜਾਨਾਂ ਹੂਲ ਕੇ ਲੜੇ। ਗੁਰੂ ਹਰਿਗੋਬਿੰਦ ਸਾਹਿਬ ਖ਼ੁਦ ਵੀ ਕਿਲ੍ਹਿਉਂ ਬਾਹਰ ਮੈਦਾਨਿ-ਜੰਗ ਵਿਚ ਕੁੱਦੇ ਅਤੇ ਉਹਨਾਂ ਆਪਣੇ ਨੁਕੀਲੇ ਤੀਰਾਂ ਨਾਲ

ਦੁਸ਼ਮਣ ਦੇ ਚੋਣਵੇਂ ਸਰਦਾਰਾਂ ਨੂੰ ਚੁਣ-ਚੁਣ ਕੇ ਮਾਰਿਆ। ਸਿੱਖਾਂ ਵੱਲੋਂ ਅੱਜ ਦੇ ਯੁੱਧ ਦੀ ਕਮਾਨ ਪੈਂਦੇ ਖਾਂ ਦੇ ਹੱਥ ਵਿਚ ਸੀ। ਫ਼ਤਿਹ ਹਾਸਲ ਨਾ ਹੁੰਦੀ ਵੇਖ ਕੇ ਮੁਖ਼ਲਿਸ ਖ਼ਾਂ ਨੇ ਪੈਂਤੜਾ ਬਦਲਿਆ ਅਤੇ ਉਸ ਗੁਰੂ ਹਰਿਗੋਬਿੰਦ ਸਾਹਿਬ ਨੂੰ ਲਲਕਾਰਦਿਆਂ ਹੋਇਆਂ ਕਿਹਾ: 'ਪੀਰ ਜੀ, ਫ਼ੌਜਾਂ ਨੂੰ ਨਾ-ਹੱਕ ਨਾ ਮਰਵਾਓ ਤੇ ਮੇਰੇ ਨਾਲ ਖ਼ੁਦ ਦੋ ਹੱਥ ਕਰੋ।'... ਗੁਰੂ ਸਾਹਿਬ ਨੇ ਮੁਖ਼ਲਿਸ ਖਾਂ ਦੀ ਇਸ ਚੁਨੌਤੀ ਨੂੰ ਸਵੀਕਾਰ ਕਰ ਲਿਆ ਅਤੇ ਇਉਂ ਦੁਵੱਲਿਉਂ ਫ਼ੌਜਾਂ ਪਿੱਛੇ ਹਟ ਗਈਆਂ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਘੋੜੇ 'ਤੇ ਅਸਵਾਰ ਹੋ ਕੇ ਮੈਦਾਨਿ-ਜੰਗ ਵਿਚ ਉੱਤਰ ਆਏ। ਗੁਰੂ ਸਾਹਿਬ ਨੇ ਆਪਣੇ ਪਹਿਲੇ ਤੀਰ ਨਾਲ ਹੀ ਮੁਖ਼ਲਿਸ ਖਾਂ (ਫ਼ੌਜਦਾਰ) ਦਾ ਘੋੜਾ ਘਾਇਲ ਕਰ ਦਿੱਤਾ ਤੇ ਉਹ ਪੈਦਲ ਹੋ ਗਿਆ। ਇਸ 'ਤੇ ਗੁਰੂ ਸਾਹਿਬ ਨੇ ਵੀ ਆਪਣਾ ਘੋੜਾ ਛੱਡ ਦਿੱਤਾ ਅਤੇ ਖੰਡਾ ਹੱਥ ਵਿਚ ਫੜ ਲਿਆ। ਗੁਰੂ ਸਾਹਿਬ ਨੇ ਮੁਖਲਿਸ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਵੰਗਾਰਿਆ ਸੋ ਮੁਖ਼ਲਿਸ ਖਾਂ ਨੇ ਕਰੋਧ ਵਿਚ ਆ ਕੇ ਗੁਰੂ ਸਾਹਿਬ 'ਤੇ ਇਕ ਭਰਪੂਰ ਵਾਰ ਕੀਤਾ, ਪਰ ਗੁਰੂ ਸਾਹਿਬ ਨੇ ਕਮਾਲ ਦੀ ਫੁਰਤੀ ਨਾਲ ਆਪਣਾ ਪੈਂਤੜਾ ਬਦਲ ਲਿਆ ਅਤੇ ਉਸ ਦੇ ਵਾਰ ਨੂੰ ਨਾਕਾਮ ਕਰ ਕੇ ਰੱਖ ਦਿੱਤਾ। ਦੂਜੀ ਵਾਰ ਫਿਰ ਮੁਖ਼ਲਿਸ ਖਾਂ ਨੇ ਵਾਰ ਕੀਤਾ ਪਰੰਤੂ ਇਹ ਵਾਰ ਵੀ ਗੁਰੂ ਸਾਹਿਬ ਦਾ ਕੁੱਝ ਨਾ ਵਿਗਾੜ ਸਕਿਆ।

...ਸੋ ਹੁਣ ਛਠਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਦੀ ਵਾਰੀ ਸੀ। ਗੁਰੂ ਸਾਹਿਬ ਨੇ ਆਪਣੇ ਖੰਡੇ ਨਾਲ ਇਤਨੇ ਜ਼ੋਰ ਦਾ ਇਕ ਭਰਪੂਰ ਵਾਰ ਕੀਤਾ ਕਿ ਖੰਡਾ ਢਾਲ ਨੂੰ ਚੀਰਦਾ ਹੋਇਆ ਮੁਖ਼ਲਿਸ ਖਾਂ ਦੇ ਸਰੀਰ ਨੂੰ ਦੋ-ਫਾੜ ਕਰ ਗਿਆ।

ਤੇ ਇੰਜ ਫ਼ੌਜਦਾਰ ਦੀ ਲਾਸ਼ ਨੂੰ ਲਹੂ ਵਿਚ ਲੱਥ-ਪੱਥ, ਮਿੱਟੀ-ਘੱਟੇ ਵਿਚ ਰੁਲਦੀ ਵੇਖ ਕੇ, ਸ਼ਾਹੀ ਫ਼ੌਜ ਬੇ-ਹੌਂਸਲਾ ਹੋ ਗਈ ਤੇ ਉਹਨਾਂ ਵਿਚ ਭਾਜੜ ਪੈ ਗਈ। ਸਿੱਖਾਂ ਵਿਚ ਇਤਨਾ ਜੋਸ਼ ਸੀ ਕਿ ਉਹ ਭੱਜੀ ਜਾ ਰਹੀ ਫ਼ੌਜ ਦੇ ਵੀ ਆਹੂ ਲਾਹੁਣਾ ਚਾਹੁੰਦੇ ਸਨ ਪਰੰਤੂ ਧਰਮ ਤੇ ਮਰਯਾਦਾ ਦੇ ਬੱਧੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਨੇ ਉਹਨਾਂ ਨੂੰ ਰੋਕ ਦਿੱਤਾ। ਰਾਤ ਨੂੰ ਸਮੂਹ ਸ਼ਹੀਦ ਗੁਰਸਿੱਖਾਂ ਦੀਆਂ ਦੇਹਾਂ ਇਕ ਥਾਂ 'ਤੇ ਇਕੱਠੀਆਂ ਕੀਤੀਆਂ ਗਈਆਂ ਤੇ ਫਿਰ ਗੁਰਬਾਣੀ ਦੇ ਪਾਠ ਅਤੇ ਅਰਦਾਸ ਉਪਰੰਤ ਸਤਿਗੁਰੂ ਜੀ ਨੇ ਆਪ ਆਪਣੇ ਮੁਬਾਰਕ ਹੱਥਾਂ ਨਾਲ ਉਹਨਾਂ ਮਹਾਨ ਸੂਰਮਿਆਂ ਦੀ ਚਿਖਾ ਨੂੰ ਅਗਨੀ ਵਿਖਾਈ ਅਤੇ ਫਿਰ ਆਪ ਰਾਤੋ-ਰਾਤ ਸਿੱਖਾਂ ਸਮੇਤ 'ਝਬਾਲ' ਵੱਲ ਆਪਣੀ ਸਪੁੱਤਰੀ ਦੇ ਸ਼ੁਭ ਵਿਆਹ ਦੇ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਚਲੇ ਗਏ।

...ਜਿਉਂ ਹੀ ਆਗਰੇ ਵਿਚ ਇਸ ਜੰਗ ਦੀ ਹਾਰ ਦੀ ਖ਼ਬਰ ਪਹੁੰਚੀ। ਆਸਫ ਅਲੀ, (ਵਜ਼ੀਰਿ-ਆਲਾ) ਅੱਗ-ਬਗੋਲਾ ਹੋ ਉਠਿਆ। 'ਗਜ਼ਬੇ-ਖ਼ੁਦਾ', ਫ਼ਕੀਰਾਂ, ਆਮ ਹਟਵਾਣੀਆਂ ਤੇ ਵਾਹੀ ਖੇਤੀ ਕਰਨ ਵਾਲੇ ਆਮ ਲੋਕਾਂ ਹੱਥੋਂ ਮੁਖਲਿਸ ਖਾਂ ਵਰਗਾ ਜਰਨੈਲ ਮਾਰਿਆ ਜਾਏ? ਉਸ ਗੁੱਸੇ ਵਿਚ ਉਬਲਦੇ ਹੋਏ ਨੇ ਸੂਬੇਦਾਰ ਲਾਹੌਰ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਸ਼ਾਹੀ ਫ਼ੌਜਾਂ ਦੇ ਮਨੋਬਲ ਨੂੰ ਬਰਕਰਾਰ ਰੱਖਣ ਲਈ ਅਨਾਇਤ ਉੱਲਾ ਨੂੰ ਨਵਾਂ ਸੂਬੇਦਾਰ ਮੁਕੱਰਰ ਕਰ ਦਿੱਤਾ ਸੋ ਇੰਜ ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੁਯੋਗ ਅਗਵਾਈ

ਵਿਚ ਸਿੱਖ ਧਰਮ ਵਿਚ ਇਕ ਨਵੀਂ ਹਥਿਆਰਬੰਦ ਕ੍ਰਾਂਤੀ ਨੇ ਜਨਮ ਲਿਆ, ਜਿਸ ਨੇ ਮੁਗ਼ਲ ਹਕੂਮਤ ਦੇ ਐਵਾਨਾਂ ਨੂੰ ਹਿਲਾ ਕੇ ਰੱਖ ਦਿੱਤਾ ਤੇ ਹਕੂਮਤ ਵੀ ਸਮਝ ਚੁੱਕੀ ਸੀ ਕਿ ਇਹ ਕੁਝ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦਾ ਪ੍ਰਤੱਖ ਪ੍ਰਤੀਕਰਮ ਸੀ, ਜਿਸ ਦਾ ਕੌੜਾ ਫ਼ਲ ਉਹਨਾਂ ਨੂੰ ਚਖਣਾ ਪੈ ਰਿਹਾ ਸੀ।

...ਤੇ ਇੰਜ ਜੰਗ ਤੋਂ ਵਿਹਲਿਆਂ ਹੋ ਕੇ ਗੁਰੂ ਸਾਹਿਬ ਸਿੱਖੀ ਦੇ ਪ੍ਰਚਾਰ ਹਿੱਤ ਦੌਰੇ ਤੇ ਨਿਕਲ ਤੁਰੇ ਤੇ 'ਹਰਿਗੋਬਿੰਦਪੁਰ' ਆ ਗਏ। ਇਹ ਨਗਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਸ ਲਈ ਵੀ ਜਚਿਆ ਸੀ ਕਿ ਇਹ ਉੱਚੀ ਥਾਂ 'ਤੇ ਸਥਿਤ ਸੀ ਤੇ ਜੰਗ ਦੀ ਸੂਰਤ ਵਿਚ ਵੀ ਬਚਾਓ ਦਾ ਚੰਗਾ ਕੰਮ ਦੇ ਸਕਦਾ ਸੀ। ਸੋ ਇਸ ਇਰਾਦੇ ਨਾਲ ਗੁਰੂ ਸਾਹਿਬ ਨੇ ਨਗਰ ਦੇ ਇਰਦ-ਗਿਰਦ ਇਕ ਦੀਵਾਰ ਉਸਾਰਨ ਦਾ ਨਿਰਣੇ ਲਿਆ ਪਰੰਤੂ ਇਸ ਨਗਰ ਦੇ ਇਕ ਵਸਨੀਕ ਭਗਵਾਨ ਦਾਸ ਖ਼ਤਰੀ ਨੇ ਜੋ ਕਿ 'ਚੰਦੂ ਲਾਲ' ਦਾ ਸਾਕ-ਸਬੰਧੀ ਹੀ ਸੀ, ਇਸ ਕਾਰਜ ਵਿਚ ਰੋਕ ਪਾਉਣੀ ਚਾਹੀ। ਉਸ ਕਿਹਾ ਕਿ ਇਹ ਨਗਰ ਚੰਦੂ ਦੀ ਮਲਕੀਅਤ ਸੀ, ਭਾਵੇਂ ਕਿ ਸਰਕਾਰੀ ਤੌਰ 'ਤੇ ਜ਼ਬਤ ਹੋ ਚੁੱਕਾ ਹੈ। ਇਸ ਲਈ ਉਹ ਦੀਵਾਰ ਨਹੀਂ ਉਸਾਰ ਸਕਦੇ।

...ਗੁਰੂ ਸਾਹਿਬ ਸਭ ਕੁਝ ਸੁਣ ਕੇ ਵੀ ਖ਼ਾਮੋਸ਼ ਰਹੇ ਪਰੰਤੂ ਅਗਲੇ ਦਿਨ ਉਹ ਫਿਰ ਆਪਣੇ ਸਾਥੀਆਂ ਨਾਲ ਆ ਕੇ ਗੁਰੂ ਸਾਹਿਬ ਦੇ ਸਾਹਮਣੇ ਬੋਲ-ਕੁਬੋਲ ਬੋਲਣ ਲੱਗ ਪਿਆ। ਗੁਰੂ ਸਾਹਿਬ ਪਹਿਲਾ ਵਾਂਗ ਹੀ ਸਹਿਜ ਦੀ ਮੂਰਤ ਬਣੀ ਬੈਠੇ ਰਹੇ। ਪਰ ਜਦੋਂ ਉਸ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਸੇਵਕੀ ਸਬੰਧੀ ਕੁਬਚਨ ਮੂੰਹੋਂ ਕੱਢੇ, ਤਾਂ ਕੋਲ ਖਲੋਤੇ ਇਕ ਸਿੱਖ ਨੇ ਉਸ ਦਾ ਹੈਂਕੜ-ਬਾਜ਼ ਸਿਰ, ਖੇਨੂੰ ਵਾਂਗ ਉਡਾ ਕੇ ਰੱਖ ਦਿੱਤਾ ਤੇ ਉਸ ਦੀ ਮਾਂਗਵੀਂ ਧਾੜ ਤਿੱਤਰ-ਬਿੱਤਰ ਹੋ ਗਈ। ਇਸ 'ਤੇ ਉਸ ਦਾ ਪੁੱਤਰ ਰਤਨ ਚੰਦ ਤੇ ਕਰਮ ਚੰਦ (ਚੰਦੂ ਦਾ ਪੁੱਤਰ) ਆਪਣਾ ਰੋਣਾ ਫ਼ੌਜਦਾਰ ਜਲੰਧਰ ਅੱਗੇ ਰੋਏ। ਸੋ ਅਬਦੁੱਲਾ ਖ਼ਾਨ ਫ਼ੌਜਦਾਰ ਜੋ ਪਹਿਲਾਂ ਹੀ ਗੁਰੂ ਸਾਹਿਬ ਨੂੰ ਈਰਖਾ ਦੀ ਨਿਗਾਹ ਨਾਲ ਤੱਕਦਾ ਸੀ, ਨੇ ਝੱਟ ਹਰਿਗੋਬਿੰਦਪੁਰ ਉੱਤੇ ਚੜ੍ਹਾਈ ਦੇ ਹੁਕਮ ਦੇ ਦਿੱਤੇ।

ਇਉਂ ਕੋਈ ਚਾਰ ਕੁ ਹਜ਼ਾਰ ਸ਼ਾਹੀ ਫ਼ੌਜ ਨੇ ਹਰਿਗੋਬਿੰਦਪੁਰ ਨੂੰ ਆਪਣੇ ਘੇਰੇ ਵਿਚ ਲੈ ਲਿਆ। ਸ਼ਾਹੀ ਫ਼ੌਜਾਂ ਦੇ ਸਰਦਾਰਾਂ ਦੇ ਨਾਂ ਮੁਹੰਮਦ ਖਾਨ, ਬੈਰਮ ਖਾਨ, ਇਮਾਮ ਬਖ਼ਸ਼ ਆਦਿ ਸਨ। ਗੁਰੂ ਸਾਹਿਬ ਨੇ ਭਾਈ ਜਟੂ ਜੀ ਨੂੰ ਇਸ ਯੁੱਧ ਦਾ ਸੈਨਾਪਤੀ ਨਿਯੁਕਤ ਕੀਤਾ ਤੇ ਉਸ ਦੀ ਸਹਾਇਤਾ ਲਈ ਭਾਈ ਕਲਿਆਨਾ ਜੀ, ਭਾਈ ਜਤੀ ਮਲ, ਭਾਈ ਜਗਨ ਨਾਥ ਆਦਿ ਜਥੇਦਾਰ ਵੀ ਆਪਣੇ ਦਸਤਿਆਂ ਸਮੇਤ ਜੰਗ ਵਿਚ ਕੁੱਦ ਪਏ। ਫ਼ੌਜਦਾਰਾਂ ਨੇ ਸਤਿਗੁਰੂ ਜੀ ਨੂੰ ਏਲਚੀ ਭੇਜ ਕੇ ਕਿਹਾ ਕਿ ਉਹ ਈਨ ਮੰਨ ਲੈਣ। ਜਿਸ 'ਤੇ ਗੁਰੂ ਸਾਹਿਬ ਨੇ ਉੱਤਰ ਭੇਜਿਆ ਕਿ ਉਹ 'ਕਿਸੇ ਦੀ ਭੋਇੰ ਜਾਇਦਾਦ 'ਤੇ ਕਬਜ਼ਾ ਨਹੀਂ ਕਰ ਰਹੇ ਸੋ ਈਨ ਕਿਸ ਗੱਲ ਦੀ?'...ਸੋ ਸਿੱਖ ਸੂਰਮੇ ਵੀ ਮੁਕਾਬਲੇ ਲਈ ਡੱਟ ਖਲੋਤੇ ਤੇ ਯੁੱਧ (੧੬੩੦ ਈ.) ਆਰੰਭ ਹੋ ਗਿਆ। ਸਿੱਖ ਪਹਿਲੇ ਯੁੱਧ ਦੇ ਅਭਿਆਸ ਤੋਂ ਲਾਭ ਉਠਾ ਕੇ ਖੁਲ੍ਹ-ਦਿਲੀ ਨਾਲ ਲੜੇ ਤੇ ਆਪਣੀਆਂ ਭਗਉਤੀਆਂ ਤੇ ਤੀਰਾਂ ਨਾਲ

ਟੁੱਕੜਬੋਚਾਂ ਨੂੰ ਵਖ਼ਤ ਪਾ ਦਿੱਤਾ। ਯੁੱਧ ਦੌਰਾਨ ਭਾਈ ਜਟੂ ਤੇ ਮੁਹੰਮਦ ਖ਼ਾਨ ਅਜਿਹੇ ਭਿੜੇ ਕਿ ਦੋਵੇਂ ਹੀ ਰਣ-ਖੇਤ ਦੇ ਹੋ ਕੇ ਰਹਿ ਗਏ। ਫਿਰ ਬੈਰਮ ਖਾਨ ਤੇ ਭਾਈ ਮਥਰਾ ਜੀ ਆਹਮੋ-ਸਾਹਮਣੇ ਹੋਏ ਤੇ ਇਉਂ ਯੁੱਧ ਦੇ ਦਾਉ-ਪੇਚ ਵਰਤ ਕੇ ਭਾਈ ਮਥਰਾ ਜੀ ਨੇ ਬੈਰਮ ਖ਼ਾਨ ਨੂੰ ਚਿੱਤ ਕਰ ਦਿੱਤਾ ਤੇ ਫਿਰ ਟੱਕਰ ਹੋਈ ਅਲੀ ਖਾਨ, ਬੁਲੰਦ ਖ਼ਾਨ ਤੇ ਭਾਈ ਕਲਿਆਨੇ ਦੀ। ਬੁਲੰਦ ਖ਼ਾਨ, ਭਾਈ ਕਲਿਆਨੇ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ ਪਰ ਛੇਤੀ ਹੀ ਭਾਈ ਕਲਿਆਨਾ ਵੀ ਧਰਮ ਯੁੱਧ ਦਾ ਚਾਉ ਰੱਖਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਿਆ। ਅਮਾਮ ਬਖ਼ਸ਼ ਨੇ ਮੌਕਾ ਤਾੜ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣਾ ਨਿਸ਼ਾਨਾ ਮਿਥਿਆ ਪਰ ਉਸ ਦੇ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ ਜਦੋਂ ਕਿ ਭਾਈ ਨਾਨੂ ਨੇ ਆਪਣੇ ਇਕ ਭਰਪੂਰ ਵਾਰ ਨਾਲ ਉਸ ਦੀ ਬਾਂਹ ਨੂੰ ਵੱਢ ਕੇ ਰੱਖ ਦਿੱਤਾ। ਦੂਜੇ ਪਾਸੇ ਅਮਾਮ ਬਖ਼ਸ਼ ਦੇ ਮੋੜਵੇਂ ਵਾਰ ਨਾਲ ਭਾਈ ਨਾਨੂੰ ਦੇ ਭੌਰ ਵੀ ਉਡਾਰੀਆਂ ਲਾ ਗਏ ਪਰ ਉਹ ਮਰਜੀਵੜਾ ਆਪਣੀ ਚੌਕਸੀ ਤੇ ਕੁਰਬਾਨੀ ਕਾਰਨ ਗੁਰੂ ਸਾਹਿਬ ਨੂੰ ਸੁਰੱਖ਼ਿਅਤ ਕਰ ਗਿਆ। ਇਸ ਯੁੱਧ ਵਿਚ ਹੋਰਨਾਂ ਯੋਧਿਆਂ ਤੋਂ ਇਲਾਵਾ ਭਾਈ ਬਿਧੀ ਚੰਦ, ਭਾਈ ਪਿਰਾਗਾ ਤੇ ਭਾਈ ਕਿਸ਼ਨਾ ਨੇ ਵੀ ਤਲਵਾਰ ਦੇ ਅਜਿਹੇ ਜੌਹਰ ਵਿਖਾਏ ਕਿ ਮੁਗ਼ਲ ਸਰਦਾਰ ਵੀ ਦੰਗ ਰਹਿ ਗਏ। ਅੰਤ ਹਨ੍ਹੇਰਾ ਹੋਣ 'ਤੇ ਦਿਨ ਦਾ ਯੁੱਧ ਸਮਾਪਤ ਹੋ ਗਿਆ।

ਅਗਲੇ ਦਿਨ ਅਬਦੁੱਲਾ ਖਾਨ (ਫ਼ੌਜਦਾਰ ਜਲੰਧਰ) ਨੇ ਖ਼ੁਦ ਕਮਾਨ ਸੰਭਾਲੀ। ਗੁਰੂ ਸਾਹਿਬ ਨੇ ਯੁੱਧ ਆਰੰਭ ਹੋਣ ਤੋਂ ਪਹਿਲਾਂ ਆਪਣੇ ਸਿੱਖਾਂ ਦੀ ਸੂਰਮਗਤੀ ਦੀ ਪ੍ਰਸੰਸਾ ਕਰਦਿਆਂ ਹੋਇਆਂ ਧਰਮ, ਦੀਨ-ਦੁਨੀ ਦੀ ਰੱਖਿਆ ਤੇ ਆਪਣੇ ਸਵੈ-ਮਾਨ ਖ਼ਾਤਰ ਮਰ-ਮਿਟਣ ਲਈ ਉਹਨਾਂ ਦੀ ਅਣਖ ਨੂੰ ਵੰਗਾਰਿਆ ਤੇ ਭਾਈ ਪਰਾਗਾ ਜੀ ਨੂੰ ਕਮਾਨ ਸੰਭਾਲਣ ਦੀ ਆਗਿਆ ਕੀਤੀ। ਭਾਈ ਬਿਧੀ ਚੰਦ ਨੂੰ ਰਾਖਵੀਂ ਫ਼ੌਜ ਦੀ ਕਮਾਨ ਸੌਂਪੀ ਗਈ। ਇਹਨਾਂ ਤੋਂ ਇਲਾਵਾ ਭਾਈ ਜਗਨ ਨਾਥ, ਭਾਈ ਭੋਲਣ ਆਦਿ ਯੋਧੇ ਵੀ ਇਸ ਯੁੱਧ ਵਿਚ ਇਤਨੀ ਤਕੜਾਈ ਨਾਲ ਲੜੇ ਕਿ ਫ਼ੌਜਦਾਰ ਨੂੰ ਛੇਤੀ ਹੀ ਅਹਿਸਾਸ ਹੋ ਗਿਆ ਕਿ ਉਸ ਦੇ ਟਾਕਰੇ ਉਤੇ ਕੋਈ ਆਮ ਜਿਹੇ ਲੋਕ ਨਹੀਂ ਸਨ ਬਲਕਿ ਪੰਜਾਬ ਦੇ ਚੋਣਵੇਂ ਸੂਰਮੇ ਉਸ ਨਾਲ ਲੋਹਾ ਲੈ ਰਹੇ ਸਨ। ਸਿੱਖ ਵਧ-ਵਧ ਕੇ ਤੇ ਬੜੇ ਬੇ-ਬਾਕ ਹੋ ਕੇ ਹਮਲੇ 'ਤੇ ਹਮਲਾ ਕਰ ਰਹੇ ਸਨ ਤੇ ਉਹ ਹੈਰਾਨ ਹੋ ਰਿਹਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਵੇਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਆਪਣੇ ਸਿੱਖਾਂ ਦੀ ਕਾਇਆ-ਕਲਪ ਕਰ ਦਿੱਤੀ ਸੀ ਸੋ ਛੇਤੀ ਫ਼ਤਹਿ ਪ੍ਰਾਪਤ ਕਰਨ ਲਈ ਉਸ ਆਪਣੇ ਵੱਡੇ ਪੁੱਤਰ ਨਬੀ ਖ਼ਾਨ ਨੂੰ ਟਾਕਰੇ ਲਈ ਭੇਜਿਆ। ਉਸ ਨਾਲ ਭਾਈ ਪਰਸ ਰਾਮ ਨੇ ਲੋਹਾ ਲਿਆ। ਉਸ ਨੇ ਤੀਰ ਮਾਰ ਕੇ ਭਾਈ ਪਰਸ ਰਾਮ ਨੂੰ ਘਾਇਲ ਕਰ ਦਿੱਤਾ ਪਰ ਘਾਇਲ ਹਾਲਤ ਵਿਚ ਹੀ ਭਾਈ ਪਰਸ ਰਾਮ ਨੇ ਨਬੀ ਖ਼ਾਨ ਉੱਤੇ ਇਕ ਅਜਿਹਾ ਭਰਪੂਰ ਵਾਰ ਕੀਤਾ ਕਿ ਉਹ ਨਰਕਾਂ ਦਾ ਭਾਗੀ ਜਾ ਬਣਿਆ। ਇਸ ਦੇ ਨਾਲ ਹੀ ਭਾਈ ਪਰਸ ਰਾਮ ਤੇ ਭਾਈ ਸਕਤੂ ਵੀ ਗੁਰੂ-ਚਰਨਾਂ ਵਿਚ ਜਾ ਬਿਰਾਜੇ ਤੇ ਇੰਜ ਹੀ ਅਬਦੁੱਲਾ ਖ਼ਾਨ ਦਾ ਦੂਜਾ ਪੁੱਤਰ ਕਰੀਮ ਬਖ਼ਸ਼ ਵੀ ਭਾਈ ਬਿਧੀ ਚੰਦ ਦੇ ਹੱਥੋਂ ਮਾਰਿਆ ਗਿਆ।

...ਅਬਦੁੱਲਾ ਖ਼ਾਨ ਦੀਆਂ ਅੱਖਾਂ ਵਿਚ ਲਹੂ ਉੱਤਰ ਆਇਆ ਤੇ ਉਸ ਕਰੋਧ ਵਿਚ

ਆਪਣੀ ਸਮੁੱਚੀ ਫ਼ੌਜ ਨੂੰ ਹੀ ਇਕ-ਦਮ ਹਮਲਾ ਕਰਨ ਦਾ ਹੁਕਮ ਦੇ ਦਿੱਤਾ ਤੇ ਇਉਂ ਉਹ ਹਨੇਰੀ ਵਾਂਗ ਫ਼ੌਜਾਂ ਨੂੰ ਚੀਰਦਾ ਹੋਇਆ ਗੁਰੂ ਸਾਹਿਬ ਦੇ ਰੁਬਰੂ ਪੁੱਜ ਗਿਆ। ਉਸ ਦੇ ਸੱਜੇ ਅਤੇ ਖੱਬੇ ਕਰਮ ਚੰਦ ਤੇ ਰਤਨ ਚੰਦ ਵੀ ਸਨ। ਉਹਨਾਂ ਤਿੰਨਾਂ ਨੇ ਹੀ ਗੁਰੂ ਸਾਹਿਬ 'ਤੇ ਅੰਧਾ-ਧੁੰਧ ਤੀਰ ਚਲਾਏ ਜੋ ਗੁਰੂ ਸਾਹਿਬ ਨੇ ਸਾਰੇ ਤੀਰ, ਆਪਣੀ ਢਾਲ 'ਤੇ ਰੋਕੇ। ਕਰਮ ਚੰਦ ਨੇ ਇਕ ਭਰਵੇਂ ਵਾਰ ਨਾਲ ਸਤਿਗੁਰੂ ਜੀ ਨੂੰ ਮਾਰ-ਮੁਕਾਉਣਾ ਚਾਹਿਆ ਪਰ ਗੁਰੂ ਸਾਹਿਬ ਨੇ ਆਪਣੀ ਢਾਲ ਅਜਿਹੀ ਉਸ ਦੇ ਸਿਰ ਵਿਚ ਮਾਰੀ ਕਿ ਉਹ ਭੁਆਂਢਣੀ ਖਾ ਕੇ ਧਰਤੀ 'ਤੇ ਜਾ ਪਿਆ। ਅਬਦੁੱਲਾ ਖਾਂ ਨੇ ਵੀ ਸਤਿਗੁਰੂ ਜੀ ਉੱਤੇ ਬਥੇਰੇ ਮਾਰੂ ਵਾਰ ਕੀਤੇ ਜੋ ਉਹਨਾਂ ਆਪਣੀ ਢਾਲ 'ਤੇ ਹੀ ਰੋਕੇ। ਅਖੀਰ ਜਦੋਂ ਉਹ ਵਾਰ ਕਰ-ਕਰ ਕੇ ਹਫ ਗਿਆ ਤਾਂ ਗੁਰੂ ਸਾਹਿਬ ਨੇ ਆਪਣੇ ਖੰਡੇ ਦੇ ਇਕੋ ਵਾਰ ਨਾਲ ਹੰਕਾਰੀ ਅਬਦੁੱਲੇ ਉਪਰ ਅਜਿਹਾ ਭਰਪੂਰ ਵਾਰ ਕੀਤਾ ਕਿ ਉਹ ਚੀਖ਼ਦਾ-ਚਿੰਘਾੜਦਾ ਹੋਇਆ ਧਰਤੀ 'ਤੇ ਜਾ ਪਿਆ। ਉਸ ਦੀ ਚੀਖ਼ ਸੁਣ ਕੇ ਕਰਮ ਚੰਦ ਦੇ ਹੋਸ਼ ਪਰਤ ਆਏ ਤੇ ਉਹ ਫਿਰ ਪੂਰੇ ਜੋਸ਼-ਖਰੋਸ਼ ਨਾਲ ਗੁਰੂ ਸਾਹਿਬ 'ਤੇ ਵਾਰ 'ਤੇ ਵਾਰ ਕਰਨ ਲੱਗਾ ਪਰ ਸਭ ਬੇਅਰਥ। ਅੰਤ ਗੁਰੂ ਸਾਹਿਬ ਦੇ ਖੰਡੇ ਨੇ ਉਸ ਦੀ ਤਲਵਾਰ ਦੇ ਦੋ ਟੁਕੜੇ ਕਰ ਕੇ ਰੱਖ ਦਿੱਤੇ। ਉਸ ਨੂੰ ਨਿਹੱਥਾ ਜਾਣ ਕੇ ਧਰਮ ਤੇ ਮਰਯਾਦਾ ਦੇ ਪਾਲਨਹਾਰ, ਸਤਿਗੁਰੂ ਜੀ ਨੇ ਕਰਮ ਚੰਦ ਨੂੰ ਆਪਣੇ ਹੱਥਾਂ 'ਤੇ ਚੁੱਕ ਕੇ ਇਤਨੇ ਜ਼ੋਰ ਨਾਲ ਧਰਤੀ 'ਤੇ ਪਟਕਾਇਆ ਕਿ ਉਸ ਦਾ ਪ੍ਰਾਣ-ਪੰਖੇਰੂ ਹਵਾ ਹੋ ਗਿਆ ਤੇ ਰਤਨ ਚੰਦ ਨੂੰ ਤਾਂ ਪਹਿਲਾਂ ਹੀ ਸਤਿਗੁਰਾਂ ਨੇ ਬਟੇਰੇ ਵਾਂਗ ਮਰੋੜ ਘੱਤਿਆ ਸੀ।

...ਸੋ ਇਕ ਇਕੱਲੇ ਸੂਰਮੇ ਗੁਰੂ ਹਰਿਗੋਬਿੰਦ ਸਾਹਿਬ ਨੇ ਤਿੰਨਾਂ ਹੈਂਕੜਬਾਜ਼ਾਂ ਨਾਲ ਇਕੋ ਸਮੇਂ ਯੁੱਧ ਰਚਾ ਕੇ ਅਜਿਹੀ ਵਿਜੈ ਪ੍ਰਾਪਤ ਕੀਤੀ, ਜਿਸ ਨਾਲ ਸਿੱਖਾਂ ਦੇ ਹੌਸਲੇ ਬੁਲੰਦ ਤੋਂ ਬੁਲੰਦ ਹੁੰਦੇ ਚਲੇ ਗਏ ਤੇ ਧੌਣਾਂ ਮਾਣ ਨਾਲ ਉੱਚੀਆਂ ਹੋ ਗਈਆਂ।

...ਸ਼ਾਹ ਜਹਾਨ ਨੂੰ ਜਦੋਂ ਇਸ ਹਾਰ ਦਾ ਪਤਾ ਲੱਗਾ ਤਾਂ ਉਹ ਬੜੇ ਕਰੋਧ ਵਿਚ ਆਇਆ, ਪਰ ਗੁਰੂ-ਘਰ ਦੇ ਖੈਰ-ਖ਼ਾਹ ਵਜ਼ੀਰ ਖ਼ਾਨ ਤੇ ਦਾਰਾ ਸ਼ਿਕੋਹ ਨੇ ਬਾਦਸ਼ਾਹ ਦੀ ਇਹ ਆਖ ਕੇ ਤਸੱਲੀ ਕਰਵਾ ਦਿੱਤੀ ਕਿ ਇਹ ਜੰਗ ਵੀ ਫ਼ੌਜਦਾਰ ਅਬਦੁੱਲਾ ਖਾਨ ਦੀ ਕਮ-ਅਕਲੀ ਦਾ ਹੀ ਨਤੀਜਾ ਸੀ ਤੇ ਇਉਂ ਬਾਦਸ਼ਾਹ ਦੀ ਤਸੱਲੀ ਹੋ ਗਈ।

...ਸੋ ਤੀਜਾ ਜੰਗ ਜੋ ਲਾਹੌਰ ਦੀਆਂ ਸ਼ਾਹੀ ਫ਼ੌਜਾਂ ਅਤੇ ਗੁਰੂ ਹਰਿਗੋਬਿੰਦ ਸਾਹਿਬ ਵਿਚਕਾਰ ੧੬੩੨ ਈ. ਨੂੰ ਹੋਇਆ। ਇਸ ਦਾ ਮੁੱਢ ਵੀ ਸੂਬਾ ਲਾਹੌਰ ਦੀ ਵਧੀਕੀ ਕਾਰਨ ਹੀ ਬੱਝਿਆ ਸੀ। ਕਾਬਲ ਤੋਂ ਇਕ ਸ਼ਰਧਾਲੂ ਸਿੱਖ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਬੜੇ ਸੁੰਦਰ ਤੇ ਕੀਮਤੀ ਘੋੜੇ 'ਗੁਰੂ ਕੇ ਚੱਕ' ਵੱਲ ਲਿਆ ਰਿਹਾ ਸੀ ਜੋ ਸੂਬੇਦਾਰ ਲਾਹੌਰ ਨੇ ਜ਼ਬਰਦਸਤੀ ਇਹ ਦੋਵੇਂ ਘੋੜੇ ਖੋਹ ਲਏ ਅਤੇ ਸ਼ਾਹੀ ਕਿਲ੍ਹਾ ਲਾਹੌਰ ਦੇ ਅਸਤਬਲ ਵਿਚ ਲਿਆ ਬੰਨ੍ਹੇ। ਜਦੋਂ ਗੁਰੂ ਸਾਹਿਬ ਨੂੰ ਇਸ ਜ਼ਿਆਦਤੀ ਦਾ ਪਤਾ ਲੱਗਾ ਤਾਂ ਆਪ ਨੇ ਇਹਨਾਂ ਘੋੜਿਆਂ ਦੀ ਪ੍ਰਾਪਤੀ ਲਈ ਅਣਥੱਕ, ਸਿਰ-ਲੱਥ ਸੂਰਮੇ ਤੇ ਜੁਗਤੀ, ਭਾਈ ਬਿਧੀ ਚੰਦ ਨੂੰ ਮੁਕੱਰਰ ਕੀਤਾ। ਭਾਈ ਸਾਹਿਬ ਬੜੀ ਵਿਉਂਤ ਨਾਲ ਇਹ ਦੋਵੇਂ ਘੋੜੇ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਤੇ ਇਉਂ ਉਹਨਾਂ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ

ਪ੍ਰਾਪਤ ਕੀਤੀਆਂ। ਭੇਤ ਖੁੱਲ੍ਹ ਜਾਣ 'ਤੇ ਸੂਬਾ ਲਾਹੌਰ, ਅਨਾਇਤ ਉਲ੍ਹਾ ਬੜਾ ਔਖਾ ਹੋਇਆ ਤੇ ਉਸ ਨੇ ਇਸ ਕਾਰਵਾਈ ਨੂੰ ਆਪਣੀ ਹੱਤਕ ਸਮਝਦਿਆਂ ਹੋਇਆਂ, ਗੁਰੂ ਸਾਹਿਬ 'ਤੇ ਫ਼ੌਜ ਚਾੜ੍ਹ ਲਿਆਂਦੀ। ਲੱਲਾ ਬੇਗ ਤੇ ਉਸ ਦਾ ਭਰਾ ਕਮਰ ਬੇਗ, ਦਸ ਹਜ਼ਾਰ ਫ਼ੌਜ ਲੈ ਕੇ ਮਾਲਵੇ ਵੱਲ, ਗੁਰੂ ਸਾਹਿਬ ਦੀ ਖੋਜ ਕਰਦੇ ਹੋਏ ਵਧ ਆਏ। ਲੱਲਾ ਬੇਗ ਖੂਹਾਂ ਦੀ ਤਲਾਸ਼ ਕਰ ਕੇ ਖੂਹ ਆਪਣੇ ਕਬਜ਼ੇ ਹੇਠ ਕਰਨ ਦੇ ਇਰਾਦੇ ਨਾਲ ਇਲਾਕਾ ਮਹਿਰਾਜ ਅਤੇ ਨਬਾਣੇ ਵਿਚ ਫਿਰ ਰਿਹਾ ਸੀ ਕਿ ਸਿੱਖਾਂ ਨੇ ਗੋਲੀ ਦਾਗ ਦਿੱਤੀ ਸੋ ਜੰਗ ਦਾ ਆਰੰਭ ਹੋ ਗਿਆ। ਲੱਲਾ ਬੇਗ ਨੇ ਮੁਹੰਮਦ ਖ਼ਾਨ ਨੂੰ ਸਿੱਖਾਂ ਦਾ ਮੋਰਚਾ ਤੋੜਨ ਲਈ ਭੇਜਿਆ। ਉਸ ਦੀ ਸਹਾਇਤਾ ਲਈ ਤਾਹਿਰ ਖਾਨ ਤੇ ਜ਼ਾਲਮ ਖ਼ਾਨ ਵੀ ਤਾਇਨਾਤ ਕੀਤੇ। ਇਧਰੋਂ ਭਾਈ ਜੋਧ ਸ਼ਾਹ (ਸੈਨਾਪਤੀ) ਨੇ ਭਾਈ ਬਿਧੀ ਚੰਦ ਤੇ ਆਪਣੇ ਭਰਾ ਸਲੇਮ ਸ਼ਾਹ ਨੂੰ ਸ਼ਾਹੀ ਫ਼ੌਜਾਂ ਦੇ ਟਾਕਰੇ ਲਈ ਭੇਜਿਆ। ਇਥੇ ਸਿੱਖਾਂ ਨੇ ਨੀਤੀ ਤੋਂ ਕੰਮ ਲੈਂਦਿਆਂ ਹੋਇਆਂ ਹੌਲੇ-ਹੌਲੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਦੁਸ਼ਮਣ ਫ਼ੌਜ ਦਾ ਹਰਾਵਲ ਦਸਤਾ ਆਪਣੇ ਵੱਡੇ ਲਸ਼ਕਰ ਤੋਂ ਕਟ ਕੇ ਕਾਫੀ ਦੂਰੀ 'ਤੇ ਆ ਗਿਆ ਤਾਂ ਭਾਈ ਜੋਧ ਸ਼ਾਹ ਨੇ ਆਪਣੇ ਯੋਧਿਆਂ-ਭਾਈ ਜੇਠੇ, ਭਾਈ ਸੀਂਹੇ, ਭਾਈ ਜੈਤੇ ਆਦਿ ਨੂੰ ਦੁਸ਼ਮਣ ਨੂੰ ਘੇਰਾ ਪਾਉਣ ਲਈ ਭੇਜ ਦਿੱਤਾ ਤੇ ਇੰਜ ਉਹ ਘੇਰੇ ਵਿਚ ਆ ਗਏ ਤੇ 'ਅੱਲ੍ਹਾ ਤੋਂ ਪਨਾਹ' ਮੰਗਣ ਲੱਗੇ। ਐਨ ਮੁਮਕਿਨ ਸੀ ਕਿ ਇਸ ਰੇਤਲੇ ਇਲਾਕੇ ਵਿਚ ਇਸ ਘਿਰੀ ਹੋਈ ਦੁਸ਼ਮਣ ਫ਼ੌਜ ਨੂੰ ਮਾਰ ਮੁਕਾ ਦਿੱਤਾ ਜਾਂਦਾ ਪਰੰਤੂ ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਆਪਣੇ ਸਿੱਖਾਂ ਨੂੰ ਵਰਜ ਦਿੱਤਾ ਤੇ ਉਹ ਸਵੇਰ ਚੜ੍ਹਨ ਦੀ ਉਡੀਕ ਕਰਨ ਲੱਗ ਪਏ।

...ਸਵੇਰ ਹੁੰਦੇ ਹੀ ਲੱਲਾ ਬੇਗ ਸਣੇ ਕਾਬਲੀ ਬੇਗ ਤੇ ਕਮਰ ਬੇਗ ਦੇ ਫ਼ੌਜੀ ਲਸ਼ਕਰ ਸਮੇਤ, ਗੁਰੂ ਸਾਹਿਬ ਨੂੰ ਲਲਕਾਰਦਾ ਹੋਇਆ ਮੈਦਾਨਿ-ਜੰਗ ਵਿਚ ਉਤਰਿਆ। ਉਸ ਨੇ ਆਪਣੇ ਸਿਰ 'ਤੇ ਤਾਜ ਪਹਿਨ ਰਖਿਆ ਸੀ ਅਤੇ ਸਰੀਰ ਸਾਰਾ ਸੰਜੋਅ ਨਾਲ ਢੱਕ ਰਖਿਆ ਸੀ ਸੋ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਦੀ ਚੁਨੌਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਆਪਣਾ ਪਹਿਲਾ ਤੀਰ ਛਡਿਆ ਜੋ ਉਸ ਦੇ ਤਾਜ ਨੂੰ ਉਡਾ ਗਿਆ ਅਤੇ ਇਉਂ ਉਸ ਦੇ ਹੰਕਾਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। ਸਿੱਖਾਂ ਵੀ ਤੀਰਾਂ ਦੀ ਖੂਬ ਵਰਖਾ ਕੀਤੀ ਅਤੇ ਕਈ ਟੁੱਕੜ-ਬੋਚਾਂ ਨੂੰ ਜਹੰਨਮ ਪਹੁੰਚਾਇਆ। ਇਸ 'ਤੇ ਕਾਬਲੀ ਬੇਗ, ਗੁਰੂ ਸਾਹਿਬ ਨੂੰ ਲਲਕਾਰਦਾ ਹੋਇਆ, ਉਹਨਾਂ ਦੇ ਸਾਹਮਣੇ ਆ ਗਿਆ। ਗੁਰੂ ਸਾਹਿਬ ਨੇ ਉਸ ਨੂੰ ਪਹਿਲਾ ਵਾਰ ਕਰਨ ਲਈ ਉਕਸਾਇਆ। ਭਾਵੇਂ ਕਾਬਲੀ ਬੇਗ ਦਾ ਪਹਿਲਾ ਵਾਰ ਖਾਲੀ ਹੀ ਗਿਆ ਸੀ, ਪਰੰਤੂ ਦੂਜਾ ਵਾਰ ਉਸ ਗੁਰੂ ਸਾਹਿਬ ਦੀ ਵੱਖੀ 'ਤੇ ਕੀਤਾ ਪਰ ਗੁਰੂ ਸਾਹਿਬ 'ਤੇ ਵਾਰ ਕਰ ਕੇ ਉਹ ਬਚਿਆ ਕਿਵੇਂ ਰਹਿ ਜਾਂਦਾ? ਹਜ਼ੂਰ ਨੇ ਮੋੜਵਾਂ ਵਾਰ ਕਰ ਕੇ ਕਾਬਲੀ ਬੇਗ ਦੀ ਅਲਖ ਹੀ ਮੁਕਾ ਕੇ ਰੱਖ ਦਿੱਤੀ ਤੇ ਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਇਸ 'ਤੇ ਕਮਰ ਬੇਗ ਨੇ ਗੁੱਸਾ ਖਾਧਾ ਤੇ ਉਸ ਨੇ ਇਕ ਭਰਪੂਰ ਵਾਰ ਕਰਕੇ ਗੁਰੂ ਸਾਹਿਬ ਨੂੰ ਫੱਟੜ ਕਰ ਦਿੱਤਾ। ਇਸ 'ਤੇ ਭਾਈ ਜੋਧ ਸ਼ਾਹ ਅੱਗੇ ਵਧਿਆ ਅਤੇ ਉਸ ਆਪਣੀ ਸਾਂਗ ਇਤਨੇ ਜ਼ੋਰ ਨਾਲ ਕਮਰ ਬੇਗ ਦੇ ਸੀਨੇ ਵਿਚ ਮਾਰੀ ਕਿ ਉਸ ਦਾ ਸਰੀਰ ਸਾਂਗ ਵਿਚ ਹੀ ਪਰੋਤਾ

ਰਹਿ ਗਿਆ। ਆਪਣੇ ਪਿਉ ਨੂੰ ਇਉਂ ਮਰਦਿਆਂ ਵੇਖ ਕੇ, ਉਸ ਦੇ ਪੁੱਤਰ ਸਮਸ਼ ਬੇਗ ਨੇ ਤਾਅ ਖਾਧਾ 'ਤੇ ਉਹ ਘੋੜਾ ਭਜਾਉਂਦਾ ਹੋਇਆ ਅੱਗੇ ਵਧ ਹੀ ਰਿਹਾ ਸੀ ਕਿ ਭਾਈ ਬਿਧੀ ਚੰਦ ਨੇ ਉਸ ਨੂੰ ਥਾਂ ਸਿਰ ਰਖਿਆ। ਉਸ ਦੇ ਦੂਜੇ ਪੁੱਤਰ ਕਾਸਮ ਬੇਗ ਦਾ ਵੀ ਇਹੋ ਹਸ਼ਰ ਭਾਈ ਜੋਧ ਦੇ ਹੱਥੋਂ ਹੋਇਆ। ਤੇ ਇਸ ਕਾਰਨ ਭਾਈ ਜੋਧ ਵੀ ਫ਼ੌਜਾਂ ਦੇ ਘੇਰੇ ਵਿਚ ਆ ਕੇ ਸੂਰਮਿਆਂ ਵਾਂਗ ਲੜਦਾ-ਲੜਦਾ ਸ਼ਹੀਦੀ ਪ੍ਰਾਪਤ ਕਰ ਗਿਆ ਤੇ ਫਿਰ ਵਾਰੀ ਆਈ ਲੱਲਾ ਬੇਗ ਦੀ। ਉਸ ਨਾਲ ਯੋਧੇ ਜੀਤ ਮੱਲ ਨੇ ਇਕ ਭਰਵੀਂ ਟੱਕਰ ਲਈ ਪਰ ਉਹ ਵੀ ਸ਼ਹੀਦ ਹੋ ਗਿਆ। ਲੱਲਾ ਬੇਗ, ਵਰਖਾ ਵਾਂਗ ਤੀਰਾਂ ਦੀ ਬੁਛਾੜ ਕਰਦਾ ਹੋਇਆ ਜੋਸ਼ ਵਿਚ ਗੁਰੂ ਸਾਹਿਬ ਵੱਲ ਵਧਿਆ ਹੀ ਸੀ ਕਿ ਗੁਰੂ ਸਾਹਿਬ ਦੇ ਤੀਰ ਨਾਲ ਉਸ ਦਾ ਘੋੜਾ ਜ਼ਖ਼ਮੀ ਹੋ ਕੇ ਡਿੱਗ ਪਿਆ। ਉਸ ਗੁਰੂ ਸਾਹਿਬ ਨੂੰ ਇੰਜ ਲਲਕਾਰਿਆ:

'ਪੀਰ ਜੀ! ਹਿੰਮਤ ਹੈ, ਤਾਂ ਤਲਵਾਰ ਨਾਲ ਲੜਾਈ ਕਰੋ।'

ਉਸ ਦੀ ਲਲਕਾਰ ਨੂੰ ਗੁਰੂ ਸਾਹਿਬ ਨੇ ਮੁਸਕਰਾ ਕੇ ਪ੍ਰਵਾਨ ਕੀਤਾ 'ਤੇ ਇਉਂ ਲੱਲਾ ਬੇਗ ਅਤੇ ਗੁਰੂ ਸਾਹਿਬ ਵਿਚਕਾਰ ਯੁੱਧ ਆਰੰਭ ਹੋ ਗਿਆ। ਲੱਲਾ ਬੇਗ ਨੇ ਇਕ ਭਰਪੂਰ ਵਾਰ ਗੁਰੂ ਸਾਹਿਬ ਦੇ ਪੱਟ 'ਤੇ ਕੀਤਾ ਤੇ ਗੁਰੂ ਸਾਹਿਬ ਨੂੰ ਫੱਟੜ ਕਰ ਦਿੱਤਾ ਪਰੰਤੂ ਆਪਣੀ ਵਾਰੀ ਸਿਰ ਗੁਰੂ ਸਾਹਿਬ ਨੇ ਵੀ ਆਪਣੇ ਇਕ ਵਾਰ ਨਾਲ ਹੀ ਲੱਲਾ ਬੇਗ ਦੀ ਅਲਖ ਮੁਕਾ ਕੇ ਰੱਖ ਦਿੱਤੀ ਤੇ ਇੰਜ ਬਾਕੀ ਦੀ ਦੁਸ਼ਮਣ ਫ਼ੌਜ, ਜਿਧਰ ਨੂੰ ਮੂੰਹ ਆਇਆ ਦੁੰਮ ਦਬਾ ਕੇ ਭੱਜ ਉੱਠੀ। ਇਸ ਯੁੱਧ ਵਿਚ, ਕੋਈ ੧੨੦੦ ਦੇ ਨੇੜੇ-ਤੇੜੇ ਸਿੱਖ ਸੂਰਮਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਜੰਗ ਵਿਚ ਜਿੱਤ ਪ੍ਰਾਪਤ ਕਰਨ ਦੀ ਖ਼ੁਸ਼ੀ ਵਿਚ ਸਾਰੇ ਮਾਲਵੇ ਦੇ ਸਿੱਖਾਂ ਅਤੇ ਪੰਜਾਬੀ ਜਨ-ਸਮੂਹ ਨੇ ਖ਼ੁਸ਼ੀਆਂ ਮਨਾਈਆਂ ਕਿ ਪੰਜਾਬ ਦੀ ਧਰਤੀ ਤੋਂ ਪਹਿਲੀ ਵਾਰ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਿੱਖਾਂ ਨੂੰ ਮੁਗ਼ਲ ਸੈਨਾ ਵਿਰੁੱਧ ਯੁੱਧ ਰਚਾ ਕੇ ਸ਼ਾਹੀ ਫ਼ੌਜਾਂ ਨੂੰ ਹਾਰ 'ਤੇ ਹਾਰ ਦੇ ਰਹੇ ਸਨ ਤੇ ਸ਼ਾਹੀ ਵੱਕਾਰ ਨੂੰ ਮਿੱਟੀ ਘੱਟੇ ਵਿਚ ਮਿਲਾ ਰਹੇ ਸਨ। ਲੋਕ ਸੋਚਦੇ ਸਨ ਕਿ ਉਹ ਵੇਲਾ ਵੀ ਅਵੱਸ਼ ਹੀ ਆਇਗਾ ਜਦੋਂ ਕਿ ਉਹ ਜ਼ਾਲਮ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁੱਟ ਕੇ ਰੱਖ ਦੇਣਗੇ।

...ਤੇ ਇਉ ਗੁਰੂ ਸਾਹਿਬ ਯੁੱਧਾਂ ਤੋਂ ਵਿਹਲਿਆਂ ਹੋ ਕੇ ਫਿਰ ਸਿੱਖੀ ਪ੍ਰਚਾਰ ਦੇ ਕਾਰਜ ਵਿਚ ਰੁੱਝ ਗਏ ਤੇ ਫਿਰ ਸਣੇ ਮਹਿਲਾਂ ਦੇ ਕਰਤਾਰਪੁਰ ਆ ਗਏ ਆਪਣੇ ਪੁਰਖਿਆਂ ਦੇ ਵਸਾਏ ਨਗਰ ਵਿਚ। ਇਥੇ ਨਿਵਾਸ ਕਰਦਿਆਂ ਹੋਇਆਂ ਗੁਰੂ ਸਾਹਿਬ ਨੇ ਆਪਣੇ ਪਾਲਤੂ ਯੋਧੇ ਪੈਂਦੇ ਖਾਂ ਦੀ ਇੱਜ਼ਤ-ਅਫਜ਼ਾਈ ਕਰਨ ਦੇ ਖਿਆਲ ਨਾਲ ਉਸ ਨੂੰ ਇਕ ਬਹੁਮੁੱਲਾ ਘੋੜਾ, ਜੜਾਊ ਤਲਵਾਰ, ਚਿੱਟਾ ਬਾਜ਼ ਤੇ ਜ਼ਰੀਦਾਰ ਵਸਤਰ ਆਦਿ ਦੀ ਬਖ਼ਸ਼ਿਸ਼ ਕੀਤੀ ਅਤੇ ਹੁਕਮ ਕੀਤਾ ਕਿ ਉਹ ਰੋਜ਼ਾਨਾ ਦਰਬਾਰ ਵਿਚ ਇਹ ਬਸਤਰ ਪਹਿਨ ਕੇ ਤੇ ਸ਼ਸਤਰ ਸਜਾ ਕੇ ਆਇਆ ਕਰੇ ਪਰੰਤੂ ਗੁਰੂ ਦਰਬਾਰ ਵੱਲੋਂ ਇਹ ਬਖ਼ਸ਼ਿਸ਼ਾਂ, ਸਿਰਪਾਉ ਵਜੋਂ ਪ੍ਰਾਪਤ ਕਰਕੇ ਪੈਂਦੇ ਖਾਂ ਦੇ ਮਨ ਵਿਚ ਹੰਕਾਰ ਨੇ ਜਨਮ ਲਿਆ ਕਿ ਇਹ ਸਭ ਜੰਗ ਗੁਰੂ ਸਾਹਿਬ ਨੇ ਉਸੇ ਦੀ ਬਦੌਲਤ ਹੀ ਜਿੱਤੇ ਸਨ ਜੇ ਉਹ ਨਾ ਹੁੰਦਾ ਤਾਂ ਸ਼ਾਇਦ ਗੁਰੂ ਸਾਹਿਬ ਇਹ ਜਿੱਤਾਂ ਕਦੇ ਵੀ ਪ੍ਰਾਪਤ ਨਾ ਕਰ ਸਕਦੇ।

...ਸੋ ਉਸ ਗੁਰੂ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਚਿੱਟਾ ਬਾਜ਼ ਉਸ ਆਪਣੇ ਦਾਮਾਦ ਉਸਮਾਨ ਖ਼ਾਨ ਨੂੰ ਦੇ ਦਿੱਤਾ। ਜਦੋਂ ਗੁਰੂ ਸਾਹਿਬ ਨੇ ਉਸ ਨੂੰ ਇਹ ਪੁੱਛਿਆ ਕਿ ਉਹ ਦਰਬਾਰ ਵਿਚ ਕਿਉਂ ਹਾਜ਼ਰ ਨਹੀਂ ਹੁੰਦਾ ਰਿਹਾ ਤਾਂ ਉਹ ਹੰਕਾਰ ਵਿਚ ਕਈ ਕੁਬਚਨ ਬੋਲ ਗਿਆ, ਜਿਸ 'ਤੇ ਗੁਰੂ ਸਾਹਿਬ ਨੇ ਉਸ ਨੂੰ ਨੌਕਰੀ ਤੋਂ ਮੁਕਤ ਕਰ ਦਿੱਤਾ। ਸੋ ਉਸ ਅਕ੍ਰਿਤਘਣ ਨੇ ਜਿਸ ਛਾਂ-ਦਾਰ ਬੂਟੇ ਥੱਲੇ ਮੌਜਾਂ ਮਾਣੀਆਂ ਸਨ ਅਤੇ ਸੈਨਾਪਤੀ ਦੇ ਅਹੁਦੇ ਤੀਕ ਪੁੱਜਿਆ ਸੀ, ਉਹ ਉਸੇ ਬੂਟੇ ਨਾਲ ਵੈਰ ਕਮਾਉਣ ਲੱਗ ਪਿਆ। ਉਹ ਸਿੱਧਾ ਫ਼ੌਜਦਾਰ ਜਲੰਧਰ ਦੁਆਬ (ਕੁਤਬਦੀਨ) ਪਾਸ ਚਲਾ ਗਿਆ ਅਤੇ ਬਖ਼ਸ਼ਿਸ਼ਾਂ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰੁੱਧ, ਚੁਗਲੀ ਖਾਧੀ ਤੇ ਫ਼ੌਜਦਾਰ ਨੂੰ ਯਕੀਨ ਦੁਆਇਆ ਕਿ ਪਿੱਛੇ ਜਿਤਨੀਆਂ ਵੀ ਜਿੱਤਾਂ ਹੋਈਆਂ ਸਨ, ਉਹ ਸਿਰਫ ਉਸੇ ਕਰਕੇ ਹੀ ਸਨ, ਨਹੀਂ ਤਾਂ ਇਹ ਕੰਮੀ-ਕਮੀਣ ਕੀ ਜਾਣਨ, ਜੰਗ ਕਿੱਦਾਂ ਕਰੀਦਾ ਹੈ ਤੇ ਤਲਵਾਰ ਕਿੱਦਾਂ ਪਕੜੀਦੀ ਹੈ? ਜੇ ਫ਼ੌਜਦਾਰ ਹੁਣੇ ਕਰਤਾਰਪੁਰ 'ਤੇ ਹਮਲਾ ਕਰ ਦੇਵੇ ਤਾਂ ਇਕ ਦਿਨ ਵਿਚ ਹੀ ਗੁਰੂ ਦਾ ਕੰਮ ਤਮਾਮ ਕੀਤਾ ਜਾ ਸਕਦਾ ਹੈ। ਚੂੰਕਿ ਸ਼ਾਹ ਜਹਾਨ ਪੰਜਾਬ ਆ ਰਿਹਾ ਸੀ ਸੋ ਉਸ ਨੇ ਉਹਨੂੰ ਬਾਦਸ਼ਾਹ ਦੇ ਰੂਬਰੂ ਆਪਣੀ ਗੱਲ ਕਹਿਣ ਲਈ ਆਖਿਆ। ਸ਼ਾਹ ਜਹਾਨ ਦੇ ਰੂਬਰੂ ਪੈਂਦੇ ਖਾਂ ਪੇਸ਼ ਤਾਂ ਨਾ ਹੋ ਸਕਿਆ ਪਰੰਤੂ ਗੁਰੂ ਸਾਹਿਬ ਤੇ ਸਿੱਖ ਧਰਮ ਵਿਰੁੱਧ ਖੁਣਸ ਖਾਣ ਵਾਲੇ ਕੁਝ ਹੱਥ-ਠੋਕੇ ਉਹਦੇ ਕੰਮ ਜ਼ਰੂਰ ਆ ਗਏ, ਜਿਹਾ ਕਿ ਫ਼ੌਜਦਾਰ ਮੁਖ਼ਲਿਸ ਖ਼ਾਂ ਦਾ ਭਰਾ ਕਾਲੇ ਖਾਂ, ਲੱਲਾ ਬੇਗ ਤੇ ਕਮਰ ਬੇਗ ਦੇ ਪੁੱਤਰ ਆਦਿ। ਇੰਜ ਇਹ ਸਾਰੇ ਗੁਰੂ-ਘਰ ਦੇ ਦੋਖੀ ਰਲ-ਮਿਲ ਕੇ ਇਕ ਤਕੜੀ ਫ਼ੌਜ ਨਾਲ ਕਰਤਾਰਪੁਰ ਉਪਰ ਚੜ੍ਹ ਆਏ ਤੇ ਇੰਜ ਚੌਥੇ ਯੁੱਧ (੧੬੩੪ ਈ.) ਦਾ ਆਰੰਭ ਹੋ ਗਿਆ। ਅਨਵਰ ਖਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਕਾਹਨੂੰ ਫ਼ੌਜਾਂ ਮਰਵਾਉਂਦੇ ਹੋ? ਯੋਧੇ ਦੇ ਟਾਕਰੇ 'ਤੇ ਯੋਧਾ ਭੇਜੋ। ਇਸ 'ਤੇ ਭਾਈ ਬਿਧੀ ਚੰਦ ਸ਼ੇਰਾਂ ਵਾਂਗ ਭਬਕਾ ਮਾਰਦਾ ਟਾਕਰੇ ਤੇ ਨਿਕਲਿਆ। ਅਨਵਰ ਖਾਂ ਨੇ ਭਾਵੇਂ ਆਪਣੇ ਤੀਰ ਨਾਲ ਭਾਈ ਬਿਧੀ ਚੰਦ ਨੂੰ ਜ਼ਖ਼ਮੀ ਕਰ ਦਿੱਤਾ ਸੀ ਪਰ ਭਾਈ ਸਾਹਿਬ ਦੇ ਇਕੋ ਵਾਰ ਨੇ ਹੀ ਉਸ ਨੂੰ ਧਰਤੀ 'ਤੇ ਪਟਕਾਅ ਮਾਰਿਆ। ਇਸ ਯੁੱਧ ਵਿਚ ਸਤਿਗੁਰੂ ਜੀ ਦੇ ਸਪੁੱਤਰਾਂ ਬਾਬਾ ਗੁਰਦਿੱਤਾ ਜੀ ਅਤੇ ਕੇਵਲ ੧੪ ਕੁ ਵਰ੍ਹਿਆਂ ਦੀ ਉਮਰ ਦੇ ਬਾਬਾ ਤੇਗ ਬਹਾਦਰ ਜੀ ਨੇ ਵੀ ਕਮਾਲ ਦੀ ਤੇਗ-ਜ਼ਨੀ ਦੇ ਜੌਹਰ ਦਿਖਾਏ। ਗੁਰੂ ਸਾਹਿਬ ਨੇ ਵੀ ਇਸ ਯੁੱਧ ਵਿਚ ਬੇਹਿਸਾਬ ਤੀਰ ਚਲਾਏ ਤੇ ਦੁਸ਼ਮਣ ਦੇ ਸਰਦਾਰਾਂ ਨੂੰ ਚੁਣ-ਚੁਣ ਕੇ ਫੁੰਡਿਆ। ਬੇਸ਼ਰਮ ਤੇ ਅਕ੍ਰਿਤਘਣ ਪੈਂਦੇ ਖਾਂ ਘੋੜਾ ਲੈ ਕੇ ਸਿੱਧਾ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਬਰੂ ਹੋਇਆ। ਇਸ 'ਤੇ ਮੀਰੀ ਪੀਰੀ ਦੇ ਮਾਲਿਕ ਸਤਿਗੁਰੂ ਜੀ ਨੇ ਪੈਂਦੇ ਖਾਂ ਵੱਲ ਮੁਸਕਰਾਉਂਦਿਆਂ ਹੋਇਆਂ ਇਉਂ ਫੁਰਮਾਇਆ:

ਵਾਰ ਕਰ ਬਰਖ਼ੁਰਦਾਰ, ਵਾਰ ਕਰ, ਤੇ ਕੱਢ ਲੈ ਆਪਣੇ ਦਿਲ ਦੇ ਅਰਮਾਨ।

...ਇਸ 'ਤੇ ਨਿਹਾਇਤ ਹੀ ਢੀਠਤਾਈ ਨਾਲ ਨਮਕ-ਹਰਾਮ ਪੈਂਦੇ ਖਾਂ ਨੇ ਕਿਹਾ:

ਗੁਰੂ ਜੀ, ਤੀਰ ਕਮਾਨ ਛੱਡੋ ਤੇ ਤਲਵਾਰ ਨਾਲ ਲੜਾਈ ਕਰ ਕੇ ਵੇਖੋ ਮੇਰੇ ਨਾਲ।

ਸਤਿਗੁਰੂ ਜੀ ਨੇ ਉਂਜ ਹੀ ਸਹਿਜਤਾ ਨਾਲ ਬਿਨਾਂ ਕੋਈ ਗੁੱਸਾ ਕੀਤੇ, ਆਪਣੀ ਸ੍ਰੀ

ਸਾਹਿਬ ਬੇ-ਨਿਯਾਮ ਕਰ ਲਈ, ਗੁਰੂ-ਘਰ ਦੇ ਦੋਖੀਆਂ, ਨਮਕ-ਹਰਾਮਾਂ ਤੇ ਅਕ੍ਰਿਤਘਣਾਂ ਨੂੰ ਸੋਧਣ ਵਾਲੀ ਸ੍ਰੀ ਸਾਹਿਬ। ਸੋ ਪੈਂਦੇ ਖ਼ਾ ਨੇ ਗੁਰੂ ਸਾਹਿਬ ਵੱਲੋਂ ਕੀਤੀਆਂ ਸਭ ਬਖ਼ਸ਼ਿਸ਼ਾਂ ਨੂੰ ਭੁੱਲ ਕੇ ਉਹਨਾਂ ਉੱਤੇ ਪੂਰੇ ਜ਼ੋਰ ਨਾਲ ਇਕ ਅਜਿਹਾ ਭਰਵਾਂ ਵਾਰ ਕੀਤਾ ਜੋ ਲਸ਼ਕਰਾਂ ਨੂੰ ਪਲਾਂ ਵਿਚ ਹੀ ਸੁਆਹ ਕਰਨ ਵਾਲੇ ਮਹਾਂਬਲੀ ਸਤਿਗੁਰੂ ਜੀ ਨੇ ਆਪਣੀ ਰਕਾਬ ਉੱਤੇ ਰੋਕਿਆ। ਪੈਂਦੇ ਖਾਂ ਨੇ ਅਗਲਾ ਵਾਰ ਉਸ ਤੋਂ ਵੀ ਵਧੀਕ ਜੋਸ਼ ਨਾਲ ਕੀਤਾ ਜੋ ਗੁਰੂ ਸਾਹਿਬ ਨੇ ਆਪਣੀ ਢਾਲ 'ਤੇ ਰੋਕ ਕੇ ਉਸ ਦੀਆਂ ਮੰਦ-ਭਾਵਨਾਵਾਂ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਪਰ ਜਦੋਂ ਉਸ ਨੇ ਤੀਜਾ ਵਾਰ ਕੀਤਾ ਤਾਂ ਉਸ ਦੀ ਤਲਵਾਰ ਟੁਕੜੇ-ਟੁਕੜੇ ਹੋ ਕੇ ਰਹਿ ਗਈ। ਭਲਾ ਖ਼ੁਦਾ ਦੇ ਨੂਰ ਅਤੇ ਸਰਬ ਲੁਕਾਈ ਦਾ ਭਲਾ ਚਾਹੁਣ ਵਾਲੇ ਸਤਿਗੁਰੂ 'ਤੇ ਵਾਰ ਕਰਨ ਵਾਲੇ ਦੀ ਤਲਵਾਰ ਦੇ ਟੁਕੜੇ-ਟੁਕੜੇ ਕਿਉਂ ਨਾ ਹੋਣਗੇ? ਤਲਵਾਰ ਦੀ ਟੁੱਟੀ ਹੋਈ ਮੁੱਠ ਨੂੰ ਸੁੱਟ ਕੇ ਉਸ ਨੇ ਬੜੀ ਚੁਸਤੀ ਨਾਲ ਇਕ ਦਾਓ ਵਰਤਿਆ, ਉਸ ਘੋੜੇ ਤੋਂ ਛਾਲ ਮਾਰ ਦਿੱਤੀ ਤੇ ਝੱਟ-ਪਟ ਗੁਰੂ ਸਾਹਿਬ ਦੇ ਘੋੜੇ ਹੇਠ ਹੋ ਗਿਆ ਤਾਂ ਜੋ ਚਉਰ ਤਖ਼ਤ ਦੇ ਮਾਲਕ, ਸਤਿਗੁਰੂ ਜੀ ਨੂੰ ਘੋੜੇ ਸਮੇਤ ਧਰਤੀ 'ਤੇ ਪਟਕਾਅ ਮਾਰੇ। ਪਰੰਤੂ ਉਹ ਆਪਣਾ ਸਾਰਾ ਟਿੱਲ ਲਾਉਣ ਦੇ ਬਾਵਜੂਦ ਵੀ ਮਹਾਂਬਲੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਕੁਝ ਨਾ ਵਿਗਾੜ ਸਕਿਆ। ਇਸ ਤੋਂ ਗੁਰੂ ਜੀ ਨੇ ਆਪਣੇ ਪੈਰ ਨੂੰ ਇਕ ਰਕਾਬ ਵਿਚ ਰੱਖ ਕੇ ਤੇ ਉਲਰ ਕੇ ਆਪਣੀ ਕਿਰਪਾਨ ਇਤਨੇ ਜ਼ੋਰ ਨਾਲ ਘੁਮੰਡੀ ਤੇ ਹੰਕਾਰੀ ਪੈਂਦੇ ਖਾਂ ਦੇ ਸਿਰ ਵਿਚ ਮਾਰੀ ਕਿ ਉਸ ਦਾ ਸਾਰਾ ਹੰਕਾਰ ਤੇ ਘੁਮੰਡ ਚਕਨਾਚੂਰ ਤੇ ਕਾਫ਼ੂਰ ਹੋ ਗਿਆ ਅਤੇ ਉਹ ਧਰਤੀ ਉਤੇ ਜਾ ਡਿੱਗਾ। ਇਸ 'ਤੇ ਗੁਰੂ ਸਾਹਿਬ ਆਪ ਵੀ ਘੋੜੇ ਤੋਂ ਉੱਤਰ ਆਏ ਤੇ ਉਸ ਦੇ ਚਿਹਰੇ 'ਤੇ ਪੈਂਦੀਆਂ ਸੂਰਜ ਦੀਆਂ ਕਿਰਨਾਂ ਤੋਂ ਉਸ ਨੂੰ ਬਚਾਉਣ ਲਈ ਢਾਲ ਉਸ ਦੇ ਚਿਹਰੇ 'ਤੇ ਕਰ ਦਿੱਤੀ ਤੇ ਫੇਰ ਬੜੇ ਪ੍ਰੇਮ ਦੇ ਰੰਗ ਵਿਚ ਆ ਕੇ ਹਜ਼ੂਰ ਨੇ ਫੁਰਮਾਇਆ:

"ਪੈਂਦੇ ਖਾਂ ਕਲਮਾ ਪੜ੍ਹ ਲੈ।"

...ਤੇ ਗੁਰੂ ਸਾਹਿਬ ਦੇ ਇਹ ਹਮਦਰਦੀ-ਭਰੇ ਪਿਆਰੇ ਪਿਆਰੇ ਬੋਲ ਸੁਣ ਕੇ ਪੈਂਦੇ ਖਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਉਹ ਸਿਸਕਦਿਆਂ ਹੋਇਆਂ ਬੋਲਿਆ:

"ਗੁਰੂ ਜੀ, ਤੁਹਾਡੀ ਤਲਵਾਰ ਹੀ ਮੇਰਾ ਕਲਮਾ ਹੈ, ਤੁਹਾਡੀ ਮਿਹਰ ਹੀ ਮੇਰਾ ਕਲਮਾ ਹੈ।"

ਤੇ ਇੰਜ ਪੈਂਦੇ ਖਾਂ ਦਮ ਤੋੜ ਗਿਆ। ਪੈਂਦੇ ਖਾਂ ਦਾ ਇਹ ਅੰਤ ਵੇਖ ਕੇ ਗੁਰੂ ਸਾਹਿਬ ਦੇ ਨੇਤਰ ਵੀ ਭਰ ਆਏ ਤੇ ਉਹਨਾਂ ਉਸ ਦੀ ਬੇਵਫ਼ਾਈ ਨੂੰ ਵਿਸਾਰ ਕੇ ਉਸ ਲਈ ਬਹਿਸ਼ਤ ਦੇ ਬੂਹੇ ਖੋਲ੍ਹ ਦਿੱਤੇ।

ਪੈਂਦੇ ਖਾਂ ਦਾ ਦਾਮਾਦ ਉਸਮਾਨ ਖਾਂ ਬਾਬਾ ਗੁਰਦਿਤਾ ਜੀ ਦੇ ਹੱਥੋਂ ਮਾਰਿਆ ਗਿਆ। ਗੁਰੂ ਸਾਹਿਬ ਕੁਤਬ ਖ਼ਾਂ (ਫ਼ੌਜਦਾਰ) ਦੀ ਵੰਗਾਰ ਦਾ ਉੱਤਰ ਆਪਣੇ ਨੁਕੇਲੇ ਤੀਰਾਂ ਨਾਲ ਬਖ਼ਸ਼ਦੇ ਤੇ ਉਸ ਨੂੰ ਜਹੰਨਮ ਦਾ ਰਾਹ ਦੱਸਦੇ ਹੋਏ ਅੱਗੇ ਵਧ ਹੀ ਰਹੇ ਸਨ ਕਿ ਕਾਲੇ ਖਾਂ, ਗੁਰੂ ਜੀ ਨੂੰ ਲਲਕਾਰਦਾ ਹੋਇਆ ਸਾਹਮਣੇ ਆ ਗਿਆ। ਗੁਰੂ ਸਾਹਿਬ ਨੇ ਮੁਸਕਰਾ ਕੇ ਕਿਹਾ:

"ਕਾਹਲੇ ਨਾ ਪਓ ਕਾਲੇ ਖਾਂ। ਤੂੰ ਵੀ ਕੱਢ ਲੈ ਦਿਲ ਦੇ ਅਰਮਾਨ।"

ਇਸ 'ਤੇ ਕਾਲੇ ਖ਼ਾਂ ਨੇ ਸ਼ਿਸਤ ਬੰਨ੍ਹ ਕੇ ਇਕ ਮਾਰੂ ਤੀਰ ਛੱਡਿਆ। ਗੁਰੂ ਸਾਹਿਬ ਨੇ ਫੁਰਤੀ ਨਾਲ ਆਪਣਾ ਪੈਂਤੜਾ ਬਦਲਿਆ ਤੇ ਤੀਰ ਆਪ ਦੇ ਮੱਥੇ ਨੂੰ ਛੂੰਹਦਾ ਹੋਇਆ ਅੱਗੇ ਨਿਕਲ ਗਿਆ। ਇਸ 'ਤੇ ਗੁਰੂ ਜੀ ਨੇ ਮੋੜਵਾਂ ਵਾਰ ਕਰ ਕੇ ਕਾਲੇ ਖਾਂ ਦੇ ਘੋੜੇ ਨੂੰ ਜ਼ਖ਼ਮੀ ਕਰ ਦਿੱਤਾ ਤੇ ਫਿਰ ਗੁਰੂ ਜੀ ਵੀ ਪੈਦਲ ਹੋ ਗਏ। ਕਾਲੇ ਖਾਂ ਨੇ ਗੁਰੂ ਸਾਹਿਬ ਨੂੰ ਤਲਵਾਰ ਦੀ ਜੰਗ ਲਈ ਲਲਕਾਰਿਆ ਜੋ ਸਤਿਗੁਰੂ ਜੀ ਨੇ ਬਾਖੁਸ਼ੀ ਪ੍ਰਵਾਨਗੀ ਬਖ਼ਸ਼ੀ। ਫ਼ੌਜਾਂ ਨੇ ਦੁਵੱਲਿਓਂ ਯੁੱਧ ਬੰਦ ਕਰ ਦਿਤਾ ਅਤੇ ਉਹ ਹਾਰ-ਜਿੱਤ ਦੇ ਫ਼ੈਸਲੇ ਨੂੰ ਉਡੀਕਣ ਲੱਗੀਆਂ। ਕਾਲੇ ਖ਼ਾਂ ਜਦੋਂ ਤਿੰਨ ਵਾਰ ਕਰ ਕੇ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਕੁਝ ਨਾ ਵਿਗਾੜ ਸਕਿਆ ਤਾਂ ਗੁਰੂ ਸਾਹਿਬ ਬੜੀ ਸਹਿਜਤਾ ਨਾਲ ਮੁਸਕਰਾਏ ਤੇ ਇਉਂ ਫੁਰਮਾਇਆ:

"ਕਾਲੇ ਖਾਂ, ਵਾਰ ਇਉਂ ਨਹੀਂ, ਇਉਂ ਕਰੀਦੈ!"

ਤੇ ਇਸ ਦੇ ਨਾਲ ਹੀ ਆਪ ਜੀ ਦੀ ਭਗਉਤੀ ਨੇ ਕਾਲੇ ਖਾਂ ਦਾ ਸਿਰ ਖਿੱਨੂੰ ਵਾਂਗ ਉਡਾ ਕੇ ਰੱਖ ਦਿੱਤਾ। ਇਸ 'ਤੇ ਚੋਵੀਂ ਪਾਸੀਂ ਜਿੱਤ ਦੇ ਜੈਕਾਰਿਆਂ ਨਾਲ ਮੈਦਾਨਿ-ਜੰਗ ਗੂੰਜ ਉਠਿਆ। ਇਸੇ ਅਫਰਾ-ਤਫਰੀ ਦਾ ਲਾਭ ਉਠਾਉਂਦਿਆਂ ਹੋਇਆ ਕਾਸਮ ਖ਼ਾਨ ਨੇ ਗੁਰੂ ਸਾਹਿਬ ਉੱਤੇ ਕਾਇਰਾਂ ਵਾਂਗ ਛੁਪ ਕੇ ਵਾਰ ਕਰਨਾ ਚਾਹਿਆ ਪਰ ਉਹ ਵੀ ਗੁਰੂ ਸਾਹਿਬ ਦੀ ਤੇਗ਼ ਤੋਂ ਪਾਰ ਹੋ ਗਿਆ।

ਤੇ ਇਉਂ ਇਹ ਚਾਰ ਯੁੱਧ ਜੋ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 'ਤੇ ਠੋਸੇ ਗਏ ਤੇ ਜੋ ਉਹਨਾਂ ਨੂੰ ਮਜਬੂਰਨ ਕੌਮੀ ਅਣਖ, ਸਿੱਖ ਧਰਮ ਤੇ ਸਵੈ-ਮਾਣ ਦੀ ਰੱਖਿਆ ਲਈ ਲੜਨੇ ਪਏ, ਸਿੱਖ ਧਰਮ ਨੂੰ ਇਕ ਨਵੀਂ ਦਿਸ਼ਾ ਵਿਖਾ ਗਏ, ਯਾਨੀ ਇਨਕਲਾਬ ਦੇ ਰਾਹ 'ਤੇ ਪਾ ਗਏ, ਸਿੱਖ ਤੇ ਪੰਜਾਬੀ ਜਨ-ਸਮੂਹ ਨੂੰ ਇਕ ਨਵੀਂ ਜ਼ਿੰਦਗੀ, ਜਵਾਂ-ਮਰਦੀ ਤੇ ਹੌਂਸਲਾ ਬਖ਼ਸ਼ ਗਏ, ਜਿਸ ਦੀ ਸਿਖ਼ਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਮਹਾਂਬਲੀ ਯੋਧੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਭੰਗਾਣੀ', 'ਅਨੰਦਪੁਰ ਸਾਹਿਬ', 'ਨਿਰਮੋਹ-ਗੜ੍ਹ', 'ਸਰਸਾ' ਤੇ 'ਚਮਕੌਰ' ਦੇ ਯੁੱਧਾਂ ਵਿਚ ਕਮਾਲ ਦੀ ਸੂਰਬੀਰਤਾ ਵਿਖਾ ਕੇ ਛੋਹੀ ਕਿ ਜਿਸ ਦੀ ਮਿਸਾਲ ਸਰਬ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ ਅਤੇ ਜਿਸ ਉਪਰ ਸਰਬ ਸੰਸਾਰ ਦੀ ਜਨ-ਸ਼ਕਤੀ, ਹਮੇਸ਼ਾ ਗੌਰਵ ਕਰਦੀ ਹੋਈ ਪ੍ਰੇਰਨਾ ਪ੍ਰਾਪਤ ਕਰਦੀ ਰਹੇਗੀ।

੩/੧੯੯੫

ਜਨ-ਸ਼ਕਤੀ ਤੇ ਜੰਗ-ਸ਼ਕਤੀ ਦੇ ਦਾਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸਾਡੇ ਦੇਸ਼ ਦੀ ਇਕ ਵਿਚਾਰਧਾਰਾ ਰਹੀ ਹੈ ਕਿ ਜੇ ਪ੍ਰਭੂ ਨੂੰ ਪਾਉਣਾ ਹੈ ਤਾਂ ਸੰਸਾਰ ਛੱਡ ਕੇ ਗ੍ਰਿਹਸਤ ਨੂੰ ਤਿਆਗ ਕੇ ਜੰਗਲਾਂ ਵਿਚ ਚਲੇ ਜਾਉ। ਦੂਸਰੀ ਵਿਚਾਰਧਾਰਾ ਇਹ ਰਹੀ ਹੈ ਕਿ ਧਰਮ ਇਕ ਵਿਅਕਤੀਗਤ ਮਾਮਲਾ ਹੈ, ਇਸ ਲਈ ਸਾਂਝੇ ਪੂਜਾ-ਪਾਠ ਕਰਨ ਜਾਂ ਸਾਂਝਾ ਧਰਮ ਬਣਵਾਉਣ ਦੀ ਕੋਈ ਲੋੜ ਨਹੀਂ।

ਪਹਿਲੇ ਵਿਚਾਰ ਦੇ ਸਦਕੇ ਸਾਡੇ ਦੇਸ਼ ਵਿਚ ਭਗੌੜੇ ਤੇ ਕੰਮ ਚੋਰ ਵਧ ਗਏ ਤੇ ਦੂਸਰੇ ਵਿਚਾਰ ਦੇ ਸਦਕੇ ਸਾਡੇ ਦੇਸ਼ ਵਿਚ ਕੋਈ ਧਾਰਮਿਕ ਸਾਂਝੀਵਾਲਤਾ ਨਹੀਂ ਰਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਕਿ ਸਾਡੇ ਦੇਸ਼ ਦੇ ਸਾਧੂ-ਸੰਤਾਂ ਕੋਲ ਬਹੁਤ ਕਰਕੇ ਧਾਰਮਿਕ ਪ੍ਰਾਪਤੀ ਨਹੀਂ ਸੀ। ਉਹ ਸੰਸਾਰ ਤੋਂ ਤਾਂ ਦੌੜ ਗਏ ਪਰ ਮਾਇਆ ਤੇ ਨਾਰੀ ਦੀ ਪਕੜ ਤੋਂ ਨਾ ਦੌੜ ਸਕੇ। ਪਿੱਛੇ ਰਹਿ ਗਏ ਸੰਸਾਰੀ, ਡਰਪੋਕ ਤੇ ਬੇਗ਼ੈਰਤ ਸਾਬਤ ਹੋਏ। ਉਹ ਨਾ ਆਪਣੀ ਰੱਖਿਆ ਕਰ ਸਕੇ, ਨਾ ਆਪਣੇ ਧਰਮ ਦੀ। ਬਾਬਰ ਦੇ ਹਮਲੇ ਸਮੇਂ ਇਹ ਕਮਜ਼ੋਰੀਆਂ ਉਭਰ ਕੇ ਸਾਹਮਣੇ ਆਈਆਂ। ਇਨ੍ਹਾਂ ਦੀ ਧਨ-ਦੌਲਤ ਖੋਹੀ ਗਈ; ਧੀਆਂ, ਭੈਣਾਂ ਚੁਕੀਆਂ ਗਈਆਂ; ਬਾਲ ਬਚੇ ਮਾਰੇ ਗਏ ਪਰ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ ਆਈ। ਇਨ੍ਹਾਂ ਦੇ ਧਰਮ ਅਸਥਾਨ ਢਾਹੇ ਗਏ ਤੇ ਦੇਵਤਿਆਂ ਦੀਆਂ ਮੂਰਤੀਆਂ ਭੰਨੀਆਂ ਗਈਆਂ ਪਰ ਇਨ੍ਹਾਂ ਨੂੰ ਆਪਣੇ ਧਰਮ ਬਚਾਉਣ ਦੀ ਕੋਈ ਚਿੰਤਾ ਨਹੀਂ ਜਾਗੀ। ਗੁਰੂ ਜੀ ਦੇ ਸ਼ਬਦਾਂ ਵਿਚ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਪੰਨਾ ੭੨੨)

ਇਸ ਨਿਘਰੀ ਹੋਈ ਹਾਲਤ ਨੂੰ ਸੁਧਾਰਨ ਲਈ ਗੁਰੂ ਜੀ ਨੇ ਸਾਨੂੰ ਮੀਰੀ ਪੀਰੀ ਬਖ਼ਸ਼ੀ। ਮੀਰੀ ਦਾ ਅਰਥ ਹੈ ਅਮੀਰ ਬਣਨਾ, ਆਗੂ ਹੋਣਾ। ਗੁਰੂ ਜੀ ਨੇ ਕਿਹਾ, "ਖੂਬ ਮਿਹਨਤ ਕਰੋ, ਖੂਬ ਕਮਾਉ। ਆਪ ਜੀ ਦੇ ਉਪਦੇਸ਼ *"ਘਾਲਿ ਖਾਇ ਕਿਛੁ ਹਥਹੁ ਦੇਇ"* ਸਦਕੇ ਸਿੱਖ ਚੰਗੇ ਕਮਾਈਦਾਰ ਬਣ ਗਏ ਤੇ ਸਮਾਜ ਵਿਚ ਅੱਗੇ ਵਧ ਗਏ। ਪੀਰੀ ਦਾ ਅਰਥ ਹੈ: "ਸਿਆਣਾ ਬਣਨਾ, ਪੀਰ-ਫ਼ਕੀਰ ਹੋਣਾ, ਧਾਰਮਕ ਪਰਪੱਕਤਾ ਲਿਆਉਣੀ।" ਆਪ ਜੀ ਨੇ ਕਿਹਾ ਕਿ ਹਰੀ ਨੂੰ ਪਾਉਣ ਲਈ ਸੰਸਾਰ ਛੱਡਣ ਜਾਂ ਵੱਖੋ-ਵੱਖ ਦੇਵਤਿਆਂ ਦੀ ਪੂਜਾ ਕਰਨ ਦੀ ਲੋੜ ਨਹੀਂ। ਆਪ

ਜੀ ਨੇ ਕਿਹਾ, "ਸਾਂਝੀ ਪਾਠ-ਪੂਜਾ ਕਰੋ, ਸਾਂਝਾ ਕਥਾ-ਕੀਰਤਨ ਕਰੋ, ਸਾਂਝੀ ਧਰਮਸਾਲ ਬਣਾਉ। ਗ੍ਰਿਹਸਤ ਵਿਚ ਰਹਿੰਦਿਆਂ ਤੇ ਹਸਦਿਆਂ, ਖੇਡਦਿਆਂ ਮੁਕਤੀ ਪਾਉ।"

ਇਨ੍ਹਾਂ ਉਪਦੇਸ਼ਾਂ ਦਾ ਸਦਕਾ ਸਿੱਖਾਂ ਵਿਚ ਮੀਰੀ ਤੇ ਪੀਰੀ ਬਹੁਤ ਫੈਲੀ। ਸਿੱਖਾਂ ਦੀ ਗਿਣਤੀ ਵਧ ਗਈ ਤੇ ਸਿੱਖ, ਸਮਾਜ ਦੇ ਆਗੂ ਬਣ ਗਏ। ਸਿੱਖਾਂ ਨੇ ਪਦਾਰਥ ਵੀ ਪਾਇਆ ਤੇ ਪ੍ਰਮਾਰਥ ਪ੍ਰਮਾਤਮਾ ਵੀ।

ਮੁਗ਼ਲ ਹਕੂਮਤ ਨੂੰ ਸਿੱਖਾਂ ਦਾ ਇਹ ਵਧਦਾ ਰਸੂਖ ਪਸੰਦ ਨਾ ਆਇਆ ਤੇ ਵਕਤ ਦੇ ਬਾਦਸ਼ਾਹ ਜਹਾਂਗੀਰ ਨੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

ਸਿੱਖਾਂ ਦੀ ਰਾਹਨੁਮਾਈ ਦੀ ਜ਼ਿੰਮੇਵਾਰੀ ੧੧ ਸਾਲ ਦੇ ਬਾਲਕ ਗੁਰੂ ਹਰਿਗੋਬਿੰਦ ਜੀ ਉਪਰ ਆ ਪਈ। ਜੇ ਉਹ ਕੁਝ ਨਹੀਂ ਕਰਦੇ ਤਾਂ ਸਿੱਖੀ ਖ਼ਤਮ ਹੋ ਜਾਂਦੀ ਹੈ ਜੇ ਉਹ ਕੁਝ ਕਰਨਾ ਚਾਹੁਣ ਤਾਂ ਕੀ ਕਰਨ, ਕਿਸ ਤਰ੍ਹਾਂ ਜ਼ਾਲਮ ਹਕੂਮਤ ਨਾਲ ਟੱਕਰ ਲੈਣ। ਗੁਰੂ ਜੀ ਨੇ ਫੈਸਲਾ ਕੀਤਾ ਕਿ ਜ਼ਾਲਮ ਨਾਲ ਲੜਨ ਲਈ ਜਨ-ਸ਼ਕਤੀ ਤੇ ਜੰਗ-ਸ਼ਕਤੀ, ਦੋਹਾਂ ਦੀ ਲੋੜ ਹੈ। ਜਨ-ਸ਼ਕਤੀ ਜੰਗ-ਸ਼ਕਤੀ ਬਿਨਾਂ ਨਿਪੁੰਸਕ ਹੈ ਤੇ ਜੰਗ-ਸ਼ਕਤੀ ਜਨ-ਸ਼ਕਤੀ ਬਿਨਾਂ ਬੇ-ਅਸਰ ਹੈ।

ਜਨ-ਸ਼ਕਤੀ ਜਗਾਉਣ ਲਈ ਗੁਰੂ ਜੀ ਨੇ ਪ੍ਰਚਾਰਕ ਜਥੇ ਤਿਆਰ ਕੀਤੇ। ਹਕੂਮਤ ਵੱਲੋਂ ਗ਼ੈਰ ਮੁਸਲਮਾਨਾਂ ਨੂੰ ਧਰਮ ਪ੍ਰਚਾਰ ਦੀ ਮਨਾਹੀ ਸੀ। ਸਿੱਖ ਪੰਜਾਂ-ਪੰਜਾਂ ਦੇ ਜੱਥਿਆਂ ਵਿਚ ਰਾਤੀਂ ਪ੍ਰਚਾਰ ਲਈ ਨਿਕਲਦੇ ਸਨ। ਇਨ੍ਹਾਂ ਦੇ ਇਕ ਸਾਥੀ ਦੇ ਹੱਥ ਮਿਸਾਲ (ਰੋਸ਼ਨੀ) ਹੁੰਦੀ ਸੀ ਤੇ ਦੂਸਰੇ ਦੇ ਹੱਥ ਝੰਡਾ। ਇਹ ਲੋਕਾਂ ਨੂੰ ਸਮਝਾਂਦੇ ਸਨ, "ਡਰੋ ਨਾ, ਗੁਰੂ ਅੰਗ-ਸੰਗ ਹੈ, ਧਰਮ ਦੀ ਰਖਿਆ ਲਈ ਤਿਆਰ ਰਹੋ, ਗੁਰੂ ਜੀ ਨੂੰ ਸ਼ਸਤਰ, ਘੋੜੇ ਤੇ ਜੁਆਨੀਆਂ ਭੇਟ ਕਰੋ।" ਹਰ ਪਿੰਡ ਵਿਚੋਂ ਇਕ ਨਵਾਂ ਜੱਥਾ ਤਿਆਰ ਹੁੰਦਾ ਸੀ ਜਿਹੜਾ ਪ੍ਰਚਾਰ ਹਿਤ ਅਗਲੇ ਪਿੰਡ ਚਲਾ ਜਾਂਦਾ ਸੀ। ਇਸ ਤਰ੍ਹਾਂ ਸੈਂਕੜੇ ਜਥੇ ਤਿਆਰ ਹੋ ਗਏ। ਜਿਹੜੇ ਰਾਤੀਂ-ਰਾਤੀਂ ਪਿੰਡ-ਪਿੰਡ ਘੁੰਮ ਕੇ ਜਨ-ਸ਼ਕਤੀ ਜਗਾਂਦੇ ਸਨ। ਸਾਡੀ ਅਰਦਾਸ ਵਿਚ "ਚੌਕੀਆਂ, ਝੰਡੇ ਜੁਗੋ ਜੁਗ ਅਟੱਲ" ਇਸ ਪ੍ਰਚਾਰ ਵਿਧੀ ਦੀ ਯਾਦ ਦੁਆਂਦੇ ਹਨ ਕਿਉਂਕਿ ਇਨ੍ਹਾਂ ਜਥਿਆਂ ਦੀ ਬੈਠਕ ਨੂੰ ਚੌਕੀਆਂ ਕਿਹਾ ਜਾਂਦਾ ਸੀ।

ਜੰਗ-ਸ਼ਕਤੀ ਜਗਾਣ ਲਈ ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਬਣਾਇਆ ਜਿਹੜਾ ਕਿ ਜ਼ਾਲਮ ਸ਼ਾਹੀ ਤਖ਼ਤ ਲਈ ਇਕ ਵੰਗਾਰ ਸੀ। ਇਥੇ ਸਰੀਰਕ ਸ਼ਕਤੀ ਬਣਾਈ ਜਾਂਦੀ ਸੀ ਤੇ ਸ਼ਸਤਰ ਵਿਦਿਆ ਸਿਖਾਈ ਜਾਂਦੀ ਸੀ। ਫਲਸਰੂਪ ਸਾਹਸੀ ਸ਼ਕਤੀਸ਼ਾਲੀ ਤੇ ਨਿਡਰ ਜੁਆਨ ਸਿੱਖਾਂ ਦੀ ਗਿਣਤੀ ਵਧਦੀ ਗਈ।

ਜਨ-ਸ਼ਕਤੀ ਤੇ ਜੰਗ-ਸ਼ਕਤੀ ਜਗਾਣ ਦਾ ਕੰਮ ੧੬੦੬ ਵਿਚ ਸ਼ੁਰੂ ਹੋਇਆ ਤੇ ਤਿੰਨ ਸਾਲਾਂ ਦੇ ਛੋਟੇ ਜਿਹੇ ਸਮੇਂ ਵਿਚ ਇਤਨਾ ਜ਼ੋਰਦਾਰ ਹੋ ਗਿਆ ਕਿ ਇਸ ਦੇ ਧਮਾਕੇ ਮੁਗ਼ਲ ਰਾਜਧਾਨੀ ਵਿਚ ਸੁਣਾਈ ਦੇਣ ਲੱਗੇ। ਜਹਾਂਗੀਰ ਨੇ ਗੁਰੂ ਜੀ ਨੂੰ ੧੬੦੯ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਇਸ ਕਿਲ੍ਹੇ ਵਿਚੋਂ ਕੋਈ ਕੈਦੀ ਜੀਉਂਦਾ ਬਾਹਰ ਨਹੀਂ ਸੀ

ਆਉਂਦਾ। ਕੈਦੀਆਂ ਨੂੰ ਘੋੜਿਆਂ ਨਾਲ ਅਸਤਬਲ ਵਿਚ ਰਖਿਆ ਜਾਂਦਾ ਸੀ, ਤਸੀਹੇ ਦਿੱਤੇ ਜਾਂਦੇ ਸਨ, ਇਕ ਡੰਗ ਦੀ ਰੋਟੀ ਦਿੱਤੀ ਜਾਂਦੀ ਸੀ, ਜਿਸ ਵਿਚ ਹਲਕਾ ਜ਼ਹਿਰ ਮਿਲਾ ਦਿੱਤਾ ਜਾਂਦਾ ਸੀ ਤਾਂ ਕਿ ਕੈਦੀ ਹੌਲੀ-ਹੌਲੀ ਮੌਤ ਵੱਲ ਚਲਾ ਜਾਏ।

ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਗਵਾਲੀਅਰ ਦੇ ਭਿਆਨਕ ਕਿਲ੍ਹੇ ਵਿਚ ਕੈਦ ਨੇ ਜਨ-ਸ਼ਕਤੀ ਨੂੰ ਆਪਣਾ ਵਿਖਾਵਾ ਕਰਨ ਦਾ ਮੌਕਾ ਦਿੱਤਾ। ਜਨ ਸਾਧਾਰਣ ਨੇ ਇਸ ਕਿਲ੍ਹੇ ਵੱਲ ਵਹੀਰਾਂ ਪਾ ਲਈਆਂ। ਸਿੱਖਾਂ ਦੀ ਵੱਡੀ ਗਿਣਤੀ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਰਾਤ ਦਿਨ ਗੁਰੂ ਜੀ ਦੀ ਰਿਹਾਈ ਦੇ ਨਾਹਰੇ ਲਗਦੇ ਰਹੇ ਤੇ ਜਹਾਂਗੀਰ ਨੂੰ ਗਾਲਾਂ ਪੈਂਦੀਆਂ ਰਹੀਆਂ। ਮੁਜ਼ਾਹਰਾ ਪੁਰਅਮਨ ਸੀ ਪਰ ਜਨ-ਸਮੂਹ ਭਿਆਨਕ ਸੀ। ਇਦਾਂ ਦਾ ਇਕੱਠ ਨਾ ਕਦੀ ਦੇਖਿਆ ਗਿਆ ਸੀ ਤੇ ਨਾ ਹੀ ਕਦੀ ਸੁਣਿਆ ਗਿਆ ਸੀ। ਜਹਾਂਗੀਰ ਘਬਰਾ ਗਿਆ। ਫਿਰ ਨੇਕ ਅਫਸਰਾਂ ਨੇ ਵੀ ਸਲਾਹ ਦਿੱਤੀ ਕਿ ਇਸ ਫ਼ਕੀਰ ਨਾਲ ਅਨਿਆਇ ਹੋ ਰਿਹਾ ਹੈ। ਪੀਰਾਂ ਫ਼ਕੀਰਾਂ ਨੇ ਵੀ ਡਰਾਇਆ ਕਿ ਗੁਰੂ ਜੀ ਦਾ ਬਹੁਤੀ ਦੇਰ ਕੈਦ ਵਿਚ ਰਹਿਣਾ, ਅੱਲਾਹ ਦਾ ਕਹਿਰ ਨਾਜ਼ਲ ਕਰੇਗਾ। ਇਕ ਪਾਸੇ ਜਨਤਾ ਸ਼ੋਰ ਪਾਈ ਜਾ ਰਹੀ ਸੀ ਤੇ ਦੂਸਰੇ ਪਾਸੇ ਸਲਾਹਕਾਰ ਤੇ ਪੀਰ-ਫਕੀਰ (ਜਿਸ ਵਿਚ ਪੀਰ ਮੀਆਂ ਮੀਰ ਵੀ ਸ਼ਾਮਲ ਸੀ) ਗੁਰੂ ਜੀ ਦੀ ਰਿਹਾਈ ਲਈ ਕਹਿ ਰਹੇ ਸੀ। ਜਹਾਂਗੀਰ ਨੂੰ ਗੁਰੂ ਜੀ ਨੂੰ ੨੯ ਮਹੀਨਿਆਂ ਦੀ ਕੈਦ ਮਗਰੋਂ ੧੬੧੨ ਵਿਚ ਰਿਹਾਅ ਕਰਨਾ ਪਿਆ। ਉਹ ਇਤਨਾ ਡਰ ਗਿਆ ਸੀ ਕਿ ਜਿਤਨੀ ਦੇਰ ਜੀਉਂਦਾ ਰਿਹਾ, ਉਸ ਨੇ ਕਦੇ ਵੀ ਗੁਰੂ ਜੀ ਜਾਂ ਸਿੱਖਾਂ ਦੀ ਗਤੀਵਿਧੀ ਨੂੰ ਰੋਕ ਨਹੀਂ ਪਾਈ।

ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਜ਼ਾਲਮ ਹਕੂਮਤ ਨੂੰ ਜਿਹੜੀ ਸਿਰਫ ਜੰਗ-ਸ਼ਕਤੀ ਵਿਚ ਯਕੀਨ ਰੱਖਦੀ ਸੀ, ਜਨ-ਸ਼ਕਤੀ ਸਾਹਮਣੇ ਝੁਕਣਾ ਪਿਆ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜਨ-ਸ਼ਕਤੀ ਦੀ ਕਾਮਯਾਬੀ ਲਈ ਜੰਗ-ਸ਼ਕਤੀ ਦੇ ਸਹਾਰੇ ਦੀ ਲੋੜ ਹੁੰਦੀ ਹੈ। ਉਸ ਬਿਨਾਂ ਇਹ ਸਫਲ ਨਹੀਂ ਹੁੰਦੀ। ਮਹਾਤਮਾ ਗਾਂਧੀ ਨੇ ਸਾਡੇ ਦੇਸ਼ ਵਿਚ ਜਨ-ਸ਼ਕਤੀ ਦੀ ਵਰਤੋਂ ਕੀਤੀ ਪਰ ਉਹ ਸਫਲ ਨਹੀਂ ਹੋਈ। ਉਹ ਸਫਲ ਹੋਈ ਜਦੋਂ ਉਸ ਦਾ ਜੰਗ - ਸ਼ਕਤੀ (ਫ਼ੌਜੀਆਂ ਦੀ ਬਗ਼ਾਵਤ) ਨੇ ਸਮਰਥਨ ਕੀਤਾ। ਸੰਨ ੧੯੪੫ ਤੇ ੧੯੯੨ ਦੇ ਵਿਚਕਾਰ ੧੦੦ ਦੇ ਕਰੀਬ ਵੱਡੇ ਝਗੜੇ ਹੋਏ ਤੇ ਦੋ ਕਰੋੜ ਆਦਮੀ ਮਾਰ ਦਿੱਤੇ ਗਏ ਕਿਉਂਕਿ ਇਸ ਕੋਲ ਜੰਗੀ-ਸ਼ਕਤੀ ਨਹੀਂ ਸੀ। ਜਿਸ ਗੱਲ ਨੂੰ ਦੁਨੀਆਂ ਅੱਜ ਮੰਨ ਰਹੀ ਹੈ, ਮੇਰੇ ਗੁਰੂ ਜੀ ਨੇ ਕਰੀਬਨ ੪੦੦ ਸਾਲ ਪਹਿਲਾਂ ਉਹੀ ਗੱਲ ਸਿੱਖਾਂ ਨੂੰ ਸਮਝਾਈ।

ਜਨ-ਸ਼ਕਤੀ ਤੇ ਵਧਦੀ ਜੰਗੀ-ਸ਼ਕਤੀ ਕੋਲੋਂ ਜਹਾਂਗੀਰ ਡਰਿਆ ਰਿਹਾ। ਉਸ ਦੇ ਪੁੱਤਰ ਸ਼ਾਹਜਹਾਨ ਦਾ ਵੀ ਇਸ ਸ਼ਕਤੀ ਨਾਲ ਟਾਕਰਾ ਲੈਣ ਦਾ ਹੀਆ ਕਈ ਸਾਲ ਬਾਅਦ ਹੋਇਆ। ਸੰਨ ੧੬੦੬ ਤੇ ੧੬੨੯ ਦੇ ਦਰਮਿਆਨ ਸਿੱਖਾਂ ਦੀ ਜੰਗ-ਸ਼ਕਤੀ ਇਤਨੀ ਵੱਧ ਗਈ ਸੀ ਕਿ ਸੰਨ ੧੬੨੯ ਤੇ ੧੬੩੪ ਦੇ ਵਿਚਕਾਰ ਲੜੀਆਂ ਚਾਰੋਂ ਲੜਾਈਆਂ ਵਿਚ ਮੁਗ਼ਲ ਫ਼ੌਜਾਂ ਨੂੰ ਬੁਰੀ ਤਰ੍ਹਾਂ ਹਾਰਨਾ ਪਿਆ। ਉਸ ਦੇ ਬਾਅਦ ਸ਼ਾਹਜਹਾਨ ਨੇ ਵੀ ਆਪਣੇ ਜੀਉਂਦੇ ਜੀ ਸਿੱਖਾਂ ਨਾਲ ਛੇੜ-ਛਾੜ

ਨਹੀਂ ਕੀਤੀ।

ਇਤਿਹਾਸ ਕਹਿੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨੀਆਂ। ਇਸ ਨੂੰ ਹੀ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਜਨ-ਸ਼ਕਤੀ ਤੇ ਜੰਗ-ਸ਼ਕਤੀ ਦੀ ਤਲਵਾਰ ਪਾਈ। ਜਨ-ਸ਼ਕਤੀ ਨੇ ਜਹਾਂਗੀਰ ਨੂੰ ਡਰਾ ਦਿੱਤਾ ਕਿਉਂਕਿ ਇਸ ਦੇ ਪਿੱਛੇ ਜੰਗ-ਸ਼ਕਤੀ ਵੀ ਦਿਸਦੀ ਸੀ ਤੇ ਜੰਗ-ਸ਼ਕਤੀ ਨੇ ਸ਼ਾਹਜਹਾਨ ਨੂੰ ਡਰਾ ਦਿੱਤਾ ਕਿਉਂਕਿ ਇਸ ਦੇ ਪਿੱਛੇ ਜਨ-ਸ਼ਕਤੀ ਖਲੋਤੀ ਸੀ।

ਅੱਜ ਦੇ ਸੰਦਰਭ ਵਿਚ ਵਿਚਾਰਨ ਵਾਲੀ ਗੱਲ ਹੈ ਕਿ ਵਕਤ ਦੀ ਹਕੂਮਤ ਦੀ ਮੁਖ਼ਾਲਫ਼ਤ ਦੇ ਬਾਵਜੂਦ ਤੇ ਪ੍ਰਚਾਰ ਦੇ ਮਾਧਿਅਮ ਦੀ ਘਾਟ ਦੇ ਬਾਵਜੂਦ, ਗੁਰੂ ਜੀ ਐਨੀ ਤਕੜੀ ਜਨ-ਸ਼ਕਤੀ ਤਿਆਰ ਕਰ ਸਕੇ ਕਿ ਮੁਗ਼ਲ ਹਕੂਮਤ ਡਰ ਗਈ। ਉਸ ਵਕਤ ਸਿਰਫ ਚੌਕੀਆਂ (ਪ੍ਰਚਾਰ ਜਥੇ) ਹੀ ਸਨ। ਅੱਜ ਸਾਡੇ ਕੋਲ ਅਣਗਿਣਤ ਪ੍ਰਚਾਰ ਦੇ ਤਰੀਕੇ ਹਨ, ਫਿਰ ਵੀ ਅਸੀਂ ਬਦਨਾਮ ਕੀਤੇ ਜਾ ਰਹੇ ਹਾਂ ਤੇ ਸਾਡੇ ਵੱਲੋਂ ਕੋਈ ਜੁਆਬ ਨਹੀਂ। ਅਸੀਂ ਗ਼ੈਰ-ਸਿੱਖਾਂ ਨੂੰ ਦੱਸ ਹੀ ਨਹੀਂ ਪਾਏ ਕਿ ਜੇ ਸਿੱਖ ਗੁਰੂ ਨਾ ਹੁੰਦੇ ਤਾਂ ਹਿੰਦੂ ਵੀ ਨਾ ਹੁੰਦੇ; ਜੇ ਸਿੱਖ ਗੁਰੂ ਨਾ ਹੁੰਦੇ ਤਾਂ ਕੋਈ ਹਿੰਦੂ ਮੰਦਰ ਵੀ ਨਾ ਹੁੰਦਾ। ਭਾਰਤ ਦੀ ਅਜ਼ਾਦੀ ਵਿਚ ਵੀ ਸਿੱਖਾਂ ਦਾ ਹੀ ਹੱਥ ਸੀ। ਸਾਡੇ ਗੁਰਪੁਰਬ, ਸਾਡੇ ਲੰਗਰ, ਸਾਡੀਆਂ ਪ੍ਰਭਾਤ ਫੇਰੀਆਂ ਤਾਂ ਹੀ ਸਫਲ ਮੰਨੀਆਂ ਜਾ ਸਕਦੀਆਂ ਹਨ ਜੇ ਅਸੀਂ ਆਪਣੇ ਹੱਕ ਵਿਚ ਜਨ-ਸ਼ਕਤੀ ਜਗਾ ਸਕੀਏ। ਗੁਰੂ ਹਰਿਗੋਬਿੰਦ ਜੀ ਨੇ ਜੋ ਸ਼ਕਤੀ ਜਗਾਈ, ਉਸ ਦੇ ਸਿੱਖ ਕਿਉਂ ਨਹੀਂ ਜਗਾ ਸਕਦੇ?

੮/੧੯੯੩

ਸੂਰਮਗਤੀ ਅਤੇ ਪਰਉਪਕਾਰਤਾ ਦੇ ਪ੍ਰਤੀਕ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।...
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ੧, ਪਉੜੀ ੪੮)

ਗੁਰਮਤਿ ਦੇ ਮਹਾਨ ਦਾਰਸ਼ਨਿਕ ਭਾਈ ਗੁਰਦਾਸ ਜੀ ਦੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਗੁਰਗੱਦੀ ਉੱਪਰ ਸੁਸ਼ੋਭਤ ਹੋਣ ਉਪਰੰਤ ਉਚਾਰੇ ਗਏ ਉਪਰੋਕਤ ਸ਼ਬਦਾਂ ਰਾਹੀਂ ਗੁਰੂ ਸਾਹਿਬ ਦੀਆਂ ਕੁਝ ਵਿਸ਼ੇਸ਼ ਵਡਿਆਈਆਂ ਦੀ ਝਲਕ ਪ੍ਰਤੱਖ ਦਿਖਾਈ ਦੇਂਦੀ ਹੈ। ਇਹਨਾਂ ਵਿਸ਼ੇਸ਼ ਵਡਿਆਈਆਂ ਦੀ ਸੰਖੇਪ ਵਿਚਾਰ ਇਸ ਹੱਥਲੇ ਲੇਖ ਦਾ ਪ੍ਰਯੋਜਨ ਹੈ। ਸੋ ਆਓ ਉਸ ਸਮੇਂ ਦੇ ਸਿਰਜੇ ਜਾ ਰਹੇ ਇਨਕਲਾਬੀ ਅਤੇ ਅਦੁੱਤੀ ਇਤਿਹਾਸ ਦੇ ਸਨਮੁੱਖ ਹੋ ਸੱਚੇ ਪਾਤਸ਼ਾਹ ਦੇ ਮਹਾਨ ਗੁਣਾਂ ਦੀ ਚਰਚਾ ਕਰ ਉਹਨਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਰੂਪੀ ਫੁੱਲ ਭੇਟ ਕਰਦੇ ਹੋਏ ਚੰਗੇ ਭਾਗਾਂ ਦੇ ਭਾਗੀ ਬਣ ਸਕੀਏ।

੧. **ਗੁਰੂ ਭਾਰੀ:** ਭਾਰੀ ਤੋਂ ਭਾਵ ਵੱਡੇ ਭਾਰ ਵਾਲਾ ਅਰਥਾਤ ਜੋ ਸਮੇਂ ਦੀਆਂ ਪ੍ਰਤੀਕੂਲ ਪ੍ਰਸਥਿਤੀਆਂ 'ਤੇ ਕਾਬੂ ਪਾਉਣ ਯੋਗ ਹੋਵੇ। ਗੁਰੂ ਇਤਿਹਾਸ ਦਸਦਾ ਹੈ ਕਿ ਛਠਮ ਪੀਰ ਸਰੀਰਕ ਰੂਪ ਵਿਚ ਵੀ ਲਾਸਾਨੀ ਸਨ। ਉੱਚਾ ਲੰਮਾ ਕੱਦ, ਚੌੜੀ ਛਾਤੀ, ਗੁੰਦਵਾਂ ਸਰੀਰ ਆਪ ਜੀ ਦੇ ਸਰੀਰਕ ਬਲ ਦਾ ਪ੍ਰਮਾਣ ਸੀ। ਚਿਹਰੇ ਦੀ ਤਾਬ ਤਾਂ ਕੋਈ ਵਿਰਲਾ ਸੂਰਮਾ ਹੀ ਝੱਲ ਸਕਦਾ ਸੀ। ਸਿਰ 'ਤੇ ਦਸਤਾਰ, ਕਲਗੀ, ਨੂਰਾਨੀ ਚਿਹਰਾ ਅਤੇ ਉਪਰ ਝੁਲਦਾ ਹੋਇਆ ਛਤ੍ਰ ਤਾਂ ਇਕ ਅਜਬ ਸਰੂਰ ਪੈਦਾ ਕਰ ਦੇਂਦਾ ਸੀ। ਸ਼ਾਹੀ ਲਿਬਾਸ, ਹੱਥ 'ਤੇ ਬਾਜ਼, ਗਲ ਦੋ ਤਲਵਾਰਾਂ, ਤੀਰ ਕਮਾਨ ਅਤੇ ਭੱਥੇ ਸਮੇਤ ਜਦ ਘੋੜੇ 'ਤੇ ਬਿਰਾਜਦੇ ਸਨ ਤਾਂ ਸਮੇਂ ਦੇ ਕਹਿੰਦੇ ਕਹਾਉਂਦੇ ਬਾਦਸ਼ਾਹਾਂ ਦਾ ਤੇਜ-ਪ੍ਰਤਾਪ ਵੀ ਸ਼ਰਮ ਮਹਿਸੂਸਣ ਲੱਗਦਾ ਸੀ।

ਪਾਤਸ਼ਾਹ ਦਾ ਪਹਿਰਾਵਾ ਸਵੈਮਾਨ ਅਤੇ ਅਣਖ ਦਾ ਪ੍ਰਤੀਕ ਸੀ। ਇਹ ਲਿਬਾਸ ਦਿੱਲੀ ਦੇ ਤਖ਼ਤ ਲਈ ਇਕ ਵੰਗਾਰ ਸੀ ਕਿਉਂਕਿ ਇਹ ਪ੍ਰਤੱਖ ਤੌਰ 'ਤੇ ਸ਼ਾਹੀ ਆਦੇਸ਼ਾਂ ਦੇ ਉਲਟ ਸੀ।

ਸ਼ਾਹੀ ਆਦੇਸ਼ਾਂ ਅਨੁਸਾਰ ਉਸ ਸਮੇਂ ਅਜਿਹਾ ਲਿਬਾਸ ਪਾਉਣਾ, ਬਾਜ਼ ਰੱਖਣਾ, ਕਲਗੀ ਲਗਾਉਣੀ, ਘੋੜ ਸਵਾਰੀ ਕਰਨੀ, ਫ਼ੌਜ ਰੱਖਣੀ, ਦਰਬਾਰ ਸਜਾਉਣਾ, ਇਹਨਾਂ ਦੀ ਕੇਵਲ ਬਾਦਸ਼ਾਹ ਜਾਂ ਕੁਝ ਖ਼ਾਸ ਅਹਿਲਕਾਰਾਂ ਨੂੰ ਹੀ ਆਗਿਆ ਸੀ। ਪਰ ਛਠਮ ਪੀਰ ਨੇ ਅਜਿਹਾ ਸਭ ਕੁਝ ਕਰਕੇ ਦਿੱਲੀ ਤਖ਼ਤ ਨੂੰ ਇਕ ਕਿਸਮ ਦੀ ਚੁਨੌਤੀ ਦੇ ਦਿੱਤੀ ਅਤੇ ਆਉਣ ਵਾਲੇ ਸਮੇਂ ਲਈ ਅਪਨਾਈ ਜਾਣ ਵਾਲੀ ਨੀਤੀ ਦਾ ਵੀ ਇਜ਼ਹਾਰ ਕਰ ਦਿੱਤਾ। ਪੰਜਵੇਂ ਪਾਤਸ਼ਾਹ ਦੇ ਬਚਨ ਸਨ:

'ਬੇਟਾ ਹੁਣ ਸ਼ਸਤਰ ਪਹਿਨਣੇ ਹਨ, ਉਤਨਾ ਚਿਰ ਜ਼ੁਲਮ ਵਿਰੁੱਧ ਡਟਣਾ ਹੈ ਜਦ ਤਕ ਇਹ ਖ਼ਤਮ ਨਾ ਹੋ ਜਾਵੇ ਜਾਂ ਜ਼ਾਲਮ ਮੁੱਕ ਨਾ ਜਾਣ।'

੨. **ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ:** ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਛਠਮ ਪੀਰ ਜੀ ਨੇ ਪਹਿਲੇ ਗੁਰੂ ਸਾਹਿਬਾਨ ਦਾ ਭਗਤੀ ਭਾਵ ਵਾਲਾ ਰਾਹ ਤਿਆਗ ਕੇ ਨਵਾਂ ਰਾਹ ਅਖ਼ਤਿਆਰ ਕਰ ਲਿਆ। ਕਨਿੰਘਮ, ਇੰਦੂ ਭੂਸ਼ਨ ਬੈਨਰਜੀ ਵਰਗਿਆਂ ਅਨੁਸਾਰ ਫ਼ੌਜੀ ਰਸਤਾ ਅਪਨਾਉਣਾ ਅਚਾਨਕ ਸੀ ਪਰ ਸਿੱਖ ਇਤਿਹਾਸ ਤੇ ਗੁਰਬਾਣੀ ਨੂੰ ਗਹੁ ਨਾਲ ਵਾਚਣ ਤੋਂ ਇਹ ਤੱਥ ਵਾ-ਵਰੋਲੇ ਵਾਂਗ ਹੀ ਦਿਖਾਈ ਦਿੰਦਾ ਹੈ। ਜੋ ਸਚਿਆਈ ਅੱਗੇ ਖੜ੍ਹ ਨਹੀਂ ਸਕਦਾ।

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਹੀ ਇਹ ਜ਼ਾਹਿਰ ਹੋ ਜਾਂਦਾ ਹੈ ਕਿ ਉਹ ਮਨੁੱਖ ਨੂੰ ਜਬਰ ਤੇ ਜ਼ੁਲਮ ਵਿਰੁੱਧ ਡਟਣ ਲਈ ਪ੍ਰੇਰਦੇ ਸਨ। ਉਹਨਾਂ ਆਪ ਬਾਬਰ ਦੇ ਜਬਰ ਨੂੰ ਵੇਖ ਉਸ ਨੂੰ 'ਜਾਬਰ' ਕਿਹਾ ਅਤੇ ਇਸ ਦੇ ਸਿੱਟੇ ਵਜੋਂ ਉਸ ਦੇ ਬੰਦੀ ਬਣੇ ਅਤੇ ਚੱਕੀ ਵੀ ਪੀਹੀ। ਰਾਜੇ ਅਤੇ ਉਸਦੇ ਅਹਿਲਕਾਰਾਂ ਦੇ ਧੱਕੇ ਅਤੇ ਤਸ਼ੱਦਦ ਵਿਰੁੱਧ ਵੀ ਆਵਾਜ਼ ਉਠਾਈ ਅਤੇ ਫ਼ਰਮਾਇਆ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

(ਪੰਨਾ ੧੨੮੮)

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਅਤੇ ਉਨ੍ਹਾਂ ਦੇ ਪਾਵਨ ਵਿਚਾਰ ਕੋਈ ਫ਼ਿਲਾਸਫ਼ੀ ਜਾਂ ਵਿਚਾਰਧਾਰਾ ਹੀ ਪ੍ਰਗਟ ਨਹੀਂ ਕਰਦੇ ਬਲਕਿ ਉਹਨਾਂ ਦਾ ਜੀਵਨ ਅਤੇ ਸਿੱਖਿਆ ਤਾਂ ਸਮੁੱਚਾ ਜੀਵਨ-ਪੱਥ ਹੈ ਜੋ ਮਨੁੱਖ ਨੂੰ ਉਸ ਦੇ ਜੀਵਨ 'ਚ ਆਉਂਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਅਤੇ ਵੰਗਾਰਾਂ 'ਤੇ ਕਾਬੂ ਪਾਉਣ ਲਈ ਇਕ ਤਰ੍ਹਾਂ ਦਾ 'ਗਾਡੀ ਰਾਹ' ਹੈ। ਪਹਿਲੇ ਪੰਜ ਸਰੂਪਾਂ 'ਚ ਸਤਿਗੁਰੂ ਨਾਨਕ ਜੀ ਨੇ ਸਮੇਂ-ਸਮੇਂ ਰਾਜ ਦੇ ਸ਼ਾਸਕਾਂ ਅਤੇ ਸਮਾਜ ਦੇ ਚੌਧਰੀਆਂ ਵੱਲੋਂ ਆਮ ਮਨੁੱਖੀ ਜੀਵਨ ਲਈ ਤਾਕਤ ਦੇ ਬਲਬੂਤੇ ਨਾਦਰਸ਼ਾਹੀ ਧੱਕੇ ਅਤੇ ਜਬਰ ਰਾਹੀਂ ਉਤਪੰਨ ਕੀਤੀਆਂ ਚੁਨੌਤੀਆਂ ਦਾ ਅਸਲੀ ਰੂਪ ਵਿਚ ਟਾਕਰਾ ਕਰਕੇ ਸਫ਼ਲਤਾ ਪਾਉਣ ਦਾ ਵੱਲ ਦੱਸਿਆ।

ਗੁਰੂ ਸਾਹਿਬਾਨ ਦੇ ਜੀਵਨ ਅਤੇ ਮਨੋਰਥ ਸਬੰਧੀ ਗਲਤ-ਬਿਆਨੀ ਦਾ ਕਾਰਨ ਦਸਾਂ

ਪਾਤਸ਼ਾਹੀਆਂ ਨੂੰ ਵੱਖਰਾ-ਵੱਖਰਾ ਸਮਝਣਾ ਹੈ ਪਰ ਪਾਵਨ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਖੇ ਗਹੁ ਨਾਲ ਚੁੱਭੀ ਮਾਰਿਆਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਦਸ ਪਾਤਸ਼ਾਹੀਆਂ ਭਾਵੇਂ ਸਰੀਰਕ ਰੂਪ ਕਰਕੇ ਵੱਖ-ਵੱਖ ਦਿਖਾਈ ਦੇਂਦੀਆਂ ਹਨ ਪਰ ਜੋਤਿ ਅਤੇ ਜੁਗਤ ਕਾਰਨ ਗੁਰੂ ਨਾਨਕ ਸਰੂਪ ਹੀ ਹਨ। ਇਸ ਪ੍ਰਥਾਇ ਡਾਕਟਰ ਨਾਰੰਗ (ਪ੍ਰਸਿੱਧ ਇਤਿਹਾਸਕਾਰ) ਕਹਿੰਦਾ ਹੈ- 'ਜਿਸ ਖ਼ਾਲਸੇ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ, ਉਸ ਦੀ ਮਿੱਟੀ ਗੁਰੂ ਨਾਨਕ ਸਾਹਿਬ ਨੇ ਗੋਈ ਸੀ, ਜਿਸ ਫ਼ੌਲਾਦ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦਾ ਪਹਿਰਾਵਾ ਬਣਾਇਆ, ਉਸ ਦਾ ਲੋਹਾ ਗੁਰੂ ਨਾਨਕ ਸਾਹਿਬ ਨੇ ਤਿਆਰ ਕੀਤਾ।' ਇਸ ਪ੍ਰਥਾਇ ਪਾਵਨ ਗੁਰਬਾਣੀ ਦੇ ਹੇਠ ਲਿਖੇ ਮਹਾਂਵਾਕ ਵਿਚਾਰ ਯੋਗ ਹਨ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥

(ਪੰਨਾ ੯੬੮)

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥

(ਪੰਨਾ ੧੩੯੦)

ਦਸਮ ਪਾਤਸ਼ਾਹ ਵੀ ਆਪਣੇ ਫ਼ਰਮਾਨ *'ਭਿੰਨ ਭਿੰਨ ਸਭਹੁ ਕਰ ਜਾਨਾ – ਏਕ ਰੂਪ ਕਿਨਹੂੰ ਪਹਿਚਾਨਾ'* ਵਿਚ ਦੱਸਦੇ ਹਨ ਕਿ ਸਭ ਲੋਕਾਈ ਨੇ ਦਸਾਂ ਹੀ ਪਾਤਸ਼ਾਹੀਆਂ ਦੇ ਸਰੂਪਾਂ ਨੂੰ ਵੱਖ-ਵੱਖ ਸਮਝਿਆ ਹੈ ਅਤੇ ਇਕ ਜੋਤਿ ਹੋਣ ਸੰਬੰਧੀ ਕਿਸੇ ਵਿਰਲੇ ਨੇ ਹੀ ਪਹਿਚਾਨ ਕੀਤੀ ਹੈ।

ਸੋ ਉਪਰੋਕਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਛਠਮ ਪਾਤਸ਼ਾਹ ਜੀ ਨੇ ਸੈਨਿਕਤਾ ਦਾ ਕੋਈ ਵੱਖਰਾ ਰਸਤਾ ਨਹੀਂ ਸੀ ਅਪਨਾਇਆ ਬਲਕਿ 'ਸਰਬੱਤ ਦੇ ਭਲੇ' ਹਿੱਤ ਜਬਰ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਵਾਸਤੇ ਹੀ ਦੋ ਤਲਵਾਰਾਂ (ਮੀਰੀ ਅਤੇ ਪੀਰੀ ਦੀਆਂ) ਧਾਰਨ ਕੀਤੀਆਂ ਸਨ। ਉਹਨਾਂ ਨੇ ਜੋ ਚਾਰ ਯੁੱਧ ਕੀਤੇ ਉਹਨਾਂ ਦਾ ਮਨੋਰਥ ਸੁੱਤੀ ਤੇ ਸਾਹ-ਸਤਹੀਨ ਹੋਈ ਭਾਰਤੀ ਵੱਸੋਂ ਨੂੰ ਅਗਿਆਨਤਾ ਅਤੇ ਨਿਰਬਲਤਾ ਦੇ ਪੱਖੋਂ ਜਗਾ ਕੇ ਅਣਖ ਭਰਪੂਰ ਜੀਵਨ ਜਿਊਣ ਦੇ ਯੋਗ ਬਨਾਉਣਾ ਸੀ। ਇਤਿਹਾਸ ਇਹ ਸਪਸ਼ਟ ਕਰਦਾ ਹੈ ਕਿ ਆਪ ਨੇ ਕਦੇ ਵੀ ਦੁਸ਼ਮਣ 'ਤੇ ਪਹਿਲਾਂ ਵਾਰ ਨਹੀਂ ਸੀ ਕੀਤਾ ਅਤੇ ਯੁੱਧ ਲਈ ਦੁਸ਼ਮਣ ਦੇ ਵੰਗਾਰਨ 'ਤੇ ਹੀ ਮਜਬੂਰ ਹੋਏ ਸਨ। ਉਹਨਾਂ ਦਾ ਉਦੇਸ਼ ਕੋਈ ਇਲਾਕਾ ਹਥਿਆਉਣਾ ਜਾਂ ਮਾਲ-ਜਗੀਰ 'ਤੇ ਕਬਜ਼ਾ ਕਰਨਾ ਨਹੀਂ ਸੀ। ਉਹਨਾਂ ਦੀ ਤਲਵਾਰ ਅਸਲ ਵਿਚ ਗਰੀਬ ਅਤੇ ਨਿਆਸਰੇ ਲਈ ਜਬਰ-ਜ਼ੁਲਮ ਵਿਰੁੱਧ ਢਾਲ ਸੀ। *'ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ'* ਦਾ ਭਾਵ ਇਹੀ ਹੈ ਕਿ ਗੁਰੂ ਅਰਜਨ ਸਾਹਿਬ ਜੀ ਨੇ ਛਠਮ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਰਾਹੀਂ ਕੇਵਲ ਸਰੀਰਕ ਰੂਪ ਹੀ ਬਦਲਿਆ ਹੈ ਪਰ ਜੋਤਿ ਗੁਰੂ ਨਾਨਕ ਵਾਲੀ ਹੀ ਰਹੀ ਹੈ।

੩. ਦਲਿ ਭੰਜਨ ਗੁਰੁ ਸੂਰਮਾ: ਸੰਨ ੧੬੦੬ ਨੂੰ ਆਪ ਗੁਰਗੱਦੀ 'ਤੇ ਬੈਠਦਿਆਂ ਹੀ

ਆਪਣੇ ਪਿਤਾ ਗੁਰੂ ਅਰਜਨ ਸਾਹਿਬ ਜੀ ਦੇ ਕਹੇ ਹੋਏ ਸ਼ਬਦਾਂ 'ਬੇਟਾ ਜੀ ਹੁਣ ਸ਼ਸਤਰਤਾਰੀ ਹੋਣਾ ਹੈ' ਨੂੰ ਪੱਲੇ ਬੰਨ੍ਹ ਲਿਆ ਕਿਉਂਕਿ ਬਦਲਦੇ ਹੋਏ ਸਮੇਂ ਦੇ ਲੱਛਣ ਇਸ ਦੀ ਮੰਗ ਕਰਦੇ ਸਨ। ਮੈਕਾਲਿਫ ਅਨੁਸਾਰ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਸੇਲੀ ਸੰਭਾਲ ਕੇ ਰੱਖ ਦਿੱਤੀ ਜਾਵੇ। ਉਹਨਾਂ ਦੀ ਸੇਲੀ ਹੁਣ ਤਲਵਾਰ ਦਾ ਗਾਤਰਾ ਹੋਵੇਗੀ ਅਤੇ ਸਿਰ 'ਤੇ ਸ਼ਾਹੀ ਠਾਠ ਦਾ ਚਿੰਨ੍ਹ ਦਸਤਾਰ ਅਤੇ ਕਲਗੀ ਹੋਵੇਗੀ। ਆਪ ਨੇ ਫ਼ੌਜ ਰੱਖਣ ਦਾ ਹੁਕਮ ਕਰ ਦਿੱਤਾ ਅਤੇ ਫ਼ਰਮਾਇਆ, 'ਉਹ ਸਿੱਖ ਮੈਨੂੰ ਹੋਰ ਵੀ ਪਿਆਰਾ ਹੋਵੇਗਾ ਜੋ ਵਧੀਆ ਤੋਂ ਵਧੀਆ ਸ਼ਸਤਰ ਅਤੇ ਘੋੜੇ ਭੇਂਟ ਕਰੇਗਾ। ਅਸਾਂ ਜ਼ੁਲਮ ਅਤੇ ਜਬਰ ਵਿਰੁੱਧ ਦੋ ਹੱਥ ਕਰਨੇ ਹਨ। ਉਹ ਤਲਵਾਰ ਉਦੋਂ ਤਕ ਚੱਲਦੀ ਰਹੇਗੀ ਜਦ ਤਕ ਜ਼ਾਲਮ ਅਤੇ ਜ਼ੁਲਮ ਇਸ ਪਾਵਨ ਧਰਤੀ ਤੋਂ ਸਮਾਪਤ ਨਹੀਂ ਹੋ ਜਾਂਦੇ। ਆਪ ਨੇ ਕਵੀਆਂ ਅਤੇ ਢਾਡੀਆਂ ਤੋਂ ਵੀ ਇਹ ਮੰਗ ਕੀਤੀ, ਉਹ ਕੁਝ ਲਿਖੋ ਅਤੇ ਗਾਓ ਜਿਸ ਨਾਲ ਮਨੁੱਖਤਾ ਦਾ ਜੰਮਿਆ ਹੋਇਆ ਲਹੂ ਗਰਮਾਉਣ ਲੱਗ ਪਵੇ।'

ਗੁਰਗੱਦੀ 'ਤੇ ਬਿਰਾਜਮਾਨ ਹੋਣ ਦੇ ਦੋ ਸਾਲ ਮਗਰੋਂ ਭਾਵ ੧੬੦੬ ਈ. ਨੂੰ ਆਪ ਨੇ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 'ਤਖ਼ਤ ਅਕਾਲ ਬੁੰਗਾ' ਕਾਇਮ ਕੀਤਾ ਜੋ ਅੱਜ ਸ੍ਰੀ ਅਕਾਲ ਤਖ਼ਤ ਦੇ ਪਵਿੱਤਰ ਨਾਮ ਨਾਲ ਸਮੂਹ ਸੰਸਾਰ ਵਿਖੇ ਚਾਨਣ-ਮੁਨਾਰਾ ਬਣ ਰੌਸ਼ਨੀ ਪ੍ਰਦਾਨ ਕਰ ਰਿਹਾ ਹੈ। ਇਸ ਪਾਵਨ ਅਸਥਾਨ ਦੀ ਸਥਾਪਨਾ ਦਾ ਕਾਰਨ ਸੰਸਾਰਿਕ ਅਤੇ ਰਾਜਨੀਤਿਕ ਮਸਲਿਆਂ ਦੇ ਵਿਚਾਰ ਉਪਰੰਤ ਫੈਸਲੇ ਲੈਣਾ ਸੀ। ਇਸੇ ਪਵਿੱਤਰ ਅਸਥਾਨ 'ਤੇ ਬੀਰ-ਰਸੀ ਵਾਰਾਂ ਰਾਹੀਂ ਯੋਧੇ ਅਤੇ ਸੂਰਮੇ ਤਿਆਰ ਹੋਣ ਲੱਗ ਪਏ। ਦੂਰ-ਦੁਰਾਡੇ ਤੋਂ ਸਿੱਖ ਸ਼ਸਤਰਾਂ ਅਤੇ ਘੋੜਿਆਂ ਸਮੇਤ ਭੇਟਾ ਲੈ ਕੇ ਪੁੱਜਣ ਲੱਗੇ ਅਤੇ ਸਤਿਗੁਰਾਂ ਦੀ ਫ਼ੌਜ ਵਿਚ ਭਰਤੀ ਹੋਣ ਲੱਗ ਪਏ। ਬਾਦਸ਼ਾਹ ਵੱਲੋਂ ਸਤਾਏ ਹੋਏ ਬਹੁਤ ਸਾਰੇ ਮੁਗ਼ਲ ਪਠਾਣ ਅਤੇ ਹੋਰ ਲੋਕ ਵੀ ਉਤਸ਼ਾਹ ਤੇ ਚਾਅ ਨਾਲ ਪਾਤਸ਼ਾਹ ਦੇ ਸਿਪਾਹ-ਸਲਾਰ ਬਣ ਗਏ। ਮੁਹਸਨ ਫਾਨੀ ਅਨੁਸਾਰ ਥੋੜ੍ਹੇ ਹੀ ਸਮੇਂ ਵਿਚ ਸਤਿਗੁਰਾਂ ਦੇ ਤਬੇਲੇ 'ਚ ੭੦੦ ਘੋੜੇ ਹੋ ਗਏ। ੧੬੦ ਬੰਦੂਕਚੀ ਦਿਖਾਈ ਦੇਣ ਲੱਗੇ। ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਪੱਖ ਤੋਂ ਆਪ ਨੇ ਛੇਤੀ ਹੀ ਇਕ ਕਿਲ੍ਹਾ (ਲੋਹਗੜ੍ਹ) ਵੀ ਬਣਾਇਆ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਇਹ ਸੈਨਿਕਤਾ ਅਤੇ ਫ਼ੌਜਾਂ ਦੀ ਤਿਆਰੀ ਦਾ ਮਨੋਰਥ ਕੇਵਲ ਜਬਰ ਤੇ ਜ਼ੁਲਮ ਵਿਰੁੱਧ ਗਰੀਬ ਅਤੇ ਧਰਮ ਦੀ ਰੱਖਿਆ ਲਈ ਹੀ ਸੀ ਤੇ ਨਿਤਾਣੀ ਅਤੇ ਨਿਆਸਰੀ ਹੋਈ ਭਾਰਤੀ ਜਨਤਾ 'ਚ ਸਵੈਮਾਨ ਅਤੇ ਅਣਖ ਦੀ ਰੂਹ ਫੂਕਣ ਲਈ ਸੀ। ਡਾ. ਗੋਕਲ ਚੰਦ ਨਾਰੰਗ ਅਨੁਸਾਰ, 'ਗੁਰੂ ਹਰਿਗੋਬਿੰਦ ਜੀ ਦਾ ਮਨੋਰਥ ਸ਼ਾਹੀ ਫ਼ੌਜਾਂ 'ਤੇ ਜਿੱਤ ਪ੍ਰਾਪਤ ਕਰਨ ਦਾ ਨਹੀਂ ਸੀ ਬਲਕਿ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਉਹਨਾਂ ਦਾ ਮਨੋਰਥ ਆਪਣੇ ਸਮੇਂ ਦੀ ਤਾਕਤਵਾਰ ਤੇ ਬਲਵਾਨ ਇਕ ਵੱਡੀ ਹਕੂਮਤ ਵਿਰੁੱਧ ਟੱਕਰ ਲੈ ਕੇ ਉਸ ਦਾ ਇਹ ਭਰਮ ਚੂਰ-ਚੂਰ ਕਰਨਾ ਸੀ ਕਿ ਉਸ ਅੱਗੇ ਕੋਈ ਠਹਿਰ ਨਹੀਂ ਸਕਦਾ ਅਤੇ ਨਾ ਹੀ ਜਿੱਤ ਪ੍ਰਾਪਤ ਕਰ ਸਕਦਾ ਹੈ। ਗੁਰੂ ਜੀ ਨੇ ਸੰਸਾਰ ਨੂੰ ਰੌਸ਼ਨ ਕਰ ਦਿੱਤਾ ਕਿ ਅਕਾਲ ਪੁਰਖ ਦਾ ਆਸਰਾ ਲੈ ਕਰਕੇ ਸੱਚ ਅਥਵਾ ਧਰਮ ਦੀ ਰੱਖਿਆ ਲਈ ਮਨੁੱਖ ਵੱਡੀ ਤੋਂ ਵੱਡੀ ਤਾਕਤ ਵਿਰੁੱਧ

ਵੀ ਖੜ੍ਹਾ ਹੋ ਸਕਦਾ ਹੈ ਅਤੇ ਅੰਤ ਸੱਚ ਦੀ ਫ਼ਤਹਿ ਹੁੰਦੀ ਹੈ। ਇਸ ਤਰ੍ਹਾਂ ਗੁਰੂ ਜੀ ਨੇ ਦੇਸ਼ ਦੇ ਆਤਮ-ਵਿਸ਼ਵਾਸ ਤੇ ਅਣਖ ਨੂੰ ਸੁਰਜੀਤ ਕੀਤਾ। ਨਿਰਸੰਦੇਹ ਆਪ ਦੀ ਇਹ ਦੇਣ ਸੁਨਹਿਰੀ ਅੱਖਰਾਂ ਰਾਹੀਂ ਲਿਖਣ ਯੋਗ ਹੈ।

ਇਥੇ ਹੀ ਬਸ ਨਹੀਂ, ਆਪ ਜੀ ਦੀ ਸੈਨਿਕਤਾ ਤੋਂ ਪ੍ਰਭਾਵਤ ਹੋ ਕੇ ਮਹਾਂਰਾਸ਼ਟਰ ਦੇ ਮੰਨੇ-ਪ੍ਰਮੰਨੇ ਸੰਤ ਰਾਮਦਾਸ ਸਮਰਥ ਨੇ ਸ਼ਿਵਾ ਜੀ ਮਰਹੱਟਾ ਨੂੰ ਅਸ਼ੀਰਵਾਦ ਤੇ ਉਪਦੇਸ਼ ਦੇ ਕੇ ਸਮੇਂ ਦੀ ਹਕੂਮਤ ਵਿਰੁੱਧ ਜੂਝਣ ਲਈ ਇਕ ਤਕੜੀ ਲਹਿਰ ਪੈਦਾ ਕਰਨ ਦੇ ਯੋਗ ਬਣਾਇਆ। ਪੰਜਾਬ ਵਿਚ ਸਿੱਖ ਲਹਿਰ ਅਤੇ ਮਹਾਂਰਾਸ਼ਟਰ 'ਚ ਮਰਹੱਟਾ ਲਹਿਰ ਨਿਸ਼ਚੇ ਹੀ ਦੇਸ਼ ਦੀ ਆਜ਼ਾਦੀ ਲਈ ਮਹੱਤਵਪੂਰਨ ਅਤੇ ਬੁਨਿਆਦੀ ਲਹਿਰਾਂ ਸਾਬਤ ਹੋਈਆਂ ਜਿਸ ਕਾਰਨ ਦੇਸ਼-ਵਾਸੀਆਂ ਨੂੰ ਛਠਮ ਪੀਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸਦਾ ਹੀ ਰਿਣੀ ਹੋਣਾ ਚਾਹੀਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸੂਰਮਗਤੀ ਨੂੰ ਵੇਖ ਕੇ ਆਪ ਨੂੰ ਸਿੱਖ ਇਤਿਹਾਸ ਵਿਖੇ ਤੇਗ਼ਜਨ ਅਥਵਾ ਤੇਗ਼ ਦੇ ਧਨੀ ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ।

੪. ਵਡ ਜੋਧਾ ਬਹੁ ਪਰਉਪਕਾਰੀ: ਸੰਸਾਰ ਵਿਚ ਅਜਿਹੇ ਸੂਰਮਿਆਂ ਦੀ ਗਿਣਤੀ ਉਂਗਲਾਂ 'ਤੇ ਕਰਨ ਜੋਗੀ ਹੈ ਜੋ ਯੋਧੇ ਹੋਣ ਦੇ ਨਾਲ ਪਰਉਪਕਾਰੀ ਵੀ ਹੋਣ। ਛਠਮ ਪੀਰ ਜਿੱਥੇ ਇਕ ਮਹਾਨ ਯੋਧੇ ਸਨ, ਉੱਥੇ ਉਤਨੇ ਹੀ ਪਰਉਪਕਾਰੀ ਵੀ ਸਨ। ਹੇਠ ਲਿਖੀਆਂ ਇਤਿਹਾਸਕ ਘਟਨਾਵਾਂ ਇਸ ਪ੍ਰਥਾਇ ਮੂੰਹੋਂ ਬੋਲਦੀਆਂ ਹਨ:

(ੳ) ਜਦ ਜਹਾਂਗੀਰ ਨੇ ਸਾਈਂ ਮੀਆਂ ਮੀਰ ਅਤੇ ਨੂਰ ਜਹਾਨ ਆਦਿ ਗੁਰੂ ਸ਼ਰਧਾਲੂਆਂ ਦੀ ਪ੍ਰੇਰਨਾ ਰਾਹੀਂ ਆਪਣੀ ਭੁੱਲ ਮਹਿਸੂਸ ਕਰਕੇ ਗਵਾਲੀਅਰ ਦੇ ਕਿਲ੍ਹੇ ਤੋਂ ਸਤਿਗੁਰਾਂ ਦੀ ਰਿਹਾਈ ਦੇ ਹੁਕਮ ਦਿੱਤੇ ਤਾਂ ਪਰਉਪਕਾਰ ਦੇ ਮੁਜੱਸਮੇ ਗੁਰੂ ਹਰਿਗੋਬਿੰਦ ਜੀ ਨੇ ੫੨ ਬੰਦੀ ਰਾਜਿਆਂ ਦੀ ਪੁਕਾਰ ਅਨੁਸਾਰ ਆਪਣੀ ਰਿਹਾਈ ਦੀ ਸ਼ਰਤ ਵੀ ਰੱਖ ਦਿੱਤੀ ਅਤੇ ੫੨ ਕਲੀਆਂ ਵਾਲਾ ਚੋਗਾ ਪਹਿਨ ਕੇ ਸਾਰੇ ਬੰਦੀ ਰਾਜਿਆਂ ਸਮੇਤ ਹੀ ਕਿਲ੍ਹੇ ਤੋਂ ਬਾਹਰ ਆਏ। ਇਸੇ ਕਾਰਨ ਹੀ ਆਪ ਜੀ ਨੂੰ 'ਬੰਦੀ ਛੋੜ ਸਤਿਗੁਰੂ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

(ਅ) ਚੌਥੀ ਜੰਗ ਸਮੇਂ ਜਦ ਹੰਕਾਰੇ ਅਤੇ ਲੂਣ-ਹਰਾਮੀ ਪੈਂਦੇ ਖਾਂ ਨੇ ਗੁਰੂ ਸਾਹਿਬ ਨੂੰ ਆਮਣੇ-ਸਾਹਮਣੇ ਹੋ ਯੁੱਧ ਦੀ ਚੁਨੌਤੀ ਦਿੱਤੀ ਤਾਂ ਸਤਿਗੁਰਾਂ ਨੇ ਕਿਹਾ 'ਤੂੰ ਫਿਰ ਵੀ ਸਾਡਾ ਸੇਵਕ ਰਿਹਾ ਹੈਂ ਅਤੇ ਅਸਾਂ ਹੀ ਤੈਨੂੰ ਪਾਲ-ਪਲੋਸ ਕੇ ਯੋਧਾ ਬਣਾਇਆ ਹੈ, ਪਹਿਲਾਂ ਵਾਰ ਕਰ ਲੈ।' ਪੈਂਦੇ ਖਾਂ ਨੇ ਹੇਠ-ਉੱਤੇ ਮਤਵਾਤਰ ਦੋ ਵਾਰ ਕੀਤੇ ਪਰ ਅਸਫਲ ਗਏ। ਜਦ ਤੀਜਾ ਵਾਰ ਵੀ ਨਿਸਫਲ ਹੋ ਗਿਆ ਤਾਂ ਪਾਤਸ਼ਾਹ ਨੇ ਅਜਿਹਾ ਜ਼ੋਰ ਦਾ ਵਾਰ ਕੀਤਾ ਕਿ ਪੈਂਦੇ ਖਾਂ ਅੱਲਾਹ ਨੂੰ ਪਿਆਰਾ ਹੋ ਗਿਆ। ਅੰਤ ਉਸ ਦੀ ਆਤਮਿਕ ਸ਼ਾਂਤੀ ਲਈ ਪ੍ਰਭੂ ਅੱਗੇ ਹੱਥ ਜੋੜ ਅਰਦਾਸ ਕੀਤੀ।

(ੲ) ਸਤਿਗੁਰਾਂ ਦਾ ਪ੍ਰੇਮੀ ਇਕ ਮੁਸਲਮਾਨ ਫ਼ਕੀਰ ਬੁੱਢਣ ਸ਼ਾਹ ਕੀਰਤਪੁਰ ਦੇ ਨੇੜੇ ਨਿਵਾਸ ਰੱਖਦਾ ਸੀ। ਉਹ ਅੰਤਮ ਸਮੇਂ ਗੁਰੂ ਸਾਹਿਬ ਦੇ ਪਾਵਨ ਦਰਸ਼ਨਾਂ ਲਈ ਤਾਂਘ ਕਰ ਰਿਹਾ

ਸੀ। ਕਹਿੰਦੇ ਨੇ ਦਿਲਾਂ ਨੂੰ ਦਿਲਾਂ ਦੀ ਤਾਂਘ ਹੁੰਦੀ ਹੈ। ਆਪ ਬਿਨਾਂ ਕਿਸੇ ਦੇਰੀ ਦੇ ਆਪਣੇ ਪਿਆਰੇ ਦੀ ਸਬਰ-ਪੂਰਤੀ ਲਈ ਉਸ ਦੇ ਨਿਵਾਸ-ਅਸਥਾਨ 'ਤੇ ਪੁੱਜ ਗਏ। ਉਸ ਦਾ ਸਿਰ ਆਪਣੀ ਗੋਦੀ 'ਚ ਲਿਆ ਅਤੇ ਆਪਣੇ ਪਿਆਰੇ ਦੀ ਮਨੋ-ਕਾਮਨਾ ਪੂਰੀ ਕੀਤੀ। ਛੇਤੀ ਹੀ ਆਪਣੇ ਮੁਰਸ਼ਦ ਦੇ ਦੀਦਾਰੇ ਕਰ ਬੁੱਢਣ ਸ਼ਾਹ ਦੇ ਪ੍ਰਾਣ ਸ਼ਾਂਤ-ਅਵਸਥਾ ਵਿਚ ਪੰਖੇਰੂ ਹੋ ਗਏ।

(ਸ) ਸੰਨ ੧੬੧੬ ਵਿਚ ਪੰਜਾਬ ਦੇ ਬਹੁਤ ਸਾਰੇ ਇਲਾਕੇ ਅਤੇ ਕਸ਼ਮੀਰ ਜਿਹੀ ਸੁੰਦਰ ਧਰਤੀ ਨੂੰ ਗਿਲਟੀ ਤਾਪ ਨੇ ਆ ਘੇਰਿਆ। ਦੀਨ-ਦੁਨੀਆਂ ਦੇ ਦਰਦੀ ਸਤਿਗੁਰਾਂ ਨੇ ਇਸ ਔਖੇ ਸਮੇਂ ਕੁਰਲਾ ਰਹੀ ਮਨੁੱਖਤਾ ਦੇ ਬਚਾਅ ਲਈ ਦਿਨ-ਰਾਤ ਇਕ ਕਰ ਦਿੱਤੇ ਅਤੇ ਦੇਸ-ਦੇਸਾਂਤਰਾਂ ਤੋਂ ਆਉਂਦੇ ਮਾਇਆ ਰੂਪੀ ਦਸਵੰਧ ਨੂੰ ਗਰੀਬਾਂ ਅਤੇ ਦੁਖੀਆਂ ਦੀ ਸਹਾਇਤਾ ਲਈ ਲਾ ਦਿੱਤਾ। ਇਸ ਪਰਉਪਕਾਰ ਦਾ ਸਿੱਟਾ ਇਹ ਨਿਕਲਿਆ ਕਿ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਆਪ ਦੇ ਸ਼ਰਧਾਲੂ ਬਣ ਗਏ ਅਤੇ ਵਧ ਰਹੀ ਸਿੱਖ ਲਹਿਰ ਦੇ ਬੋਲ-ਬਾਲੇ 'ਚ ਹੋਰ ਵਾਧਾ ਹੋ ਗਿਆ।

ਉਪਰੋਕਤ ਦਿੱਤੇ ਸੰਖੇਪ ਵੇਰਵੇ ਅਤੇ ਇਤਿਹਾਸਕ ਘਟਨਾਵਾਂ ਤੋਂ ਇਹ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਛਠਮੁ ਪੀਰ ਅਥਵਾ ਗੁਰੂ ਹਰਿਗੋਬਿੰਦ ਜੀ ਸੂਰਮਗਤੀ ਅਤੇ ਪਰਉਪਕਾਰਤਾ ਦੇ ਮੁਜੱਸਮੇ ਸਨ ਅਤੇ ਉਹਨਾਂ ਨੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਹੋਏ ਸਰਬ-ਪ੍ਰਵਾਨ ਮਿਸ਼ਨ ਨੂੰ ਸਮੇਂ ਦੀਆਂ ਡਾਢੀਆਂ ਵੰਗਾਰਾਂ ਅਤੇ ਚਨੌਤੀਆਂ ਨਾਲ ਟੱਕਰ ਲੈ ਕੇ ਇਕ ਨਵੇਂ ਸਿਖਰ 'ਤੇ ਪਹੁੰਚਾਇਆ।

੬/੧੯੯੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਕਿਲ੍ਹੇ ਦੀ ਗਾਥਾ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ ਤਾਂ ਜੀਵਨ-ਸ਼ੈਲੀ ਵਿਚ ਨਵੀਂ ਵਿਉਂਤਬੰਦੀ ਕਰਨੀ ਪਈ। ਸਾਵਧਾਨੀ ਹਿੱਤ ਇਕ ਸੈਨਿਕ ਸ਼ਕਤੀ ਉਸਾਰਨ ਦੀ ਲੋੜ ਪੈਦਾ ਹੋਈ। ਪੀਰੀ ਦੇ ਸੰਕਲਪ ਦੇ ਨਾਲ-ਨਾਲ ਮੀਰੀ ਦਾ ਸੰਕਲਪ ਹੋਂਦ ਵਿਚ ਆ ਗਿਆ। ਸ਼ਾਸਤਰ ਸਿੱਖਿਆ ਦੇ ਨਾਲ-ਨਾਲ ਸ਼ਸਤਰਾਂ ਦੀ ਸਿਖਲਾਈ ਦਿੱਤੀ ਜਾਣ ਲੱਗੀ। ਬਲਵਾਨ ਫੁਰਤੀਲੇ ਘੋੜੇ, ਤੇਜ਼ ਤਲਵਾਰਾਂ ਨੇਜ਼ੇ ਤੇ ਭਾਲੇ ਅਰਪਣ ਹੋਣ ਲੱਗੇ। ਭਗਤੀ ਦੇ ਨਾਲ-ਨਾਲ ਬਾਹੂ-ਬਲ, ਸ਼ਕਤੀ ਦਾ ਪਰਗਟਾਓ ਪ੍ਰਚੰਡ ਹੋਣ ਲੱਗਾ।

ਸ਼੍ਰੋਮਣੀ ਕਵੀ ਭਾਈ ਸੰਤੋਖ ਸਿੰਘ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ ਕਿ ਗੁਰੂ-ਘਰ ਦਾ ਕੱਟੜ ਵਿਰੋਧੀ ਚੰਦੂ ਸ਼ਾਹ ਦੀਵਾਨ ਦਵੈਸ਼ ਭਾਵਨਾ ਨਾਲ ਓਤਪੋਤ ਸੀ। ਉਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇਜ਼-ਪਰਤਾਪ ਵਧਦਾ ਦਿਸਿਆ ਤਾਂ ਉਸ ਨੇ ਗੁਰੂ ਸਾਹਿਬ ਦੇ ਬਰਖ਼ਿਲਾਫ ਸਾਜ਼ਿਸ ਰਚੀ ਤੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ-ਬਾਦਸ਼ਾਹ ਸਲਾਮਤ! ਆਪ ਦੇ ਨਿਆਂਕਾਰੀ ਜਹਾਂਗੀਰੀ ਰਾਜ ਦੇ ਸੂਬਾ ਲਾਹੌਰ ਵਿਚ ਹਾਲਾਤ ਸਮਾਨਯ ਨਹੀਂ ਹਨ। ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਨੌਜਵਾਨ, ਗੁਰੂ ਸਪੁੱਤਰ ਸ੍ਰੀ (ਗੁਰੂ) ਹਰਿਗੋਬਿੰਦ ਬਿਰਾਜਮਾਨ ਹਨ। ਉਨ੍ਹਾਂ ਦੇ ਹੈਰਾਨਕੁੰਨ ਹੁਕਮਾਂ ਅਤੇ ਅਜਬ ਕਾਰ-ਵਿਹਾਰ ਬਾਰੇ ਲਾਹੌਰ ਤੋਂ ਖ਼ਬਰਾਂ ਆਈਆਂ ਹਨ ਕਿ ਉੱਥੇ ਨਵੀਂ ਤਰ੍ਹਾਂ ਦੀ ਤਰਕੀਬ ਰਚ ਲਈ ਗਈ ਹੈ; ਗੁਰਤਾਗੱਦੀ ਦਾ ਨਾਮ ਤਖ਼ਤ ਫ਼ਰਮਾਇਆ ਹੈ। ਬਿਰਾਜਮਾਨ ਛੇਵੇਂ ਗੁਰੂ ਦਾ ਧਿਆਨ ਜ਼ਿਆਦਾਤਰ, ਸ਼ਸਤਰ ਵਿੱਦਿਆ 'ਤੇ ਕੇਂਦਰਿਤ ਹੈ। *'ਤਜਯੋ ਫਕੀਰੀ ਕੋ ਬਹੁ ਭੇਸ'* ਉਸ ਨੇ ਕਦੀਮੀਂ ਚਲਿਆ ਆਉਂਦਾ ਫਕੀਰੀ ਲਿਬਾਸ ਤਿਆਗ ਦਿੱਤਾ ਹੈ ਤੇ ਸ਼ਸਤਰਧਾਰੀ ਤੇ ਸ਼ਾਹੀ ਸਰੂਪ ਧਾਰਨ ਕਰ ਲਿਆ ਹੈ। ਹਜ਼ੂਰ! ਉਹ ਬਾ-ਖਾਸੂਸ ਬਾਦਸ਼ਾਹਿਤ ਦੀ ਬਰਾਬਰੀ ਕਰਨਾ ਚਾਹੁੰਦਾ ਹੈ। ਜੰਗ ਕਰਨ ਦੇ ਮਨਸੂਬੇ ਨਾਲ ਸੈਨਾ ਤਿਆਰ ਹੋ ਰਹੀ ਹੈ। ਛੇਵੇਂ ਗੁਰੂ ਦਿਨ-ਬ-ਦਿਨ ਤਰ੍ਹਾਂ-ਤਰ੍ਹਾਂ ਦੇ ਸੂਰਮੇ ਇਕੱਤਰ ਕਰ ਰਿਹਾ ਹੈ। ਅੰਮ੍ਰਿਤਸਰ ਦੀ ਸੁਰੱਖ਼ਿਆ ਲਈ ਕਿਲ੍ਹਾ ਤਾਮੀਰ ਹੋ ਚੁੱਕਿਆ। ਇੱਥੇ ਹੀ ਬੱਸ ਨਹੀਂ *'ਕਹਿਵਾਵਨਿ ਲਾਗਯੋ ਪਾਤਸ਼ਾਹੂ'* ਉਹ ਆਪਣੇ ਆਪ ਨੂੰ 'ਪਾਤਸ਼ਾਹ' ਅਖਵਾਉਣ ਲੱਗ ਪਿਆ ਹੈ। ਜੰਗੀ ਮਸ਼ਕਾਂ ਸ਼ੁਰੂ ਹਨ। ਹੇ ਬਾਦਸ਼ਾਹ ਸਲਾਮਤ! ਅਜਿਹਾ ਨਾ ਹੋਵੇ ਕੱਲ੍ਹ ਨੂੰ ਕੋਈ ਬਖੇੜਾ ਖੜ੍ਹਾ ਹੋ

ਜਾਵੇ। ਆਪ ਜਾਂ ਤਾਂ ਸੈਨਾ ਦੀ ਚੜ੍ਹਾਈ ਕਰਕੇ ਉਨ੍ਹਾਂ ਗ੍ਰਿਫ਼ਤਾਰ ਕਰ ਲਵੋ ਜਾਂ ਫਿਰ ਕੋਈ ਮੁਹਤਬਰ, ਸੂਝਵਾਨ ਬੰਦਾ ਭੇਜ ਕੇ ਉਨ੍ਹਾਂ ਨੂੰ ਆਪਣੇ ਪਾਸ ਦਿੱਲੀ ਦਰਬਾਰ ਬੁਲਾ ਲਿਆ ਜਾਵੇ; ਇਸ ਤਰ੍ਹਾਂ *'ਦਬਯੋ ਰਹੇ ਨਹੀਂ ਧੁੰਦ ਉਠਾਵੈ'* ਉਹ ਮੁਗ਼ਲ ਸਾਮਰਾਜ ਦੇ ਪ੍ਰਭਾਵ ਹੇਠ ਰਹਿਣਗੇ।

ਮਹਿਮਾ ਪ੍ਰਕਾਸ਼ ਅਤੇ ਮਹਿਮਾ ਪ੍ਰਕਾਸ਼ (ਵਾਰਤਕ) ਜੋ ਸਿੱਖ ਇਤਿਹਾਸ ਦੇ ਪੁਰਾਤਨ ਪ੍ਰਮਾਣਿਕ ਸ੍ਰੋਤ ਮੰਨੇ ਜਾਂਦੇ ਹਨ, ਇਨ੍ਹਾਂ ਲੋੜਾਂ ਨੇ ਗੁਰੂ ਸਾਹਿਬ ਨੂੰ ਕਿਲ੍ਹੇ ਅੰਦਰ ਡੱਕਣ ਦਾ ਕਾਰਨ ਮਹਿਜ ਚੰਦੂ ਸ਼ਾਹ ਦੀਵਾਨ ਦੇ ਹੱਥ ਨਹੀਂ, ਸਗੋਂ ਇਸਲਾਮੀ ਕੂਟਨੀਤੀ ਦੱਸਿਆ ਹੈ। ਇਨ੍ਹਾਂ ਸ੍ਰੋਤਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਲ੍ਹੇ 'ਚ ਕੈਦ ਕਰਨ ਦਾ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੀਤੇ ਜੁਰਮਾਨੇ ਦੀ ਰਕਮ ਨਾ ਅਦਾ ਕਰਨਾ ਦਰਸਾਇਆ।

ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦੇ ਪ੍ਰਸੰਗ ਨੂੰ ਉਸ ਰਹਿੰਦੇ ਜੁਰਮਾਨੇ ਵਾਲੀ ਗੱਲ ਨਾਲ ਜੋੜ ਕੇ ਅੱਗੇ ਵਖਿਆਨ ਕਰਦਾ ਹੋਇਆ ਪੁਸ਼ਟੀ ਕਰਦਾ ਲਿਖਦਾ ਹੈ-ਅਕਬਰ ਦੀ ਮੌਤ ਤੋਂ ਬਾਅਦ ਦੇਸ਼ ਦੇ ਹਾਲਾਤ ਖਰਾਬ ਹੋ ਗਏ ਤਾਂ ਬਾਦਸ਼ਾਹ ਜਹਾਂਗੀਰ ਨੂੰ ਕਾਬਲ ਕੰਧਾਰ ਵੱਲ ਜਾਣਾ ਪਿਆ। ਫਿਰ ਉਹ ਵਾਪਸੀ ਵੇਲੇ ਲਾਹੌਰ ਆਇਆ ਤਾਂ ਉਸ ਨੇ ਹੁਕਮ ਫ਼ਰਮਾਇਆ- ਅਸੀਂ ਹੁਣ ਅੱਗੇ ਰਾਜਧਾਨੀ ਆਗਰਾ ਜਾਣਾ ਹੈ, ਮੁਲਕ ਵਿਚ ਜੋ ਵਸੂਲ ਹੋਣ ਜੋਗ ਉਗਰਾਹੀ ਬਾਕੀ ਹੈ ਤੁਰੰਤ ਉਗਰਾਹੀ ਜਾਵੇ ਤਾਂ ਉਸ ਦੇ ਅਧਿਕਾਰੀਆਂ ਨੇ ਸਾਰੀ ਰਕਮ ਉਗਰਾਹੁਣ ਦਾ ਪ੍ਰਬੰਧ ਕਰ ਕੇ ਉਨ੍ਹਾਂ ਨੇ ਗੁਰੂ-ਘਰ ਜ਼ਿੰਮੇ ਰਹਿੰਦੀ ਬਕਾਇਆ ਰਕਮ ਦਾ ਵੇਰਵਾ ਵੀ ਬਾਦਸ਼ਾਹ ਕੋਲ ਲਿਖ ਕੇ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਰਕਮ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਰਨੀ ਸੀ, ਉਹ ਅਜੇ ਅਦਾ ਕਰਨੀ ਬਾਕੀ ਹੈ। ਬਾਦਸ਼ਾਹ ਨੇ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਉਸੀ ਵਕਤ ਲਾਹੌਰ ਬੁਲਾ ਲਿਆ। ਗੁਰੂ ਜੀ ਹਾਜ਼ਰ ਹੋਏ ਤਾਂ ਉਨ੍ਹਾਂ ਦਾ ਜਾਹੋ-ਜਲਾਲ, ਸ਼ਾਹੀ ਲਿਬਾਸ, ਹੇਠ ਇਰਾਕੀ ਘੋੜਾ ਤੇ ਮਹਿੰਗੇ ਗਹਿਣੇ ਵਸਤਰ ਸ਼ਸਤਰ ਵੇਖ ਕੇ ਮੁਗ਼ਲ ਦਰਬਾਰ ਦੇ ਹਾਕਮ ਸਾਰੇ ਹੱਕੇ-ਬੱਕੇ ਰਹਿ ਗਏ। ਬਾਦਸ਼ਾਹ ਖੁਦ ਵੀ, ਗੁਰੂ ਜੀ ਦੀ ਇਸ ਕਦਰ ਸ਼ਾਨੋ-ਸ਼ੌਕਤ ਵੇਖ ਕੇ ਵੱਟ ਖਾ ਗਿਆ। ਜਦ ਗੁਰੂ ਜੀ ਨੂੰ ਰਕਮ ਦੇਣ ਲਈ ਕਿਹਾ ਗਿਆ ਤਾਂ ਗੁਰੂ ਜੀ ਨੇ ਰਕਮ ਦੇਣ ਤੋਂ ਜਵਾਬ ਦੇ ਦਿੱਤਾ। ਉਸ ਵੇਲੇ ਇਕ ਵੱਡੀ ਸਾਜਿਸ਼ ਤਹਿਤ ਅਮੀਰਾਂ-ਵਜ਼ੀਰਾਂ ਮਸਲਤ ਕੀਤੀ ਤੇ ਬਾਦਸ਼ਾਹ ਅੱਗੇ ਅਰਜ਼ ਕੀਤੀ—ਬਾਦਸ਼ਾਹ ਸਲਾਮਤ ਸਾਰਾ ਮੁਲਕ ਆਪ ਦੀ ਬਾਦਸ਼ਾਹਿਤ ਦੇ ਅਧੀਨ ਹੈ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਹੀ ਬਲੀ ਬਲਵਾਨ ਹਨ। ਥੋੜ੍ਹੇ ਚਿਰ ਵਿਚ ਹੀ ਵੱਡੀ ਫ਼ੌਜੀ ਸ਼ਕਤੀ ਹਾਸਲ ਕਰ ਗਏ ਹਨ। ਬਹੁਤ ਮੁਰੀਦ ਇਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ। ਇਹ ਜਦ ਵੀ ਚਾਹੁਣ ਇਧਰ ਬਖੇੜਾ ਖੜ੍ਹਾ ਕਰ ਸਕਦੇ ਹਨ। ਇਸ ਲਈ ਇਨ੍ਹਾਂ 'ਤੇ ਚੌਕੀ ਨਾਫਿਜ਼ ਕਰ ਦਿੱਤੀ ਜਾਵੇ। ਇਨ੍ਹਾਂ ਨੂੰ ਸਰਕਾਰ ਦੀ ਨਿਗਰਾਨੀ ਹੇਠ ਰੱਖਿਆ ਜਾਵੇ। ਤੁਸੀਂ ਇਨ੍ਹਾਂ ਨੂੰ ਆਪਣੇ ਨਾਲ ਹੀ ਰੱਖੋ; ਅਜ਼ਾਦਾਨਾ ਨਾ ਰਹਿਣ ਦਿਉ। ਬਾਦਸ਼ਾਹ ਨੇ ਦਿੱਲੀ ਵੱਲ ਕੂਚ ਕੀਤਾ ਤਾਂ ਉਸ ਵੇਲੇ ਗੁਰੂ ਜੀ ਨੂੰ ਵੀ ਨਾਲ ਲੈ ਗਏ। ਉਸ ਤੋਂ ਅੱਗੇ ਬਾਦਸ਼ਾਹ, ਗੁਰੂ ਜੀ ਨੂੰ ਨਾਲ ਲੈ ਕੇ ਅੱਗੇ ਆਗਰਾ ਚਲਾ ਗਿਆ। ਉੱਥੇ ਵੀ

ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ। ਸਾਰੇ ਸਿੱਖ ਸੇਵਕ ਗੁਰੂ ਜੀ ਨੂੰ ਮਿਲਦੇ ਤਾਂ ਉਹ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ" ਕਹਿ ਕੇ ਪੁਕਾਰਦੇ। ਬਾਦਸ਼ਾਹ ਗੁਰੂ ਦੀ ਉਪਮਾ ਵੇਖ ਕੇ ਮਨ ਹੀ ਮਨ ਦੁਖੀ ਹੁੰਦਾ। ਮਹਿਮਾ ਪ੍ਰਕਾਸ਼ ਵਾਰਤਕ ਦਾ ਲੇਖਕ ਅੱਗੇ ਲਿਖਦਾ ਹੈ- ਤਬ (ਬਾਦਸ਼ਾਹ ਦੇ ਸਲਾਹਕਾਰਾਂ ਨੇ) ਪਾਤਸ਼ਾਹ (ਬਾਦਸ਼ਾਹ) ਨੂੰ ਮਸ਼ਵਰਾ ਦੀਆ; ਜੇ ਗੁਰੂ ਜੀ ਨੂੰ ਬਿਦਿਆ ਨਹੀਂ ਕਰਨੀ ਹੈ ਤਾਂ ਇਨ੍ਹਾਂ ਨੂੰ ਗੁਆਲੇਰ (ਗਵਾਲੀਅਰ) ਭੇਜ ਦੀਜੀਐ, ਈਹਾਂ ਕੌਣ ਇਨ ਕੀ ਨਿਗਾਹਬਾਨੀ ਕਰ ਸਕੇਗਾ? ਤਬ ਪਾਤਸ਼ਾਹ (ਬਾਦਸ਼ਾਹ) ਨੇ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ਅੰਦਰ ਭਿਜਵਾ ਦੀਆ।

ਬਾਦਸ਼ਾਹ ਮਸਤ ਮਨ ਭਾਇਆ।
ਸਤਿਗੁਰ ਜੀ ਗੁਆਲੇਰ ਪਠਾਇਆ॥੨੫॥

ਸ਼ੁਰੂ ਵਿਚ ਭਾਈ ਸੰਤੋਖ ਸਿੰਘ ਦੁਆਰਾ ਇਹ ਦਰਸਾਉਣਾ ਕਿ ਗੁਰੂ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਕੋਲ ਦਿੱਲੀ ਲਿਜਾਉਣ ਤੇ ਫਿਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਡੱਕਣ ਪਿੱਛੇ ਮੁੱਖ ਸ਼ਾਜ਼ਿਸ਼ੀ ਚੰਦੂ ਸ਼ਾਹ ਦੀਵਾਨ ਸੀ। ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦਾ ਸਾਰਾ ਦੋਸ਼ ਦੀਵਾਨ ਚੰਦੂ ਦੇ ਸਿਰ ਮੜ੍ਹਿਆ ਹੈ। ਇਸ ਸਬੰਧੀ ਇਤਿਹਾਸ ਵਿਚ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦ ਮੁਗ਼ਲਾਂ ਦਾ ਫਿਰ ਸਾਰੇ ਕਬਜ਼ਾ ਹੋ ਗਿਆ ਤਾਂ ਸਿੱਖਾਂ 'ਤੇ ਮਹਾਂ ਕਹਿਰ ਢਾਏ ਗਏ; ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ; ਛੋਟਾ ਤੇ ਵੱਡਾ ਘੱਲੂਘਾਰਾ ਵਾਪਰਿਆ; ਸਿੱਖਾਂ ਨੂੰ ਆਪਣੀ ਜਾਨ ਬਚਾਉਣ ਦੇ ਹੀਲੇ ਵਸੀਲੇ ਕਰਨੇ ਪਏ। ਉਸ ਕਾਲੇ-ਕਾਲ ਦੌਰਾਨ ਸਿੱਖ ਇਤਿਹਾਸ ਦੀਆਂ ਜੋ ਵੱਡੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਸਬੰਧੀ ਪ੍ਰਮਾਣਿਕ ਸਰੋਤ ਉਪਲਬਧ ਨਹੀਂ। ਸਮਾਂ ਹੀ ਐਨਾ ਭਿਆਨਕ ਸੀ ਉਸ ਵੇਲੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਤੇ ਛੇਵੇਂ ਪਾਤਸ਼ਾਹ ਦੇ ਸਮੇਂ ਵਾਪਰੀਆਂ ਵੱਡੀਆਂ ਘਟਨਾਵਾਂ ਸਬੰਧੀ ਇਤਿਹਾਸਕ ਖੋਜ ਹੋ ਨਹੀਂ ਸਕੀ ਕਿਉਂਕਿ ਬਹੁਤ ਹੀ ਮੁਸ਼ਕਲ ਭਰਿਆ ਸੀ। ਉਦੋਂ ਤਕ ਮਹੱਤਵ ਪੂਰਨ ਪ੍ਰਸੰਗਾਂ ਬਾਰੇ ਠੋਸ ਵੇਰਵੇ ਨਹੀਂ ਪ੍ਰੰਤੂ ਬਾਅਦ ਵਿਚ ਸਿੱਖ ਇਤਿਹਾਸ ਬਾਰੇ ਨਵੀਨ ਖੋਜਾਂ ਦਾ ਦੌਰ ਚੱਲਿਆ, ਯੂਨੀਵਰਸਿਟੀਆਂ ਤੇ ਵਿੱਦਿਅਕ ਅਦਾਰੇ ਹੋਂਦ ਵਿਚ ਆਏ ਤਦ ਨਵੀਨ ਖੋਜਾਂ ਉਪਰੰਤ ਬਹੁਤ ਮਹੱਤਵਪੂਰਨ ਦਸਤਵੇਜ਼ ਹਾਸਲ ਹੋਏ। ਫਲਸਰੂਪ ਚੰਦੂ ਸ਼ਾਹ ਦੀਵਾਨ ਦੀ ਗੌਣ ਭੂਮਿਕਾ ਬਾਰੇ ਜੋ ਚਿਰਾਂ ਦੀ ਧਾਰਨਾ ਪ੍ਰਚੱਲਤ ਸੀ ਸਭ ਤੋਂ ਪਹਿਲਾਂ ਡਾ. ਗੰਡਾ ਸਿੰਘ ਇਤਿਹਾਸਕਾਰ ਠੋਸ ਤੱਥ ਪੇਸ਼ ਕਰਕੇ ਇਹ ਧਾਰਨਾ ਤੋੜਨ ਦਾ ਯਤਨ ਕੀਤਾ। ਉਸ ਨੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਦੀ ਨਕਲ ਜਨਤਕ ਕੀਤੀ ਜਿਸ ਵਿਚ ਬਾਦਸ਼ਾਹ ਆਪਣੀ ਸਵੈਜੀਵਨੀ ਤੁਜ਼ਕ-ਏ-ਜਹਾਂਗੀਰੀ ਵਿਚ ਹੁਕਮ ਲਿਖਦਾ— "ਮੈਂ ਆਪ ਹੁਕਮ ਦਿੱਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਸਾ ਕਨੂੰਨ ਰਾਹੀਂ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਏ ਉਨ੍ਹਾਂ ਦਾ ਮਾਲ, ਜਾਇਦਾਦ ਮੁਰਤਜ਼ਾ ਖਾਨ ਜ਼ਬਤ ਕਰ ਲਵੇ। ਇਸ ਤੋਂ ਇਲਾਵਾ ਸ਼ੇਖ ਅਹਿਮਦ ਫਰੂਕੀ ਸਰਹਿੰਦੀ ਜੋ ਬਹੁਤ ਹੀ ਕੱਟੜ, ਸੁੰਨੀ ਪ੍ਰਚਾਰਕ, ਤਕਸ਼ਬੰਦੀ ਸਿਲਸਲੇ ਦਾ ਮੁਖੀ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਨੇੜੇ ਸੀ ਉਸ ਦੀ ਚਿੱਠੀ ਵੀ ਲੋਕਾਂ ਵਿਚ ਨਸ਼ਰ (ਪ੍ਰਸਾਰਤ) ਕੀਤੀ, ਜਿਸ ਵਿਚ ਉਹ ਗੁਰੂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਣ 'ਤੇ ਖੁਸ਼ੀ 'ਚ ਬਾਦਸ਼ਾਹ ਨੂੰ ਚਿੱਠੀ ਲਿਖਦਾ, 'ਆਖਦਾ ਆਪ ਨੇ

ਕਾਫਰਾਂ ਦੇ ਆਗੂ ਨੂੰ ਮਾਰਨ ਦਾ ਬਹੁਤ ਚੰਗਾ ਕੰਮ ਕੀਤਾ। ਹਰ ਮੁਸਲਮਾਨ ਦਾ ਫਰਜ਼ ਹੈ ਕਾਫਿਰਾਂ ਨੂੰ ਮਾਰੇ।' ਡਾ. ਗੰਡਾ ਸਿੰਘ ਨੇ ਇਹ ਠੋਸ ਪ੍ਰਮਾਣ ਪੇਸ਼ ਕਰ ਕੇ ਪਹਿਲਾਂ ਵਾਲੇ ਸਾਰੇ ਭਰਮ ਉਹਲੇ ਦੂਰ ਕਰਨ ਦੇ ਯਤਨ ਕੀਤੇ। ਉਸ ਨੇ ਸਾਬਤ ਕੀਤਾ ਕਿ ਗੁਰੂ ਸਾਹਿਬ ਜੀ ਦੇ ਗਵਾਲੀਅਰ ਜਾਣ ਦੀ ਘਟਨਾ ਤੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਪਿੱਛੇ ਮੁਗ਼ਲ ਸਰਕਾਰ ਦਾ ਵੱਡਾ ਰੋਲ ਸੀ ਨਾ ਕਿ ਚੰਦੂ ਸ਼ਾਹ ਦੀਵਾਨ ਦਾ। ਚੰਦੂ ਦੀਵਾਨ ਤਾਂ ਮਾਤਰ ਉਸ ਵੇਲੇ ਦਾ ਮਾਮੂਲੀ ਅਧਿਕਾਰੀ ਸੀ।

ਫਿਰ ਜਦ ਗੁਰੂ ਜੀ ਨੂੰ ਮਿੱਥੇ ਸਮੇਂ ਅੰਦਰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਨਾ ਕੀਤਾ ਗਿਆ ਤੇ ਗੁਰੂ ਸਾਹਿਬ ਦਾ ਵਿਛੋੜਾ ਦਿਨ-ਬ-ਦਿਨ ਮਹੀਨਿਆਂ ਬੱਧੀ ਬਹੁਤ ਹੀ ਲੰਮਾ ਹੁੰਦਾ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਬਾਰੇ ਬੇ-ਯਕੀਨੀ ਬਣਨ ਲੱਗੀ ਤਾਂ ਸਿੱਖਾਂ ਵਿਚ ਚਿੰਤਾ ਪਸਰ ਗਈ। ਇਹ ਸੰਸਾ ਹੋਣ ਲੱਗਾ ਕਿ ਗੁਰੂ ਸਹਿਬ ਜੀ ਦੀ ਮੌਜੂਦਗੀ ਤੋਂ ਬਗ਼ੈਰ ਕਿਤੇ ਸਿੱਖ- ਸੰਗਤ ਗੁਰੂ-ਘਰ ਤੋਂ ਵਿਸਰ ਕੇ ਦੂਜੇ ਵਿਰੋਧੀ ਮੀਣਿਆਂ ਦੀ ਅਗਵਾਈ ਵੱਲ ਨਾ ਚਲੀ ਜਾਵੇ, ਦੂਜੇ ਪਾਸੇ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਲਾ ਦਿੱਤਾ ਹੈ, ਉਸ ਦੇ ਜਾਰੀ ਹੋ ਰਹੇ ਸਖ਼ਤ ਆਦੇਸ਼ ਅਤੇ ਧਮਕੀਆਂ ਕਿਧਰੇ ਸਿੱਖਾਂ ਦੇ ਉਤਸ਼ਾਹ ਨੂੰ ਫਿੱਕਾ ਨਾ ਪਾ ਦੇਣ। ਤਦ ਬਾਬਾ ਬੁੱਢਾ ਜੀ ਤੇਂ ਭਾਈ ਗੁਰਦਾਸ ਜੀ ਨੇ ਸੰਗਤਾਂ ਦੇ ਹੌਸਲੇ ਬੁਲੰਦ ਰੱਖਣ ਤੇ ਗੁਰੂ-ਘਰ ਨਾਲ ਜੋੜੀ ਰੱਖਣ ਦੇ ਇਰਾਦੇ ਨਾਲ ਚੌਕੀਆਂ ਦੀ ਮਰਯਾਦਾ ਚਲਾ ਦਿੱਤੀ। ਉਹ ਚੌਕੀਆਂ ਬਣਾ ਕੇ ਪੰਜਾਬ ਦੇ ਪਿੰਡ-ਪਿੰਡ ਮਸ਼ਾਲਾਂ ਭੇਜਦੇ। ਸਾਰਾ ਪ੍ਰਚਾਰ ਰਾਤ ਦੇ ਸਮੇਂ ਹੁੰਦਾ। ਫਿਰ ਇਨ੍ਹਾਂ ਚੌਕੀਆਂ ਦਾ ਪ੍ਰੋਗਰਾਮ ਖਾਸ ਜੱਥੇ ਦੇ ਰੂਪ ਵਿਚ ਸ਼ਹਿਰੋਂ-ਸ਼ਹਿਰ ਹੁੰਦਾ ਹੋਇਆ ਗਵਾਲੀਅਰ ਦੇ ਕਿਲ੍ਹੇ ਤਕ ਜਾਣ ਲੱਗਾ। ਸਿੱਖ ਕੀਰਤਨ ਕਰਦੇ ਹੋਏ ਗਵਾਲੀਅਰ ਦੇ ਕਿਲ੍ਹੇ ਤਕ ਪਹੁੰਚਦੇ। ਮੁਸਲਮਾਨ ਲੇਖਕ ਮੁਹਸਨ ਫਾਨੀ ਲਿਖਦਾ ਹੈ ਕਿ ਸਿੱਖ ਗਵਾਲੀਅਰ ਦੇ ਕਿਲ੍ਹੇ ਅੰਦਰ ਡੱਕੇ ਹੋਏ ਗੁਰੂ ਸਾਹਿਬ ਦੇ ਨਮਿਤ ਕਿਲ੍ਹੇ ਦੀਆਂ ਉੱਚੀਆਂ ਕੰਧਾਂ ਨੂੰ ਛੂਹ ਕੇ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਤੇ ਕਿਲ੍ਹੇ ਦੀ ਪਰਕਰਮਾ ਕਰ ਕੇ ਵਾਪਸ ਚਲੇ ਜਾਂਦੇ।

ਏਸੇ ਗੱਲ ਦੀ ਸ਼ਾਹਦੀ ਭਰਦੇ ਹੋਏ 'ਸਹਿਜੇ ਰਚਿਓ ਖਾਲਸਾ' ਦੇ ਰਚਨ ਕਰਤਾ ਸ. ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਜਦ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਸਨ ਤਾਂ ਉਨ੍ਹਾਂ ਦੇ ਪਿਆਰੇ ਸੌ-ਸੌ ਦੇ ਕਾਫਲਿਆਂ ਵਿਚ ਮਹੀਨਿਆਂ ਬੱਧੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਆ-ਆ ਚੁੰਮਦੇ ਰਹੇ। ਰੂਹ ਦੇ ਵੀਰਾਨ ਪਰਦਿਆਂ ਨੂੰ ਚੀਰ ਕੇ ਗੁਰੂ ਜੀ ਨੂੰ ਖ਼ਾਲਸ ਰੂਪ ਵਿਚ ਮਿਲਣ ਦਾ ਇਹ ਇਕ ਨਿਰਾਲਾ ਦ੍ਰਿਸ਼ ਸੀ।

ਜਦ ਇਹ ਜਾਪਣ ਲੱਗਾ ਕਿ ਨਿਕਟ ਭਵਿੱਖ ਵਿਚ ਵੀ ਗੁਰੂ ਸਾਹਿਬ ਦੀ ਰਿਹਾਈ ਲਈ ਕੋਈ ਢਾਰਸ, ਕੋਈ ਕਾਰਗਰ ਵਿਧੀ ਨਹੀਂ ਬਣ ਰਹੀ ਤਾਂ ਸਿੱਖ ਜਗਤ ਵਿਚ ਇਕ ਤਰ੍ਹਾਂ ਦਾ ਫਿਕਰੀ ਦਾ ਅਲਮੀਆ ਬਣ ਗਿਆ। ਜਦ ਗੁਰੂ ਸਾਹਿਬ ਦੀ ਰਿਹਾਈ ਬਾਰੇ ਸਾਰੀਆਂ ਸੋਚਾਂ, ਵਿਚਾਰਾਂ ਰੱਬੀ ਰਜ਼ਾ ਤਕ ਹੀ ਮਹਿਦੂਦ ਹੋ ਗਈਆਂ ਤਾਂ ਉਸ ਵੇਲੇ ਸਮੇਂ ਦੇ ਗੇੜ ਨੇ ਖੁਦ ਹੀ ਸਿੱਖੀ ਸਫਾਂ ਵਿਚ ਮੁੜ ਖੇੜਾ ਲਿਆਉਣ ਵਾਸਤੇ ਇਕ ਅਲੌਕਿਕ ਅਜ਼ਮਤ ਵਰਤਾਈ। ਰੱਬ ਦੀ ਐਸੀ

ਕਰਨੀ ਹੋਈ ਕਿ ਬਾਦਸ਼ਾਹ ਜਹਾਂਗੀਰ ਇਕ ਭਿਆਨਕ ਮਾਨਸਿਕ ਰੋਗ ਦਾ ਸ਼ਿਕਾਰ ਹੋ ਕੇ ਮੰਜੇ 'ਤੇ ਬਿਮਾਰ ਪੈ ਗਿਆ। ਉਸ ਨੂੰ ਸਿਹਤਯਾਬ ਕਰਨ ਦੇ ਸਾਰੇ ਹਰਬੇ-ਹੀਲੇ ਵਰਤੇ ਗਏ ਪਰ ਕੋਈ ਮੋੜਾ ਨਾ ਪਿਆ। ੧੬੧੧ ਈ. ਵਾਲੇ ਸਾਲ ਬਾਦਸ਼ਾਹ ਜਹਾਂਗੀਰ ਦੀ ਚਹੇਤੀ ਬੇਗਮ ਨੂਰਜਹਾਂ ਜੋ ਰਾਜ-ਭਾਗ 'ਤੇ ਪੂਰੀ ਤਰਾਂ ਕਾਬਜ਼ ਹੋ ਗਈ ਸੀ ਤੇ ਬਾਦਸ਼ਾਹ ਉਸ ਦਾ ਪ੍ਰਭਾਵ ਕਬੂਲਦਾ ਹੋਇਆ ਸਾਰਾ ਰਾਜਸੀ ਪ੍ਰਬੰਧ ਉਸ ਦੇ ਹਵਾਲੇ ਕਰ ਚੁੱਕਾ ਸੀ। ਪੂਰਨ ਸ਼ਕਤੀ ਦੇ ਹੁੰਦੇ ਹੋਇਆਂ ਵੀ ਨੂਰਜਹਾਂ ਲਈ ਬਾਦਸ਼ਾਹ ਦੀ ਜੀਵਤ ਹੋਂਦ, ਉਸ ਦੀ ਤੰਦਰੁਸਤੀ ਅਤੀ ਜ਼ਰੂਰੀ ਸੀ। ਸਥਿਤੀ ਨੂੰ ਭਾਂਪਦਿਆਂ ਉਹ ਜਹਾਂਗੀਰ ਦੀ ਸਾਰੀ ਦੇਖ-ਭਾਲ ਖੁਦ ਕਰਨ ਲੱਗੀ। ਹਕੀਮਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਰੋਗ-ਰਹਿਤ ਕਰਨ ਦੇ ਅਨੇਕ ਯਤਨ ਕੀਤੇ। ਜਦ ਸਾਰੀ ਗੱਲ ਵੱਸੋਂ ਬਾਹਰ ਹੋ ਗਈ ਤਾਂ ਬੇਗਮ ਨੂਰ ਜਹਾਂ ਨੇ ਓੜਕ ਪੀਰਾਂ ਫਕੀਰਾਂ ਦਾ ਸਹਾਰਾ ਲੈਣਾ ਉੱਚਿਤ ਜਾਣਿਆ। ਉਹ ਪੀਰਾਂ, ਸੰਤਾਂ ਅੰਦਰ ਸਮੋਈਆਂ ਦੈਵੀ-ਸ਼ਕਤੀਆਂ ਵਿਚ ਵਿਸ਼ਵਾਸ ਰੱਖਣ ਵਾਲੀ ਸੀ।

ਨੂਰ ਜਹਾਂ ਦੇ ਬਚਪਨ ਤੇ ਚੜ੍ਹਦੀ ਜਵਾਨੀ ਦੇ ਦਿਨ ਲਾਹੌਰ ਸ਼ਹਿਰ ਵਿਚ ਬੀਤੇ ਸਨ ਤੇ ਫ਼ਕੀਰਾਂ ਵਿਚ ਸ਼ਰਧਾ ਦੀ ਧਾਰਨਾ ਉਦੋਂ ਤੋਂ ਹੀ ਉਸ ਦੇ ਹਿਰਦੇ ਵਿਚ ਸਮੀ ਸੀ। ਉਹ ਉਨੀਂ ਦਿਨੀਂ ਉੱਥੇ ਲਾਹੌਰ ਵਿਖੇ ਸਾਈਂ ਮੀਆਂ ਮੀਰ ਦੀ ਵੱਡੀ ਸ਼ਰਧਕ ਹੋਣ ਕਰਕੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰੀ ਭਰਿਆ ਕਰਦੀ। ਸਾਈਂ ਮੀਆਂ ਮੀਰ ਜੀ ਉਸ ਵੇਲੇ ਦੇ ਬਹੁਤ ਹੀ ਸਤਿਕਾਰਤ ਪੂਜਨਯੋਗ ਸੂਫੀ ਸੰਤ ਸਨ। ਉਨ੍ਹਾਂ ਦਾ ਮੁਗ਼ਲ ਦਰਬਾਰ ਵਿਚ ਪੂਰਾ ਅਦਬ ਸਤਿਕਾਰ ਤੇ ਉਜਰ ਸੀ। ਸਾਰੇ ਮੁਗ਼ਲ ਬਾਦਸ਼ਾਹ ਉਨ੍ਹਾਂ ਦੇ ਸਨਮੁੱਖ ਗੋਡਾ ਨਿਵਾਉਂਦੇ। ਦੂਜੇ ਪਾਸੇ ਸਾਈਂ ਜੀ ਦਾ ਗੁਰੂ-ਘਰ ਨਾਲ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਬਹੁਤ ਹੀ ਨਜ਼ਦੀਕੀ ਤੇ ਗਹਿਰਾ ਰਿਸ਼ਤਾ ਚਲਿਆ ਆ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦ ਅਕਾਰਨ ਹੀ ਲਾਹੌਰ ਵਿਚ ਅਸਹਿ ਕਸ਼ਟ ਦਿੱਤੇ ਜਾ ਰਹੇ ਸਨ ਤਾਂ ਸਾਈਂ ਜੀ ਸੁਣ ਕੇ ਇਕ ਹਮਦਰਦ ਵਜੋਂ ਮਦਦ ਲਈ ਗੁਰੂ ਜੀ ਕੋਲ ਅੱਪੜੇ ਸਨ। ਜਦ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਨਜ਼ਰਬੰਦ ਸਨ ਤੇ ਜੇਲ ਵਿਚ ਲੰਮਾ ਸਮਾਂ ਹੋ ਗਿਆ ਸੀ ਤਾਂ ਐਨ ਢੁੱਕਵੇਂ ਸਮੇਂ 'ਤੇ ਸਾਈਂ ਮੀਆਂ ਮੀਰ ਲਾਹੌਰ ਤੋਂ ਚੱਲ ਕੇ ਦਿੱਲੀ ਪਹੁੰਚੇ। ਬਿਨਾ ਸ਼ੱਕ ਉਨ੍ਹਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹੇ ਅੰਦਰ ਨਜ਼ਰਬੰਦ ਕਰਨ ਦੇ ਸਾਰੇ ਸਾਜ਼ਿਸ਼ੀ ਪ੍ਰਸੰਗ ਦਾ ਭਲੀ-ਭਾਂਤ ਗਿਆਨ ਸੀ ਕਿਉਂਕਿ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ, ਉਨਾਂ ਵਾਸਤੇ ਕੋਈ ਬਹੁਤਾ ਦੂਰ ਨਹੀਂ ਸੀ। ਗੁਰੂ-ਘਰ ਦੇ ਹਵਾਲੇ ਨਾਲ ਸ੍ਰੀ ਅੰਮ੍ਰਿਤਸਰ ਦੀ ਹਰ ਘਟਨਾ ਬਾਰੇ ਉਨ੍ਹਾਂ ਨੂੰ ਖਬਰ-ਸਾਰ ਹਾਸਲ ਸੀ ਪਰ ਯੋਗ ਮੌਕੇ ਦੀ ਤਲਾਸ਼ ਵਿਚ ਸਨ। ਵਿਦਵਾਨਾਂ ਦਾ ਮਤ ਹੈ ਕਿ ਉਹ ਹੁਣ ਜਦ ਦਿੱਲੀ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤੁਰੰਤ ਰਿਹਾਈ ਦਾ ਯਤਨ ਕੀਤਾ। ਉਧਰ ਜਹਾਂਗੀਰ ਨੂੰ ਜਦ ਸ਼ਾਹੀ ਵੈਦਾਂ ਤੇ ਹਕੀਮਾਂ ਨੇ ਵੀ ਜਵਾਬ ਦੇ ਦਿੱਤਾ ਤੇ ਸਾਰੇ ਹੀਲੇ ਜਦ ਵਿਅਰਥ ਹੋ ਗਏ ਜਾਪੇ ਤਾਂ ਪੀਰਾਂ ਫ਼ਕੀਰਾਂ ਵਿਚ ਆਸਥਾ ਰੱਖਣ ਵਾਲੀ ਬੇਗਮ ਨੂਰ ਜਹਾਂ, ਜਹਾਂਗੀਰ ਨੂੰ ਪੀਰ ਪਾਸ ਲੈ ਆਈ ਜਿਸ ਨੂੰ ਉਹ ਮੰਨਦੀ ਸੀ। ਨੂਰ ਜਹਾਂ ਨੇ ਅਰਜ਼ ਸਲਾਮ ਕਰਨ ਤੋਂ ਬਾਅਦ ਪੀਰ ਪਾਸੋਂ ਜਹਾਂਗੀਰ ਦੀ ਬਿਮਾਰੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਥਨ ਕੀਤਾ- ਇਹ ਬਿਮਾਰੀ ਕਿਸੇ ਪੀਰ ਨੂੰ ਦੁਖ ਦੇਣ ਕਰਕੇ ਹੈ । ਜਦ ਜਹਾਂਗੀਰ

ਨੇ ਪੁੱਛਿਆ ਉਹ ਪੀਰ ਕਿਹੜਾ ਹੈ ਤਾਂ ਕੋਲ ਬੈਠੇ ਸਾਈਂ ਮੀਆਂ ਮੀਰ ਨੇ ਫ਼ਰਮਾਇਆ- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋ ਹੈ ਸੋ ਮਕਬੂਲ ਨੂਰ-ਏ-ਇਲਾਹੀ ਹੈ। ਨੂਰ ਜਹਾਂ, ਆਪਣੇ ਮੁਰਸ਼ਦ ਸਾਈਂ ਮੀਆਂ ਮੀਰ ਦੇ ਮੁੱਖੋਂ ਇਹ ਅਲਫਾਜ਼ ਸੁਣ ਕੇ ਹੈਰਾਨ ਹੋ ਗਈ ਕਿ ਪੀਰ ਸਾਈਂ ਜੀ, ਨੌਜਵਾਨ ਗੁਰੂ ਨੂੰ ਆਪਣੇ ਤੋਂ ਵੀ ਉੱਪਰ ਖੁਦਾ ਰੂਪ ਕਹਿ ਰਹੇ ਹਨ। ਸੁਣ ਕੇ ਨੂਰ ਜਹਾਂ ਦੇ ਮਨ 'ਤੇ ਗਹਿਰਾ ਅਸਰ ਹੋਇਆ ਤੇ ਉਸ ਨੇ ਉਸੀ ਵੇਲੇ ਜਹਾਂਗੀਰ ਨੂੰ ਗੁਰੂ ਜੀ ਰਿਹਾਈ ਬਾਰੇ ਕਿਹਾ:

ਨੂਰ ਜਹਾਂ ਬੇਗਮ ਨੇ ਖਾਵੰਦ ਨੂੰ ਕਿਹਾ ਐਸੇ। ਫਕੀਰ ਜਾਤ ਹੈ ਸਾਈਂ ਦੀ ਸਾਈਂ ਜੈਸੇ।
ਕੈਦ ਨਾ ਕਰੀਏ ਕਹੇ ਕਹਾਏ। ਫਕੀਰੂ ਦੀ ਮਾਰੀ ਕੋਈ ਨਾ ਹਟਾਏ ।੮੧।

ਤਦ ਬਾਦਸ਼ਾਹ ਜਹਾਂਗੀਰ ਨੇ ਉਸੇ ਵੇਲੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਰਿਹਾਈ ਦੇ ਉਪਰੋਕਤ ਸਬੱਬ ਤੋਂ ਇਲਾਵਾ ਵਿਦਵਾਨ ਮਤ ਰੱਖਦੇ ਹਨ ਕਿ ਮੁਗ਼ਲ ਪ੍ਰਸ਼ਾਸਨ ਵਿਚ ਆਈ ਰਾਜਸੀ ਤਬਦੀਲੀ ਵੀ ਕਾਰਨ ਬਣੀ ਹੈ। ਉਨ੍ਹਾਂ ਮੁਤਾਬਕ ਜਦ ਫ਼ਰੀਦ ਖਾਂ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ ਹੁਕਮ ਦਿੱਤਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਜਾਇਦਾਦ, ਮਕਾਨ ਬੱਚੇ ਸਭ ਨੂੰ ਜ਼ਬਤ ਕੀਤਾ ਜਾਵੇ। ਤਦ ਉਸ ਦੀ ਸਪੁਰਦਾਰੀ ਹੇਠ ੧੬੦੬ ਈ. ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਹੋ ਗਈ ਪਰ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪਕੜਨ ਵਿਚ ਅਸਫਲ ਰਿਹਾ ਕਿਉਂਕਿ ਉਸ ਵੇਲੇ ਕਰੀਬਨ ਡੇਢ-ਦੋ ਸਾਲ ਗੁਰੂ ਸਾਹਿਬ ਮਾਲਵਾ ਇਲਾਕਾ ਵਿਚ ਸਿੱਖੀ-ਪ੍ਰਚਾਰ ਦੌਰੇ' ਤੇ ਰਹੇ। ਫਿਰ ਇਸ ਕੱਟੜ ਵਿਰੋਧੀ ਮੁਰਤਜ਼ਾ ਖਾਨ ਨੂੰ ੧੬੦੭ ਈ. ਦੇ ਅਖ਼ੀਰ ਵਿਚ ਗੁਜਰਾਤ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਪਸ ਸ੍ਰੀ ਅੰਮ੍ਰਿਤਸਰ ਆ ਗਏ ਸਨ। ਇਧਰ ੧੬੦੮ ਈ. ਦੇ ਸ਼ੁਰੂ ਵਿਚ ਲਾਹੌਰ ਦਾ ਗਵਰਨਰ ਕੁਲੀਜ਼ ਖਾਨ ਲਾ ਦਿੱਤਾ ਗਿਆ। ਇਹ ਅਕਬਰ ਦਾ ਬਾ-ਖਾਸੂਸ ਬੰਦਾ, ਅਕਬਰੀ ਸਿਧਾਂਤ ਦਾ ਧਾਰਨੀ ਹੋਣ ਕਰਕੇ ਹੋਰ ਧਾਰਮਿਕ ਜਮਾਤਾਂ ਵਿਚ ਦਖ਼ਲ ਨਾ ਦੇਣ ਦੀ ਰੁਚੀ ਵਾਲਾ ਸੀ। ਇਸ ਦੇ ਸਮੇਂ ਸਿੱਖਾਂ ਨੇ ਬਹੁਤ ਰਾਹਤ ਮਹਿਸੂਸ ਕੀਤੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਿੱਖ ਪੰਥ ਨੂੰ ਜਥੇਬੰਦ ਕਰਨ ਦਾ ਬਹੁਤ ਸੁਖਾਵਾਂ ਮੌਕਾ ਮਿਲਿਆ। ਜ਼ਬਰ ਦਾ ਟਾਕਰਾ ਕਰਨ ਲਈ ਹਥਿਆਰਬੰਦ ਸੈਨਾ ਖੜ੍ਹੀ ਕਰਨ ਦੀ ਤਿਆਰੀ ਅਰੰਭੀ ਗਈ। ਬਿਲਾ-ਸ਼ੱਕ ਸ਼ਾਹੀ ਖੁਫੀਆ ਏਜੰਸੀਆਂ, ਬਾਦਸ਼ਾਹ ਜਹਾਂਗੀਰ ਕੋਲ ਸਿੱਖ ਪੰਥ ਦੇ ਪ੍ਰਫੁਲਤ ਹੋਣ ਦੀਆਂ ਖ਼ਬਰਾਂ ਪਹੁੰਚਾ ਰਹੀਆਂ ਸਨ ਪਰ ਉਸ ਵੇਲੇ ਜਹਾਂਗੀਰ ਕਾਠੀਆਵਾੜ ਤੇ ਰਾਜਪੂਤਾਨਾ ਦੇ ਇਲਾਕੇ ਵਿਚ ਹਾਲਾਤ ਨਾ-ਸਾਜਗਾਰ ਹੋਣ ਕਰਕੇ ਬੁਰੀ ਤਰ੍ਹਾਂ ਉਲਝਿਆ ਸੀ ਤੇ ਉਹ ਪੰਜਾਬ ਵੱਲ ਬਹੁਤ ਧਿਆਨ ਨਾ ਦੇ ਸਕਿਆ। ਫਿਰ ਜਦ ਉਸ ਨੂੰ ਉਧਰੋਂ ਰਾਜਪੂਤਾਨੇ ਵੱਲੋਂ ਰਾਹਤ ਮਿਲੀ ਤਾਂ ਉਸ ਨੇ ਪੰਜਾਬ ਵਿਚ ਸਿੱਖੀ ਦੇ ਵਧ ਰਹੇ ਪ੍ਰਚਲਨ ਨੂੰ ਪਹਿਲ ਦੇ ਆਧਾਰ 'ਤੇ ਨਜਿਠਣ ਦਾ ਨਿਰਣਾ ਲਿਆ। ਗੁਰੂ ਸਾਹਿਬ ਦੀ ਵਧਦੀ ਪ੍ਰਭੂਸੱਤਾ ਨੂੰ ਵੇਖਦਿਆਂ ਸਭ ਤੋਂ ਪਹਿਲਾਂ ਉਸ ਨੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਨੂੰ ਬਦਲ ਕੇ ਉਸ ਦੀ ਥਾਂ 'ਤੇ ੧੬੧੧-੧੨ ਈ. ਨੂੰ ਧਾਰਮਿਕ ਜਨੂੰਨੀ ਤੇ

ਕੱਟੜ ਵਿਰੋਧੀ ਸ਼ੇਖ ਫ਼ਰੀਦ ਬੁਖਾਰੀ ਉਰਫ ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ। ਇਹ ਆਪਣੇ ਗਵਰਨਰੀ ਕਾਲ (੧੬੧੨-੧੬੧੮) ਦੌਰਾਨ ਗੁਰੂ-ਘਰ ਦਾ ਸਖ਼ਤ ਵਿਰੋਧੀ ਰਿਹਾ। ਪਰ ਇਹ ਕਾਂਗੜਾ ਦੇ ਕਿਲ੍ਹੇ 'ਤੇ ਫ਼ਤਿਹ ਪਾਉਣ ਲਈ ਸੰਘਰਸ਼ ਕਰਦਾ ਹੋਇਆ ੧੬੧੮ ਈ. ਵਿਚ ਮਰ ਗਿਆ, ਜਿਸ ਦੇ ਹੱਥੋਂ ਪੰਜਵੇਂ ਗੁਰੂਦੇਵ ਜੀ ਦੀ ਸ਼ਹਾਦਤ ਹੋਈ ਅਤੇ ਜਿਸ ਦੁਆਰਾ ਜਹਾਂਗੀਰ ਕੋਲ ਪਹੁੰਚਾਈਆਂ ਸਿੱਖ-ਵਿਰੋਧੀ ਇਤਲਾਹਾਂ 'ਤੇ ਦਖ਼ਲ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਅੰਦਰ ਡੱਕੀ ਰੱਖਿਆ ਗਿਆ; ਇਸ ਮੁਰਤਜ਼ਾ ਖਾਨ ਇਸ ਦੇ ਮਰਨ ਦੀ ਦੇਰ ਸੀ ਕਿ ਸ਼ਾਹੀ ਸਰਕਾਰ ਦਾ ਸਾਰਾ ਵਿਰੋਧ ਮੱਠਾ ਪੈ ਗਿਆ ਤੇ ਗੁਰੂ ਸਾਹਿਬ ਦੀ ਰਿਹਾਈ ਲਈ ਇਕ ਤਰ੍ਹਾਂ ਨਾਲ ਰਾਹ ਅਸਾਨ ਹੋ ਗਿਆ।

ਪਰ ਗੁਰੂ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਲਈ ਉਪਰੋਕਤ ਰਾਜਸੀ ਕਾਰਨਾਂ ਨਾਲੋਂ ਸਿੱਖ ਦੁਨੀਆਂ ਵਿਚ ਹਜ਼ਰਤ ਸਾਈਂ ਮੀਆਂ ਮੀਰ ਜੀ ਦੀ ਨਿਭਾਈ ਭੂਮਿਕਾ ਨੂੰ ਵਧੇਰੇ ਕਾਰਗਰ ਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕਿੰਨਾਂ ਸਮਾਂ ਰਹੇ ਇਸ ਬਾਰੇ ਸਮਕਾਲੀ ਫ਼ਾਰਸੀ ਸਰੋਤ 'ਦਬਿਸਤਾਨ-ਏ-ਮਜਾਹਿਬ' ਲਿਖਦਾ ਹੈ ਕਿ ਗੁਰੂ ਸਾਹਿਬ ੧੨ ਸਾਲ ਕਾਰਾਵਾਸ ਰਹੇ। ਭਾਈ ਸੰਤੋਖ ਸਿੰਘ ਲਿਖਦੇ ਹਨ ਇਹ ਬੰਦੀ ਦਾ ਸਮਾਂ ਚਾਲੀ ਦਿਨ ਸੀ ਜਦ ਕਿ ਇਸ ਵਿਚਾਰ ਦੀ ਹੋਰ ਕਿਸੇ ਪ੍ਰਮਾਣਿਕ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ। ਡਾ. ਤੇਜਾ ਸਿੰਘ ਗੰਡਾ ਸਿੰਘ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਗੁਰੂ ਸਾਹਿਬ ਕੋਈ ਦੋ ਸਾਲ ਦੇ ਕਰੀਬ ਗਵਾਲੀਅਰ ਕਿਲ੍ਹੇ ਵਿਚ ਰਹੇ। ਪਰ ਕੁਲ ਮਿਲਾ ਕੇ ਗੁਰੂ ਸਾਹਿਬ ਜੀ ਦੇ ਬੰਦੀ ਦੇ ਸਮੇਂ ਦੀ ਕੋਈ ਵੀ ਖੋਜਕਾਰ ਨਿਸ਼ਚਤ ਦਲੀਲ ਨਹੀਂ ਦੇ ਸਕਿਆ। ਡਾ. ਕਿਰਪਾਲ ਸਿੰਘ (ਚੰਡੀਗੜ੍ਹ) ਮੁਰਤਜਾ ਖਾਨ ਦੇ ਪੰਜਾਬ ਦਾ ਗਵਰਨਰ ਬਣਨ ਦੇ ਹਵਾਲੇ ਨਾਲ ਆਪਣਾ ਪੱਖ ਰੱਖਦੇ ਹੋਏ ਲਿਖਦੇ ਹਨ, ਗੁਰੂ ਸਾਹਿਬ ੧੬੧੩ ਈਸਵੀ ਨੂੰ ਆਗਰੇ ਤੋਂ ਗਵਾਲੀਅਰ ਜਹਾਂਗੀਰ ਦੀ ਕੈਦ ਵਿਚ ਗਏ। ਫਿਰ ਜਦ ਗੁਰੂ ਘਰ ਦੇ ਵਿਰੋਧੀ ਮੁਰਤਜ਼ਾ ਖਾਨ ਦੀ ੧੬੧੮ ਈਸਵੀ ਦੇ ਅਖ਼ੀਰ 'ਚ ਮੌਤ ਹੋ ਜਾਂਦੀ ਹੈ ਤੇ ਰਾਹ ਸਾਫ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਹੀ ਗੁਰੂ ਸਾਹਿਬ ਦੀ ਰਿਹਾਈ ਹੁੰਦੀ ਹੈ। ਕੋਈ ੬ ਸਾਲ ਕਿਲ੍ਹੇ ਵਿਚ ਕੈਦ ਰਹਿਣ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਦਾ ਸਾਲ ੧੬੧੯ ਈਸਵੀ ਠੀਕ ਜਾਪਦਾ ਜੋ ਪਿਆਰਾ ਸਿੰਘ ਪਦਮ ਦੁਆਰਾ ਸੰਪਾਦਤ ਕੀਤੀ ਪੁਸਤਕ "ਗੁਰੂ ਕੀਆਂ ਸਾਖੀਆਂ" ਨਾਲ ਵੀ ਮੇਲ ਖਾਂਦਾ ਹੈ। ਪਦਮ ਅਨੁਸਾਰ ਗੁਰੂ ਸਾਹਿਬ ਜੀ ਦੀ ਰਿਹਾਈ ਹਿੰਦੀ ਰਾਜਿਆਂ ਨਾਲ ਗਵਾਲੀਅਰ ਦੇ ਕਿਲ੍ਹੇ ਤੋਂ ਕੱਤਕ ੧੬੭੬ ਬਿਕ੍ਰਮੀ ਭਾਵ ੨੮ ਅਕਤੂਬਰ ਦੀਵਾਲੀ ਵਾਲੇ ਦਿਨ ਹੋਈ। ਸਿੱਖ ਪੰਥ ਇਸ ਤਾਰੀਖ ਨੂੰ ਮੁੱਖ ਰੱਖਦੇ ਹੋਏ ਦੀਵਾਲੀ ਵਾਲੇ ਦਿਨ ਨੂੰ ਬੰਦੀਛੋੜ ਦਿਵਸ ਵਜੋਂ ਮਨਾਉਂਦਾ ਚਲਾ ਆ ਰਿਹਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚ

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਮਗਰੋਂ ਉਨ੍ਹਾਂ ਦੇ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ ਗੁਰ-ਗੱਦੀ ਉੱਤੇ ਬੈਠੇ। ਰਾਗੀਆਂ ਨੇ ਗੁਰਬਾਣੀ ਵਿਚੋਂ ਸ਼ਬਦ ਗਾਏ ਅਤੇ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਯੋਧੇ ਵੀ ਸਨ ਅਤੇ ਧਾਰਮਿਕ ਆਗੂ ਵੀ। ਉਨ੍ਹਾਂ ਨੇ ਕਿਹਾ, "ਗੁਰੂ ਜੀ ਦੇ ਘਰ ਦੋ ਚੀਜ਼ਾਂ ਹਮੇਸ਼ਾਂ ਹੋਣੀਆਂ ਜ਼ਰੂਰੀ ਹਨ-ਪਹਿਲੀ ਦੇਗ ਅਤੇ ਦੂਸਰੀ ਤੇਗ। ਅਰਥਾਤ ਗਰੀਬਾਂ ਲਈ ਰੋਟੀ ਅਤੇ ਜ਼ਾਲਮਾਂ ਲਈ ਤਲਵਾਰ।"

ਇਸ ਲਈ ਉਨ੍ਹਾਂ ਨੇ ਸਿੱਖਾਂ ਨੂੰ ਪੈਸਿਆਂ ਦੀ ਥਾਂ ਘੋੜੇ ਅਤੇ ਸ਼ਸਤਰ ਲਿਆਉਣ ਲਈ ਕਿਹਾ। ਉਨ੍ਹਾਂ ਦੇ ਬਵੰਜਾ ਸਿੱਖ ਅੰਗ-ਰੱਖਸ਼ਕ ਵੀ ਸਨ ਜਿਹੜੇ ਬੜੇ ਬਹਾਦਰ ਅਤੇ ਨਿਡਰ ਸਨ ਅਤੇ ਸਦਾ ਗੁਰੂ ਜੀ ਲਈ ਜਾਨ ਨਿਛਾਵਰ ਕਰਨ ਲਈ ਤੱਤਪਰ ਰਹਿੰਦੇ ਸਨ। ਉਨ੍ਹਾਂ ਨੂੰ ਸ਼ਿਕਾਰ ਦਾ ਵੀ ਬੜਾ ਸ਼ੌਕ ਸੀ। ਧਾਰਮਿਕ ਸਿੱਖਿਆ ਦੇਣ ਮਗਰੋਂ ਸਰਘੀ ਵੇਲੇ ਦਾ ਖਾਣਾ ਖਾ ਕੇ ਗੁਰੂ ਸਾਹਿਬ ਦੂਰ-ਦੁਰਾਡੇ ਜੰਗਲ ਵਿਚ ਜਾ ਕੇ ਸ਼ਿਕਾਰ ਖੇਡਿਆ ਕਰਦੇ ਸਨ। ਉਨ੍ਹਾਂ ਦੇ ਨਾਲ ਬੜੇ ਬਹਾਦਰ ਸਿੱਖ, ਸ਼ਿਕਾਰੀ ਕੁੱਤੇ ਅਤੇ ਬਾਜ਼ ਆਦਿ ਹੁੰਦੇ ਸਨ।

ਇਉਂ ਗੁਰੂ ਜੀ ਸੰਤ ਵੀ ਸਨ ਅਤੇ ਸਿਪਾਹੀ ਵੀ। ਕਿਹਾ ਜਾਂਦਾ ਹੈ ਕਿ ਉਨਾਂ ਦੀ ਸ਼ਾਨ-ਸ਼ੌਕਤ ਬੇਮਿਸਾਲ ਸੀ।

ਇਹ ਸਾਰੀ ਗੱਲ-ਬਾਤ ਇੱਕ ਚੰਦੂ ਨਾਮੀ ਆਦਮੀ ਨੇ ਬਾਦਸ਼ਾਹ ਜਹਾਂਗੀਰ ਨੂੰ ਦੱਸੀ, ਜਿਸ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਸਨ। ਬਾਦਸ਼ਾਹ ਨੂੰ ਕਿਹਾ ਗਿਆ ਕਿ ਗੁਰੂ ਜੀ ਬੜੇ ਹੰਕਾਰੀ ਹੋ ਗਏ ਹਨ। ਉਨ੍ਹਾਂ ਨੂੰ ਸਬਕ ਸਿਖਾਉਣ ਦਾ ਬੜਾ ਚੰਗਾ ਅਵਸਰ ਹੈ।

ਜਹਾਂਗੀਰ ਨੇ ਦੋ ਦਰਬਾਰੀਆਂ ਨੂੰ ਭੇਜਿਆ ਕਿ ਉਹ ਗੁਰੂ ਹਰਿਗੋਬਿੰਦ ਜੀ ਨੂੰ ਦਰਬਾਰ ਵਿਚ ਲੈ ਆਉਣ। ਜਦੋਂ ਦਰਬਾਰੀ ਗੁਰੂ ਜੀ ਕੋਲ ਅੰਮ੍ਰਿਤਸਰ ਪੁੱਜੇ ਤਾਂ ਸਿੱਖਾਂ ਨੂੰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੂੰ ਡਰ ਹੋਇਆ ਕਿ ਕਿਤੇ ਗੁਰੂ ਹਰਿਗੋਬਿੰਦ ਜੀ ਦਾ ਵੀ ਆਪਣੇ ਪਿਤਾ ਵਰਗਾ ਅੰਤ ਨਾ ਹੋਵੇ।

ਗੁਰੂ ਜੀ ਨੇ ਆਪਣੇ ਮਾਤਾ ਜੀ ਅਤੇ ਸਿੱਖਾਂ ਤੋਂ ਵਿਦਾ ਲਈ ਅਤੇ ਕਿਹਾ, "ਵਾਹਿਗੁਰੂ ਅਕਾਲ ਪੁਰਖ ਆਪ ਦੀ ਸਭ ਦੁੱਖਾਂ, ਤਕਲੀਫ਼ਾਂ ਤੋਂ ਰੱਖਿਆ ਕਰੇ।"

ਉਹ ਦਿੱਲੀ ਪਹੁੰਚੇ। ਬਾਦਸ਼ਾਹ ਜਹਾਂਗੀਰ ਨੂੰ ਮਿਲੇ। ਉਥੇ ਵਾਹਿਗੁਰੂ ਦੇ ਸੰਬੰਧ ਵਿਚ ਅਤੇ ਧਾਰਮਿਕ ਵਿਚਾਰਾਂ ਦੀ ਬਾਦਸ਼ਾਹ ਨਾਲ ਬੜੀ ਚਰਚਾ ਹੋਈ। ਬਾਦਸ਼ਾਹ ਨੂੰ ਇਉਂ ਪਤਾ ਲੱਗ ਗਿਆ ਕਿ ਗੁਰੂ ਜੀ ਕਿੰਨੇ ਵਿਦਵਾਨ ਅਤੇ ਭਲੇ-ਪੁਰਖ ਸਨ।

ਇੱਕ ਦਿਨ ਬਾਦਸ਼ਾਹ ਅਤੇ ਗੁਰੂ ਜੀ ਸ਼ਿਕਾਰ ਖੇਡਣ ਗਏ। ਜੰਗਲ ਵਿਚ ਇਕ ਸ਼ੇਰ ਨੇ ਬਾਦਸ਼ਾਹ ਉੱਤੇ ਹਮਲਾ ਕਰ ਦਿੱਤਾ ਪਰ ਗੁਰੂ ਜੀ ਨੇ ਤਲਵਾਰ ਦੇ ਇੱਕੋ ਵਾਰ ਨਾਲ ਸ਼ੇਰ ਨੂੰ ਪਾਰ ਬੁਲਾ ਦਿੱਤਾ ਅਤੇ ਬਾਦਸ਼ਾਹ ਦੀ ਜਾਨ ਬਚਾ ਲਈ। ਇਸ ਤੋਂ ਬਾਦਸ਼ਾਹ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਤਲਵਾਰ ਦੇ ਬਲੀ ਅਤੇ ਦਿਲ ਦੇ ਵੀ ਧਨੀ ਹਨ। ਇਸ ਮਗਰੋਂ ਬਾਦਸ਼ਾਹ ਜਿਥੇ ਕਿਤੇ ਗਿਆ, ਗੁਰੂ ਜੀ ਨੂੰ ਨਾਲ ਲੈ ਗਿਆ।

ਸਾਰੇ ਜਣੇ ਗੁਰੂ ਜੀ ਦੀ ਬੜੀ ਇੱਜ਼ਤ ਕਰਦੇ ਸਨ। ਬਾਦਸ਼ਾਹ ਨੇ ਸੋਚਿਆ ਜੇ ਇਨ੍ਹਾਂ ਦਾ ਇਸੇ ਤਰ੍ਹਾਂ ਮਾਣ ਵੱਧਦਾ ਗਿਆ ਤਾਂ ਗੁਰੂ ਜੀ ਨਾਲ ਮੁਕਾਬਲਾ ਕਰਨਾ ਬੜਾ ਖ਼ਤਰਨਾਕ ਹੋ ਜਾਵੇਗਾ। ਰਾਜ ਨੂੰ ਨੁਕਸਾਨ ਤੋਂ ਬਚਾਉਣ ਲਈ ਕੁਝ ਕਰਨਾ ਚਾਹੀਦਾ ਹੈ। ਉਸ ਨੇ ਆਪਣੇ ਮੰਤਰੀਆਂ ਨਾਲ ਸਲਾਹ ਕੀਤੀ। ਉਨ੍ਹਾਂ ਨੇ ਇਹ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਕਿਲ੍ਹੇ ਵਿਚ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਉਨ੍ਹਾਂ ਦਾ ਦੀਦਾਰ ਨਾ ਹੋ ਸਕੇ। ਇਹ ਸਲਾਹ ਮੰਨ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਇੱਕ ਸ਼ਾਹੀ ਕੈਦੀ ਦੇ ਤੌਰ 'ਤੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ।

ਕਿਲ੍ਹੇ ਵਿਚ ਗੁਰੂ ਜੀ ਦਾ ਬੜਾ ਆਦਰ-ਮਾਣ ਹੋਇਆ। ਰਾਜਾ ਹਰੀ ਦਾਸ ਅਤੇ ਹੋਰ ਰਾਜੇ ਜਿਹੜੇ ਉਥੇ ਬੰਦੀ ਸਨ ਉਹ ਬਹੁਤ ਖੁਸ਼ ਹੋਏ। ਉਨ੍ਹਾਂ ਸਾਰਿਆਂ ਨੂੰ ਭਰੋਸਾ ਸੀ ਕਿ ਗੁਰੂ ਜੀ ਜ਼ਰੂਰ ਹੀ ਉਨ੍ਹਾਂ ਦੀ ਬੰਦ-ਖਲਾਸੀ ਕਰਵਾਉਣਗੇ।

ਗੁਰੂ ਜੀ ਕੇਵਲ ਉਹ ਭੋਜਨ ਗ੍ਰਹਿਣ ਕਰਦੇ, ਜਿਹੜਾ ਆਪਣੀ ਕਮਾਈ ਦੇ ਪੈਸਿਆਂ ਨਾਲ ਖ਼ਰੀਦਿਆ ਗਿਆ ਸੀ। ਕਈ ਸਿੱਖ ਭਾਂਡੇ ਬਣਾਉਣ ਵਾਲੇ ਦੀ ਦੁਕਾਨ ਉੱਤੇ ਕੰਮ ਕਰਦੇ ਅਤੇ ਉਨ੍ਹਾਂ ਪੈਸਿਆਂ ਦਾ ਭੋਜਨ ਖ਼ਰੀਦ ਕੇ ਲਿਆਉਂਦੇ। ਇਹ ਭੋਜਨ ਗੁਰੂ ਜੀ ਖੁਸ਼ੀ-ਖੁਸ਼ੀ ਖਾ ਲੈਂਦੇ। ਬਾਦਸ਼ਾਹ ਨੇ ਸੋਚਿਆ ਸੀ ਕਿ ਬੰਦੀ ਬਣਾਉਣ ਨਾਲ ਗੁਰੂ ਜੀ ਦੀ ਮਾਨਤਾ ਲੋਕਾਂ ਵਿਚ ਘਟ ਜਾਵੇਗੀ ਪਰੰਤੂ ਨਤੀਜਾ ਬਿਲਕੁਲ ਉਲਟ ਹੋਇਆ। ਗੁਰੂ ਜੀ ਪ੍ਰਤੀ ਲੋਕਾਂ ਵਿਚ ਮਾਨਤਾ ਸਗੋਂ ਹੋਰ ਵਧਦੀ ਗਈ। ਬਹੁਤ ਸਿੱਖ ਗਵਾਲੀਅਰ ਦੇ ਕਿਲ੍ਹੇ ਵਿਚ ਆਉਂਦੇ, ਕਿਲ੍ਹੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਵਾਪਸ ਪਰਤ ਜਾਂਦੇ।

ਇਥੋਂ ਤੱਕ ਕਿ ਕਈ ਵੱਡੇ-ਵੱਡੇ ਮੁਸਲਮਾਨਾਂ ਨੇ ਵੀ ਗੁਰੂ ਜੀ ਦੀ ਰਿਹਾਈ ਲਈ ਆਵਾਜ਼ ਉਠਾਈ। ਆਖ਼ਰ ਬਾਦਸ਼ਾਹ ਇਸ ਪਵਿੱਤਰ ਪੁਰਸ਼ ਨੂੰ ਜੋ ਬਿਨਾਂ ਕਿਸੇ ਕਾਰਨ ਤਸੀਹੇ ਝੱਲ ਰਿਹਾ ਸੀ, ਛੱਡਣ ਲਈ ਮਜਬੂਰ ਹੋ ਗਿਆ।

ਜਦੋਂ ਗੁਰੂ ਜੀ ਕਿਲ੍ਹੇ ਵਿਚੋਂ ਜਾਣ ਲੱਗੇ ਤਾਂ ਜਿਹੜੇ ਰਾਜੇ ਬੰਦੀ ਸਨ, ਉਹ ਬਹੁਤ ਦੁਖੀ ਹੋਏ। ਇਸ ਲਈ ਗੁਰੂ ਜੀ ਨੇ ਕਿਹਾ ਕਿ ਜਿੰਨੀ ਦੇਰ ਤੱਕ ਬਾਕੀ ਰਾਜੇ ਵੀ ਨਹੀਂ ਛੱਡੇ ਜਾਂਦੇ,

ਅਸੀਂ ਵੀ ਨਹੀਂ ਜਾਵਾਂਗੇ।

ਬਾਦਸ਼ਾਹ ਨੇ ਹੁਕਮ ਦਿੱਤਾ ਕਿ ਜਿੰਨੇ ਰਾਜੇ ਗੁਰੂ ਜੀ ਦੇ ਚੋਗੇ ਨੂੰ ਫੜ ਕੇ ਨਿਕਲ ਜਾਣ, ਉਹ ਸੁਤੰਤਰ ਹਨ। ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਪਹਿਨਿਆ। ਹਰੇਕ ਰਾਜੇ ਨੇ ਇੱਕ-ਇੱਕ ਕਲੀ ਦਾ ਲੜ ਫੜਿਆ ਅਤੇ ਬਾਹਰ ਆ ਗਏ। ਸਾਰਿਆਂ ਨੇ ਕੈਦ ਤੋਂ ਬਚਾਉਣ ਲਈ ਗੁਰੂ ਜੀ ਦਾ ਵਾਰ-ਵਾਰ ਧੰਨਵਾਦ ਕੀਤਾ।

੮/੧੯੯੫

ਬੰਦੀ ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪੰਜਾਬੀ ਵਿਚ ਅਖਾਣ ਹੈ,'ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ'। ਸੋ ਗੁਰੂ ਸਾਹਿਬਾਨ ਦੇ ਸਮਿਆਂ ਤੋਂ ਲੈ ਕੇ ਹੁਣ ਤਕ ਸਿੱਖ ਭਾਵੇਂ ਦੁਨੀਆਂ ਵਿਚ ਕਿਤੇ ਵੀ ਵੱਸ ਰਿਹਾ ਹੋਵੇ, ਉਸ ਦੀ ਖਾਹਿਸ਼ ਹੁੰਦੀ ਹੈ ਕਿ ਉਹ ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਕਰੇ ਪਾਵਨ ਸਰੋਵਰ ਵਿਚ ਇਸ਼ਨਾਨ ਕਰੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੀ ਇਲਾਹੀ ਦੀਪਮਾਲਾ ਦੇ ਦਰਸ਼ਨ ਕਰੇ।

ਹਿੰਦੁਸਤਾਨ ਵਿਚ ਇਹ ਤਿਉਹਾਰ ਹਜ਼ਾਰਾਂ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ। ਸਿੱਖ ਇਤਿਹਾਸ ਅਨੁਸਾਰ ਇਸ ਦਿਨ ਨੂੰ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬਵਿੰਜਾ ਰਾਜਿਆਂ, ਰਾਈਸਾਂ ਨੂੰ ਜੋ ਕੈਦ ਕੱਟ ਰਹੇ ਸਨ, ਛੁਡਵਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਸਨ ਅਤੇ ਸ੍ਰੀ ਅੰਮ੍ਰਿਤਸਰ ਨਿਵਾਸੀਆਂ ਨੇ ਖੁਸ਼ੀ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਰੇ ਸ਼ਹਿਰ ਵਿਚ ਦੀਪਮਾਲਾ ਕੀਤੀ ਸੀ।

ਛਠਮ ਪੀਰ, ਵਡ ਜੋਧਾ, ਬਹੁ-ਪਰਉਪਕਾਰੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਗੁਰੂ ਕੀ ਵਡਾਲੀ (ਨੇੜੇ ਸ੍ਰੀ ਅੰਮ੍ਰਿਤਸਰ) ਵਿਖੇ ਹੋਇਆ। ਪੁੱਤਰ ਦੇ ਆਗਮਨ ਦੀ ਖੁਸ਼ੀ ਵਿਚ ਪਿਤਾ ਨੇ ਛੇ ਮਾਹਲਾਂ ਵਾਲਾ (ਛੇਹਰਟਾ) ਵੱਡ-ਆਕਾਰੀ ਖੂਹ ਲਗਵਾਇਆ। ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਛੇ ਸਾਲ ਦੇ ਹੋਏ ਤਾਂ ਬਾਬਾ ਬੁੱਢਾ ਜੀ ਦੀ ਦੇਖ-ਰੇਖ ਹੇਠ ਆਪ ਜੀ ਨੂੰ ਸ਼ਸਤਰ ਤੇ ਸ਼ਾਸਤਰ ਦੀ ਸਿਖਲਾਈ ਦਿੱਤੀ ਗਈ।

ਬਾਲ ਹਰਿਗੋਬਿੰਦ ਸਾਹਿਬ ਜੀ ਅਜੇ ਕੇਵਲ ਗਿਆਰਾਂ ਸਾਲਾਂ ਦੇ ਸਨ ਜਦੋਂ ਉਹ ਆਪਣੇ ਸ਼ਹੀਦ ਹੋਏ ਪਿਤਾ ਜੀ ਦੀ ਥਾਂ ਗੱਦੀ 'ਤੇ ਬੈਠੇ। ਸਮੇਂ ਦੀ ਲੋੜ ਨੂੰ ਵੇਖਦਿਆਂ ਉਨ੍ਹਾਂ ਦੇ ਪਿਤਾ ਜੀ ਨੇ ਬਾਬਾ ਬੁੱਢਾ ਜੀ ਨੂੰ ਕਹਿ ਦਿੱਤਾ ਸੀ ਕਿ ਉਨ੍ਹਾਂ ਦੇ ਪੁੱਤਰ ਨੂੰ ਸੰਤ-ਸਿਪਾਹੀ ਬਣਾ ਦਿੱਤਾ ਜਾਏ।

ਗੁਰਗੱਦੀ ਉੱਤੇ ਬੈਠਣ ਸਮੇਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਬਾਬਾ ਜੀ! ਤੁਸੀਂ ਮੈਨੂੰ ਦੋ ਕਿਰਪਾਨਾਂ ਧਾਰਨ ਕਰਵਾਓ।" ਬਾਬਾ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਗੁਰੂ ਜੀ ਦੇ ਸਿਰ 'ਤੇ ਸੁੰਦਰ ਦਸਤਾਰ ਅਤੇ ਸ਼ਾਹੀ ਵਸਤਰ ਪਹਿਨਾ ਕੇ ਦੋ ਕਿਰਪਾਨਾਂ ਪਹਿਨਾ ਕੇ, ਬਾਕੀ ਦੇ

ਵੀ ਸਾਰੇ ਸ਼ਸਤਰ ਪਹਿਨਾ ਦਿੱਤੇ। ਦੋ ਕਿਰਪਾਨਾਂ-ਇਕ ਮੀਰੀ ਦੀ ਇਕ ਪੀਰੀ ਦੀ ਜੋ ਗੁਰੂ ਜੀ ਦੇ ਆਤਮਿਕ ਪੱਖ ਅਤੇ ਸੰਸਾਰਿਕ ਪੱਖ ਨੂੰ ਦਰਸਾਉਂਦੀ ਹੈ। ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਉਪਰੰਤ ਸਿੱਖਾਂ ਨੂੰ ਨਿਸ਼ਚਾ ਹੋ ਗਿਆ ਸੀ ਕਿ ਜੇਕਰ ਉਨ੍ਹਾਂ ਨੇ ਜੀਉਣਾ ਹੈ ਤਾਂ ਹਥਿਆਰਬੰਦ ਹੋਣਾ ਪੈਣਾ ਹੈ ਸੋ ਗੁਰੂ ਜੀ ਨੇ ਆਪਣੀਆਂ ਸਿੱਖ-ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਕਿ ਉਹ ਚੰਗੇ ਸ਼ਸਤਰ ਤੇ ਚੰਗੇ ਘੋੜੇ ਭੇਟਾ ਲਿਆਉਣ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ੧੦੦ ਮੀਟਰ ਦੀ ਦੂਰੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਤਖ਼ਤ ਬਣਾਉਣ ਸਮੇਂ ਕਿਸੇ ਹੋਰ ਰਾਜ ਮਿਸਤਰੀ ਜਾਂ ਮਜ਼ਦੂਰ ਨੂੰ ਨਹੀਂ ਲਾਇਆ ਗਿਆ, ਕੇਵਲ ਤੇ ਕੇਵਲ ਅਕਾਲ ਪੁਰਖ ਵੱਲੋਂ ਪ੍ਰਵਾਨਿਤ ਦੈਵੀ-ਸ਼ਖ਼ਸੀਅਤਾਂ ਨੇ ਤਖ਼ਤ ਦਾ ਥੜ੍ਹਾ ਤਿਆਰ ਕੀਤਾ:

ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁਢੇ ਔ ਗੁਰਦਾਸ ਬਨਾਯੋ।
ਖਚਤ ਰੇਖਤਾ ਤਖਤ ਅਕਾਰ।
ਬਨਾਯੋ ਕਛੁਕ ਊਚ ਨਿਰਧਾਰ॥੩੯॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਇਹ ਤਖ਼ਤ ਮੁਗ਼ਲਾਂ ਦੇ ਤਖ਼ਤ ਤੋਂ ਸਵਾ ਹੱਥ ਉੱਚਾ ਬਣਾਇਆ ਗਿਆ। ਗੁਰੂ ਜੀ ਨੇ ਵੇਖ ਕੇ ਬਚਨ ਕੀਤਾ:

ਸਮਾ ਪਾਇ ਇਹੁ ਬਨੈ ਅਪਾਰਾ।
ਸੁੰਦਰ ਸਵਰਨ ਬਡੀ ਛਬਿ ਪਾਵੈ।
ਦੇਖ ਤਾਹਿ ਬੈਕੁੰਠ ਲਜਾਵੈ॥੪੦॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਹਾੜ ਦਸਵੀਂ ਵਾਲੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਹੁਤ ਸੁੰਦਰ ਪੀਲੇ ਰੰਗ ਦੀ ਸ਼ਾਹੀ ਪੁਸ਼ਾਕ ਪਹਿਨੀ ਅਤੇ ਪੀਲੇ ਰੰਗ ਦੀ ਸੁੰਦਰ ਤਿੱਲੇ ਵਾਲੀ ਦਸਤਾਰ ਸਜਾਈ:

ਪੀਤ ਪੁਸ਼ਾਕ ਧਰੀ ਸੁਖ ਸਾਗਰ ਅਰੁ ਕਲਗੀ ਗੁਰ ਸੀਸ ਸੁਹਾਏ।
ਔ ਭੁਜ ਅੰਗਦ ਸੋਹਤਿ ਹੈ, ਫੁਨਿ ਪੀਠ ਪੈ ਚਰਮ ਧਰੀ ਛਬ ਪਾਏ।
ਦੋ ਅਸਿ ਲੈ ਭਗਵੰਤ ਤਬੈ, ਗਰਿ ਕੇ ਗਰਿ ਡਾਰ ਦੀਏ ਹਰਖਾਏ।
ਮੀਰੀ ਕੀ ਮੀਰ ਔਰ ਪੀਰੀ ਕੀ ਪੀਰ, ਸੁ ਦੋਊ ਧਰੀ ਭਗਵੰਤ ਅਲਾਏ॥੪੨॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਇਸ ਦਿਨ ਬੇਅੰਤ ਸੰਗਤਾਂ ਦੂਰ-ਦੁਰਾਡੇ ਤੋਂ ਪੁੱਜੀਆਂ। ਗੁਰੂ-ਘਰ ਨਾਲ ਸੰਬੰਧਿਤ ਸ਼ਖ਼ਸੀਅਤਾਂ ਬਾਬਾ ਮੋਹਣ ਜੀ, ਬਾਬਾ ਮੋਹਰੀ ਜੀ, ਭਾਈ ਦਾਤੂ ਜੀ, ਬਾਬਾ ਸ੍ਰੀ ਚੰਦ ਜੀ ਅਤੇ ਹੋਰ ਸਾਰੇ ਪੁੱਜੇ। ਬੇਅੰਤ ਹੀ ਚੜ੍ਹਾਵਾ ਚੜ੍ਹਿਆ। ਬੀਰ-ਰਸੀ ਵਾਰਾਂ ਗਾਉਣ ਲਈ ਪਿੰਡ ਸੁਰ ਸਿੰਘ ਤੋਂ

ਢਾਡੀ ਭਾਈ ਨੱਥਾ ਤੇ ਅਬਦੁੱਲਾ ਪੁੱਜੇ। ਉਸ ਸਮੇਂ ਸੁਰਸਿੰਘ ਦੇ ਨੱਥੇ ਤੇ ਅਬਦੁੱਲੇ ਨੇ ਜੋ ਵਾਰ ਗਾਈ ਉਸ ਦੇ ਕੁਝ ਕੁ ਅੰਸ਼ ਉਪਲਬਧ ਹਨ:

ਦੋ ਤਲਵਾਰਾਂ ਬਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜਾ ਬਲਖ ਬਖੀਰ ਦੀ।
ਕਟਕ ਸਿਪਾਹੀ ਨੀਲ ਨੱਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ?

ਅਖੀਰਲੀ ਪੰਕਤੀ ਵਿਚ ਡਾਢੀ ਸੋਹਣੀ ਪੱਗ ਦੀ ਸਿਫਤ ਕਰਦਾ ਹੋਇਆ ਕਹਿੰਦਾ ਹੈ ਕਿ ਤੇਰੀ ਪੱਗ ਏਡੀ ਸੋਹਣੀ ਹੈ ਕਿ ਤੇਰੀ ਪੱਗ ਦੇ ਮੁਕਾਬਲੇ ਜਹਾਂਗੀਰ ਦੀ ਪੱਗ ਵੀ ਕੀ ਹੈ? ਗੁਰੂ ਜੀ ਨੇ ਆਪਣੇ ਬਵਿੰਜਾ ਅੰਗ-ਰੱਖਿਅਕ ਵੀ ਰੱਖ ਲਏ। ਰੋਜ਼ਾਨਾ ਫ਼ੌਜੀ ਮਸ਼ਕਾਂ ਹੋਣ ਲੱਗੀਆਂ। ਫ਼ੌਜਾਂ ਦੀ ਭਰਤੀ ਕੀਤੀ ਜਾਣ ਲੱਗ ਪਈ ਸੀ। ਇਨ੍ਹਾਂ ਕਾਰਵਾਈਆਂ ਤੋਂ ਬਾਦਸ਼ਾਹ ਜਹਾਂਗੀਰ ਨੂੰ ਲਗਾਤਾਰ ਜਾਣੂ ਕਰਵਾਇਆ ਜਾ ਰਿਹਾ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਸੱਦਿਆ ਅਤੇ ਮਿਸਟਰ ਐਮ. ਏ. ਮੈਕਾਲਿਫ ਅਨੁਸਾਰ ਗੁਰੂ ਜੀ ਦੀਆਂ ਜਹਾਂਗੀਰ ਨਾਲ ਮੁਲਾਕਾਤਾਂ ਖੁਸ਼ਗਵਾਰ ਮਾਹੌਲ ਵਿਚ ਹੁੰਦੀਆਂ ਰਹੀਆਂ। ਗੁਰੂ ਜੀ ਨੂੰ ਬੰਦੀ ਬਣਾ ਲਿਆ ਗਿਆ। ਇਸ ਬੰਦੀ ਪਿੱਛੇ ਹੋਰ ਵੀ ਕਈ ਕਾਰਨ ਦੱਸੇ ਜਾਂਦੇ ਹਨ ਜਿਵੇਂ- ਚੰਦੂ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ ਪਰ ਵੱਡਾ ਕਾਰਨ ਗੁਰੂ ਸਾਹਿਬ ਦੀ ਵਧਦੀ ਫ਼ੌਜੀ ਸ਼ਕਤੀ ਲੋਕ-ਪ੍ਰਿਯਤਾ ਕਿਹਾ ਜਾ ਸਕਦਾ ਹੈ ਜੋ ਜਹਾਂਗੀਰ ਨੂੰ ਬਰਦਾਸ਼ਤ ਨਹੀਂ ਸੀ। ਪ੍ਰਤੱਖ ਤੌਰ 'ਤੇ ਮੁਗ਼ਲ ਬਾਦਸ਼ਾਹ ਇਨ੍ਹਾਂ ਤਿਆਰੀਆਂ ਤੋਂ ਡਰ ਗਿਆ ਅਤੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਉਨ੍ਹਾਂ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ, ਜਿੱਥੇ ਹੋਰ ਰਾਜੇ ਵੀ ਆਪਣੀਆਂ ਸਜ਼ਾਵਾਂ ਦੀਆਂ ਮਿਆਦਾਂ ਭੁਗਤ ਰਹੇ ਸਨ। ਗੁਰੂ ਜੀ ਨੇ ਉਹ ਚੰਗਾ ਭੋਜਨ ਜਿਹੜਾ ਉਨ੍ਹਾਂ ਨੂੰ ਜੇਲ੍ਹ ਵਿਚ ਦਿੱਤਾ ਗਿਆ, ਛਕਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਸਧਾਰਨ ਖੁਰਾਕ ਉੱਤੇ ਗੁਜ਼ਾਰਾ ਕਰਨਾ ਪਸੰਦ ਕੀਤਾ, ਜਿਹੜੀ ਉਨ੍ਹਾਂ ਦੇ ਸਿੱਖ ਭਾਈ ਪਿਰਾਣਾ ਜੀ ਅਤੇ ਭਾਈ ਜੇਠਾ ਜੀ ਕਿਲ੍ਹੇ ਤੋਂ ਬਾਹਰ ਲੋਹੇ-ਲੱਕੜ ਦਾ ਕੰਮ ਕਰ ਕੇ ਸਖ਼ਤ ਘਾਲ ਕਰ ਕੇ ਲਿਆਉਂਦੇ ਸਨ।

ਗੁਰੂ ਜੀ ਦੇ ਕਿਲ੍ਹੇ ਵਿਚ ਜਾਣ ਨਾਲ ਮਾਹੌਲ ਖੁਸ਼ਨੁਮਾ ਹੋ ਗਿਆ। ਕਿਲ੍ਹੇਦਾਰ ਹਰੀਦਾਸ ਗੁਰੂ ਜੀ ਦਾ ਸੇਵਕ ਬਣ ਗਿਆ। ਥੋੜ੍ਹੇ ਸਮੇਂ ਬਾਅਦ ਹੀ ਜਹਾਂਗੀਰ ਨੇ ਇਹ ਮਹਿਸੂਸ ਕੀਤਾ ਜਾਂ ਸਾਈਂ ਮੀਆਂ ਮੀਰ ਜੀ ਵਰਗੇ ਮਹਾਂਪੁਰਖਾਂ ਨੇ ਬਾਦਸ਼ਾਹ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨੂੰ ਬੰਦੀ ਬਣਾ ਕੇ ਚੰਗਾ ਕੰਮ ਨਹੀਂ ਕੀਤਾ। ਬਾਦਸ਼ਾਹ ਨੇ ਤੁਰੰਤ ਰਿਹਾਈ ਦਾ ਸੰਦੇਸ਼ ਭੇਜਿਆ ਪਰ ਗੁਰੂ ਜੀ ਨੇ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ ਕਿ ਉਹ ਉਦੋਂ ਤਕ ਰਿਹਾਅ ਨਹੀਂ ਹੋਣਗੇ ਜਦੋਂ ਤਕ ਇੱਥੇ ਪਹਿਲਾਂ ਸਜ਼ਾ ਭੁਗਤ ਰਹੇ ਰਾਜਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਬਾਦਸ਼ਾਹ ਜਹਾਂਗੀਰ ਨੇ ਕਿਹਾ,"ਠੀਕ ਹੈ, ਮੈਂ ਗੁਰੂ ਜੀ ਦੀ ਇੱਛਾ ਅਨੁਸਾਰ

ਰਾਜਿਆਂ ਨੂੰ ਬੰਦੀ ਮੁਕਤ ਕਰਦਾ ਹਾਂ ਪਰ ਮੈਂ ਇਹ ਰਾਜੇ ਗੁਰੂ ਜੀ ਨੂੰ ਸਪੁਰਦ ਕਰਾਂਗਾ ਕਿ ਗੁਰੂ ਜੀ ਉਨ੍ਹਾਂ ਦੇ ਰਾਜ ਭਗਤ ਵਿਹਾਰ ਦੀ ਜਾਮਨੀ ਭਰਨ।" ਜਦੋਂ ਇਹ ਸੰਦੇਸ਼ ਵਜ਼ੀਰ ਲੈ ਕੇ ਪੁੱਜਾ ਤਾਂ ਗੁਰੂ ਜੀ ਨੇ ਸਾਰੇ ਰਾਜਿਆਂ ਦੀਆਂ ਬੇੜੀਆਂ ਕਟਵਾਈਆਂ ਸਨ ਕਿ ਮੁੜ ਸੰਦੇਸ਼ ਆਇਆ ਕਿ ਜਿੰਨੇ ਗੁਰੂ ਜੀ ਦੇ ਚੋਲੇ ਦੀਆਂ ਕੰਨੀਆਂ ਫੜ ਕੇ ਜਾ ਸਕਣ, ਉਹ ਰਿਹਾਅ ਕਰ ਦਿੱਤੇ ਜਾਣਗੇ। ਗੁਰੂ ਜੀ ਨੇ ਕਿਲ੍ਹੇਦਾਰ ਹਰੀਦਾਸ ਨੂੰ ਕਿਹਾ ਕਿ ਉਨ੍ਹਾਂ ਨੂੰ ਬਵਿੰਜਾ ਕਲੀਆਂ ਦੀਆਂ ਲੰਮੀਆਂ ਕੰਨੀਆਂ ਵਾਲਾ ਚੋਲਾ ਬਣਾ ਕੇ ਦੇਵੇ। ਸੋ ਇਸੇ ਤਰ੍ਹਾਂ ਹੋਇਆ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੱਟ ਰਹੇ ਹਿੰਦੁਸਤਾਨ ਦੇ ਕੁੱਲ ਬਵਿੰਜਾ ਰਾਜਿਆਂ ਨੂੰ ਗੁਰੂ ਜੀ ਨੇ ਇਕ-ਇਕ ਕੰਨੀ ਫੜਾ ਕੇ ਕਿਲ੍ਹੇ ਵਿੱਚੋਂ ਬਾਹਰ ਲਿਆ ਕੇ ਸੁਤੰਤਰ ਕਰਵਾਇਆ। ਸਿੱਖ ਸੰਗਤਾਂ ਜੋ ਗੁਰੂ ਜੀ ਤੋਂ ਬਿਨਾਂ ਬਹੁਤ ਵੈਰਾਗਵਾਨ ਸਨ ਤੇ ਜਿਹੜੀਆਂ ਕਿਲ੍ਹੇ ਦੀਆਂ ਕੰਧਾਂ ਨੂੰ ਚੁੰਮ-ਚੁੰਮ ਕੇ ਵਾਪਸ ਮੁੜਦੀਆਂ ਸਨ ਜਦੋਂ ਉਨ੍ਹਾਂ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਹੁੰਮ-ਹੁਮਾ ਕੇ ਗੁਰੂ ਜੀ ਦੇ ਪਾਸ ਪੁੱਜ ਗਈਆਂ ਅਤੇ ਨਾਲ ਹੀ ਸ੍ਰੀ ਅੰਮ੍ਰਿਤਸਰ ਵੱਲ ਤੁਰ ਪਈਆਂ।

ਗੁਰੂ ਜੀ ਸਿੱਖਾਂ ਸਮੇਤ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਪੁੱਜੇ। ਗੁਰੂ ਜੀ ਦੇ ਇੱਥੇ ਪੁੱਜਣ ਦੀ ਖੁਸ਼ੀ ਵਿਚ ਸਾਰੇ ਸ਼ਹਿਰ ਵਿਚ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ, ਦੀਪਮਾਲਾ ਕੀਤੀ ਗਈ। ਰਾਜਿਆਂ ਨੇ ਗੁਰੂ ਜੀ ਨੂੰ ਬੰਦੀ ਛੋੜ ਸੱਚਾ ਪਾਤਸ਼ਾਹ ਕਿਹਾ। ਸੋ ਉਸ ਦਿਨ ਤੋਂ ਲੈ ਕੇ ਹੁਣ ਤਕ ਇਹ 'ਬੰਦੀ ਛੋੜ ਦਿਵਸ' ਪੂਰੇ ਜਾਹ-ਓ-ਜਲਾਲ ਨਾਲ ਮਨਾਇਆ ਜਾਂਦਾ ਹੈ। ਸੰਗਤਾਂ ਭਾਰੀ ਗਿਣਤੀ ਵਿਚ ਹਾਜ਼ਰੀ ਭਰਦੀਆਂ ਹਨ। ਸਿੱਖ ਇਤਿਹਾਸ ਵਿਚ ਇਸ ਦਾ ਵੱਡਾ ਮਹੱਤਵ ਹੈ।

੧੧/੨੦੧੫

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ: ਦਿੱਲੀ ਵਿਚ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਭਾਵੇਂ ਜੂਨ, ੧੫੯੫ ਈ. ਨੂੰ ਮਾਤਾ ਗੰਗਾ ਜੀ ਦੀ ਕੁੱਖੋਂ, ਗੁਰੂ ਕੀ ਵਡਾਲੀ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ, ਪਰ ਉਹਨਾਂ ਦੀਆਂ ਜੀਵਨ-ਸਾਂਝਾਂ ਅਨੇਕਾਂ ਹੀ ਸਿੱਖਾਂ, ਸੰਗਤਾਂ, ਸਥਾਨਾਂ ਤੇ ਸਮਕਾਲੀ ਬਾਦਸ਼ਾਹਾਂ ਨਾਲ ਜੁੜੀਆਂ ਹੋਈਆਂ ਹਨ। ਗੁਰੂ-ਸਪੁੱਤਰ ਹੋਣ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ-ਸੰਸਕਾਰਾਂ ਵਿਚ ਭਗਤੀ-ਭਾਵਨਾ, ਪਰਉਪਕਾਰ, ਸਹਿਜ, ਸੂਰਮਗਤੀ ਤੇ ਯੋਧ-ਰੂਪ ਦੀ ਪਰਵਿਰਤੀ ਪ੍ਰਧਾਨ ਸੀ। ਗੁਰੂ ਹਰਿਗੋਬਿੰਦ ਸਾਹਿਬ ਦਾ ਰੂਪ-ਸਰੂਪ ਤੇ ਸਰੀਰਕ-ਸਮਰੱਥਾ ਵੀ ਬੀਰਾਂ ਬਹਾਦਰਾਂ ਵਾਲੀ ਸੀ। ਉਹਨਾਂ ਦਾ ਬਚਪਨ ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਦੇ ਪਿਆਰ, ਲਾਡ ਵਿਚ ਬੀਤਿਆ ਪਰ ਇਹ ਇਤਿਹਾਸਕ ਸੱਚ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਚਪਨ ਵਿਚ ਹੀ ਵਿਰੋਧੀ ਧਿਰ ਦੀਆਂ ਕਈ ਕੁਚਾਲਾਂ ਦਾ ਸ਼ਿਕਾਰ ਹੋਣਾ ਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੂੰ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਇਕ ਵੰਗਾਰ ਜਾਪਿਆ ਸੀ। ਲਗਾਤਾਰ ੧੫ ਸਾਲ ਗੁਰੂ ਅਰਜਨ ਦੇਵ ਜੀ ਦੇ ਗ੍ਰਿਹ ਸਪੁੱਤਰ ਦਾ ਜਨਮ ਨਾ ਹੋਣ ਕਰਕੇ, ਉਹ ਪੱਕੀ ਆਸ ਬਣਾ ਚੁੱਕਾ ਸੀ ਕਿ ਗੁਰੂ ਸਿੰਘਾਸਣ ਦੀ ਸਾਰੀ ਸੰਭਾਲ ਮੇਰੇ ਜਾਂ ਮੇਰੇ ਪਰਿਵਾਰ ਦੇ ਅਧਿਕਾਰ ਵਿਚ ਹੀ ਆਏਗੀ। ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਨਾਲ ਜੋ ਨਿਰਾਸ਼ਾ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਪ੍ਰਾਪਤ ਹੋਈ, ਉਸ ਦਾ ਸਿੱਟਾ ਹੀ ਸੀ ਕਿ ਪ੍ਰਿਥੀ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰ-ਮੁਕਾਉਣ ਲਈ ਕਈ ਕੁਚਾਲਾਂ ਦਾ ਪ੍ਰਬੰਧ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰੂ-ਪਿਤਾ ਜੀ ਦੀ ਸ਼ਹਾਦਤ ਵੇਲੇ ਭਾਵੇਂ ਬਾਲ-ਉਮਰ ਵਿਚ ਸਨ ਪਰ ਉਹਨਾਂ ਦੀ ਪ੍ਰਤਿਭਾ ਸਹਿਜ ਤੇ ਸੂਰਮਗਤੀ ਵਾਲੀ ਸੀ। ਉਹਨਾਂ ਦੇ ਬੋਲ ਤੇ ਵਿਹਾਰ ਵਿਚ ਕੋਈ ਡਰ, ਸਹਿਮ ਤੇ ਦੁਬਿਧਾ ਨਹੀਂ ਸੀ। ਉਹਨਾਂ ਦਾ ਅਨੁਭਵ ਤੇ ਚਿੰਤਨ ਬਿਲਕੁਲ ਸਪਸ਼ਟ ਸੀ ਕਿ ਜੇ ਗੁਰੂ-ਪਿਤਾ ਸ਼ਸਤਰਧਾਰੀ ਹੋਣ ਲਈ ਕਹਿ ਗਏ ਹਨ ਤਾਂ ਸਮਕਾਲੀ ਹਾਲਾਤ ਨੂੰ ਵੰਗਾਰਨ ਲਈ, ਖਾਸ ਕਰਕੇ ਸਿੱਖ ਲਹਿਰ ਦੀ ਸੰਭਾਲ ਲਈ ਹੁਣ ਜ਼ਰੂਰੀ ਹੈ ਕਿ ਸ਼ਸਤਰਾਂ ਨੂੰ ਸਿੱਖੀ ਤੇ ਸਿੱਖ ਲਹਿਰ ਦਾ ਅੰਗ ਬਣਾਇਆ ਜਾਏ। ਇਸ ਦ੍ਰਿੜ੍ਹ ਭਾਵਨਾ ਤੇ ਸਾਰਥਿਕ ਸੋਚ ਦਾ ਸਿੱਟਾ ਹੀ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਆਪਣੀ ਮਾਨਸਿਕ-ਇੱਛਾ ਪ੍ਰਗਟਾਈ ਕਿ ਮੈਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਾਓ ਇਕ ਮੀਰੀ

ਦੀ ਹੋਵੇਗੀ ਤੇ ਦੂਸਰੀ ਪੀਰੀ ਦੀ। ਇਸ ਸੈਨਿਕ ਤੇ ਸ਼ਸਤਰ ਬਿਰਤੀ ਵਾਲਾ ਪਾਤਿਸ਼ਾਹ, ਦਰਬਾਰ ਤਖ਼ਤ ਦੇ ਰਾਜ ਦੇ ਸੰਕਲਪਾਂ ਵਿਚ ਜਿਊਂਦਾ ਹੈ। ਆਪਣੀਆਂ ਭਾਵਨਾਵਾਂ ਦੀ ਪੂਰਤੀ ਲਈ ਨਿਸ਼ਾਨ ਸਾਹਿਬ, ਕਿਲ੍ਹਾ, ਫ਼ੌਜਾਂ ਤੇ ਯੋਧਿਆਂ ਦੀ ਉਸਾਰੀ ਵੀ ਕਰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ 'ਜੀਵਨ' ਸਾਖੀ ਹੈ ਕਿ ਮੀਰੀ-ਪੀਰੀ ਦੀਆਂ ਤਲਵਾਰਾਂ ਪਾ ਕੇ, ਤਖ਼ਤ ਦੀ ਸਿਰਜਨਾ ਕਰਵਾ ਕੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਪਹਿਲਾਂ ਦੋ ਨਿਸ਼ਾਨ ਸਾਹਿਬਾਂ ਦੀ ਸਿਰਜਨਾ ਕੀਤੀ। ਅੰਮ੍ਰਿਤਸਰ ਵਿਚ ਹੀ ਲੋਹਗੜ੍ਹ ਕਿਲ੍ਹਾ ਬਣਵਾਇਆ, ਫੌਜ ਭਰਤੀ ਕੀਤੀ, ਅਖੀਰ ਯੋਧਿਆਂ ਨੂੰ ਤਿਆਰ ਕਰਨ ਲਈ ਆਪਣੇ ਦਰਬਾਰ ਵਿੱਚ ਬੀਰ-ਗਾਥਾਵਾਂ ਸੁਣਾਨ ਲਈ ਢਾਡੀ ਰੱਖੇ, ਯੋਧਿਆਂ ਨੂੰ ਮਾਣ-ਸਨਮਾਨ ਦਿੱਤੇ, ਅਨੇਕਾਂ ਨੂੰ ਸਿਰੋਪਾਉ ਦਿਤੇ, ਗੁਰੂ-ਅਦਾਲਤ ਸਿਰਜ ਕੇ ਤਖ਼ਤ ਉਤੇ ਹੀ ਸਿੱਖਾਂ ਦੇ ਝਗੜਿਆਂ ਦੇ ਫੈਸਲੇ ਕੀਤੇ।

ਦਿੱਲੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਿਮਰਤੀ ਕੇਵਲ ਗੁਰਦੁਆਰਾ ਮਜਨੂੰ ਟਿੱਲਾ ਨਾਲ ਜੋੜੀ ਜਾਂਦੀ ਹੈ। ਗੁਰਦੁਆਰਾ ਮਜਨੂੰ ਟਿੱਲਾ ਹੀ ਹੈ, ਜਿੱਥੇ ਹਰ ਸਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੇ ਵਿਆਪਕ ਪੱਧਰ ਉੱਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼-ਗੁਰਪੁਰਬ ਮਨਾਇਆ ਜਾਂਦਾ ਹੈ। ਇਤਿਹਾਸ ਵੀ ਸਾਖੀ ਹੈ ਕਿ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਦੇ ਸਥਾਨ ਉੱਤੇ ਪਹਿਲੀ ਵਾਰੀ ਗੁਰੂ ਨਾਨਕ ਦੇਵ ਜੀ ਨੇ ਫ਼ਕੀਰ ਮਜਨੂੰ ਨਾਲ ਧਰਮ, ਸਦਾਚਾਰ ਤੇ ਆਤਮਿਕ-ਰਹੱਸਵਾਦ ਦੀਆਂ ਵੀਚਾਰਾਂ ਸਾਂਝੀਆਂ ਕੀਤੀਆਂ ਸਨ। ਗੁਰੂ ਨਾਨਕ ਦੇਵ ਜੀ ਤੇ ਫ਼ਕੀਰ ਮਜਨੂੰ ਦੀ ਆਤਮਕ-ਸਾਂਝ ਦਾ ਸਿੱਟਾ ਹੀ ਸੀ ਕਿ ਜਦੋਂ ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਵਿੱਚ ਇਸੇ ਮਜਨੂੰ ਦੇ ਸਥਾਨ ਉੱਤੇ ਹੀ ਠਹਿਰੇ ਸਨ। ਇਥੋਂ ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੁਲਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿੱਲੀ ਵਿਚ ਬੁਲਾਇਆ ਤਾਂ ਨੇੜਤਾ ਜਾਂ ਸਾਂਝ ਲਈ ਸੀ ਪਰ ਦਿੱਲੀ ਵਿੱਚ ਪਰਵੇਸ਼ ਕਰਦਿਆਂ ਹੀ, ਸਰਕਾਰੀ ਹੁਕਮਾਂ ਅਧੀਨ, ਗੁਰਦੁਆਰਾ ਮਜਨੂੰ ਟਿੱਲਾ ਦੇ ਸਥਾਨ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫਤਾਰ ਕਰਕੇ, ਮੱਧ ਪ੍ਰਦੇਸ਼ ਵਿਚ ਗਵਾਲੀਅਰ ਦੀ ਜੇਲ੍ਹ ਵਿਚ ਬੰਦੀ ਬਣਾ ਦਿੱਤਾ ਗਿਆ। ਦੂਰ-ਦਰਸ਼ੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੀ ਗ੍ਰਿਫ਼ਤਾਰੀ ਦਾ ਸ਼ੱਕ ਪਹਿਲਾਂ ਹੀ ਸੀ। ਇਸੇ ਕਰਕੇ ਦਿੱਲੀ ਵੱਲ ਚੱਲਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਪੈੜਾ ਜੀ ਅਤੇ ਹੋਰ ਕਈ ਸਿੱਖ-ਸੇਵਕਾਂ ਨੂੰ ਬੁਲਾ ਕੇ ਇਹ ਆਦੇਸ਼ ਦੇ ਦਿਤਾ ਸੀ ਕਿ ਧਰਮ-ਯੁੱਧ ਨਿਸਚੇ ਹੀ ਜਾਪਦਾ ਹੈ। ਸ਼ਸਤਰਾਂ-ਅਸਤਰਾਂ ਤੇ ਸਿੱਖ ਲਹਿਰ ਦੇ ਆਤਮਕ ਤੇਜ ਨੂੰ ਬਣਾਈ ਰੱਖੋ। ਸਿੱਖ ਇਤਿਹਾਸ ਸਾਖੀ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਪਿੱਛੋਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਭਾਈ ਪੈੜਾ ਜੀ ਨੇ ਸਾਰਾ ਪੰਜਾਬ ਹੀ ਨਹੀਂ, ਸਗੋਂ ਦਿੱਲੀ, ਆਗਰਾ, ਝਾਂਸੀ ਤੇ ਯੂ. ਪੀ. ਦੇ ਕਈ ਹੋਰ ਸ਼ਹਿਰ, ਸਰਕਾਰੀ ਜ਼ੁਲਮ ਤੇ ਜ਼ਿਆਦਤੀ ਵਿਰੁੱਧ ਇੰਨੇ ਜਗਾ ਦਿੱਤੇ ਕਿ ਜੱਥਿਆਂ ਦੇ ਜੱਥੇ ਗਵਾਲੀਅਰ ਦੀ ਜੇਲ੍ਹ ਦੇ ਆਲੇ-ਦੁਆਲੇ ਪ੍ਰਕਰਮਾਂ

ਕਰਕੇ ਆਪਣੇ ਗੁਰੂ-ਪਾਤਿਸ਼ਾਹ ਦੀ ਸਮਰੱਥਾ, ਸ਼ੋਭਾ ਤੇ ਸਤਿਕਾਰ ਦਾ ਪ੍ਰਗਟਾਵਾ ਕਰਦੇ ਰਹੇ। ਜਦੋਂ ਫ਼ਕੀਰ-ਰੂਹ ਸਾਈਂ ਮੀਆਂ ਮੀਰ ਨੇ ਜਹਾਂਗੀਰ ਨੂੰ ਸਲਾਹ ਦਿੱਤੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜੇਲ੍ਹ ਵਿੱਚ ਰੱਖਣਾ ਯੋਗ ਤੇ ਜਾਇਜ਼ ਨਹੀਂ, ਤਾਂ ਸ਼ਾਹੀ ਹੁਕਮਾਂ ਅਧੀਨ ਗੁਰੂ ਹਰਿਗੋਬਿੰਦ ਸਾਹਿਬ ਨੂੰ ਰਿਹਾਅ ਕਰਨ ਦਾ ਫੈਸਲਾ ਕਰ ਲਿਆ ਗਿਆ।

ਗਵਾਲੀਅਰ ਜੇਲ੍ਹ ਤੋਂ ਰਿਹਾਅ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਾਪਸ ਜਾਣਾ ਤਾਂ ਅੰਮ੍ਰਿਤਸਰ ਸੀ ਪਰ ਇਕ ਵਾਰੀ ਫਿਰ, ਵਾਪਸੀ ਉੱਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਵਿਖੇ ਆਏ। ਦਿੱਲੀ ਦੀਆਂ ਸੰਗਤਾਂ ਨੂੰ ਵੀ ਦਰਸ਼ਨ-ਉਪਦੇਸ਼ ਦਿੱਤੇ। ਇਕ ਅੰਦਾਜ਼ਾ ਹੈ ਕਿ ਘਟੋ-ਘਟ ਤਿੰਨ ਚਾਰ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਥੇ ਰਹੇ ਤੇ ਸਿੱਖ ਸੰਗਤਾਂ ਨੂੰ ਪਰਉਪਕਾਰੀ ਤੇ ਸ਼ਸਤਰ-ਅਸਤਰ ਪਹਿਨ ਕੇ ਧਰਮੀ-ਯੋਧੇ ਬਣਨ ਦੀ ਪ੍ਰੇਰਨਾ ਅਤੇ ਉਤੇਜਨਾ ਦਿੰਦੇ ਰਹੇ। ਦਿੱਲੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਦੋ ਵਾਰੀ ਆਉਣਾ ਸਾਬਤ ਕਰਦਾ ਹੈ ਕਿ ਉਹਨਾਂ ਦਾ ਦਿੱਲੀ ਦੀ ਸੰਗਤ ਨਾਲ ਪ੍ਰੇਮ-ਪਿਆਰ ਸੀ ਅਤੇ ਦਿੱਲੀ ਦੀ ਸੰਗਤ ਵੀ ਆਪਣੇ ਗੁਰੂ-ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਦਾ ਬਲਿਹਾਰ ਤੇ ਕੁਰਬਾਨ ਹੀ ਰਹੀ ਹੈ। ਦਿੱਲੀ ਵਿੱਚ ਸਥਿਤ 'ਗੁਰਦੁਆਰਾ ਮਜਨੂੰ ਟਿੱਲਾ' ਗੁਰੂ ਹਰਿਗੋਬਿੰਦ ਸਾਹਿਬ ਦੀ ਪਾਵਨ ਸਿਮਰਤੀ ਦਾ ਇਕ ਇਤਿਹਾਸਕ ਬਿੰਬ ਹੈ। ਕੁਝ ਸਾਲ ਪਹਿਲਾਂ ਹੀ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਕਾਰ ਸੇਵਾ ਦੁਆਰਾ ਇਸ ਗੁਰਦੁਆਰਾ ਸਾਹਿਬ ਨੂੰ ਸੰਪੂਰਨ ਰੂਪ ਵਿਚ ਸਿਰਜਿਆ ਸੰਵਾਰਿਆ ਵੀ ਹੈ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਿਮਰਤੀ-ਬਿੰਬ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਨੂੰ ਸਾਰੇ ਸੰਸਾਰ ਵਿਚ ਉਜਾਗਰ ਵੀ ਕੀਤਾ ਹੈ।

੮/੧੯੯੪

ਗੁਰਦੁਆਰਾ ਛੇਵੀਂ ਪਾਤਸ਼ਾਹੀ, ਬਾਰਾਮੂਲਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਇਲਾਕਿਆਂ ਵਿਚ ਪ੍ਰਚਾਰਨ ਅਤੇ ਦ੍ਰਿੜ੍ਹ ਕਰਾਉਣ ਵੱਲ ਖਾਸ ਅਹਿਮੀਅਤ ਦਿੱਤੀ। ਗਵਾਲੀਅਰ ਦੇ ਕਿਲ੍ਹੇ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ੧੬੧੯ ਈ. ਵਿਚ ਹੋਈ ਸੀ ਜਿਸ ਦੀ ਗਵਾਹੀ ਭੱਟਵਹੀ ਦਿੰਦੀ ਹੈ:

ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਦੇਵ ਜੀ ਕਾ, ਸੋਢੀ ਖਤ੍ਰੀ, ਚੱਕ ਗੁਰੂ ਕਾ, ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੇਂ ਛਿਹਤ੍ਰਾ ਕੱਤਕ ਮਾਸੇ ਕ੍ਰਿਸ਼ਨਾ ਪੱਖੇ ਚੌਦਸ ਕੇ ਦਿਹੁੰ, ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੋਏ।

੧੬੧੯ ਈ. ਤੋਂ ਬਾਅਦ ਗੁਰੂ ਸਾਹਿਬ ਦੇ ਬਾਦਸ਼ਾਹ ਜਹਾਂਗੀਰ ਨਾਲ ਦੋਸਤਾਨਾ ਸੰਬੰਧ ਹੋ ਗਏ ਸਨ। ਇਸੇ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਬਾਦਸ਼ਾਹ ਜਹਾਂਗੀਰ ਕਸ਼ਮੀਰ ਵੱਲ ਇਕੱਠੇ ਘੋੜਿਆਂ 'ਤੇ ਸਵਾਰ ਹੋ ਕੇ ਗਏ ਸਨ। ਗੁਰੂ ਸਾਹਿਬ ਬਾਦਸ਼ਾਹ ਜਹਾਂਗੀਰ ਨਾਲ ੧੬੨੦ ਈ. ਨੂੰ ਤੇਜ਼-ਰਫ਼ਤਾਰ ਨੀਲੇ ਘੋੜੇ 'ਤੇ ਸਵਾਰ ਹੋ ਕੇ ਸਿਆਲਕੋਟ, ਵਜ਼ੀਰਾਬਾਦ, ਮੀਰਪੁਰ, ਭਿੰਬਰ, ਬਹਿਰਾਮ ਰਾਹੀਂ ਸ਼ੁਪਈਆਂ ਪੁੱਜੇ। ਰਸਤੇ ਵਿਚ ਗੁਰੂ ਸਾਹਿਬ ਨੇ ਬੀਰੂ ਦੱਤ (ਬੀਰਮ ਸ਼ਾਹ), ਭੰਗੜ ਬ੍ਰਾਹਮਣ, ਭਾਈ ਮੂਲਾ, ਭਾਈ ਝੰਡਾ ਆਦਿ ਨੂੰ ਸਿੱਖੀ ਦਾ ਦਾਨ ਬਖ਼ਸ਼ਿਆ। ਰਜੌਰੀ ਤੋਂ ਹੁੰਦੇ ਹੋਏ ਗੁਰੂ ਸਾਹਿਬ ਧਾਨਾਮੰਡੀ, ਪੀਰ ਮਾਰਗ, ਅਲੀਆਬਾਦ ਸਰਾਏ ਬਾਅਦ ਕੱਟੂ ਸ਼ਾਹ ਦੀ ਜਗ੍ਹਾ 'ਤੇ ਜਾ ਉੱਤਰੇ। ਇਸ ਤੋਂ ਬਾਅਦ ਗੁਰੂ ਸਾਹਿਬ ਖਾਂਪੁਰ ਸਰਾਂ ਤੋਂ ਹੁੰਦੇ ਹੋਏ ਸ੍ਰੀ ਨਗਰ ਕਾਠੀ ਦਰਵਾਜ਼ੇ ਪੁੱਜੇ ਜਿੱਥੇ ਮਾਤਾ 'ਭਾਗਭਰੀ' ਦਾ ਹੱਥੀਂ ਸੂਤ ਕੱਤ ਕੇ ਬਣਾਇਆ ਚੋਲਾ ਸਵੀਕਾਰ ਕੀਤਾ। ਗੁਰੂ ਜੀ ਕਾਠੀ ਦਰਵਾਜ਼ੇ ਪਾਸ ਤੇਰ੍ਹਾਂ ਦਿਨ ਰਹੇ। ਗੁਰੂ ਸਾਹਿਬ ਕਾਫੀ ਸਮਾਂ ਸ਼ਾਲੀਮਾਰ ਬਾਗ ਰਹਿ ਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਨਿਸ਼ਾਤ ਬਾਗ 'ਚ ਜਹਾਂਗੀਰ ਬਾਦਸ਼ਾਹ ਦਾ ਕੈਂਪ ਸੀ। ਸ੍ਰੀ ਨਗਰ ਤੋਂ ਬਾਅਦ ਗੁਰੂ ਸਾਹਿਬ ਬਾਰਾਮੂਲਾ 'ਕੋਟ ਤੀਰਥ' ਆ ਕੇ ਠਹਿਰੇ। ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਸਿੱਖ ਵਿਰਾਸਤ ਦੀ ਬੇਮਿਸਾਲ ਯਾਦਗਾਰ ਹੈ। ਬਾਰਾਮੂਲਾ ਦਾ ਅਕਸ਼ਾਂਸ਼ ੩੩੦-੧੩ ਅਤੇ ਰੇਖਾਂਕ ਦੇਸ਼ਾਂਤਰ ੭੪੦-੨੩ ਹੈ। ਗੁਰੂ ਸਾਹਿਬ ਦਰਿਆ ਜੇਹਲਮ ਦੇ ਸੱਜੇ ਕਿਨਾਰੇ, ਚਟਾਨੀ ਪਹਾੜੀ ਦੇ ਦਾਮਨ ਵਿਚ ਬੈਠੇ ਜਿਸ ਨੂੰ 'ਕੋਟ ਤੀਰਥ' ਕਰਕੇ ਜਾਣਿਆ ਜਾਂਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਾਫੀ ਦਿਨ ਇੱਥੇ ਠਹਿਰੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਗੁਰੂ ਸਾਹਿਬ ਦੇ ਰੂਹਾਨੀ ਉਪਦੇਸ਼ ਸੁਣ ਕੇ ਸੰਗਤਾਂ ਨਿਹਾਲ ਹੁੰਦੀਆਂ ਸਨ। ਪੀੜ੍ਹੀਆਂ-ਦਰ-ਪੀੜ੍ਹੀਆਂ ਇਹ ਰਵਾਇਤ ਵੀ ਪ੍ਰਚਲਿਤ ਹੈ ਕਿ ਜਦੋਂ ਗੁਰੂ ਸਾਹਿਬ ਬਾਰਾਮੂਲਾ ਸਨ ਤਾਂ ਬਾਦਸ਼ਾਹ ਜਹਾਂਗੀਰ ਵੀ ਇੱਥੇ ਆਇਆ ਸੀ। ਬਾਦਸ਼ਾਹ ਦਾ ਸੁਣ ਕੇ ਬਾਰਾਮੂਲਾ ਦੇ ਸੰਗ-ਤਰਾਸ਼ਾਂ ਨੇ ਬਾਦਸ਼ਾਹ ਲਈ ਇਕ ਖੂਬਸੂਰਤ 'ਪੱਥਰ ਦਾ ਤਖ਼ਤ' ਭੇਟਾ ਕੀਤਾ ਜਿਸ 'ਤੇ ਖੂਬਸੂਰਤ ਕਸ਼ਮੀਰੀ ਚਿੱਤਰਕਾਰੀ ਉੱਕਰੀ ਹੋਈ ਸੀ। ਬਾਦਸ਼ਾਹ ਜਹਾਂਗੀਰ ਨੇ ਉਹ ਤਖ਼ਤ ਮੀਰੀ-ਪੀਰੀ ਦੇ ਮਾਲਕ ਨੂੰ ਆਪਣੇ ਵੱਲੋਂ ਭੇਟ ਕਰ ਕੇ ਖੁਸ਼ੀ ਪ੍ਰਾਪਤ ਕੀਤੀ। ਗੁਰੂ ਸਾਹਿਬ ਇਸੇ ਤਖ਼ਤ 'ਤੇ ਬੈਠ ਕੇ ਕਾਫੀ ਦਿਨ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਬਾਰਾਮੂਲਾ ਦੀਆਂ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਨੂੰ ਇਕ 'ਚਿਨਾਰ' ਦਾ ਪੌਦਾ ਯਾਦਗਾਰ ਵਜੋਂ ਭੇਟਾ ਕੀਤਾ ਤਾਂ ਜੋ ਨਿਸ਼ਾਨੀ ਵਜੋਂ ਕਾਇਮ ਰਹਿ ਸਕੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਉਹ ਚਿਨਾਰ ਦਾ ਪੌਦਾ ਲਗਾਇਆ ਸੀ।

ਗੁਰੂ ਸਾਹਿਬ ਦੇ ਪੰਜਾਬ ਵੱਲ ਜਾਣ ਤੋਂ ਬਾਅਦ ਇਸ ਥੜ੍ਹਾ ਸਾਹਿਬ ਦੀ ਨਿਰਮਾਣ ਸੇਵਾ ਭਾਈ ਦਇਆ ਰਾਮ ਸਾਸਨ ਨੇ ਕੀਤੀ। 'ਪੱਥਰ ਦੇ ਤਖ਼ਤ' ਦੇ ਆਲੇ-ਦੁਆਲੇ ਹੀ ਭਾਈ ਦਇਆ ਰਾਮ ਨੇ 'ਥੜਾ ਸਾਹਿਬ' ਤਾਮੀਰ ਕੀਤਾ। ਭਾਈ ਸਾਹਿਬ ਤੋਂ ਬਾਅਦ ਭਾਈ ਲਾਲ ਚੰਦ, ਭਾਈ ਜੱਸਾ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਬੜੀ ਸ਼ਰਧਾ ਨਾਲ ਸੇਵਾ ਕਰਦੇ ਰਹੇ। ਭਾਈ ਗੁਰਦਿਆਲ ਸਿੰਘ ਨੇ ਰਹਿਣ ਵਾਸਤੇ ਇਕ ਕੁਟੀਆ ਵੀ ਤਾਮੀਰ ਕੀਤੀ।

ਸਿੱਖ ਰਾਜ ਸਮੇਂ ਜਦੋਂ ਸ. ਹਰੀ ਸਿੰਘ ਨਲਵਾ ਕਸ਼ਮੀਰ ਦੇ ਗਵਰਨਰ ਬਣੇ ਤਾਂ ਉਨ੍ਹਾਂ ਇਸ ਗੁਰਦੁਆਰੇ ਦੀ ਨਵ-ਉਸਾਰੀ ਵੱਲ ਵੀ ਖਾਸ ਧਿਆਨ ਦਿੱਤਾ। ਇਸ ਗੁਰਦੁਆਰੇ ਵਿਚ ਆ ਕੇ ਅਰਦਾਸਾ ਵੀ ਸੋਧਿਆ। ਸ. ਹਰੀ ਸਿੰਘ ਨਲਵਾ ਨੇ ਤਿੰਨ ਪਿੰਡ ਜਾਗੀਰ ਵਜੋਂ ਇਸ ਇਤਿਹਾਸਿਕ ਗੁਰਦੁਆਰੇ ਦੇ ਨਾਮ ਲਗਾਏ ਜਿਨ੍ਹਾਂ ਵਿਚ ਜਾਨਬਾਜਪੁਰਾ, ਨਾਦੀਹੱਲ ਅਤੇ ਵਡੋਰਾ ਸਨ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਕੋਟ ਤੀਰਥ' ਕਰ ਕੇ ਪ੍ਰਸਿੱਧ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਗੁਰਦੁਆਰੇ ਨਾਲ ਚਾਰ ਪਿੰਡ ਅਤੇ ਸਾਲਾਨਾ ਤਿੰਨ ਹਜ਼ਾਰ ਰੁਪਏ ਜਾਗੀਰਾਂ ਵਜੋਂ ਲਗਾਏ ਜੋ ਬਾਅਦ ਵਿਚ ਡੋਗਰਾ ਰਾਜ ਸਮੇਂ ਬੰਦ ਹੋ ਗਈਆਂ।

ਇਕ ਅੰਗਰੇਜ਼ ਸੈਲਾਨੀ ਬੀ. ਸੀ. ਹੁੱਗਲ ਵੀ ਇਸ ਗੁਰਦੁਆਰੇ ਵਿਚ ਇਕ ਰਾਤ ਠਹਿਰਿਆ ਸੀ। ਇਹ ਸਿੱਖ ਰਾਜ ਦਾ ਸਮਾਂ ਸੀ। ਉਦੋਂ ਹੀ ਇੱਥੇ ਸੰਗਮਰਮਰ ਦੀ ਵਿਛਾਈ ਹੋ ਚੁੱਕੀ ਸੀ। ਹੁੱਗਲ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਸਿੱਖ ਸੰਗਤਾਂ ਦੇ ਚਾਰ ਵਜੇ ਦੇ ਦ੍ਰਿਸ਼ ਨੂੰ ਵੇਖ ਕੇ ਸਿੱਖਾਂ ਦੇ ਗੌਰਵਮਈ ਅਤੇ ਵਿਰਸੇ ਪ੍ਰਤੀ ਕਈ ਲਫ਼ਜ਼ਾਂ ਨੂੰ ਕਲਮਬੰਦ ਕਰਦਾ ਹੈ।

ਭਾਈ ਗੁਰਦਿਆਲ ਸਿੰਘ ਜੀ ਦੀ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਜੇ ਤਕ ਗੁਰਦੁਆਰੇ ਵਿਚ ਮੌਜੂਦ ਹੈ। ਨਿਸ਼ਾਨ ਸਾਹਿਬ 'ਦਰਿਆ ਦੇ ਕੰਢੇ' 'ਤੇ ਝੂਲ ਰਿਹਾ ਹੈ। ਇਸ ਦੀ ਸੇਵਾ ੧੯੦੭ ਈ. ਵਿਚ ਹੋਈ ਹੈ, ਜਿਸ ਦਾ ਗੁਰਦੁਆਰੇ ਵਿਚ ਪਈ ਇਕ ਸੰਗਮਰਮਰ ਦੀ ਸਿੱਲ ਤੋਂ ਪਤਾ ਲੱਗਦਾ ਹੈ:

ਟੈਹਲ ਕਰਾਈ ਨਸ਼ਾਨ ਸਾਹੇਬ ਗੁ: ਪ:੬ ਬਾਰਾਮੂਲਾ ਬ੍ਰਖ਼ੁਦਾਰ ਸੁਰਿੰਦਰ ਸਿੰਘ ਦੇ ਜਨਮ ਦੀ ਖੁਸ਼ੀ ਮੇਂ ੨ ਮੱਘਰ ਸੰ. ੧੯੬੪, ਬੀਰ ਸਿੰਘ ਬਾਲੀਆ ਅੰਮ੍ਰਿਤਸਰ।

ਇਸ ਗੁਰਦੁਆਰੇ ਦੇ ਨਾਲ ਹੀ ਸਰਦੀਆਂ ਲਈ ਹਮਾਮ ਹੁੰਦਾ ਸੀ ਜੋ ੧੯੧੯ ਈ. ਵਿਚ ਬਣਾਇਆ ਗਿਆ ਸੀ:

ਯੇ ਹਮਾਮ ਬਨਵਾਇਆ ਰੂਪ ਚੰਦ ਵੁਹਰਾ ਨੇ ਸਪੁੱਤ੍ਰ ਲਾਲ ਦੋਨੀ ਚੰਦ ਵੁਹਰੇ ਦਾ ਯਾਦਗਾਰ ਲਾਲਾ ਵੁਹਰਾ ਕੀ ਪੁਤ੍ਰ ਲਾਲ ਦੁਨੀ ਚੰਦ ਸੁਰਗਵਾਸੀ ਰਹਿਣ ਵਾਲੇ ਮੁਜ਼ਫਰਾਬਾਦ ਕਸ਼ਮੀਰ ਕੇ ਸੰਮਤ ੧੯੭੫।

੧੯੪੭ ਈ. ਤੋਂ ਪਹਿਲਾਂ ਇਸ ਗੁਰਦੁਆਰੇ ਨਾਲ 'ਗੁਰੂ ਕਾ ਲੰਗਰ' ਅਟੁੱਟ ਵਰਤਦਾ ਸੀ ਅਤੇ ਵਿਦਿਆਰਥੀਆਂ ਲਈ ਰਿਹਾਇਸ਼ ਦਾ ਪੂਰਾ ਪ੍ਰਬੰਧ ਸੀ। 'ਗੁਰੂ ਨਾਨਕ ਭਵਨ' ਅਤੇ 'ਗੁਰੂ ਨਾਨਕ ਮਾਡਲ ਸਕੂਲ' ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਚੱਲਦੇ ਹਨ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਸੰਨ ੧੮੮੫ ਈ. ਦੇ ਜਬਰਦਸਤ ਭੂਚਾਲ ਵਿਚ ਤਬਾਹ ਹੋ ਗਈ ਸੀ। ਦੁਬਾਰਾ ਗੁਰਦੁਆਰਾ ਸਾਹਿਬ ਦੀ ਇਮਾਰਤ ੧੯੦੫ ਈ. ਗੁਰੂ ਕੇ ਸਿੱਖਾਂ ਨੇ ਉਸਾਰ ਦਿੱਤੀ ਸੀ।

ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਹੁਣ ਬਣ ਚੁੱਕੀ ਹੈ। ਇਹ ਗੁਰਦੁਆਰਾ ਸਾਹਿਬ ੪੫ ਫੁੱਟ ਲੰਮਾ ਅਤੇ ੪੫ ਫੁੱਟ ਚੌੜਾ ਹੈ। ਇਸ ਦੇ ਗੁੰਬਦ ਦੁੱਧ ਚਿੱਟੇ ਦੂਰੋਂ ਨਜ਼ਰੀਂ ਪੈਂਦੇ ਹਨ। ਗੁਰਦੁਆਰੇ ਦੇ ਇਕ ਪਾਸੇ ਸੇਵਾਦਾਰਾਂ ਅਤੇ ਯਾਤਰੂਆਂ ਲਈ ਕੁਆਟਰ ਤਾਮੀਰ ਕੀਤੇ ਗਏ ਹਨ। 'ਲੰਗਰ ਹਾਲ' ਵੀ ਉਸਾਰਿਆ ਜਾ ਚੁੱਕਾ ਹੈ।

ਬਾਰਾਮੂਲਾ ਵਿਖੇ ਗੁਰੂ ਸਾਹਿਬ ਕਲਮਪੁਰਾ (ਸਿੰਘਪੁਰਾ) ਸ਼ਿਕਾਰ ਖੇਡਣ ਲਈ ਜਾਂਦੇ ਰਹੇ। ਬਾਰਾਮੂਲਾ ਤੋਂ ਹੁੰਦੇ ਹੋਏ ਗੁਰੂ ਸਾਹਿਬ ਪਰਮਪੀਲਾਂ (ਊੜੀ), ਦੋ ਲਾਜ਼ਾਂ (ਊੜੀ), ਕਠਾਈ, ਖਾਂਡਾ, ਨਲੂਛੀ ਮੁਜ਼ੱਫਰਾਬਾਦ ਪੁੱਜੇ ਜਿੱਥੇ ਗੁਰੂ ਸਾਹਿਬ ਦੀ ਯਾਦ ਵਿਚ ਸਿੱਖ ਸੰਗਤਾਂ ਨੇ ਗੁਰਦੁਆਰੇ ਉਸਾਰੇ ਹਨ। ਕਸ਼ਮੀਰ ਵਿਚ ਗੁਰੂ ਸਾਹਿਬ ਨੇ ਕਾਫੀ ਸਮਾਂ ਕਿਆਮ ਕੀਤਾ ਅਤੇ ਲੋਕਾਂ ਦੇ ਦੁੱਖ ਦੂਰ ਕਰਦੇ ਰਹੇ ਅਤੇ ਹਜ਼ਾਰਾਂ ਲੋਕਾਂ ਨੂੰ ਗੁਰੂ ਨਾਨਕ ਘਰ ਦੀ ਵਿਚਾਰਧਾਰਾ ਨਾਲ ਜੋੜ ਕੇ ਸਿੱਖੀ ਕੁਟੰਬ ਵਿਚ ਸ਼ਾਮਲ ਕੀਤਾ। ਹਜ਼ਾਰੇ ਤੋਂ ਹੁੰਦੇ ਹੋਏ ਗੁਰੂ ਸਾਹਿਬ 'ਹਸਨ ਅਬਦਾਲ' ਪੁੱਜੇ।

੭/੨੦੧੩

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਸ਼ਮੀਰ ਫੇਰੀ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਦਰਗਾਹ ਦੇ ਨਿਰੰਕਾਰੀ ਮਿਸ਼ਨ ਨੂੰ ਸੰਸਾਰ ਦੇ ਬਹੁਤ ਹਿੱਸੇ ਵਿਚ ਆਪ ਪਦ ਯਾਤਰਾ ਕਰਕੇ ਫੈਲਾਇਆ। ਸੜ-ਬਲ ਰਹੇ ਸੰਸਾਰ ਨੂੰ *'ਆਤਸ ਦੁਨੀਆ ਖੁਨਕ ਨਾਮੁ ਖੁਦਾਇਆ'* ਦੀ ਦਾਤ ਦਿੱਤੀ! ਉਪਰੰਤ ਪੰਜਵੇਂ ਸਤਿਗੁਰੂ ਤਕ ਸਿੱਖੀ ਨੂੰ ਪੰਜਾਬ ਵਿਚ ਕੇਂਦਰਤ ਕੀਤਾ ਗਿਆ ਹੈ , ਕਿਸੇ ਗੁਰੂ ਵਿਅਕਤੀ ਨੇ ਕੋਈ ਵੱਡਾ ਦੌਰਾ, ਪੰਜਾਬ ਤੋਂ ਬਾਹਰ ਨਹੀਂ ਕੀਤਾ। ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਭ ਤੋਂ ਪਹਿਲਾਂ ਪ੍ਰਚਾਰਕ ਪ੍ਰਥਾ ਕਾਇਮ ਕੀਤੀ। ਆਪ ਨੇ ਸ੍ਰੀ ਬਾਉਲੀ ਸਾਹਿਬ ਸਿੱਖ ਧਰਮ ਦਾ ਪਹਿਲਾ ਤੀਰਥ ਰਚਿਆ। ਲਗਾਤਾਰ ਆਪ ਨੇ ਗੋਇੰਦਵਾਲ ਵਿਖੇ ਨਿਵਾਸ ਕਰਕੇ ੬ ਸਾਲ ਬਾਉਲੀ ਸਾਹਿਬ ਦੀ ਸੇਵਾ ਕਰਾਈ। ਬੇਅੰਤ ਗੁਰੂ ਕੇ ਸਿੱਖ ਗੁਰੂ ਚਰਨਾਂ ਦੇ ਭੌਰੇ ਸੇਵਾ ਵਿਚ ਤਤਪਰ ਰਹੇ ਜਿਹਨਾਂ ਦੀ ਘਾਲ ਕਮਾਈ ਥਾਇ ਪਈ। ਨਾਮ ਬਾਣੀ ਦੀ ਕਣੀ ਜਿਹਨਾਂ ਦੇ ਹਿਰਦੇ ਵਿਚ ਵਸੀ ਉਹਨਾਂ ਨੂੰ ਹਜ਼ੂਰ ਨੇ ਬਾਉਲੀ ਸਾਹਿਬ ਦੇ ਨਿਰਮਾਣ ਸਮੇਂ ਨਿਵਾਜਿਆ, ਸਿਰੋਪੇ ਦਿੱਤੇ ਤੇ ੨੨ ਮੰਜੀਆਂ ੨੨ ਸੂਬਿਆਂ ਵਿਚ ਸਥਾਪਤ ਕੀਤੀਆਂ। ਇਹ ਸਿੱਖ ਧਰਮ ਦੇ ਮੁਖੀ ਪ੍ਰਚਾਰਕ ਸਨ ਜੋ ਨਿਰੰਕਾਰੀ ਮਿਸ਼ਨ ਨੂੰ ਪੰਜਾਬ ਤੋਂ ਬਾਹਰ ਲੈ ਕੇ ਗਏ। ਇਹਨਾਂ ਵਿਚ ੪ ਇਸਤਰੀਆਂ ਵੀ ਸ਼ਾਮਲ ਸਨ। ਇਹਨਾਂ ਦੇ ਨਾਮ ਸ੍ਰੀ ਗੋਇੰਦਵਾਲ, ਚੁਬਾਰਾ ਸਾਹਿਬ ਵਿਖੇ ਇਕ ਸੁੰਦਰ ਸੁਨਹਿਰੀ ਪਤਰੇ ਤੇ ਤਸਵੀਰਾਂ ਸਮੇਤ ਅੰਕਤ ਹਨ। ਉਪਰੰਤ ਆਪ ਵੀ ਗੁਰੂ ਜੀ ਨੇ *'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥'* ਤੁਖਾਰੀ ਰਾਗ ਮ: ੪ ਦੇ ਅਨੁਸਾਰ ਗੁਰੂ ਜੀ ਕੁਰਛੇਤਰ, ਪਹੇਵਾ ਆਦਿ ਤੀਰਥਾਂ 'ਤੇ ਹੁੰਦੇ ਹੋਏ ਕੁੰਭ ਦੇ ਮੇਲੇ ਵੈਸਾਖੀ ਸਮੇਂ ਹਰਿਦੁਆਰ ਪੁੱਜ ਕੇ ਨਿਰੰਕਾਰੀ ਮਿਸ਼ਨ ਦਾ ਪ੍ਰਚਾਰ ਕੀਤਾ। ਆਪ ਜੀ ਦੇ ਚਰਨਾਂ ਦੀ ਛੋਹ ਯਾਦ ਵਿਚ ਪਾਵਨ ਅਸਥਾਨ ਗੁਰਦੁਆਰਾ ਕਨਖਲ, ਹਰਿਦੁਆਰ ਵਿਖੇ ਸੋਭਨੀਕ ਹੈ। ਗੁਰੂ ਅਮਰਦਾਸ ਜੀ ਦੀ ਚਲਾਈ ਨਿਯਮਾਵਲੀ ਅਨੁਸਾਰ ਗੁਰੂ ਰਾਮਦਾਸ ਜੀ ਦੇ ਸਮੇਂ ਤੇ ਪੰਜਵੀਂ ਪਾਤਸ਼ਾਹੀ ਤਕ ਮਸੰਦ ਪ੍ਰਣਾਲੀ ਵਧਦੀ ਗਈ। ਗੁਰੂ ਬਾਬੇ ਜੀ ਦੀ ਸਿੱਖੀ ਪ੍ਰਚਾਰ ਦੇ ਨਾਲ-ਨਾਲ ਕਾਰ ਭੇਟ ਵੀ ਗੁਰੂ ਕੇ ਖ਼ਜ਼ਾਨੇ ਵਿਚ ਆਉਣੀ ਅਰੰਭ ਹੋਈ ਤੇ ਦਸਵੰਧ ਦੇਣ ਦੀ ਪ੍ਰਣਾਲੀ ਕਾਇਮ ਕੀਤੀ ਗਈ।

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਵੇਂ ਜ਼ਾਲਮ ਨੂੰ ਸੋਧਣ

ਲਈ ਜੰਗ ਯੁੱਧ ਕੀਤੇ ਹਨ ਪਰ ਆਪ ਜੀ ਨੇ ਅੰਮ੍ਰਿਤਸਰ ਤੋਂ ਲੈ ਕੇ ਨੈਨੀਤਾਲ, ਪੀਲੀ ਭੀਤ ਯੂਪੀ ਤੱਕ ਦੌਰਾ ਕੀਤਾ। ਸਗੋਂ ਗੰਗਾ ਤੀਰਥ ਜ਼ਿਲ੍ਹਾ ਬੇਟ ਵਿਚ ਪੰਡਤਾਂ ਪਾਸ ਆਪ ਜੀ ਦੀ ਬਖ਼ਸ਼ਿਸ਼ ਦਾ ਇਕ ਹੁਕਮਨਾਮਾ ਮੌਜੂਦ ਹੈ, ਆਪ ਜੀ ਦੇ ਨਾਲ ਚੰਪਤ ਰਾਏ ਦੇ ਬੇਟੇ ਭਾਈ ਗੁਰਦਾਸ ਜੀ ਤੇ ਗੋਇੰਦਵਾਲ ਦੇ ਭਲੇ ਸਾਹਿਬਜ਼ਾਦੇ ਗੁਰੂ ਅਮਰਦਾਸ ਜੀ ਦਾ ਬੰਸ ਨਾਲ ਮੌਜ਼ੂਦ ਸੀ। ਸਭ ਕੁਝ ਪੁਰਾਤਨ ਲਿਖਤਾਂ ਤੋਂ ਮਿਲਦਾ ਹੈ।

ਯੂ. ਪੀ. ਤੋਂ ਬਾਅਦ ਆਪ ਕਸ਼ਮੀਰ ਗਏ, ਜਿਥੇ ਆਪ ਜੀ ਨੇ ਨਿਰੰਕਾਰੀ ਮਿਸ਼ਨ ਦਾ ਬੜਾ ਭਾਰੀ ਪ੍ਰਚਾਰ ਕੀਤਾ, ਜਿਸ ਦੀ ਬਦੌਲਤ ਅੱਜ ਕਸ਼ਮੀਰ ਵਿਚ ਭਾਰੀ ਗਿਣਤੀ ਵਿਚ ਸਿੱਖੀ ਨਜ਼ਰ ਆ ਰਹੀ ਹੈ, ਦੂਜਾ ਕਾਰਨ ਹਿੰਦੂ ਧਰਮ ਨੂੰ ਇਸਲਾਮ ਧਰਮ ਵੱਲੋਂ ਲੱਗ ਰਹੀ ਢਾਹ ਤੋਂ ਬਚਾਣਾ ਸੀ। ਕਸ਼ਮੀਰ ਦਾ ਚਰਚਾ ਝਗੜੇ ਕਾਰਨ ਅੱਜ ਭਾਵੇਂ ਸਾਰੀ ਦੁਨੀਆਂ ਵਿਚ ਹੈ ਕਿਉਂਕਿ ਉਥੇ ਵੱਸਣ ਵਾਲਿਆਂ ਦੀ ਗਿਣਤੀ ਵਧੀਕ ਇਸਲਾਮ ਦੇ ਪੈਰੋਕਾਰ ਮੁਸਲਮਾਨਾਂ ਦੀ ਹੈ ਪਰ ਹਕੀਕਤਨ ਕਸ਼ਮੀਰ ਜਹਾਂਗੀਰ ਦੇ ਸਮੇਂ ਤੋਂ ਹੀ ਇਸਲਾਮ ਦਾ ਕੇਂਦਰ ਬਣ ਗਿਆ ਸੀ। ਇਸ ਨੂੰ ਤਰੱਕੀ ਦੇਣ ਵਾਲਾ ਤੇ ਸੋਹਣਾ ਸ਼ਿੰਗਾਰਨ ਵਾਲਾ ਜਹਾਂਗੀਰ ਸੀ, ਜੋ ਹਰ ਸਾਲ ਗਰਮੀਆਂ ਨੂੰ ਕਸ਼ਮੀਰ ਜਾਂਦਾ ਸੀ। ਉਸ ਦੇ ਬਣੇ ਬਾਗ ਤੇ ਵੱਡੀਆਂ ਇਮਾਰਤਾਂ ਅੱਜ ਵੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੀਆਂ ਹਨ। ਇਸੇ ਸਮੇਂ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਦਾ ਕੰਮ ਅਰੰਭ ਹੋਇਆ। ਡਲ ਝੀਲ ਦੇ ਕਿਨਾਰੇ ਹਜ਼ਰਤ ਬਲ ਦੀ ਦਰਗਾਹ ਹੈ, ਜਿਸ ਵਿਚ ਮੂਏ ਮੁਬਾਰਕ ਰਖਿਆ ਗਿਆ ਹੈ, ਇਹ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਮੁਛ ਦਾ ਇਕ ਵਾਲ ਸਵਾ ਇੰਚ ਲੰਬਾ ਹੈ, ਜਿਸ ਨੂੰ ਹਜ਼ਰਤ ਬਲ ਇਕ ਮੁਸਲਮਾਨ ਫ਼ਕੀਰ ਮਦੀਨੇ ਸ਼ਰੀਫ ਤੋਂ ਹਿੰਦੋਸਤਾਨ ਲੈ ਕੇ ਆਇਆ, ਉਸ ਨੇ ਜਹਾਂਗੀਰ ਦੇ ਸਾਹਮਣੇ ਮੁਤਬਰਕ ਵੇਲੇ ਪੇਸ਼ ਕੀਤਾ, ਜਹਾਂਗੀਰ ਨੇ ਜੋ ਇਹ ਸੁੰਦਰ ਇਮਾਰਤ ਅਪਨੇ ਨਿਵਾਸ ਲਈ ਡਲ ਝੀਲ ਦੇ ਕਿਨਾਰੇ ਬਣਾਈ, ਮੂਏ, ਮੁਬਾਰਕ ਨੂੰ ਟਿਕਾਉਣ ਲਈ ਦੇ ਦਿੱਤੀ ਜੋ ਇਸਲਾਮ ਦੀ ਤਬਲੀਗ ਦਾ ਕੇਂਦਰ ਬਣ ਗਿਆ। ਮੀਰੀ ਪੀਰੀ ਦੇ ਮਾਲਕ ਦੇ ਸਮੇਂ ੨੦੦ ਕੁੰਨਬਾ ਮੁਸਲਮਾਨ ਹਿੰਦੂਆਂ ਵਿਚੋਂ ਹੋ ਰਿਹਾ ਸੀ, ਗੁਰੂ ਜੀ ਦੇ ਕਸ਼ਮੀਰ ਵਿਚ ਜਾਣ ਕਰਕੇ ਉਹ ਮੁਸਲਮਾਨ ਹੋਣ ਤੋਂ ਬਚ ਗਏ। ਕੁਝ ਖ਼ਾਨਦਾਨ, ਜੋ ਮੁਸਲਮਾਨ ਨਵੇਂ ਬਣੇ ਸਨ, ਉਹ ਵਾਪਸ ਪਰਤ ਕੇ ਸਿੱਖੀ ਧਾਰਨ ਕਰ ਗਏ, ਇਸ ਦਾ ਸਬੂਤ ਗਿ: ਪਰਤਾਪ ਮਲ ਦੀਆਂ ਲਿਖਤਾਂ ਤੋਂ ਤੇ ਇਸ ਦੀ ਪੁਸ਼ਟੀ ਮੁਹਸਨ ਫਾਨੀ ਦੀਆਂ ਲਿਖਤਾਂ ਤੋਂ ਹੁੰਦੀ ਹੈ।

ਮੀਰੀ ਪੀਰੀ ਦੇ ਮਾਲਕ ਦਾ ਕਸ਼ਮੀਰ ਜਾਣ ਦਾ ਰਸਤਾ

ਸਤਿਗੁਰੂ ਜੀ ਨੇ ਅੰਮ੍ਰਿਤਸਰ ਤੋਂ ਲਾਹੌਰ, ਗੁਜਰਾਂਵਾਲਾ, ਵਜੀਰਾਬਾਦ ਤੋਂ ਜ਼ਿਲ੍ਹਾ ਮੀਰਪੁਰ ਵਿਚ ਪਰਵੇਸ਼ ਕੀਤਾ ਹੈ, ਪੁਰਾਣੀ ਮੁਗ਼ਲ ਰੋਡ ਜੋ ਜਹਾਂਗੀਰ ਨੇ ਬਣਵਾਈ ਸੀ, ਉਸੇ ਰਸਤੇ ਗੁਰੂ ਜੀ ਪੜਾਉ ਪੜਾਈ ਕਸ਼ਮੀਰ ਦੇ ਦੱਖਣੀ ਭਾਗ ਵਿਚ ਨੁਸ਼ਹਿਰਾ-ਰਾਜੌਰੀ ਨੂੰ ਗਏ ਹਨ। ਸਾਰੀ ਥਾਈਂ ਕੁਬੇਰਾਂ-ਰਾਜੌਰੀ ਭਿੰਬਰ ਵਿਚ ਮਹਾਰਾਜ ਦੇ ਅਸਥਾਨ ਬਣੇ ਹੋਏ ਹਨ। ਸਭ ਤੋਂ ਪਹਿਲਾਂ

ਹਜ਼ੂਰ ਭਿੰਬਰ ਦੇ ਇਲਾਕੇ ਦੇ ਪਿੰਡ ਚੌਮੁਖ ਪੁੱਜੇ ਜਿਥੇ ਗੁਰੂ ਜੀ ਨੇ ਬੀਰਮ ਦੱਤ ਇਕ ਵੱਡੇ ਵਿਦਵਾਨ ਬ੍ਰਾਹਮਣ ਨੂੰ ਸਿੱਖੀ ਬਖ਼ਸ਼ੀ, ਜਿਹਨਾਂ ਦੀ ਸੰਤਾਨ ਅਜੇ ਤਕ ਭਾਈ ਸਾਹਿਬ ਅਖਵਾਉਂਦੀ ਹੈ, ਉਪਰੰਤ ਸਤਿਗੁਰੂ ਰਾਜੌਰੀ ਤੋਂ ਪੀਰ ਪੰਜਾਲ ਵੱਡਾ ਬਰਫ਼ਾਨੀ ਪਹਾੜ ਲੰਘ ਕੇ ਸ਼ਾਹ ਜੀ ਮਾਰਗ ਜੋ ਐਨ ਦਰੇ ਦੇ ਹੇਠ ਵਾਕਿਆ ਹੈ। ਵਾਦੀ ਕਸ਼ਮੀਰ ਵਿਚ ਦਾਖ਼ਲ ਹੋਏ। ਸ੍ਰੀ ਨਗਰ ਤੋਂ ਗੁਰੂ ਜੀ ਦਾ ਸੁਆਗਤ ਕਰਨ ਲਈ ਬਾਬਾ ਦੁਆਰਕਾ ਦਾਸ ਜੋ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਸਿੱਖੀ ਦੇ ਮੁਖੀ ਮਸੰਦ ਸਨ, ਸੰਗਤਾਂ ਨੂੰ ਨਾਲ ਲੈ ਕੇ ਸੁਆਗਤ ਲਈ ਹਾਜ਼ਰ ਹੋਏ। ਇਥੇ ਮਹਾਰਾਜ ਨੇ ਨਦੀ ਦੇ ਕਿਨਾਰੇ ਪੜਾਅ ਕੀਤਾ। ਕੋਲ ਹੀ ਜਹਾਂਗੀਰ ਦਾ ਕਿਲ੍ਹਾ ਹੈ, ਇਥੋਂ ਮਹਾਰਾਜ ਦੀ ਚਰਨ-ਛੋਹ ਪ੍ਰਾਪਤ ਕਰਕੇ ਕੱਟੂ ਜੋ ਮੁਸਲਮਾਨ ਫ਼ਕੀਰ ਸੀ ਹਜ਼ੂਰ ਦਾ ਸਿੱਖ ਬਣਿਆ। ਮਹਾਰਾਜ ਨੇ ਉਸ ਨੂੰ ਭਾਈ ਕੱਟੂ ਸ਼ਾਹ ਦੀ ਪਦਵੀ ਬਖ਼ਸ਼ੀ। ਬਾਅਦ ਵਿਚ ਇਹ ਬੜੇ ਉੱਚੀ ਕਰਨੀ ਦੇ ਮਾਲਕ ਹੋਏ ਹਨ। ਇਥੇ ਮਹਾਰਾਜ ਦੀ ਯਾਦ ਵਿਚ ਵੈਸਾਖੀ ਦਾ ਮੇਲਾ ਲਗਦਾ ਹੈ। ਸੁੰਦਰ ਅਸਥਾਨ ਦੀ ਨਵੀਂ ਇਮਾਰਤ ਬਣ ਰਹੀ ਹੈ। ਗੁਰਦੁਆਰਾ ਸਾਹਿਬ ਵਿਚ ਇਕ ਬਦਾਮਾਂ ਦਾ ਬਾਗ਼ ਹੈ। ਇਥੋਂ ਦੀ ਹੀ ਇਕ ਹੋਰ ਪ੍ਰਸਿੱਧ ਸਾਖੀ ਗੁਰੂ ਜੀ ਨੂੰ ਸ਼ਹਿਦ ਭੇਟ ਕਰਨ ਵਾਲੀ ਹੈ ਜੋ ਸਿੱਖਾਂ ਨੇ ਗੁਰੂ ਜੀ ਵਾਸਤੇ ਲਿਆਂਦਾ ਸੀ। ਭਾਈ ਕੱਟੂ ਨੇ ਮੰਗ ਲਿਆ। ਸਿੱਖਾਂ ਨੇ ਦਿੱਤਾ ਨਾ। ਸ਼ਹਿਦ ਗੁਰੂ ਜੀ ਨੇ ਪ੍ਰਵਾਨ ਨਾ ਕੀਤਾ। ਉਸ ਵਿਚ ਕੀੜੇ ਪੈ ਗਏ ਸਨ। ਗੁਰੂ ਜੀ ਨੇ ਹੁਕਮ ਕੀਤਾ, ਪਹਿਲਾਂ ਭਾਈ ਕੱਟੂ ਨੂੰ ਦਿਉ, ਫਿਰ ਸਾਨੂੰ ਪਰਵਾਨ ਹੋਵੇਗਾ। ਭੁੱਖੇ ਸਿੱਖ ਦਾ ਮੂੰਹ ਗੁਰੂ ਕੀ ਗੋਲਕ ਹੈ, ਇਥੋਂ ਸਿੱਖ ਸੰਗਤਾਂ ਨਾਲ ਮਹਾਰਾਜ, ੩੦-੩੫ ਮੀਲ ਦੂਰ ਪੜਾਉ ਪੜਾਈ ਸ੍ਰੀ ਨਗਰ ਪੁੱਜੇ। ਵੱਡੇ ਕਿਲ੍ਹੇ ਦੇ ਪਾਸ ਮਾਤਾ ਭਾਗਭਰੀ ਜੋ ਸਾਈਂ ਦਾਸ ਦੀ ਮਾਤਾ ਸੀ, ਦੇ ਘਰ ਵਿਖੇ ਨਿਵਾਸ ਕੀਤਾ। ਇਥੇ ਮਹਾਰਾਜ ਜੀ ਨੇ ਕਈ ਮਹੀਨੇ ਨਿਵਾਸ ਕੀਤਾ। ਬ੍ਰਿਧ ਮਾਤਾ ਭਾਗਭਰੀ ਦਾ ਹੱਥੀਂ ਕਤਿਆ ਖੱਦਰ ਦਾ ਰੇਜਾ ਭੇਟਾ ਪਰਵਾਨ ਕੀਤਾ। ਮਾਤਾ ਭਾਗਭਰੀ ਨੂੰ ਦਿਬ-ਦ੍ਰਿਸ਼ਟੀ ਮਿਲੀ, ਉਸ ਨੇ ਅਪਣਾ ਅੰਤਮ ਸਮਾਂ ਨੇੜੇ ਜਾਣ ਕਰ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਮੇਰੇ ਸਰੀਰ ਦਾ ਅੰਤ ਆਪ ਦੇ ਚਰਨਾਂ ਵਿਚ ਹੋਵੇ, ਉਨ੍ਹਾਂ ਚਿਰ ਆਪ ਇਥੇ ਰਹੋ। ਉਹੀ ਕੁਝ ਹੋਇਆ।ਮਾਤਾ ਭਾਗਭਰੀ ਦਾ ਅੰਤਮ ਸੰਸਕਾਰ ਗੁਰੂ ਜੀ ਨੇ ਅਪਣੇ ਕਰ ਕਵਲਾਂ ਨਾਲ ਕੀਤਾ। ਮਾਤਾ ਜੀ ਨੂੰ ਸਦਗਤੀ ਪਰਦਾਨ ਕੀਤੀ। ਇਥੋਂ ਹਜ਼ੂਰ ਨੇ ਕਈ ਥਾਈਂ ਜਾ ਕੇ ਨਾਨਕ ਨਿਰੰਕਾਰੀ ਮਿਸ਼ਨ ਪ੍ਰਚਾਰਿਆ। ਕਸ਼ਮੀਰ ਵਾਦੀ ਵਿਚੋਂ ਹਜ਼ਾਰਾਂ ਸਵਰਨ ਜਾਤੀ ਬ੍ਰਾਹਮਣਾਂ ਵਿਚੋਂ ਗੁਰੂ ਜੀ ਦੇ ਸਿੱਖ ਬਣੇ, ਸਾਰੇ ਭਾਰਤ ਵਿਚੋਂ ਕਸ਼ਮੀਰ ਇਕ ਐਸਾ ਖਿਤਾ ਹੈ, ਜਿਥੋਂ ੨੦-੨੫ ਹਜ਼ਾਰ ਅੱਜ ਵੀ ਸਾਬਤ ਸੂਰਤ ਪਿੰਡਾਂ ਦੇ ਪਿੰਡ ਤਿਆਰ-ਬਰ-ਤਿਆਰ ਬ੍ਰਾਹਮਣ ਤੋਂ ਬਣੇ ਸਿੱਖ ਹਨ।

ਸ੍ਰੀ ਨਗਰ ਤੋਂ ਗੁਰੂ ਜੀ ਚੱਲ ਕੇ ਬਾਰਾਮੂਲਾ ਵੱਲ ਪਧਾਰੇ, ਪਹਿਲਾਂ ਪੜਾਅ ੨੦ ਮੀਲ ਦੂਰ ਕਲਮ ਪੂਰਾ (ਸਿੰਘ ਪੂਰਾ) ਵਿਖੇ ਇਕ ਥੇਹ 'ਤੇ ਮੁਸਲਮਾਨ ਫ਼ਕੀਰ ਪਾਸ ਨਿਵਾਸ ਕੀਤਾ। ਇਸ ਨੂੰ ਆਤਮਕ ਸ਼ਾਂਤੀ ਬਖ਼ਸ਼ੀ। ਮਹਾਰਾਜ ਦਾ ਅਸਥਾਨ ਬਣਿਆ ਹੈ, ਜਿਸ ਦੀ ਸੇਵਾ-ਇਮਾਰਤ ਸਵਰਗੀ ਭਾਈ ਸਾਹਿਬ ਵੀਰ ਸਿੰਘ ਜੀ ਨੇ ਕਰਾਈ। ਵੈਸਾਖੀ ਦਾ ਭਾਰੀ ਜੋੜ ਮੇਲਾ ਹੁੰਦਾ ਹੈ,

ਆਸ ਪਾਸ ਭਾਰੀ ਸਿੱਖ ਵਸੋਂ ਦਾ ਇਲਾਕਾ ਹੈ, ਗੁਰੂ ਜੀ ਦਾ ਇਕ ਯਾਦਗਾਰੀ ਖੂਹ ਵੀ ਹੈ, ਜਿਸ ਦੇ ਜਲ ਨਾਲ ਸੰਗਤਾਂ ਇਸ਼ਨਾਨ ਕਰਦੀਆਂ ਤੇ ਘਰ ਨੂੰ ਅੰਮ੍ਰਿਤ ਜਾਣ ਕੇ ਖੜਦੀਆਂ ਹਨ।

ਇਥੋਂ ਸਤਿਗੁਰੂ ਜੀ ਬਾਰਾਮੂਲੇ ਪੁੱਜੇ, ਦਰਿਆ ਜਿਹਲਮ ਜੋ ਝੀਲ ਵੂਲਰ ਵਿਚੋਂ ਨਿਕਲਦਾ, ਇਸ ਸ਼ਹਿਰ ਵਿਚ ਦੀ ਲੰਘਦਾ ਹੈ। ਸ਼ਹਿਰ ਦੇ ਲਹਿੰਦੇ ਪਾਸੇ ਬਾਹਰਵਾਰ ਦਰਿਆ ਦੇ ਕਿਨਾਰੇ ਡੇਰਾ ਕੀਤਾ। ਇਕ ਬਹੁਤ ਪੁਰਾਣੇ ਸਮੇਂ ਦਾ ਚਿਨਾਰ ਦਾ ਦਰੱਖ਼ਤ ਹੈ ਜਿਸ ਦੇ ਹੇਠ ਗੁਰੂ ਜੀ ਦਾ ਮੰਜੀ ਸਾਹਿਬ ਬਣਿਆ ਹੈ। ਇਸ ਇਲਾਕੇ ਦੀਆਂ ਸੰਗਤਾਂ ਨੂੰ ਨਾਮ ਦਾਨ ਦੀ ਦਾਤ ਬਖ਼ਸ਼ੀ। ਜ਼ਿਲ੍ਹਾ ਬਾਰਾਮੂਲਾ ਵਿਚ ਵਧੀਕ ਸਿੱਖਾਂ ਦੀ ਗਿਣਤੀ ਵਸਦੀ ਹੈ, ਬਹੁਤ ਪਿੰਡ ਸਿੰਘਾਂ ਦੇ ਹਨ। ਵੱਡਾ ਅਸਥਾਨ ਹੈ। ਹਰ ਰੋਜ਼ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ, ਵੈਸਾਖੀ ਦਾ ਪੁਰਬ ਬੜੀ ਸਜ-ਧਜ ਨਾਲ ਮਨਾਇਆ ਜਾਂਦਾ ਹੈ।

ਸੰਨ ੧੯੪੭ ਦੇ ਪਾਕਿਸਤਾਨ ਦੇ ਕਬਾਇਲੀ ਹਮਲੇ ਵੇਲੇ ਇਥੇ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ, ਸਾਰਾ ਸ਼ਹਿਰ ਹਿੰਦੂ ਸਿੱਖ ਖਾਲੀ ਕਰ ਗਏ ਇਕ ਮੁਸਲਮ ਗੁੰਡੇ ਨੇ ਗੁਰਦੁਆਰਾ ਸਾੜਨ ਦਾ ਯਤਨ ਕੀਤਾ। ਮਹਾਰਾਜ ਜੀ ਦੇ ਮੰਜੀ ਸਾਹਿਬ ਨੂੰ ਤਿੰਨ ਵੇਰਾਂ ਅੱਗ ਲਾਈ ਗਈ। ਦੇਵ ਨੇਤ ਤਿੰਨ ਵੇਰਾਂ ਹੀ ਅੱਗ ਦੇ ਭਾਂਬੜ ਮਚ ਨਹੀਂ ਸਕੇ, ਗੁਰਦੁਆਰਾ ਸੜਨ ਤੋਂ ਬਚ ਗਿਆ। ਜਿਸ ਮੁਸਲਮਾਨ ਨੇ ਇਹ ਹਰਕਤ ਕੀਤੀ ਸੀ, ਉਹ ਮੁਸਲਮਾਨ ਅੱਖਾਂ ਤੋਂ ਅੰਨ੍ਹਾ ਤੇ ਕੁਸ਼ਟੀ ਹੋਇਆ ਇਥੇ ਹੀ ਮੰਗਦਾ ਫਿਰਦਾ ਹੈ, ਨਾਲ ਹੀ ਆਪਣੀ ਕਰਤੂਤ ਵੀ ਲੋਕਾਂ ਨੂੰ ਦਸਦਾ ਹੈ ਕਿ ਪੀਰੇ-ਹਿੰਦ ਦੀ ਮੈਨੂੰ ਮਾਰ ਵਗੀ ਹੈ। ਕੁਝ ਦਿਨਾਂ ਬਾਦ ਸਿੱਖ ਮਿਲਟਰੀ ਪੁੱਜ ਗਈ। ਉਹਨਾਂ ਇਸ ਅਸਥਾਨ ਦੀ ਸੰਭਾਲ ਕਰਕੇ ਆਪਣੀ ਰਾਖੀ ਵਿਚ ਗੁਰਦੁਆਰਾ ਲੈ ਲਿਆ।

ਇਥੋਂ ਗੁਰੂ ਜੀ ਅੱਗੇ ੭ ਮੀਲ ਦੂਰ ਪੀਰਨੀਆਂ ਪਿੰਡ ਦਰਿਆ ਜੇਹਲਮ ਦੇ ਕਿਨਾਰੇ-ਕਿਨਾਰੇ ਪੁੱਜੇ। ਇਥੋਂ ਦਾ ਇਕ ਮੁਸਲਮਾਨ ਫ਼ਕੀਰ ਗਫ਼ੂਰ ਸ਼ਾਹ ਜੋ ਇਸ ਇਲਾਕੇ ਦਾ ਪ੍ਰਸਿੱਧ ਪੀਰ ਸੀ, ਬੜਾ ਮੁਤੱਸਬ ਸ਼ਰੱਈ ਸੀ, ਗੁਰੂ ਜੀ ਦਾ ਆਉਣਾ ਸੁਣ ਕੇ ਸੜ-ਬਲ ਕੇ ਕੋਲਾ ਹੋ ਗਿਆ। ਮਹਾਰਾਜ ਦੀ ਸੋਭਾ ਬਰਦਾਸ਼ਤ ਨਹੀਂ ਕਰ ਸਕਿਆ। ਗੁਰੂ ਜੀ ਦੇ ਸਾਹਮਣੇ ਹੋ ਕੇ ਬੋਲ-ਕੁਬੋਲ ਬੋਲਣ ਲਗਾ— 'ਇਹ ਇਸਲਾਮ ਦੀ ਧਰਤੀ ਹੈ, ਤੁਸੀਂ ਇਥੇ ਕਿਉਂ ਆਏ ਹੋ ਤੇ ਹਿੰਦੂ ਪੀਰ ਨੂੰ ਇਸ ਧਰਤੀ ਵਿਚ ਕੋਈ ਥਾਂ ਨਹੀਂ। ਤੁਸੀਂ ਇਧਰ ਪੈਰ ਕਿਉਂ ਰੱਖਿਆ ਹੈ।' ਮਹਾਰਾਜ ਜੀ ਨੇ ਬਥੇਰਾ ਸਮਝਾਇਆ ਕਿ ਧਰਤੀ ਤਾਂ ਨਿਰੰਕਾਰ ਦੀ ਹੈ। ਹਰ ਪ੍ਰਾਣੀ ਨੂੰ ਇਸ 'ਤੇ ਪੈਰ ਧਰਨ ਦੀ ਧੁਰ ਦਰਗਾਹ ਤੋਂ ਆਗਿਆ ਹੈ, ਤੂੰ ਕਿਉਂ ਨਰਾਜ਼ ਹੁੰਦਾ ਹੈਂ। ਗੁਰੂ ਜੀ ਨੇ ਬਥੇਰਾ ਸਮਝਾਇਆ ਪਰ ਉਸ ਨੇ ਬਖੇੜਾ ਬਿਲਕੁਲ ਨਾ ਛਡਿਆ। ਸੁਭਾਵਿਕ ਗੁਰੂ ਜੀ ਨੇ ਬਚਨ ਕੀਤਾ— 'ਜਿਥੇ ਅਸਾਂ ਪੈਰ ਪਾਏ ਹਨ ਉਥੇ ਗੁਰੂ ਨਾਨਕ ਦੇਵ ਜੀ ਦੇ ਝੰਡੇ ਤਾਂ ਜ਼ਰੂਰ ਝੂਲਣਗੇ। ਪਰ ਤੈਨੂੰ ਧਰਤੀ ਆਪਣੇ ਵਿਚ ਨਹੀਂ ਸਮਾਏਗੀ।' ਉਪਰੰਤ ਗੁਰੂ ਜੀ ਲੁਗਾਮਾ ਪਲਮਪੁਰ ਪੰਜ ਪੀਰਾਂ ਦੇ ਅਸਥਾਨ ਉੜੀ ਸ਼ਹਿਰ ਦੇ ਪਾਸ ਪੁੱਜੇ। ਪੀਰਾਂ ਨੇ ਗੁਰੂ ਜੀ ਦੀ ਬੜੀ ਆਗਤ-ਭਾਗਤ ਕੀਤੀ, ਆਪਣੇ ਅਸਥਾਨ ਕੋਲ ਦਰਿਆ ਕਿਨਾਰੇ ਡੇਰਾ ਕਰਵਾਇਆ, ਮਹਾਰਾਜ ਕਈ ਦਿਨਾਂ ਤਕ ਇਥੇ

ਠਹਿਰੇ। ਇਲਾਕੇ ਦੀਆਂ ਸਿੱਖ ਸੰਗਤਾਂ ਨੂੰ ਨਾਮ ਦਾਨ ਦੀ ਦਾਤ ਦਿੱਤੀ। ਪੀਰ ਹਜ਼ੂਰ ਦੀ ਸੰਗਤ ਕਰਕੇ ਨਿਹਾਲ ਹੋਏ। ਪੀਰਾਂ ਨੇ ਆਪ ਮਹਾਰਾਜ ਦੀ ਯਾਦ ਵਿਚ ਬੈਠਣ ਵਾਲੀ ਥਾਂ 'ਤੇ ਥੜ੍ਹਾ ਬਣਵਾਇਆ। ਗੁਰੂ ਜੀ ਨੇ ਬਚਨ ਦਿੱਤਾ ਕਿ ਤੁਹਾਡਾ ਸਾਡਾ ਅਸਥਾਨ ਇਕੱਠਾ ਹੀ ਰਵੇਗਾ। ਕੇਵਲ ਵਿਚ ਇਕ ਪੱਥਰਾਂ ਦੀ ਪੱਕੀ ਦੀਵਾਰ ਹੈ। ਇਕ ਪਾਸੇ ਸੁੰਦਰ ਗੁਰਦਵਾਰਾ ਕੇਸਰੀ ਨਿਸ਼ਾਨ ਝੂਲ ਰਿਹਾ ਹੈ, ਦੂਜੇ ਪਾਸੇ ਪੀਰਾਂ ਦੇ ਰੰਗ-ਬਰੰਗੇ ਨਿਸ਼ਾਨ ਝੂਲ ਰਹੇ ਹਨ। ਇਥੇ ਨਜ਼ਦੀਕ ਹੀ ਦੱਰਾ ਹਾਜੀ ਪੀਰ ਹੈ ਜੋ ਬੜੀ ਕਠਿਨ ਪਹਾੜੀ ਹੈ। ਗੁਰੂ ਜੀ ਇਸ ਤੋਂ ਅੱਗੇ ਦਰਿਆ ਦੇ ਕਿਨਾਰੇ-ਕਿਨਾਰੇ ਜੇਹਲਮ ਨੂੰ ਚਲੇ ਗਏ। ਅਗਲਾ ਸਾਰਾ ਇਲਾਕਾ ਪਾਕਿਸਤਾਨ ਦੇ ਕਬਜ਼ੇ ਵਿਚ ਹੈ, ਜਿਸ ਦੇ ਦਾਸ ਦਰਸ਼ਨ ਨਹੀਂ ਕਰ ਸਕਿਆ। ਉੜੀ ਦੇ ਇਲਾਕੇ ਵਿਚ ਸਮਰਥ ਸੰਤ ਰਾਮਦਾਸ ਦਾ ਮੇਲ ਗੁਰੂ ਜੀ ਨਾਲ ਹੋਇਆ। ਦਸਿਆ ਜਾਂਦਾ ਹੈ, ਜੋ ਇਹ ਸ਼ਿਵਾ ਜੀ ਮਰਹਟੇ ਦੇ ਗੁਰੂ ਹੋਏ ਹਨ ਜਿਨ੍ਹਾਂ ਦਾ ਸਤਿਕਾਰ ਸਾਰੀ ਮਰਹੱਟਾ ਕੌਮ ਵਿਚ ਹੈ, ਜਿਹਨਾਂ ਨੇ ਮਹਾਂਰਾਸ਼ਟਰ ਵਿਚ ਜਾਗਰਤੀ ਲਿਆਂਦੀ। ਗੁਰੂ ਜੀ ਸ਼ਾਹ ਸਵਾਰ, ਘੋੜੇ, ਫ਼ੌਜਾਂ ਰੱਖਦੇ ਤੇ ਸ਼ਿਕਾਰ ਖੇਡਦੇ ਸਨ। ਪੁਰਾਣੀ ਲਿਖਤ ਅਨੁਸਾਰ ਮਹਾਰਾਜ ਨਾਲ ਮੇਲ ੧੬੩੪ ਈਸਵੀ ਵਿਚ ਹੋਇਆ ਕਸ਼ਮੀਰ ਵਿਚ: 'ਏਕ ਬਾਰ ਗੁਰੂ ਜੀ ਕਸ਼ਮੀਰ ਮੇਂ ਟਿਕੇ ਥੇ, ਤਹਾਂ ਏਕ ਸਾਧੂ ਦੀਦਾਰ ਕੋ ਆਇਆ। ਦਖਣ ਦੇਸ ਕਾ ਵਾਸੀ, ਨਾਮ ਰਾਮਦਾਸ ਥਾ। ਤਬ ਗੁਰੂ ਜੀ ਸ਼ਿਕਾਰ ਖ਼ੇਲਤੇ ਆਵਤੇ ਥੇ, ਘੋੜੇ 'ਪਰ ਸਵਾਰ, ਸਾਥ ਸਿੱਖ ਸੰਗਤ ਬਹੁਤ ਸੀ।' ਤਬ ਸੰਤ ਨੇ ਪ੍ਰਸ਼ਨ ਕੀਤਾ, 'ਹਉ ਸੁਣਿਆ ਥਾ ਗੁਰੂ ਨਾਨਕ ਕੀ ਗਦੀ ਪਰ ਬੈਠਾ ਹੈ; ਨਾਨਕ ਗੁਰੂ ਤਿਆਗੀ ਸਾਧੂ ਥੇ, ਤੁਮ ਸ਼ਸਤਰ ਧਾਰਨ ਕਰੇ ਹੈਂ, ਘੋੜੇ ਫਉਜ ਰਾਖੀ ਹੈ, ਸਚਾ ਪਾਤਿਸ਼ਾਹ ਕਹਾਵਤ ਹੈ, ਕੈਸਾ ਸਾਧੂ ਹੈ।' ਤਾਂ ਗੁਰੂ ਹਰਿਗੋਬਿੰਦ ਕਹਿਆ, 'ਬਾਤਨ ਫਕੀਰੀ-ਜਾਹਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ, ਬਾਬੇ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਇਆ ਤਿਆਗੀ ਥੀ।' ਰਾਮਦਾਸ ਪਰਸੰਨ ਹੋਇਆ, ਕਹਿਆ 'ਯਿਹ ਹਮਾਰੇ ਮਨ ਭਾਵਤੀ', ਸੰਤ ਚਰਨੀ ਲੱਗਾ; ਆਤਮ ਪਦ ਪਰਾਪਤ ਕੀਤਾ। ਇਸ ਨੇ ਮਰਹੱਟਾ ਜਾਤੀ ਵਿਚ ਅਜ਼ਾਦੀ ਦੀ ਰੂਹ ਫੂਕੀ।

੭/੧੬੭੦

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਪ੍ਰਚਾਰ-ਯਾਤਰਾਵਾਂ

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਨੂੰ ਸੁਲਤਾਨਪੁਰ ਲੋਧੀ ਵਿਖੇ ਵਾਹਿਗੁਰੂ ਨੇ ਆਦੇਸ਼ ਦਿੱਤਾ ਸੀ, 'ਤੂੰ ਜਾਇ ਕਰਿ ਮੇਰਾ ਨਾਮ ਜਪ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰ ਥੀਂ ਨਿਰਲੇਪ ਰਹੁ, ਨਾਮ ਦਾਨੁ, ਇਸਨਾਨੁ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਇਹ ਕਿਰਤ ਕਰਿ।' ਇਸ ਪ੍ਰਸੰਗ ਵਿਚ ਗੁਰੂ ਨਾਨਕ ਸਾਹਿਬ ਨੇ 'ਜਗ ਤਾਰਨ', 'ਜਨ ਉਥਾਨ' ਲਈ ਜਨ ਸਮੂਹ ਦੀ 'ਪੁਕਾਰ' ਸੁਣ ਕੇ ਅਤਿਅੰਤ ਕਠਨਾਈਆਂ ਦੇ ਬਾਵਜੂਦ ਵੀ ਲੰਮੇਰੀਆਂ ਯਾਤਰਾਵਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਭਾਰਤ ਤੋਂ ਇਲਾਵਾ ਕਈ ਏਸ਼ਿਆਈ ਦੇਸ਼ਾਂ ਵਿਚ ਵੀ ਯਾਤਰਾ ਕੀਤੀ। ਇਕ ਅੰਦਾਜ਼ੇ ਅਨੁਸਾਰ ਉਨ੍ਹਾਂ ਨੇ ਆਪਣੀ ਆਯੂ ਦੇ ਲਗਭਗ ਤੀਹ ਸਾਲ ਯਾਤਰਾਵਾਂ ਵਿਚ ਗੁਜ਼ਾਰੇ ਅਤੇ ਹਿੰਦੂ, ਮੁਸਲਮਾਨ, ਜੈਨੀ, ਬੋਧੀ, ਸੂਫ਼ੀ, ਹਰ ਪ੍ਰਕਾਰ ਤੇ ਹਰ ਨਸਲ ਦੇ ਆਗੂਆਂ ਅਤੇ ਬੁੱਧੀਜੀਵੀਆਂ ਨਾਲ ਭੇਟ ਕਰਕੇ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ।

ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਵੀ ਪੰਜਾਬ ਵਿਚ ਪ੍ਰਚਾਰ-ਯਾਤਰਾਵਾਂ ਕੀਤੀਆਂ। ਸ੍ਰੀ ਗੁਰੂ ਅਮਰਦਾਸ ਜੀ ਪ੍ਰਚਾਰ ਲਈ ਪੰਜਾਬ ਦੀਆਂ ਹੱਦਾਂ ਟੱਪ ਕੇ ਪ੍ਰਚਾਰ ਲਈ ਹਰਦੁਆਰ ਤਕ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਦੂਰ-ਦੁਰੇਡੇ ਪੰਜਾਬ ਦੀ ਸੀਮਾ ਟੱਪ ਕੇ ਉਤਰ ਪ੍ਰਦੇਸ਼ ਤੇ ਕਸ਼ਮੀਰ ਦੇ ਇਲਾਕਿਆਂ ਵਿਚ ਜਾ ਕੇ ਆਪਣਾ ਪੈਗਾਮ ਦਿੱਤਾ। ਇਤਿਹਾਸਕਾਰਾਂ ਦੀ ਸੋਚ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਕ੍ਰਮ ਪਿੱਛੇ ਕਈ ਮਹੱਤਵਪੂਰਨ ਤੱਥ ਕੰਮ ਕਰ ਰਹੇ ਸਨ। ਪਹਿਲਾ, ਉਨ੍ਹਾਂ ਨੇ ਸਮਝ ਲਿਆ ਸੀ ਕਿ ਉਨ੍ਹਾਂ ਵੱਲੋਂ ਖੁਲ੍ਹੇ-ਆਮ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਨਾ ਭਾਵੇਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦਾ ਇਕ ਜ਼ੋਰਦਾਰ ਪ੍ਰਗਟਾਵਾ ਹੈ ਪ੍ਰੰਤੂ ਇਸ ਕਦਮ ਦੇ ਰਹੱਸ ਨੂੰ ਸਮਝਾਉਣਾ ਬਹੁਤ ਜ਼ਰੂਰੀ ਹੈ, ਵਰਨਾ ਇਹ ਸੰਭਾਵਨਾ ਹੈ ਕਿ ਆਮ ਸਿੱਖ ਭੁਲੇਖੇ ਵਿਚ ਹੀ ਪੈ ਜਾਣ ਤੇ ਗ਼ੈਰ-ਸਿੱਖ ਇਸ ਦੀ ਅਹਿਮੀਅਤ ਨੂੰ ਅਜੋਕੇ ਅਤੇ ਭਵਿਖਤ ਪਰਿਪੇਖਾਂ ਵਿਚ ਨਾ ਸਮਝ ਸਕਣ।

ਗੁਰੂ ਜੀ ਨੇ ਅੰਮ੍ਰਿਤਸਰ ਤੋਂ ਆਪਣਾ ਪ੍ਰਚਾਰ ਆਰੰਭਿਆ। ਆਪ ਅੰਮ੍ਰਿਤਸਰ ਤੋਂ ਕਰਤਾਰਪੁਰ

ਪੁੱਜੇ। ਕਰਤਾਰਪੁਰ ਦੇ ਨਿਕਟ ਬੜਾ ਮੀਰ ਦੇ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ। ਉਨ੍ਹਾਂ ਵਿਚ ਵਧੇਰੇ ਮੁਸਲਮਾਨ ਸਨ ਤੇ ਜਾਂ ਉਹ ਲੋਕ ਜੋ ਸਖੀ ਸਰਵਰ ਦੇ ਅਨੁਆਈ ਸਨ। ਉਹ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸੁਣ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਵਿਚੋਂ ਕਈ ਨੌਜਵਾਨਾਂ ਨੇ ਗੁਰੂ ਸਾਹਿਬ ਦੀ ਦਲਿ-ਭੰਜਨ ਫ਼ੌਜ ਵਿਚ ਭਰਤੀ ਹੋਣਾ ਮੁਨਾਸਿਬ ਸਮਝਿਆ। ਆਲਿਮਪੁਰ ਪਿੰਡ ਦੀ ਜਨਤਾ ਵੀ ਗੁਰ-ਉਪਦੇਸ਼ ਸੁਣਨ ਲਈ ਆਈ ਤੇ ਗੁਰੂ ਸਾਹਿਬ ਦੀ ਮੁਰੀਦ ਬਣ ਗਈ। ਇਸੇ ਪਿੰਡ ਦੇ ਜ਼ਿਮੀਂਦਾਰ ਫ਼ਤਹਿ ਖ਼ਾਂ ਪਠਾਣ ਦੀ ਵਿਧਵਾ ਆਪਣੇ ਪੁੱਤਰ ਪੈਂਦੇ ਖ਼ਾਂ ਨੂੰ ਗੁਰੂ ਜੀ ਪਾਸ ਅਸ਼ੀਰਵਾਦ ਲਈ ਲਿਆਈ। ਗੁਰੂ ਜੀ ਨੇ ਬਾਲ (ਪੈਂਦੇ ਖ਼ਾਂ) ਨੂੰ ਪਿਆਰ ਕੀਤਾ ਤੇ ਉਸ ਦੀ ਮਾਤਾ ਨੂੰ ਆਖਿਆ ਕਿ ਅੱਜ ਤੋਂ ਇਸ ਬਾਲਕ ਦੀ ਪਾਲਣਾ, ਉਹ ਆਪਣੀ ਦੇਖ-ਰੇਖ ਹੇਠ ਕਰਵਾਉਣਗੇ। ਸਮਾਂ ਪਾ ਕੇ ਇਹ ਬਾਲਕ ਬਹੁਤ ਬਲਵਾਨ ਤੇ ਨਿਪੁੰਨ ਜਰਨੈਲ ਬਣਿਆ। ਉਸ ਨੇ ਗੁਰੂ ਸਾਹਿਬ ਅਤੇ ਮੁਗ਼ਲ ਸਰਕਾਰ ਵਿਚਕਾਰ ਜੰਗਾਂ ਦੌਰਾਨ ਮਹੱਤਵਪੂਰਨ ਯੋਗਦਾਨ ਪਾਇਆ ਪਰ ਅੰਤ ਵਿਚ ਹੰਕਾਰਿਆ ਗਿਆ ਤੇ ਗੁਰੂ ਸਾਹਿਬ ਜੀ ਨੂੰ ਹੀ ਚੁਨੌਤੀ ਦੇਣ ਲੱਗ ਪਿਆ। ਗੁਰੂ ਸਾਹਿਬ ਨੇ ਓੜਕ ਉਸ ਨੂੰ ਆਪਣੀ ਸ੍ਰੀ ਸਾਹਿਬ ਦੁਆਰਾ ਸਦਾ ਲਈ ਮੁਕਤ ਕਰ ਦਿੱਤਾ।

ਗੁਰੂ ਸਾਹਿਬ ਨੇ ਜਲੰਧਰ ਵਿਚ ਵੀ ਫੇਰੀ ਪਾਈ। ਬਸਤੀ ਸ਼ੇਖਾਂ (ਜਲੰਧਰ ਸ਼ਹਿਰ ਦਾ ਇਕ ਮੁਹੱਲਾ) ਦੇ ਮੁਸਲਮਾਨਾਂ ਨੂੰ ਆਪਣੇ ਵਿਚਾਰਾਂ ਤੋਂ ਆਗਾਹ ਕਰਾਇਆ। ਪ੍ਰਚਲਿਤ ਪ੍ਰੰਪਰਾ ਅਨੁਸਾਰ ਬਹੁਤ ਸਾਰੇ ਮੁਸਲਮਾਨ ਗੁਰੂ ਸਾਹਿਬ ਦੇ ਸ਼ਰਧਾਲੂ ਸਮਰਥਕ ਬਣ ਗਏ। ਕਰਤਾਰਪੁਰ ਤੋਂ ਕਦੀ-ਕਦਾਈਂ ਉਹ ਮਾਲਵੇ ਦੇ ਇਲਾਕੇ ਵਿਚ ਵੀ ਪ੍ਰਚਾਰ ਕਰਨ ਲਈ ਚਲੇ ਜਾਂਦੇ। ਸੁਧਾਰ, ਗੁਜਰਖਾਨ, ਸਿਧਵਾਂ ਕਲਾਂ, ਰਾੜਾ, ਸਰਹਿੰਦ, ਤਖਤੂਪੁਰਾ, ਡਰੋਲੀ ਭਾਈ, ਨਥਾਣਾ, ਕਉਂਕੇ, ਰਾਏ ਕੋਟ, ਲੋਪੋ, ਭੂੰਦੜ ਆਦਿ ਅਨੇਕ ਅਸਥਾਨਾਂ 'ਤੇ ਉਨ੍ਹਾਂ ਦੇ ਯਾਦਗਾਰੀ ਚਿੰਨ੍ਹ ਇਹ ਸਿੱਧ ਕਰਦੇ ਹਨ ਕਿ ਉਨ੍ਹਾਂ ਨੇ ਇਨ੍ਹਾਂ ਥਾਵਾਂ ਨੂੰ ਆਪਣੀ ਚਰਨ-ਸਪਰਸ਼ ਦੁਆਰਾ ਪੁਨੀਤ ਕੀਤਾ।

ਦੋ ਜਾਂ ਢਾਈ ਸਾਲ ਮਗਰੋਂ ਗੁਰੂ ਸਾਹਿਬ ਫਿਰ ਅੰਮ੍ਰਿਤਸਰ ਮੁੜੇ। ਇਸ ਸਮੇਂ (੧੬੧੮ ਈ.) ਪੰਜਾਬ ਦਾ ਗਵਰਨਰ ਮਿਰਜ਼ਾ ਗਿਆਸ ਬੇਗ ਨਿਯੁਕਤ ਹੋਇਆ ਸੀ। ਅਗਲੇ ਸਾਲ ਅਰਥਾਤ ੧੬੧੯ ਈ. ਨੂੰ ਜਹਾਂਗੀਰ ਪੰਜਾਬ ਆਇਆ ਤਾਂ ਜੋ ਉਹ ਪੰਜਾਬ ਦੇ ਹਾਲਾਤਾਂ ਦਾ ਨਿੱਜੀ ਤੌਰ 'ਤੇ ਜਾਇਜ਼ਾ ਲਾ ਸਕੇ। ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਜੀ ਨੂੰ ਵੀ ਲਾਹੌਰ ਬੁਲਾਇਆ, ਉਨ੍ਹਾਂ ਨਾਲ ਮਿਲ ਕੇ ਸ਼ਿਕਾਰ ਵੀ ਖੇਡਿਆ ਤੇ ਕਈ ਵਾਰੀ ਉਸ ਨੇ ਸਰਕਾਰ ਵੱਲੋਂ ਆਯੋਜਿਤ ਕੀਤੇ ਜਸ਼ਨਾਂ ਵਿਚ ਵੀ ਨਿਮੰਤਰਨ ਦਿੱਤਾ। ਗੁਰੂ ਜੀ ਨੇ ਲਾਹੌਰ ਵਿਖੇ ਸਾਈਂ ਮੀਆਂ ਮੀਰ ਨਾਲ ਮੁਲਾਕਾਤ ਵੀ ਕੀਤੀ।

ਅੰਮ੍ਰਿਤਸਰ ਮੁੜਨ ਤੋਂ ਤੁਰੰਤ ਪਿੱਛੋਂ ਗੁਰੂ ਸਾਹਿਬ ਮੁਕੇਰੀਆਂ ਤੇ ਹੋਰ ਕਈ ਲਾਗਲੇ ਪਿੰਡਾਂ ਵਿਚੋਂ ਹੁੰਦੇ ਹੋਏ ਹਰਿਗੋਬਿੰਦਪੁਰ ਪੁੱਜੇ। ਇਹ ਸ਼ਹਿਰ ਜਿਸ ਦੀ ਨੀਂਹ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਰੱਖੀ ਸੀ, ਉਸ ਦਾ ਵਿਸਥਾਰ ਕਰਨ ਲਈ ਕਈ ਨਵੀਆਂ ਯੋਜਨਾਵਾਂ ਅਮਲ ਵਿਚ ਲਿਆਂਦੀਆਂ ਜਿਸ ਦੇ ਸਿੱਟੇ ਵਜੋਂ ਇਸ ਸ਼ਹਿਰ ਦੀ ਬਹੁਤ ਵ੍ਰਿਧੀ ਹੋਈ। ਇਹ

ਸ਼ਹਿਰ ਇਕ ਨੁੱਕਰੇ ਹੋਣ ਕਰਕੇ ਫ਼ੌਜੀ ਦ੍ਰਿਸ਼ਟੀ ਤੋਂ ਬੜਾ ਮਹੱਤਵਪੂਰਨ ਤਾਂ ਹੈ ਹੀ ਸੀ ਪਰੰਤੂ ਇਸ ਦੀ ਆਰਥਿਕ ਸਮਰੱਥਾ ਵੀ ਗੁਰੂ ਸਾਹਿਬ ਨੇ ਵਧਾ ਦਿੱਤੀ।

ਕੁਝ ਚਿਰ ਮਗਰੋਂ ਗੁਰੂ ਸਾਹਿਬ ਨੇ ਉੱਤਰ-ਪ੍ਰਦੇਸ਼ ਵਿਚ ਜਾਣ ਦੀ ਸਕੀਮ ਬਣਾਈ। ਗੁਰੂ ਨਾਨਕ ਸਾਹਿਬ ਨੇ ਇਸ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ, ਜਿਸ ਦੇ ਫਲਸਰੂਪ ਕਈ ਥਾਵਾਂ 'ਤੇ ਸੰਗਤਾਂ ਸੰਗਠਿਤ ਹੋ ਗਈਆਂ। ਇਸ ਇਲਾਕੇ ਦੇ ਸਿੱਖਾਂ ਦੇ ਵਿਸ਼ਵਾਸ ਵਿਚ ਢਿਲਿਆਈ ਆ ਚੁੱਕੀ ਸੀ। ਉਨ੍ਹਾਂ ਨੂੰ ਮੁੜ ਉਤਸ਼ਾਹਿਤ ਕਰਨ ਲਈ ਤੇ ਗੈਰ-ਸਿੱਖ ਜਨਤਾ ਨੂੰ ਗੁਰੂ ਨਾਨਕ ਸਾਹਿਬ ਦਾ ਸੁਨੇਹਾ ਮੁੜ ਪਹੁੰਚਾਉਣ ਲਈ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜਾਣਾ ਮੁਨਾਸਿਬ ਸਮਝਿਆ। ਇਸ ਕਾਰਜ ਨੂੰ ਤੇਜ਼ ਕਰਨ ਵਾਲੀ ਇਕ ਗੱਲ ਹੋਰ ਵੀ ਸੀ। ਗੁਰੂ ਨਾਨਕ ਸਾਹਿਬ ਜੀ ਨੇ ਗੋਰਖ ਮਤੇ ਜਾ ਕੇ ਜੋਗੀਆਂ ਨੂੰ ਸਹੀ ਜੀਵਨ-ਜੁਗਤ ਦੱਸ ਕੇ ਠੀਕ ਰਾਹ ਪਾਇਆ ਸੀ। ਗੁਰੂ ਅਮਰਦਾਸ ਜੀ ਦੇ ਵੇਲੇ ਅਲਮਸਤ ਜੀ ਉਥੇ ਪ੍ਰਚਾਰ ਕਰਦੇ ਸਨ। ਅਲਮਸਤ ਨੂੰ ਜੋਗੀਆਂ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦਾ ਮਨੋਰਥ ਉਸ ਦੀ ਪ੍ਰਭੂਤਾ ਨੂੰ ਘਟਾਉਣਾ, ਸਿੱਖ ਵਿਚਾਰਧਾਰਾ ਨੂੰ ਛੁਟਿਆਉਣਾ ਅਤੇ ਗੋਰਖ ਮਤੇ ਉੱਤੇ ਉਕਰੀ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਨੂੰ ਸਮਾਪਤ ਕਰਨਾ ਸੀ। ਉਹਨਾਂ ਦੀ ਤੰਗਦਿਲੀ ਇਥੋਂ ਤਕ ਵਧ ਚੁੱਕੀ ਸੀ ਕਿ ਉਹਨਾਂ ਨੇ ਉਸ ਪਿੱਪਲ ਨੂੰ ਸਾੜ ਦਿੱਤਾ ਜਿਸ ਦੇ ਥੱਲੇ ਗੁਰੂ ਨਾਨਕ ਸਾਹਿਬ ਆਸਨੀਤ ਹੋਏ ਸਨ। ਅਲਮਸਤ ਜੀ ਬਹੁਤ ਦੁਖੀ ਹੋਏ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਤੁਰੰਤ ਪੀਲੀਭੀਤ ਵੱਲ ਕੂਚ ਕੀਤਾ। ਨਾਨਕ ਮਤੇ (ਗੋਰਖ ਮਤੇ ਦਾ ਬਦਲਿਆ ਨਾਂ) ਪਹੁੰਚ ਕੇ ਉਨ੍ਹਾਂ ਨੇ ਜੋਗੀਆਂ ਨਾਲ ਗੱਲਬਾਤ ਕੀਤੀ। ਜੋਗੀਆਂ ਨੇ ਪਹਿਲਾਂ ਤਾਂ ਗੁਰੂ ਸਾਹਿਬ ਨੂੰ ਬਹਿਸ ਵਿਚ ਹਰਾਉਣ ਦੀ ਕੋਸ਼ਿਸ਼ ਕੀਤੀ, ਫਿਰ ਮਾਰਨ ਦੀਆਂ ਧਮਕੀਆਂ ਦਿੱਤੀਆਂ। ਫਿਰ ਜਦੋਂ ਵੇਖਿਆ ਕਿ ਛੇਵੇਂ ਪਾਤਸ਼ਾਹ ਨਾ ਤਾਂ ਦਲੀਲ ਵਿਚ ਹਰਦੇ ਹਨ ਤੇ ਨਾ ਹੀ ਡਰਾਵਾ ਉਨ੍ਹਾਂ 'ਤੇ ਅਸਰ ਕਰਦਾ ਹੈ ਤਾਂ ਉਹਨਾਂ ਨੇ ਅਲਮਸਤ ਦੀ ਵਿਰੋਧਤਾ ਛੱਡ ਦਿੱਤੀ।

ਕੁਝ ਸਮਾਂ ਗੁਰੂ ਸਾਹਿਬ ਨਾਨਕ ਮਤਾ ਵਿਖੇ ਰਹਿ ਕੇ ਮੁੜ ਨੇੜੇ ਦੇ ਇਲਾਕਿਆਂ ਵਿਚ ਪ੍ਰਚਾਰ ਕਰਨ ਲੱਗੇ। ਉਪਰੰਤ ਪਿੰਡ ਡਰੋਲੀ, ਜ਼ਿਲ੍ਹਾ ਫਿਰੋਜ਼ਪੁਰ ਨੂੰ ਵਾਪਸ ਪਰਤੇ ਤੇ ਫਿਰ ਅੰਮ੍ਰਿਤਸਰ ਪਹੁੰਚੇ। ਛੇਤੀ ਹੀ ਗੁਰੂ ਜੀ ਨੇ ਕਸ਼ਮੀਰ ਜਾਣ ਦਾ ਪ੍ਰੋਗਰਾਮ ਬਣਾਇਆ। ਆਪ ਤੇਜ਼ ਰਫ਼ਤਾਰ ਘੋੜੇ 'ਤੇ ਸਵਾਰ ਹੋ ਆਪਣੇ ਕੁਝ ਕੁ ਸ਼ਰਧਾਲੂਆਂ ਅਤੇ ਘੋੜ-ਸਵਾਰਾਂ ਨਾਲ ਸਿਆਲਕੋਟ ਹੁੰਦੇ ਹੋਏ ਮਕੋਟੀਆਂ, ਵਜ਼ੀਰਾਬਾਦ, ਮੀਰਪੁਰ, ਭੰਬਰ ਅਤੇ ਬਹਿਰਾਮ ਆਦਿ ਥਾਵਾਂ ਦਾ ਦੌਰਾ ਕਰਦੇ ਹੋਏ ਸ੍ਰੀ ਨਗਰ ਪਹੁੰਚੇ।

ਸਿਆਲਕੋਟ ਉਨ੍ਹੀਂ ਦਿਨੀਂ ਸੂਫ਼ੀਆਂ ਦਾ ਗੜ੍ਹ ਸਮਝਿਆ ਜਾਂਦਾ ਸੀ। ਗੁਰੂ ਸਾਹਿਬ ਨੇ ਉਹਨਾਂ ਨਾਲ ਵਿਚਾਰ-ਵਟਾਂਦਰਾ ਕੀਤਾ ਤੇ ਉਹਨਾਂ ਨੂੰ ਹਮ-ਖਿਆਲ ਬਣਾਉਣ ਦਾ ਯਤਨ ਕੀਤਾ। ਸਿਆਲਕੋਟ ਦੇ ਨਿਕਟ ਚੱਪਰ ਨਾਲਾ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਸਿੱਖਾਂ ਨੇ ਇਕ ਤਾਲ ਬਣਾਇਆ, ਜਿਸ ਨੂੰ ਗੁਰੂ-ਸਰ ਕਿਹਾ ਜਾਂਦਾ ਹੈ। ਸ੍ਰੀ ਨਗਰ ਜਾਂਦਿਆਂ ਹੋਇਆਂ ਗੁਰੂ ਸਾਹਿਬ ਨੇ

ਇਕ ਮੁਸਲਮਾਨ ਕਟੂਸ਼ਾਹ ਦੇ ਘਰ ਵਿਸ਼ਰਾਮ ਕੀਤਾ। ਆਪ ਨੇ ਉਸ ਨੂੰ ਸਿੱਖ-ਵਿਚਾਰਧਾਰਾ ਦਾ ਡੂੰਘਾ ਚਿੰਤਨ ਕਰਨ ਲਈ ਤਾਕੀਦ ਕੀਤੀ।

ਸ੍ਰੀ ਨਗਰ ਵਿਚ ਸੇਵਾਦਾਸ ਜੀ ਨੇ ਗੁਰੂ ਸਾਹਿਬ ਦੀ ਬਹੁਤ ਆਓ-ਭਗਤ ਕੀਤੀ। ਸੇਵਾਦਾਸ ਨੇ ਭਾਈ ਮਾਧੋ ਦੇ ਪ੍ਰਭਾਵ ਹੇਠ ਗੁਰੂ ਅਰਜਨ ਸਾਹਿਬ ਦੇ ਸਮੇਂ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ ਸੀ। ਉਧਰ ਮਾਤਾ ਭਾਗਭਰੀ ਗੁਰੂ ਸਾਹਿਬ ਪ੍ਰਤੀ ਅਥਾਹ ਸ਼ਰਧਾ ਰੱਖਦੀ ਸੀ। ਉਹ ਚਿਰਾਂ ਤੋਂ ਲੋਚ ਰਹੀ ਸੀ ਕਿ ਗੁਰੂ ਸਾਹਿਬ ਉਸ ਦੇ ਘਰ ਬਿਰਾਜਣ ਤੇ ਰੇਜਾ ਕਬੂਲ ਕਰਨ ਜੋ ਉਸ ਨੇ ਬੜੀ ਰੀਝ ਨਾਲ ਆਪ ਸੂਤਰ ਕੱਤ ਕੇ ਬਣਾਇਆ ਸੀ।

ਗੁਰੂ ਸਾਹਿਬ ਨੇ ਉਸ ਦੀ ਇੱਛਾ ਪੂਰੀ ਕੀਤੀ ਤੇ ਰੇਜਾ ਸਵੀਕਾਰ ਕੀਤਾ। ਮਾਈ ਭਾਗਭਰੀ ਨੂੰ ਭਾਗਾਂ ਵਾਲੀ ਕਹਿ ਕੇ ਸਤਿਕਾਰਿਆ। ਸੇਵਾਦਾਸ ਦੀ ਸਿੱਖੀ ਦੇ ਨਮਿਤ ਘਾਲਨਾ ਦੀ ਵੀ ਸਰਾਹਣਾ ਕਰਦਿਆਂ ਆਖਿਆ ਕਿ ਉਹ ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰ ਦਾ ਖਿਆਲ ਕਰਨ। ਡਾ. ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, "ਬਹੁਤ ਸਾਰੇ ਕਸ਼ਮੀਰੀਆਂ ਨੇ ਗੁਰੂ ਜੀ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਅਨੁਆਈ ਬਣਨ ਵਿਚ ਗੌਰਵ ਮਹਿਸੂਸ ਕੀਤਾ।"

ਗੁਰੂ ਸਾਹਿਬ ਅਜੇ ਸ੍ਰੀ ਨਗਰ ਵਿਚ ਹੀ ਸਨ ਕਿ ਕੁਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਮਧੂ ਭੇਟ ਕੀਤਾ ਅਤੇ ਉਨ੍ਹਾਂ ਨੂੰ ਚਖਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸੁਣੀ-ਅਣਸੁਣੀ ਕਰ ਦਿੱਤੀ। ਜਦੋਂ ਉਹ ਖਹਿੜੇ ਹੀ ਪੈ ਗਏ ਤਾਂ ਗੁਰੂ ਜੀ ਨੇ ਕਿਹਾ, "ਅਸੀਂ ਇਸ ਨੂੰ ਸਵੀਕਾਰ ਨਹੀਂ ਕਰ ਸਕਦੇ ਕਿਉਂਕਿ ਤੁਸੀਂ ਸਿੱਖੀ ਦੇ ਮੂਲਕ ਸਿਧਾਂਤ ਦੀ ਉਲੰਘਣਾ ਕੀਤੀ ਹੈ। ਰਾਹ ਵਿਚ ਭਾਈ ਕੱਟੂ ਸ਼ਾਹ ਨੂੰ ਦਮੇ ਦੀ ਖੰਘ ਦਾ ਹਮਲਾ ਹੋਇਆ ਸੀ। ਉਸ ਨੇ ਤੁਹਾਡੇ ਪਾਸੋਂ ਸ਼ਹਿਦ ਦੀ ਮੰਗ ਕੀਤੀ ਪਰ ਤੁਸਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ।"

ਉਸ ਸਮੇਂ ਕਸ਼ਮੀਰ ਅਜੇ ਪਲੇਗ ਦੇ ਮਾਰੂ ਹਮਲੇ ਤੋਂ ਨਿਜਾਤ ਨਹੀਂ ਪਾ ਸਕਿਆ ਸੀ। ਗੁਰੂ ਸਾਹਿਬ ਨੇ ਆਪਣੇ ਸਮੂਹ ਸਾਧਨਾਂ ਨੂੰ ਜੁਟਾਇਆ ਤੇ ਲੋਕਾਂ ਦੀ ਸੇਵਾ ਵਿਚ ਕੋਈ ਕਸਰ ਨਾ ਛੱਡੀ। ਕਹਿੰਦੇ ਹਨ ਕਿ ਗੁਰੂ ਜੀ ਆਪ ਘਰੋ-ਘਰੀ ਗਏ, ਦੁਖੀ ਲੋਕਾਂ ਨੂੰ ਹੌਸਲਾ ਦਿੱਤਾ, ਉਹਨਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਤੇ ਨਾਲ ਹੀ ਉਪਦੇਸ਼ ਦਿੱਤਾ ਕਿ 'ਸਿੱਖੀ ਸੇਵਾ ਦਾ ਰਾਹ ਹੈ। ਉਹ ਹੱਥ, ਪੈਰ ਧ੍ਰਿਗ ਹਨ ਜੋ ਸੇਵਾ ਨਹੀਂ ਕਰਦੇ। ਮਖ਼ਲੂਕ ਦੀ ਸੇਵਾ ਪਰਮੇਸ਼ਰ ਨੂੰ ਮਨਜੂਰ ਹੈ।'

ਫਿਰ ਗੁਰੂ ਜੀ ਵਜ਼ੀਰਾਬਾਦ ਤੇ ਫਿਰ ਹਾਫਜ਼ਾਬਾਦ ਦੇ ਰਟਨ ਪਿੱਛੋਂ ਮੱਟੂ ਭਾਈ ਪਹੁੰਚੇ। ਮੰਡਿਆਲੀ ਵਿਖੇ ਭਾਈ ਲਹਿੰਗਾ ਨੇ ਗੁਰੂ ਜੀ ਨੂੰ ਸੂਚਨਾ ਦਿੱਤੀ ਕਿ ਮਿਹਰਬਾਨ ਤੇ ਗੁਰੂ-ਘਰ ਦੇ ਹੋਰ ਦੋਖੀ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਗੁਰੂ-ਘਰ ਵਿਰੁੱਧ ਸਾਜ਼ਸ਼ਾਂ ਘੜ ਰਹੇ ਹਨ। ਗੁਰੂ ਜੀ ਨੇ ਉਹਨਾਂ ਨੂੰ ਭਾਣਾ ਮੰਨਣ ਦੀ ਹਦਾਇਤ ਦਿੱਤੀ ਤੇ ਆਪ ਉਹ ਨਨਕਾਣਾ ਸਾਹਿਬ ਪੁੱਜੇ ਜਿਥੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਤ ਸਥਾਨਾਂ ਦੀ ਯਾਤਰਾ ਕੀਤੀ। ਗੁਰੂ ਜੀ ਨੇ ਮਾਦਰ ਪਿੰਡ ਵਿਚ ਵੀ ਫੇਰੀ ਪਾਈ। ਮਾਂਗੇ ਪਿੰਡ ਵਿਚ ਫੇਰੀ ਪਾਉਣ ਮਗਰੋਂ ਗੁਰੂ ਜੀ ਅੰਮ੍ਰਿਤਸਰ ਵਾਪਸ ਆ ਗਏ।

੧੬੨੭ ਈ. ਵਿਚ ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹ ਜਹਾਨ ਮੁਗ਼ਲ ਸਮਰਾਟ ਬਣਿਆ। ਉਸ ਦਾ ਗ਼ੈਰ-ਮੁਸਲਮਾਨਾਂ (ਜਿਹਨਾਂ ਵਿਚ ਸਿੱਖ ਵੀ ਸਨ) ਨਾਲ ਸਲੂਕ ਬਹੁਤ ਚੰਗਾ ਨਹੀਂ ਸੀ। ਉਹ ਨਕਸ਼ਬੰਦੀਆਂ ਦਾ ਪ੍ਰਭਾਵ ਮੰਨਦਾ ਸੀ। ਇਹਨਾਂ ਹਾਲਤਾਂ ਦੇ ਸਨਮੁਖ ਗੁਰੂ ਸਾਹਿਬ ਨੇ ਸਮਝ ਲਿਆ ਸੀ ਕਿ ਖ਼ਤਰਾ ਉਮਡ ਰਿਹਾ ਹੈ। ਇਸ ਲਈ ਗੁਰੂ ਸਾਹਿਬ ਨੇ ਪੰਜਾਬ ਦੇ ਮਾਲਵਾ ਖੇਤਰ ਵਿਚ ਪ੍ਰਚਾਰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਜ਼ੀਰਾ, ਰੋਡੇ ਲੰਡੇ, ਗਿੱਲ, ਕੋਤਰਾ ਅਤੇ ਹਰੀ ਆਦਿ ਪਿੰਡਾਂ ਵਿਚ ਫੇਰੀ ਪਾਈ। ਕੋਤਰ ਤੇ ਹਰੀ ਭੁੱਲਰ ਜੱਟਾਂ ਦੇ ਪਿੰਡ ਸਨ। ਉਹਨਾਂ ਨੇ ਗੁਰੂ ਸਾਹਿਬ ਦੇ ਸਵਾਗਤ ਵਿਚ ਬਹੁਤ ਵੱਡੀ ਦਾਅਵਤ ਆਯੋਜਿਤ ਕੀਤੀ। ਗੁਰੂ ਜੀ ਨੇ ਉਹਨਾਂ ਦਾ ਠੱਠਾ ਉਡਾਇਆ ਕਿ ਦਾਅਵਤਾਂ ਨਾਲ ਨਹੀਂ, ਪ੍ਰੇਮਾ-ਭਗਤੀ ਅਤੇ ਨਿਰਸਵਾਰਥ ਸੇਵਾ ਨਾਲ ਵਾਹਿਗੁਰੂ ਦਾ ਦਰ ਪ੍ਰਾਪਤ ਹੁੰਦਾ ਹੈ। ਚੌਧਰੀ ਲਾਲ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ।

ਇਸ ਪਿੱਛੋਂ ਗੁਰੂ ਜੀ ਨੇ ਡੱਬਵਾਲੀ, ਬਡੋਰ, ਮਹਿਲ, ਮਲੂਕੇ ਆਦਿ ਪਿੰਡਾਂ ਦਾ ਦੌਰਾ ਕੀਤਾ ਤੇ ਲੋਕਾਂ ਨੂੰ ਸਵੈਮਾਨ ਨਾਲ ਜੀਵਨ ਬਤੀਤ ਕਰਨ ਦੀ ਹਦਾਇਤ ਕੀਤੀ। ਕੁਝ ਸਮਾਂ ਡਰੋਲੀ ਕਟਣ ਮਗਰੋਂ ਗੁਰੂ ਸਾਹਿਬ ਨੇ ਫਿਰ ਰਟਨ ਆਰੰਭ ਦਿੱਤਾ। ਇਸ ਵਾਰ ਉਨ੍ਹਾਂ ਨੇ ਲੋਪੇ ਤੇ ਸਿਧਵਾਂ ਵਿਚ ਫੇਰੀ ਪਾਉਣ ਤੋਂ ਪਿੱਛੋਂ ਸੁਧਾਰ ਦੇ ਲੋਕਾਂ ਨੂੰ ਸਿੱਖੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ। ਕਾਂਗੜ ਵਿਖੇ ਉਹ ਰਾਏ ਜੋਧ ਨੂੰ ਮਿਲੇ। ਉਸ ਦੇ ਭਰਾ ਉਮਰ ਸ਼ਾਹ ਨੇ ਵੀ ਗੁਰੂ ਸਾਹਿਬ ਪਾਸੋਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ। ਰਾਏ ਜੋਧ ਦੀ ਪਤਨੀ ਮਾਈ ਭਾਗਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਉਸ ਦੇ ਪਰਿਵਾਰ ਨੂੰ ਸਿੱਖੀ ਦੀ ਦਾਤ ਬਖ਼ਸ਼ਣ। ਗੁਰੂ ਸਾਹਿਬ ਤੁਠੇ, ਸਿੱਖੀ ਦੀ ਦਾਤ ਬਖ਼ਸ਼ੀ ਤੇ ਵਚਨ ਕੀਤਾ, 'ਸਿੱਖੀ ਦੀ ਸ਼ਮ੍ਹਾਂ ਤੁਹਾਡੇ ਘਰ ਸਦਾ ਜਗਦੀ ਰਹੇਗੀ।'

ਗੁਰੂ ਸਾਹਿਬ ਦੀਆਂ ਮਾਝਾ, ਮਾਲਵਾ, ਉੱਤਰ ਪ੍ਰਦੇਸ਼ ਤੇ ਕਸ਼ਮੀਰ ਵਿਚ ਪ੍ਰਚਾਰ ਯਾਤਰਾਵਾਂ ਬਹੁਤ ਸਫਲ ਰਹੀਆਂ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਸਿੱਖੀ ਕਬੂਲੀ। ਸੁਖੀ ਸਰਵਰੀਆਂ ਅਤੇ ਦੇਵੀ-ਪੂਜਕਾਂ ਦਾ ਅਸਰ ਘਟਿਆ। ਇਤਿਹਾਸ ਵਿਚ ਪਹਿਲੀ ਵਾਰੀ ਲੋਕਾਂ ਦਾ ਅਜਿਹੇ ਧਰਮ ਨਾਲ ਸੰਪਰਕ ਹੋਇਆ ਜਿਸ ਵਿਚ ਹਰ ਪ੍ਰਕਾਰ ਦੇ ਸ਼ੋਸ਼ਣ ਨੂੰ ਅਯੋਗ ਮੰਨਿਆ ਗਿਆ ਸੀ। ਨਿਤਾਣੇ, ਨਿਆਸਰੇ, ਲਤਾੜੇ ਹੋਏ, ਸਾਮੰਤਾਂ ਦੇ ਜਬਰ ਦਾ ਸ਼ਿਕਾਰ ਲੋਕਾਂ ਨੂੰ ਮਹਿਸੂਸ ਹੋਇਆ ਕਿ ਉਹ ਵੀ ਮਾਨਵਤਾ ਦੇ ਸਤਿਕਾਰਯੋਗ ਅੰਗ ਹਨ ਤੇ ਉਹ ਵੀ ਇਸ ਦੇ ਉਧਾਰ ਅਤੇ ਉਥਾਨ ਲਈ ਯੋਗਦਾਨ ਪਾ ਸਕਦੇ ਹਨ। ੧੬੩੪ ਈ. ਤੋਂ ਆਪਣੇ ਅੰਤ ਸਮੇਂ ਤਕ ਗੁਰੂ ਸਾਹਿਬ ਨੇ ਕੀਰਤਪੁਰ ਵਿਖੇ ਨਿਵਾਸ ਕੀਤਾ। ਇਸ ਦੌਰਾਨ ਅਕਸਰ ਉਹਨਾਂ ਨੇ ਪਹਾੜੀ ਇਲਾਕੇ ਵਿਚ ਕਈ ਪ੍ਰਚਾਰ ਦੌਰੇ ਕੀਤੇ ਤੇ ਦੁਨੀਆਂ ਨੂੰ ਸੱਚੇ ਮਾਰਗ ਦੇ ਪਾਂਧੀ ਬਣਨ ਦਾ ਉਪਦੇਸ਼ ਦਿੱਤਾ।

੬/੧੯੯੫

ਜਦ ਜਹਾਂਗੀਰ ਨੇ ਸ੍ਰੀ ਅੰਮ੍ਰਿਤਸਰ ਆ ਮੁਆਫ਼ੀ ਮੰਗੀ

ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ-ਕਿਲ੍ਹੇ ਬੰਦੀ ਹੋਇਆਂ ਡੇਢ ਸਾਲ ਹੋ ਗਏ ਸਨ। ਜਹਾਂਗੀਰ ਨੂੰ ਪਹਿਲਾਂ ਵਜ਼ੀਰ ਖ਼ਾਨ ਨੇ ਸਮਝਾਇਆ ਕਿ ਅੱਗੇ ਹੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ ਬੜਾ ਪਾਪ ਕਮਾਇਆ ਹੈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਗ੍ਰਿਫ਼ਤਾਰ ਰੱਖ ਹੋਰ ਗੁਨਹਗਾਰ ਨ ਬਣ। ਮੀਆਂ ਮੀਰ ਜੀ ਵੀ ਉਚੇਚੇ ਉਸ ਨੂੰ ਸਮਝਾਉਣ ਗਏ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਪੰਜਾਬ ਭਰ ਵਿਚ ਚੌਂਕੀਆਂ ਕੱਢ ਸਾਰੇ ਪੰਜਾਬ ਨੂੰ ਜਗਾ ਦਿੱਤਾ। ਨੂਰਜਹਾਨ ਨੇ ਜਹਾਂਗੀਰ ਨੂੰ ਸਮਝਾਇਆ ਕਿ ਪੀਰਾਂ ਨਾਲ ਅਜਿਹਾ ਵਰਤਾਉ ਕਰਨਾ ਸਹੀ ਨਹੀ:

ਸਾਈਂ ਦੀ ਜ਼ਾਤ ਹੈ, ਸਾਈਂ ਜੈਸੇ
ਕਦੀ ਨ ਕਰੀਏ ਕਹੇ ਕਹਾਇ।

ਜਹਾਂਗੀਰ ਨੇ ਉਸੇ ਵੇਲੇ ਵਜ਼ੀਰ ਖ਼ਾਨ ਨੂੰ ਬੁਲਾਇਆ ਤੇ ਰਿਹਾ ਕਰਨ ਦਾ ਹੁਕਮ ਭੇਜਿਆ ਪਰ ਗੁਰੂ ਜੀ ਨੇ ਕਹਿਆ:

ਸੁਨੋ ਵਜ਼ੀਰ ਤਬ ਹਮ ਜਾਵੈ।
ਜੋ ਬਾਂਧੇ ਸਭ ਰਾਜੇ ਛਡਾਵੈ।

ਵਜ਼ੀਰ ਖ਼ਾਨ ਨੇ ਜਦ ਵਾਪਸ ਆ ਕੇ ਜਹਾਂਗੀਰ ਨੂੰ ਗੁਰੂ ਜੀ ਨਾਲ ਹੋਈ ਗੱਲ ਦੱਸੀ ਤਾਂ ਉਸ ਕਹਿਆ: 'ਉਸੇ ਤਰ੍ਹਾਂ ਹੀ ਕਰੋ, ਜਿਵੇਂ ਗੁਰੂ ਜੀ ਕਹਿੰਦੇ ਹਨ ਪਰ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ। ਮੈਂ ਕੀਤੇ ਦੀ ਖਿਮਾਂ ਮੰਗਣੀ ਹੈ ਅਤੇ ਚੰਦੂ ਨੂੰ ਉਨ੍ਹਾਂ ਦੇ ਹਵਾਲੇ ਕਰਕੇ ਸੁਰਖ਼ਰੂ ਹੋਣਾ ਹੈ।'

ਰਾਜੇ ਗੁਰੂ ਜੀ ਦਾ ਕਲੀਆਂ ਵਾਲਾ ਚੋਲਾ ਪਕੜ ਕੇ ਰਿਹਾ ਹੋ ਗਏ।

ਜਹਾਂਗੀਰ ਨਾਲ ਪਹਿਲੀ ਮੁਲਾਕਾਤ ਆਗਰੇ ਵਿਖੇ ਹੋਈ ਤਾਂ ਉਸ ਨੇ ਗੁਰੂ ਜੀ ਨੂੰ ਕਿਹਾ, 'ਮੈਨੂੰ ਬੜੀ ਗ਼ਲਤ-ਫ਼ਹਮੀ ਪਾਈ ਗਈ, ਹੁਣ ਮੁਆਫ਼ੀ ਤੋਂ ਸਿਵਾ ਮੇਰੇ ਪਾਸ ਕਹਣ ਨੂੰ ਕੁਝ ਨਹੀਂ।'

ਮਹਾਰਾਜ ਨੇ ਕਿਹਾ ਕਿ ਜੋ ਤੂੰ ਕੀਤਾ ਹੈ, ਇਸ ਦਾ ਹਿਸਾਬ ਹੁਣ ਇਥੇ ਨਹੀਂ-ਦਰਗਾਹ ਹੋਵੇਗਾ। ਹੁਣ ਦਹੁਰਾਉਣ ਦੀ ਲੋੜ ਨਹੀਂ। ਚੁੱਪੇ ਹੀ ਵਟੀ ਰੱਖ।

ਹਮਰਾ ਤੁਮ ਦਰਗਾਹੇ ਲੇਖਾ।
ਯਜਦਾ (ਅਲਾਹ) ਕਰੇ ਚਰਿਤ ਜਹਿ ਦੇਖਾ।

ਇਹਾ ਕਛੂ ਹਮ ਤੋਹਿ ਨਾਂ ਕਹੀਯੋ।
ਬੋਲਤ ਕਾਹਿ ਮੌਨ ਹੋ ਰਹੀਯੋ॥੫੩੭॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਘਰ ਵਾਲੀ ਵੀ ਹਵਾਲੇ ਕਰ ਦਿੱਤੀ- ਪਰ ਖਿਮਾਂ ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ; ਬੱਚੇ ਤੇ ਘਰ ਵਾਲੀ ਦਾ ਕੀ ਕਸੂਰ ਹੈ?

ਸ੍ਰੀ ਗੁਰ ਕਹਾ ਇਨੈ ਛਡਿ ਦੀਜੈ।
ਇਨਕੋ ਵਸ ਨਹਿ ਜੋ ਗਹਿ ਲੀਜੈ॥੫੬੩॥

(ਉਹੀ)

ਬਿਧੀ ਚੰਦ ਨੇ ਕਿਹਾ, 'ਮਹਾਰਾਜ! ਪਾਪੀ ਦੇ ਪਰਵਾਰ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ।' ਪਰ ਛੇਵੇਂ ਪਾਤਸ਼ਾਹ ਨੇ ਫਰਮਾਇਆ: 'ਨਹੀਂ, ਬਿਧੀ ਚੰਦ! ਸੂਰਮਾ ਕਦੇ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਂਦਾ ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ।' ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਇਸ ਹੁਕਮ ਨੂੰ ਉਚੇਚਾ ਸ੍ਰੀ ਗੁਰੋ-ਵਾਚ ਕਹਿ ਕੇ ਦਰਜ ਕੀਤਾ ਹੈ:

ਜੋ ਸੂਰੋ ਬਲਿਕਾਰ ਧਰਾਵਹਿਂ।
ਨਾਰੀ ਪਰ ਨਹਿ ਹਾਥ ਉਠਾਵਹਿਂ।

(ਉਹੀ)

ਬੰਦੀ ਰਾਜਿਆਂ ਦੇ ਰਾਜ ਵੀ ਜਹਾਂਗੀਰ ਨੇ ਵਾਪਸ ਕਰ ਦਿੱਤੇ। ਉਨ੍ਹਾਂ ਨੂੰ ਮਹਾਰਾਜ ਨੇ ਕਿਹਾ:

'ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਜਦ ਮਿੱਤਰਤਾ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ।' ਨੂਰ ਜਹਾਨ ਵੀ ਦਰਸ਼ਨਾਂ ਨੂੰ ਆਈ, ਚੰਨ ਵਾਂਗੂ ਉਸ ਦਾ ਚਿਹਰਾ ਚਮਕਦਾ ਸੀ। ਉਤੋਂ ਸ਼ਿੰਗਾਰ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਕਿਤਨੀ ਕੁ ਹੋਂਦ ਹੁੰਦੀ ਹੈ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਗੁਰੂ ਪਿਤਾ ਨੇ ਕਿਹਾ: 'ਜੇ ਹਮੇਸ਼ਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਬੇਟੀ! ਤਾਂ ਖੁਦਾ ਨੂੰ ਪਾ ਲਵੇਂ:'

ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ॥੬੦੭॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਨੂਰ ਜਹਾਨ ਨੇ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ? ਤਾਂ ਆਪ ਜੀ ਨੇ ਫੁਰਮਾਇਆ:

'ਮੌਤ ਕਦੇ ਭੁਲੀ ਨਹੀਂ ਤੇ ਖ਼ੁਦਾ ਦੀ ਯਾਦ ਕਦੇ ਟੁੱਟੀ ਨਹੀਂ।'

ਜਹਾਂਗੀਰ ਨੇ ਖ਼ਿਮਾਂ ਮੰਗੀ ਤੇ ਖਾਹਿਸ਼ ਪ੍ਰਗਟਾਈ ਕਿ ਸ੍ਰੀ ਅੰਮ੍ਰਿਤਸਰ ਆ ਕੇ ਮਾਤਾ ਗੰਗਾ ਜੀ ਕੋਲੋਂ ਖ਼ਿਮਾਂ ਮੰਗਣੀ ਹੈ। ਗੁਰੂ ਜੀ ਫ਼ਰਮਾਇਆ:

'ਗੁਰੂ ਘਰ ਸ਼ਰਨ ਆਏ ਦੀ ਲਾਜ ਰੱਖਣ ਦਾ ਬਿਰਦ ਹੈ।'

ਗੁਰੂ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਕਾਸਦ ਨੇ ਆ ਸੁਨੇਹਾ ਦਿੱਤਾ ਕਿ ਜਹਾਂਗੀਰ ਸ੍ਰੀ ਅੰਮ੍ਰਿਤਸਰ ਖ਼ਿਮਾਂ ਹਿੱਤ ਆਉਣਾ ਲੋੜਦਾ ਹੈ। ਮਹਾਰਾਜ ਨੇ ਕਹਿਲਾ ਭੇਜਿਆ ਕਿ ਕੋਈ ਰੁਕਾਵਟ ਨਹੀਂ ਹੈ।

ਜਹਾਂਗੀਰ ਗੋਇੰਦਵਾਲ, ਤਰਨ-ਤਾਰਨ ਤੋਂ ਹੁੰਦਾ ਸ੍ਰੀ ਦਰਬਾਰ ਸਾਹਿਬ ਪੁੱਜਾ। ਅਕਾਲ ਤਖ਼ਤ ਕੜਾਹ ਪ੍ਰਸ਼ਾਦ ਲੈ ਕੇ ਹਾਜ਼ਰ ਹੋਇਆ।

'ਦਰਸ ਤਖਤ ਕਰ ਆਨੰਦ ਚੀਨੀ।'

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਫਿਰ ਦਰਬਾਰ ਸਾਹਿਬ ਪੁੱਜਾ, ਬੈਠ ਕੀਰਤਨ ਸੁਣਿਆ ਦਰਬਾਰ ਸਾਹਿਬ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਭੇਟਾ ਰੱਖੀ।
ਕੀਰਤਨ ਦੇ ਭੋਗ ਉਪ੍ਰੰਤ ਜਹਾਂਗੀਰ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖ਼ਿਮਾਂ ਪ੍ਰਾਪਤ ਕਰਾਂ।

ਚਲੋ ਪੀਰ ਮਾਤਾ ਨਿਕਟਾਇ।
ਪਰੀ ਭੂਲ ਮਮ ਛਿਮਾ ਕਰਾਇ॥੬੪੬॥

(ਉਹੀ)

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ:

ਖਿਮਾ ਮਾਤ ਮਮ ਕੀਜੀਏ, ਮੁੱਖ ਸੋ ਕੀਨ ਉਚਾਰ॥

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫ਼ਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ ਜਹਾਂਗੀਰ:

ਗੁਰ ਗ੍ਰਿਹ ਸਾਥ ਵੈਰ ਜੋ ਪਾਵੈ।
ਹਲਤ ਪਲਤ ਨਿਜ ਦੋਇ ਗਵਾਵੈ॥੬੫੪॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਗੁਰੂ ਤਾਂ ਜਨਮ ਮਰਨ ਵਿਚ ਨਹੀਂ ਹੈ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁੱਖ ਤੋਂ 'ਖ਼ਿਮਾ ਕੀਤੀ' ਦੇ ਸ਼ਬਦ ਨਾ ਆਖੇ, ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ:

ਸੁਨੋ ਸ਼ਾਹਿ ਗੁਰੁ ਤੋਰ ਸਹਾਈ।
ਲੋਕ ਪ੍ਰਲੋਕ ਵਿਖੈ ਸੁਖਦਾਈ।

ਯਾ ਸੁਨ ਮਾਤਾ ਕੇ ਤਬ ਬੈਨਾ।
ਜਹਾਗੀਰ ਮਨ ਆਯੋ ਚੈਨਾ॥੬੫੮॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖ਼ਰਚਾ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ: 'ਨਹੀਂ ਜਹਾਂਗੀਰ! ਇਸ ਨੂੰ ਸ਼ਾਹੀ ਖਜ਼ਾਨਿਆਂ ਦੇ ਮਾਲ ਨਾਲ ਨਹੀਂ ਬਨਾਉਣਾ। ਪਹਿਲਾਂ ਵੀ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਮੈਂ ਹੱਥੀ ਬਣਾਇਆ ਸੀ, ਅਜੇ ਇਤਨਾ ਹੀ ਰੱਖਣਾ ਹੈ ਤੇ ਸਮਾਂ ਪਾ ਕੇ ਆਪੇ ਸਿੱਖ ਬਨਾਉਣਗੇ:

ਕਹਾ ਗੁਰ ਅਬ ਨਾਹਿ ਸੁਹਾਵੈ।
ਸਮਾ ਪਾਇ ਇਹ ਅਧਿਕ ਬਨਾਵੈ॥੬੬੬॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਅੱਠਵਾਂ)

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਦੀਪ ਮਾਲਾ ਕੀਤੀ ਜਾਏ।

੩/੧੯੯੪

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਸਿੱਖੀ-ਪ੍ਰਚਾਰ ਤੇ ਸੱਚਖੰਡ ਵਾਪਸੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿਲੋਂ ਚਾਹੁੰਦੇ ਸਨ ਕਿ ਅਮਨ ਸਹਿਤ ਗੁਰਸਿੱਖੀ ਦਾ ਪ੍ਰਚਾਰ ਕੀਤਾ ਜਾਵੇ ਅਤੇ ਹਿੰਦੀ ਜਨਤਾ ਦੇ ਮਨਾਂ ਨੂੰ ਉੱਚਾ ਤੇ ਅਜ਼ਾਦ, ਦਿਲਾਂ ਨੂੰ ਸੁੱਚਾ ਤੇ ਤਕੜਾ ਅਤੇ ਤਨਾਂ ਨੂੰ ਨਰੋਆ ਤੇ ਬਲਵਾਨ ਬਣਾਇਆ ਜਾਵੇ। ਜੰਗਾਂ ਨੇ ਆਪ ਦੇ ਇਸ ਪ੍ਰੋਗਰਾਮ ਵਿਚ ਸਮੇਂ-ਸਮੇਂ ਰੁਕਾਵਟ ਪਾਈ ਪਰ ਹਰੇਕ ਜੰਗ ਦੇ ਮੁਕਦਿਆਂ ਹੀ ਆਪ ਫਿਰ ਝਟ-ਪਟ ਸਿੱਖੀ ਪ੍ਰਚਾਰ ਤੇ ਜਗਤ-ਉਧਾਰ ਦੇ ਕੰਮ ਵਿਚ ਜੁੱਟ ਪੈਂਦੇ ਸਨ।

ਬਾਬਾ ਸਿਰੀ ਚੰਦ ਮਿਲਾਪ- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਪਿੰਡ ਬਾਰਠ ਵਿਚ ਰਹਿੰਦੇ ਸਨ। ਇਹ ਪਿੰਡ ਡੇਹਰਾ ਬਾਬਾ ਨਾਨਕ ਤੋਂ ੧੯-੨੦ ਮੀਲ ਉੱਤਰ-ਪੂਰਬ ਨੂੰ ਹੈ। ਉਹ ਉਦਾਸੀ ਮੱਤ ਦੇ ਜੋ ਕਿ ਸਿੱਖ-ਧਰਮ ਦਾ ਇਕ ਅੰਗ ਹੈ, ਮੋਢੀ ਪ੍ਰਚਾਰਕ ਸਨ। ਇਕ ਵੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਵੱਡੇ ਸਪੁੱਤਰ, ਬਾਬਾ ਗੁਰਦਿੱਤਾ ਜੀ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਮਿਲਣ ਗਏ। ਬਾਬਾ ਜੀ ਬੜੇ ਪਿਆਰ ਸਤਿਕਾਰ ਨਾਲ ਮਿਲੇ। ਗੱਲ-ਬਾਤ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਤੋਂ ਪੁੱਛਿਆ, "ਆਪ ਦੇ ਕਿੰਨੇ ਸਪੁੱਤਰ ਹਨ?"

ਗੁਰੂ ਜੀ- ਅਕਾਲ ਪੁਰਖ ਨੇ ਪੰਜ ਪੁੱਤ ਬਖ਼ਸ਼ੇ ਹਨ।

ਬਾਬਾ ਜੀ- ਸਾਰੇ ਆਪ ਹੀ ਰੱਖਣੇ ਜੇ ਕਿ ਕੋਈ ਸਾਨੂੰ ਵੀ ਦਿਓਗੇ?

ਗੁਰੂ ਜੀ- ਇਹ ਸਾਡਾ ਵੱਡਾ ਪੁੱਤ, ਗੁਰਦਿੱਤਾ ਸਾਡੇ ਨਾਲ ਹੈ। ਇਹ ਆਪ ਦੀ ਸੇਵਾ ਲਈ ਹਾਜ਼ਰ ਹੈ।

ਇਹ ਸੁਣ ਕੇ ਬਾਬਾ ਸਿਰੀ ਚੰਦ ਜੀ ਬੜੇ ਪ੍ਰਸੰਨ ਹੋਏ । ਆਪ ਨੇ ਸੇਲ੍ਹੀ ਟੋਪੀ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਅਤੇ ਕਿਹਾ, "ਗੁਰ-ਗੱਦੀ ਤਾਂ ਅੱਗੇ ਹੀ ਤੁਹਾਡੇ ਪਾਸ ਹੈ। ਸਾਡੇ ਪਾਸ ਫਕੀਰੀ ਸੀ, ਇਹ ਵੀ ਲੈ ਲਵੋ।"

ਇਸ ਤਰ੍ਹਾਂ ਬਾਬਾ ਗੁਰਦਿੱਤਾ ਜੀ, ਬਾਬਾ ਸਿਰੀ ਚੰਦ ਜੀ ਦੇ ਕੋਲ ਹੀ ਰਹਿ ਪਏ। ਬਾਬਾ ਸਿਰੀ ਚੰਦ ਜੀ ਨੇ ਆਪ ਨੂੰ ਆਗਿਆ ਕੀਤੀ, "ਅਸੀ ਬਿਰਧ ਹਾਂ। ਅਸੀਂ ਚਾਹੁੰਦੇ ਹਾਂ ਕਿ ਪਿਤਾ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਦੇਸ ਦੇਸਾਂਤਰਾਂ ਵਿਚ ਪ੍ਰਚਾਰ ਕੀਤਾ ਜਾਵੇ, ਇਹ ਕੰਮ ਹੁਣ

ਤੁਸਾਂ ਕਰਨਾ ਹੈ।"

ਬਾਬਾ ਗੁਰਦਿੱਤਾ ਜੀ: ਜੰਗਾਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ ਪ੍ਰਚਾਰ ਦਾ ਕੰਮ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਰੱਖਿਆ ਸੀ ਤਾਂ ਜੋ ਇਹ ਕੰਮ ਲਗਾਤਾਰ ਚੱਲਦਾ ਰਹੇ, ਜਿਹਾ ਕਿ ਅੱਗੇ ਦੱਸਿਆ ਗਿਆ ਹੈ ਬਾਬਾ ਗੁਰਦਿੱਤਾ ਜੀ ਗ੍ਰਿਹਸਤੀ ਤੇ ਜੋਧੇ ਵੀ ਸਨ ਪਰ ਨਾਲ ਹੀ ਆਪ ਪੂਰਨ ਸੰਤ ਵੀ ਸਨ। ਆਪ ਦੀ ਸ਼ਕਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਦੀ ਸੀ।

ਜਦ ਬਾਬਾ ਸਿਰੀ ਚੰਦ ਜੀ ਅਕਾਲ ਚਲਾਣਾ ਕਰ ਗਏ ਤਾਂ ਬਾਬਾ ਗੁਰਦਿੱਤਾ ਜੀ ਉਦਾਸੀ ਮੱਤ ਦੇ ਮੋਢੀ ਬਣੇ ਅਤੇ ਸਿੱਖੀ ਪ੍ਰਚਾਰ ਦੇ ਕੰਮ ਵਿਚ ਲੱਗ ਪਏ। ਸੰਮਤ ੧੬੯੩ (ਸੰਨ ੧੬੩੬) ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਨੂੰ ਆਗਿਆ ਕੀਤੀ ਕਿ ਸਿੱਖੀ ਪ੍ਰਚਾਰ ਦੇ ਚਾਰ ਮੁਖੀਏ ਨੀਯਤ ਕਰੋ ਅਤੇ ਸਿੱਖੀ-ਪ੍ਰਚਾਰ ਦਾ ਕੰਮ ਜਥੇਬੰਦ ਢੰਗ ਨਾਲ ਚਾਲੂ ਕਰੋ। ਬਾਬਾ ਗੁਰਦਿੱਤਾ ਜੀ ਨੇ ਇਸ ਆਗਿਆ ਮੂਜਬ ਅਲਮਸਤ ਜੀ, ਬਾਲੂ ਹਸਨਾ ਜੀ, ਫੂਲਸ਼ਾਹ ਜੀ ਤੇ ਗੋਂਦਾ ਜੀ ਨੂੰ ਇਸ ਕੰਮ ਲਈ ਚੁਣਿਆ। ਇਨ੍ਹਾਂ ਨੇ ਚਾਰ ਧੂਣੀਆਂ ਜਾਂ ਧੂੰਏਂ ਕਾਇਮ ਕੀਤੇ ਜੋ ਸਿੱਖੀ ਪ੍ਰਚਾਰ ਦੇ ਸੋਮੇ ਬਣੇ। ਇਨ੍ਹਾਂ ਚਹੁੰ ਮੁਖੀਆਂ ਦੇ ਅਗਾਂਹ ਕਈ ਕਈ ਚੇਲੇ ਸਨ, ਜਿਨ੍ਹਾਂ ਨੇ ਉਦਾਸੀ ਭੇਖ ਧਾਰ ਕੇ ਦੂਰ-ਦੂਰ ਦੀਆਂ ਕਠਿਨ ਥਾਵਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਪਹਿਲੇ ਗੁਰੂ ਸਾਹਿਬਾਨ ਦੇ ਥਾਪੇ ਹੋਏ ਮਸੰਦ ਜਿਉਂ-ਜਿਉਂ ਕੁਪੱਤੀਏ ਬਣਦੇ ਤੇ ਵਿਗੜਦੇ ਗਏ, ਤਿਉਂ-ਤਿਉਂ ਸਿੱਖ-ਧਰਮ ਦੇ ਇਨ੍ਹਾਂ ਉਦਾਸੀ ਪ੍ਰਚਾਰਕਾਂ ਦੀ ਮਹਾਨਤਾ ਵਧਦੀ ਗਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ ਪ੍ਰਚਾਰ ਲਈ ਹੋਰ ਪ੍ਰਬੰਧ ਵੀ ਕੀਤੇ, ਜਿਵੇਂ ਆਪ ਨੇ ਭਾਈ ਬਿਧੀ ਚੰਦ ਨੂੰ ਬੰਗਾਲ ਵਿਚ ਪ੍ਰਚਾਰ ਲਈ ਭੇਜਿਆ।

ਫੂਲ ਬੰਸ ਨੂੰ ਬਖਸ਼ਿਸ਼: ਉਪਰ ਦੱਸਿਆ ਗਿਆ ਹੈ ਕਿ ਸੰਮਤ ੧੬੮੪ (ਸੰਨ ੧੬੨੭) ਵਿਚ ਸੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਕਾਲਾ ਤੇ ਭਾਈ ਰੂਪ ਚੰਦ, ਸਿੱਧੂ ਜੱਟਾਂ ਨੂੰ ਟਿਕਾਣਾ ਦੇਣ ਦੀ ਖ਼ਾਤਰ ਮਹਿਰਾਜ (ਮਰਾਝ) ਪਿੰਡ ਵਸਾਇਆ ਸੀ। ਉਥੇ ਹੀ ਸੰਮਤ ੧੬੮੯ ਵਿਚ ਸ਼ਾਹੀ ਫ਼ੌਜਾਂ ਨਾਲ ਯੁੱਧ ਹੋਇਆ ਸੀ।

ਜੁੱਧ ਤੋਂ ਮਗਰੋਂ ਉਥੇ ਰੋਜ਼ ਦੀਵਾਨ ਸਜਦਾ, ਕਥਾ ਕੀਰਤਨ ਹੁੰਦਾ ਅਤੇ ਅੰਮ੍ਰਿਤ ਦੀ ਵਰਖਾ ਹੁੰਦੀ। ਇਕ ਦਿਨ ਭਾਈ ਕਾਲਾ ਆਪਣੇ ਦੋਵਾਂ ਭਤੀਜਿਆਂ ਸੰਦਲੀ ਤੇ ਫੂਲ ਨੂੰ ਲੈ ਕੇ ਗੁਰੂ ਦਰਬਾਰ ਪੁੱਜਾ। ਫੂਲ ਉਸ ਦੇ ਮੋਢੇ ਉੱਤੇ ਸੀ ਅਤੇ ਸੰਦਲੀ ਉਂਗਲ ਫੜੀ ਤੁਰਿਆ ਆਉਂਦਾ ਸੀ। ਗੁਰੂ ਜੀ ਦੇ ਰੂਬਰੂ ਪਹੁੰਚ ਕੇ ਫੂਲ ਆਪਣਾ ਢਿੱਡ ਵਜਾਉਣ ਲੱਗ ਪਿਆ। ਗੁਰੂ ਜੀ ਨੇ ਪੁੱਛਿਆ ਕਿ ਉਹ ਬੱਚਾ ਢਿੱਡ ਕਿਉਂ ਵਜਾਉਂਦਾ ਹੈ? ਭਾਈ ਕਾਲੇ ਨੇ ਉੱਤਰ ਦਿੱਤਾ ਕਿ ਦੀਨ-ਦਿਆਲ, 'ਸੱਚੇ ਪਾਤਸ਼ਾਹ! ਇਹ ਯਤੀਮ ਹੈ, ਢਿੱਡੋਂ ਭੁੱਖਾ ਹੈ, ਬੋਲਣ ਅਜੈ ਜਾਣਦਾ ਨਹੀਂ, ਇਸ ਕਰ ਕੇ ਭੁੱਖ ਦਾ ਦੁੱਖ ਇਸ ਢੰਗ ਨਾਲ ਪ੍ਰਗਟ ਕਰਦਾ ਹੈ। ਇਹ ਆਪ ਪਾਸੋਂ ਕੁਝ ਖਾਣ-ਪੀਣ ਤੇ ਢਿੱਡ ਭਰਨ ਲਈ ਮੰਗਦਾ ਹੈ। ਤੁੱਠੋ, ਕਰੋ ਮਿਹਰ ਇਸ ਗਰੀਬ ਯਤੀਮ ਉਪਰ!'

ਗੁਰੂ ਜੀ ਨੂੰ ਉਸ ਢਿੱਡ ਵਜਾ ਰਹੇ ਮਾਸੂਮ ਬੱਚੇ ਉੱਪਰ ਤਰਸ ਆਇਆ। ਆਪ ਨੇ ਫ਼ੁਰਮਾਇਆ, "ਭਾਈ ਕਾਲਾ! ਇਹ ਬੜਾ ਵੱਡਾ, ਉਘਾ ਤੇ ਅਮੀਰ ਹੋਵੇਗਾ। ਇਸ ਦੀ ਔਲਾਦ ਦੇ ਘੋੜੇ ਜਮਨਾ ਤੀਕ ਪਾਣੀ ਪੀਣਗੇ। ਇਸ ਦੀ ਔਲਾਦ ਕਈ ਪੀੜ੍ਹੀਆਂ ਤੀਕ ਏਥੇ ਰਾਜ ਕਰੇਗੀ।"

ਜਦ ਭਾਈ ਕਾਲਾ ਘਰ ਪੁੱਜਾ ਤੇ ਉਸ ਨੇ ਭਤੀਜੇ ਨੂੰ ਮਿਲੀਆਂ ਬਖ਼ਸ਼ਿਸ਼ਾ ਦਾ ਹਾਲ ਆਪਣੀ ਵਹੁਟੀ ਨੂੰ ਦੱਸਿਆ, ਤਾਂ ਉਹ ਕਹਿਣ ਲੱਗੀ, "ਤੁਸੀਂ ਆਪਣੇ ਪੁੱਤਾਂ ਨੂੰ ਕਿਉਂ ਨਾ ਗੁਰੂ ਪਾਸ ਲੈ ਗਏ। ਉਹ ਵੀ ਰਾਜੇ ਬਣ ਜਾਂਦੇ। ਹੁਣ ਉਹ ਫੂਲ ਨੂੰ ਟਕੇ ਭਰਿਆ ਕਰਨਗੇ। ਅਜੇ ਵੀ ਵੇਲਾ ਹੈ। ਭਲਕੇ ਉਨ੍ਹਾਂ ਨੂੰ ਲੈ ਜਾਣਾ।"

ਅਗਲੇ ਦਿਨ ਭਾਈ ਕਾਲਾ ਆਪਣੇ ਪੁੱਤਾਂ ਨੂੰ ਲੈ ਕੇ ਗੁਰੂ ਜੀ ਦੇ ਦਰਬਾਰੇ ਪੁੱਜਾ। ਜਿਵੇਂ ਕਿ ਉਨ੍ਹਾਂ ਨੂੰ ਸਿਖਾਇਆ ਗਿਆ ਸੀ, ਉਹ ਆਪਣੇ ਢਿੱਡ ਵਜਾ ਰਹੇ ਸਨ। ਗੁਰੂ ਜੀ ਨੇ ਕਿਹਾ, "ਇਹ ਤਾਂ ਯਤੀਮ ਨਹੀਂ। ਉਹ ਸਮਾਂ ਵੀ ਲੰਘ ਗਿਆ। ਫਿਰ ਭੀ ਇਹ ਜ਼ਮੀਨਾਂ ਦੇ ਮਾਲਕ ਹੋਣਗੇ, ਆਪਣੀ ਕਮਾਈ ਖਾਣਗੇ, ਟਕੇ ਨਹੀਂ ਭਰਨਗੇ ਤੇ ਕਿਸੇ ਦੇ ਅਧੀਨ ਨਹੀਂ ਹੋਣਗੇ।" ਫੂਲ ਦੇ ਪੁੱਤਾਂ ਵਿਚੋਂ ਇਕ ਤਰਲੋਕ ਸਿੰਘ ਨਾਭੇ ਤੇ ਜੀਂਦ ਦੇ ਰਾਜਿਆਂ ਦਾ ਵਡਕਾ ਹੋਇਆ ਅਤੇ ਦੂਜਾ ਪੁੱਤ ਰਾਮ ਸਿੰਘ ਪਟਿਆਲੇ ਦੇ ਰਾਜਿਆਂ ਦਾ। ਇਨ੍ਹਾਂ ਤਿੰਨਾਂ ਰਿਆਸਤਾਂ ਨੂੰ ਫੂਲਕੀਆਂ ਰਿਆਸਤਾਂ ਆਖਦੇ ਸਨ। ਭਾਈ ਕਾਲੇ ਦੀ ਔਲਾਦ ੨੨ ਪਿੰਡਾਂ ਦੀ ਮਾਲਕ ਬਣੀ, ਜਿਨ੍ਹਾਂ ਨੂੰ ਬਾਹੀਆ ਆਖਦੇ ਹਨ। ਬਾਹੀਏ ਵਾਲੇ ਜ਼ਮੀਨ ਦਾ ਮਾਮਲਾ ਨਹੀਂ ਸਨ ਭਰਿਆ ਕਰਦੇ।

ਗੁਰਗੱਦੀ ਲਈ ਚੋਣ: ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਾਣਿਆ ਕਿ ਸਾਡਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆ ਰਿਹਾ ਹੈ ਤਾਂ ਆਪ ਨੇ ਆਪਣੇ ਮਗਰੋਂ ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਵਾਲੇ ਦੀ ਚੋਣ ਕੀਤੀ। ਆਪ ਦੇ ਪੰਜ ਸਪੁੱਤਰ ਸਨ-ਬਾਬਾ ਗੁਰਦਿੱਤਾ ਜੀ, ਸ੍ਰੀ ਸੂਰਜ ਮੱਲ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟਲ ਜੀ ਅਤੇ ਸ੍ਰੀ ਤੇਗ ਬਹਾਦਰ ਜੀ। ਇਹਨਾਂ ਵਿਚੋਂ ਤਿੰਨ ਬਾਬਾ ਗੁਰਦਿੱਤਾ ਜੀ, ਬਾਬਾ ਅਟਲ ਰਾਇ ਜੀ ਤੇ ਸ੍ਰੀ ਅਣੀ ਰਾਇ ਜੀ ਅਕਾਲ ਚਲਾਣਾ ਕਰ ਚੁਕੇ ਸਨ। ਸ੍ਰੀ ਸੂਰਜ ਮੱਲ ਜੀ ਦਾ ਝੁਕਾ (ਉਲੇਰ) ਬਹੁਤਾ ਦੁਨੀਆਦਾਰੀ ਵੱਲ ਸੀ। ਸ੍ਰੀ (ਗੁਰੂ) ਤੇਗ ਬਹਾਦਰ ਜੀ ਬਹੁਤੇ ਹੀ ਤਿਆਗੀ ਸੁਭਾ ਵਾਲੇ ਸਨ। ਸਮੇਂ ਦੀ ਮੰਗ ਅਜੇ ਹੋਰ ਸੀ। ਗੁਰੂ ਜੀ ਦੇ ਦੋ ਪੋਤਰੇ ਸਨ ਜੋ ਬਾਬਾ ਗੁਰਦਿੱਤਾ ਜੀ ਦੇ ਪੁੱਤ ਸਨ। ਇਹ ਸਨ ਧੀਰ ਮੱਲ ਤੇ ਸ੍ਰੀ (ਗੁਰੂ) ਹਰਿ ਰਾਇ ਜੀ। ਧੀਰ ਮੱਲ ਗੁਰੂ-ਘਰ ਦਾ ਵਿਰੋਧੀ ਤੇ ਗੱਦਾਰ ਸੀ ਅਤੇ ਵੈਰੀਆਂ ਨਾਲ ਗੰਢ-ਤੁੱਪ ਕਰਦਾ ਰਹਿੰਦਾ ਸੀ। ਉਸ ਨੇ ਕਈ ਮੌਕਿਆਂ 'ਤੇ ਗੁਰੂ ਜੀ ਦੀ ਆਗਿਆ ਭੰਗ ਕੀਤੀ ਸੀ ਇਸ ਕਰਕੇ ਉਸ ਦੇ ਗੁਰੂ-ਗੱਦੀ ਲਈ ਵਿਚਾਰੇ ਜਾਣ ਦਾ ਸਵਾਲ ਹੀ ਨਹੀਂ ਉੱਠਦਾ।

ਗੁਰੂ ਜੀ ਦੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿ ਰਾਇ ਸਾਹਿਬ ਜੀ, ਹਰ ਤਰ੍ਹਾਂ ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਨਿਭਾਹੁਣ ਦੇ ਯੋਗ ਸਨ, ਇਸ ਕਰਕੇ ਉਨ੍ਹਾਂ ਨੂੰ ਹੀ ਆਪ ਨੇ ਗੁਰ-ਗੱਦੀ 'ਤੇ ਬਿਰਾਜਣ ਲਈ ਚੁਣਿਆ।

ਸੱਚਖੰਡ ਵਾਪਸੀ:

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚੇਤ ਸੁਦੀ ਪੰਚਮੀ (੬ ਚੇਤ) ਸੰਮਤ ੧੭੦੧, ਮੁਤਾਬਕ ੩ ਮਾਰਚ, ੧੬੪੪ ਨੂੰ ਐਤਵਾਰ ਵਾਲੇ ਦਿਨ ਜੋਤੀ-ਜੋਤ ਸਮਾਏ।

ਆਪ ਦੇ ਦੇਹ ਤਿਆਗਣ 'ਤੇ ਆਪ ਦੇ ਚਰਨ-ਕੰਵਲਾਂ ਦੇ ਭੌਰੇ ਬਿਹਬਲ ਹੋ ਗਏ। ਬਹੁਤ ਸਾਰੇ ਤਾਂ ਆਪ ਦੇ ਸਰੀਰ ਦੇ ਨਾਲ ਚਿਖਾ ਵਿਚ ਪੈਣਾ ਲੋਚਦੇ ਸਨ। ਦੋਵਾਂ ਜਣਿਆਂ ਇਕ ਰਾਜਪੂਤ ਤੇ ਇਕ ਜੱਟ ਨੇ ਤਾਂ ਚਿਖਾ ਉਪਰ ਛਾਲਾਂ ਮਾਰ ਵੀ ਦਿੱਤੀਆਂ। ਉਹ ਚਿਖਾ ਤੇ ਧਰੀ ਗੁਰੂ ਜੀ ਦੀ ਦੇਹ ਉਦਾਲੇ ਪ੍ਰਕਰਮਾਂ ਕਰਦੇ ਰਹੇ ਅਤੇ ਅੰਤ ਨੂੰ ਗੁਰੂ ਜੀ ਦੇ ਚਰਨਾਂ ਨਾਲ ਚਿੰਬੜ ਗਏ। ਉਹਨਾਂ ਦੇ ਸਰੀਰ ਅੱਗ ਦੀ ਭੇਟ ਹੋ ਗਏ ਅਤੇ ਉਹਨਾਂ ਦੀਆਂ ਆਤਮਾਵਾਂ ਗੁਰੂ ਜੀ ਦੀ ਭਾਲ ਵਿਚ ਉਡਾਰੀ ਲਾ ਗਈਆਂ। ਹੋਰ ਵੀ ਅਨੇਕਾਂ ਸਿੱਖ ਇਹੋ ਕੁਝ ਕਰਨਾ ਚਾਹੁੰਦੇ ਸਨ ਪਰ ਸ੍ਰੀ ਗੁਰੂ ਹਰਿ ਰਾਇ ਜੀ ਨੇ ਉਹਨਾਂ ਨੂੰ ਰੋਕਿਆ ਅਤੇ ਧੀਰਜ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਹ ਦਾ ਸਸਕਾਰ ਕੀਰਤਪੁਰ ਵਿਚ ਸਤਲੁਜ ਦੇ ਕੰਢੇ ਕੀਤਾ ਗਿਆ। ਉਸ ਥਾਂ ਦਾ ਨਾਂ ਪਤਾਲਪੁਰੀ ਹੈ। ਜਿੱਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸ਼ੁਸ਼ੋਭਿਤ ਹੈ।

੩/੧੯੯੩

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ (ਕਵਿਤਾ)

ਮੇਰੇ ਸ਼ਹਿਨਸ਼ਾਹ, ਤੇਰੀ ਦਹਿਲੀਜ਼ ਉੱਤੇ,
ਝੁਕੀ ਸ਼ਹਿਨਸ਼ਾਹੀ, ਸਾਰੇ ਜੱਗ ਦੀ ਸੀ।
ਤੇਰੇ ਚਰਨਾਂ ਨੂੰ ਜਿਨ੍ਹਾਂ ਨੇ ਘੁੱਟ ਫੜਿਆ,
ਤੱਤੀ ਵਾ ਕਦ ਉਹਨਾਂ ਨੂੰ ਲੱਗਦੀ ਸੀ।
ਬਾਂਹ ਫੜੀ ਤੂੰ ਜਿੰਦਾਂ ਨਿਮਾਣੀਆਂ ਦੀ,
ਸ਼ਮ੍ਹਾਂ ਪਿਆਰ ਦੀ, ਜਿਥੇ ਵੀ ਜਗਦੀ ਸੀ।
ਪੱਤ ਜਿਨ੍ਹਾਂ ਦੀ ਸੀ, ਸ਼ਰ੍ਹੇ-ਆਮ ਰੁਲਦੀ,
ਰੱਖੀ ਲਾਜ ਤੂੰ ਉਹਨਾਂ ਦੀ ਪੱਗ ਦੀ ਸੀ।
ਕਿਰਨ ਆਸ਼ਾ ਦੀ ਕਿਤੇ ਨਾ ਦਿਸਦੀ ਸੀ,
ਰੰਗ ਬਦਲੇ ਹੋਏ, ਐਸੇ ਗੁਲਜ਼ਾਰ ਦੇ ਸੀ।
ਜੀਵਨ ਬਖ਼ਸ਼ਿਆ ਤੂੰ ਉਹਨਾਂ ਰਜਵਾੜਿਆਂ ਨੂੰ,
ਬੰਦੀ ਬਣੇ ਜੋ ਮੁਗ਼ਲ ਸਰਕਾਰ ਦੇ ਸੀ।
'ਗਵਾਲੀਅਰ' ਦੇ ਕਿਲ੍ਹੇ ਦੀ ਤੰਗ ਦੁਨੀਆਂ,
ਤੋੜ ਸਕੀ ਨਾਂਹ ਤੇਰੀ ਪਰਵਾਜ਼ ਦੇ ਪਰ।
ਮੁਗ਼ਲ-ਸ਼ਾਹੀ ਦੀ ਭਲਾ ਔਕਾਤ ਕੀ ਸੀ,
ਤੋੜ ਸਕਦਾ ਜੋ ਸਿੱਖੀ ਸ਼ਹਿਬਾਜ਼ ਦੇ ਪਰ।
ਸਿੱਖੀ ਮੰਜ਼ਲ ਸਨਮੁੱਖ ਤੂੰ ਰਿਹੋਂ ਤੁਰਦਾ,
ਫੜਕ ਸਕੇ ਨਾਂਹ, ਕਿਸੇ ਜੰਗਬਾਜ਼ ਦੇ ਪਰ।
ਤੇਰੀ 'ਮੀਰੀ ਤੇ ਪੀਰੀ' ਦੀਆਂ ਸ਼ਕਤੀਆਂ ਨੇ,
ਕੱਟੇ ਜਹਾਂਗੀਰੀ ਦਗੇਬਾਜ਼ ਦੇ ਪਰ।
ਤੇਰੇ ਸਾਜੇ ਹੋਏ ਤਖ਼ਤ ਅਕਾਲ ਅੱਗੇ,
ਸਿਰ ਝੁਕਿਆ, ਹਿੰਦ ਦੇ ਤਾਜ ਦਾ ਏ।
ਜੋ ਕੋਈ ਵੀ ਤਖ਼ਤ ਦੀ ਸ਼ਰਨ ਆਉਂਦੈ,

'ਤਖ਼ਤ' ਉਸ ਨੂੰ ਸਦਾ ਨਿਵਾਜਦਾ ਏ।
ਛੇਵੇਂ ਨਾਨਕ ਦੇ ਰੂਪ ਵਿੱਚ ਬੈਠ ਗੱਦੀ,
ਤੂੰ ਸਿੱਖਾਂ ਨੂੰ ਨਵੀਂ ਨੁਹਾਰ ਬਖ਼ਸ਼ੀ।
ਰਖਿਆ 'ਪੀਰੀ' ਦਰਵੇਸ਼ੀ ਦੀ ਕਰਨ ਖ਼ਾਤਰ,
ਸਿੱਖ ਧਰਮ ਨੂੰ 'ਪੀਰੀ' ਤਲਵਾਰ ਬਖ਼ਸ਼ੀ।
ਬਖ਼ਸ਼ਿਆ 'ਤਖ਼ਤ ਅਕਾਲ' ਦਾ ਕੌਮ ਤਾਈਂ,
ਚੜ੍ਹਦੀ-ਕਲਾ ਵੀ ਸਦਾ-ਬਹਾਰ ਬਖ਼ਸ਼ੀ।
ਜਿਨ੍ਹਾਂ ਹੱਥਾਂ ਨੇ ਕਦੇ ਨਾ ਪਕੜ ਵੇਖੀ,
ਸ਼ਕਤੀ ਉਹਨਾਂ ਨੂੰ ਬੇ-ਸ਼ੁਮਾਰ ਬਖ਼ਸ਼ੀ।
ਅਰਜਨ ਦੇਵ ਗੁਰੂ ਕਾਇਆ ਪਲਟ ਤਾਹੀਓਂ,
ਮੂਰਤ ਹਰਿਗੋਬਿੰਦ ਸੰਵਾਰ ਦਿੱਤੀ।
ਛਠਮ ਪੀਰ ਭਾਰੀ, ਭਾਈ ਗੁਰਦਾਸ ਆਖੇ,
ਤੂੰ ਤਾਂ ਸਿੱਖੀ ਦੀ ਮੰਜ਼ਲ ਨਿਖ਼ਾਰ ਦਿੱਤੀ।
ਪੁਤਲਾ ਪ੍ਰੇਮ ਦਾ, ਤੈਨੂੰ ਸਭ ਨੇ ਦੁਨੀਆ,
ਮਾਈ 'ਭਾਗ' ਦਾ ਆਤਮ ਪੁਕਾਰਦਾ ਏ।
ਜਿਸ ਕਿਸੇ ਵੀ ਪਿਆਰ ਜ਼ੰਜੀਰ ਪਾਈ,
ਚਲਾ ਆਇਆ ਤੂੰ ਬੱਝਿਆ ਪਿਆਰ ਦਾ ਏ।
ਕਿਹਾ ਸਿੱਖ ਦਾ ਮੂੰਹ ਹੈ 'ਗੁਰੂ ਗੋਲਕ',
ਸੇਵਾ ਸਿੱਖ ਦੀ, ਕੰਮ ਉਪਕਾਰ ਦਾ ਏ।
ਤੇਰੇ ਦਵਾਰੇ ਤੋਂ ਗਿਆ ਨਾ ਕੋਈ ਖ਼ਾਲੀ,
ਤੇਰਾ ਤਾਂ ਜੀਵਨ ਹੀ ਪਰ-ਉਪਕਾਰ ਦਾ ਏ।
ਨਿਰਾ ਨੂਰ ਸੈਂ ਤੂੰ, ਹਰਿਗੋਬਿੰਦ ਪਿਆਰੇ,
ਐਪਰ ਦੁਸ਼ਮਣ ਲਈ, ਮੌਤ ਦਾ ਤੀਰ ਸੈਂ ਤੂੰ।
ਮੁਖ਼ਲਿਸ ਖਾਂ ਦੀ ਰੂਹ ਪਈ ਕੂਕ ਆਖੇ,
ਯੋਧੇ ਸਤਿਗੁਰਾ, ਬੇ-ਨਜ਼ੀਰ ਸੈਂ ਤੂੰ।
ਚੌਹਾਂ ਯੁੱਧਾਂ ਵਿੱਚ, ਮੁਗ਼ਲ ਨਾ ਠਹਿਰ ਸਕੇ,
ਬਣਿਆ ਉਹਨਾਂ ਲਈ, ਐਸੀ ਸ਼ਮਸ਼ੀਰ ਲੈ ਤੂੰ।
ਪੈਂਦੇ ਖਾਂ ਦੇ ਬਖ਼ਸ਼ ਗੁਨਾਹ ਬਣਿਆ,
ਅੰਤ ਵੇਲੜੇ ਉਸ ਦੀ ਧਰ ਸੈਂ ਤੂੰ।
ਸਿੱਖਾਂ ਭੋਲਿਆਂ ਦੀ ਦਾਤਾ, ਜਿੰਦ ਸੈਂ ਤੂੰ,

ਮਾਤ 'ਗੰਗਾ' ਦਾ ਚਾਨਣ ਚਿਰਾਗ ਸੈਂ ਤੂੰ।
ਗੁਰੂ ਅਰਜਨ ਦੇ ਦਿਲ ਦੀ ਆਸ 'ਪਾਂਧੀ',
ਮਹਿਕਾਂ ਵੰਡਦਾ ਸਿੱਖੀ ਦਾ ਬਾਗ਼ ਸੈਂ ਤੂੰ।

੬/੧੯੯੪



ISBN 819439085-0

9788194390855

₹180/-